# ਖਪਤ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉੱਪਰ ਪੈਂਦੇ ਪ੍ਰਭਾਵ

# (ਸਮਾਜਕ, ਆਰਥਕ, ਰਾਜਨੀਤਿਕ ਸੰਦਰਭ ’ਚ)

# CONSUMER CULTURE IMPACT ON PUNJABI CULTURE

# (SOCIAL, ECONOMIC, POLITICAL ANALYSIS)

A Thesis

Submitted in partial fulfillment of the requirements for the award of the degree of

**DOCTOR OF PHILOSOPHY (Ph.D)**

**In**

**PUNJABI**

**By**


**RUPINDER KAUR**

**(Regn. No. 41400703)**

**Supervised By**

**Dr. HARJOT KAUR**


*Transforming Education Transforming India*


## SCHOOL OF HUMANITIES

## LOVELY PROFESSIONAL UNIVERSITY

## PUNJAB


**2022**

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਰੁਪਿੰਦਰ ਕੌਰ ਦੁਆਰਾ **"ਖਪਤ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉੱਪਰ ਪੈਂਦੇ ਪ੍ਰਭਾਵ (ਸਮਾਜਕ, ਆਰਥਕ ਅਤੇ ਰਾਜਨੀਤਿਕ ਸੰਦਰਭ 'ਚ)"** ਵਿਸ਼ੇ ਉੱਤੇ ਪੀ.ਐਚ.ਡੀ ਦੀ ਡਿਗਰੀ (ਪੰਜਾਬੀ) ਲਈ ਪ੍ਰਸਤੁਤ ਕੀਤਾ ਗਿਆ ਖੋਜ ਕਾਰਜ ਮੇਰੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਗਿਆ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਇਸ ਖੋਜ ਕਾਰਜ ਨੂੰ ਪਹਿਲਾਂ ਕਿਸੇ ਯੂਨੀਵਰਸਿਟੀ/ਅਦਾਰੇ ਵਿੱਚ ਡਿਗਰੀ/ਡਿਪਲੋਮਾ ਲਈ ਪੇਸ਼ ਨਹੀ ਕੀਤਾ ਗਿਆ । ਮੈ ਇਸ ਖੋਜ ਪ੍ਰਬੰਧ ਨੂੰ ਪੀ.ਐਚ.ਡੀ ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦੀ ਹਾਂ।

Harjot Kaur

**ਡਾ. ਹਰਜੋਤ ਕੌਰ**

ਨਿਗਰਾਨ

ਸਹਾਇਕ ਪ੍ਰੋਫ਼ੈਸਰ

ਸਕੂਲ ਆਫ਼ ਹਿਊਮੈਨਟੀਜ਼

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ

ਫਗਵਾੜਾ

# ਘੋਸ਼ਣਾ ਪੱਤਰ

ਮੈ ਰੁਪਿੰਦਰ ਕੌਰ ਬਿਆਨ ਕਰਦੀ ਹਾਂ ਕਿ ਖਪਤ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉੱਪਰ ਪੈਂਦੇ ਪ੍ਰਭਾਵ (ਸਮਾਜਕ, ਆਰਥਕ ਅਤੇ ਰਾਜਨੀਤਿਕ ਸੰਦਰਭ 'ਚ) ਵਿਸ਼ੇ ਪੀ. ਐਚ. ਡੀ (ਪੰਜਾਬੀ) ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ ਪ੍ਰਬੰਧ ਮੇਰੇ ਦੁਆਰਾ ਕੀਤਾ ਗਿਆ ਮੌਲਿਕ ਕਾਰਜ ਹੈ ਅਤੇ ਇਸ ਖੋਜ ਪ੍ਰਬੰਧ ਨੂੰ ਪਹਿਲਾਂ ਕਿਸੇ ਹੋਰ ਯੂਨੀਵਰਸਿਟੀ/ਅਦਾਰੇ ਵਿੱਚ ਡਿਗਰੀ/ਡਿਪਲੋਮਾ ਲਈ ਪੇਸ਼ ਨਹੀ ਕੀਤਾ ਗਿਆ ਹੈ।

**ਰੁਪਿੰਦਰ ਕੌਰ**

ਖੋਜਾਰਥੀ

ਰਜਿ. ਨੰਬਰ: 41400703

ਮਾਰਚ 12, 2022

# ਤਤਕਰਾ


| | | |
|---|---|---|
| ਟਾਈਟਲ | | i |
| ਪ੍ਰਮਾਣ ਪੱਤਰ | | ii |
| ਘੋਸ਼ਣਾ ਪੱਤਰ | | iii |
| ਤਤਕਰਾ | | iv |
| ਭੂਮਿਕਾ | | vi |
| **ਅਧਿਆਇ ਪਹਿਲਾ - ਖਪਤ ਸਭਿਆਚਾਰ ਦਾ ਸਿਧਾਂਤਕ ਪਰਿਪੇਖ** | | **1 - 127** |
| 1.1 | ਸਮੱਸਿਆਂ ਕਥਨ | 1 |
| 1.2 | ਖੋਜ ਕਾਰਜ ਦੀ ਪ੍ਰਸਿੰਗਕਤਾ | 1 |
| 1.3 | ਪਰਿਕਲਪਨਾ | 2 |
| 1.4 | ਖੋਜ ਕਾਰਜ ਦਾ ਖੇਤਰ | 2 |
| 1.5 | ਖੋਜ ਦੇ ਸੰਦ | 2 |
| 1.6 | ਖੋਜ ਡਿਜ਼ਾਇਨ | 3 |
| 1.7 | ਖੋਜ ਕਾਰਜ ਦੇ ਉਦੇਸ਼ | 3 |
| 1.8 | ਪੂਰਵ ਖੋਜ ਕਾਰਜ | 6 |
| 1.9 | ਖੋਜ ਵਿਧੀ | 13 |
| 1.10 | ਸਾਹਿਤ ਅਧਿਐਨ ਵਿਧੀਆਂ | 22 |
| 1.11 | ਸਭਿਆਚਾਰ ਅਰਥ ਅਤੇ ਪਰਿਭਾਸ਼ਾ | 38 |
| 1.12 | ਖਪਤ ਸਭਿਆਚਾਰ: ਅਰਥ ਤੇ ਪਰਿਭਾਸ਼ਾ | 48 |
| 1.13 | ਪੰਜਾਬੀ ਸਭਿਆਚਾਰ: ਅਰਥ, ਪਰਿਭਾਸ਼ਾ | 57 |
| 1.14 | ਖਪਤ ਸਭਿਆਚਾਰ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ | 65 |

**ਦੂਸਰਾ ਅਧਿਆਇ - ਪੰਜਾਬ ਦੇ ਸਮਾਜ ਸਭਿਆਚਾਰਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ** **128 – 216**

2.1 ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਪਰਿਵਾਰਿਕ ਰਿਸ਼ਤਿਆਂ ਵਿੱਚ ਤਣਾਓ 130

2.2 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦੀ ਪਰਿਵਾਰਿਕ ਬਣਤਰ 145

2.3 ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਰਸਮਾਂ ਰਿਵਾਜ਼ਾਂ ਅਤੇ ਤਿਉਹਾਰਾਂ ਦਾ ਰੂਪਾਂਤਰਣ 162

2.4 ਖਪਤ ਸਭਿਆਚਾਰ ਅਤੇ ਸੋਸ਼ਲ ਮੀਡੀਆ ਦਾ ਸਮਾਜ ਉੱਤੇ ਪ੍ਰਭਾਵ 202

**ਅਧਿਆਇ ਤੀਸਰਾ - ਪੰਜਾਬ ਦੇ ਆਰਥਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ** **217 – 301**

3.1 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਅਜੋਕਾ ਉਦਯੋਗਿਕ ਜੀਵਨ 217

3.2 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਮਨੁੱਖੀ ਜੀਵਨ ਸ਼ੈਲੀ ਵਿੱਚ ਪਰਿਵਰਤਨ 222

3.3 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਲੋਕ ਧੰਦਿਆਂ ਦਾ ਬਦਲਦਾ ਅਸਤਿਤਵ 256

3.4 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਅਜੋਕੀ ਅਰਥ-ਵਿਵਸਥਾ 294

**ਅਧਿਆਇ ਚੌਥਾ - ਪੰਜਾਬ ਦੇ ਰਾਜਨੀਤਿਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ** **302 - 373**

4.1 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਰਾਜਨੀਤੀ ਦਾ ਮੰਡੀਕਰਨ 302

4.2 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਰਾਜਨੀਤੀ ਦਾ ਬਣਾਉਟੀਪਨ 320

4.3 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਸੋਸ਼ਲ ਮੀਡੀਆ ਅਤੇ ਰਾਜਨੀਤੀ 349

4.4 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦਾ ਕਾਰਪੋਰੇਟ ਮੀਡੀਆ ਅਤੇ ਰਾਜਨੀਤੀ 366

**ਸਿੱਟੇ ਤੇ ਸਥਾਪਨਾਵਾਂ** **374 – 409**

**ਪੁਸਤਕ ਸੂਚੀ** **410 – 417**

**ਅੰਤਕਾਵਾਂ** **418 – 445**

# ਭੂਮਿਕਾ

ਮਨੁੱਖ ਇੱਕ ਵਿਸ਼ੇਸ਼ ਸਥਾਨ ਉੱਤੇ ਰਹਿੰਦੇ ਹਨ। ਉਸ ਵਿਸ਼ੇਸ਼ ਸਥਾਨ ਨੂੰ ਵਿਸ਼ੇਸ਼ ਨਾਂ ਦੇ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਪੰਜਾਬੀ ਸਭਿਆਚਾਰ । ਨਵੀਆਂ ਖੋਜਾਂ ਤੇ ਕਾਢਾਂ ਨੇ ਮਨੁੱਖੀ ਜੀਵਨ ਨੂੰ ਸੌਖਾ ਤਾਂ ਕੀਤਾ ਹੈ। ਇਸ ਨੇ ਮਨੁੱਖੀ ਜੀਵਨ ਨੂੰ ਸੰਕਟ ਦੇ ਵਿੱਚ ਘੇਰ ਲਿਆ ਹੈ। ਇਹ ਸਭਿਆਚਾਰ ਬਜ਼ਾਰ ਦੀ ਧਾਰਨਾ ਪੇਸ਼ ਕਰਦਾ ਹੈ। ਮਨੁੱਖੀ ਜੀਵਨ ਨੂੰ ਬਜ਼ਾਰ ਦੇ ਵਿੱਚ ਰੱਖ ਕੇ ਦੇਖਦਾ ਹੈ। ਮਨੁੱਖੀ ਜੀਵਨ ਨੂੰ ਵੀ ਵਸਤ ਦੀ ਤੁਲਨਾ ਵਿੱਚ ਦੇਖਦਾ ਹੈ। ਇਸ ਦਾ ਮੁੱਖ ਉਦੇਸ਼ ਮਨੁੱਖੀ ਜੀਵਨ ਨੂੰ ਖਰਚੀਲਾ ਤੇ ਬੇਢੰਗਾ ਬਣਾਉਣਾ ਹੈ ਜਿਵੇਂ ਕਿ ਘੋੜਾ ਬੇਲਗਾਮ ਹੋ ਜਾਂਦਾ ਹੈ। ਖਪਤ ਸਭਿਆਚਾਰ ਵੀ ਮਨੁੱਖੀ ਜੀਵਨ ਨੂੰ ਬੇਲਗਾਮ ਬਣਾ ਰਿਹਾ ਹੈ। ਮਨੁੱਖੀ ਜੀਵਨ ਦੇ ਵਿੱਚੋਂ ਬੱਚਤ ਨੂੰ ਖ਼ਤਮ ਕਰਕੇ ਐਸ਼-ਪ੍ਰਸਤੀ ਦੇ ਵੱਲ ਲੈ ਜਾ ਰਿਹਾ ਹੈ। ਸਮਾਜ ਦੇ ਨਵੀਨ ਦੌਰ ਦੇ ਵਿੱਚ ਕੰਪਨੀਆਂ ਤੇ ਨਵੀਨ ਅਵਸਥਾਵਾਂ ਦੀ ਭਰਮਾਰ ਹੈ, ਜਿਸ ਨਾਲ ਉਦਯੋਗ ਦਿਨ ਰਾਤ ਤਰੱਕੀ ਵੱਲ ਜਾ ਰਿਹਾ ਹੈ। ਇਹ ਕੰਪਨੀਆਂ ਮਨੁੱਖ ਦੀ ਜ਼ਰੂਰਤ ਨਾਲੋਂ ਬੇਲੋੜਾ ਸਮਾਨ ਪੈਦਾ ਕਰ ਰਹੀਆਂ ਹਨ। ਮਨੁੱਖ ਨੂੰ ਅਕਰਸ਼ਿਤ ਕਰਨ ਦੇ ਲਈ ਹਰ ਢੰਗ ਅਪਣਾਇਆ ਜਾ ਰਿਹਾ ਹੈ। ਇਹ ਮਨੁੱਖ ਦੇ ਵਿੱਚ ਲਾਲਚ ਤੇ ਸੁਆਰਥੀ ਭਾਵਨਾ ਨੂੰ ਪੈਦਾ ਕਰ ਰਿਹਾ ਹੈ, ਭਾਰਤੀ ਸਭਿਆਚਾਰ ਜਾਂ ਪੰਜਾਬੀ ਸਭਿਆਚਾਰ ਦੇ ਵਿੱਚ ਸੁਆਰਥ ਭਾਵਨਾ ਵਿਦਮਾਨ ਨਹੀ ਸੀ, ਇਹ ਆਪਣੇ ਨਾਲੋਂ ਪਹਿਲਾਂ ਦੂਸਰਿਆਂ ਦਾ ਸੋਚਦੇ ਸਨ। ਇਸ ਪ੍ਰਵਿਰਤੀ ਨੇ ਸੋਚ ਤੇ ਵਿਹਾਰ ਤੇ ਵਾਰ ਕੀਤਾ ਹੈ। ਇਹ ਸ਼ੋਸ਼ਲ਼ ਮੀਡੀਆ, ਇੰਟਰਨੈੱਟ, ਟੀ.ਵੀ ਦੇ ਵਰਤਾਰੇ ਵਿੱਚ ਵੱਧਦਾ ਹੀ ਚਲਾ ਜਾ ਰਿਹਾ ਹੈ। ਇਸ ਪ੍ਰਵਿਰਤੀ ਦਾ ਪ੍ਰਭਾਵ ਪੰਜਾਬੀ ਸਭਿਆਚਾਰ ਦੇ ਉੱਤੇ ਵੀ ਪਿਆ ਹੈ। ਪੰਜਾਬੀ ਸਭਿਆਚਾਰ ਵਿਸ਼ਾਲ ਹਿਰਦੇ ਵਾਲਾ ਰਿਹਾ ਹੈ। ਇਸ ਦੇ ਮਨ ਵਿੱਚ ਆਪਣਿਆਂ ਦੇ ਲਈ ਸਦਾ ਹੀ ਪਿਆਰ ਦੀ ਭਾਵਨਾ ਵਿਦਮਾਨ ਰਹੀ ਹੈ। ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਪੰਜਾਬੀ ਸਭਿਆਚਾਰ ਨੂੰ ਖਾਉ- ਪੀਉ ਅਤੇ ਐਸ਼ ਕਰੋ ਦੀ ਭਾਵਨਾ ਵਿੱਚ ਪਰਵਰਤਿਤ ਕਰਦਾ ਜਾ ਰਿਹਾ ਹੈ। ਖਪਤ ਸਭਿਆਚਾਰ, ਸਭਿਆਚਾਰ ਦੇ ਸਭਿਆਚਾਰਕ ਪੈਟਰਨ, ਵਿਹਾਰ, ਵਿਸ਼ਵਾਸ਼ਾਂ ਆਦਿ ਨੂੰ ਆਪਣੇ ਘੇਰੇ ਦੇ ਵਿੱਚ ਲੈਂਦਾ ਹੈ। ਇਹ ਆਪਣੇ ਮਨੋਰੰਜਕ ਸਾਧਨਾਂ ਦੇ ਰਾਹੀਂ, ਦਿਲ ਖਿੱਚਵੇਂ ਚਿੱਤਰਾਂ ਦੇ ਰਾਹੀਂ

ਸਮਾਜ ਦੇ ਨਿੱਤ ਦੇ ਵਿਹਾਰ ਨੂੰ ਵਿਲੱਖਣ ਸਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਹ ਇੱਕ ਬਜ਼ਾਰੂ ਸਭਿਆਚਾਰ ਹੈ, ਜਿਸ ਦਾ ਉਦੇਸ਼ ਦਿਨ ਰਾਤ ਕਮਾਈ ਹੈ। ਇਹ ਲੋਕਾਂ ਦੇ ਘਰ ਘਰ ਵਿੱਚ ਪਹੁੰਚਾਉਣ ਦਾ ਸਿਹਰਾ ਮੀਡੀਆ ਦੇ ਸਿਰ ਜਾਂਦਾ ਹੈ।

ਇਸ ਖੋਜ ਪ੍ਰਬੰਧ ਦਾ ਉਦੇਸ਼ ਪੰਜਾਬੀ ਸਭਿਆਚਾਰ ਤੇ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕਰਨਾ ਹੈ। ਸਭਿਆਚਾਰ ਦੇ ਉੱਤੇ ਸਮਾਜਕ, ਆਰਥਕ ਤੇ ਰਾਜਨੀਤਕ ਰੂਪ ਵਿੱਚ ਪ੍ਰਭਾਵ ਪੈ ਰਹੇ ਹਨ। ਇਸ ਨੇ ਸਭਿਆਚਾਰ ਦੀਆਂ ਜੜ੍ਹਾਂ ਹੀ ਖੋਖਲੀਆਂ ਕਰ ਦਿਤੀਆਂ ਹਨ। ਮਨੁੱਖ ਨੂੰ ਹੀ ਮੰਡੀ ਬਣਾ ਕੇ ਰੱਖ ਦਿੱਤਾ ਹੈ। ਇਸ ਖੋਜ ਪ੍ਰਬੰਧ ਨੂੰ ਚਾਰ ਅਧਿਆਇਆਂ ਦੇ ਵਿੱਚ ਵੰਡਿਆ ਗਿਆ ਹੈ। ਪਹਿਲਾ ਅਧਿਆਇ ਖਪਤ ਸਭਿਆਚਾਰ ਦਾ ਇਤਹਾਸਿਕ ਤੇ ਸਿਧਾਂਤਕ ਪਰਪੇਖ ਹੈ। ਇਸ ਅਧਿਆਇ ਦੇ ਵਿੱਚ ਖਪਤ ਸਭਿਆਚਾਰ ਦੇ ਅਰਥ ਪਰਿਭਾਸ਼ਾ ਤੋਂ ਲੈ ਕੇ ਸਿਧਾਂਤਕ ਅਧਿਐਨ ਤੱਕ ਨੂੰ ਪਰਖਿਆ ਜਾਵੇਗਾ। ਦੂਸਰਾ ਅਧਿਆਇ 'ਪੰਜਾਬ ਦੇ ਸਮਾਜ-ਸਭਿਆਚਾਰਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ' ਦੇ ਵਿੱਚ ਮਨੁੱਖ ਦੇ ਬਦਲਦੇ ਰਿਸ਼ਤੇ ਵਿਚਲਾ ਤਨਾਉ, ਪੁਰਾਤਨ ਰਿਸ਼ਤਿਆਂ ਵਿਚਲਾ ਪ੍ਰੇਮ ਪਿਆਰ, ਰਿਸ਼ਤਿਆਂ ਦੀ ਬਦਲ ਰਹੀ ਤਸਵੀਰ, ਰੀਤੀ ਰਿਵਾਜ਼ਾਂ ਤੇ ਤਿਉਹਾਰਾਂ ਦੇ ਰੂਪ ਵਿੱਚ ਪਰਿਵਰਤਨ ਆਉਣ ਨਾਲ ਮਨੁੱਖੀ ਜੀਵਨ ਉੱਤੇ ਕੀ ਅਸਰ ਪਿਆ ਹੈ। ਮਨੁੱਖੀ ਜੀਵਨ ਕਿੰਨਾ ਗਿਰਾਵਟ ਦੇ ਵਿੱਚ ਆ ਚੁੱਕਾ ਹੈ। ਸੋਸ਼ਲ ਮੀਡੀਆ ਦੇ ਯੁੱਗ ਵਿੱਚ ਮਾਨਵ ਦੇ ਉੱਤੇ ਕੀ ਅਸਰ ਪਿਆ ਹੈ। ਇਹ ਸਾਰੇ ਪੱਖ ਇਸ ਅਧਿਆਇ ਦੇ ਅਧਿਐਨ ਦਾ ਆਧਾਰ ਬਣਨਗੇ।

ਤੀਸਰੇ ਅਧਿਆਇ ਦੇ ਵਿੱਚ 'ਪੰਜਾਬ ਦੇ ਆਰਥਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ' ਦੇ ਵਿੱਚ ਉਦਯੋਗੀਕਰਨ ਦੇ ਕਰਕੇ ਅਜੋਕਾ ਜੀਵਨ ਢੰਗ ਵੀ ਬਦਲ ਰਿਹਾ ਹੈ ਤੇ ਮਨੁੱਖੀ ਜਿਊਣ ਢੰਗ ਦੇ ਵਿੱਚ ਬਦਲੀ ਆਉਣ ਨਾਲ ਮਨੁੱਖੀ ਜੀਵਨ ਖਰਚੀਲਾ ਹੋ ਗਿਆ ਹੈ। ਇਸ ਦੇ ਨਾਲ ਪੀੜ੍ਹੀ ਦਰ ਪੀੜ੍ਹੀ ਤੋਂ ਚਲੇ ਆ ਰਹੇ ਧੰਦਿਆਂ ਦੇ ਵਿੱਚ ਪਰਿਵਰਤਨ ਆ ਗਿਆ ਹੈ ਤੇ ਨਵੀਨ ਧੰਦਿਆਂ ਦੇ ਆਉਣ ਕਾਰਨ ਪੁਰਾਤਨ ਧੰਦੇ ਬਹੁਤ ਹੀ ਘੱਟ ਰਹਿ ਜਾਣ ਅਤੇ ਅਜੋਕੀ ਅਰਥ ਵਿਵਸਥਾ ਉੱਤੇ ਕੀ ਪ੍ਰਭਾਵ ਪਿਆ ਹੈ, ਆਦਿ

ਪੱਖਾਂ ਨੂੰ ਪਰਖਿਆ ਜਾਵੇਗਾ। ਚੋਥਾ ਅਧਿਆਇ ਦੇ ਵਿੱਚ 'ਪੰਜਾਬ ਦੇ ਰਾਜਨੀਤਿਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ' ਖਪਤ ਸਭਿਆਚਾਰ ਦੇ ਸਦਕਾ ਰਾਜਨੀਤੀ ਵੀ ਆਪਣਾ ਸਰੂਪ ਬਦਲਦੀ ਜਾ ਰਹੀ ਹੈ। ਇਸਦੇ ਬਦਲ ਜਾਣ ਵਾਲੇ ਕਾਰਨਾਂ ਨੂੰ ਪਰਖਿਆ ਜਾਵੇਗਾ। ਖੋਜ ਕਾਰਜ ਦੇ ਅੰਤ ਉੱਤੇ ਚਿੰਤਕਾਂ ਨਾਲ ਵਿਚਾਰ ਗੋਸ਼ਟੀ ਰਾਹੀਂ ਜਿਹੜੇ ਨਤੀਜੇ ਕੱਢੇ ਗਏ ਉਹਨਾਂ ਨੂੰ ਸਿੱਟੇ ਤੇ ਸਥਾਪਨਾਵਾਂ ਦੇ ਰੂਪ ਵਿੱਚ ਅੰਕਿਤ ਕੀਤਾ ਜਾਵੇਗਾ। ਇਸ ਖੋਜ ਕਾਰਜ ਦੌਰਾਨ ਜਿੰਨਾਂ ਪੁਸਤਕਾਂ, ਰਸਾਲਿਆਂ, ਅਖਬਾਰਾਂ ਦੀ ਸਿੱਧੇ ਅਤੇ ਅਸਿੱਧੇ ਰੂਪ ਦੀ ਸਮੱਗਰੀ ਨੂੰ ਪੁਸਤਕ ਸੂਚੀ ਦੇ ਰੂਪ ਵਿੱਚ ਅੰਤ ਉੱਤੇ ਅੰਕਿਤ ਕੀਤਾ ਜਾਵੇਗਾ।

ਇਹ ਖੋਜ ਕਾਰਜ ਨੂੰ ਪੂਰਾ ਕਰਨ ਤੇ ਹਰ ਪਲ ਅਗਵਾਈ ਦੇਣ ਲਈ ਆਪਣੇ ਨਿਗਰਾਨ ਡਾ. ਹਰਜੋਤ ਕੌਰ ਦੀ ਦਿਲੋਂ ਧੰਨਵਾਦੀ ਹਾਂ, ਜਿੰਨਾਂ ਨੇ ਖੋਜ ਕਾਰਜ ਨੂੰ ਪੂਰਾ ਕਰਨ ਦੇ ਵਿੱਚ ਸਹਿਯੋਗ ਦਿੱਤਾ। ਮੈ ਤਹਿ ਦਿਲੋਂ ਧੰਨਵਾਦੀ ਹਾਂ ਆਪਣੇ ਮਾਤਾ-ਪਿਤਾ ਅਤੇ ਜੀਵਨ ਸਾਥੀ ਕਰਨਦੀਪ ਦਾ ਜਿਨ੍ਹਾਂ ਦੀ ਬਦੌਲਤ ਮੈ ਆਪਣਾ ਸੁਪਨਾ ਪੂਰਾ ਕਰਨ ਲਈ ਅੱਗੇ ਵੱਧ ਸਕੀ ਹਾਂ। ਮੈ ਸ਼ੁਕਰਗੁਜਾਰ ਹਾਂ, ਲਵਲੀ ਯੂਨੀਵਰਸਿਟੀ ਦੇ ਸਾਰੇ ਸਤਿਕਾਰਯੋਗ ਅਧਿਆਪਕਾਂ ਦਾ ਜਿਨ੍ਹਾਂ ਨੇ ਹਰ ਸਮੇਂ ਮੈਨੂੰ ਅੱਗੇ ਵੱਧਣ ਦਾ ਹੌਸਲਾ ਦਿੱਤਾ। ਮੈ ਆਪਣੇ ਸਹਿਪਾਠੀ ਖੋਜਾਰਥੀਆਂ , ਦੋਸਤਾਂ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੇ ਖੋਜ ਕਾਰਜ ਦੇ ਵਿੱਚ ਮਦਦ ਅਤੇ ਹੌਸਲਾ ਅਫਜ਼ਾਈ ਕੀਤੀ। ਮੈ ਧੰਨਵਾਦੀ ਹਾਂ, ਉਹਨਾਂ ਚਿੰਤਕਾਂ, ਆਲੋਚਕਾਂ ਦੀ ਜਿਨ੍ਹਾਂ ਨੇ ਮੁਲਕਾਤ ਲਈ ਵਕਤ ਦਿੱਤਾ ਅਤੇ ਮੇਰੇ ਖੋਜ ਕਾਰਜ ਨੂੰ ਨੇਪਰੇ ਚੜ੍ਹਨ ਵਿੱਚ ਸਹਿਯੋਗ ਦਿੱਤਾ।

# ਅਧਿਆਇ ਪਹਿਲਾ

# ਖਪਤ ਸਭਿਆਚਾਰ ਦਾ ਸਿਧਾਂਤਕ ਪਰਿਪੇਖ

# ਖਪਤ ਸਭਿਆਚਾਰ ਦਾ ਸਿਧਾਂਤਕ ਪਰਿਪੇਖ

## 1.1 ਸਮੱਸਿਆਂ ਕਥਨ

ਆਧੁਨਿਕ ਸਮਾਂ ਨਵੀਨ ਤਕਨੀਕਾਂ ਦਾ ਹੈ। ਤਕਨੀਕਾਂ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਅੱਜ ਮਾਨਵ ਚੰਦ ਉੱਤੇ ਪੁੱਜ ਚੁੱਕਾ ਹੈ। ਨਵੀਨ ਤਕਨੀਕਾਂ ਨੇ ਜੀਵਨ ਨੂੰ ਗਤੀਸ਼ੀਲ ਬਣਾਇਆ ਹੈ। ਗਤੀਸ਼ੀਲਤਾ ਸਮਾਜ ਦਾ ਪ੍ਰਮੁੱਖ ਆਧਾਰ ਹੈ। ਪਰਿਵਰਤਨ ਕੁਦਰਤ ਦਾ ਨੇਮ ਹੈ। ਪਰਿਵਰਤਨ ਸਹਿਜ-ਸੁਭਾਵਿਕ ਹੀ ਵਾਪਰ ਜਾਂਦਾ ਹੈ। ਦੂਸਰਾ ਪਰਿਵਰਤਨ ਮਨੁੱਖ ਦੇ ਦੁਆਰਾ ਕੀਤਾ ਜਾਂਦਾ ਹੈ। ਇਸ ਪਰਿਵਰਤਨ ਨੇ ਮਾਨਵ ਜੀਵਨ ਨੂੰ ਸੰਕਟ ਦੇ ਵਿੱਚ ਫਸਾਇਆ ਹੈ। ਹੱਥਲੇ ਖੋਜ ਕਾਰਜ ਦਾ ਵਿਸ਼ਾ ਖਪਤ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉੱਤੇ ਪੈਂਦੇ ਪ੍ਰਭਾਵ (ਸਮਾਜਕ, ਆਰਥਕ ਅਤੇ ਰਾਜਨੀਤਿਕ ਸੰਦਰਭ 'ਚ)

ਸੋ ਲੋੜ ਮਹਿਸੂਸ ਇਹ ਹੁੰਦੀ ਹੈ ਕਿ ਖਪਤ ਸਭਿਆਚਾਰ ਦੇ ਕਰਕੇ ਪੰਜਾਬੀ ਸਭਿਆਚਾਰ ਨੂੰ ਕਿਸ ਹੱਦ ਤੱਕ ਘਾਤ ਲੱਗੀ ਹੈ। ਖਪਤ ਸਭਿਆਚਾਰ ਦੇ ਕਰਕੇ ਰਿਸ਼ਤਾ-ਨਾਤਾ ਪ੍ਰਬੰਧ, ਰਸਮੋ- ਰਿਵਾਜ ਤੇ ਤਿਉਹਾਰ ਆਦਿ ਇੰਨੇ ਕਿਉਂ ਤਬਦੀਲ ਹੋ ਗਏ ਹਨ? ਖਪਤ ਸਭਿਆਚਾਰ ਦੇ ਪ੍ਰਭਾਵ ਹੇਠਾਂ ਪੁਰਾਤਨ ਧੰਦਿਆਂ ਤੇ ਰਾਜਨੀਤੀ ਦੇ ਵਿੱਚ ਹੋਈ ਤਬਦੀਲੀ ਨੂੰ ਪਛਾਨਣਾ ਹੈ। ਸੋਸ਼ਲ ਮੀਡੀਆ ਦਾ ਪ੍ਰਭਾਵ ਇੰਨਾ ਪ੍ਰਬਲ ਕਿਉਂ ਹੋ ਗਿਆ ਹੈ। ਇਹਨਾਂ ਪੱਖਾਂ ਦੀ ਸਾਰਥਿਕਤਾ ਖੋਜਣੀ ਬਣਦੀ ਹੈ।

## 1.2 ਖੋਜ ਕਾਰਜ ਦੀ ਪ੍ਰਸਿੰਗਕਤਾ

ਖੋਜ ਕਾਰਜ ਦਾ ਮੂਲ ਵਿਸ਼ਾ ਖਪਤ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉਪਰ ਪੈਂਦੇ ਪ੍ਰਭਾਵ (ਸਮਾਜਕ, ਆਰਥਕ, ਰਾਜਨੀਤਿਕ ਸੰਦਰਭ 'ਚ) ਹੈ। ਪੰਜਾਬੀ ਸਮਾਜ ਨੇ ਜਦੋਂ ਦਾ ਨਵੀਨ ਖੇਤਰ ਦੇ ਵਿੱਚ ਪ੍ਰਵੇਸ਼ ਕੀਤਾ ਹੈ ਪੰਜਾਬੀ ਸਮਾਜ ਨੇ ਪ੍ਰਫੁੱਲਿਤਾ ਤਾਂ ਹਾਸਿਲ ਕੀਤੀ ਹੈ, ਪਰ ਨਾਲ ਹੀ ਆਪਣੇ ਪਰੰਪਰਾਗਤ ਮੁੱਢ ਨੂੰ ਬਦਲ ਰਿਹਾ ਹੇ। ਇਸ ਖੋਜ ਕਾਰਜ ਦਾ ਮੂਲ ਉਦੇਸ਼ ਵੀ ਹੈ ਅਤੇ ਨਿਸਚੈ ਵੀ ਹੈ, ਪੰਜਾਬੀ ਸਮਾਜ ਦੇ

ਬਦਲਾਅ ਦੇ ਕਿਹੜੇ ਕਾਰਨ ਜ਼ਿੰਮੇਵਾਰ ਹਨ। ਉਹਨਾਂ ਕਾਰਨਾਂ ਨੂੰ ਉਜਾਗਰ ਕਰਕੇ ਪੰਜਾਬੀ ਸਭਿਆਚਾਰ ਨੂੰ ਆਪਣੇ ਪਰੰਪਰਾਵਾਦੀ ਮੁੱਢ ਨਾਲ ਜੋੜਿਆ ਜਾ ਸਕੇ।

## 1.3 ਪਰਿਕਲਪਨਾ

ਸਭਿਆਚਾਰ ਸਮਾਜ ਦਾ ਅਹਿਮ ਅੰਗ ਹੈ। ਇਹ ਮਨੁੱਖ ਦੀ ਰਹਿਨੁਮਾਈ ਕਰਦਾ ਹੈ। ਸਭਿਆਚਾਰ ਪਰਿਵਰਤਨਸ਼ੀਲ ਅਤੇ ਗਤੀਸ਼ੀਲ ਹੈ। ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਪੰਜਾਬੀ ਸਭਿਆਚਾਰ ਦੇ ਵਿੱਚ ਸਮਾਜਕ, ਆਰਥਕ ਤੇ ਰਾਜਨੀਤਿਕ ਪੱਖਾਂ ਦੇ ਵਿੱਚ ਬਦਲਾਅ ਆਉਣੇ ਸ਼ੁਰੂ ਹੋ ਗਏ ਹਨ। ਇਹ ਮਨੁੱਖ ਦੇ ਵਿਕਾਸ ਦਾ ਕਾਰਨ ਹੈ ਨਾਲ ਹੀ ਵਿਨਾਸ਼ ਦਾ ਕਾਰਨ ਹੈ। ਇਸਦੇ ਸਿੱਟੇ ਵਜੋਂ ਰਿਸ਼ਤੇ, ਰਸਮ-ਰਿਵਾਜ ਅਤੇ ਪੁਰਤਾਨ ਧੰਦੇ ਬਦਲ ਰਹੇ ਹਨ। ਮਨੁੱਖੀ ਜੀਵਨ ਨੂੰ ਵਿਸ਼ਵ ਮੰਡੀ ਦਾ ਹਿੱਸਾ ਬਣਾ ਦਿੱਤਾ ਹੈ।

## 1.4 ਖੋਜ ਕਾਰਜ ਦਾ ਖੇਤਰ

ਹੱਥਲੇ ਖੋਜ ਕਾਰਜ ਦਾ ਮੂਲ ਵਿਸ਼ਾ "ਖਪਤ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉੱਪਰ ਪੈਂਦੇ ਪ੍ਰਭਾਵ (ਸਮਾਜਕ, ਆਰਥਕ, ਰਾਜਨੀਤਿਕ ਸੰਦਰਭ 'ਚ) ਹੈ। ਹੱਥਲੇ ਖੋਜ ਕਾਰਜ ਦੇ ਵਿੱਚ ਪਰਿਵਾਰਿਕ ਰਿਸ਼ਤਿਆਂ ਦੇ ਵਿੱਚ ਤਨਾਉ, ਪਰਿਵਾਰਿਕ ਰਿਸ਼ਤਿਆਂ ਦੀ ਬਦਲਦੀ ਬਣਤਰ, ਤਿਉਹਾਰਾਂ ਅਤੇ ਰਸਮਾਂ-ਰਿਵਾਜਾਂ ਦੇ ਵਿੱਚ ਰੂਪਾਂਤਰਣ, ਸੋਸ਼ਲ ਮੀਡੀਆ ਦਾ ਮਨੁੱਖ ਉੱਤੇ ਪ੍ਰਭਾਵ, ਅਜੋਕਾ ਬਦਲਦਾ ਉਦਯੋਗਿਕ ਜੀਵਨ, ਲੋਕ ਧੰਦਿਆਂ ਦਾ ਬਦਲਦਾ ਅਸਤਿਤਵ, ਅਜੋਕੀ ਅਰਥ ਵਿਵਸਥਾ, ਰਾਜਨੀਤੀ ਦਾ ਮੰਡੀਕਰਨ, ਰਾਜਨੀਤੀ ਦੇ ਵਿੱਚ ਬਨਾਵਟੀਪਣ, ਸੋਸ਼ਲ ਮੀਡੀਆ ਅਤੇ ਰਾਜਨੀਤੀ, ਰਾਜਨੀਤੀ ਅਤੇ ਕਾਰਪੋਰੇਟ ਸੈਕਟਰ ਅਦਿ ਖੋਜ ਕਾਰਜ ਦੇ ਮੂਲ ਵਿਸ਼ੇ ਹਨ।

## 1.5 ਖੋਜ ਦੇ ਸੰਦ

ਖੋਜ ਕਾਰਜ ਦੇ ਦੌਰਾਨ ਹੇਠ ਲਿਖੇ ਸੰਦਾਂ ਦੀ ਵਰਤੋਂ ਕੀਤੀ ਗਈ ਹੈ :-

i) ਪੁਸਤਕਾਂ

ii) ਖੋਜ ਰਸਾਲੇ

iii) ਖੋਜ ਪ੍ਰਬੰਧ

iv) ਖੋਜ ਪਰਚੇ

v) ਵਿਸ਼ਵਕੋਸ਼

vi) ਅਖ਼ਬਾਰਾਂ

vii) ਲਾਇਬ੍ਰੇਰੀ/ ਵੈਬਸਾਈਟਾਂ

viii) ਸੈਮੀਨਾਰਾਂ/ ਕਾਨਫੰਰਸਾਂ

ix) ਡਾਟਾ (SPSS Software)

## 1.6 ਖੋਜ ਡਿਜ਼ਾਇਨ

i) ਪੂਰਵ ਖੋਜ ਕਾਰਜ

ii) ਕਾਰਨਾਂ ਦੀ ਜਾਂਚ

iii) ਸਮੱਸਿਆਂ ਦੀ ਜਾਂਚ ਲਈ ਸਿਧਾਂਤਕ ਅਤੇ ਵਿਹਾਰਿਕ ਪੱਧਰ ਉੱਤੇ ਇੰਟਰਵਿਊ

## 1.7 ਖੋਜ ਕਾਰਜ ਦੇ ਉਦੇਸ਼

ਇਸ ਖੋਜ ਪ੍ਰਬੰਧ ਦਾ ਉਦੇਸ਼ ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਹੋਣ ਵਾਲੇ ਪਰਿਵਰਤਨਾਂ ਦਾ ਅਧਿਐਨ ਕਰਨਾ ਹੈ। ਇਹ ਅਧਿਐਨ ਸਮਾਜਕ, ਆਰਥਕ, ਅਤੇ ਰਾਜਨੀਤਿਕ ਸੰਦਰਭ ਵਿਚ ਕੀਤਾ ਜਾਣਾ ਹੈ। ਪੰਜਾਬੀ ਸਭਿਆਚਾਰ ਇਕ ਵਿਸ਼ਾਲ ਤੇ ਸੰਯੁਕਤ ਸਭਿਆਚਾਰ ਵਿਚੋਂ ਜਾਣਿਆ ਜਾਂਦਾ ਹੈ। ਇਹ ਸਭਿਆਚਾਰ ਦੁਨੀਆਂ ਵਿਚੋਂ ਨਿਵੇਕਲਾ ਅਤੇ ਵੱਖਰੀ ਪਛਾਣ ਰੱਖਦਾ ਹੈ। ਪੰਜਾਬ ਵਿਚ ਆਰੀਆ ਤੋਂ ਲੈ ਕੇ ਅੰਗਰੇਜ਼ਾਂ ਤਕ ਦਾ ਆਉਣਾ ਅਤੇ ਉਹਨਾਂ ਦਾ ਪ੍ਰਭਾਵ ਕਬੂਲ ਕੀਤਾ । ਉਹਨਾਂ ਨੇ ਆਪਣੇ ਮੂਲ ਗੁਣਾਂ ਨੂੰ ਕਦੇ ਨਹੀ ਛੱਡਿਆ ਹੈ। ਪਰੰਤੂ ਜਦੋਂ ਸਾਮਰਾਜੀ ਸਭਿਆਚਾਰਕ ਹਮਲੇ ਤਹਿਤ ਖੇਤਰੀ ਸਭਿਆਚਾਰਕ ਲਈ ਖਤਰੇ ਦੀ ਘੰਟੀ ਵੱਜ ਰਹੀ ਹੈ ਤਾਂ ਕਈ ਤਰ੍ਹਾਂ ਦੇ ਕੁਰਾਹੇ, ਵਿਗਾੜ ਤੇ ਵਿਕਾਰ ਦੇਖਣ ਨੂੰ ਮਿਲ ਰਹੇ ਹਨ।

'ਪੰਜਾਬੀ ਸਭਿਆਚਾਰ ਵਿਚਲਾ ਸਬਰ, ਸੰਤੋਖ, ਸੰਜਮ, ਖਾਓ-ਪੀਓ, ਮੌਜ ਕਰੋ ਖਪਤ ਸਭਿਆਚਾਰ ਵਿਚ ਪਰਿਵਰਤਨ ਹੋਣਾ ਸ਼ੁਰੂ ਹੋ ਗਿਆ ਹੈ। ਇਸ ਸਭਿਆਚਾਰ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਜਿੱਥੇ ਇਨ੍ਹਾਂ ਨੇ ਬਾਹਰੀ ਹਮਲਾਵਰਾਂ ਦੇ ਸਭਿਆਚਾਰ ਨੂੰ ਆਪਣੇ ਵਿਚ ਸਮੋਇਆ, ਪ੍ਰਭਾਵ ਕਬੂਲ ਕੀਤਾ ਅਤੇ ਉਹਨਾਂ ਆਪਣੇ ਮੂਲ ਗੁਣਾਂ ਨੂੰ ਕਦੇ ਨਹੀ ਛੱਡਿਆ ਹੈ।

ਵੰਡ ਛਕੋ, ਸਾਂਝੀਵਾਲਤਾ ਦੀ ਪ੍ਰਵਿਰਤੀ ਸਵੈ ਕੇਂਦਰਿਤ, ਵਿਅਕਤੀਵਾਦੀ ਤੇ ਨਿੱਜ ਆਧਾਰਿਤ ਸੋਚ ਵਿਚ ਬਦਲ ਗਈ ਹੈ। ਕੁਝ ਹੋਰ ਲੋਕ ਆਪਣੇ ਵਿਰਸੇ ਨੂੰ ਬਚਾਉਣ ਤੇ ਸੰਭਾਲਣ ਦੇ ਨਾਂ ਤੇ ਬੁਨਿਆਦੀ ਪ੍ਰਸਥਿਤੀ ਵੱਲ ਪਰਤ ਰਹੇ ਹਨ। ਕੁਝ ਹੋਰ ਲੋਕ ਸਭਿਆਚਾਰ ਨੂੰ ਜੜ੍ਹ ਵਸਤੂ ਸਮਝਦੇ ਹਨ, ਇਸ ਦੇ ਵਿਚ ਪਰਿਵਰਤਨ ਸੰਭਵ ਨਹੀ ਹੁੰਦਾ ਹੈ। ਉਹ ਪ੍ਰਸਥਿਤੀਆਂ ਨੂੰ ਸਮਝਣ ਦਾ ਯਤਨ ਕਰਦੇ ਹਨ ਕਿਉਂਕਿ ਸਭਿਆਚਾਰ ਵੀ ਸਮੇਂ ਸਥਾਨ, ਪ੍ਰਸਥਿਤੀਆਂ ਦੇ ਕੇਂਦਰ ਵਿਚ ਹੁੰਦਾ ਹੈ। ਕਿਸੇ ਇੱਕ ਦੇ ਵਿਚ ਪਰਿਵਰਤਨ ਨਾਲ ਪੂਰੇ ਸਭਿਆਚਾਰ ਵਿਚ ਤਬਦੀਲੀ ਆ ਜਾਂਦੀ ਹੈ।

ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਪੰਜਾਬੀ ਸਭਿਆਚਾਰ ਦਾ ਸਮਾਜਕ ਪੱਖ ਵੀ ਖੇਰੂ-ਖੇਰੂ ਹੋ ਰਿਹਾ ਹੈ। ਸਮਾਜਕ ਪ੍ਰਸੰਗਾਂ ਦੇ ਅੰਤਰਗਤ, ਰਹੁ-ਰੀਤਾਂ, ਤਿੱਥਾਂ-ਤਿਉਹਾਰ, ਪਰਿਵਾਰ ਆਦਿ ਤੱਕ ਵਿਚਾਰਨ ਯੋਗ ਹਨ। ਸਮਕਾਲੀ ਰਸਮਾਂ-ਰਿਵਾਜ ਤੇ ਆਧੁਨਿਕ ਸਮੇਂ ਦਾ ਪ੍ਰਭਾਵ ਪਿਆ ਹੈ, ਜਿੱਥੇ ਇਹਨਾਂ ਰਸਮ ਰਿਵਾਜ ਵਿਚ ਪਿਆਰ, ਅਪਣੱਤ ਤੇ ਸਾਂਝ ਦੀ ਭਾਵਨਾ ਦਿਖਾਵੇ ਦਾ ਇਕ ਕਾਰਨ ਬਣ ਕੇ ਰਹਿ ਗਈ ਹੈ। ਪੰਜਾਬੀ ਸਭਿਆਚਾਰ ਦੇ ਆਰਥਕ ਪੱਖ ਉੱਪਰ ਪ੍ਰਭਾਵ ਕਾਰਨ ਪੰਰਪਰਾਗਤ ਦਿੱਖ ਬਦਲਦੀ ਜਾ ਰਹੀ ਹੈ। ਇਸ ਦੇ ਸੰਦਰਭ ਵਿਚ ਖਾਣ ਪੀਣ, ਲੋਕ ਧੰਦੇ, ਲੋਕ ਖੇਡ ਆਦਿ ਸ਼ਾਮਿਲ ਹਨ ਇਸ ਖਪਤ ਸਭਿਆਚਾਰ ਦੇ ਕਾਰਨ ਖਾਣ-ਪੀਣ ਉਪਰ ਮਾਰੂ ਪ੍ਰਭਾਵ ਪਏ ਹਨ। ਸਮੇਂ ਦੀ ਘਾਟ, ਭੱਜ ਨੱਠ, ਪੈਸੇ ਦੀ ਬਹੁਤਾਤ ਨੇ ਰਸੋਈ ਘਰ ਵਿਚ ਬਕਾਇਦਾ ਭੋਜਨ ਤਿਆਰ ਨਾ ਹੋਣ ਕਰਕੇ ਜੰਕ-ਫੂਡ ਨੇ ਜਨਮ ਲਿਆ ਹੈ। ਪੰਰਪਰਾਗਤ ਘਰਾਂ ਵਿਚ ਮਿੱਟੀ ਦੇ ਬਣੇ ਚੁਲ੍ਹਿਆ ਦੀ ਵਰਤੋਂ ਕੀਤੀ ਜਾਂਦੀ ਹੈ।

ਲੋਕ-ਤਿਉਹਾਰਾਂ ਅਤੇ ਮੇਲਿਆ ਨੂੰ ਵੀ ਅੱਜ ਮਰਜ਼ੀ ਅਨੁਸਾਰ ਵਪਾਰਕ ਹਿਤ ਪੂਰਾ ਕਰਨ ਲਈ ਵਰਤਿਆ ਜਾ ਰਿਹਾ ਹੈ। ਜਿਥੇ ਇਹ ਆਪਸੀ ਮੇਲ-ਮਿਲਾਪ ਦਾ ਕੇਂਦਰ ਸੀ, ਉਥੇ ਇਹ ਮਤਲਬਪ੍ਰਸਤੀ ਤੇ ਖ਼ੁਦਗਰਜ਼ੀ ਦਾ ਹੀ ਕੇਂਦਰ ਬਣ ਗਏ ਹਨ। ਪੂੰਜੀਵਾਦੀ ਸਿਸਟਮ ਤੇ ਆਧਾਰਿਤ ਪੱਛਮੀ ਸਭਿਆਚਾਰ ਨੇ ਅੰਗਰੇਜ਼ੀ ਭਾਸ਼ਾ ਦੁਆਰਾ ਪੰਜਾਬੀ ਸਭਿਆਚਾਰ ਅੰਦਰ ਛੋਟੇਪਣ ਤੇ ਅਸੰਪੂਰਨਤਾ ਦਾ ਅਹਿਸਾਸ ਕਰਵਾਇਆ ਹੈ। ਮਨੁੱਖਤਾ ਵਿਚ ਪੈਸੇ ਦੀ ਦੌੜ ਨੇ ਆਪਣੇ ਸਭਿਆਚਾਰ, ਭਾਸ਼ਾ ਤੇ ਵਿਰਸੇ ਬਾਰੇ ਸੋਚਣ ਤੋਂ ਦੂਰ ਕੀਤਾ ਹੈ। ਆਦਮੀ ਤੇ ਮਸ਼ੀਨ ਵਿਚ ਕੋਈ ਫਰਕ ਨਹੀ ਰਹਿ ਗਿਆ ਹੈ। ਹਰੇਕ ਸਮਾਜ-ਸਭਿਆਚਾਰ ਵਿਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ ਅਤੇ ਉਹਨਾਂ ਦੇ ਵਿਕਾਸ ਦੀ ਤੋਰ'ਚ ਸੰਤੁਲਨ ਨਹੀਂ ਰਹਿੰਦਾ ਹੈ। ਪੰਜਾਬ ਵਿਚ ਵੀ ਸੰਤੁਲਨ ਵਿਗੜ ਚੁੱਕਾ ਹੈ ਅਤੇ ਪੰਜਾਬੀ ਮਨੁੱਖ ਸਭਿਆਚਾਰਕ ਪੱਖ ਤੋਂ ਅਨਾਥ ਬਣਦਾ ਜਾ ਰਿਹਾ ਹੈ। ਡਾ. ਅਮਰਜੀਤ ਗਰੇਵਾਲ ਨੇ ਇਸ ਬਾਰੇ ਲਿਖਿਆ ਹੈ ਕਿ "ਪੰਜਾਬੀ ਸਮਾਜ ਜਿੱਥੇ ਲੋਕਾਂ ਦੀ ਟੇਕ ਪਦਾਰਥਕ ਦੌਲਤ ਉਪਰ ਲੱਗੀ ਹੋਈ ਹੈ ਅਤੇ ਸਭਿਆਚਾਰਕ ਪਰੈਕਟਿਸ ਲਗਭਗ ਖਤਮ ਹੋ ਚੁੱਕਾ ਹੈ ਉੱਥੇ ਲੋਕ ਵਿਅਕਤੀਵਾਦ ਦਾ ਸ਼ਿਕਾਰ ਹੋ ਕੇ ਸਾਂਝੀ ਰਹਿਤਲ,ਮਾਨਸਿਕਤਾ,ਲਿਆਕਤ ਅਤੇ ਅਨੁਭੂਤੀ ਤਕਰੀਬਨ ਗੁਆ ਹੀ ਬੈਠੇ ਹਨ। ਸਾਗ,ਮੱਕੀ ਦੀ ਰੋਟੀ ਪੰਜਾਬੀਆਂ ਦੀਆਂ ਮਨਭਾਉਂਦੀਆਂ ਖ਼ੁਰਾਕਾਂ ਸਨ। ਰੋਟੀ ਖਾਣ ਦੇ ਪਿਛੋਂ ਗੁੜ ਖਾਣ ਦਾ ਰਿਵਾਜ ਸੀ। ਹੌਲੀ ਹੌਲੀ ਮਿੱਟੀ ਦੇ ਚੁੱਲ੍ਹੇ ਦੀ ਥਾਂ ਗੈਸ ਵਾਲੇ ਚੁਲ੍ਹਿਆਂ ਨਾਲ ਲੋਕਾਂ ਦੀ ਜ਼ਿੰਦਗੀ ਵਿਚ ਸੁਧਾਰ ਹੋਇਆ, ਮਾਈਕਰੋਵੇਵ, ਫਰਿਜ਼ ਆਦਿ ਰਸੋਈ ਦਾ ਸ਼ਿੰਗਾਰ ਬਣ ਗਏ ਹਨ। ਮੈਕਡੋਨਲ, ਡੈਮੀਨੋਜ਼, ਪੀਜ਼ਾ ਹੱਟ ਆਦਿ ਸਥਾਨਾਂ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ ਹੈ। ਭੁੰਨੇ ਦਾਣਿਆਂ ਨਾਲੋਂ ਚਿਪਸ, ਕੁਰਕਰੇ ਖਾਣੇ ਜ਼ਿਆਦਾ ਪਸੰਦ ਕਰਦੇ ਹਨ। ਇਸ ਦੇ ਕਾਰਨ ਬਿਮਾਰੀਆਂ ਤੇ ਦਵਾਈਆਂ ਵਿਚ ਵੀ ਵਾਧਾ ਹੋਇਆ ਹੈ। ਅੱਜ ਕੱਲ੍ਹ ਇਸ਼ਤਿਹਾਰਬਾਜ਼ੀ ਰਾਹੀਂ ਹਸਪਤਾਲਾਂ ਦੀ ਮਸ਼ਹੂਰੀ ਕੀਤੀ ਜਾਂਦੀ ਹੈ।" (*ਵਿਸ਼ਵੀਕਰਨ ਸਭਿਆਚਾਰਕ ਬਦਲਾਵ ਅਤੇ ਨਾਵਲ 39)*

ਪੰਜਾਬ ਦੀਆਂ ਪਰੰਪਰਾਗਤ ਖੇਡਾਂ ਲੋਕ ਚੁਸਤੀ, ਬਹਾਦਰੀ ਅਤੇ ਸਰੀਰਕ ਬਲ ਦਾ ਪ੍ਰਤੀਕ ਰਹੀਆਂ ਹਨ। ਜਿਵੇਂ ਕਬੱਡੀ, ਕੁਸ਼ਤੀ, ਮੁਗਦਰ, ਗੁੱਲੀ-ਡੰਡਾ, ਪਿੱਠੂ, ਕੋਟਲਾ-ਛਪਾਕੀ ਆਦਿ। ਪੱਛਮੀ ਸਭਿਆਚਾਰ ਦੇ ਪ੍ਰਭਾਵ ਸਦਕਾ ਇਨ੍ਹਾਂ ਵਿਚ ਨਵੀਨ ਖੇਡਾਂ ਸ਼ਾਮਿਲ ਹੋ ਗਈਆਂ ਹਨ , ਜਿਨ੍ਹਾਂ ਦੇ ਕਾਰਨ ਪਰੰਪਰਾਗਤ ਖੇਡਾਂ ਦਾ ਸਰੂਪ ਅਲੋਪ ਹੋ ਗਿਆ। ਅਜੋਕੀ ਪੀੜ੍ਹੀ ਆਪਣੇ ਵਿਰਸੇ ਨਾਲੋਂ ਟੁੱਟਦੀ ਜਾ ਰਹੀ ਹੈ।

ਅੱਜਕੱਲ੍ਹ ਦੀਆਂ ਖੇਡਾਂ ਵਿਚ ਖਿਡਾਰੀਆਂ ਦੀ ਵੀ ਵਿਕਰੀ ਹੁੰਦੀ ਹੈ ਜਿਵੇਂ ਕਿ ਆਈ .ਪੀ ਐਲ. ਵਰਗੀਆਂ ਖੇਡਾਂ। ਪੈਸੇ ਨੇ ਵਿਅਕਤੀ ਦਾ ਦਿਮਾਗ ਖਰਾਬ ਕਰਕੇ ਰੱਖ ਦਿੱਤਾ ਹੈ। ਵਸਤਾਂ ਉਸ ਲਈ ਸਟੇਟਸ ਸਿੰਬਲ ਬਣ ਗਈਆਂ ਹਨ, ਜਿਵੇਂ ਕਾਰਾਂ, ਆਈਫੋਨ ਪ੍ਰਮੁੱਖ ਉਦਾਹਰਨ ਵਿਚੋਂ ਹਨ। ਖਪਤ ਸਭਿਆਚਾਰ ਨੇ ਭਾਰਤੀ ਰਾਜਨੀਤੀ ਦੇ ਉਪਰ ਵੀ ਆਪਣੀ ਪਕੜ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

**ਇਸ ਖੋਜ ਪ੍ਰਬੰਧ ਦੇ ਪ੍ਰਮੁੱਖ ਉਦੇਸ਼** :

- ਖਪਤ ਸਭਿਆਚਾਰ ਦੇ ਸਿਧਾਂਤਕ ਸਰੂਪ ਸੰਬੰਧੀ ਜਾਣਕਾਰੀ ਮਿਲੇਗੀ।
- ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚ ਖਪਤ ਸਭਿਆਚਾਰ ਦੇ ਕਾਰਨ ਪੈ ਰਹੇ ਪ੍ਰਭਾਵਾਂ ਨੂੰ ਤਲਾਸ਼ਣਾ।
- ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਰਸਮਾਂ ਰਿਵਾਜ਼ਾਂ ਤੇ ਤਿਉਹਾਰਾਂ ਦੇ ਬਦਲਦੇ ਸਰੂਪ ਦੀ ਪਛਾਣ ਕਰਨੀ।
- ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਮਨੁੱਖੀ ਜੀਵਨ ਸ਼ੈਲੀ ਵਿੱਚ ਹੋ ਰਹੀਆਂ ਤਬਦੀਲੀਆਂ ਨੂੰ ਪਛਾਨਣਾ।
- ਪੰਜਾਬ ਦੇ ਲੋਕ ਧੰਦਿਆਂ ਦੇ ਸਰੂਪ ਵਿਚ ਖਪਤ ਸਭਿਆਚਾਰ ਕਾਰਨ ਆ ਰਹੀਆਂ ਤਬਦੀਲੀਆਂ ਨੂੰ ਉਜਾਗਰ ਕਰਨਾ ।
- ਪੰਜਾਬ ਦੇ ਰਾਜਨੀਤਕ ਪ੍ਰਬੰਧ ਤੇ ਖਪਤ ਸਭਿਆਚਾਰ ਦੇ ਪੈ ਰਹੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਨੀ।

## 1.8 ਪੂਰਵ ਖੋਜ ਕਾਰਜ

**ਪੁਸਤਕਾਂ**

**1. ਈ- ਲੋਕਧਾਰਾ: ਲੋਕਧਾਰਾ ਦਾ ਐਨੀਮੇਟਿਡ ਕਾਰਟੂਨ ਵਿੱਚ ਰੂਪਾਂਤਰਣ**

ਇਹ ਪੁਸਤਕ ਡਾ. ਹਰਮੀਤ ਕੌਰ ਭੁੱਲਰ ਦੁਆਰਾ 2015 ਵਿੱਚ ਲਿਖੀ ਗਈ ਹੈ।ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਵਸਤਾਂ ਨੂੰ ਵੇਚਣ ਦੇ ਲਈ ਕਾਰਟੂਨ ਨੂੰ ਵਰਤਿਆ ਜਾਂਦਾ ਹੈ। ਮੰਡੀਕਰਨ ਦੇ ਦੌਰ ਵਿੱਚ ਹਰ ਉਤਪਾਦਕ ਆਪਣਾ ਮੁਨਾਫਾ ਦੇਖਦਾ ਹੈ।

**2. ਵਿਸ਼ਵੀਕਰਨ : ਪੰਜਾਬੀ ਸਭਿਆਚਾਰਕ ਪਰਿਵਰਤਨ**

ਇਹ ਪੁਸਤਕ ਨੂੰ ਡਾ. ਸੁਖਦੀਪ ਕੌਰ ਦੁਆਰਾ ਲਿਖਿਆ ਗਿਆ ਹੈ। ਇਸ ਪੁਸਤਕ ਨੂੰ ਯੂਨੀਸਟਾਰ ਦੁਆਰਾ 2015 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਵਿਸ਼ਵੀਕਰਨ ਦੇ ਪੰਜਾਬੀ ਸਭਿਆਚਾਰ ਉਪਰ ਪੈਣ ਵਾਲੇ ਪ੍ਰਭਾਵਾਂ ਨੂੰ ਦਰਸਾਇਆ ਗਿਆ ਹੈ।

**3. ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ**

ਇਹ ਪੁਸਤਕ ਡਾ. ਸਤਿੰਦਰ ਔਲਖ ਦੁਆਰਾ ਸੰਪਾਦਿਤ ਕੀਤੀ ਗਈ ਹੈ। ਇਸ ਪੁਸਤਕ ਦੀ ਪਬਲੀਕੇਸ਼ਨ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2011 ਵਿਚ ਹੋਈ ਹੈ। ਇਸ ਪੁਸਤਕ ਵਿਚ ਪੰਜਾਬੀ ਸਭਿਆਚਾਰ: ਪਰੰਪਰਾ ਅਤੇ ਵਿਸ਼ਵੀਕਰਨ ਨਾਂ ਦਾ ਆਲੋਚਨਾਤਮਿਕ ਲੇਖ ਮਿਲਦਾ ਹੈ ਜੋ ਡਾ. ਸੁਰਜੀਤ ਲੀ ਦੁਆਰਾ ਲਿਖਿਆ ਗਿਆ ਹੈ। ਇਸ ਲੇਖ ਵਿਚ ਵਿਸ਼ਵੀਕਰਨ ਦੇ ਵਿਕਾਸ ਬਾਰੇ ਅਤੇ ਪੰਜਾਬੀ ਸਭਿਆਚਾਰਕ ਪਰੰਪਰਾਵਾਂ ਉਪਰ ਪਏ ਪ੍ਰਭਾਵਾਂ ਬਾਰੇ ਵਰਨਣ ਕੀਤਾ ਹੈ। ਇਸ ਦੇ ਨਾਲ ਹੀ ਖਪਤ ਸਭਿਆਚਾਰ ਦੇ ਪੈਦਾ ਹੋਣ ਬਾਰੇ ਦੱਸਿਆ ਹੈ।

**4. ਸਾਮਰਾਜੀ ਵਿਸ਼ਵੀਕਰਨ ਬੇਨਕਾਬ**

ਇਸ ਪੁਸਤਕ ਨੂੰ ਡਾਕਟਰ ਅਜੀਤਪਾਲ ਸਿੰਘ ਐਮ. ਡੀ ਨੇ ਲਿਖਿਆ ਹੈ। ਇਹ ਪੁਸਤਕ 2 ਭਾਗਾਂ ਦੇ ਵਿੱਚ ਲੋਕ ਗੀਤ ਪ੍ਰਕਾਸ਼ਨ ਦੁਆਰਾ 2008 ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਨੂੰ ਸੰਪਾਦਿਤ ਟੀ. ਆਰ. ਵਿਨੋਦ ਨੇ ਕੀਤਾ ਹੈ। ਇਸ ਪੁਸਤਕ ਦੇ ਦੋਵੇਂ ਭਾਗਾਂ ਦੇ ਵਿੱਚ ਸਮਾਜ ਵਿੱਚ ਵਾਪਰਨ ਵਾਲੀਆਂ ਪ੍ਰਸਥਿਤੀਆਂ ਨੂੰ ਵਿਸ਼ਵੀਕਰਨ ਤੇ ਮੰਡੀ ਦੇ ਨਾਲ ਜੋੜ ਕੇ ਦੇਖਿਆ ਗਿਆ ਹੈ।ਉਹਨਾਂ ਦੇ ਪੈਣ ਵਾਲੇ ਪ੍ਰਭਾਵਾਂ ਨੂੰ ਦਰਸਾਇਆ ਗਿਆ ਹੈ।

**5. ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ**

ਇਹ ਪੁਸਤਕ ਡਾ. ਬਲਦੇਵ ਸਿੰਘ ਧਾਰੀਵਾਲ ਦੁਆਰਾ ਲਿਖੀ ਗਈ ਹੈ। ਇਹ ਪੁਸਤਕ ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਦੁਆਰਾ 2007 ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿੱਚ ਵਿਸ਼ਵੀਕਰਨ ਅਤੇ

ਪੰਜਾਬੀ ਕਹਾਣੀ ਨਾਂ ਦਾ ਆਲੋਚਨਾਤਮਿਕ ਲੇਖ ਮਿਲਦਾ ਹੈ। ਜਿਸ ਵਿਚ ਵਿਸ਼ਵੀਕਰਨ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਹਾਣੀ ਦੇ ਮਾਧਿਅਮ ਰਾਹੀਂ ਕੀਤੀ ਗਈ ਹੈ। ਜਰਨੈਲ ਸਿੰਘ ,ਅਜਮੇਰ ਸਿੱਧੂ, ਸੁਖਵੰਤ ਕੌਰ ਮਾਨ ਆਦਿ ਦੀਆਂ ਕਹਾਣੀਆਂ ਵਿਚ ਵਿਸ਼ਵੀਕਰਨ ਦੇ ਸਰੂਪ ਨੂੰ ਦਿਖਾਇਆ ਗਿਆ ਹੈ। ਇਸ ਦੇ ਨਾਲ ਹੀ ਖਪਤ ਸਭਿਆਚਾਰ ਨੂੰ ਵਿਸ਼ਵੀਕਰਨ ਦਾ ਵਿਹਾਰਿਕ ਪੱਖ ਦੱਸਿਆ ਹੈ। ਇਸ ਦਾ ਫੈਲਾਅ ਸ਼ਕਤੀਸ਼ਾਲੀ ਦੇਸ਼ ਤੋਂ ਗਰੀਬ ਮੁਲਕਾਂ ਦੇ ਮਜ਼ਦੂਰ ਦੀ ਉਪਭੋਗੀ ਚੇਤਨਾ ਤੱਕ ਦੇਖਿਆ ਜਾ ਸਕਦਾ ਹੈ।

**6. ਵਿਸ਼ਵੀਕਰਨ: ਸਾਹਿਤਕ ਪ੍ਰਤਿਉਤਰ-**

ਇਹ ਪੁਸਤਕ ਮਨਜੀਤ ਸਿੰਘ ਦੁਆਰਾ ਸੰਪਾਦਿਤ ਕੀਤੀ ਗਈ ਹੈ। ਇਸ ਪੁਸਤਕ ਦੀ ਪ੍ਰਕਾਸ਼ਨ ਆਰਸੀ ਚਾਂਦਨੀ ਚੌਕ ਦਿੱਲੀ 2007 ਵਿਚ ਕੀਤੀ ਗਈ ਹੈ। ਇਸ ਪੁਸਤਕ ਦੇ ਵਿਚ ਵਿਸ਼ਵੀਕਰਨ : ਪੰਜਾਬੀ ਨਿੱਕੀ ਕਹਾਣੀ ਦੇ ਪ੍ਰਤਿਉਤਰ ਨਾਂ ਦਾ ਆਲੋਚਨਾਤਮਿਕ ਲੇਖ ਦਿੱਤਾ ਗਿਆ ਹੈ। ਇਸ ਆਲੋਚਨਾਤਮਿਕ ਲੇਖਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਵਿਸ਼ਵੀਕਰਨ ਦੇ ਸ਼ਬਦ ਅਰਥ ਅਤੇ ਇਸ ਦੇ ਵਿਕਾਸ ਬਾਰੇ ਦੱਸਿਆ ਗਿਆ ਹੈ। ਦੂਜੇ ਭਾਗ ਵਿਚ ਕਹਾਣੀ ਉਪਰ ਪਏ ਪ੍ਰਭਾਵਾਂ ਨੂੰ ਨਿਰੂਪਣ ਕੀਤਾ ਗਿਆ ਹੈ । ਇਹ ਅਧਿਐਨ ਬਰਤਾਨਵੀ ਪੰਜਾਬੀ ਕਹਾਣੀਆਂ ਦੇ ਸੰਦਰਭ ਵਿਚ ਕੀਤਾ ਗਿਆ ਹੈ। ਤੀਸਰੇ ਭਾਗ ਵਿਚ ਵਿਸ਼ਵੀਕਰਨ ਦੇ ਕਾਰਨ ਪੰਜਾਬੀ ਸਭਿਆਚਾਰ ਵਿਚ ਹੋਈਆਂ ਤਬਦੀਲੀਆਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦੱਸਿਆ ਗਿਆ ਕਿ ਮਨੁੱਖੀ ਜੀਵਨ ਨਾਲ ਸੰਬੰਧਿਤ ਹਰ ਵਸਤ ਨੂੰ ਮੰਡੀ ਬਣਾਉਣਾ ਇਸ ਦਾ ਮੂਲ ਉਦੇਸ਼ ਵੀ ਤੇ ਲੋੜ ਵੀ ਹੈ। ਇਸੇ ਵਿੱਚੋਂ ਹੀ ਖਪਤ ਸਭਿਆਚਾਰ ਉਪਜਿਆ ਹੈ।

**7. ਵਿਸ਼ਵੀਕਰਨ: ਸਭਿਆਚਾਰਕ ਬਦਲਾਵ ਅਤੇ ਨਾਵਲ-**

ਇਸ ਪੁਸਤਕ ਨੂੰ ਡਾ. ਸਰਬਜੋਤ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਪੁਸਤਕ ਦੀ ਪਬਲੀਕੇਸ਼ਨ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ 2005 ਵਿਚ ਹੋਈ ਹੈ। ਇਸ ਪੁਸਤਕ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ : ਪੰਜਾਬੀ ਜੀਵਨ ਵਿਚ ਸਭਿਆਚਾਰਕ ਬਦਲਾਵ ਅਤੇ ਰਿਸ਼ਤਿਆਂ ਦੇ ਨਵੇਂ ਸਮੀਕਰਨ ਨਾਂ ਦਾ

ਆਲੋਚਨਾਤਮਿਕ ਲੇਖ ਮਿਲਦਾ ਹੈ। ਇਸ ਵਿਚ ਵਿਸ਼ਵੀਕਰਨ ਦੇ ਬਾਰੇ ਦੱਸਿਆ ਹੋਇਆ ਹੈ ਅਤੇ ਇਸ ਦੇ ਕਾਰਨ ਪੰਜਾਬੀ ਸਭਿਆਚਾਰ ਵਿਚ ਆਈਆਂ ਤਬਦੀਲੀਆਂ ਦਾ ਵਰਨਣ ਕੀਤਾ ਗਿਆ ।

**8. ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ:-**

ਇਸ ਪੁਸਤਕ ਨੂੰ ਅਮਰਜੀਤ ਕਾਂਗ ਦੁਆਰਾ ਸੰਪਾਦਿਤ ਕੀਤਾ ਗਿਆ ਹੈ । ਇਸ ਪੁਸਤਕ ਦੀ ਪਬਲੀਕੇਸ਼ਨ ਸਾਹਿਤ ਅਕਾਦਮੀ, ਨਵੀ ਦਿੱਲੀ 2005 ਵਿਚ ਕੀਤੀ ਗਈ ਹੈ। ਇਸ ਪੁਸਤਕ ਵਿਚ ਵਿਸ਼ਵੀਕਰਨ ਨਾਲ ਸੰਬੰਧਿਤ ਵੱਖ-ਵੱਖ ਆਲੋਚਨਾਤਮਿਕ ਲੇਖ ਮਿਲਦੇ ਹਨ।

**ੳ) ਵਿਸ਼ਵੀਕਰਨ:ਪੰਜਾਬੀ ਸਭਿਆਚਾਰ ਤੇ ਸਾਹਿਤ ਉੱਤੇ ਪ੍ਰਭਾਵ-**

ਇਹ ਆਲੋਚਨਾਤਮਿਕ ਲੇਖ ਡਾਂ ਸਵਰਨ ਚੰਦਨ ਦੁਆਰਾ ਲਿਖਿਆ ਹੈ। ਇਸ ਵਿਚ ਵਿਸ਼ਵੀਕਰਨ ਦੇ ਨਾਲ ਨਾਲ, ਪੰਜਾਬੀ ਸਭਿਆਚਾਰ ਵਿਚ ਆਏ ਪਰਿਵਰਤਨਾਂ ਨੂੰ ਵੀ ਸਪਸ਼ਟ ਕੀਤਾ ਗਿਆ ਹੈ। ਪੂੰਜੀ-ਉਤਪਾਦਿਤ ਕਰਕੇ ਵਸਤਾਂ ਦੀ ਖਪਤ ਵਿਚ ਵਾਧਾ ਹੋਇਆ ਹੈ ਅਤੇ ਖਪਤ ਵਸਤਾਂ ਦੀ ਇਸ਼ਤਿਹਾਰਬਾਜ਼ੀ, ਖਪਤ ਵਸਤਾਂ ਦੀ ਜ਼ੋਰਦਾਰ ਸਪਲਾਈ ਆਦਿ ਨੂੰ ਵਰਨਣ ਕੀਤਾ ਗਿਆ ਹੈ।

**ਅ) ਵਿਸ਼ਵੀਕਰਨ: ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਪ੍ਰਤਿਪੱਖ-**

ਇਸ ਆਲੋਚਨਾਤਮਿਕ ਲੇਖ ਨੂੰ ਡਾ. ਮਨਮੋਹਨ ਦੁਆਰਾ ਲਿਖਿਆ ਗਿਆ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਵੱਖ-ਵੱਖ ਪੜਾਵਾਂ ਵਿੱਚ ਵੰਡ ਕੇ ਪਛਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਕਾਰਨ ਪੰਜਾਬ, ਪੰਜਾਬੀਅਤ ਵੀ ਵਿਸ਼ਵੀਕਰਨ ਦੇ ਬਸਤੀਵਾਦੀ ਤਰਕ ਤੋਂ ਬਚ ਨਾ ਸਕੇ। ਇਸ ਨੇ ਸਮੂਹ ਪੰਜਾਬ ਦੀਆ ਸੰਸਥਾਵਾਂ, ਸਮਾਜਕ ਰਿਸ਼ਤਿਆਂ, ਸੰਸਕ੍ਰਿਤਿਕ ਪ੍ਰਬੰਧਾਂ, ਸਭਿਆਚਾਰਕ ਖਪਤ ਨੂੰ ਪ੍ਰਭਾਵਿਤ ਕੀਤਾ ਹੈ।

**ੲ) ਵਿਸ਼ਵੀਕਰਨ ਅਤੇ ਪ੍ਰਵਾਸੀ ਪੰਜਾਬੀ ਸਭਿਆਚਾਰ-**

ਇਹ ਆਲੋਚਨਾਤਮਿਕ ਲੇਖ ਡਾ. ਬਲਵਿੰਦਰ ਕੌਰ ਧੀਰ ਦੁਆਰਾ ਲਿਖਿਆ ਗਿਆ ਹੈ। ਇਸ ਦੇ ਵਿੱਚ ਵਿਸ਼ਵੀਕਰਨ ਦੇ ਪ੍ਰਵਾਸੀ ਪੰਜਾਬੀ ਸਭਿਆਚਾਰ ਉਪਰ ਪਏ ਪ੍ਰਭਾਵਾਂ ਦਾ ਵਰਨਣ ਕੀਤਾ ਗਿਆ ਹੈ ਇਸ ਦੇ ਨਾਲ ਖਪਤ ਸਭਿਆਚਾਰ ਜਿਸ ਵਿੱਚ ਹਰ ਵਸਤ ਵਿਸ਼ਵ ਮੰਡੀ ਦਾ ਹਿੱਸਾ ਬਣਦੀ ਜਾ ਰਹੀ ਹੈ।

**9. ਸੰਸਕ੍ਰਿਤੀ : ਸਿਧਾਂਤ ਅਤੇ ਵਿਹਾਰ-**

ਇਹ ਪੁਸਤਕ ਡਾ .ਟੀ ਆਰ ਵਿਨੋਦ ਦੁਆਰਾ ਲਿਖੀ ਗਈ ਹੈ। ਇਸ ਪੁਸਤਕ ਦੀ ਪਬਲੀਕੇਸ਼ਨ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ,2004 ‘ਚ ਹੋਈ ਹੈ। ਇਸ ਪੁਸਤਕ ਦੇ ਵਿਚ ਪੂੰਜੀਵਾਦੀ ਸਨਅਤੀ ਸਭਿਆਚਾਰ ਦੀ ਸਭਿਆਚਾਰਕ ਸਨਅਤ ਨਾਂ ਦਾ ਇੱਕ ਲੇਖ ਮਿਲਦਾ ਹੈ। ਪੂੰਜੀਵਾਦੀ ਸਭਿਆਚਾਰ ਦੇ ਪ੍ਰਭਾਵ ਕਾਰਨ ਸਭਿਆਚਾਰ ਦੇ ਵਿਚ ਵਿਗਾੜ ਪੈਦਾ ਹੋ ਰਹੇ ਹਨ। ਇਸ ਦੇ ਪ੍ਰਭਾਵਾਂ ਦੀ ਮਿਸਾਲ ਖਪਤ ਸਭਿਆਚਾਰ ਵਿਚ ਦੇਖੀ ਜਾ ਸਕਦੀ ਹੈ ਅਤੇ ਖਪਤ ਸਭਿਆਚਾਰ ਨੂੰ ਲੋਕਾਂ ਦੀ ਪੂਰਤੀ ਅਤੇ ਐਸ਼-ਆਰਾਮ ਦੀਆਂ ਇੱਛਾਵਾਂ ਦੀ ਪੂਰਤੀ ਦਾ ਨਾਂ ਦਿੱਤਾ ਗਿਆ ਹੈ।

**10. ਵਿਚਾਰਧਾਰਾ ਸਾਹਿਤ ਸਭਿਆਚਾਰ-**

ਇਹ ਪੁਸਤਕ ਡਾ. ਸਤਿੰਦਰ ਸਿੰਘ ਨੂਰ ਦੁਆਰਾ ਲਿਖੀ ਗਈ ਹੈ। ਇਸ ਦੀ ਪਬਲੀਕੇਸ਼ਨ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ 2001 ਵਿਚ ਹੋਈ ਹੈ। ਇਸ ਪੁਸਤਕ ਵਿਚ ਪੰਜਾਬੀ ਸਭਿਆਚਾਰ ਅਤੇ ਵਿਸ਼ਵੀਕਰਨ ਨਾਂ ਦਾ ਆਲੋਚਨਾਤਮਿਕ ਲੇਖ ਮਿਲਦਾ ਹੈ ਜਿਸ ਵਿਚ ਪੰਜਾਬੀ ਸਭਿਆਚਾਰ ਉਪਰ ਵਿਸ਼ਵੀਕਰਨ ਦੇ ਪਏ ਪ੍ਰਭਾਵਾਂ ਦਾ ਵਰਨਣ ਕੀਤਾ ਹੈ। ਇਸ ਦੇ ਨਾਲ ਹੀ ਦੱਸਿਆ ਹੈ ਕਿ ਉਪਭੋਗਵਾਦੀ ਸਭਿਆਚਾਰ ਆਪਣੀਆਂ ਜੜ੍ਹਾਂ ਪਸਾਰ ਰਿਹਾ ਹੈ।

**ਅਖ਼ਬਾਰਾਂ**:

**11. ਸਿਆਸਤ ’ਚੋਂ ਕਿਧਰ ਗਈ ਨੈਤਿਕਤਾ-**

ਇਹ ਲੇਖ ਰਾਗਿਨੀ ਜੋਸ਼ੀ ਦੁਆਰਾ ਲਿਖਿਆ ਗਿਆ ਹੈ। ਇਹ 2ਮਾਰਚ 2017 ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਲੇਖ ਦੇ ਵਿੱਚ ਦੱਸਿਆ ਗਿਆ ਹੈ ਕਿ ਹਰ ਇੱਕ ਰਾਜਨੀਤਿਕ ਪਾਰਟੀ ਸੋਸ਼ਲ ਮੀਡੀਆ ਨੂੰ ਹਥਿਆਰ ਦੀ ਤਰ੍ਹਾਂ ਵਰਤ ਰਹੀ ਹੈ ਅਤੇ ਆਪਣੇ ਰਾਜਨੀਤਿਕ ਨੈਤਿਕ ਮੁੱਲਾਂ ਨੂੰ ਤਿਆਗ ਰਹੇ ਹਨ।

**12. ਮਸ਼ੀਨੀ ਸੁਖ ਸਾਧਨਾਂ ਤੋਂ ਉਪਜਿਆ ਮਨੁੱਖੀ ਨਿਘਾਰ-**

ਇਹ ਲੇਖ ਡਾ. ਸੀ ਪੀ ਕੰਬੋਜ ਦੁਆਰਾ ਲਿਖਿਆ ਗਿਆ ਹੈ। ਇਹ ਲੇਖ 2 ਮਾਰਚ 2017 ਨੂੰ ਪੰਜਾਬੀ ਟ੍ਰਿਬਿਊਨ ਦੇ ਵਿੱਚ ਪ੍ਰਕਾਸ਼ਿਤ ਹੋਇਆ ਹੈ। ਮਨੁੱਖੀ ਜੀਵਨ ਦੇ ਵਿੱਚ ਵੱਧ ਰਹੇ ਇਕੱਲੇਪਨ ਨੂੰ ਦੂਰ ਕਰਨ ਦੇ ਲਈ ਮਸ਼ੀਨਾਂ ਦਾ ਸਹਾਰਾ ਲਿਆ ਹੈ।

**13. ਮਾਰਕਸਵਾਦ ਅਤੇ ਆਰਥਕਵਾਦ ਦਾ ਦਵੰਦ**

ਇਹ ਲੇਖ ਡਾ. ਸਵਰਾਜ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਲੇਖ ਨੂੰ 25 ਫਰਵਰੀ 2017 ਨੂੰ ਪੰਜਾਬੀ ਟ੍ਰਿਬਿਊਨ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ।

**14. ਖਤਮ ਹੋਈ ਰਿਸ਼ਤੇ ਜੋੜਨ ਦੀ ਸਾਦਗੀ-**

ਇਹ ਲੇਖ ਗੱਜਣਵਾਲਾ ਸੁਖਮਿੰਦਰ ਦੁਆਰਾ ਲਿਖਿਆ ਗਿਆ ਹੈ। ਇਹ ਲੇਖ 28 ਫਰਵਰੀ 2017 ਨੂੰ ਪੰਜਾਬੀ ਟ੍ਰਿਬਿਊਨ ਦੇ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਲੇਖ ਦੇ ਵਿੱਚ ਪੁਰਾਤਨ ਅਤੇ ਆਧੁਨਿਕ ਤੌਰ ਤਰੀਕਿਆਂ ਦੀ ਗੱਲ ਕੀਤੀ ਗਈ ਹੈ। ਅਜੋਕੇ ਤੌਰ ਤਰੀਕਿਆਂ ਨੇ ਰਿਸ਼ਤਿਆਂ ਵਿਚਲੀ ਸਾਦਗੀ ਨੂੰ ਮਨਫ਼ੀ ਕਰ ਦਿੱਤਾ ਹੈ।

**15. ਸੋਸ਼ਲ ਮੀਡੀਆ ਦੇ ਲਈ ਜ਼ਾਬਤੇ ਦੀ ਲੋੜ-**

ਇਹ ਲੇਖ ਬਿੰਦਰ ਸਿੰਘ ਖੁੱਡੀ ਕਲਾਂ ਦੁਆਰਾ ਲਿਖਿਆ ਗਿਆ ਹੈ।ਇਹ ਲੇਖ 20 ਫਰਵਰੀ 2017 ਨੂੰ ਪੰਜਾਬੀ ਟ੍ਰਿਬਿਊਨ ਦੇ ਵਿਚ ਪ੍ਰਕਾਸ਼ਿਤ ਹੋਇਆ ਹੈ।ਮਨੁੱਖੀ ਜੀਵਨ ਦੇ ਵਿੱਚ ਸੋਸ਼ਲ ਮੀਡੀਆ ਦੀ ਦਿਨੋ ਦਿਨ ਵੱਧ ਰਹੀ ਦਖ਼ਲ-ਅੰਦਾਜ਼ੀ ਨੂੰ ਰੋਕਿਆ ਜਾਵੇ। ਸੋਸ਼ਲ ਮੀਡੀਆ ਦੀ ਭਰੋਸੇਯੋਗਤਾ ਨੂੰ ਕਾਇਮ ਰੱਖਣ ਦੇ ਲਈ ਜ਼ਾਬਤੇ ਹੇਠਾਂ ਰੱਖਿਆ ਜਾਵੇ।

**16. ਸਿੱਖਿਆ 'ਚ ਸ਼ਾਮਿਲ ਹੋਣ ਖਪਤਕਾਰ ਸੁਰੱਖਿਆ ਐਕਟ ਅਤੇ ਅਸੀਂ**

ਇਹ ਲੇਖ ਪੂਰਨ ਚੰਦ ਸਰੀਨ ਦੁਆਰਾ ਲਿਖਿਆ ਗਿਆ ਹੈ। ਇਸ ਲੇਖ ਦੀ ਪਬਲੀਕੇਸ਼ਨ ਅਜੀਤ ਅਖ਼ਬਾਰ ਦੁਆਰਾ 26.9.2015 ਨੂੰ ਹੋਈ ਹੈ। ਇਸ ਲੇਖ ਵਿਚ ਖਪਤਕਾਰ ਐਕਟ ਦੇ ਬਣਨ ਤੋਂ ਬਾਅਦ ਇਸ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

**17. ਖਪਤਵਾਦੀ ਸਭਿਆਚਾਰ ਨੇ ਕੀਤਾ ਮਨੁੱਖੀ ਰਿਸ਼ਤਿਆਂ ਦਾ ਮੰਡੀਕਰਨ-**

ਇਹ ਲੇਖ ਡਾ ਸਵਰਾਜ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਦੀ ਪਬਲੀਕੇਸ਼ਨ ਅਜੀਤ ਅਖ਼ਬਾਰ, ਜਲੰਧਰ 25.4.2015 ਨੂੰ ਕੀਤੀ ਹੈ। ਸਰਮਾਏਦਾਰੀ ਨੇ ਮਨੁੱਖੀ ਰਿਸ਼ਤਿਆਂ ਨੂੰ ਅੰਦਰੋਂ ਤੋੜ ਕੇ ਰੱਖ ਦਿੱਤਾ ਹੈ।

**18. ਖਪਤਕਾਰ ਸੁਰੱਖਿਆ ਐਕਟ ਅਤੇ ਅਸੀਂ-**

ਇਹ ਲੇਖ ਮੁਹੰਮਦ ਇਕਬਾਲ ਪਾਲੀ ਦੁਆਰਾ ਲਿਖਿਆ ਗਿਆ ਹੈ। ਇਸ ਦੀ ਪਬਲੀਕੇਸ਼ਨ ਅਜੀਤ ਅਖ਼ਬਾਰ ਦੁਆਰਾ 30.3.2015 ਨੂੰ ਹੋਈ ਹੈ। ਇਸ ਲੇਖ ਵਿਚ ਐਕਟ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਪੰਜਾਬ ਵਿਚ ਇਸ ਐਕਟ ਦੇ ਲਾਗੂ ਹੋਣ ਬਾਰੇ ਦੱਸਿਆ ਹੈ।

**ਖੋਜ ਪਤ੍ਰਿਕਾਂ**

**19. ਮੀਡੀਆ ਤੇ ਪੰਜਾਬੀ ਸਭਿਆਚਾਰ-**

ਇਹ ਆਲੋਚਨਾਤਮਿਕ ਲੇਖ ਹਰਜਿੰਦਰ ਕੌਰ ਜੌਹਲ ਦੁਆਰਾ ਲਿਖਿਆ ਗਿਆ ਹੈ। ਇਹ ਲੇਖ ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ 2008 ਵਿੱਚ ਪ੍ਰਕਾਸ਼ਿਤ ਹੋਇਆ ਹੈ। ਇਸ ਲੇਖ ਦੇ ਵਿੱਚ ਮੀਡੀਆ ਦੇ ਰਾਹੀਂ ਅਜੋਕੀ ਪੰਜਾਬੀ ਗਾਇਕੀ ਤੇ ਪੈ ਰਹੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਪੰਜਾਬੀ ਜਨ ਜੀਵਨ ਉੱਤੇ ਪੈਣ ਵਾਲੇ ਪ੍ਰਭਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

**20. ਮੀਡੀਆ, ਸਭਿਆਚਾਰ ਤੇ ਪੰਜਾਬੀ ਸਭਿਆਚਾਰ-**

ਇਹ ਆਲੋਚਨਾਤਮਿਕ ਲੇਖ ਡਾ. ਗੁਰਮੀਤ ਸਿੰਘ ਦੁਆਰਾ ਲਿਖਿਆ ਗਿਆ ਹੈ।ਇਹ ਲੇਖ ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ 2008 ਵਿੱਚ ਪ੍ਰਕਾਸ਼ਿਤ ਹੋਇਆ ਹੈ। ਇਸ ਦੇ ਵਿੱਚ ਮੀਡੀਆ ਦੇ ਪਏ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ।

ਇਹ ਖੋਜ ਕਾਰਜ ਵੱਖਰਾ ਤੇ ਨਿਵੇਕਲਾ ਹੈ ਕਿਉਂਕਿ ਹੁਣ ਤੱਕ ਇਸ ਦੇ ਉਪਰ ਕੋਈ ਖੋਜ ਕਾਰਜ ਨਹੀ ਹੋਇਆ ਹੈ। ਇਹ ਖੋਜ ਕਾਰਜ ਵਿਸ਼ਵੀਕਰਨ ਦੇ ਪ੍ਰਭਾਵਾਂ ਦਾ ਹੀ ਸਿੱਟਾ ਹੈ ਜੋ ਹੁਣ ਦੇ ਸਮੇਂ ਵਿੱਚ ਪ੍ਰਗਟ ਹੋ ਰਹੇ ਹਨ।

## 1.9 ਖੋਜ ਵਿਧੀ

**ੳ) ਨਿਗਮਨ ਵਿਧੀ** *:* ਇਸ ਵਿਧੀ ਦੇ ਵਿੱਚ ਵਿਆਪਕ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੱਕ ਪਹੁੰਚਣ ਦਾ ਨੇਮ ਵਿਧਾਨ ਹੁੰਦਾ ਹੈ। ਪਿਆਰ ਸਿੰਘ ਦੀ ਧਾਰਨਾ ਹੈ ਕਿ ਵਿਹਾਰ ਵਿੱਚ ਵਿਆਪਕ ਜਾਂ ਸਰਬਸਾਧਾਰਨ ਸਥਿਤੀ ਉੱਤੇ ਪਹੁੰਚਣ ਲਈ ਇਕ ਨਹੀ, ਬਹੁਤ ਸਾਰੇ ਉਦਾਹਰਨ, ਵਿਸ਼ੇਸ਼ ਸਥਿਤੀ, ਦੇ ਲੈਣੇ ਹੋਣਗੇ ਨਹੀਂ ਤਾਂ ਨਤੀਜਾ ਠੀਕ ਨਹੀਂ ਨਿਕਲੇਗਾ, ਘੱਟੋ ਘਟ ਉਸ ਦੀ ਸੰਦਿਗ੍ਧਤਾ ਦਾ ਭਰਮ ਜ਼ਰੂਰ ਬਣਿਆ ਰਹੇਗਾ। ਇਸ ਪੱਧਤੀ ਵਿਚ ਅਧਾਰਤ ਵਾਕ ਕਸਵੱਟੀ ਦਾ ਨਹੀ, ਗਵਾਹੀ ਦਾ ਕੰਮ ਕਰਦੇ ਹਨ।" *(ਖੋਜ ਵਿਧੀਆਂ ਤੇ ਪ੍ਰਵਿਧੀਆਂ 38)*

ਆਗਮਨ ਵਿਧੀ- ਇਸ ਵਿਧੀ ਦੇ ਵਿੱਚ ਵਿਸ਼ੇਸ਼ ਸਥਿਤੀ ਤੋਂ ਸਰਬ ਸਾਧਾਰਨ ਸਥਿਤੀ ਦੇ ਵੱਲ ਪਹੁੰਚਣ ਦਾ ਨੇਮ ਵਿਧਾਨ ਹੁੰਦਾ ਹੈ।ਪਿਆਰ ਸਿੰਘ ਦੀ ਧਾਰਨਾ ਹੈ ਕਿ ਸਾਰੇ ਮਨੁੱਖ ਨਾਸ਼ਮਾਨ ਹਨ,ਸ਼ੰਕਰ ਮਨੁੱਖ ਹੈ, ਇਸ ਲਈ ਸੰਕਰ ਵੀ ਨਾਸ਼ਮਾਨ ਹੈ- ਇਸ ਤਰ੍ਹਾਂ ਦਾ ਸੋਚਣ ਢੰਗ ਵਿਆਪਕ ਸਥਿਤੀ *(ਮਨੁੱਖ ਦੀ ਨਾਸ਼ਮਾਨਤਾ)* ਤੋਂ ਵਿਸ਼ੇਸ਼ ਸਥਿਤੀ *(ਸ਼ੰਕਰ ਨਾਸ਼ਮਾਨਤਾ)* ਵਿੱਚ ਪਹੁੰਚਣਾ,ਨਿਗਮਨਾਤਮਕ ਵਿਧੀ ਦਾ ਖਾਸਾ ਹੈ। *(ਖੋਜ ਵਿਧੀਆਂ ਤੇ ਪ੍ਰਵਿਧੀਆਂ 39)*

ਅ) **ਖੋਜ ਵਿਧੀ** :

**ਗੁਣਾਤਮਕ ਖੋਜ ਵਿਧੀ**

ਕਿਸੇ ਵੀ ਖੋਜ ਕਾਰਜ ਨੂੰ ਪੂਰਾ ਕਰਨ ਦੇ ਲਈ ਅਧਿਐਨ ਵਿਧੀ ਲੱਗਦੀ ਹੈ। ਇਸ ਦੀ ਸਹਾਇਤਾ ਨਾਲ ਹੀ ਖੋਜ ਕਾਰਜ ਆਪਣੇ ਸਿਖ਼ਰ ਉੱਤੇ ਪੁੱਜਦਾ ਹੈ। ਕਿਸੇ ਵੀ ਖੋਜ ਲਈ ਨਿਸ਼ਚਿਤ ਸਮੀਖਿਆ ਦੀ ਲੋੜ ਪੈਂਦੀ ਹੈ। ਖੋਜ ਦੀ ਬਣਤਰ ਦਾ ਪੜਾਅ ਹੀ ਸਮੁੱਚੇ ਖੋਜ ਦੇ ਅਧਿਐਨ ਦੀ ਤਰਤੀਬ ਨੂੰ ਬਿਆਨ ਕਰਦਾ ਹੈ। ਖੋਜ ਦੇ ਵਿੱਚ ਇੱਕ ਤੋਂ ਵਧੇਰੇ ਭਿੰਨਤਾਵਾਂ ਮੌਜੂਦ ਹਨ, ਪਰੰਤੂ ਕਿਸ ਤਰਤੀਬ ਨੂੰ ਚੁਣਨਾ ਹੈ। ਇਹ ਖੋਜ ਦੇ ਉਦੇਸ਼ ਉੱਤੇ ਨਿਰਭਰ ਕਰਦਾ ਹੈ।

| **ਗਿਣਾਤਮਿਕ ਖੋਜ** | **ਗੁਣਾਤਮਿਕ ਖੋਜ** |
|---|---|
| ↓ | ↓ |
| ਵਿਆਖਿਆਤਮਿਕ: ਸਮੂਹ. ਅਕਾਦਮਿਕ, ਪ੍ਰੋਫੈਸ਼ਨਲ ਆਦਿ। | ਵਿਹਾਰਿਕ ਖੋਜ, ਕੈਜ਼ੂਅਲ,ਸਰਵੇਖਣ ਖੋਜ,ਫਾਈਂਡ ਖੋਜ, ਪ੍ਰਯੋਗਸ਼ਾਲਾ ਨਿਰੀਖਣ |

ਇਸ ਖੋਜ ਕਾਰਜ ਲਈ ਗੁਣਾਤਮਿਕ ਸਮੀਖਿਆ ਨੂੰ ਆਧਾਰ ਬਣਾਇਆ ਗਿਆ ਹੈ। ਗੁਣਾਤਮਿਕ ਖੋਜ ਦਾ ਖੇਤਰ ਸੋਸ਼ਲ ਸਾਇੰਸ, ਅਕਾਦਮਿਕ, ਪ੍ਰੋਫੈਸ਼ਨਲ ਖੇਤਰ ਹਨ। ਇਹ ਰੋਜ਼ਾਨਾ ਜੀਵਨ ਨੂੰ ਅਧਿਐਨ ਦਾ ਆਧਾਰ ਬਣਾਉਂਦੀ ਹੈ। ਗੁਣਾਤਮਿਕ ਖੋਜ ਇੱਕ ਪ੍ਰਕਾਰ ਦੀ ਗੈਰ ਸੰਖਿਅਕ ਵਿਧੀ ਹੈ। ਇਸ ਪ੍ਰਕਾਰ ਦੀ ਖੋਜ ਦਾ ਅਰਥ ਵਿਸ਼ੇਸ਼ਤਾਵਾਂ, ਪ੍ਰਤੀਕਾਂ, ਭਿੰਨਤਾਵਾਂ, ਬਦਲ ਰਹੇ ਸੰਦਰਭਾਂ ਨੂੰ ਸਪੱਸ਼ਟ ਕਰਦਾ ਹੈ ਜਿਨ੍ਹਾਂ ਵਸਤਾਂ ਨੂੰ ਨਾ ਤਾਂ ਗਿਣਿਆ ਜਾ ਸਕਦਾ ਹੈ ਅਤੇ ਨਾ ਹੀ ਮਾਪਿਆ ਜਾ ਸਕਦਾ ਹੈ। ਗੁਣਾਤਮਿਕ ਖੋਜ ਦਾ ਸੰਬੰਧ ਸਮਾਜਕ ਤੇ ਕੁਦਰਤੀ ਵਿਗਿਆਨ ਦੇ ਨਾਲ ਹੈ, ਇਹ ਖੇਤਰ ਮਨੁੱਖੀ ਜੀਵਨ ਦਾ ਮੂਲ ਆਧਾਰ ਹੈ। ਇਹ ਖੋਜ ਹਰ ਭਾਂਤ ਦੀ ਸ਼ਖ਼ਸੀਅਤ ਦੀ ਸਥਿਤੀ ਦਾ ਨਿਰੀਖਣ ਕਰਦੀ ਹੈ। ਹਰ ਮਨੁੱਖ ਦੀ ਆਪਣੀ ਸਚਾਈ ਹੈ। ਸਚਾਈ ਹੀ ਵਿਅਕਤੀਗਤ ਸੱਚ ਹੈ। ਗੁਣਾਤਮਿਕ ਵਿਧੀ ਅਧਿਐਨ ਦੇ ਲਈ ਸੰਕਲਪ ਦਾ ਗਠਨ ਕਰਦੀ ਹੈ। ਸੰਕਲਪ ਦੀ ਉਸਾਰੀ ਲਈ ਸਾਹਿਤ ਦੇ ਵਿੱਚੋ ਨਮੂਨਿਆਂ ਦੀ ਚੋਣ, ਵੱਖੋ- ਵੱਖਰੇ ਵਿਸ਼ਿਆਂ ਵਿੱਚੋ ਵੀ ਨਮੂਨੇ ਚੁਣਦੀ ਹੈ। ਇਹ ਆਪਣੇ ਸੰਕਲਪ ਨੂੰ ਨਿਰਪੱਖ ਬਣਾਉਣ ਦੇ ਲਈ ਕਮੀਆਂ ਨੂੰ ਦੂਰ ਕਰਦੀ ਹੈ। ਸੰਕਲਪ ਵਿੱਚ ਪਰਿਵਰਤਨ ਕਰਕੇ ਏਕੀਕਰਨ ਕਰਦੀ ਹੈ। ਅਧਿਐਨ ਕਰਨ ਦੇ ਕੁਝ ਪਹਿਲੂ ਨਰਮ ਹਨ ਜਿਵੇਂ ਕਿ ਇੰਟਰਵਿਊ ਦੇ ਵਿੱਚ ਪੁਛੇ ਗਏ ਪ੍ਰਸ਼ਨਾਂ ਦੀ ਸ਼ਬਦਾਵਲੀ ਆਦਿ। ਅਧਿਐਨ ਦਾ ਕੇਂਦਰ ਬਿੰਦੂ ਡਾਟਾ ਇਕੱਤਰੀਕਰਨ ਅਤੇ ਪ੍ਰਸ਼ਨਾਵਲੀ ਨੂੰ ਖੋਜ ਦੇ ਅਨੁਸਾਰ ਤਿਆਰ ਕੀਤਾ ਜਾਦਾ ਹੈ।

According to Uwe Flick;

> Qualitative research is in an ongoing process of proliferation with new approach and methods appearing and it is being taken up by more and more discipline as a core part of their curriculum. New and older perspective in

> qualitative can be seen in sociology, psychology, anthropology, nursing, engineering, cultural studies and so on.
>
> *(An Introduction to Qualitive Research 1)*

ਗੁਣਾਤਮਿਕ ਤੇ ਗਿਣਾਤਮਿਕ: ਗਿਣਾਤਮਿਕ ਅਤੇ ਗੁਣਾਤਮਿਕ ਦੋ ਵਿਧੀਆਂ ਹਨ। ਇਹ ਆਪਸ ਦੇ ਵਿੱਚ ਮਿਲਦੀਆਂ-ਜੁਲਦੀਆ ਹਨ, ਪਰੰਤੂ ਇੱਕ ਦੂਜੇ ਤੋਂ ਭਿੰਨਤਾ ਰੱਖਦੀਆਂ ਹਨ। ਗੁਣਾਤਮਿਕ ਵਿਧੀ ਨੂੰ ਜਾਨਣ ਤੋਂ ਪਹਿਲਾਂ ਇਹਨਾਂ ਦੇ ਆਪਸੀ ਸੰਬੰਧਾਂ ਨੂੰ ਜਾਣ ਲੈਣਾ ਚਾਹੀਦਾ ਹੈ। ਗੁਣਾਤਮਿਕ ਖੋਜ ਦਾ ਕਾਰਜ ਨਰਮ ਤੇ ਗਿਣਾਤਮਿਕ ਖੋਜ ਦਾ ਕਾਰਜ ਸਖ਼ਤ ਹੁੰਦਾ ਹੈ। ਗੁਣਾਤਮਿਕ ਖੋਜ ਗੰਭੀਰ ਮੁੱਦਿਆਂ ਉੱਤੇ ਕੇਂਦਰਿਤ ਹੁੰਦੀ ਹੈ। ਗਿਣਾਤਮਿਕ ਖੋਜ ਸੰਖੇਪ ਤੇ ਛੋਟੇ ਮੁੱਦਿਆਂ ਉੱਤੇ ਕੇਂਦਰਿਤ ਕਰਦੀ ਹੈ। ਗੁਣਾਤਮਿਕ ਖੋਜ ਵਿਅਕਤੀਗਤ ਕਾਰਜ ਕਰਦੀ ਹੈ। ਗਿਣਾਤਮਿਕ ਖੋਜ ਬਾਹਰਮੁਖੀ ਕਾਰਜਾਂ ਉੱਤੇ ਕੇਂਦਰਿਤ ਕਰਦੀ ਹੈ। ਗਿਣਾਤਮਿਕ ਖੋਜ ਸ਼ਬਦਾਂ ਨੂੰ ਨੰਬਰਾਂ ਦੀ ਤਰ੍ਹਾ ਵਰਤਦੇ ਹਨ। ਆਮ ਤੌਰ ਤੇ ਅੰਕੜਾ ਸਾਰਨੀ ਦੀ ਵਿਆਖਿਆ ਕਰ ਦਿੰਦੇ ਹਨ। ਇਹ ਵੀ ਸੱਚ ਹੈ ਕਿ ਗੁਣਾਤਮਿਕ ਖੋਜ ਦੇ ਵਿੱਚ ਨੰਬਰ ਗ਼ਾਇਬ ਹੁੰਦੇ ਹਨ। ਗੁਣਾਤਮਿਕ ਖੋਜ ਦੇ ਵਿਗਿਆਨੀ ਵਲੋਂ ਦਰਸਾਇਆ ਗਿਆ ਹੈ ਕਿ ਇਹ ਸਹਿਜ ਸੁਭਾਅ ਹੀ ਅੰਕ ਖੋਜ ਦੇ ਵਿੱਚ ਸ਼ਾਮਿਲ ਹੋ ਜਾਂਦੇ ਹਨ। ਗੁਣਾਤਮਿਕ ਖੋਜ ਪ੍ਰਸ਼ਨਾਵਲੀ ਦੇ ਨਾਲ ਸੰਬੰਧਿਤ ਹੁੰਦੀ ਹੈ, ਜਿਸ ਦੇ ਰਾਹੀਂ ਲੋਕਾਂ ਦੇ ਜ਼ਿੰਦਗੀ ਦੇ ਬਦਲ ਰਹੇ ਅਰਥਾਂ ਦੀ ਪਹਿਚਾਣ ਕਰਦੀ ਹੈ। ਗੁਣਾਤਮਿਕ ਖੋਜ ਲੋਕਾਂ ਦੀ ਜ਼ਿੰਦਗੀ ਵਿੱਚ ਦਿਲਚਸਪੀ ਰੱਖਦੀ ਹੈ ਕਿ ਕਿਵੇਂ ਲੋਕ ਸੋਚਦੇ ਹਨ? ਜਿਵੇਂ ਕਿ ਲੋਕ ਕੰਮਾਂ ਦੇ ਸਥਾਨ ਉੱਤੇ ਕਿਵੇਂ ਵਿਚਰਦੇ, ਧਾਰਮਿਕ ਸਥਾਨਾਂ ਉੱਤੇ ਕਿਵੇਂ ਦਾ ਵਤੀਰਾ ਕਰਦੇ ਹਨ ਆਦਿ ਨੁਕਤਿਆਂ ਨੂੰ ਪਛਾਨਣ ਦੀ ਕੋਸ਼ਿਸ਼ ਕਰਦੇ ਹਨ।

ਦੋਹਾਂ ਵਿਧੀਆਂ ਦੇ ਵਿਚਕਾਰ ਸਾਂਝ ਪ੍ਰਸ਼ਨਾਵਲੀ ਹੈ ਜਿਨ੍ਹਾਂ ਦੇ ਰਾਹੀਂ ਮਨੁੱਖੀ ਜ਼ਿੰਦਗੀ ਦਾ ਸਰਵੇਖਣ ਕੀਤਾ ਜਾਂਦਾ ਹੈ। ਗੁਣਾਤਮਿਕ ਖੋਜ ਇਸ ਭਾਂਤ ਦੀ ਖੋਜ ਵਿੱਚ ਜ਼ਿਆਦਾ ਦਿਲਚਸਪੀ ਰੱਖਦੀ ਹੈ। ਗੁਣਾਤਮਿਕ ਖੋਜ ਦੀਆਂ ਬਹੁਤ ਖੋਜਾਂ ਇਸੇ ਪ੍ਰਕਾਰ ਦੀਆਂ ਹਨ। ਜਿਨ੍ਹਾਂ ਦੇ ਵਿੱਚ ਮਨੁੱਖ ਦੇ ਦੂਜੇ ਮਨੁੱਖ ਨਾਲ ਵਿਚਰਨ, ਸੰਬੰਧਾਂ ਆਦਿ ਦਾ ਸਰਵੇਖਣ ਕੀਤਾ ਗਿਆ ਹੈ।ਗਿਣਾਤਮਿਕ ਖੋਜ ਦੇ ਵਿੱਚ ਪ੍ਰਸ਼ਨਾਵਲੀ ਦਾ ਫਾਰਮੈਟ (close –ended ਤੇ ਗੁਣਾਤਮਿਕ ਦਾ (open-ended) ਹੈ। ਇਹ ਵਿਧੀਆਂ ਆਪੋ ਆਪਣੇ ਫਾਰਮੈਟ

ਦੇ ਨਾਲ ਪ੍ਰਸ਼ਨਾਵਲੀ ਦਾ ਖਰੜਾ ਤਿਆਰ ਕਰਦੀਆਂ ਹਨ। ਇਹ ਖੋਜ ਵਿਧੀ ਵਿਗਿਆਨਕ ਹੈ। ਵਿਸ਼ੇਸ਼ ਪ੍ਰਸ਼ਨਾਵਲੀ ਹੋਣੀ ਚਾਹੀਦੀ ਹੈ। ਜਿਸ ਦੇ ਵਿੱਚ ਖੋਜ ਦੇ ਨਾਲ ਸੰਬੰਧਿਤ ਸਾਰੇ ਹੀ ਸਵਾਲ ਹੋਣ ਜਿਵੇਂ ਕਿ

- Meaning
- Practices
- Episode
- Encounters
- Roles
- Relationships
- Groups
- Organizations
- lifestyles

According to Strauss:

Questions that simulate the line of investigation in profitable direction, they lead the hypothesis, useful comparisons, and the collection of certain classes of data, even to general lines of attack on potentially important problems.

*(An Introduction to Qualitive Research. 102)*

**ਗੁਣਾਤਮਿਕ ਖੋਜ ਦੀਆਂ ਦਿਸ਼ਾਵਾਂ**

ਗੁਣਾਤਮਿਕ ਖੋਜ ਚਾਰ ਪ੍ਰਕਾਰ ਦੀ ਹੈ।ਇਹਨਾਂ ਚਾਰ ਦਾ ਆਪੋ-ਆਪਣਾ ਪ੍ਰਕਾਰਜ ਹੈ। ਸਰਵੇਖਣ, ਆਰਥਕ, ਵਿਆਖਿਆਤਮਿਕ, ਇਤਿਹਾਸਕ ਆਦਿ। ਇਸੇ ਹੀ ਤਰ੍ਹਾਂ ਦੇ ਹੋਰ ਵਿਸ਼ਿਆਂ ਦੇ ਵਿੱਚ ਗੁਣਾਤਮਿਕ ਅਧਿਐਨ ਦਾ ਦ੍ਰਿਸ਼ ਨਜ਼ਰੀਂ ਪੈਂਦਾ ਹੈ। ਇਹਨਾਂ ਖੋਜਾਂ ਦੇ ਵਿੱਚ ਇੱਕੋ ਭਾਂਤ ਦੇ ਗਰੁੱਪਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ, ਜਿਵੇਂ ਕਿ ਬੇਘਰ ਔਰਤਾਂ, ਪਬਲਿਕ ਹੈਲਥ ਇਸ਼ੂ, ਔਰਤਾਂ ਤੇ ਮਰਦਾਂ ਦੇ ਵਿਸ਼ੇ, ਰਾਸ਼ਟਰੀ ਤੇ ਅੰਤਰਰਾਸ਼ਟਰੀ ਵਿਸ਼ੇ ਵੀ ਅਧਿਐਨ ਦਾ ਆਧਾਰ ਬਣਦੇ ਹਨ।

ਗੁਣਾਤਮਿਕ ਖੋਜ ਦੇ ਵਿੱਚ ਵੀ ਭਿੰਨਤਾਵਾਂ ਪਾਈਆਂ ਜਾਂਦੀਆ ਹਨ ਜਿਵੇਂ ਕਿ Action Research, Case Study, Ethnography, Feminist Research, Grounded Theory, Life History,

Narrative Inquiry, Phenomenological study ਆਦਿ। ਇਹਨਾਂ ਦੇ ਮਾਧਿਅਮ ਰਾਹੀਂ ਯੋਗਤਾ ਟੈੱਸਟ ਦੇ ਤਰੀਕਿਆਂ ਨੂੰ ਪਰਖ ਸਕਦੇ ਹਾਂ। ਇਹਨਾਂ ਨੂੰ ਪਰਖਣ ਦੇ ਲਈ ਪ੍ਰਸ਼ਨਾਵਲੀ ਤੇ ਇੰਟਰਵਿਊ ਨੂੰ ਸਹਾਰਾ ਬਣਾਇਆ ਜਾਂਦਾ ਹੈ, ਪਰੰਤੂ ਅਧਿਐਨ ਦਾ ਉਦੇਸ਼ ਉਹਨਾਂ ਨੂੰ ਇੱਕ ਦੂਜੇ ਨਾਲੋ ਵੱਖਰਾ ਕਰਦਾ ਹੈ। ਇਹਨਾਂ ਦੇ ਵਿੱਚ ਫ਼ਰਕ ਸੈਂਪਲਿੰਗ ਕਰਨ ਦਾ ਹੋ ਸਕਦਾ ਹੈ।

ਗੁਣਾਤਮਿਕ ਖੋਜ ਦੇ ਵਿੱਚ ਪਾਰਦਰਸ਼ਤਾ ਹੈ। ਇਹ ਆਪਣਾ ਕਾਰਜ ਪੂਰਨ ਸਫ਼ਾਈ ਦੇ ਨਾਲ ਕਰਦਾ ਹੈ। ਪਾਰਦਰਸ਼ਤਾ ਨੂੰ ਟਰਮ 21 ਵੀਂ ਸਦੀ ਦੇ ਵਿੱਚ ਵਰਤਿਆ ਗਿਆ ਹੈ। ਖੋਜ ਦੀ ਉਤਪਤੀ ਨੂੰ ਪਾਰਦਰਸ਼ੀ ਰੱਖਿਆ ਗਿਆ ਹੈ। ਗੁਣਾਤਮਿਕ ਵਿਧੀ ਦੇ ਵਿੱਚ ਖੋਜ ਦੇ ਅਰਥਾਂ ਨੂੰ ਬਿਆਨ ਕਰਨ ਲਈ ਦਸਤਾਵੇਜ਼ਾਂ ਨੂੰ ਸਧਾਰਨ ਰੱਖਿਆ ਜਾਂਦਾ ਹੈ, ਤਾਂ ਜੋ ਆਮ ਲੋਕ ਸਮਝ ਤੇ ਟਿੱਪਣੀ ਕਰ ਸਕਣ। ਸਾਰੇ ਡਾਟੇ ਨੂੰ ਅਧਿਐਨ ਦੇ ਲਈ ਪਰਖਿਆ ਜਾ ਸਕਦਾ ਹੈ। ਖੋਜ ਦੇ ਸਬੂਤ ਤੇ ਸਿੱਟੇ ਖੋਜ ਦੀ ਪਾਰਦਰਸ਼ਤਾ ਨੂੰ ਸਪਸ਼ਟ ਕਰਦੇ ਹਨ। ਸਧਾਰਨ ਸ਼ਬਦਾਂ ਦੇ ਵਿੱਚ ਗੁਣਾਤਮਿਕ ਖੋਜ ਦੇ ਵਿੱਚ ਸ਼ਾਮਿਲ ਸਰਵੇਖਣ ਤੋਂ ਹੈ, ਉਹ ਸਰਵੇਖਣ ਦੇ ਲੱਛਣ ਇਸ ਤਰ੍ਹਾ ਹਨ;

- ਇਹ ਖੋਜ ਵਿਧੀ ਸਵਾਲਾਂ ਦੇ ਜਵਾਬ ਦਿੰਦੀ ਹੈ।
- ਇਹ ਖੋਜ ਵਿਧੀ ਪੱਕੇ ਸਬੂਤਾਂ ਨੂੰ ਇਕੱਠੇ ਕਰਦੀ ਹੈ।
- ਪਹਿਲਾਂ ਤੋਂ ਸਥਾਪਿਤ ਖੋਜਾਂ ਨੂੰ ਅੰਤਿਮ ਤੇ ਨਿਸ਼ਚਿਤ ਰੂਪ ਨਹੀ ਮੰਨਦੀ ਹੈ।
- ਪਰਿਭਾਸ਼ਿਤ ਨੇਮਾਂ ਦੀ ਵਰਤੋਂ ਨਾਲ ਸਵਾਲਾਂ ਦੇ ਜਵਾਬ ਦਿੰਦੀ ਹੈ।
- ਗੁਣਾਤਮਿਕ ਖੋਜ ਵਿਧੀ ਗਵਾਹ ਇਕੱਠੇ ਕਰਦੀ ਹੈ।
- ਇਹ ਪਹਿਲਾਂ ਤੋਂ ਉਤਪਾਦਿਤ ਖੋਜਾਂ ਨੂੰ ਅੰਤਿਮ ਤੇ ਨਿਸ਼ਚਿਤ ਨਹੀ ਮੰਨਦੀ ਹੈ।

ਇਹ ਆਪਣੀ ਖੋਜ ਵਿਚ ਕੁਝ ਨਿਯਮਾਂ ਦੀ ਸਥਾਪਨਾ ਕਰਦੀ ਹੈ। ਗੁਣਾਤਮਿਕ ਵਿਧੀ ਵਿਅਕਤੀ ਦੀ ਗ਼ਲਤੀ ਦੀ ਸੰਭਾਵਨਾ ਨੂੰ ਪੇਸ਼ ਕਰਦੀ ਹੈ ਜਿਵੇਂ ਕਿ ਖੋਜਕਾਰ ਆਪਣੀ ਇਕੱਤਰ ਸਮੱਗਰੀ ਨੂੰ ਨਜ਼ਰਅੰਦਾਜ਼ ਕਰਦਾ ਹੈ ਜਿਸ ਕਰਕੇ ਉਸ ਦੇ ਅਧਿਐਨ ਵਿਚ ਗ਼ਲਤੀ ਸ਼ਾਮਿਲ ਹੋ ਜਾਂਦੀ ਹੈ। ਇਸ ਸਮੀਖਿਆ ਵਿਚ ਸਾਂਝ ਬਹੁਤ

ਛੋਟੇ ਪੱਧਰ ਦੀ ਹੁੰਦੀ ਹੈ। ਸਮੱਗਰੀ ਦੀ ਪੇਸ਼ਕਾਰੀ ਵਿਚ ਗੈਰ ਜਵਾਬੀ ਵਿਚਾਰ ਇਸ ਦੀ ਵਿਆਖਿਆ ਕਰਨ ਵਿਚ ਮੁਸ਼ਕਲਾਂ ਪੈਦਾ ਕਰਦਾ ਹੈ।

ਗੁਣਾਤਮਿਕ ਖੋਜ ਮਨੁੱਖੀ ਮਸਲਿਆਂ ਨੂੰ ਕੇਂਦਰਿਤ ਕਰਦੀ ਹੈ। ਅਕਸਰ ਮਨੁੱਖੀ ਸੋਚਾਂ, ਵਿਸ਼ਵਾਸ਼ਾਂ, ਮਨੁੱਖੀ ਵਿਵਹਾਰ, ਅਤੇ ਵਿਅਕਤੀਗਤ ਰਿਸ਼ਤਿਆਂ ਦੇ ਵਿਰੋਧ ਦੇ ਵਿੱਚ ਖੜ੍ਹਦੀ ਹੈ। ਇਸ ਵਿਧੀ ਦੇ ਰਾਹੀਂ ਸਮਾਜਕ ਮਸਲਿਆਂ ਦਾ ਹੱਲ ਕੱਢਣ ਦੇ ਲਈ ਲਾਭਦਾਇਕ ਸਿੱਧ ਹੁੰਦੀ ਹੈ ਜਿਵੇਂ ਕਿ ਮੁੱਲ, ਵਿਵਹਾਰ, ਸਮਾਜਕ ਸਥਿਤੀ ਆਦਿ। ਇਸ ਖੋਜ ਦੇ ਵਿੱਚ ਰੋਲ ਨੂੰ ਨਾ ਮਾਤਰ ਸਮਝਿਆ ਜਾਂਦਾ ਹੈ। ਇਹ ਵਿਧੀ ਸਪੱਸ਼ਟ ਕਰਦੀ ਹੈ ਕਿ ਇਕੱਠੇ ਕੀਤੇ ਹੋਏ ਡਾਟੇ ਨੂੰ ਸਮਾਜਕ ਸੰਦਰਭ ਵਿੱਚ ਰੱਖ ਕੇ ਦੇਖਣ ਤੋਂ ਪਹਿਲਾਂ ਭੂਗੋਲਿਕ ਸਥਿਤੀ ਦੇ ਵਿੱਚ ਰੱਖ ਕੇ ਦੇਖ ਲੈਣਾ ਚਾਹੀਦਾ ਹੈ। ਇਸ ਵਿਧੀ ਨੂੰ ਤਿੰਨ ਤਰੀਕਿਆਂ ਨਾਲ ਪਰਖਿਆ ਜਾ ਸਕਦਾ ਹੈ:-

- ਗਰੁੱਪਾਂ ਦੇ ਨਾਲ ਮਿਲ ਕੇ ਇੰਟਰਵਿਊ- ਇੰਟਰਵਿਊ ਅਤੇ ਹੋਰ ਗਰੁੱਪਾਂ ਦੀ ਸਹਾਇਤਾ ਦੇ ਨਾਲ ਡਾਟਾ ਇਕੱਠਾ ਕੀਤਾ ਜਾਂਦਾ ਹੈ। ਇਸ ਡਾਟੇ ਨੂੰ ਗਰੁੱਪਾਂ ਦੇ ਵਿੱਚ ਭਾਗ ਲੈਣ ਵਾਲੇ ਤਰੀਕੇ ਦੇ ਰਾਹੀਂ ਕੁਦਰਤੀ ਅਤੇ ਵਿਵਹਾਰਿਕ ਪੱਧਰ ਉੱਤੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਅੰਕੜਿਆਂ ਦੇ ਰੂਪ ਵਿੱਚ ਇਕੱਤਰ ਕੀਤਾ ਜਾਂਦਾ ਹੈ।
- ਡੂੰਘਾਈ ਦੇ ਵਿੱਚ ਇੰਟਰਵਿਊ- ਨਿੱਜੀ ਪੱਧਰ ਉੱਤੇ ਮਾਹਿਰਾਂ ਦੇ ਨਾਲ ਸੰਪਰਕ ਕਰਨਾ ਤੇ ਉਹਨਾਂ ਦੇ ਦ੍ਰਿਸ਼ਟੀਕੋਣ, ਭਾਵਨਾਵਾਂ, ਖਾਸ ਕਰਕੇ ਸੰਵੇਦਨਸ਼ੀਲ ਉੱਤਰ ਉੱਭਰ ਕੇ ਸਾਹਮਣੇ ਆਉਂਦੇ ਹਨ।
- ਸ਼ਕਤੀਸ਼ਾਲੀ ਗਰੁੱਪ- ਸਮਾਜ ਦੇ ਵਿੱਚ ਕੁਝ ਸ਼ਕਤੀਸ਼ਾਲੀ ਗਰੁੱਪ ਵੀ ਹੁੰਦੇ ਹਨ। ਇਹਨਾਂ ਦੇ ਸਭਿਆਚਾਰਕ ਨਿਯਮ ਡਾਟਾ ਤਿਆਰ ਕਰਨ ਦੇ ਵਿੱਚ ਪ੍ਰਭਾਵਸ਼ਾਲੀ ਹੁੰਦੇ ਹਨ। ਸਭਿਆਚਾਰਕ ਸਮੂਹ ਜਾਂ ਉਪ ਸਮੂਹ ਚਿੰਤਾ ਦੇ ਮੁੱਦਿਆਂ ਨੂੰ ਵਿਆਪਕ ਪੱਧਰ ਤੇ ਪਰਖਦੇ ਹਨ। ਇਹ ਆਪਣੀ ਖੋਜ ਵਿਚ ਕੁਝ ਨਿਯਮਾਂ ਦੀ ਸਥਾਪਨਾ ਕਰਦੀ ਹੈ। ਇਹਨਾਂ ਦੇ ਆਧਾਰ ਉੱਤੇ ਹੀ ਖੋਜ ਨੂੰ ਸਾਕਾਰ ਰੂਪ ਦੇ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

- ਪ੍ਰਸ਼ਨਾਵਲੀ
- ਇੰਟਰਵਿਊ

**ਪ੍ਰਸ਼ਨਾਵਲੀ** : ਖੋਜ ਨੂੰ ਪੂਰਨ ਕਰਨ ਦੇ ਲਈ ਵਿਸ਼ੇ ਦੇ ਅਨੁਸਾਰ ਇੱਕ ਪ੍ਰਸ਼ਨਾਵਲੀ ਤਿਆਰ ਕੀਤੀ ਜਾਂਦੀ ਹੈ। ਇਸ ਪ੍ਰਸ਼ਨਾਵਲੀ ਨੂੰ ਵੱਖ-ਵੱਖ ਵਿਦਵਾਨਾਂ, ਵਿਦਿਆਰਥੀਆਂ ਦੇ ਕੋਲੋਂ ਭਰਵਾਇਆਂ ਜਾਂਦਾ ਹੈ। ਵੈਸੇ ਵਿਸ਼ੇ ਦੇ ਅਨੁਸਾਰ ਹੀ ਭਰਵਾਏ ਜਾਂਦੇ ਹਨ। ਪ੍ਰਸ਼ਨਾਵਲੀ ਦੀ ਬਣਤਰ ਵੱਖੋ-ਵੱਖਰੀ ਹੁੰਦੀ ਹੈ।

ਇਹ ਸਾਹਿਤ ਦੇ ਖੋਜ ਨੂੰ ਪੂਰਨ ਰੂਪ ਦੇ ਵਿੱਚ ਪੇਸ਼ ਕਰਦੇ ਹਨ। ਕੋਈ ਵੀ ਖੋਜ ਵਿਧੀ ਖੋਜ ਖੇਤਰ ਦੇ ਅਨੁਸਾਰ ਹੀ ਤਿਆਰ ਕੀਤੀ ਜਾਂਦੀ ਹੈ। ਗੁਣਾਤਮਿਕ ਅਧਿਐਨ ਦੇ ਵਿੱਚ ਸਾਹਿਤ ਦੇ ਮੌਜੂਦਾ ਵਿਸ਼ੇ ਹੀ ਉਠਾਉਣੇ ਪੈਂਦੇ ਹਨ। ਇਸ ਦੇ ਲਈ ਪਰਕਲਪਨਾ ਨੂੰ ਤਿਆਰ ਕਰਨਾ ਪੈਂਦਾ ਅਤੇ ਉਹਨਾਂ ਪਰਕਲਪਨਾ ਨੂੰ ਅਧਿਐਨ ਕਰਨਾ ਪੈਂਦਾ ਹੈ। ਗੁਣਾਤਮਿਕ ਅਧਿਐਨ ਦੇ ਵਿੱਚ ਲਿਖਤੀ ਜਾਣਕਾਰੀ ਨੂੰ ਵਰਤ ਸਕਦੇ ਹਾਂ, ਜਿਵੇਂ ਕਿ ਸਾਹਿਤ ਦੇ ਵਿਚੋਂ, ਕਿਤਾਬਾਂ ਆਦਿ। ਇਹਨਾਂ ਦੇ ਰਾਹੀਂ ਵਿਸ਼ੇ ਦੇ ਵਿੱਚ ਆਏ ਅੰਤਰ ਨੂੰ ਪਹਿਲਾਂ ਅਤੇ ਬਾਅਦ ਦੇ ਵਿੱਚ ਵੀ ਵਰਤ ਸਕਦੇ ਹਾਂ। ਇਹ ਸਾਹਿਤ ਦੇ ਸਿਧਾਂਤਿਕ ਅਧਿਐਨ ਦੇ ਲਈ ਤੇ ਖੋਜ ਨੂੰ ਨਿਰਪੱਖ ਕਰਨ ਦੇ ਲਈ ਪ੍ਰਸ਼ਨਾਵਲੀ ਤਿਆਰ ਕਰਦੇ ਹਨ ਜਿਵੇਂ ਕਿ-

- ਤੁਹਾਨੂੰ ਪਹਿਲਾਂ ਤੋਂ ਹੀ ਕਿਹੜੀਆਂ ਖੋਜ ਸਮੱਸਿਆਵਾਂ ਦਾ ਪਤਾ ਹੈ?
- ਕਿਹੜੀ ਖੋਜ ਵਿਧੀ ਵਰਤੀ ਅਤੇ ਕਿਸ ਖੋਜ ਭਾਗ ਦੇ ਵਿੱਚ ਵਰਤਿਆ ਗਿਆ ਹੈ?
- ਕਿ ਖੋਜ ਦੇ ਵਿੱਚ ਸਿਧਾਂਤਿਕ ਅਤੇ ਮਿਥਿਹਾਸਿਕ ਤੱਥ ਹਨ?

ਗੁਣਾਤਮਿਕ ਖੋਜ ਦਾ ਪ੍ਰਸਿੱਧ ਤਰੀਕਾ ਕੇਸ ਅਧਿਐਨ ਹੈ। ਖੋਜਕਾਰ ਆਪਣੇ ਅਧਿਐਨ ਨੂੰ ਬਿਹਤਰ ਬਣਾਉਣ ਦੇ ਲਈ ਨਮੂਨੇ ਇਕੱਤਰ ਕਰਦਾ ਹੈ। “ਜਿਵੇਂ ਕਿ ਯੂਨਾਈਟਡ ਕਿੰਗਡਿੰਮ ਦੇ ਮੱਧ ਯੁੱਗ ਦੇ ਵਿੱਚ ਚਮੜੀ ਦੇ ਰੋਗ ਫੈਲਣ ਦੇ ਕਾਰਨਾਂ ਨੂੰ ਪਛਾਣਿਆ ਗਿਆ।ਇਸ ਵਿਧੀ ਦੇ ਰਾਹੀਂ ਰੋਗ ਦੇ ਫੈਲਣ ਦੇ ਕਾਰਨ ਤੇ ਰੋਗ-ਥਾਮ ਦੇ ਤਰੀਕੇ ਵੀ ਦੱਸੇ ਜਾਂਦੇ ਹਨ। ਇਹ ਵਿਧੀ ਤਰਕਪੂਰਨ ਢੰਗ ਨਾਲ ਜਾਣਕਾਰੀ ਦਿੰਦੀ ਤੇ ਚਮੜੀ ਰੋਗਾਂ ਦੀ ਵਿਭਿੰਨਤਾ ਵੀ ਦੱਸਦੀ ਹੈ। ਇਸ ਦੇ ਨਾਲ ਹੀ ਰੋਗ ਥਾਮ ਦੇ ਗੁਰ ਵੀ ਦੱਸਦੀ ਹੈ।” *(Uwe Flick. An Introduction to Qualitive Research 50)*

ਗੁਣਾਤਮਿਕ ਖੋਜ ਦੇ ਵਿੱਚ ਡਾਟਾ ਦਾ ਸਰਵੇਖਣ ਵੀ ਸ਼ਾਮਿਲ ਹੁੰਦਾ ਹੈ। ਸਰਵੇਖਣ ਇਸ ਵਿਧੀ ਦਾ ਵਿਸ਼ੇਸ਼ਣ ਵੀ ਹੈ ਜਿਵੇ ਵਿਸ਼ੇ ਦੇ ਨਾਲ ਸੰਬੰਧਿਤ ਮਾਹਿਰਾਂ ਦੇ ਨਾਲ ਮੁਲਾਕਾਤ, ਇਕੱਤਰ ਕੀਤੇ ਹੋਏ ਡਾਟੇ ਨੂੰ ਕੰਪਿਊਟਰ ਦੀ ਮਦਦ ਨਾਲ ਪਰਖਿਆ ਜਾਂਦਾ ਹੈ। ਕੰਪਿਊਟਰ ਦੁਆਰਾ ਪਰਖੇ ਗਏ ਨਤੀਜੇ ਅੰਤਿਮ ਹੁੰਦੇ ਹਨ। ਗੁਣਾਤਮਿਕ ਖੋਜ ਵਿਧੀ ਦੇ ਰਾਹੀਂ ਸਰਵੇਖਣ ਕਰਨ ਦੇ ਲਈ ਜਨਸੰਖਿਆ ਨੂੰ ਆਧਾਰ ਬਣਾਇਆ ਜਾਂਦਾ ਹੈ। ਕਿਸੇ ਵੀ ਹਿੱਸੇ ਦੀ ਜਨਸੰਖਿਆ ਦੇ ਗਣਨ ਆਧਾਰ ਨੂੰ ਲੈ ਕੇ ਹੀ ਸਰਵੇਖਣ ਦੇ ਪ੍ਰਥਮ ਪੜਾਅ ਨੂੰ ਪੂਰਾ ਕੀਤਾ ਜਾਂਦਾ ਹੈ। "ਵੱਖੋ-ਵੱਖਰੇ ਸਾਫਟਵੇਅਰ ਮਿਲ ਜਾਂਦੇ ਹਨ। ਵੱਖਰੇ ਪ੍ਰਕਾਰ ਦੇ ਸਾਫਟਵੇਅਰ ਇੱਕ ਤੋਂ ਵੱਧ ਡਾਟੇ ਨੂੰ ਸੰਗਠਿਤ ਕਰਨ ਦੇ ਲਈ ਬਣਾਏ ਜਾਂਦੇ ਹਨ। ਡਾਟੇ ਨੂੰ ਇਕੱਠਾ ਕਰਨ ਦੇ ਵਿੱਚ ਸਾਫ਼ਟਵੇਅਰ ਮਦਦਗਾਰ ਸਾਬਤ ਹੁੰਦੇ ਹਨ।" ( *Robert k.Yin. Qualitive Research from Start to Finish 184)*

ਜਿਵੇਂ ਕਿ ਖਪਤ ਸਭਿਆਚਾਰ ਦੇ ਪ੍ਰਭਾਵਾਂ ਨੂੰ ਜਾਨਣ ਦੇ ਲਈ ਪੰਜਾਬ ਦੇ ਪੰਜ ਜ਼ਿਲ੍ਹਿਆਂ ਨੂੰ ਆਧਾਰ ਬਣਾਇਆ ਹੈ। ਇਹਨਾਂ ਦੀ ਮਦਦ ਨਾਲ ਸਿੱਧੇ ਪੈਣ ਵਾਲੇ ਪ੍ਰਭਾਵਾਂ ਨੂੰ ਸਪਸ਼ਟ ਕਰਨ ਦੇ ਵਿੱਚ ਮਦਦ ਮਿਲ ਗਈ।ਜਨਸੰਖਿਆ ਦੇ ਮਾਧਿਅਮ ਰਾਹੀਂ ਖੋਜ ਦੇ ਨੁਕਤਿਆਂ ਨੂੰ ਵੱਖੋ-ਵੱਖਰੇ ਨੁਕਤਿਆਂ ਉੱਤੇ ਪਰਖਿਆ ਜਾਂਦਾ ਹੈ। ਇਹ ਵਿਧੀ ਵਿਸ਼ੇਸ਼ ਕਰਕੇ ਸਭਿਆਚਾਰ, ਮੁੱਲ-ਵਿਧਾਨ, ਵਿਵਹਾਰ, ਤੇ ਸਮਾਜਕ ਪੱਖਾਂ ਆਦਿ ਨੂੰ ਪਰਖਦੀ ਹੈ। ਇਹ ਆਪਣੀ ਸਮਰੱਥਾ ਦੇ ਅਨੁਸਾਰ ਔਖੀ ਤੇ ਗੁੰਝਲਦਾਰ ਮਸਲਿਆ ਨੂੰ ਆਪਣੇ ਲੋਕ ਅਭਿਆਸ ਦੇ ਦੁਆਰਾ ਹੱਲ ਕਰਦੀ ਹੈ।

**ਡਾਟਾ:** ਗੁਣਾਤਮਿਕ ਖੋਜ ਵਿਧੀ ਦੇ ਵਿੱਚ ਡਾਟਾ ਇਕੱਠਾ ਕਰਨ ਲਈ ਤਿੰਨ ਤਰੀਕੇ ਹਨ। ਵਿਸ਼ੇ ਦੇ ਨਾਲ ਸੰਬੰਧਿਤ ਫ਼ੀਲਡ ਨੋਟਿਸ ਇਕੱਠੇ ਕਰਨਾ ਹੈ। ਆਡੀਓ ਅਤੇ ਵੀਡੀਉ ਦੇ ਰਾਹੀਂ ਇਕੱਤਰ ਕੀਤੇ ਹੋਏ ਡਾਟੇ ਨੂੰ ਰਿਕਾਰਡ ਕੀਤਾ ਜਾ ਸਕਦਾ ਹੈ। ਇਕੱਤਰ ਕੀਤੇ ਹੋਏ ਡਾਟੇ ਨੂੰ ਪਰਖਿਆ ਜਾਂਦਾ ਹੈ, ਫਿਰ ਉਸ ਡਾਟੇ ਦੀ ਰੈਂਕਿੰਗ ਕੀਤੀ ਜਾਂਦੀ ਹੈ। ਜਨਸੰਖਿਆ ਦੇ ਨੁਕਤਾ ਨਿਗਾਹ ਤੋਂ ਵਾਚਿਆ ਜਾਦਾ ਹੈ। According To GEERTZ; "Rapid social change and resulting diversification of life words are increasingly confronting social researchers with new contexts and perspective. These are so new for them that their traditional deductive methodologies- deriving research

question and hypotheses from theoretical models and testing them against empirical evidence – are failing due to differentiation of subjects. Thus research is increasingly forced to make use inductive strategies. Instead of starting from theories and testing them, Sensitizing concepts, are required to approaching the social contexts to be studied. However contrary to widespread misunderstanding these concepts are themselves influenced by previous theoretical knowledge, but here theories are developed from empirical studies. Knowledge and practice are studies as local knowledge and practice." (*An Introduction to Qualitive Research* 12)

ਸੈਂਪਲਿੰਗ ਗੁਣਾਤਮਿਕ ਖੋਜ ਦੇ ਵਿੱਚ ਅਹਿਮ ਹੈ। ਇਹ ਸਮੂਹ ਜਾਂ ਇਕਾਈਆਂ, ਵਿਅਕਤੀਆਂ ਦੇ ਜਨਗਣਨਾ ਦਾ ਅਧਿਐਨ ਕਰਦੀ ਹੈ। ਗੁਣਾਤਮਿਕ ਖੋਜ ਦੇ ਵਿੱਚ ਓਪਨ ਐਂਡ ਪ੍ਰਸ਼ਨਾਵਲੀ ਦੀ ਵਰਤੋਂ ਕੀਤੀ ਗਈ। ਇਹਨਾਂ ਦੀ ਜਾਂਚ ਸੈਂਪਲਿੰਗ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ। ਸੈਂਪਲਿੰਗ ਦਾ ਉਭਾਰ ਲੋੜ ਤੇ ਜਾਨਣ ਦੀ ਉਤਸੁਕਤਾ ਤੋਂ ਹੋਇਆ ਅਤੇ ਵਿਦਿਆਰਥੀਆਂ ਦੇ ਲਈ ਔਖਾ ਹੈ, ਜਿੰਨਾ ਕੋਲ ਅਧਿਐਨ ਦੇ ਲਈ ਇਕਹਿਰੇ ਡਾਟੇ ਦੇ ਯੂਨਿਟ, ਉਸ ਡਾਟੇ ਦੇ ਵਿਚੋਂ ਆਪਣੀ ਮਨ-ਮਰਜ਼ੀ ਦਾ ਡਾਟਾ ਲੈਣਾ ਤੇ ਉਸ ਨੂੰ ਜਾਇਜ਼ ਠਹਿਰਾਉਣਾ ਹੀ ਸੈਂਪਲਿੰਗ ਦਾ ਹਿੱਸਾ ਹੈ। ਗੁਣਾਤਮਿਕ ਖੋਜ ਦੇ ਵਿੱਚ ਜਨਸੰਖਿਆ ਦੇ ਨਮੂਨੇ ਲਏ ਜਾਂਦੇ ਹਨ।ਗੁਣਾਤਮਿਕ ਖੋਜ ਦੇ ਵਿੱਚ Purposive Sampling, Convenience Sampling, Snowball Sampling, Random Sampling ਆਦਿ ਹਨ। ਇਹਨਾਂ ਦੇ ਦੁਆਰਾ ਵੱਖੋ-ਵੱਖਰੇ ਡਾਟੇ ਨੂੰ ਟੈੱਸਟ ਕਰਨ ਦਾ ਆਪੋ ਆਪਣਾ ਢੰਗ ਹੈ। ਗੁਣਾਤਮਿਕ ਖੋਜ ਵਿਧੀ ਦੇ ਵਿੱਚ ਸੈਂਪਲਿੰਗ ਇੱਕ ਜ਼ਰੂਰੀ ਹਿੱਸਾ ਹੈ। ਇਸ ਨੂੰ ਡਾਟਾ ਇਕੱਤਰ ਅਤੇ ਅਧਿਐਨ ਦੇ ਸਮੇਂ ਵਰਤਿਆਂ ਜਾਂਦਾ ਹੈ। ਇਸ ਖੋਜ ਕਾਰਜ ਦੇ ਅਧਿਐਨ ਦੇ ਲਈ ਰੈਂਡਮ ਸੈਂਪਲਿੰਗ ਦੀ ਵਰਤੋਂ ਕੀਤੀ ਗਈ ਹੈ। ਇਸ ਸੈਂਪਲਿੰਗ ਦੇ ਵਿੱਚ ਆਪਣੀ ਸਹੂਲਤ ਦੇ ਮੁਤਾਬਕ ਡਾਟੇ ਨੂੰ ਭਰਵਾ ਲਿਆ ਜਾਂਦਾ ਹੈ। ਜਿਵੇਂ ਕਿ ਗਿਣਤੀ ਦੇ ਵਿੱਚ ਡਾਟਾ ਇਕੱਤਰ ਕਰਨਾ ਹੋਵੇ ਤਾਂ ਇੱਕ ਜਾਂ ਪੰਜ ਦੀ ਗਿਣਤੀ ਨੂੰ ਚੱਕ ਸਕਦੇ ਹਾਂ। ਇਸ ਨੂੰ ਲਾਟਰੀ ਸੈਂਪਲਿੰਗ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। "Sampling cases for data collection is oriented towards filling the cells of sample structure as evenly as possible or towards filling all cells sufficiently." *(An Introduction to Qualitive Research 110)*

ਵਿਸ਼ੇ ਦੇ ਸਪੱਸ਼ਟੀਕਰਨ ਲਈ ਪੰਜਾਬ ਦੇ ਜ਼ਿਲਿਆਂ ਦੇ ਵਿੱਚੋਂ *311* ਸੈਂਪਲ ਭਰਵਾਏ ਗਏ ਹਨ ਅਤੇ ਵਿਸ਼ੇ ਦੀ ਗੰਭਰੀਤਾ ਨੂੰ ਦੇਖਦੇ ਹੋਏ ਹੀ ਇੰਨੇ ਸੈਂਪਲ ਭਰਵਾਏ ਗਏ ਹਨ। ਸੈਂਪਲ ਦੇ ਲਈ ਪੰਜਾਬ ਦੇ ਪੰਜ ਜ਼ਿਲ੍ਹਿਆਂ ਨੂੰ ਆਧਾਰ ਬਣਾਇਆ ਗਿਆ ਹੈ, ਕਿਉਂਕਿ ਜਨਸੰਖਿਆ ਦੇ ਆਧਾਰ ਪੱਖੋਂ ਬਹੁਤ ਵੱਡੇ ਜ਼ਿਲ੍ਹੇ ਹਨ। ਇਹਨਾਂ ਦੇ ਵਿੱਚ ਪਿੰਡ,ਸ਼ਹਿਰ, ਕਸਬੇ ਆਦਿ ਆਉਂਦੇ ਹਨ ਉਦਾਹਰਨ ਦੇ ਤੌਰ ਤੇ ਇਹਨਾਂ ਜ਼ਿਲ੍ਹਿਆਂ ਦੇ ਵਿੱਚ ਹਰ ਉਮਰ ਦਾ ਵਰਗ ਮੋਜੂਦ ਹੈ ਜਿਨ੍ਹਾਂ ਦੇ ਜੀਵਨ ਵਿੱਚ ਬਦਲਾਅ ਆ ਰਿਹਾ ਹੈ। ਇਸ ਲਈ ਉਹਨਾਂ ਦੇ ਕੋਲੋਂ ਸੈਂਪਲ ਨੂੰ ਭਰਵਾਇਆ ਗਿਆ ਹੈ। ਖੋਜ ਕਾਰਜ ਦੇ ਵਿਸ਼ੇ ਨੂੰ ਸਾਰਥਿਕ ਕਰਨ ਦੇ ਲਈ ਸਮਾਜਕ,ਆਰਥਕ ਤੇ ਰਾਜਨੀਤਿਕ ਵਿਸ਼ੇ ਦੇ ਨਾਲ ਸੰਬੰਧਿਤ ਚਿੰਤਕਾਂ ਦੇ ਕੋਲ ਵੀਡੀਉ ਇੰਟਰਵਿਊ ਦੇ ਨਾਲ ਨਾਲ ਸੈਂਪਲ ਵੀ ਭਰਵਾਏ ਗਏ ਹਨ। ਇਹ ਚਿੰਤਕ ਵਿਸ਼ੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਵੀਡੀਉ ਰਾਹੀਂ ਅਪਣੀਆਂ ਟਿੱਪਣੀਆਂ ਨੂੰ ਜ਼ਾਹਿਰ ਕੀਤਾ ਹੈ।

**ਨਤੀਜੇ** : ਖੋਜ ਤੋਂ ਆਉਣ ਵਾਲੇ ਨਤੀਜਿਆਂ ਨੂੰ ਵਿਸ਼ੇ ਦੇ ਨੁਕਤੇ ਦੇ ਅਨੁਸਾਰ ਹੀ ਬਿਆਨ ਕੀਤਾ ਜਾਂਦਾ ਹੈ। ਖੋਜੀ ਵਿਸ਼ਿਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਖੋਜ ਦੇ ਅਨੁਸਾਰ ਸਿਧਾਂਤਕ ਵਿਆਖਿਆ ਨੂੰ ਵਿਕਸਿਤ ਕੀਤਾ ਜਾਂਦਾ ਹੈ।

## 1.10 ਸਾਹਿਤ ਅਧਿਐਨ ਵਿਧੀਆਂ

### ੳ) ਤੁਲਨਾਤਮਕ ਅਧਿਐਨ ਵਿਧੀ

ਤੁਲਨਾਤਮਕ ਅਧਿਐਨ ਵਿਧੀ ਸਮਾਜ ਵਿਗਿਆਨਾਂ ਦੀ ਹੀ ਇੱਕ ਸਾਖਾ ਹੈ। ਇਹ ਵੱਖ-ਵੱਖ ਵਿਸ਼ਿਆਂ ਦੀ ਆਪਸੀ ਤੁਲਨਾ ਕਰਦਾ ਹੈ। ਇਹ ਪੱਛਮੀ ਸਾਹਿਤ ਦੀ ਦੇਣ ਹੈ। ਤੁਲਨਾਤਮਕ ਇੱਕ ਅਜਿਹੀ ਵਿਧੀ ਹੈ, ਜਿਹੜੀ ਤੁਲਨਾ ਦੀ ਦ੍ਰਿਸ਼ਟੀ ਤੋਂ ਦੋ ਰਚਨਾਵਾਂ ਦੀ ਤੁਲਨਾ ਕਰਦੀ ਹੈ। ਤੁਲਨਾਤਮਕ ਸ਼ਬਦ ਤੁਲਨਾ ਕਰਨ ਦੀ ਵਿਧੀ ਨਾਲ ਸੰਬੰਧਿਤ ਹੈ। ਤੁਲਨਾਤਮਕ ਅਧਿਐਨ ਦੇ ਰਾਹੀਂ ਭਿੰਨਤਾਵਾਂ ਅਤੇ

ਸਮਾਨਤਾਵਾਂ ਨਿਕਲ ਕੇ ਸਾਹਮਣੇ ਆਉਂਦੀਆਂ ਹਨ। ਭਾਰਤੀ ਸਾਹਿਤ ਦੇ ਵਿੱਚ ਵੀ ਇਸਨੂੰ ਚੋਖਾ ਮਹੱਤਵ ਦਿੱਤਾ ਗਿਆ ਹੈ।

ਇਸ ਵਿਧੀ ਨੂੰ ਅੰਗਰੇਜ਼ੀ ਦੇ ਵਿੱਚ 'Comparative Study' ਕਿਹਾ ਜਾਂਦਾ ਹੈ। ਇਸ ਦੇ ਰਾਹੀਂ ਵੱਖ-ਵੱਖ ਸਾਹਿਤਾਂ ਤੇ ਸਭਿਆਚਾਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ। ਇਹ ਆਧੁਨਿਕ ਸਮੇਂ ਦੀ ਹੀ ਦੇਣ ਹੈ। ਇਹ ਮਹੱਤਵਪੂਰਨ ਵਿਧੀ ਹੈ। ਇਸ ਦੇ ਰਾਹੀਂ ਮਾਨਵ ਨੂੰ ਵਿਸ਼ਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਵਿਧੀ ਦੇ ਵਿੱਚ ਦੋ ਜਾਂ ਦੋ ਤੋਂ ਵਧੇਰੇ ਸੋਮਿਆਂ ਤੋਂ ਸਮੱਗਰੀ ਇਕੱਠੀ ਕਰਕੇ, ਉਹਨਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਤੁਲਨਾਤਮਕ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਅੰਗਰੇਜ਼ੀ ਕਵੀ ਮੈਥਿਉ ਅਰਨਾਲਡ ਨੇ ਆਪਣੇ ਇੱਕ ਪੱਤਰ ਦੇ ਵਿੱਚ 'comparative study' ਸ਼ਬਦ ਦੀ ਵਰਤੋਂ ਕੀਤੀ ਸੀ । ਉਸ ਨੇ ਇਸ ਆਲੋਚਨਾ ਦੀ ਸ਼ੁਰੂਆਤ ਇੰਗਲੈਂਡ ਦੇ ਵਿੱਚ ਕੀਤੀ। ਉਸ ਨੇ ਬਾਕੀ ਆਲੋਚਕਾਂ ਨੂੰ ਪ੍ਰੇਰਿਆ, ਕਿ ਆਲੋਚਨਾ ਵਿਧੀ ਨੂੰ ਅਧਿਐਨ ਦਾ ਹਿੱਸਾ ਬਣਾਇਆ ਜਾਵੇ।

ਉਸ ਤੋਂ ਬਾਅਦ ਦੇ ਵਿੱਚ ਰੈਨੇ ਵੈਲਕ ਤੇ ਆਸਟਿਨ ਵਾਰੇਨ ਨੇ ਤੁਲਨਾਤਮਕ ਦੀ ਵਰਤੋਂ ਕੀਤੀ। ਉਹਨਾਂ ਨੇ ਆਪਣੀ ਪੁਸਤਕ Theory of Literature ਦੇ ਵਿੱਚ ਤੁਲਨਾਤਮਕ ਸ਼ਬਦ ਦੀ ਵਰਤੋਂ ਕੀਤੀ ਹੈ। ਮੈਥਿਉ ਅਰਨਾਲਡ ਨੇ ਤੁਲਨਾਤਮਕ ਸ਼ਬਦ ਦੀ ਇਤਿਹਾਸਕ ਤੁਲਨਾਤਮਕ ਦੇ ਰੂਪ ਵਿੱਚ ਵਰਤੋਂ ਕੀਤੀ ਹੈ। 16 ਵੀਂ ਸਦੀ ਦੇ ਵਿੱਚ ਤੁਲਨਾਤਮਕ ਸ਼ਬਦ ਦੀ ਵਰਤੋਂ ਸ਼ੈਖਸਪੀਅਰ ਅਤੇ ਫਰਾਂਸਿਸ ਮੇਅਰਸ ਨੇ ਵੀ ਕੀਤੀ ਹੈ। 19ਵੀਂ ਸਦੀ ਦੇ ਵਿੱਚ ਤੁਲਨਾਤਮਕ ਸ਼ਬਦ ਦੀ ਵਰਤੋਂ ਆਰੰਭੀ ਗਈ। "The simple way to define comparative literature is to say that it is a comparison between two literatures. Comparative literature analysis the similarities and dissimilarities and parallels between two literature. It further studies themes, modes, conventions, and use of folk tales, myths in two different literatures or even more. "*(Comparative Literature 1)*

ਤੁਲਨਾ ਸ਼ਬਦ ਦੀ ਉਤਪਤੀ ਤੁਲਾ ਧਾਤੂ ਤੋਂ ਹੋਈ ਹੈ। ਤੁਲਾ ਤੋਂ ਤੋਲਣ, ਬਰਾਬਰੀ ਜਾਂ ਮੁਕਾਬਲੇ ਦੇ ਅਰਥ ਲਏ ਜਾਂਦੇ ਹਨ। ਇਸ ਤਰ੍ਹਾਂ ਤੁਲਨਾ ਦੇ ਅਰਥ ਕਿਸੇ ਵਸਤੂ ਦੇ ਗੁਣ ਜਾਂ ਔਗੁਣਾਂ ਨੂੰ ਵਾਚਣਾ ਹੈ।

ਇਸ ਦੇ ਰਾਹੀਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਵੀ ਉਜਾਗਰ ਹੁੰਦੀਆਂ ਹਨ। ਇਸ ਤਰ੍ਹਾਂ ਤੁਲਨਾ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਦੇ ਰਾਹੀਂ ਵਸਤਾਂ ਨੂੰ ਤੋਲਿਆ ਜਾਂਦਾ ਹੈ। ਇਹਨਾਂ ਪ੍ਰਕਿਰਿਆ ਦੇ ਆਧਾਰ ਉੱਤੇ ਖੋਜ ਵਿਧੀ ਨੂੰ ਤੁਲਨਾਤਮਕ ਅਧਿਐਨ ਵਿਧੀ ਦਾ ਨਾਂ ਦਿੱਤਾ ਗਿਆ ਹੈ। ਵਿਸ਼ਵ ਪ੍ਰਸਿੱਧ ਕੋਸ਼ਕਾਰ ਵੈਬਸਟਰ, "ਤੁਲਨਾ ਦੇ ਅਰਥ ਦੋ ਜਾਂ ਦੋ ਤੋਂ ਵੱਧ ਵਸਤੂਆਂ ਦੇ ਸਮਾਨ ਅਤੇ ਅਸਮਾਨ ਤੱਤਾਂ ਦੇ ਗਿਆਨ ਲਈ, ਉਸ ਨੂੰ ਨਾਲ ਰੱਖ ਕੇ ਜਾਚਣ ਵਜੋਂ ਹੈ।" *(Third New International Dictionary 462)*

ਇਸ ਸੰਬੰਧ ਵਿਚ ਡਾ. ਕੁਲਦੀਪ ਸਿੰਘ ਧੀਰ ਦੀ ਧਾਰਨਾ ਨੂੰ ਵੀ ਵਾਚਿਆ ਜਾ ਸਕਦਾ ਹੈ ਕਿ , "ਸ਼ਬਦ ਤੁਲਨਾਤਮਕ ਤੁਲਨਾ ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਹੈ। ਤੁਲਨਾ ਸਮੇਂ ਵਸਤਾਂ ਨੂੰ ਇਸ ਤਰ੍ਹਾ ਪੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਉਭਰ ਆਉਣ।" (ਤੁਲਨਾਤਮਕ ਸਾਹਿਤ ਸ਼ਾਸਤਰ 1)

ਤੁਲਨਾਤਮਕ ਅਧਿਐਨ ਵਿਧੀ ਦੇ ਲਈ ਹੋਰ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਮਿਲਦੀਆਂ ਹਨ। ਜਿਨ੍ਹਾਂ ਨੇ ਆਪੋ ਆਪਣੇ ਢੰਗ ਦੇ ਨਾਲ ਅਧਿਐਨ ਵਿਧੀ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। "ਹੈਨਰੀ ਜੱਜ ; ਤੁਲਨਾਤਮਕ ਅਧਿਐਨ ਸੰਸਕ੍ਰਿਤੀ ਦਾ ਸਾਰ ਪ੍ਰਦਾਨ ਕਰਦਾ ਹੈ।" (ਤੁਲਨਾਤਮਕ ਅਨੁਸਾਧਨ ਏਬ ਉਸਕੀ ਸਮੱਸਿਆਂਏ 12)

ਤੁਲਨਾਤਮਕ ਅਧਿਐਨ ਸਭਿਆਚਾਰਾਂ ਦਾ ਵੀ ਅਧਿਐਨ ਕਰਦੀ ਹੈ। ਦੋ ਵੱਖ ਸਭਿਆਚਾਰਾਂ ਦੀ ਆਪਸੀ ਤੁਲਨਾ ਕੀਤੀ ਜਾਂਦੀ ਹੈ। ਇਹ ਤੁਲਨਾ ਪੰਜਾਬੀ ਸਭਿਆਚਾਰ ਜਾਂ ਪੱਛਮੀ ਸਭਿਆਚਾਰ ਦੀ ਵੀ ਹੋ ਸਕਦੀ ਹੈ। According to Posnett; "comparative literature means the general theory of literary evolution , the idea that literature passes through stages of inception, culmination and decline." *(Comparative Literature* 86)

Posnett ਦੀ ਧਾਰਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਤੁਲਨਾਤਮਕ ਅਧਿਐਨ ਵਿਧੀ ਸਾਹਿਤਕ ਧਾਰਾ ਦੇ ਵਿੱਚ ਆਏ ਇਨਕਲਾਬ ਦੀ ਗੱਲ ਕਰਦਾ ਹੈ। ਤੁਲਨਾਤਮਕ ਅਧਿਐਨ ਸਾਹਿਤਕ ਧਾਰਾ ਦੇ ਸਾਰੇ ਸਫ਼ਰ

ਨੂੰ ਅਧਿਐਨ ਦਾ ਆਧਾਰ ਬਣਾਉਂਦੀ ਹੈ। ਤੁਲਨਾਤਮਕ ਅਧਿਐਨ ਵਿਧੀ ਸਾਹਿਤ ਦੇ ਵਿੱਚ ਆਈ ਗਿਰਾਵਟ ਦਾ ਪਤਾ ਲਗਾਉਂਦੀ ਹੈ। According to René wellek; "comparative literature will study all literature from international perspective with a consciousness of the unity of all literary creation and experience." (*Comparative Literature 28)*

ਤੁਲਨਾਤਮਕ ਅਧਿਐਨ ਦੇ ਆਧਾਰ ਵਿਭਿੰਨ ਬਣਦੇ ਹਨ। ਹਰ ਇੱਕ ਪੱਖ, ਧਾਰਾ, ਵਿਰੋਧ, ਗਿਰਾਵਟ ਆਦਿ ਹੀ ਕਿਉਂ ਨਾ ਹੋਣ। ਇਹ ਧਾਰਾ ਨਿਰਪੱਖ ਹੋ ਕੇ ਆਪਣੇ ਫੈਸਲੇ ਕਰਦੀ ਹੈ। ਤੁਲਨਾਤਮਕ ਸਾਹਿਤ ਦੇ ਅੰਤਰ-ਅਨੁਸ਼ਾਸ਼ਨੀ ਨੇਮਾਂ ਦੀ ਵਿਆਖਿਆ ਕਰਨ ਵਾਲੇ ਚਿੰਤਕ ਸੂਸਨ ਬੇਸਨੈਟ ਦੇ ਅਨੁਸਾਰ, "ਕਿਸੇ ਰਚਨਾ ਦਾ ਪਾਰ ਸਭਿਆਚਾਰਕ ਅਧਿਐਨ, ਜੋ ਅੰਤਰ-ਅਨੁਸ਼ਾਸ਼ਨੀ ਹੋਵੇ ਅਤੇ ਜਿਹੜਾ ਸਾਹਿਤ ਦੇ ਨੇਮਾਂ ਦੀ ਪਹਿਚਾਣ ਕਰਵਾ ਸਕੇ ਜੋ ਸਮੇਂ ਤੇ ਸਥਾਨ ਤੋਂ ਪਾਰ ਜਾਂਦੇ ਹਨ।"*(Comparative Literature; An Introduction* 1)

ਇਹਨਾਂ ਪਰਿਭਾਸ਼ਾਵਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਹਰ ਇੱਕ ਦੀ ਆਪਣੀ ਆਪਣੀ ਰਾਇ ਹੈ। ਕਿਸੇ ਨੇ ਤੱਥਾਂ ਤੇ ਪ੍ਰਭਾਵਾਂ ਨੂੰ ਅਹਿਮੀਅਤ ਦਿੱਤੀ ਹੈ। ਕਿਸੇ ਨੇ ਭਾਸ਼ਾ, ਕਿਸੇ ਨੇ ਜੁਗਤਾਂ, ਕਿਸੇ ਨੇ ਗਿਆਨ ਦੇ ਪਾਸਾਰੇ ਆਦਿ ਨੂੰ ਪ੍ਰਮੁੱਖਤਾ ਦਿੱਤੀ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ, ਤੁਲਨਾਤਮਕ ਸਾਹਿਤ ਦੇ ਅਧਿਐਨ ਦੀ ਉਹ ਵਿਧੀ ਜਿਸ ਦੇ ਵਿੱਚ ਇੱਕ ਤੋਂ ਵੱਧ ਦੇਸ਼ਾਂ, ਸਭਿਆਚਾਰ, ਕੌਮਾਂ, ਸਾਹਿਤਕ ਕਿਰਤਾਂ ਦੇ ਤੁਲਨਾ ਦੇ ਰਾਹੀਂ ਕੀਤੀ ਜਾਂਦੀ ਹੈ, ਜਿਸ ਦੇ ਵਿੱਚ ਸਮੁੱਚੀ ਜਾਤ ਦੀ ਸਾਂਝ ਸਮੋਈ ਹੁੰਦੀ ਹੈ। ਇਸ ਵਿਧੀ ਦੇ ਰਾਹੀਂ ਅਧਿਐਨ ਦੇ ਕੁਝ ਸਵਾਲ ਖੜ੍ਹੇ ਹੁੰਦੇ ਹਨ।

- ਤੁਲਨਾਤਮਕ ਦੇ ਅਧਿਐਨ ਦੇ ਕੇਂਦਰ ਵਿੱਚ ਕੀ ਹੋਵੇ?
- ਤੁਲਨਾ ਹੀ ਹਰ ਵਰਤਾਰੇ ਦਾ ਕੇਂਦਰ ਕਿਉਂ ਬਣੇ?
- ਸਾਹਿਤ ਦਾ ਦੂਜੇ ਸਾਹਿਤ ਨਾਲ ਤੁਲਨਾ ਕਿਉਂ?
- ਕੀ ਇਹ ਪੂਰਨ ਸਿਧਾਂਤ ਹੈ?
- ਕੀ ਇਹ ਅਧਿਐਨ ਦਾ ਵਰਤਾਰਾ ਬਣੇਗਾ?
- ਇਸ ਦੇ ਰਾਹੀਂ ਸਮਾਨਤਾਵਾਂ ਅਤੇ ਮਹਾਨਤਾ ਦੀ ਤੁਲਨਾ ਕਿਉਂ?
- ਤੁਲਨਾ ਸ਼ਾਸਤਰੀ ਕਿਵੇਂ ਫ਼ੈਸਲਾ ਕਰੇਗਾ ਕਿ ਕਿਸ ਪੱਖ ਦੀ ਤੁਲਨਾ ਕੀਤੀ ਜਾਵੇ?

ਇਹ ਸਾਰੇ ਪ੍ਰਸ਼ਨ ਤੁਲਨਾਤਮਕ ਸ਼ਾਸਤਰੀਆਂ ਦੀ ਬਹਿਸ ਦਾ ਕੇਂਦਰ ਰਹੇ ਹਨ। ਇਨ੍ਹਾਂ ਨੂੰ ਰੈਨੇ ਵੈਲਕ ਨੇ ਤੁਲਨਾਤਮਕ ਦਾ ਦੁਖਾਂਤ ਕਿਹਾ ਹੈ। 1903 ਈ. ਦੇ ਵਿੱਚ ਬੇਨੀਡੀਟੋ ਕਰੋਸੇ ਨੇ ਅਧਿਐਨ ਦੇ ਰੂਪ ਵਿੱਚ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਸੀ। ਤੁਲਨਾਤਮਕ ਸਾਹਿਤ ਦੇ ਪੱਖ ਤੇ ਵਿਰੋਧ ਦੇ ਵਿੱਚ ਚਿੰਤਕਾਂ ਦੇ ਵਿਚਾਰ ਮਿਲਦੇ ਹਨ। ਅਸਲ ਦੇ ਵਿੱਚ ਇਹ ਵਿਧੀ ਸੰਪੂਰਨ ਤਸਵੀਰ ਹੈ, ਇਸ ਦੇ ਵਿੱਚ ਹੋਰ ਰੂਪ ਵੀ ਉਜਾਗਰ ਹੁੰਦੇ ਹਨ। ਇਹ ਵਿਭਿੰਨ ਰੂਪਾਂ ਦੀ ਪੇਸ਼ਕਾਰੀ ਕਰਕੇ ਸਰਬੱਤ ਸਾਂਝ ਨੂੰ ਪ੍ਰਗਟਾਉਂਦਾ ਹੈ।

ਇਸ ਵਿਧੀ ਦੇ ਰਾਹੀਂ ਗਿਆਨ ਦੇ ਵਿੱਚ ਵਾਧਾ ਹੁੰਦਾ ਹੈ। ਇਸ ਵਿਧੀ ਦੇ ਰਾਹੀਂ ਸਾਂਝੇ ਤੇ ਵੱਖਰੇ ਤੱਤ ਨਿਕਲ ਕੇ ਸਾਹਮਣੇ ਆਉਂਦੇ ਹਨ। ਇਸ ਨਾਲ ਮਨੁੱਖੀ ਗਿਆਨ ਦੇ ਸਾਗਰ ਵਿੱਚ ਸਾਰਥਿਕ ਵਾਧਾ ਹੁੰਦਾ ਹੈ। ਇਹ ਵਿਧੀ ਦੂਜੀ ਵਿਧੀਆਂ ਨਾਲੋਂ ਭਿੰਨ ਹੈ। ਜਿੱਥੇ ਦੂਜੀ ਵਿਧੀਆਂ ਦੇ ਵਿੱਚ ਇੱਕ ਹੀ ਸ੍ਰੋਤ ਹੁੰਦਾ ਹੈ, ਉੱਥੇ ਇਸ ਵਿਧੀ ਦੇ ਵਿੱਚ ਸਰੋਤ ਦੀ ਗਿਣਤੀ ਇੱਕ ਤੋਂ ਵਧੇਰੇ ਹੁੰਦੀ ਹੈ। ਇਸ ਦੇ ਨਾਲ ਖੋਜ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ। ਦੋ ਜਾਂ ਦੋ ਤੋਂ ਵਧੇਰੇ ਸਰੋਤਾਂ ਦੇ ਸੰਦਰਭ ਵਿੱਚ ਪ੍ਰਾਪਤ ਕੀਤੇ ਸਿੱਟਿਆਂ ਦੀ ਪ੍ਰਮਾਣਿਕਤਾ ਨੂੰ ਪਰਖਣ ਦਾ ਰਸਤਾ ਖੋਲ੍ਹਦੇ ਹਨ। ਇਸ ਵਿਧੀ ਦੇ ਵਰਤੋਂ ਨਾਲ ਇੱਕ ਹੀ ਤੱਥ ਦੀ ਪ੍ਰਮਾਣਿਕਤਾ ਇੱਕ ਤੋਂ ਅਧਿਕ ਸੋਮਿਆਂ ਤੋਂ ਮਿਲ ਜਾਂਦੀ ਹੈ।

ਤੁਲਨਾਤਮਕ ਖੋਜ ਵਿਧੀ ਦਾ ਦਾਇਰਾ ਵਿਸ਼ਾਲ ਹੈ। ਇਸ ਦਾ ਅਸੀਮ ਦਾਇਰਾ ਖੋਜੀ ਵਿਦਵਾਨਾਂ ਤੋਂ ਵਡੇਰੀ ਯੋਗਤਾ ਦੀ ਮੰਗ ਕਰਦਾ ਹੈ। ਉਹਨਾਂ ਨੂੰ ਸਮੱਗਰੀ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਦੇ ਲਈ ਵਧੇਰੇ ਸਖ਼ਤ ਮੁਸ਼ੱਕਤ ਦੀ ਲੋੜ ਪੈਂਦੀ ਹੈ। ਤੁਲਨਾਤਮਕ ਖੋਜ ਵਿਧੀ ਦਾ ਉਦੇਸ਼ ਬਾਕੀ ਖੋਜ ਵਿਧੀਆਂ ਨਾਲੋਂ ਭਿੰਨ ਹੁੰਦਾ ਹੈ। ਪਰੰਤੂ ਇਹਨਾਂ ਦੁਆਰਾ ਕੱਢੇ ਹੋਏ ਨਤੀਜੇ ਵਧੇਰੇ ਸਵੀਕ੍ਰਿਤ ਹੁੰਦੇ ਹਨ। ਇਹ ਕਾਰਜ ਬਹੁਤ ਦਿਸ਼ਾਵਾਂ ਦੇ ਵਿੱਚ ਫੈਲ ਜਾਂਦਾ ਹੈ। ਇਸ ਕਰਕੇ ਇਸਨੂੰ ਬਹੁ-ਦਿਸ਼ਾਵੀ ਕਾਰਜ ਵਿਧੀ ਵੀ ਕਹਿ ਲਿਆ ਜਾਂਦਾ ਹੈ। ਇਸ ਦਾ ਗਿਆਨ ਦਾ ਖੇਤਰ ਵਧੇਰੇ ਪ੍ਰਫੁਲੱਤ ਹੈ। ਤੁਲਨਾਤਮਕ ਖੋਜ ਵਿਧੀ ਦੇ ਵਿੱਚ ਅਧਿਐਨ ਦੀ ਸੌਖ ਦੇ ਲਈ ਵੱਖ-ਵੱਖ ਵਰਗਾਂ ਦੇ ਵਿੱਚ ਵੰਡ ਲਿਆ ਜਾਂਦਾ ਹੈ।

**ਤੁਲਨਾਤਮਕ ਖੋਜ ਦੀਆਂ ਦਿਸ਼ਾਵਾਂ**

- ਵੱਖੋ-ਵੱਖਰੇ ਵਿਸ਼ਿਆਂ ਤੇ ਸੰਕਲਪਾਂ ਦਾ ਅਧਿਐਨ ਕਰਨਾ।
- ਵਿਧਾ ਦੇ ਆਧਾਰ ਉੱਤੇ ਕਵਿਤਾ ਤੇ ਆਲੋਚਨਾ ਦਾ ਅਧਿਐਨ ਕਰਨਾ।

- ਸਾਹਿਤਕ ਵਿਧਾਵਾਂ ਦਾ ਰਸਮੀ ਅਧਿਐਨ ਕਰਨਾ ।
- "ਅੰਦੋਲਨਾਂ ਅਤੇ ਨਵੇਂ ਰੁਝਾਨਾਂ ਦਾ ਅਧਿਐਨ ਕਰਨਾ। ਇਸ ਦੇ ਵਿੱਚ ਅੰਤਰ-ਸਭਿਆਚਾਰ ਤੇ ਹੋਰ ਵਿਧਾ ਰੂਪਾਂ ਦਾ ਅਧਿਐਨ ਕੀਤਾ ਜਾਂਦਾ ਹੈ।" (ਸਤਿੰਦਰ ਸਿੰਘ. ਤੁਲਨਾਤਮਕ ਭਾਰਤੀ ਸਾਹਿਤ 57)

ਇਸ ਚਰਚਾ ਦੀ ਵਰਤੋਂ ਵਰਤਮਾਨ ਸਮੇਂ ਦੇ ਵਿੱਚ ਹੋ ਰਹੀ ਹੈ। ਇਹ ਸੁਤੰਤਰ ਤੇ ਖ਼ੁਦਮੁਖ਼ਤਾਰ ਵਿਧਾ ਦੇ ਵਜੋਂ ਸਥਾਪਿਤ ਹੋਈ ਹੈ। ਤੁਲਨਾਤਮਕ ਅਧਿਐਨ ਦੋ ਰੂਪਾਂ ਦੇ ਵਿੱਚ ਉਭਰ ਕੇ ਸਾਹਮਣੇ ਆਇਆ।

- ਕਿਸੇ ਸਾਹਿਤਕ ਵਿਧਾ ਜਾਂ ਸਾਹਿਤਕ ਧਾਰਾ ਦਾ ਅਧਿਐਨ ਕਰਨਾ।
- ਕਿਸੇ ਸਾਹਿਤਕ ਧਾਰਾ ਦੀ ਪ੍ਰਵਿਰਤੀ, ਧਾਰਾਵਾਂ, ਪ੍ਰਭਾਵਾਂ ਦਾ ਅਧਿਐਨ।

ਇਸ ਦੇ ਰਾਹੀਂ ਭਿੰਨ-ਭਿੰਨ ਸਮਾਜ ਤੇ ਸਾਹਿਤ ਦੇ ਆਪਸੀ ਸੰਬੰਧਾਂ ਅਤੇ ਆਦਾਨ ਪ੍ਰਦਾਨ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਦੇ ਰਾਹੀਂ ਇੱਕ ਪਾਸੇ ਸਾਹਿਤ ਰੂਪਾਂ ਦਾ ਅਧਿਐਨ ਕੀਤਾ ਜਾਂਦਾ ਹੈ। ਦੂਸਰੇ ਪਾਸੇ ਸਾਹਿਤ ਰੂਪਾਂ ਦੇ ਵਿੱਚ ਵਿਅਕਤ ਵਿਚਾਰਧਰਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਤੁਲਨਾਤਮਕ ਵਿਧੀ ਦੇ ਵਿੱਚ ਖੇਤਰ. ਵਿਸ਼ੇ, ਪ੍ਰਣਾਲੀ ਆਦਿ ਦੇ ਪ੍ਰਸੰਗ ਵੀ ਅਧਿਐਨ ਦੇ ਅਧੀਨ ਆਉਂਦੇ ਹਨ। ਖੇਤਰ ਦੇ ਆਧਾਰ ਉੱਤੇ ਵੀ ਤੁਲਨਾਤਮਕ ਖੋਜ ਕੀਤੀ ਜਾਂਦੀ ਹੈ। ਇਸ ਦੇ ਅਧਿਐਨ ਦੇ ਲਈ ਅੰਤਰੰਗ ਤੇ ਬਹੁਰੰਗ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਅੰਤਰੰਗ ਵਿਧੀ ਦੇ ਰਾਹੀਂ ਇੱਕੋ ਭਾਸ਼ਾਵਾਂ ਵਿੱਚ ਲਿਖੀਆਂ ਰਚਨਾਵਾਂ ਨੂੰ ਅਤੇ ਲੇਖਕਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਜਾਂਦਾ ਹੈ। ਉਹਨਾਂ ਦੀ ਤੁਲਨਾ ਕੀਤੀ ਜਾਂਦੀ ਹੈ। ਬਹੁਰੰਗ ਵਿਧੀ ਦੇ ਵੱਖ-ਵੱਖ ਭਾਸ਼ਾਵਾਂ ਜਾਂ ਵੱਖਰੇ- ਵੱਖਰੇ ਇਲਾਕਿਆਂ ਦੀਆਂ ਰਚਨਾਵਾਂ ਦੀ ਤੁਲਨਾ ਕੀਤੀ ਜਾ ਸਕਦੀ ਹੈ।

ਡਾ. ਸਤਿੰਦਰ ਸਿੰਘ ਦੀ ਧਾਰਨਾ ਹੈ ਕਿ,

> ਤੁਲਨਾਤਮਕ ਸਾਹਿਤ ਦਾ ਭਾਵੇਂ ਅੱਡ ਸਾਹਿਤ ਸਿਧਾਂਤ ਨਹੀਂ ਪਰ ਇਸ ਦੀ ਆਪਣੀ ਨਿਸਚਿਤ ਅਧਿਐਨ ਵਿਧੀ ਜਾਂ ਖੋਜ ਤਕਨੀਕ ਜ਼ਰੂਰ ਹੈ ਅਤੇ ਸੰਜਮ ਦਾ ਅਨੁਸ਼ਾਸਨ ਬਣਨ ਦੀ ਸਮਰੱਥਾ ਦਾ ਇਕ ਮੁਖ ਪਛਾਣ ਚਿੰਨ੍ਹ ਹੀ ਇਹ ਹੁੰਦਾ ਹੈ ਕਿ ਉਸ ਦੀ ਨਿਸ਼ਚਿਤ ਅਧਿਐਨ ਵਿਧੀ ਹੋਵੇ।

*(ਭਾਰਤੀ ਤੁਲਨਾਤਮਕ ਸਾਹਿਤ 9-10)*

ਇਸਦਾ ਖੇਤਰ ਬਹੁਤ ਵਿਸਥਾਰ ਵਾਲਾ ਹੁੰਦਾ ਹੈ। ਇਸਦਾ ਅਧਿਐਨ ਕਰਨ ਦੇ ਲਈ ਸਧਾਰਨ ਯੋਗਤਾ ਨਹੀ ਸਗੋਂ ਵਿਸ਼ੇਸ਼ ਯੋਗਤਾ ਦੀ ਲੋੜ ਹੁੰਦੀ ਹੈ। ਖੋਜ ਕਰਤਾ ਗਿਆਨਵਾਨ ਹੋਣਾ ਚਾਹੀਦਾ ਹੈ। ਖੋਜ ਕਰਤਾ ਤਾਂ ਹੀ ਸਮਾਨਤਾ ਅਤੇ ਅਸਮਾਨਤਾਵਾਂ ਦੇ ਸਰੋਤਾਂ ਦੇ ਰਾਹੀਂ ਨਵੀਨ ਤੱਥਾਂ ਦੀ ਭਾਲ ਕਰ ਸਕਦਾ ਹੈ। ਖੋਜ ਕਰਤਾ ਦੇ ਕੋਲ ਦੀਰਘ ਦ੍ਰਿਸ਼ਟੀ ਹੋਣੀ ਚਾਹੀਦੀ ਹੈ। ਤੁਲਨਾਤਮਕ ਖੋਜ ਕਾਰਜ ਦੂਸਰੀਆਂ ਅਧਿਐਨ ਵਿਧੀਆਂ ਦੇ ਨਾਲੋਂ ਵਧੇਰੇ ਕਠਿਨ ਵਿਧੀ ਹੈ। ਇਸ ਕਾਰਜ ਦੇ ਵਿੱਚ ਕੰਮ ਕਰਦਿਆਂ ਅਨੇਕਾਂ ਪ੍ਰਕਾਰ ਦੀਆਂ ਸਿਧਾਂਤਕ ਵਿਹਾਰਿਕ ਸਮੱਸਿਆਵਾਂ ਦਾ ਸਾਹਮਣਾ ਉਤਪੰਨ ਹੁੰਦਾ ਹੈ। ਇਹਨਾਂ ਦਾ ਹੱਲ ਜ਼ਰੂਰੀ ਹੈ। ਜਿਹੜੀਆਂ ਰਚਨਾਵਾਂ ਦਾ ਅਧਿਐਨ ਕਰਨਾ ਹੋਵੇ ਖੋਜ ਕਰਤਾ ਨੂੰ ਭਾਸ਼ਾਵਾਂ ਦਾ ਸਮਾਂਨਾਤਰ ਗਿਆਨ ਹੋਣਾ ਚਾਹੀਦਾ ਹੈ। ਭਾਸ਼ਾਵਾਂ ਦੇ ਗਿਆਨ ਤੋਂ ਬਿਨ੍ਹਾਂ ਤੁਲਨਾ ਕਰਨੀ ਕਠਿਨ ਹੋ ਜਾਂਦੀ ਹੈ। ਵਿਸ਼ੇ ਦੀ ਚੋਣ ਕਰਨ ਸਮੇਂ ਖੋਜ ਕਰਤਾ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤੁਲਨਾ ਕਿਸ ਦੀ ਕਿਸ ਨਾਲ ਕੀਤੀ ਜਾਵੇ, ਇਹ ਸਮੱਸਿਆ ਪੈਦਾ ਹੋ ਜਾਂਦੀ ਹੈ।

ਤੁਲਨਾਤਮਕ ਦੇ ਖੇਤਰ ਨੂੰ ਵਿਸ਼ਵ ਪੱਧਰ ਉੱਤੇ ਸਵੀਕਾਰ ਕਰ ਲਿਆ ਗਿਆ ਹੈ। ਇਸ ਨੂੰ ਅੰਤਰ-ਅਨੁਸ਼ਾਸ਼ਨੀ ਵਿਧੀ ਮੰਨਦਿਆਂ ਹੋਇਆਂ ਗਿਆਨ ਦੇ ਹਰ ਖੇਤਰ ਦੇ ਵਿੱਚ ਵਰਤੋਂ ਕੀਤੀ ਜਾ ਰਹੀ ਹੈ। ਇਸ ਦੇ ਪੱਛਮੀ ਦੇਸ਼ਾਂ ਦੇ ਵਿੱਦਿਅਕ ਅਦਾਰਿਆਂ ਦੇ ਵਿੱਚ ਸੁਤੰਤਰ ਵਿਭਾਗ ਸਥਾਪਿਤ ਜ਼ਰੂਰ ਹੋ ਗਏ ਹਨ। ਸੰਸਾਰ ਦੇ ਸਾਰੇ ਸਾਹਿਤ ਨੂੰ ਕਲਾਵੇ ਦੇ ਵਿੱਚ ਲੈਣ ਦੀ ਸਮਰੱਥਾ ਰੱਖਦੀ ਹੈ। ਤੁਲਨਾਤਮਕ ਸਾਹਿਤ ਦਾ ਆਪਣਾ ਮੂਲ ਸੰਕਲਪ ਹੁੰਦਾ ਹੈ, ਜਿਸ ਨੂੰ ਲੈ ਕੇ ਕੰਮ ਕਰਦੀ ਹੈ। ਇਹ ਆਲੋਚਕਾਂ ਦੇ ਲਈ ਸੰਦਾਂ ਵਜੋਂ ਵੀ ਵਰਤੋਂ ਦੇ ਵਿੱਚ ਆਉਂਦੀ ਹੈ। ਇਹ ਇੱਕ ਵੱਖਰੇ ਅਨੁਸ਼ਾਸਨ ਦਾ ਰੂਪ ਧਾਰਨ ਕਰ ਗਈ ਹੈ ਇਸ ਦਾ ਅਧਿਐਨ ਖੇਤਰ ਤੋਂ ਇਲਾਵਾ ਆਪਣਾ ਦਾਇਰਾ ਹੁੰਦਾ ਹੈ।

ਡਾ. ਸਤਿੰਦਰ ਸਿੰਘ ਦੀ ਧਾਰਨਾ ਹੈ ਕਿ,

> ਤੁਲਨਾਤਮਕ ਸਾਹਿਤ, ਸਾਹਿਤ ਅਧਿਐਨ ਦੀ ਇੱਕ ਸਾਖਾ ਹੈ, ਜਿਸ ਦਾ ਮੂਲ ਸੰਬੰਧ ਉਨ੍ਹਾਂ ਸੰਰਚਨਾਵਾਂ ਦੇ ਨਾਲ ਹੈ ਜੋ ਸਾਰੀਆਂ ਸਾਹਿਤਕ ਰਚਨਾਵਾਂ ਵਿਚ ਅੰਤਰ-ਸਥਿਤ ਹੁੰਦੀਆਂ ਹਨ।

***(ਤੁਲਨਾਤਮਕ ਭਾਰਤੀ ਸਾਹਿਤ 6)***

ਤੁਲਨਾਤਮਕ ਅਧਿਐਨ ਨੂੰ ਸੰਸਥਾ ਬਣਾ ਕੇ ਸਥਾਪਿਤ ਕੀਤਾ ਗਿਆ ਹੈ। ਵਿਸ਼ੇਸ਼ ਤੌਰ ’ਤੇ ਅਮਰੀਕੀ ਯੂਨੀਵਰਸਿਟੀਆਂ ਦੇ ਵਿੱਚ ਅਧਿਐਨ ਚਾਰ ਨੁਕਤਿਆਂ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ। ੳ) ਲੋਕਧਾਰਾ ਅ) ਤੱਥ ੲ) ਰੂਪਕਾਰ ਸ) ਵਿਸ਼ਾ

**ੳ)** **ਲੋਕਧਾਰਾ**: ਇਹ ਚੇਤਨਾ ਵਾਲੇ ਲੋਕਧਾਰਾ ਨੂੰ ਮੁੱਖ ਰੱਖ ਕੇ ਅਧਿਐਨ ਕਰਦੇ ਹਨ। ਉਹਨਾਂ ਦੇ ਮੁਤਾਬਿਕ ਸਾਹਿਤ ਦੇ ਬਹੁਤ ਸਾਰੇ ਰੂਪ ਲੋਕਧਾਰਾ ਦੇ ਵਿਚੋਂ ਸਹਿਜੇ ਹੀ ਵਿਕਸਿਤ ਹੁੰਦੇ ਹਨ।

**ਅ)** **ਪ੍ਰਭਾਵ ਜਾਂ ਤੱਥ:** ਤੁਲਨਾਤਮਕ ਅਧਿਐਨ ਕਰਨ ਵਾਲਿਆਂ ਦੇ ਅਨੁਸਾਰ ਹਰ ਇੱਕ ਵਰਤਾਰਾ ਕਿਸੇ ਨਾ ਕਿਸੇ ਤੱਥ ਤੋਂ ਪ੍ਰਭਾਵਿਤ ਹੁੰਦਾ ਹੈ। ਸਮਾਜ ਦੇ ਵਿੱਚ ਕੁਝ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਿਨ੍ਹਾਂ ਦਾ ਪ੍ਰਭਾਵ ਸਾਹਿਤਕਾਰ ਉੱਤੇ ਪੈਂਦਾ ਹੈ। ਉਹਨਾਂ ਘਟਨਾਵਾਂ ਦਾ ਅਨੁਕਰਨ ਰਚਨਾਵਾਂ ਦੇ ਵਿੱਚ ਕਰਦਾ ਹੈ। ਇਸੇ ਕਰਕੇ ਸਾਹਿਤ ਨੂੰ ਸਮਾਜ ਦੀ ਨਕਲ ਕਿਹਾ ਜਾਂਦਾ ਹੈ।

**ੲ)** **ਰੂਪਕਾਰ**: ਤੁਲਨਾਤਮਕ ਅਧਿਐਨ ਕਰਨ ਵਾਲਿਆਂ ਦੇ ਵਿਚੋਂ ਫ਼ਰਜ਼ੀਆਨਾ ਬਰੰਟੀਅਰ ਦੀ ਧਾਰਨਾ ਦੇ ਮੁਤਾਬਿਕ, “ਰੂਪਕਾਰ ਸਿਰਫ ਰਚਨਾ ਦਾ ਬਾਹਰੀ ਵਰਤਾਰਾ ਜਾਂ ਖੋਲ ਮਾਤਰ ਨਹੀ ਹੁੰਦਾ, ਸਗੋਂ ਇਸ ਦੀਆਂ ਅੰਦਰੂਨੀ ਪਰਤਾਂ ਵਿਚ ਕਲਾ ਅਤੇ ਸੁਹਜ ਦੇ ਪ੍ਰਭਾਵੀ ਤੱਤ ਹੁੰਦੇ ਹਨ, ਜੋ ਕਿਸੇ ਵੀ ਸਾਹਿਤ ਰਚਨਾ ਦਾ ਬੁਨਿਆਦ ਮੰਨਦੇ ਹਨ।”(ਡਾ. ਸਤਿਨਾਮ ਸਿੰਘ ਸੰਧੂ. ਸਾਹਿਤ ਦੀ ਹੋਂਦ ਵਿਧੀ 5)

**ਸ)** **ਵਿਸ਼ਾ**; ਤੁਲਨਾਤਮਕ ਸਾਹਿਤ ਦੇ ਵਿੱਚ ਵਿਸ਼ਾ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਰਚਨਾ ਦਾ ਵਿਸ਼ਾ, ਮੋਟਿਫ, ਜੁਗਤਾਂ, ਬਹੁਤ ਸਾਰੇ ਅੰਸ਼ ਸਭਿਆਚਾਰ ਦੇ ਵਿਚੋਂ ਰਚਨਾ ਦਾ ਅੰਗ ਬਣਦੇ ਹਨ, ਇਹਨਾਂ ਦੇ ਰਾਹੀਂ ਤੁਲਨਾਤਮਕ ਸਰੂਪ ਤਿਆਰ ਕੀਤਾ ਜਾਂਦਾ ਹੈ। ਜੁਗਤਾਂ ਹਰ ਰਚਨਾ ਦੇ ਵਿੱਚ ਸ਼ਾਮਿਲ ਮਿਲ ਹੀ ਜਾਂਦੀਆਂ ਹਨ। ਸੰਕਲਪ ਸੰਬੰਧੀ ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਹਰੇਕ ਰਚਨਾ ਨੂੰ ਤੁਲਨਾ ਕਰਕੇ ਦੂਸਰੀ ਦੇ ਮੁਕਾਬਲੇ ਉੱਚਿਆਂ ਦੱਸਿਆ ਜਾ ਸਕੇ। ਸਭਿਆਚਾਰ ਦੀਆਂ ਪ੍ਰਵਿਰਤੀਆਂ ਨੂੰ ਵੀ ਤੁਲਨਾ ਦਾ ਆਧਾਰ ਬਣਾਇਆ ਜਾ ਸਕਦਾ ਹੈ।

ਤੁਲਨਾਤਮਕ ਅਧਿਐਨ ਦਾ ਆਪਣਾ ਇੱਕ ਮਕਸਦ ਹੁੰਦਾ ਹੈ। ਰਚਨਾਵਾਂ ਦੇ ਵਿੱਚ ਸਾਂਝ ਪੈਦਾ ਕਰਕੇ ਭਾਈਚਾਰਕ ਅਤੇ ਮਾਨਵੀ ਭਾਵਨਾਵਾਂ ਨੂੰ ਪੈਦਾ ਕਰਨਾ ਹੁੰਦਾ ਹੈ। ਇਸ ਸੰਬੰਧੀ ਡਾ.ਗੁਰਭਗਤ ਸਿੰਘ ਦੀ ਧਾਰਨਾ ਹੈ ਕਿ,"ਸਾਡੇ ਮੌਜੂਦਾ ਇਕਹਿਰੇ ਸਾਹਿਤ ਅਧਿਐਨ ਵਿਭਾਗ ਦੇ ਕਿਸੇ ਬਹੁ-ਸੰਸਕ੍ਰਿਤਿਕ ਤੇ ਵਿਸ਼ਾਲ ਸਾਹਿਤਕ ਦ੍ਰਿਸ਼ਟੀ ਦਾ ਪਾਸਾਰ ਕਰਨ ਤੋਂ ਅਸਮਰਥ ਰਹੇ ਹਨ।" *(ਤੁਲਨਾਤਮਕ ਭਾਰਤੀ ਸਾਹਿਤ 9)*

ਤੁਲਨਾਤਮਕ ਸਾਹਿਤ ਦੇ ਰਾਹੀਂ ਸੁਹਜਤਾ ਦਾ ਵਿਕਾਸ ਹੁੰਦਾ ਹੈ। ਇਸ ਦੇ ਰਾਹੀਂ ਸਮਾਜਕ, ਰਾਜਸੀ ਆਦਿ ਅਧਾਰਾਂ ਦੇ ਆਪਸੀ ਸੰਬੰਧਾਂ ਦਾ ਗਿਆਨ ਹੁੰਦਾ ਹੈ। ਹਰ ਇੱਕ ਰਚਨਾ ਉਦੇਸ਼ ਦੇ ਨਾਲ ਲਿਖੀ ਜਾਂਦੀ ਹੈ। ਉਹ ਉਦੇਸ਼ ਰਚਨਾ ਦੇ ਵਿੱਚ ਵਿਦਮਾਨ ਹੁੰਦਾ ਹੈ। ਤੁਲਨਾਤਮਕ ਸਾਹਿਤ ਕਰਤਾ ਦੀ ਸੋਚਣੀ, ਉਦੇਸ਼ ਅਤੇ ਕਾਰਜ ਕਾਰਨ ਉੱਤੇ ਕੇਂਦਰਿਤ ਕਰਦਾ ਹੈ। ਇਸ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਇਸ ਨੂੰ ਸੁਤੰਤਰ ਰੂਪ ਵਿੱਚ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਰਚਨਾਵਾਂ ਦੀ ਮੂਲ ਸੌਂਦਰਯ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਅਧਿਐਨ ਵਿਧੀ ਦੀ ਵਿਲੱਖਣਤਾ ਹੀ ਦੂਸਰੀ ਵਿਧੀਆਂ ਦੇ ਨਾਲੋਂ ਵੱਖ ਕਰਦੀ ਹੈ। ਇਸ ਦੀਆਂ ਵਿਸ਼ੇਸ਼ਤਾਵਾਂ ਖ਼ੁਦਮੁਖ਼ਤਾਰ ਸਾਕਾਰ ਹੋ ਜਾਂਦੀਆਂ ਹਨ। "ਤੁਲਨਾਤਮਕ ਅਧਿਐਨ ਰਾਹੀਂ ਸਾਨੂੰ ਮਨੁੱਖੀ ਅਨੁਭਵ ਦੇ ਵਿਸਥਾਰ ਤੇ ਇਸ ਦੀ ਸੁਹਜਾਤਮਕਤਾ ਸਰੇਸ਼ਠਤਾ ਦੀ ਸੂਝ ਹਾਸਲ ਹੋਣ ਨਾਲ ਸਾਹਿਤ ਦਾ ਇਤਿਹਾਸ ਮੂਲਕ ਪਾਸਾਰ ਵਧੇਰੇ ਸਪੱਸਟ ਹੁੰਦਾ ਹੈ ਅਤੇ ਨਾਲ ਹੀ ਧਰਾਵਾਂ, ਕਾਲ,ਪ੍ਰਭਾਵਾਂ, ਅਤੇ ਸਮਾਜਕ, ਰਾਜਸੀ ਤੇ ਦਾਰਸ਼ਨਿਕ ਆਧਾਰਾਂ ਨਾਲ ਸੰਬੰਧ ਗਿਆਨ ਹੁੰਦਾ ਹੈ "। *(ਤੁਲਨਾਤਮਕ ਅਧਿਐਨ 13)*

- ਇਸ ਦੇ ਅਧਿਐਨ ਨਾਲ ਖ਼ਿੱਤੇ ਦੀ ਕੈਦ ਤੋਂ ਮੁਕਤ ਹੋ ਕੇ ਰਚਨਾਵਾਂ ਦੀ ਵਿਸ਼ਵ-ਵਿਆਪਕਤਾ ਦੀ ਪਛਾਣ ਹੁੰਦੀ ਹੈ।
- ਇਸ ਦੀ ਮਦਦ ਨਾਲ ਕੌਮੀ ਸਭਿਆਚਾਰ ਅਤੇ ਦੂਸਰੇ ਸਭਿਆਚਾਰ ਵਿਚਲੇ ਅੰਤਰ-ਸੰਬੰਧ ਦਾ ਨਿਰੀਖਣ ਕੀਤਾ ਜਾਂਦਾ ਹੈ ਜਿਸ ਦੇ ਸਿੱਟੇ ਵਜੋਂ ਦ੍ਰਿਸ਼ਟੀਕੋਣ ਦੇ ਵਿੱਚ ਵਾਧਾ ਹੁੰਦਾ ਹੈ।
- ਇਸ ਦੇ ਅਧਿਐਨ ਨਾਲ ਨਵੇਂ ਤੱਥ ਨਿਕਲ ਕੇ ਆਉਂਦੇ ਹਨ।
- ਇੱਕ ਹੀ ਇਕਾਈ ਨੂੰ ਆਪਸ ਦੇ ਵਿੱਚ ਸੰਬੰਧਿਤ ਕਰਦਾ ਹੈ।

- ਇਹ ਬਹੁ-ਭਾਸ਼ਾਈ ਅਧਿਐਨ ਕਰਦਾ ਹੈ।
- ਇਸ ਦੀ ਪਛਾਣ ਚਿੰਨ੍ਹ ਉੱਤਮਤਾ ਹੈ।
- ਇਸ ਦਾ ਖੋਜ ਕਾਰਜ ਦਾ ਖੇਤਰ ਅਸੀਮ ਹੈ।
- ਇਸ ਦੇ ਰਾਹੀਂ ਰਚਨਾਵਾਂ ਦੇ ਵਿੱਚ ਸਮੋਏ ਸ਼ਬਦ ਰੂਪ ਵਿਚਾਰਾਂ ਦੇ ਉੱਤਮ ਹੋਣ ਤੇ ਮਨੁੱਖੀ ਜੀਵਨ ਦੀ ਸੂਝ ਮਿਲਦੀ ਹੈ।

ਇਹ ਬਹੁ ਵਰਗ ਦੇ ਨਾਲ ਸੰਬੰਧਿਤ ਹੈ ਅਰਥਾਤ ਇਹ ਬਹੁ-ਭਾਸ਼ਾਈ, ਬਹੁ-ਧਰਮੀ ਹੈ। ਇਸ ਦੀਆਂ ਸੀਮਾਵਾਂ ਅਸੀਮ ਹਨ। ਇਸ ਕਰਕੇ ਇਸ ਦੇ ਵਿਕਾਸ ਦੀਆਂ ਅਨੇਕਾਂ ਸੰਭਾਵਨਾਵਾਂ ਮੋਜੂਦ ਹਨ। ਬਹੁ-ਭਾਸ਼ਾਈ ਹੋਣ ਕਰਕੇ ਅਨੇਕਾਂ ਭਿੰਨਤਾਵਾਂ ਦੇਖਣ ਨੂੰ ਮਿਲਦੀਆਂ ਹਨ। ਇਸ ਸਾਹਿਤ ਵਿਚਲੇ ਪਾਸਾਰ ਜਿਵੇਂ ਕਿ ਇਤਿਹਾਸਕ ਦ੍ਰਿਸ਼ਟੀ ਤੇ ਸੁਹਜਤਾ ਨੂੰ ਦਰਸਾਉਂਦੀ ਹੈ। ਇਹ ਮਾਨਵੀ ਜੀਵਨ ਦੇ ਸੁੰਦਰਤਾ ਨੂੰ ਪ੍ਰਗਟ ਕਰਦੀ ਹੈ। ਉਹਨਾਂ ਦੇ ਵਿਚੋਂ ਮੂਲ ਸਿੱਟਿਆਂ ਨੂੰ ਪੇਸ਼ ਕਰਦੀ ਹੈ। ਇਸ ਦੇ ਦੁਆਰਾ ਦਿੱਤੇ ਹੋਏ ਨਤੀਜੇ ਵਧੇਰੇ ਵਿਆਪਕ ਹੁੰਦੇ ਹਨ।

**ਅ) ਸਮਾਜ ਸ਼ਾਸਤਰੀ ਵਿਧੀ**

ਸਮਾਜ ਸ਼ਾਸਤਰੀ ਵਿਧੀ ਦੋ ਸ਼ਬਦਾਂ ਦਾ ਸੁਮੇਲ ਹੈ। ਇਸ ਨੂੰ ਅੰਗਰੇਜ਼ੀ ਦੇ ਵਿੱਚ Sociology ਕਹਿੰਦੇ ਹਨ। Socio ਦਾ ਅਰਥ ਸਮਾਜ ਅਤੇ logos ਦਾ ਅਰਥ ਵਿਗਿਆਨ ਹੈ। ਸਮਾਜ-ਸਾਸ਼ਤਰ ਉਹ ਵਿਗਿਆਨ ਹੈ, ਜਿਹੜਾ ਸਮਾਜ ਦੇ ਹਰ ਵਰਤਾਰੇ ਦਾ ਅਧਿਐਨ ਕਰਦਾ ਹੈ। ਸਮਾਜ ਸ਼ਾਸਤਰ ਸ਼ਬਦ ਦਾ ਉਦੈ ਲਾਤੀਨੀ ਤੇ ਯੂਨਾਨੀ ਭਾਸ਼ਾ ਦੇ ਸੰਗਮ ਤੋਂ ਹੋਇਆ ਹੈ। "ਸਮਾਜ ਸ਼ਾਸਤਰ ਸਮਾਜਕ ਸਮੂਹਾਂ ਦਾ ਵਿਗਿਆਨ ਹੈ।" *(ਹੈਰੀ. ਐਮ. ਜਾਨਸਨ. ਸਮਾਜ ਸ਼ਾਸਤਰ ਏਕ ਵਿਧੀਵਤ ਵਿਵੇਚਨ 9)*

ਸਮਾਜ ਸ਼ਾਸਤਰ ਦੇ ਵਿੱਚ ਸਮਾਜਕ ਸੰਬੰਧਾਂ, ਸਮਾਜਕ ਘਟਨਾਵਾਂ ਤੇ ਸਮਾਜਕ ਤੱਥ ਅਧਿਐਨ ਦਾ ਆਧਾਰ ਬਣਦੇ ਹਨ। ਸਮਾਜ ਸ਼ਾਸਤਰ ਸਿਧਾਂਤਕ ਅਤੇ ਵਿਹਾਰਿਕ ਪਹੁੰਚ ਨੂੰ ਵੀ ਆਪਣੇ ਕਲਾਵੇ ਵਿੱਚ ਸਮਾਉਣ ਦੀ ਸਮਰੱਥਾ ਰੱਖਦਾ ਹੈ। ਇਸ ਸੰਬੰਧ ਦੇ ਵਿੱਚ Kimball young ਦੇ ਵਿਚਾਰ ਖਿੱਚ ਦਾ ਕੇਂਦਰ ਹਨ;

ਸਮਾਜ ਸ਼ਾਸਤਰ ਸਮਾਜ ਵਿੱਚ ਮਨੁੱਖ ਦਾ ਇੱਕ ਨਿਯਮਬੱਧ ਅਤੇ ਵਿਵਸਥਿਤ ਅਧਿਐਨ ਹੈ। ਸਮਾਜ ਦੇ ਵਿੱਚ ਮਨੁੱਖ ਦਾ ਅਰਥ ਸਮੂਹਿਕ ਜੀਵਨ। ਸਮਾਜ ਸ਼ਾਸਤਰ ਦੇ ਅਧਿਐਨ ਦੇ ਵਿੱਚ ਰੀਤੀ-ਰਿਵਾਜ, ਪਰੰਪਰਾਵਾਂ, ਸੰਸਥਾਵਾਂ ਅਤੇ ਸਮੂਹਿਕ ਜੀਵਨ ਨਾਲ ਸੰਬੰਧਿਤ ਸੋਚਣ ਅਤੇ ਜੀਵਨ ਢੰਗ ਸ਼ਾਮਿਲ ਹਨ। *(Sociology; A Study of Society and Culture 4)*

ਸਮਾਜ ਸ਼ਾਸਤਰ ਸਮਾਜ ਦੇ ਅੰਤਰਿਕ ਤੱਕ ਅਧਿਐਨ ਕਰਦਾ ਹੈ। ਇਸ ਦੇ ਅੰਤਰਗਤ ਸਮਾਜ, ਰਾਜਨੀਤੀ, ਆਰਥਕ ਸਰੂਪ ਦਾ ਅਧਿਐਨ ਸਮਾਜ ਦਾ ਇੱਕ ਵਿਭਿੰਨ ਅੰਗ ਮੰਨ ਕੇ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰ, ਸਮਾਜ ਦੇ ਵਿੱਚ ਵਿਚਰਨ ਵਾਲੀਆਂ ਮਾਨਵੀ ਕਿਰਿਆਵਾਂ ਦਾ ਵਿਗਿਆਨਕ ਅਧਿਐਨ ਕਰਦਾ ਹੈ। ਇਸ ਦੇ ਨਾਲ ਮਾਨਵੀ ਮਾਨਸਿਕਤਾ ਨੂੰ ਵੀ ਅਧਿਐਨ ਦਾ ਆਧਾਰ ਬਣਾਉਂਦਾ ਹੈ। ਇਹ ਸਮਾਜਕ ਤੱਥਾਂ, ਧਾਰਨਾਵਾਂ, ਦਵੰਦਾਂ ਆਦਿ ਜਿਹੜੇ ਸਮਾਜ ਨੂੰ ਪ੍ਰਭਾਵਿਤ ਕਰਦੇ ਹਨ। Illustrated World of Encyclopedia ਦੇ ਵਿੱਚ ਸਮਾਜ ਸ਼ਾਸਤਰ ਦਾ ਵਰਨਣ ਮਿਲਦਾ ਹੈ, "ਸਮਾਜ ਸ਼ਾਸਤਰ ਇਸ ਗੱਲ ਦਾ ਅਧਿਐਨ ਕਰਦਾ ਹੈ, ਮਨੁੱਖੀ ਜੀਵ ਵੱਖ-ਵੱਖ ਪ੍ਰਕਾਰ ਦੇ ਸਮੂਹਾਂ ਦੇ ਵਿੱਚ ਕਿਵੇਂ ਇਕੱਠੇ ਰਹਿੰਦੇ ਹਨ? ਇਹ ਉਸਦਾ ਮਹੱਤਵਪੂਰਨ ਹੈ ਕਿਉਂਕਿ ਸਭਿਅਤਾ ਅਤੇ ਪ੍ਰਗਤੀ ਲੋਕਾਂ ਦੇ ਸਮੂਹਾਂ ਦੇ ਵਿੱਚ ਇਕੱਠੇ ਰਹਿਣ ਦੇ ਸਹਿਯੋਗ ਉਪਰ ਨਿਰਭਰ ਕਰਦੀ ਹੈ। ਜਦੋਂ ਸਮਾਜ ਸ਼ਾਸਤਰ ਮਨੁੱਖ ਦੇ ਸਮੂਹਿਕ ਜੀਵਨ ਦਾ ਅਧਿਐਨ ਕਰਦਾ ਹੈ ਤਾ ਇਸ ਨਾਲ ਨੈਤਿਕ ਸ਼ਾਸਤਰ ਵੀ ਸੰਬੰਧਿਤ ਹੋ ਜਾਂਦਾ ਹੈ। ਇਸ ਦਾ ਸੰਬੰਧ ਅਪਰਾਧ ਸ਼ਾਸਤਰ ਦੇ ਨਾਲ ਵੀ ਹੈ, ਜਿਹੜਾ ਇਸ ਗੱਲ ਦਾ ਧਿਆਨ ਦਿੰਦਾ ਹੈ ਕਿ ਅਪਰਾਧ ਹੈ ਕੀ? ਮਨੁੱਖ ਅਪਰਾਧ ਕਿਉਂ ਕਰਦੇ ਹਨ? ਇਹ ਮਨੋ ਵਿਗਿਆਨ ਬਾਰੇ ਵੀ ਗਿਆਨ ਦਿੰਦਾ ਹੈ। ਜਿੱਥੇ ਇਹ ਰਾਜਨੀਤਿਕ ਸੰਗਠਨ ਦਾ ਅਧਿਐਨ ਕਰਦਾ ਹੈ, ਉੱਥੇ ਇਹ ਮਨੁੱਖੀ ਸਮੂਹਿਕ ਵਿਹਾਰ ਦੇ ਹੋਰਨਾਂ ਪਹਿਲੂਆਂ ਨੂੰ ਆਪਣੇ ਵਿੱਚ ਸਮਾਉਂਦਾ ਹੈ।" (Sociology 358)

ਅਸਲ ਦੇ ਵਿੱਚ ਸਮਾਜ ਸ਼ਾਸਤਰ ਦੇ ਵਿੱਚ ਸਾਰੇ ਵਿਗਿਆਨ ਸਮਾਉਣ ਦੀ ਸਮਰੱਥਾ ਰੱਖਦੇ ਹਨ। ਇਸ ਦਾ ਖੇਤਰ ਵਿਸ਼ਾਲ ਹੋ ਜਾਂਦਾ ਹੈ। ਸਮਾਜ ਸ਼ਾਸਤਰ ਮਨੁੱਖੀ ਸੰਸਥਾਵਾਂ ਦੀ ਹੋਂਦ ਅਤੇ ਵਿਕਾਸ ਨੂੰ

ਸਪੱਸ਼ਟ ਕਰਦਾ ਹੈ। ਉਹਨਾਂ ਦੇ ਆਪਸੀ ਸੰਬੰਧਾਂ ਦਾ ਪਰਸਪਰ ਅਧਿਐਨ ਕਰਦਾ ਹੈ। ਪੰਜਾਬੀ ਦੇ ਪ੍ਰਸਿੱਧ ਵਿਗਿਆਨੀ ਡਾ. ਜਗਬੀਰ ਸਿੰਘ ਦੀ ਧਾਰਨਾ ਹੈ ਕਿ,"ਸਮਾਜ ਸ਼ਾਸਤਰ ਦਾ ਮੁੱਖ ਮੰਤਵ ਮਨੁੱਖ ਦੇ ਸਮਾਜਕ ਵਰਤਾਰੇ ਅਤੇ ਵਿਹਾਰ, ਸੰਸਥਾਵਾਂ ਅਤੇ ਪਰੰਪਰਾਵਾਂ ਦਾ ਗਿਆਨ ਮੂਲਕ ਅਧਿਐਨ ਕਰਦਾ ਹੈ।" *(ਸਮੀਖਿਆ ਵਿਹਾਰ 20)*

ਸਮਾਜ ਸ਼ਾਸਤਰ ਉਹਨਾਂ ਨੇਮਾਂ ਦੀ ਖੋਜ ਕਰਦਾ ਹੈ, ਜਿਨ੍ਹਾਂ ਦੇ ਰਾਹੀਂ ਸਮਾਜ ਦਾ ਵਿਗਿਆਨਿਕ ਅਧਿਐਨ ਕੀਤਾ ਜਾਂਦਾ ਹੈ। ਇਸ ਕਥਨ ਦੀ ਪੁਸ਼ਟੀ ਮੈਕਾਈਵਰ ਅਤੇ ਪੇਜ ਦੇ ਸ਼ਬਦ ਕਰਦੇ ਹਨ; "ਸਮਾਜ ਸ਼ਾਸਤਰ ਸਮਾਜ ਦਾ, ਜਿਸ ਦਾ ਅਸੀ ਹਿੱਸਾ ਹਾਂ, ਵਿਧੀਵਤ ਅਧਿਐਨ ਹੈ।" (*Society and Introductory Analysis 5)*

ਸਮਾਜ ਸ਼ਾਸਤਰ ਦੇ ਅਧਿਐਨ ਦੇ ਵਿੱਚ ਚਾਰ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਮੁੱਚੇ ਸਮਾਜ ਨੂੰ ਇੱਕ ਇਕਾਈ ਵਜੋਂ ਅਧਿਐਨ ਕਰਦਾ ਹੈ। ਸਮਾਜ ਦੇ ਸਾਰੇ ਪੱਖਾਂ ਬਾਰੇ ਜਾਣਕਾਰੀ ਰੱਖਦਾ ਹੈ। ਇਸ ਦਾ ਮੁੱਖ ਮੰਤਵ ਵਿਗਿਆਨਕ ਅਧਿਐਨ ਹੈ। ਇਹਨਾਂ ਦਾ ਅਧਿਐਨ ਇਸ ਵਿਧੀ ਦੇ ਰਾਹੀਂ ਕੀਤਾ ਜਾਂਦਾ ਹੈ।

- ਸਮਾਜ ਸ਼ਾਸਤਰ ਸਮਾਜ ਦਾ ਅਧਿਐਨ ਕਰਦਾ ਹੈ।
- ਸਮਾਜ ਸ਼ਾਸਤਰ ਸਮਾਜਕ ਸੰਬੰਧਾਂ ਦਾ ਅਧਿਐਨ ਕਰਦਾ ਹੈ।
- ਸਮਾਜ ਸ਼ਾਸਤਰ ਸਮਾਜਕ ਅੰਤਰ-ਸੰਬੰਧਾਂ ਅਤੇ ਅੰਤਰ-ਕਿਰਿਆਵਾ ਦਾ ਅਧਿਐਨ ਕਰਦਾ ਹੈ।
- ਸਮਾਜ ਸ਼ਾਸਤਰ ਸਮਾਜਕ ਸੰਸਥਾਵਾਂ ਤੇ ਸਮੂਹਾਂ ਦਾ ਵਿਗਿਆਨ ਹੈ।
- ਸਮਾਜ ਸ਼ਾਸਤਰ ਦੇ ਮੁੱਖ ਲੱਛਣ-ਸਮਾਜ ਸ਼ਾਸਤਰ ਦਾ ਮੁੱਖ ਲੱਛਣ ਵਿਗਿਆਨ ਹੋਣਾ ਹੈ ਅਤੇ ਵਿਗਿਆਨਿਕ ਅਧਿਐਨ ਮੁੱਖ ਆਧਾਰ ਗੋਚਰ ਹੁੰਦੇ ਹਨ।

(*Paschal Ggisbert Fundamentals of Sociology 8)*

ਇਸ ਅਨੁਸ਼ਾਸ਼ਨ ਦੀ ਜਾਣਕਾਰੀ ਅਰਸਤੂ ਦੇ ਸਮੇਂ ਵਿੱਚ ਮਿਲਦੀ ਹੈ। ਇਸ ਅਨੁਸ਼ਾਸਨ ਨੂੰ ਸੁਤੰਤਰ ਮਾਧਿਅਮ ਦੇ ਤੌਰ ਤੇ ਆਗਸਤ-ਕਾਮਤੇ ਨੇ ਵਿਕਸਿਤ ਕੀਤਾ। 1839 ਈ. ਵਿਚ ਇਸ ਗਿਆਨ ਪ੍ਰਣਾਲੀ ਨੂੰ

ਸਮਾਜ ਸ਼ਾਸਤਰ ਦਾ ਨਾਂ ਦਿੱਤਾ ਹੈ। ਵਰਤਮਾਨ ਸਮੇਂ ਦੀ ਤਰੱਕੀ ਨੇ ਇਸ ਅਨੁਸ਼ਾਸਨ ਨੂੰ ਵਿਆਪਕ ਸਰੂਪ ਪ੍ਰਦਾਨ ਕੀਤਾ ਹੈ। ਇਹ ਲਗਾਤਾਰ ਵਿਕਾਸ ਕਰਦਾ ਹੋਇਆ ਵਿਭਿੰਨ ਸ਼ਾਖਾਵਾਂ ਰਾਹੀਂ ਆਪਣੇ ਵਿਸ਼ਾ ਵਸਤੂ ਦਾ ਘੇਰਾ ਵਿਸ਼ਾਲ ਬਣਾਉਂਦਾ ਹੈ। ਸਮਾਜ ਵਿਗਿਆਨੀਆਂ ਦੇ ਲੰਮੇਰੇ ਅਨੁਭਵ ਨੇ ਸਮਾਜ ਸ਼ਾਸਤਰ ਦੇ ਲੱਛਣ ਨਿਸ਼ਚਿਤ ਕੀਤੇ ਹਨ। ਸਮਾਜ ਸ਼ਾਸਤਰ ਇੱਕ ਵਿਗਿਆਨ ਹੈ। ਸਮਾਜ ਸ਼ਾਸਤਰ ਸਮਾਜ ਦੇ ਨਿਯਮਾਂ ਦੇ ਮੁਤਾਬਿਕ ਵਿਸ਼ੇਸ਼ਣ ਕਰਦਾ ਹੈ। "ਇਸ ਦਾ ਸਪਸ਼ਟੀਕਰਨ ਅਮਰੀਕੀ ਸਮਾਜ-ਸ਼ਾਸਤਰੀ ਵਿਗਿਆਨੀ Pascual Gisbert ਸਮਾਜ ਸ਼ਾਸਤਰ ਨੂੰ ਸਮਾਜ ਗਰਦਾਨਦਾ ਹੈ।" (*Fundamentals of Sociology 10)*

ਸਮਾਜ ਸ਼ਾਸਤਰ ਸਮਾਜਕ ਸੰਬੰਧਾਂ ਦਾ ਵਿਸ਼ਲੇਸ਼ਣ ਕਰਦਾ ਹੈ। ਸਮਾਜਕ ਸੰਬੰਧ ਅਮੂਰਤ ਹੁੰਦੇ ਹਨ। ਇਹ ਸੰਬੰਧਾਂ ਦਾ ਆਧਾਰ ਭਾਵਨਾ ਹੁੰਦੀ ਹੈ। ਇਹਨਾਂ ਸੰਬੰਧਾਂ ਦੀ ਹੋਂਦ ਅਮੂਰਤ ਹੁੰਦੀ ਹੈ।ਸਮਾਜ ਸ਼ਾਸਤਰ ਮਨੁੱਖੀ ਸੰਬੰਧਾਂ ਦੇ ਪਿੱਛੇ ਕਾਰਜਸ਼ੀਲ ਸਿਧਾਂਤਾਂ ਦਾ ਵਿਸ਼ਲੇਸ਼ਣ ਕਰਦਾ ਹੈ। ਸਮਾਜ ਸ਼ਾਸਤਰ ਬੁਨਿਆਦੀ ਲੱਛਣ ਤੋਂ ਆਸ ਕੀਤੀ ਜਾਂਦੀ ਹੈ ਕਿ ਸਮਾਜ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਸ਼ੀਸ਼ਾ ਬਣੇ। ਇਸ ਸੰਬੰਧ ਦੇ ਵਿੱਚ ਸਮਾਜ ਸ਼ਾਸਤਰੀ ਦਾ ਕਥਨ ਸਹੀ ਹੈ, "ਸਮਾਜ ਸ਼ਾਸਤਰ, ਉਹਨਾਂ ਸਮਾਜਕ ਘਟਨਾਵਾਂ ਦਾ ਵਰਨਣ ਕਰਦਾ ਹੈ, ਜਿਹੜੀਆਂ ਮਨੁੱਖ ਦੇ ਆਪਸੀ ਰਿਸ਼ਤਿਆਂ ਦੇ ਵਿਚੋਂ ਪੈਦਾ ਹੁੰਦੀਆਂ ਹਨ।" *(Outlines of Sociology 14*)

ਸਮਾਜ ਸ਼ਾਸਤਰ ਸਮਾਜਕ ਸੰਬੰਧਾਂ ਦੇ ਵਿੱਚ ਹੋਣ ਵਾਲੇ ਪਰਿਵਰਤਨਾਂ ਦਾ ਵਿਗਿਆਨਕ ਅਧਿਐਨ ਕਰਦਾ ਹੈ। ਸਮਾਜ ਸ਼ਾਸਤਰ ਦਾ ਕੇਂਦਰ ਬਿੰਦੂ ਸਮਾਜ ਹੈ, ਜੋ ਕਿ ਮਨੁੱਖੀ ਸੰਬੰਧਾਂ ਦਾ ਤਾਣਾ- ਬਾਣਾ ਹੁੰਦਾ ਹੈ। ਇਹ ਸਮਾਜਕ ਸੰਬੰਧਾਂ ਦਾ ਅਧਿਐਨ ਸਾਧਾਰਨ ਨਜ਼ਰੀਏ ਤੋਂ ਕਰਦੇ ਹਨ। ਸਮਾਜਕ ਸੰਬੰਧਾਂ ਦੇ ਅਧਿਐਨ ਕਰਦੇ ਹੋਏ ਨਿਰਧਾਰਿਤ ਕਰਦਾ ਹੈ ਕਿ ਇਹ ਅਮਲੀ ਰੂਪ ਦੇ ਵਿੱਚ ਕਿਸ ਤਰ੍ਹਾ ਦੇ ਹਨ? ਇਹਨਾਂ ਦੇ ਵਿੱਚ ਪਰਿਵਰਤਨ ਦੀ ਰਫ਼ਤਾਰ ਕਿੰਨੀ ਕੁ ਤੇਜ਼ ਹੈ। ਇਹਨਾਂ ਪਰਿਵਰਤਨਾਂ ਦਾ ਮਨੁੱਖ ਉੱਤੇ ਕਿੰਨਾ ਅਸਰ ਪਿਆ ਹੈ? ਇਹ ਇੱਕ ਸਾਧਾਰਨ ਵਿਗਿਆਨ ਹੈ, ਨਾ ਕਿ ਵਿਸ਼ੇਸ਼ ਵਿਗਿਆਨ ਹੈ। ਇਹ ਸਾਧਾਰਨ ਵਿਗਿਆਨ ਹੋਣ ਕਰਕੇ ਮਨੁੱਖ ਦੇ ਨਿੱਕੇ ਤੋਂ ਨਿੱਕੇ ਪੱਖਾਂ ਦਾ ਨਿਰੀਖਣ ਕਰਦਾ ਹੈ। ਇਸ ਸੰਬੰਧੀ ਆਰਨੋਲਡ

ਡਬਲਯੂ ਗਰੀਨ ਲਿਖਦੇ ਹਨ "ਸਮਾਜ ਸ਼ਾਸਤਰ ਮਨੁੱਖ ਦਾ ਉਸਦੇ ਸਾਰੇ ਸਮਾਜਕ ਸੰਬੰਧਾਂ ਦੇ ਰੂਪ ਵਿੱਚ ਸਾਧਾਰਨੀਕ੍ਰਿਤ ਵਿਗਿਆਨ ਹੈ।" (Sociology : An Analysis of Life in Modern Society 1)

ਸਮਾਜ ਸੰਬੰਧਾਂ ਦੀ ਭਿੰਨਤਾ ਅਤੇ ਸਮਾਨਤਾਵਾਂ ਦਾ ਅਧਿਐਨ ਕਰਦਾ ਹੈ। ਵੱਖਰੇ ਸਮੂਹਾਂ ਵਿਚਲੇ ਸੰਬੰਧਾਂ ਦੇ ਵਿੱਚ ਕਿੰਨੀ ਕੁ ਭਿੰਨਤਾ ਜਾਂ ਕਿੰਨੇ ਵੱਖਰੇ ਹਨ? ਇਸ ਸੰਬੰਧੀ ਪੰਜਾਬੀ ਦੇ ਪ੍ਰੱਸਿਧ ਵਿਦਵਾਨ ਜਸਪਾਲ ਸਿੰਘ ਦਾ ਵਿਚਾਰ ਧਿਆਨਯੋਗ ਹੈ ਕਿ, "ਸਮਾਜ ਵਿਗਿਆਨ ਵਿਅਕਤੀਆਂ ਦੇ ਆਪਸੀ ਰਿਸ਼ਤਿਆਂ ਦੇ ਸਿਲਸਿਲੇ ਦੇ ਪਰਸਪਰ ਸੰਬੰਧਿਤ ਅੰਸ਼ਾਂ ਦਾ ਅਧਿਐਨ ਹੈ। ਇਹ ਸਮਾਜਕ ਤੱਥਾਂ, ਪ੍ਰਕਿਰਿਆਵਾਂ ਅਤੇ ਪਰਿਵਰਤਨਾਂ ਬਾਰੇ ਨੇਮ ਘੜਦਾ ਹੈ, ਜਿਵੇਂ ਕਿ ਮਾਮਾ-ਭਾਣਜਾ ਦਾ ਰਿਸ਼ਤਾ, ਵਿਰੋਧੀਆਂ ਦੀ ਲਾਗਬਾਜ਼ੀ, ਮਜ਼ਦੂਰਾਂ ਦੀਆਂ ਜਥੇਬੰਦੀਆਂ, ਰਾਜਨੀਤਿਕ ਪਾਰਟੀਆਂ ਆਦਿ ਸਮਾਜ ਵਿਗਿਆਨ ਦਾ ਵਿਸ਼ਾ-ਵਸਤੂ ਹੈ।" *(ਸਮਾਜ ਵਿਗਿਆਨ ਕੀ ਹੈ 4)*

ਇਹ ਮਨੁੱਖੀ ਰਿਸ਼ਤਿਆਂ, ਪਰੰਪਰਾਵਾਂ, ਰੂੜ੍ਹੀਆਂ ਆਦਿ ਸਮਾਜ ਸ਼ਾਸਤਰ ਦੇ ਦਾਇਰੇ ਅਧੀਨ ਆਉਂਦੇ ਹਨ। ਸਮਾਜ ਸ਼ਾਸਤਰ ਦੇ ਅਧਿਐਨ ਦੇ ਰਾਹੀਂ ਵੱਖੋ-ਵੱਖਰੇ ਸਮਾਜਕ ਗਰੁੱਪਾਂ ਅਤੇ ਉਹਨਾਂ ਦੇ ਵਿਹਾਰ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਮਨੁੱਖ ਇੱਕ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਸਮਾਜ ਦੇ ਵਿੱਚ ਇਕੱਠੇ ਰਹਿੰਦੇ ਹਨ। ਹਰ ਇੱਕ ਸਮਾਜ ਦੇ ਵਿੱਚ ਸਮਾਜਕਤਾ ਦੇ ਸਰੂਪ ਵੱਖੋ ਵੱਖਰੇ ਸਮਾਜਾਂ ਦੇ ਵਿੱਚ ਭਿੰਨ ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਵੱਖਰੇ ਵੱਖਰੇ ਸਮਾਜਕ ਹਾਲਤਾਂ ਦੇ ਵਿੱਚ ਸਮਾਜਕ ਜੀਵਨ ਬਣਦਾ ਹੈ। ਇਹ ਹਰ ਇੱਕ ਸਮਾਜ ਦੇ ਵਿੱਚ ਭਿੰਨਤਾ ਵਾਲਾ ਹੁੰਦਾ ਹੈ।

ਸਮਾਜਕ ਗਤੀਸ਼ੀਲਤਾ ਅਤੇ ਸਮਾਜਕ ਸਥਿਰਤਾ ਸਮਾਜ ਸ਼ਾਸਤਰ ਦੇ ਦੋ ਥੰਮ ਹਨ। ਸਮਾਜਕ ਗਤੀਸ਼ੀਲਤਾ ਦੇ ਵਿੱਚ ਪਰਿਵਾਰ, ਰਾਜ ਆਦਿ ਆ ਜਾਂਦੇ ਹਨ। ਇਹ ਇਹਨਾਂ ਦੇ ਆਪਸੀ ਸੰਬੰਧਾਂ ਦੇ ਅੰਤਰ-ਸੰਬਧਾਂ ਨੂੰ ਦਰਸਾਉਂਦਾ ਹੈ। ਸਮਾਜਕ ਸਥਿਰਤਾ ਦੇ ਵਿਚ ਸਮੁੱਚਾ ਸਮਾਜ ਆ ਜਾਂਦਾ ਹੈ। ਇਹ ਸਮਾਜ ਦੇ ਪਰਿਵਰਤਨ ਅਤੇ ਵਿਕਾਸ ਨੂੰ ਵਿਸ਼ਲੇਸ਼ਣ ਦਾ ਆਧਾਰ ਬਣਾਉਂਦਾ ਹੈ। ਸਮਾਜ ਸ਼ਾਸਤਰ ਇੱਕ ਵਿਵੇਕ ਮਈ ਅਤੇ ਅਨੁਭਵ ਵਿਗਿਆਨ ਹੈ। ਇਹ ਸਮਾਜ ਦਾ ਵਿਸ਼ਲੇਸ਼ਣ ਅਨੁਭਵ ਦੇ ਆਧਾਰ ਉੱਤੇ ਵੀ ਕਰਦਾ ਹੈ।

ਬੇਸ਼ੱਕ ਇਸਦੇ ਚਿੰਤਨ ਦੇ ਵਿੱਚ ਵਿਗਿਆਨ ਪੂਰੀ ਤਰ੍ਹਾ ਕਾਰਜਸ਼ੀਲ ਰਹਿੰਦਾ ਹੈ। ਇਸਦੇ ਸਾਰੇ ਫ਼ੈਸਲੇ ਤਰਕ ਅਤੇ ਅਨੁਭਵ ਉੱਤੇ ਆਧਾਰਿਤ ਹੁੰਦੇ ਹਨ। ਇਸ ਲਈ ਤਾਰਕਿਕ ਵਿਗਿਆਨ ਹੋਣ ਦੇ ਨਾਲ ਨਾਲ ਅਨੁਭਵ ਮੂਲਕ ਵਿਗਿਆਨ ਵੀ ਕਿਹਾ ਜਾਂਦਾ ਹੈ।

ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਸਮਾਜ ਸ਼ਾਸਤਰ ਦਾ ਬੁਨਿਆਦੀ ਲੱਛਣ ਇਸ ਦਾ ਸਮਾਜ ਵਿਗਿਆਨ ਹੋਣਾ ਹੈ। ਇਸ ਦੇ ਆਪਣੇ ਨੇਮ, ਸਿਧਾਂਤ ਹਨ। ਇਹਨਾਂ ਦੇ ਰਾਹੀਂ ਸਮਾਜਕ ਕਾਰਨਾਂ ਦੀ ਖੋਜ ਕੀਤੀ ਜਾਂਦੀ ਹੈ ਨਾ ਕਿ ਪ੍ਰਾਕਿਰਤਿਕ। ਇਹ ਸਮਾਜਕ ਕਾਰਨਾਂ ਦੀ ਵਿਆਖਿਆ ਕਰਦਾ ਹੈ।

ਸੈਮੂਅਲ ਕੋਇਨੰਗ ਸਮਾਜ ਸ਼ਾਸਤਰ ਵਿਧੀ ਦੇ ਵਿਗਿਆਨਿਕ ਪੱਖ ਨੂੰ ਸਾਬਤ ਕਰਦੇ ਹੋਏ ਕਹਿੰਦੇ ਹਨ:

> ਸਮਾਜ-ਸਾਸ਼ਤਰ ਇਸ ਲਈ ਵਿਗਿਆਨ ਹੈ, ਕਿਉਂਕਿ ਇਹ ਵਿਗਿਆਨਿਕ ਵਿਧੀਆਂ ਦੀ ਵਰਤੋਂ ਕਰਦਾ ਹੈ, ਇਹ ਤੱਥ ਆਧਾਰਿਤ ਹੈ, ਅਤੇ ਵਿਸ਼ਵ ਵਿਆਪੀ ਹੈ। ਸਮਾਜ ਸ਼ਾਸਤਰ ਦੇ ਨਿਯਮ ਹਰ ਪੱਖ ਤੋਂ ਪ੍ਰਮਾਣਿਤ ਹੋਣ ਸਦਕਾ, ਇਹ ਕਾਰਨ ਕਾਰਜ ਸੰਬੰਧਾਂ ਉੱਤੇ ਆਧਾਰਿਤ ਹੈ। ਇਉਂ ਵਿਗਿਆਨਕ ਹੋਣ ਕਰਕੇ ਸਮਾਜ ਸ਼ਾਸਤਰ ਦਰੁਸਤ ਭੱਵਿਖਬਾਣੀਆਂ ਦੇ ਸਮਰੱਥ ਹੁੰਦਾ ਹੈ।
>
> *(Principles of Sociology 4)*

ਸਮਾਜ ਸ਼ਾਸਤਰ ਦਾ ਖੇਤਰ ਬਾਕੀ ਵਿਗਿਆਨੀਆਂ ਦੇ ਨਾਲ ਸਬੰਧਿਤ ਹੁੰਦਾ ਹੋਇਆ ਵੀ ਇਸ ਦਾ ਖੇਤਰ ਅਸੀਮ ਹੈ। ਇਸਦੇ ਘੇਰੇ ਦੇ ਅੰਤਰਗਤ ਵਿਅਕਤੀਆਂ ਅਤੇ ਸਮੂਹਾਂ ਵਿਚਕਾਰ ਸਾਰੇ ਅੰਤਰ-ਸੰਬੰਧ ਸ਼ਾਮਿਲ ਹੁੰਦੇ ਹਨ। ਸਮਾਜ ਸ਼ਾਸਤਰ ਦੇ ਹਰ ਇੱਕ ਸਿਧਾਂਤ ਨੂੰ ਸਹੀ ਮੰਨਿਆਂ ਜਾਂਦਾ ਹੈ। ਇਸ ਦਾ ਮੂਲ ਕਾਰਨ ਇਹ ਕਾਰਜ ਅਤੇ ਕਰਨ ਉੱਤੇ ਆਧਾਰਿਤ ਹੁੰਦਾ ਹੈ। ਸਮਾਜ ਸ਼ਾਸਤਰ ਬਾਕੀ ਸਮਾਜ ਵਿਗਿਆਨੀਆਂ ਤੋਂ ਵੀ ਗਿਆਨ ਹਾਸਿਲ ਕਰ ਲੈਂਦਾ ਹੈ। ਇਸ ਕਰਕੇ ਇਸ ਦਾ ਘੇਰਾ ਵਧੇਰੇ ਵਿਸ਼ਾਲ ਬਣ ਜਾਂਦਾ ਹੈ। ਇਸ ਵਿਧੀ ਦੇ ਰਾਹੀਂ ਮਨੁੱਖ ਦਾ ਵਿਗਿਆਨਿਕ ਅਤੇ ਵਸਤੂਗਤ ਅਧਿਐਨ ਕੀਤਾ ਜਾਂਦਾ ਹੈ।

ਸਮਾਜ ਵਿਗਿਆਨੀ ਸਮਾਜ ਸ਼ਾਸਤਰ ਦੇ ਮੁੱਢਲੇ ਵਤੀਰੇ ਵੱਲ ਇਸ਼ਾਰਾ ਕਰਦਾ ਹੋਇਆ ਕਹਿੰਦਾ ਹੈ ਕਿ;"ਸਮਾਜ ਸ਼ਾਸਤਰ ਲਾਜ਼ਮੀ ਤੌਰ ਤੇ ਸਮਾਜ ਵਿੱਚ ਸਥਿਤ ਮਨੁੱਖ ਦਾ ਵਿਗਿਆਨਕ ਅਤੇ ਵਸਤੂਗਤ ਅਧਿਐਨ ਕਰਦਾ ਹੈ।" *(ਨਿਰਮਲਾ ਜੈਨ. ਸਾਹਿਤਯ ਕਾ ਸਮਾਜ ਸ਼ਾਸਤਰੀ ਚਿੰਤਨ 9)*

ਇਸ ਦੇ ਨਾਲ ਮਨੁੱਖੀ ਵਿਵਹਾਰ, ਸਮੂਹ ਤੇ ਆਪਸੀ ਸੰਬੰਧਾਂ ਦਾ ਪਰਸਪਰ ਅਧਿਐਨ ਕੀਤਾ ਜਾਂਦਾ ਹੈ। ਮਨੁੱਖੀ ਸੰਗਠਨ ਦੀ ਹੋਂਦ ਨੂੰ ਸਮਾਜ ਸ਼ਾਸਤਰ ਨਿਸ਼ਚਿਤ ਕਰਦਾ ਹੈ। ਇਹ ਸਾਰੇ ਰੀਤੀ ਰਿਵਾਜ਼ਾਂ ਨੂੰ ਇੱਕ ਧਾਗੇ ਦੇ ਵਿੱਚ ਪਰੋ ਕੇ ਸਮੁੱਚਾ ਅਧਿਐਨ ਕਰਦਾ ਹੈ। ਇਹ ਦੂਸਰੇ ਅਨੁਸ਼ਾਸਨਾਂ ਤੋਂ ਗਿਆਨ ਹਾਸਿਲ ਕਰਕੇ ਆਪਣੇ ਗਿਆਨ ਦ੍ਰਿਸ਼ਟੀਆਂ ਨੂੰ ਨਵਾਂ ਸਰੂਪ ਦਿੰਦਾ ਰਹਿੰਦਾ ਹੈ। ਮਨੁੱਖੀ ਸਮਾਜਕ ਜੀਵਨ ਇੱਕ ਗੁੰਝਲਦਾਰ ਪ੍ਰਕਿਰਿਆ ਹੈ। ਇਸ ਵਿਚਲੀਆਂ ਸਮੱਸਿਆਵਾਂ ਨੂੰ ਸਹੀ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਸੰਬੰਧੀ ਐਮ.ਐੱਚ. ਗਿਡਿੰਗਜ਼ ਲਿਖਦੇ ਹਨ, ਕਿ "ਸਮਾਜ ਸ਼ਾਸ਼ਤਰ ਉਹਨਾਂ ਨਿਯਮਾਂ ਦੀ ਖੋਜ ਕਰਦਾ ਹੈ, ਜਿਨ੍ਹਾਂ ਦੇ ਦੁਆਰਾ ਸਮਾਜ ਦਾ ਵਿਕਾਸ ਹੁੰਦਾ ਹੈ।" *(ਪ੍ਰਿੰਸੀਪਲਸ ਆਫ਼ ਸੋਸਾਇਟੀ 9)*

ਸਮਾਜ ਸ਼ਾਸਤਰ ਅੰਤਰ ਕਿਰਿਆਵਾਂ ਦਾ ਵੀ ਅਧਿਐਨ ਕਰਦਾ ਹੈ। ਸਮਾਜ ਵਿੱਚ ਮਨੁੱਖੀ ਜ਼ਰੂਰਤਾਂ ਦੀ ਪੂਰਤੀ ਹੁੰਦੀ ਹੈ। ਇਹ ਜ਼ਰੂਰਤਾਂ ਆਪਸੀ ਮਿਲਵਰਤਨ ਤੇ ਸਹਿਯੋਗ ਨਾਲ ਪੂਰਨ ਹੁੰਦੀਆਂ ਹਨ। ਸਮਾਜ ਇੱਕ ਜੁੱਟ ਦੇ ਵਿੱਚ ਬੱਝਿਆ ਹੋਇਆ ਹੈ। ਇਹਨਾਂ ਦੀ ਆਪਸੀ ਇੱਕਜੁੱਟਤਾ ਹੀ ਇੱਕ ਦੂਜੇ ਦੇ ਕੋਲ ਕੋਲ ਰਹਿਣ ਲਈ ਪ੍ਰੇਰਿਤ ਕਰਦੀ ਹੈ। ਮਨੁੱਖੀ ਸੰਬੰਧਾਂ ਵਿਚਲੀਆਂ ਅੰਤਰ ਕਿਰਿਆਵਾਂ ਹੀ ਅਧਿਐਨ ਦਾ ਆਧਾਰ ਹਨ। ਸਮਾਜਕ ਰਿਸ਼ਤੇ ਅੰਤਰ-ਕਿਰਿਆਵਾਂ ਤੋਂ ਉਪਜਦੇ ਹਨ। ਨਿਸ਼ਚਿਤ ਹੀ ਸਮਾਜ ਸ਼ਾਸਤਰ ਵਿਅਕਤੀਆਂ ਦੇ ਆਪਸੀ ਸੰਬੰਧਾਂ ਤੇ ਅੰਤਰ ਕਿਰਿਆਵਾਂ ਦਾ ਸੁਮੇਲ ਹੈ। ਇਸ ਵਿਚਾਰ ਦੀ ਪੁਸ਼ਟੀ ਕਰਦੇ ਹੋਇਆਂ ਫਰੇਂਸਿਸ. ਈ .ਮੇਰਿਲ ਲਿਖਦੇ ਹਨ ਕਿ "ਸਮਾਜ ਵਿਗਿਆਨ ਸਮਾਜ ਵਿਚਲੇ ਮਨੁੱਖ ਅਤੇ ਮਨੁੱਖ ਦੀਆਂ ਅੰਤਰ-ਕਿਰਿਆਵਾਂ ਦਾ ਅਧਿਐਨ ਹੈ।" *(Francis.E.Meril. H.Wentworth.Eldredge. Society and Culture 8)*

ਸਮਾਜ ਸ਼ਾਸਤਰ ਬਾਹਰ-ਮੁਖੀ ਅਧਿਐਨ ਕਰਨ ਦੇ ਨਾਲ ਅੰਤਰਮੁਖੀ ਅਧਿਐਨ ਵੀ ਕਰਦਾ ਹੈ। ਇਹ ਮਨੁੱਖੀ ਸੰਬੰਧਾਂ ਪਿੱਛੇ ਲੁਕੇ ਹੋਏ ਕਾਰਨਾਂ ਨੂੰ ਲੱਭਣ ਤੇ ਵਿਵੇਚਨ ਦਾ ਆਧਾਰ ਬਣਾਉਂਦਾ ਹੈ।

"ਇਨਸਾਈਕਲੋਪੀਡੀਆ ਆਫ਼ ਬ੍ਰਿਟਿਨੇਕਾ ਦੇ ਵਿੱਚ ਇਸ ਸੰਬੰਧੀ ਵਰਨਣ ਮਿਲਦਾ ਹੈ, ਸਮਾਜ ਸ਼ਾਸਤਰ ਮਨੁੱਖੀ ਵਿਵਹਾਰ ਦੀ ਇਹ ਸਾਖਾ ਹੈ, ਜਿਹੜੀ ਉਨ੍ਹਾਂ ਕਾਰਨਾਂ ਅਤੇ ਪ੍ਰਭਾਵਾਂ ਦਾ ਪਤਾ ਲਗਾਉਂਦੀ ਹੈ। ਜਿਹੜੇ ਮਨੁੱਖਾਂ ਅਤੇ ਸਮੂਹਾਂ ਦੀ ਕਿਰਿਆ ਤੇ ਅੰਤਰ ਕਿਰਿਆ ਤੋਂ ਉਪਜਦੇ ਹਨ। ਇਹ ਰਿਵਾਜ਼ਾਂ, ਬਣਤਰਾਂ ਅਤੇ ਸੰਸਥਾਵਾਂ ਦਾ ਅਧਿਐਨ ਹੈ। ਇਸ ਤੋਂ ਸਪੱਸ਼ਟ ਹੈ ਕਿ ਸਮਾਜ ਸ਼ਾਸਤਰ ਮਨੁੱਖੀ ਸਮੂਹਾਂ ਦੀਆਂ ਅੰਤਰ-ਕਿਰਿਆਵਾਂ ਨੂੰ ਆਧਾਰ ਬਣਾਉਂਦਾ ਹੈ।"

*(The New Encyclopaedia of Britannica. 27 Volume 1331)*

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਸਮਾਜ ਸ਼ਾਸਤਰ 'ਕੀ ਹੈ'ਤੇ 'ਕੀ ਹੋਣਾ'ਚਾਹੀਦਾ ਦਾ ਵਰਨਣ ਕਰਦਾ ਹੈ। ਇਹ ਨਿਰਪੱਖ ਅਤੇ ਨਿਰਪੇਖ ਵਿਗਿਆਨ ਹੈ। ਇਹ ਆਦਰਸ਼ ਦਾ ਪ੍ਰਚਾਰ ਨਹੀ ਕਰਦਾ ਹੈ। ਇਹ ਆਪਣੇ ਅਧਿਐਨ ਨੂੰ ਸਪਸ਼ਟ ਸਰੂਪ ਵਿੱਚ ਪੇਸ਼ ਕਰਦਾ ਹੈ। ਇਹ ਦੱਸਦਾ ਹੈ ਕਿ ਵਿਸ਼ੇ ਦੇ ਵਿੱਚ ਕੀ ਸਹੀ ਹੈ ਅਤੇ ਕੀ ਹੋਣਾ ਚਾਹੀਦਾ ਸੀ ? ਇਹਨਾਂ ਸਵਾਲਾਂ ਦੇ ਜਵਾਬ ਦਿੰਦਾ ਹੈ। ਇਹ ਆਪਣੇ ਆਦਰਸ਼ਾਂ ਦਾ ਪ੍ਰਚਾਰ ਨਹੀ ਕਰਦਾ ਅਤੇ ਨਾ ਹੀ ਭਵਿੱਖ ਬਾਰੇ ਕੋਈ ਟਿੱਪਣੀ ਕਰਦਾ ਹੈ।

## 1.11 ਸਭਿਆਚਾਰ ਅਰਥ ਅਤੇ ਪਰਿਭਾਸ਼ਾ

ਦੁਨੀਆਂ ਦੇ ਹਰ ਸਮਾਜ ਦਾ ਵਿਸ਼ੇਸ਼ ਅੰਗ ਸਭਿਆਚਾਰ ਹੁੰਦਾ ਹੈ। ਸਮਾਜ ਦੇ ਵਿੱਚ ਰਹਿ ਕੇ ਹੀ ਸਭਿਅਕ ਪ੍ਰਾਣੀ ਬਣਦਾ ਹੈ। ਕੁਦਰਤੀ ਆਫ਼ਤਾਂ ਨੂੰ ਮਨੁੱਖ ਆਪਣੇ ਅਨੁਸਾਰ ਢਾਲਦਾ ਹੈ। ਜਿੱਥੇ ਵੀ ਮਨੁੱਖ ਮੌਜੂਦ ਹੋਵੇਗਾ ਉੱਥੇ ਸਭਿਆਚਾਰ ਦੀ ਮੌਜੂਦਗੀ ਜ਼ਰੂਰ ਹੋਵੇਗੀ। ਸਭਿਆਚਾਰ ਤੋਂ ਬਿਨ੍ਹਾਂ ਮਨੁੱਖ ਦੀ ਹੋਂਦ ਜਿਵੇਂ ਜਲ ਬਿਨ੍ਹਾਂ ਮਛਲੀ ਦੇ ਸਮਾਨ ਸਥਿਤੀ ਹੋਵੇਗੀ। ਇਹ ਸਾਫ਼ ਹੈ ਕਿ ਮਨੁੱਖ ਸਭਿਆਚਾਰ ਤੋਂ ਬਗੈਰ ਨਹੀ ਹੋ ਸਕਦਾ। ਧਰਤੀ ਉੱਤੇ ਜੀਵਨ ਹੈ, ਸਭਿਆਚਾਰ ਵੀ ਆਪਣੇ ਆਪ ਬਣ ਜਾਵੇਗਾ। ਹਰ ਸਭਿਆਚਾਰ ਦੀਆਂ ਭੂਗੋਲਿਕ ਪ੍ਰਸਥਿਤੀਆਂ ਵੱਖੋ-ਵੱਖਰੀਆਂ ਹੁੰਦੀਆਂ ਹਨ। ਹਰ ਸਭਿਆਚਾਰ ਆਪਣੇ ਆਪ ਦੇ ਵਿੱਚ ਵਿਸ਼ੇਸ਼ ਹੀ ਹੁੰਦਾ ਹੈ। ਸੋ ਸਪੱਸ਼ਟ ਹੈ ਕਿ ਸਮਾਜ ਦੇ ਵਿੱਚ ਰਹਿ ਕੇ ਹੀ ਮਨੁੱਖ ਸਭਿਆਚਾਰ ਨੂੰ ਸਿੱਖਦਾ ਹੈ। ਸਮਾਜ ਤੋਂ ਬਿਨ੍ਹਾਂ ਮਨੁੱਖ ਨਹੀ ਸਗੋਂ ਜਾਨਵਰ ਹੁੰਦਾ ਹੈ। ਸਭਿਆਚਾਰ ਦੀ ਸਿਰਜਣਾ ਪਿੱਛੇ ਕਿਸੇ ਇੱਕ ਵਿਅਕਤੀ ਦਾ ਹੱਥ ਨਹੀ ਹੁੰਦਾ, ਇਹ ਪੂਰੇ ਸਮਾਜ ਦੀ ਸਮੂਹਿਕ ਸਿਰਜਣਾ ਹੁੰਦੀ ਹੈ।

**ਸਭਿਆਚਾਰ ਦੇ ਅਰਥ** :

ਸਭਿਆਚਾਰ ਨੂੰ ਅੰਗੇਰਜ਼ੀ ਦੇ ਵਿੱਚ 'ਕਲਚਰ'ਕਹਿੰਦੇ ਹਨ। 'ਕਲਚਰ'ਸ਼ਬਦ ਲਾਤੀਨੀ ਭਾਸ਼ਾ ਤੋਂ ਆਇਆ ਹੈ। ਇਹ ਸ਼ਬਦ ਲਾਤੀਨੀ ਭਾਸ਼ਾ ਦੇ 'cultura' ਤੋਂ ਫਰਾਂਸੀਸੀ ਦੇ ਰਾਹੀਂ ਪੰਜਾਬੀ ਭਾਸ਼ਾ ਦੇ ਵਿੱਚ ਆਇਆ। "ਸਭਿਆਚਾਰ ਮਨੁੱਖੀ ਜੀਵਨ ਦੇ ਨਾਲ ਸੰਬੰਧਿਤ ਹੈ ਅਤੇ ਉਸਦੇ ਜੀਵਨ ਦੇ ਵਿਕਾਸ ਦਾ ਆਧਾਰ ਵੀ ਹੈ। ਕਿਸੇ ਕੁਦਰਤੀ ਵਸਤੂ ਦਾ ਅੱਗੇ ਵੱਧਣਾ ਸਭਿਆਚਾਰ ਨਹੀ ਬਲਕਿ ਮਨੁੱਖੀ ਜੀਵਨ ਦੇ ਵਿੱਚ ਨਿਖਾਰ, ਉਸਦਾ ਬੌਧਿਕ ਹੋਣਾ ਅਤੇ ਮਾਨਵਤਾ ਦੇ ਆਦਰਸ਼ ਵੱਲ ਅੱਗੇ ਵੱਧਣਾ ਹੀ ਸਭਿਆਚਾਰ ਹੈ*।"(ਡਾ. ਗੁਰਜੀਤ ਸਿੰਘ. ਪੰਜਾਬੀ ਸਭਿਆਚਾਰ ਦਾ ਫਲਸਫਾ 2)*

ਸਭਿਆਚਾਰ ਦਾ ਵਿਕਸਿਤ ਸਰੂਪ ਹਜ਼ਾਰਾਂ ਸਾਲਾਂ ਦਾ ਪ੍ਰਤੀਫ਼ਲ ਹੈ। ਸਭਿਆਚਾਰ ਦੀ ਸਿਰਜਣਾ ਬਾਰੇ ਓਮ ਪ੍ਰਕਾਸ਼ ਗਾਸੋ ਲਿਖਦੇ ਹਨ, "ਅਹਿੱਲ ਪੱਥਰਾਂ ਅਤੇ ਪਹਾੜਾਂ ਵਿੱਚ ਵਸਦਿਆਂ ਆਦਮ ਮਨੁੱਖ ਨੇ ਨਦੀ ਦੀਆਂ ਧਾਰਾਂ ਨੂੰ ਤੱਕਿਆ। ਧਾਰਾਂ ਦੀ ਤੋਰ, ਧਾਰਾ ਦੀ ਪ੍ਰਵਾਨਗੀ ਤੋਂ ਪ੍ਰੇਰਿਤ ਹੋ ਕੇ ਧਾਰਾਂ ਦੇ ਮੁੱਢ ਤੱਕ ਪੁੱਜਣ ਦੇ ਮਨੁੱਖੀ ਅਹਿਸਾਸ ਨੇ ਮਨੁੱਖ ਅੰਦਰ ਤੜਪ, ਕਲਪਨਾ, ਚਿੰਤਨ ਅਤੇ ਜਾਗ੍ਰਿਤੀ ਦੇ ਚਾਨਣ ਦਾ ਨਿੱਕਾ ਜਿਹਾ ਦੀਵਾ ਬਾਲਿਆ ਹੋਵੇਗਾ। ਆਪਣੇ ਅਹਿਸਾਸ ਦੀ ਨਿੱਕੀ ਜਿਹੀ ਜੋਤ ਚਾਨਣ ਨੂੰ ਝੱਖੜਾਂ, ਤੂਫਾਨਾਂ, ਹਵਾ, ਮੀਂਹ, ਰੁੱਤ ਅਤੇ ਮਾਰੂ-ਮਾਰਾਂ ਤੋਂ ਬਚਾਉਣ ਲਈ ਔਰਤ ਮਰਦ ਨੂੰ ਹੱਥ ਮਿਲੇ ਹੋਣਗੇ। ਸਹਿਯੋਗ ਦੀ ਇਹ ਸਿਰਜਣਾ ਹੀ ਮੁਢਲੇ ਸਭਿਆਚਾਰ ਦੀ ਉਤਪਤੀ ਦਾ ਮੂਲ਼ ਬਣੀ ਹੋਵੇਗੀ।" *(ਪੰਜਾਬੀ ਸਭਿਆਚਾਰ 7)*

ਇਹ ਸਥਿਤੀ ਹਰ ਇੱਕ ਸਭਿਆਚਾਰ ਉੱਤੇ ਲਾਗੂ ਹੁੰਦੀ ਹੈ। ਜਦੋਂ ਮਨੁੱਖ ਮੁਸ਼ਕਿਲ ਦੇ ਵਿੱਚ ਹੁੰਦਾ ਹੈ, ਤਾਂ ਉਸਨੂੰ ਸਹਾਇਤਾ ਤੇ ਸਹਿਯੋਗ ਦੀ ਲੋੜ ਪੈਂਦੀ ਹੈ। ਮਨੁੱਖੀ ਜੀਵਨ ਦੀਆਂ ਇਹਨਾਂ ਘਟਨਾਵਾਂ ਤੋਂ ਸਭਿਆਚਾਰ ਨੂੰ ਸਮੂਰਤ ਹੁੰਦਾ ਦੇਖ ਸਕਦੇ ਹਾਂ। ਸਭਿਆਚਾਰ ਕਿਸੇ ਇੱਕ ਦਾ ਨਹੀ ਹੁੰਦਾ, ਸੁਮੱਚੇ ਲੋਕਾਂ ਦਾ ਸਾਂਝਾ ਭਾਈਵਾਲ ਹੁੰਦਾ ਹੈ। ਸਭਿਆਚਾਰ ਆਪਣੇ ਨਿਸਚਿਤ ਸਰੂਪ ਦੇ ਵਿੱਚ ਸਦੀਆਂ ਦੇ ਸਫ਼ਰ ਤੋਂ ਬਾਅਦ ਪਹੁੰਚਿਆ ਹੈ। ਅਸਲ ਦੇ ਵਿੱਚ ਸਭਿਆਚਾਰ ਦਾ ਵਿਕਾਸ ਉਸ ਸਮੇਂ ਤੋਂ ਸ਼ੁਰੂ ਹੋਇਆ, ਜਦੋਂ ਮਾਨਵ ਨੇ ਇੱਕ

ਜਗ੍ਹਾਂ ਤੇ ਟਿਕ ਕੇ ਰਹਿਣਾ ਸ਼ੁਰੂ ਕੀਤਾ। ਮਾਨਵ ਨੇ ਜੰਗਲਾਂ ਦੇ ਵਿੱਚ ਭਟਕਣਾ ਛੱਡ ਕੇ, ਇੱਕ ਥਾਂ ਉੱਤੇ ਸਥਿਰ ਰਹਿ ਕੇ ਖੇਤੀ ਕਰਨੀ ਸ਼ੁਰੂ ਕੀਤੀ। ਇਹ ਸਭਿਆਚਾਰ ਵਿਕਾਸ ਦੀ ਪਹਿਲੀ ਪੌੜੀ ਸੀ।

ਡਾ. ਗੁਰਜੀਤ ਸਿੰਘ ਦੀ ਧਾਰਨਾ ਹੈ ਕਿ,

> ਕੋਈ ਵੀ ਵਿਅਕਤੀ ਸਮਾਜ ਦੇ ਵਿੱਚ ਵਿਚਰ ਕੇ ਸਮਾਜਕ ਪ੍ਰਾਣੀ ਬਣਦਾ ਹੈ। ਉਹ ਸਮਾਜ ਵਿਚਲੇ ਆਦਰਸ਼, ਨੈਤਿਕ, ਯੋਗਤਾ, ਪ੍ਰੰਪਰਾਵਾਂ ਨੂੰ ਅਪਣਾਉਦਾ ਹੈ। ਜਨਮ ਦੇ ਸਮੇਂ ਬੱਚਾ ਨਾਂ ਤਾਂ ਸਮਾਜਕ ਹੁੰਦਾ ਹੈ ਅਤੇ ਨਾ ਸਮਾਜ ਵਿਰੋਧੀ ਹੁੰਦਾ ਹੈ। ਪਰੰਤੂ ਉਸ ਦੇ ਵਿੱਚ ਸਮਾਜਕ ਬਣਨ ਦੇ ਕੁਝ ਗੁਣ ਹੁੰਦੇ ਹਨ, ਇਨ੍ਹਾਂ ਗੁਣਾਂ ਕਰਕੇ ਹੀ ਸਭਿਆਚਾਰ ਉਸ ਪ੍ਰਾਣੀ ਨੂੰ ਸਮਾਜਕ ਪ੍ਰਾਣੀ ਦੇ ਵਿੱਚ ਬਦਲਣ ਦਾ ਕੰਮ ਕਰਦਾ ਹੈ।

*(ਸਭਿਆਚਾਰ ਦਾ ਫਲਸਫਾ 3)*

ਮਾਨਵ ਦੀਆਂ ਖ਼ਾਸ ਜ਼ਰੂਰਤਾਂ ਹਨ ਜਿਵੇਂ ਕਿ ਭੁੱਖ, ਪਿਆਸ ਆਦਿ। ਇਸ ਬਾਰੇ ਮਾਨਵ ਕੋਈ ਸਿਖਲਾਈ ਨਹੀ ਲੈਂਦਾ। ਮਨੁੱਖ ਸਹਿਜ-ਸਭਾਵਿਕ ਹੀ ਸਿੱਖ ਜਾਂਦਾ ਹੈ। ਸਮਾਜ ਹੀ ਮਨੁੱਖ ਨੂੰ ਸਿਖਿਆਰਥੀ ਬਣਾਉਂਦਾ ਹੈ ਜਿਵੇਂ ਕਿ ਭੁੱਖ ਮਿਟਾਉਣ ਦੇ ਲਈ ਕਿਸੇ ਤੋਂ ਰੋਟੀ ਖੋਹ ਕੇ ਨਹੀ ਖਾਧੀ ਜਾ ਸਕਦੀ। ਸਮਾਜ ਦੇ ਵਿੱਚ ਹੀ ਮਨੁੱਖ ਸਭਿਆਚਾਰ ਨੂੰ ਗ੍ਰਹਿਣ ਕਰਦਾ ਹੈ। ਇਕੱਲੇ ਮਨੁੱਖ ਦਾ ਕੋਈ ਸਭਿਆਚਾਰ ਨਹੀ ਹੁੰਦਾ ਹੈ। ਡਾ. ਟੀ.ਆਰ.ਵਿਨੋਦ ਦੀ ਪੁਸਤਕ ਵਿੱਚ ਜਾਰਜ ਥਾਮਸਨ ਦੀ ਧਾਰਨਾ ਹੈ ਕਿ, "ਆਪਣੇ ਵਿਕਾਸ ਦੇ ਦੌਰਾਨ ਵਿਭਿੰਨ ਜਾਤੀਆਂ ਬਣਤਰ ਅਤੇ ਪ੍ਰਕਾਰਜ ਦੇ ਪੱਖੋਂ ਆਪਣੇ ਕੁਦਰਤੀ ਪਰਿਵੇਸ਼ ਦੇ ਅਨੁਸਾਰ ਢਾਲਦੀਆਂ ਰਹੀਆਂ ਹਨ। ਵਿਕਾਸ ਦੇ ਸਿਖਰ ਤੇ ਪਹੁੰਚਣ ਵਾਲੇ ਜੀਵਾਂ ਦਾ ਨਿਖੇੜਾ ਤੱਤ ਇਹ ਹੈ ਕਿ ਉਨ੍ਹਾਂ ਦੇ ਕੋਲ ਵਡੇਰਾ ਤੇ ਜਟਿਲ ਦਿਮਾਗ ਹੁੰਦਾ ਹੈ, ਜਿਸ ਦੀ ਸਹਾਇਤਾ ਨਾਲ ਉਹ ਆਪਣੇ ਪਰਿਵੇਸ਼ ਨੂੰ ਆਪਣੀਆਂ ਮੁੱਢਲੀਆਂ ਲੋੜਾਂ ਦੇ ਅਨੁਕੂਲ ਢਾਲ ਲੈਂਦੇ ਹਨ।" *(ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ 9)*

ਸਭਿਆਚਾਰ ਮਨੁੱਖ ਦਾ ਸਰਵ-ਵਿਆਪਕ ਵਰਤਾਰਾ ਹੈ। ਹਰ ਇੱਕ ਸਮਾਜ ਦੂਜੇ ਸਮਾਜਾਂ ਤੋਂ ਵਿਭਿੰਨ ਹੁੰਦਾ ਹੈ। ਉਸੇ ਤਰ੍ਹਾ ਸਭਿਆਚਾਰਾਂ ਦੇ ਵਿੱਚ ਵਿਭਿੰਨਤਾ ਪਾਈ ਜਾਂਦੀ ਹੈ। ਹਰੇਕ ਸਮਾਜ ਦੇ ਲੋਕਾਂ

ਦਾ ਜੀਵਨ ਢੰਗ ਵੱਖਰਾ ਹੁੰਦਾ ਹੈ ਜਿਵੇਂ ਕਿ ਪੰਜਾਬੀ ਸਭਿਆਚਾਰ ਅਤੇ ਵਿਦੇਸ਼ੀ ਸਭਿਆਚਾਰ ਦਾ ਹੋਵੇ। ਪਹਿਰਾਵਾ, ਰਿਸ਼ਤਾ-ਪ੍ਰਣਾਲੀ, ਭੋਜਨ ਪ੍ਰਣਾਲੀ ਆਦਿ ਸਭਿਆਚਾਰ ਦੇ ਅੰਸ਼ ਹਨ ਪਰੰਤੂ ਹਰ ਸਭਿਆਚਾਰ ਦੇ ਆਪੋ-ਆਪਣੀਆਂ ਰਸਮਾਂ- ਰੀਤਾਂ, ਨੇਮ ਹੁੰਦੇ ਹਨ ਜਿਨ੍ਹਾਂ ਦੀ ਪਾਲਣਾ ਪੂਰਾ ਸਮਾਜ ਕਰਦਾ ਹੈ। ਹਰੇਕ ਸਭਿਆਚਾਰ ਦੀ ਪਛਾਣ ਉਸ ਦੀ ਭਾਸ਼ਾ ਤੋਂ ਹੁੰਦੀ ਹੈ। ਉਸੇ ਭਾਸ਼ਾ ਦੇ ਵਿੱਚ ਲੋਕ ਗੀਤ, ਰਸਮਾਂ ਆਦਿ ਦਾ ਵੇਰਵਾ ਮਿਲੇਗਾ ਜਿਵੇਂ ਕਿ ਪੰਜਾਬੀ ਸਭਿਆਚਾਰ, ਗੁਜਰਾਤੀ ਸਭਿਆਚਾਰ ਆਦਿ। ਭਾਸ਼ਾ ਦੇ ਬਿਨ੍ਹਾਂ ਸਭਿਆਚਾਰ ਦਾ ਮੂਰਤੀਮਾਨ ਹੋਣਾ ਸੰਭਵ ਨਹੀ ਹੁੰਦਾ ਹੈ। ਜਦੋਂ ਕਿਸੇ ਭਾਸ਼ਾ ਦਾ ਅੰਤ ਹੋ ਜਾਂਦਾ ਹੈ ਉਸ ਦੇ ਨਾਲ ਹੀ ਸਭਿਆਚਾਰ ਦਾ ਅੰਤ ਵੀ ਹੋ ਜਾਂਦਾ ਹੈ। "ਪੁਰਾਣੇ ਖਤਮ ਹੋ ਚੁੱਕੇ ਸਭਿਆਚਾਰ ਦੇ ਪਦਾਰਥਕ ਅੰਸ਼ ਮਿਲ ਜਾਂਦੇ ਹਨ ਪਰ ਉਹਨਾਂ ਦੀਆਂ ਮਿਲਦੀਆਂ ਉਕਰਾਈਆਂ ਦੇ ਅਰਥ ਉਠਾਲਣੇ ਕਈ ਵਾਰ ਅਸੰਭਵ ਹੋ ਜਾਂਦੇ ਹਨ।" *(ਗੁਰਬਖਸ਼ ਸਿੰਘ ਫ਼ਰੈਂਕ. ਸਭਿਆਚਾਰ ਅਤੇ ਪੰਜਾਬੀ ਸਭਿਆਚਾਰ 83)*

ਸਿੰਧੂ ਘਾਟੀ ਦੀ ਸਭਿਅਤਾ ਦੀ ਉਦਾਹਰਨ ਸਪੱਸ਼ਟ ਕਰਦੀ ਹੈ। ਸਿੰਧੂ ਘਾਟੀ ਦੀ ਸਭਿਅਤਾ ਉੱਨਤੀ ਤੇ ਵਿਕਸਿਤ ਸਭਿਆਤਾਵਾਂ ਦੇ ਵਿੱਚੋਂ ਇੱਕ ਸੀ। ਜਦੋਂ ਉਸ ਦਾ ਪਤਨ ਹੋਇਆ ਨਾਲ ਹੀ ਉਸ ਦੀ ਭਾਸ਼ਾ ਦਾ ਵੀ ਪਤਨ ਹੋ ਗਿਆ। ਬੇਸ਼ੱਕ ਖੋਦਾਈ ਦੇ ਵਿੱਚੋਂ ਸਿੰਧੂ ਘਾਟੀ ਦੇ ਅੰਸ਼ ਮਿਲੇ ਹਨ। ਉਹਨਾਂ ਅੰਸ਼ਾਂ ਦੀ ਭਾਸ਼ਾ ਵਿਗਿਆਨੀ ਪੜ੍ਹਣ ਦੇ ਵਿੱਚ ਅਸਫਲ ਰਹੇ ਹਨ। ਜੀਤ ਸਿੰਘ ਜੋਸ਼ੀ ਦੇ ਅਨੁਸਾਰ:- "ਸਭਿਆਚਾਰ ਪੀੜ੍ਹੀ ਦਰ ਪੀੜ੍ਹੀ ਬੋਲਾਂ, ਸੰਕੇਤਾਂ ਅਤੇ ਚਿੰਨ੍ਹਾਂ ਰਾਹੀਂ ਗ੍ਰਹਿਣ ਹੁੰਦਾ ਹੈ ਅਤੇ ਅੱਗੇ ਤੋਰਿਆ ਜਾਂਦਾ ਹੈ। ਇਸ ਲਈ ਇਸਨੂੰ ਚਿੰਨਾਂ ਦੇ ਅਜਿਹੇ ਸਿਸਟਮ ਵਜੋਂ ਦੇਖਿਆ ਜਾ ਸਕਦਾ ਹੈ, ਜਿਹੜਾ ਕਿਸੇ ਖਾਸ ਭੂਗੋਲਿਕ ਖਿੱਤੇ ਦੇ ਲੋਕਾਂ ਦੀ ਜੀਵਨ ਵਿਧੀ ਦੇ ਰੂਪ ਵਿਚ ਨਿਸਚਿਤ ਇਤਿਹਾਸਕ ਪੜਾਅ ਉੱਤੇ ਕਾਰਜਸ਼ੀਲ ਹੁੰਦੀ ਹੈ।" *(ਅਧਿਐਨ ਅਤੇ ਅਧਿਆਪਨ 195)*

ਸਭਿਆਚਾਰ ਨੂੰ ਚਿੰਨਾਂ ਦੇ ਰਾਹੀਂ ਗ੍ਰਹਿਣ ਅਤੇ ਚਿੰਨ੍ਹਾਂ ਦੇ ਰਾਹੀਂ ਹੀ ਅੱਗੇ ਤੋਰਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਹੈ।

ਡਾ. ਜਸਵਿੰਦਰ ਸਿੰਘ ਦੇ ਅਨੁਸਾਰ,

> ਸਭਿਆਚਾਰ ਮੁੱਖ ਰੂਪ ਵਿੱਚ ਸਮਾਜਕ ਪ੍ਰਬੰਧ ਵਿੱਚ ਮਨੁੱਖ ਰਾਹੀਂ ਸਿਰਜੇ ਗਏ ਆਚਾਰ-ਵਿਹਾਰ ਦੇ ਪ੍ਰਤੀਮਾਨਾਂ ਦਾ ਅਜਿਹਾ ਸਮੂਹ ਹੈ, ਜੋ ਅੰਤਿਕ ਰੂਪ ਵਿੱਚ ਇੱਕ ਨਿਸਚਿਤ ਕੀਮਤੀ ਪ੍ਰਬੰਧ ਸਿਰਜਦਾ ਹੈ। ਇਹ ਕੀਮਤੀ ਪ੍ਰਬੰਧ ਹਰੇਕ ਸਭਿਆਚਾਰਕ ਸਿਰਜਣਾ, ਆਚਾਰ-ਵਿਹਾਰ, ਕਾਰਜ ਵਿਚਾਰ ਦੇ ਵਿੱਚ ਵਿਦਮਾਨ ਹੁੰਦਾ ਹੈ। ਮਨੁੱਖ ਇਸਨੂੰ ਅਚੇਤ ਜਾਂ ਸੁਚੇਤ ਰੂਪ ਵਿੱਚ ਗ੍ਰਹਿਣ ਕਰਕੇ ਨਿਭਾਉਂਦਾ ਹੈ। ਸੋ ਸਭਿਆਚਾਰ ਨੂੰ ਵਿਸ਼ੇਸ਼ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਨ ਵਾਲਾ ਮੰਨਿਆ ਜਾਂਦਾ ਹੈ।
>
> *(ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ 14)*

ਸੋ ਡਾ. ਜਸਵਿੰਦਰ ਸਿੰਘ ਦੇ ਅਨੁਸਾਰ ਸਭਿਆਚਾਰ ਸਮਾਜ ਦੇ ਵਿੱਚ ਰਹਿ ਕੇ ਹੀ ਸਿੱਖਿਆ ਜਾ ਸਕਦਾ ਹੈ। ਸਭਿਆਚਾਰ ਦੀ ਹੋਂਦ ਵੀ ਸਮਾਜ ਦੇ ਵਿੱਚ ਹੀ ਸੰਭਵ ਹੈ ਤੇ ਮਾਨਵ ਦੀ ਹੋਂਦ ਵੀ ਸਮਾਜ ਦੇ ਵਿੱਚ ਹੀ ਸੰਭਵ ਹੈ। ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, "ਸਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿੱਚ ਮਨੁੱਖ ਕਿਸੇ ਨਿਸਚਿਤ ਇਤਿਹਾਸਕ ਪੜਾਅ ਉੱਤੇ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਉਨ੍ਹਾਂ ਰਾਹੀਂ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ, ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ।" *(ਸਭਿਆਚਾਰ ਤੇ ਪੰਜਾਬੀ ਸਭਿਆਚਾਰ 4)*

ਸਭਿਆਚਾਰ ਦੀਆਂ ਪਰਿਭਾਸ਼ਾਵਾਂ ਮਿਲ ਜਾਣਗੀਆਂ। ਉਹਨਾਂ ਪਰਿਭਾਸ਼ਾਵਾਂ ਦੇ ਵਿੱਚ ਵਿਦਵਾਨਾਂ ਦੇ ਵੱਲੋਂ ਵੱਖੋ-ਵੱਖਰੇ ਅਰਥਾਂ ਦੇ ਵਿੱਚ ਸਭਿਆਚਾਰ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਤਾਂ ਸਾਫ਼ ਹੈ ਕਿ ਸਭਿਆਚਾਰ ਪੀੜ੍ਹੀ ਦਰ ਪੀੜ੍ਹੀ ਚਲਦਾ ਆ ਰਿਹਾ ਹੈ। ਹਰ ਕੋਈ ਕੁਝ ਨਾ ਕੁਝ ਪਰਿਵਰਤਨ ਕਰਕੇ ਅੱਗੇ ਤੋਰ ਦਿੰਦਾ ਹੈ। ਇਹ ਰੀਤ ਇਦਾਂ ਹੀ ਕਾਇਮ ਰਹਿੰਦੀ ਹੈ। ਸਭਿਆਚਾਰ ਕਿਸੇ ਖਾਸ ਭੂਗੋਲਿਕ ਖਿੱਤੇ ਦੀ ਪੈਦਾਵਾਰ ਹੁੰਦੀ ਹੈ। ਜਸਵਿੰਦਰ ਸਿੰਘ ਅਨੁਸਾਰ, "ਪੱਛਮੀ ਵਿਗਿਆਨੀ ਸਭਿਆਚਾਰਕ ਚਿੰਨ੍ਹ ਨੂੰ ਮਨੁੱਖੀ

ਵਿਹਾਰ ਦੇ ਦਾਇਰੇ ਵਿੱਚ ਰੱਖਦੇ ਹਨ, ਕਿਉਂਕਿ ਸਭਿਆਚਾਰ ਦੇ ਅੰਤਰਗਤ ਵਿਚਾਰੇ ਜਾਣ ਵਾਲੇ ਵਿਚਾਰ, ਵਸਤੂ ਤੇ ਵਰਤਾਰੇ ਦਾ ਸੁਭਾਅ ਪ੍ਰਤੀਕਾਤਮਕ ਹੁੰਦਾ ਹੈ। ਮਨੁੱਖੀ ਆਦਾਨ-ਪ੍ਰਦਾਨ ਦੇ ਦੋ ਰੂਪ 'ਸੰਕੇਤ' ਅਤੇ 'ਪ੍ਰਤੀਕ ਮੰਨੇ ਜਾਂਦੇ ਹਨ। ਸੰਕੇਤ ਵਸਤੂਗਤ ਸੰਸਾਰ ਨਾਲ ਤੇ ਪ੍ਰਤੀਕ ਮਨੁੱਖ ਦੇ ਵਿਚਾਰਾਤਮਕ ਜਗਤ ਨਾਲ ਸੰਬੰਧ ਰੱਖਦਾ ਹੈ। ਜੰਗਲ ਵਿੱਚੋਂ ਨਿਕਲਦਾ ਧੂਆਂ ਅੱਗ ਦਾ ਸੰਕੇਤ ਹੈ।ਸੰਕੇਤ ਤੋਂ ਉਲਟ ਪ੍ਰਤੀਕ ਦੁਆਰਾ ਸੰਚਾਰਿਤ ਅਰਥ ਦੀ ਵਿਸ਼ੇਸ਼ਤਾ ਉਸਦੀ ਇਕਸਾਰਤਾ ਨਹੀਂ ਸਗੋਂ ਬਹੁਪੱਖਤਾ ਹੈ।"*(ਸਭਿਆਚਾਰ ਅਤੇ ਪੰਜਾਬੀ ਸਭਿਆਚਾਰ: ਨਵ ਪਰਿਪੇਖ 21)*

ਮਨੁੱਖ ਦੇ ਰਹਿਣ ਲਈ ਬਸੇਰਾ ਚਾਹੀਦਾ ਹੁੰਦਾ ਹੈ। ਮਨੁੱਖ ਦੀਆਂ ਲੋੜਾਂ ਸਾਂਝੀਆਂ ਹੋਣ ਕਰਕੇ ਇੱਕ ਥਾਂ ਬਸੇਰਾ ਕਰ ਲੈਂਦੇ ਹਨ। ਜਿੱਥੇ ਉਹ ਮਿਲ ਕੇ ਰਹਿੰਦੇ ਅਤੇ ਇੱਕ ਦੂਜੇ ਦੀਆਂ ਲੋੜਾਂ ਨੂੰ ਪੂਰੀਆਂ ਕਰਦੇ ਹਨ। ਕੁੱਲੀ ,ਗੁੱਲੀ ਤੇ ਜੁੱਲੀ ਦੀ ਲੋੜ ਮਨੁੱਖ ਦੀ ਸਾਂਝੀ ਲੋੜ ਹੁੰਦੀ ਹੈ। ਮਨੁੱਖ ਆਪੋ ਆਪਣੇ ਸਭਿਆਚਾਰ ਦੇ ਅਨੁਸਾਰ ਇਹਨਾਂ ਲੋੜਾਂ ਨੂੰ ਪੂਰਾ ਕਰ ਲੈਂਦਾ ਹੈ। ਪੰਜਾਬੀ ਸਾਹਿਤ ਦੇ ਮਹਾਨ ਚਿੰਤਕ ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਅਨੁਸਾਰ ਸਭਿਆਚਾਰ ਦੇ ਤਿੰਨ ਅੰਗ ਮੰਨੇ ਗਏ ਹਨ।

- ਪਦਾਰਥਕ ਸਭਿਆਚਾਰ
- ਪ੍ਰਤੀਮਾਨਕ ਸਭਿਆਚਾਰ
- ਬੋਧਾਤਮਿਕ ਸਭਿਆਚਾਰ

**ਪਦਾਰਥਕ ਸਭਿਆਚਾਰ**: ਉਹ ਸਾਰੀਆਂ ਵਸਤਾਂ ਆਉਂਦੀਆਂ ਹਨ, ਜੋ ਮਨੁੱਖ ਨੇ ਸਿਰਜੀਆਂ ਹਨ ਜਾਂ ਜਿਨ੍ਹਾਂ ਨੂੰ ਮਨੁੱਖ ਸਿਰਜਦਾ ਹੈ ਭਾਵੇਂ ਉਹ ਪ੍ਰਕ੍ਰਿਤੀ ਵਿੱਚੋਂ ਹੀ ਬਣੀਆਂ ਬਣਾਈਆਂ ਕਿਉਂ ਨਾ ਮਿਲਦੀਆਂ ਹੋਣ। ਸਭਿਆਚਾਰ ਦੇ "ਪਦਾਰਥਕ' ਅੰਗ ਸਭਿਆਚਾਰ ਦੀ ਪਹਿਚਾਣ ਲਈ ਬਹੁਤ ਹੀ ਮਹੱਤਵਪੂਰਨ ਮਾਧਿਅਮ ਹਨ। ਪਦਾਰਥਕ ਸਭਿਆਚਾਰ ਦੇ ਕੁਝ ਮਹੱਤਵਪੂਰਨ ਅੰਸ਼, ਕੰਮ-ਧੰਦੇ, ਸਾਜੋ-ਸਾਮਾਨ, ਹਾਰ-ਸ਼ਿੰਗਾਰ, ਰਹਿਣ-ਸਹਿਣ ਤੇ ਖਾਣ-ਪੀਣ ਆਦਿ ਹਨ।" *(ਸਭਿਆਚਾਰ ਮੁੱਢਲੀ ਜਾਣ-ਪਛਾਣ 30)*

**ਪ੍ਰਤਿਮਾਨਕ ਸਭਿਆਚਾਰ**: ਪ੍ਰਤਿਮਾਨਕ ਸਭਿਆਚਾਰ, ਸਭਿਆਚਾਰ ਦਾ ਉਹ ਅੰਗ ਹੈ, "ਜਿਹੜਾ ਮਨੁੱਖੀ ਵਿਹਾਰ ਲਈ ਪ੍ਰਤਿਮਾਨ ਜਾਂ ਨਿਯਮ ਸਥਾਪਿਤ ਕਰਦਾ ਹੈ ਅਤੇ ਮਨੁੱਖੀ ਵਿਹਾਰ ਨੂੰ ਨਿਯਮਤ ਕਰਦਾ ਅਤੇ ਅਗਵਾਈ ਦੇਂਦਾ ਹੈ।" *(ਬਲਬੀਰ ਸਿੰਘ ਪੂੰਨੀ. ਪੰਜਾਬੀ ਲੋਕਧਾਰਾ ਅਤੇ ਸਭਿਆਚਾਰ 18-19)*

ਇਹ ਨਿਯਮ ਦੋ ਭਾਂਤ ਦੇ ਹੁੰਦੇ ਹਨ:-

- ਨਿਰਦੇਸ਼ਾਤਮਕ ਨਿਯਮ: ਇਹ ਕਰੋ।
- ਨਿਸ਼ੇਧਾਤਮਕ: ਇਹ ਨਾ ਕਰੋ।

ਇਹਨਾਂ ਨਿਯਮਾਂ ਦੀ ਵੰਡ ਪ੍ਰਤੱਖ ਅਤੇ ਪ੍ਰੋਖ ਵਿੱਚ ਕੀਤੀ ਜਾਂਦੀ ਹੈ। ਪ੍ਰਤੱਖ ਨਿਯਮ ਉਹ ਨਿਯਮ ਹੁੰਦੇ ਹਨ, ਜੋ ਸਮਾਜ ਦੇ ਵਿੱਚ ਸਿਖਾਏ ਜਾਂਦੇ ਹਨ, ਜਿਵੇਂ ਕਿ ਉਬਾਸੀ ਲੈਣ ਸਮੇਂ ਮੂੰਹ ਨੂੰ ਹੱਥ ਜਾਂ ਰੁਮਾਲ ਨਾਲ ਢੱਕ ਲੈਣਾ, ਆਪਣੇ ਤੋਂ ਵੱਡਿਆ ਦਾ ਆਦਰ-ਸਤਿਕਾਰ ਕਰਨਾ ਆਦਿ।

ਪ੍ਰੋਖ ਨਿਯਮ, ਉਹ ਨਿਯਮ ਹੁੰਦੇ ਹਨ, ਜਿਹੜੇ ਸਮਾਜ ਦੇ ਵਿੱਚ ਸਿਖਾਏ ਨਹੀਂ ਜਾਂਦੇ ਹਨ। ਮਨੁੱਖ ਕੁਝ ਆਪ ਮੁਹਾਰੇ ਹੀ ਸਿੱਖ ਜਾਂਦਾ ਹੈ ਜਿਵੇਂ ਕਿ ਆਪਣੇ ਵੱਡਿਆ ਨੂੰ ਦੇਖ ਕੇ ਸਿਰ ਢੱਕ ਲੈਣਾ, ਆਦਿ।

**ਬੋਧਾਤਮਿਕ ਸਭਿਆਚਾਰ**:- ਇਸ ਵਿੱਚ ਵਿਚਾਰ, ਵਤੀਰੇ, ਵਿਸ਼ਵਾਸ, ਆਦਿ ਆ ਜਾਂਦੇ ਹਨ। ਸਾਹਿਤ, ਕਲਾ,ਧਰਮ, ਮਿਥਹਾਸ, ਫਲਸਫ਼ਾ ਆਦਿ ਕੁਝ ਇਸ ਅੰਗ ਦੇ ਵਿੱਚ ਆਉਂਦਾ ਹੈ। "ਜੋ ਪ੍ਰਤਿਮਾਨਕ ਸਭਿਆਚਾਰ ਸਮਾਜਕ ਕਾਰਜ ਦੀ ਉਚਿਤਾ ਜਾਂ ਅਣਉਚਿਤਾ ਬਾਰੇ ਮਿਆਰ ਕਾਇਮ ਕਰਦਾ ਹੈ ਤਾਂ ਇਹਨਾਂ ਮਿਆਰਾਂ ਦਾ ਸੋਮਾ ਉਹ ਫਲਸਫ਼ਾ ਸੰਸਾਰ ਦ੍ਰਿਸ਼ਟੀਕੋਣ ਜਾਂ ਵਿਸ਼ਵਾਸ ਹੁੰਦੇ ਹਨ, ਜਿਨ੍ਹਾਂ ਨੂੰ ਸਮਾਜ ਨੇ ਆਪਣੀਆਂ ਸਿਰਜਨਾਵਾਂ ਵਿਚ ਰਚਨ ਦੇ ਢੰਗ ਨਾਲ ਸਾਕਾਰ ਕੀਤਾ ਹੁੰਦਾ ਹੈ।" *(ਸਭਿਆਚਾਰ ਮੁੱਢਲੀ ਜਾਣ-ਪਛਾਣ 36)*

ਵੱਖੋ-ਵੱਖਰੇ ਵਿਦਵਾਨਾਂ ਨੇ ਸਭਿਆਚਾਰ ਦੇ ਅੰਗਾਂ ਨੂੰ ਪਰਿਭਾਸ਼ਿਤ ਕੀਤਾ ਹੈ ਅਤੇ ਹਰ ਇੱਕ ਦਾ ਸਭਿਆਚਾਰ ਦੇ ਅੰਗਾਂ ਨੂੰ ਦਰਸਾਉਣ ਦਾ ਢੰਗ ਵੱਖਰਾ ਹੈ।'ਰੀਲਡ ਅਤੇ ਐਲਨ' ਨੇ ਸਭਿਆਚਾਰਕ ਸਿਸਟਮ ਦੇ ਪੰਜ ਅੰਗ ਦੱਸੇ ਹਨ:-

- ਗਰੁੱਪ
- ਮਾਹੌਲ
- ਪਦਾਰਥਕ ਸਭਿਆਚਾਰ
- ਸਭਿਆਚਾਰਕ ਪਰੰਪਰਾਵਾਂ
- ਮਨੁੱਖੀ ਵਿਹਾਰ

*(ਸਭਿਆਚਾਰ ਮੁੱਢਲੀ ਜਾਣ-ਪਛਾਣ 28)*

ਸਭਿਆਚਾਰ ਸਮਾਜ ਦਾ ਹਿੱਸਾ ਹੈ। ਇਹ ਸਮਾਜ ਦੇ ਵਿੱਚ ਰਹਿ ਕੇ ਹੀ ਗ੍ਰਹਿਣ ਕੀਤਾ ਜਾਂਦਾ ਹੈ। ਸਭਿਆਚਾਰ ਦਾ ਜਨਮ ਤੇ ਵਿਕਾਸ ਮਨੁੱਖ ਦੇ ਜਨਮ ਨਾਲ ਹੀ ਹੁੰਦਾ ਹੈ। ਮਨੁੱਖ ਜਨਮ ਤੋਂ ਹੀ ਸਭਿਅਕ ਨਹੀ ਬਣਦਾ ਸਗੋਂ ਸਮਾਜ ਮਨੁੱਖ ਦੀ ਪਸ਼ੂ ਬਿਰਤੀ ਨੂੰ ਸਭਿਅਕ ਮਨੁੱਖ ਦੇ ਵਿੱਚ ਤਬਦੀਲ ਕਰਦਾ ਹੈ। ਮਨੁੱਖ ਨੂੰ ਸਭਿਅਕ ਮਨੁੱਖ ਬਣਨ ਦੇ ਲਈ ਪ੍ਰਕਿਰਤੀ ਨਾਲ ਟੱਕਰ ਲੈਣੀ ਪੈਂਦੀ ਹੈ। ਮਨੁੱਖ ਨੂੰ ਆਪਣੇ ਜੀਵਨ ਨੂੰ ਚਲਾਉਣ ਦੇ ਲਈ ਭੋਜਨ ਦੀ ਲੋੜ ਪੈਂਦੀ ਹੈ। ਇਸ ਲਈ ਉਹ ਪਦਾਰਥਕ ਅਤੇ ਗੈਰ-ਪਦਾਰਥਕ ਵਸਤਾਂ ਦੀ ਪੈਦਾਵਾਰ ਕਰਦਾ ਹੈ।

**ਸਭਿਆਚਾਰ ਦੇ ਲੱਛਣ**

ਸਭਿਆਚਾਰ ਇੱਕ ਜੁੱਟ ਅਤੇ ਜਟਿਲ ਵਰਤਾਰਾ:- ਸਭਿਆਚਾਰ ਦੇ ਸਾਰੇ ਅੰਗ ਜ਼ੰਜ਼ੀਰ ਦੀਆਂ ਕੜੀਆਂ ਵਾਂਗ ਸਦਾ ਸਾਦੇ ਢੰਗ ਨਾਲ ਆਪਸ ਦੇ ਵਿੱਚ ਜੁੜੇ ਨਹੀ ਹੁੰਦੇ ਸਗੋਂ ਇੱਕ ਮਸ਼ੀਨ ਦੀਆਂ ਕੜੀਆਂ ਵਾਂਗ ਜੁੜੇ ਹੁੰਦੇ ਹਨ।" ਜਦੋਂ ਇੱਕ ਅੰਗ ਜਾਂ ਪੁਰਜ਼ਾ ਬਦਲਦਾ ਹੈ ਤਾਂ ਦੂਸਰੇ ਪੁਰਜ਼ੇ ਵੀ ਆਪਣੇ ਆਪ ਵੱਧ ਜਾਂ ਘੱਟ ਪ੍ਰਭਾਵਿਤ ਹੋ ਜਾਂਦੇ ਹਨ।" *(ਬਲਬੀਰ ਸਿੰਘ ਪੂੰਨੀ. ਲੋਕਧਾਰਾ ਅਤੇ ਸਭਿਆਚਾਰ 138)*

ਇਹ ਤਾਂ ਸਪਸ਼ੱਟ ਹੈ ਕਿ ਸਭਿਆਚਾਰ ਦੇ ਇੱਕ ਅੰਗ ਦੇ ਵਿੱਚ ਆਇਆ ਪਰਿਵਰਤਨ ਦੂਸਰੇ ਅੰਗ ਨੂੰ ਆਪਣੇ ਆਪ ਥੋੜਾ ਜਾਂ ਬਹੁਤਾ ਪਰਿਵਰਤਿਤ ਕਰ ਦਿੰਦਾ ਹੈ। ਜਿਵੇਂ ਕਿ ਸੋਸ਼ਲ ਮੀਡੀਆ ਦੀ ਨਵੀਨ ਕਾਢ ਆਦਿ। ਸਭਿਆਚਾਰ ਮਨੁੱਖੀ ਸਮਾਜ ਦੇ ਵਿੱਚ ਹੀ ਸੰਭਵ ਹੋ ਸਕਦਾ ਹੈ। ਇਹ ਸਮਾਜ ਦੇ ਸਿੱਖਿਅਕ

ਪੱਖ ਵਿੱਚ ਆਉਂਦਾ ਹੈ। ਉਦਾਹਰਨ ਦੇ ਤੌਰ ‘ਤੇ ਬੱਚਾ ਜਨਮ ਤੋਂ ਬਾਅਦ ਆਪਣੀ ਮਾਂ ਕੋਲ ਹੀ ਸਿੱਖਿਆ ਗ੍ਰਹਿਣ ਕਰਦਾ ਹੈ। ਕਿਉਂਕਿ ਮਾਂ ਹੀ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ, ਜੋ ਉਸਨੂੰ ਨੈਤਿਕ ਅਤੇ ਸਮਾਜਕ ਸਿੱਖਿਆ ਦਿੰਦੀ ਹੈ।“ਇਹ ਤਜ਼ਰਬੇ ਕੀਤੇ ਗਏ ਹਨ ਕਿ ਬੂਲੰਗੜੇ ਨੂੰ ਕੁੱਤੀ ਪਾਲੇ ਤਾਂ ਵੀ ਉਹ ਮਿਆਊ ਹੀ ਕਰੇਗਾ ਭੌਂਕੇਗਾ ਨਹੀ ਪਰ ਜੇ ਮਨੁੱਖ ਦੇ ਬੱਚੇ ਨੂੰ ਜੰਮਣ ਵੇਲੇ ਤੋਂ ਹੀ ਭੈੜੀ ਸੰਗਤ ਵਿੱਚ ਸੁੱਟ ਦਿੱਤਾ ਜਾਏ, ਤਾਂ ਉਹ ਉਹਨਾਂ ਵਾਂਗ ਹੀ ਹੁਆਂਕੇਗਾ ਜਾਂ ਛਲਾਂਗਾਂ ਲਾਇਆ ਕਰੇਗਾ।“ *(ਗੁਰਬਖ਼ਸ਼ ਸਿੰਘ ਫ਼ਰੈਂਕ. ਸਭਿਆਚਾਰ ਦੀ ਮੁੱਢਲੀ ਜਾਣ-ਪਛਾਣ 40)*

ਸਭਿਆਚਾਰ ਸਮਾਜ ਦੇ ਵਿੱਚੋਂ ਗ੍ਰਹਿਣ ਕੀਤਾ ਜਾਂਦਾ ਹੈ:- ਮਨੁੱਖੀ ਸਮਾਜ ਦਾ ਹਿੱਸਾ ਹੋਣ ਕਰਕੇ ਸਭਿਆਚਾਰ ਸਮਾਜ ਵਿੱਚੋਂ ਹੀ ਗ੍ਰਹਿਣ ਕੀਤਾ ਜਾਂਦਾ ਹੈ। ਮਨੁੱਖ ਨੂੰ ਸਮਾਜਕ ਨਿਯਮ ਸਿੱਖਣੇ ਪੈਂਦੇ ਹਨ। ਪਸ਼ੂ ਆਪਣੀਆਂ ਪਸ਼ੂ ਬਿਰਤੀਆਂ ਦੇ ਨਾਲ ਹੀ ਜੰਮਦੇ ਹਨ, ਪਰ ਮਾਨਵ ਦੇ ਵਿੱਚ ਮਾਨਵਤਾ ਦੀ ਬਿਰਤੀ ਹੀ ਹੁੰਦੀ ਹੈ। ਮਨੁੱਖ ਕੋਰੇ ਕਾਗਜ਼ ਦੀ ਤਰ੍ਹਾਂ ਹੁੰਦੇ ਹਨ, ਉਸ ਉੱਤੇ ਜੋ ਲਿਖਿਆ ਜਾਵੇ ਉਸ ਦਾ ਰੰਗ ਚੜ੍ਹ ਜਾਂਦਾ ਹੈ। “ਸਮਾਜ ਵਿਗਿਆਨੀ ਡੇਵਿਸ ਕਿੰਗਜ਼ਲੇ ਨੇ ਆਪਣੀ ਪੁਸਤਕ ‘ਮਨੁੱਖੀ ਸਮਾਜ’ਵਿੱਚ ਦੋ ਅਜਿਹੀਆਂ ਬੱਚੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੂੰ ਸਮਾਜਕ ਸੰਪਰਕ ਤੋਂ ਦੂਰ ਰੱਖ ਕੇ ਪਾਲਿਆ ਜਾਂਦਾ ਹੈ। ਦਸ ਬਾਰਾਂ ਸਾਲਾਂ ਮਗਰੋਂ ਨਾ ਤਾਂ ਉਹ ਮਨੁੱਖੀ ਭਾਸ਼ਾ ਬੋਲ ਸਕਦੀਆਂ ਹਨ ਤੇ ਨਾ ਹੀ ਕਿਸੇ ਤਰ੍ਹਾਂ ਦਾ ਸਮਾਜਕ ਕਾਰ-ਵਿਹਾਰ ਕਰਨ ਦੇ ਯੋਗ ਹਨ। ਇੱਥੋਂ ਤੱਕ ਹੀ ਸਰੀਰਕ ਬਣਤਰ ਵੀ ਮਨੁੱਖੀ ਢਾਂਚੇ ਅਨੁਕੂਲ ਨਹੀ ਰਹਿੰਦੀ।”*(ਸਭਿਆਚਾਰ ਅਤੇ ਪੰਜਾਬੀ ਸਭਿਆਚਾਰ: ਨਵ ਪਰਿਪੇਖ 27)*

ਮਨੁੱਖ ਹਰ ਸਮੇਂ ਕੁਝ ਨਾ ਕੁਝ ਸਿੱਖਦਾ ਹੀ ਰਹਿੰਦਾ ਹੈ। ਸਿੱਖਣ ਦਾ ਨਾਮ ਹੀ ਜ਼ਿੰਦਗੀ ਹੈ। ਇੱਕ ਪੀੜ੍ਹੀ ਦੂਜੀ ਪੀੜ੍ਹੀ ਤੋਂ ਕੁਝ ਨਾ ਕੁਝ ਗ੍ਰਹਿਣ ਕਰਦੀ ਰਹਿੰਦੀ ਹੈ। ਮਨੁੱਖ ਆਪਣੇ ਆਪ ਬਦਲੇ ਹੋਏ ਹਾਲਤਾਂ ਦੇ ਮੁਤਾਬਕ ਢਾਲ ਲੈਂਦਾ ਹੈ।

**ਸਭਿਆਚਾਰ ਪਵਿਰਤਨਸ਼ੀਲ**: ਪਰਿਵਰਤਨ ਕੁਦਰਤ ਦਾ ਨੇਮ ਹੈ। ਹਰ ਸਮੇਂ ਕੋਈ ਨਾ ਕੋਈ ਪਵਿਰਤਰਨ ਆਉਂਦਾ ਰਹਿੰਦਾ ਹੈ। ਨਵੇਂ ਆਗਮਨ ਨਾਲ ਪੁਰਾਣੀ ਚੀਜ਼ ਆਪਣੇ ਵਿਨਾਸ਼ ਦੇ ਵੱਲ ਚਲੀ ਜਾਂਦੀ ਹੈ। ਜਿਵੇਂ

ਕਿ ਮੱਧ ਕਾਲ ਤੋਂ ਨਵੀਨ ਕਾਲ ਦਾ ਸਫ਼ਰ ਆਦਿ। ਮਨੁੱਖ ਨੇ ਕੁਦਰਤ ਨੂੰ ਆਪਣੇ ਅਨੁਸਾਰ ਢਾਲ ਕੇ ਨਵੀਨ ਤਜ਼ਰਬੇ ਕੀਤੇ ਸਨ। ਇਹ ਕਾਂਢਾਂ ਹੀ ਨਵੀਨ ਪਰਿਵਰਤਨ ਦੇ ਵੱਲ ਪਹਿਲਾ ਕਦਮ ਸੀ। ਇਹ ਅਮਲ ਲਗਾਤਾਰ ਚਲਦਾ ਰਹਿੰਦਾ ਹੈ।

**ਸਭਿਆਚਾਰ ਸਰਵ-ਵਿਆਪਕ** : ਇਹ ਸਭਿਆਚਾਰ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਦੁਨੀਆਂ ਦੇ ਹਰ ਸਮਾਜ ਵਿੱਚ ਸਭਿਆਚਾਰ ਮੋਜੂਦ ਹੁੰਦਾ ਹੈ। ਕੋਈ ਵੀ ਸਮਾਜ ਸਭਿਆਚਾਰ ਦੇ ਬਿਨ੍ਹਾਂ ਨਹੀ ਹੋ ਸਕਦਾ। ਹਰ ਸਭਿਆਚਾਰ ਸਰਵ-ਵਿਆਪਕ ਹੋਣ ਦੇਂ ਬਾਵਜੂਦ ਵੀ, ਉਸਦੀ ਵੱਖਰੀ ਤੇ ਨਿਵੇਕਲੀ ਪਹਿਚਾਣ ਹੈ। ਜਿਵੇਂ ਕਿ ਪੰਜਾਬੀ ਸਭਿਆਚਾਰ ਦੁਨੀਆਂ ਦਾ ਵਿਸ਼ੇਸ਼ ਤੇ ਵਿਲੱਖਣ ਸਭਿਆਚਾਰ ਹੈ। ਹਰ ਸਭਿਆਚਾਰ ਦੇ ਵਿੱਚ ਪਰਿਵਰਤਨ ਦੀ ਸੀਮਾ ਵਿਭਿੰਨ ਪਾਈ ਜਾਂਦੀ ਹੈ।

**ਸਭਿਆਚਾਰ ਵਿਅਕਤੀਗਤ ਸੰਪਤੀ ਨਹੀਂ**:- ਸਭਿਆਚਾਰ ਮਾਨਵ ਦੀ ਵਿਅਕਤੀਗਤ ਸੰਪਤੀ ਨਹੀਂ ਸਗੋਂ ਇਹ ਮਾਨਵ ਦੀ ਸਮੂਹਿਕ ਸੰਪਤੀ ਹੈ। ਮਾਨਵ ਆਪਣੀਆਂ ਸਮਾਜਕ ਲੋੜਾਂ ਜਾਂ ਜ਼ਰੂਰਤਾਂ ਦੇ ਕਰਕੇ ਇਕੱਠੇ ਰਹਿੰਦੇ ਹਨ ਜਿਵੇਂ ਅੱਗ ਦੀ ਖੋਜ ਪਹਿਲਾਂ ਕਿਸ ਨੇ ਕੀਤੀ ਜਾਂ ਛਾਪੇਖਾਨੇ ਦਾ ਕੰਮ ਕਿਸ ਦੇਸ਼ ਨੇ ਪਹਿਲਾਂ ਸ਼ੁਰੂ ਕੀਤਾ ਆਦਿ। ਅਸਲ ਦੇ ਵਿੱਚ ਮਨੁੱਖੀ ਵਿਹਾਰ ਨੂੰ ਸਮਾਜ ਦੇ ਦੁਆਰਾ ਨਿਯਮਿਤ ਕੀਤਾ ਜਾਂਦਾ ਹੈ। ਉਸ ਦੇ ਮੁਤਾਬਕ ਹੀ ਵਿਹਾਰ ਅਤੇ ਚੀਜ਼ਾਂ ਦੀ ਵਰਤੋਂ ਕਰਦਾ ਹੈ ਜਿਸ ਨੂੰ ਸਮਾਜ ਨਿਰਧਾਰਿਤ ਕਰਦਾ ਹੈ।

**ਬਾਹਰੀ ਪ੍ਰਭਾਵਾਂ ਰਾਹੀਂ ਪਰਿਵਰਤਨ**:- ਇੱਕ- ਦੂਜੇ ਦੇ ਸੰਪਰਕ ਵਿੱਚ ਆਉਣ ਨਾਲ ਥੋੜਾ ਜਾਂ ਬਹੁਤਾ ਪਰਿਵਰਤਨ ਜ਼ਰੂਰ ਹੁੰਦਾ ਹੈ। ਇਸੇ ਤਰ੍ਹਾਂ ਇੱਕ ਸਭਿਆਚਾਰ ਦੂਸਰੇ ਸਭਿਆਚਾਰ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਪਰਿਵਰਤਨ ਲਾਜ਼ਮੀ ਹੀ ਹੁੰਦਾ ਹੈ। ਜਿਵੇਂ ਕਿ ਪੰਜਾਬ ਦੇ ਵਿੱਚ ਮੁਗਲ, ਇਰਾਨੀ, ਆਦਿ ਜਾਤਾਂ ਆਈਆਂ। ਉਹਨਾਂ ਸਭਿਆਚਾਰ ਤੇ ਪ੍ਰਭਾਵ ਵੀ ਪੰਜਾਬੀ ਸਭਿਆਚਾਰ ਦੇ ਵਿੱਚ ਰੱਲਗੱਡ ਹੋ ਗਏ। "ਅਸੀ ਸਮੇਂ ਸਮੇਂ ਕਿਸੇ ਸਿਆਹੀ ਚੂਸ ਵਾਂਗ ਬੜੀ ਸਹਿਜ ਅਵਸਥਾ ਵਿੱਚ ਗੈਰ ਪ੍ਰਭਾਵ ਕਬੂਲਦੇ ਤੇ ਆਪਣੇ ਨਿੱਤ ਦੇ ਵਰਤੋਂ ਵਿਹਾਰ, ਸੋਚ ਵਿਚਾਰ ਤੇ ਬੋਲਚਾਲ ਵਿੱਚ ਅਪਨਾ ਲੈਂਦੇ ਹਾਂ। ਕੁਝ ਚਿਰ ਪਿੱਛੋਂ ਉਹਨਾਂ ਦੇ

ਗੈਰ ਹੋਣ ਦਾ ਚੇਤਾ ਵੀ ਨਹੀ ਰਹਿੰਦਾ।"*(ਪ੍ਰੀਤਮ ਸਿੰਘ. ਪੰਜਾਬ ਅਤੇ ਪੰਜਾਬੀ ਸਭਿਆਚਾਰ ਉੱਤੇ ਪਏ ਵਿਦੇਸ਼ੀ ਪ੍ਰਭਾਵ 19)*

ਇਹਨਾਂ ਪ੍ਰਭਾਵਾਂ ਦੇ ਬਾਵਜੂਦ ਕੋਈ ਰਸਮ ਖ਼ਤਮ ਨਹੀ ਹੁੰਦੀ ਸਗੋਂ ਉਹਨਾਂ ਦੇ ਵਿੱਚ ਅੰਤਰ ਜ਼ਰੂਰ ਆ ਜਾਂਦਾ ਹੈ। ਹਰ ਇੱਕ ਕੌਮ ਦਾ ਆਪਣਾ ਵਿਸ਼ਾਲ ਸਭਿਆਚਾਰ ਹੈ। ਉਸਦੀ ਆਪਣੀ ਵਿਲੱਖਣਤਾ ਹੈ ਇਵੇਂ ਹੀ ਪੰਜਾਬੀ ਸਭਿਆਚਾਰ ਹੈ।

## 1.12 ਖਪਤ ਸਭਿਆਚਾਰ: ਅਰਥ ਤੇ ਪਰਿਭਾਸ਼ਾ

ਸਭਿਆਚਾਰ ਮਨੁੱਖੀ ਜੀਵਨ ਦਾ ਅਹਿਮ ਅੰਗ ਹੈ, ਜੋ ਮਨੁੱਖੀ ਜੀਵਨ ਨੂੰ ਕੰਟਰੋਲ ਕਰਦੀ ਹੈ। ਸਮੇਂ ਸਮੇਂ ਤੇ ਸਭਿਆਚਾਰ ਵਿੱਚ ਨਵੇਂ ਪੜਾਵਾਂ ਦਾ ਆਗਮਨ ਹੋਇਆ ਹੈ। ਖਪਤ ਸਭਿਆਚਾਰ ਉਹਨਾਂ ਪਰਿਵਰਤਨਾਂ ਦਾ ਇੱਕ ਹਿੱਸਾ ਹੈ। ਅਜੋਕਾ ਸੰਸਾਰ ਖਪਤ ਦਾ ਪਾਸਾਰ ਹੈ। ਇੱਕ ਪਾਸੇ ਖਪਤ ਵਿਕਾਸ ਦਾ ਪ੍ਰਤੀਕ ਨਜ਼ਰ ਆਉਂਦਾ ਹੈ ਦੂਸਰੇ ਪਾਸੇ ਜੇ ਗੂੜ੍ਹ ਦ੍ਰਿਸ਼ਟੀ ਨਾਲ ਦੇਖਿਆ ਜਾਏ ਤਾਂ ਇਹ ਸਭਿਆਚਾਰ ਨੂੰ ਘਾਤ ਲਗਾ ਰਿਹਾ ਹੈ। "ਖਪਤ ਨੂੰ ਅੰਗਰੇਜ਼ੀ ਦੇ ਵਿੱਚ 'Consumer' ਆਖਿਆ ਜਾਂਦਾ ਹੈ। ਖਪਤ ਦੇ ਅਰਥ ਲਈ ਕਯ, ਵਿਨਾਸ਼ ,ਆਦਿ ਵਰਤੇ ਗਏ ਹਨ।" *(ਭਾਈ ਕਾਨ੍ਹ ਸਿੰਘ ਨਾਭਾ. ਮਹਾਨ ਕੋਸ਼ 275)*

ਖਪਤ ਦੇ ਲਈ ਵੱਖੋ-ਵੱਖਰੇ ਸ਼ਬਦ ਵਰਤੇ ਜਾਂਦੇ ਹਨ ਜਿਵੇਂ ਭੌਤਿਕਵਾਦ, ਪਦਾਰਥਵਾਦ ਆਦਿ। ਖਪਤ ਸਭਿਆਚਾਰ ਦੀ ਪਹਿਲੀ ਵਾਰੀ ਵਰਤੋਂ ਸਟੂਅਸ ਏਵਨਸ ਨੇ ਆਪਣੀ ਪੁਸਤਕ ਵਿਚ ਕੀਤੀ ਸੀ। ਕੰਨਸੈਪਟ ਆਫ਼ ਕੋਨਸੀਅਸਨੈਸ; ਸੋਸ਼ਲ ਰੂਟਸ ਆਫ਼ ਕਨਜਿਊਮਰ ਦੇ ਵਿੱਚ ਖਪਤ ਸ਼ਬਦ ਦਾ ਪ੍ਰਯੋਗ ਮਿਲਦਾ ਹੈ। "1976 ਈ. ਦੇ ਵਿੱਚ ਡੈਨੀਅਲ ਬੈਲ ਦੀ ਪੁਸਤਕ ਕਲਚਰਲ ਕੰਨਟਰਾਡਿਕਸ਼ਨ ਆਫ਼ ਕੈਪੀਟਲਿਜ਼ਮ ਦੇ ਵਿੱਚ ਖਪਤ ਸ਼ਬਦ ਦਾ ਪ੍ਰਯੋਗ ਕੀਤਾ ਗਿਆ। ਇਸ ਦਹਾਕੇ ਦੇ ਅੰਤ ਵਿੱਚ ਇਸ ਸ਼ਬਦ ਦੀ ਵਰਤੋਂ ਦਾ ਵਰਤਾਰਾ ਇੰਨਾ ਪ੍ਰਬਲ ਹੋ ਗਿਆ ਕਿ ਵੱਖ-ਵੱਖ, ਸੈਮੀਨਾਰਾਂ, ਪੁਸਤਕ ਸੈਮੀਨਾਰਾਂ ਵਿਚ ਇਸ ਦੀ ਵਿਚਾਰ ਚਰਚਾ ਸ਼ੁਰੂ ਹੋ ਗਈ।" *(Consumer Culture and Postmodernism xiv)*

ਖਪਤ ਸਭਿਆਚਾਰ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਇਸਨੂੰ ਅੰਗਰੇਜ਼ੀ ਦੇ ਵਿੱਚ *Consumer Culture* ਕਹਿੰਦੇ ਹਨ। "ਇਹ ਇੱਕ ਅਜਿਹਾ ਵਰਤਾਰਾ ਹੈ, ਜੋ ਉਪਭੋਗਤਾ ਨੂੰ ਆਪਣੀ ਆਮਦਨ ਨੂੰ ਵੱਧ ਤੋਂ ਵੱਧ ਪਦਾਰਥਿਕ ਵਸਤਾਂ ਉੱਤੇ ਖ਼ਰਚ ਕਰਨ ਦੇ ਲਈ ਪ੍ਰੇਰਿਤ ਕਰਦਾ ਹੈ। ਖਪਤ ਸਭਿਆਚਾਰ ਨੂੰ ਰੇਮੰਡ ਵਿਲੀਅਮ ਚਾਰ ਵਰਗਾਂ ਦੇ ਵਿੱਚ ਬਰਬਾਦ, ਖਤਮ ਕਰਨਾ, ਵਿਅਰਥ, ਖ਼ਰਚ ਰਾਹੀਂ ਪਰਿਭਾਸ਼ਿਤ ਕਰਦਾ ਹੈ।" *(Keywords A Vocabulary of Culture and Society 68-69)*

ਇਸੇ ਤਰ੍ਹਾ ਫਿਲਿਪ ਕੋਟਲਰ ਵੀ ਬਾਕੀ ਵਿਦਵਾਨਾਂ ਦੀ ਤਰ੍ਹਾਂ ਖਪਤ ਸਭਿਆਚਾਰ ਨੂੰ ਪਰਿਭਾਸ਼ਿਤ ਕਰਦਾ ਹੈ। ਉਹ "ਖਪਤ ਸਭਿਆਚਾਰ ਨੂੰ four ps ਦੇ ਹਵਾਲੇ ਨਾਲ ਪਰਿਭਾਸ਼ਿਤ ਕਰਦਾ ਹੈ, ਜਿਵੇਂ ਕਿ ਪਦਾਰਥ, ਸਥਾਪਨਾ, ਵਾਧਾ, ਕੀਮਤ, ਆਦਿ ਦੇ ਰੂਪ ਵਿੱਚ ਕਰਦਾ ਹੈ।" *(An Introduction to Cultural Studies 126)*

**ਭੌਤਿਕ ਸੰਸਕ੍ਰਿਤੀ**: ਸੰਸਕ੍ਰਿਤੀ ਦਾ ਇਹ ਪੱਖ ਜੋ ਭੌਤਿਕ ਵਸਤਾਂ ਅਰਥਾਤ ਸ਼ਿਲਪ ਤੱਥਾਂ ਜਾਂ ਐਸੀ ਚੀਜ਼ਾਂ ਦੇ ਨਾਲ ਬਣਿਆ ਹੁੰਦਾ ਹੈ, ਜਿਨ੍ਹਾਂ ਨੂੰ ਭੌਤਿਕ ਸੰਸਕ੍ਰਿਤੀ ਕਈ ਅਰਥ ਪ੍ਰਦਾਨ ਕਰਦੀ ਹੈ। ਭੌਤਿਕ ਅਰਥਾਤ ਪਦਾਰਥਵਾਦੀ ਸੰਸਕ੍ਰਿਤੀ ਆਖਿਆ ਜਾਂਦਾ ਹੈ। ਸੰਸਕ੍ਰਿਤੀ ਦਾ ਇਹ ਪੱਖ ਸਭਿਅਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮਾਨਵ ਨੇ ਆਪਣੀ ਸੁੱਖ-ਸੁਵਿਧਾਵਾਂ ਦੇ ਅਤੇ ਪ੍ਰਕਿਰਤੀ ਤੋਂ ਆਤਮ-ਰੱਖਿਆ ਦੇ ਲਈ ਜਿਨ੍ਹਾਂ ਵਸਤੂਆਂ ਦਾ ਸਿਰਜਣ ਕੀਤਾ ਹੈ, ਉਹ ਸਾਰੀਆਂ ਵਸਤੂਆਂ ਸੰਸਕ੍ਰਿਤੀ ਦੇ ਭੌਤਿਕ ਪੱਖ ਵਿੱਚ ਸੰਮਿਲਤ ਹੁੰਦੀਆਂ ਹਨ। ਇਸ ਧਾਰਨਾ ਦਾ ਪ੍ਰਯੋਗ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿੱਚ ਕੀਤਾ ਜਾਂਦਾ ਹੈ, ਜਦੋਂ ਕਿਸਾਨ ਆਪਣੇ ਉਤਪਾਦਨ ਦਾ ਉਪਭੋਗ ਨਾ ਕਰਕੇ ਉਸ ਨੂੰ ਨਕਦ ਦੇ ਬਦਲੇ ਵੇਚ ਦਿੰਦੇ ਹਨ।

ਜੋਨ ਟੋਮਲਿਸਨ "ਖਪਤ ਸਭਿਆਚਾਰ ਨੂੰ ਸੁਆਰਥੀ ਸਭਿਆਚਾਰ ਕਹਿੰਦਾ ਹੈ। ਇਸ ਦੇ ਸੁਆਰਥੀ ਪਨ ਨੂੰ ਸਪੱਸ਼ਟ ਕਰਦਾ ਹੋਇਆ ਕਹਿੰਦਾ ਹੈ ਕਿ ਖਪਤ ਸਭਿਆਚਾਰ ਦੇ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਵਸਤਾਂ ਹੋਰਾਂ ਦੀਆਂ ਜ਼ਰੂਰਤਾਂ ਨਾਲ ਘੱਟ ਆਪਣੇ ਸੁਆਰਥ ਨਾਲ ਸੰਬੰਧਿਤ ਹੁੰਦੀਆਂ ਹਨ।" *(Cultural Imperialism A Critical Introduction 123)*

ਖਪਤ ਸਭਿਆਚਾਰ ਦੇ ਵਿੱਚ ਬੱਚਤ ਦਾ ਕੋਈ ਸਿਧਾਂਤ ਨਹੀ ਹੁੰਦਾ ਹੈ। ਇਹ ਸਭਿਆਚਾਰ ਕੇਂਦਰਿਤ ਹੁੰਦਾ ਹੈ। ਇਹ ਸਮਾਜਕ ਕਦਰਾਂ ਕੀਮਤਾਂ ਨੂੰ ਨਿਗੂਣਾ ਬਣਾਉਂਦਾ ਹੈ।

**ਖਪਤ ਸਭਿਆਚਾਰ**

↓

**ਆਮਦਨ**

↓

**ਖਪਤ**

↓

**ਬੇਨਾਮ ਖ਼ਰਚ**

ਉਪਭੋਗਤਾ ਨੂੰ ਵਸਤੂ ਪ੍ਰਾਪਤੀ ਲਈ ਜ਼ੋਰ ਦਿੰਦਾ ਹੈ। ਇਨਸਾਈਕਲੋਪੀਡਿਆ ਬ੍ਰਿਟਿਨਕਾ, “ਉਪਭੋਗਤਾਵਾਦ ਵਿਅਕਤੀਗਤ ਉਪਭੋਗ ਸ਼ਮਤਾ ਨੂੰ ਵਧਾਉਂਦੇ ਹੋਏ ਭੌਤਿਕ ਵਸਤੂਆਂ ਅਤੇ ਸੇਵਾਵਾਂ ਦੇ ਦੁਆਰਾ, ਇਹਨਾਂ ਨੂੰ ਵਿਸ਼ਾਲ ਸਮੂਹ ਵਿੱਚ ਫੈਲਾਉਂਦਾ ਹੈ। ਇਹ ਵਸਤੂਆਂ ਦੇ ਉਪਭੋਗ ਨੂੰ ਹੀ ਵਿਅਕਤੀ ਦੀ ਖ਼ੁਸ਼ੀ ਦਾ ਕੇਂਦਰ ਬਣਾਉਂਦਾ ਹੈ। ਇਸ ਵਿਚਾਰਧਾਰਾ ਦਾ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਦੇ ਉਪਭੋਗ ਦੀ ਵਸਤੂਆਂ ਦੀ ਚੋਣ ਤੇ ਨਿਰਮਾਣ ਨੂੰ ਸਹੀ ਰੂਪ ਦੇਵੇ।” *(ਬਲਬੀਰ ਪਰਵਾਨਾ. ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ 5)*

ਉਪਭੋਗਤਾ ਜਾਂ ਖਪਤ ਸ਼ਬਦ ਦਾ ਅਰਥ ਖੇਤਰ ਬਹੁਤ ਵਿਸ਼ਾਲ ਹੈ। ਇਸ ਨੂੰ ਵੱਖ-ਵੱਖ ਦ੍ਰਿਸ਼ਟੀਕੋਣ ਤੋ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਹ ਆਰਥਿਕਤਾ ਨਾਲ ਸੰਬੰਧ ਰੱਖਦਾ ਹੈ। ਭਾਰਤ ਦੇ ਵਿੱਚ ਖਪਤ ਦਾ ਸਪੱਸ਼ਟ ਸਰੂਪ 20 ਵੀਂ ਸਦੀ ਦੇ ਵਿੱਚ ਪੇਸ਼ ਹੋਇਆ ਹੈ। 20 ਵੀਂ ਸ਼ਤਾਬਦੀ ਦੇ ਵਿੱਚ ਮਨੁੱਖ ਮਾਨਸਿਕ ਅਤੇ ਭੌਤਿਕ ਪੱਖ ਤੋਂ ਵਿਕਸਿਤ ਹੋ ਚੁੱਕਾ ਸੀ। ਮਨੁੱਖ ਦਾ ਭੌਤਿਕ ਵਿਕਾਸ ਹੋਣ ਕਾਰਨ

ਉਹ ਆਪਣੀਆਂ ਲੋੜਾਂ ਜਾਂ ਜ਼ਰੂਰਤਾਂ ਦੇ ਪ੍ਰਤੀ ਸੁਚੇਤ ਹੋਣ ਲੱਗ ਪਿਆ ਸੀ। ਹੌਲੀ- ਹੌਲ਼ੀ ਵਸਤਾਂ ਨੂੰ ਕੇਂਦਰ ਦੇ ਵਿੱਚ ਰੱਖ ਕੇ ਬਜ਼ਾਰ ਦੇ ਸਰੂਪ ਵਿੱਚ ਵਿਸਥਾਰ ਹੋਣ ਲੱਗ ਪਿਆ ਸੀ। ਇਸੇ ਹੀ ਵਿਚਾਰਧਾਰਾ ਨੂੰ ਖਪਤ ਜਾਂ ਉਪਭੋਗ ਕਿਹਾ ਜਾਂਦਾ ਹੈ। ਮਾਰਕਸਵਾਦੀ ਪਰਿਪੇਖ ਵਿੱਚ ਜਦੋਂ ਵਸਤੂਆਂ ਦਾ ਉਤਪਾਦਨ, ਉਤਪਾਦਨ ਕਰਤਾ ਦੁਆਰਾ ਪ੍ਰਤੱਖ ਰੂਪ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਸਥਾਨ ਉਪਰ ਉਸਦਾ ਲਾਭ ਪ੍ਰਾਪਤ ਕਰਨ ਦੇ ਲਈ ਉਤਪਾਦਨ ਕੀਤਾ ਜਾਂਦਾ ਹੈ ਤਾਂ ਇਹ ਵਸਤੂਕਰਨ ਅਖਵਾਉਦਾ ਹੈ।

*The nature of consumer culture:*

ਆਰਥਿਕਤਾ ਸਮਾਜ ਦਾ ਪ੍ਰਮੁੱਖ ਆਧਾਰਸ਼ਿਲਾ ਹੁੰਦੀ ਹੈ। ਆਰਥਕ ਥਿਊਰੀ ਖਪਤ ਦੇ ਵਿੱਚ ਦਿਲਚਸਪੀ ਦਿਖਾਉਂਦੀ ਹੈ, ਕਿਉਂਕਿ ਇਸ ਨੂੰ ਵਸਤਾਂ ਦੇ ਉਤਾਪਦਨ ਦੇ ਵਿਰੋਧ ਰੂਪ ਵਿੱਚ ਦੇਖਿਆ ਜਾਂਦਾ ਹੈ। ਇਸ ਨੂੰ ਮੰਗ ਦੇ ਰੂਪ ਵਿੱਚ ਦਰਸਾਇਆ ਜਾਂਦਾ ਹੈ। ਬਜ਼ਾਰ ਦੀ ਵਿਵਸਥਾ ਆਰਥਕਤਾ ਤੋਂ ਪ੍ਰਭਾਵਿਤ ਹੁੰਦੀ ਹੈ। ਖਰੀਦ ਦੇ ਲੈਣ ਤੇ ਦੇਣ ਦੀ ਪ੍ਰਕਿਰਤੀ ਖਪਤਕਾਰ ਦੇ ਵਿਵਹਾਰ ਉਪਰ ਆਧਾਰਿਤ ਹੁੰਦੀ ਹੈ।ਇਸ ਕਾਰਜ ਦੇ ਦੌਰਾਨ ਖਪਤ ਦੀ ਪ੍ਰਕਿਰਤੀ ਦਾ ਸੰਕਲਨ ਕੀਤਾ ਜਾਂਦਾ ਹੈ। ਵਸਤਾਂ ਦੇ ਅਦਾਨ ਪ੍ਰਦਾਨ ਦੇ ਚਲਨ ਨਾਲ ਕਦਰਾਂ ਕੀਮਤਾਂ ਵੀ ਅਸਰ ਹੇਠ ਆ ਜਾਂਦੀਆ ਹਨ। ਜੀਨ ਬੋਦਰੀ ਲਾਰਦ ਦੇ ਅਨੁਸਾਰ; "ਖਪਤ ਸਭਿਆਚਾਰ ਉਤਰ-ਆਧੁਨਿਕਵਾਦ ਦਾ ਪੇਤਲਾ ਸਭਿਆਚਾਰ ਹੈ, ਜਿਸ ਦੇ ਵਿੱਚ ਸਾਰੀਆਂ ਕਦਰਾਂ-ਕੀਮਤਾਂ ਬਦਲ ਜਾਂਦੀਆ ਹਨ ਅਤੇ ਕਲਾ ਯਥਾਰਥ ਤੇ ਭਾਰੂ ਪੈ ਜਾਂਦੀ ਹੈ।" (*Consumer Culture and Postmodernism* 83)

ਮਨੁੱਖੀ ਸਮਾਜ ਦੇ ਵਿੱਚ ਖਪਤ ਦੇ ਬਾਰੇ ਕਈ ਥਿਊਰੀਆਂ ਸੋਸ਼ਲ ਸਾਇੰਸ ਵਿੱਚ ਮਿਲ ਜਾਂਦੀਆਂ ਹਨ। ਖਪਤਕਾਰ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਵਸਤਾਂ ਨੂੰ ਖਰੀਦਦਾ ਹੈ, ਜਿਸ ਦੀ ਕਲਪਨਾ ਬਜ਼ਾਰ ਦੀ ਥਿਊਰੀ ਵਿੱਚ ਕੀਤੀ ਜਾਂਦੀ ਹੈ। ਹਰ ਸਮਾਜ ਦੀ ਆਪਣੀ ਲੋੜ ਹੁੰਦੀ ਹੈ। ਲੋੜ ਹੀ ਮਨੁੱਖ ਨੂੰ ਸਮਾਜ ਦੇ ਵਿੱਚ ਰਹਿਣ ਦੇ ਲਈ ਮਜਬੂਰ ਕਰਦੀ ਹੈ। ਮਨੁੱਖ ਦੀਆਂ ਇੱਛਾਵਾਂ ਤੇ ਲੋੜਾਂ ਵਿੱਚ ਬਦਲਾਵ ਆਉਣ ਨਾਲ ਇਤਿਹਾਸ ਤੇ ਸਭਿਆਚਾਰ ਪਰਿਵਰਤਨ ਵੀ ਬਿਆਨ ਹੁੰਦਾ ਹੈ। ਲੋੜਾਂ ਹੀ ਮਨੁੱਖੀ ਸਮਾਜ ਦੇ ਮੁੱਲਾਂ ਤੇ ਮਨੁੱਖ ਦੀ ਸੋਚਣੀ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਦਰਅਸਲ ਇਹ ਖਪਤ ਦੀ ਵਿਵਸਥਾ ਨੂੰ

ਉਜਾਗਰ ਕਰਨ ਦਾ ਜਾਂ ਸਮਝ ਦਾ ਇੱਕ ਤਰੀਕਾ ਹੈ। ਖਪਤ ਦਾ ਅਸਰ ਸਮਾਜ ਦੇ ਹਰ ਪੱਖ ਉੱਤੇ ਪੈਂਦਾ ਹੈ। ਬਜ਼ਾਰ ਦੇ ਤੌਰ-ਤਰੀਕੇ ਬਦਲਣ ਨਾਲ ਮਨੁੱਖੀ ਜੀਵਨ ਦੀਆਂ ਲੋੜਾਂ ਵੀ ਬਦਲ ਜਾਂਦੀਆਂ ਹਨ। ਵਸਤਾਂ ਦੀ ਖਪਤ ਹੀ ਜੀਵਨ ਦੇ ਹੋਰ ਪੱਖਾਂ ਨੂੰ ਆਪਣੇ ਕਲਾਵੇ ਦੇ ਵਿੱਚ ਲੈਂਦੀ ਹੈ।ਇਹ ਸਮਾਜ ਦੇ ਪਰਿਵਰਤਨ ਨੂੰ ਯਕੀਨੀ ਬਣਾਉਣ ਲਈ ਹਰ ਹੀਲਾ ਵਰਤਦਾ ਹੈ। ਐਡਰਨੋ ਦੀ ਧਾਰਨਾ ਅਨੁਸਾਰ, "ਉਦਯੋਗ ਦੇ ਜਿਹੇ ਵਰਤਾਰੇ ਨੂੰ ਸਪੱਸ਼ਟ ਕਰਦਾ ਹੋਇਆ ਕਹਿੰਦਾ ਹੈ ਕਿ ਖਪਤਕਾਰ ਕੋਈ ਰਾਜਾ ਨਹੀ ਹੈ ਜਿਵੇਂ ਸਭਿਆਚਾਰ ਉਦਯੋਗ ਯਕੀਨ ਦਿਵਾਉਂਦਾ ਹੈ। ਇਹ ਇਸਦਾ ਵਿਸ਼ਾ ਨਹੀ ਬਲਕਿ ਉਦੇਸ਼ ਹੈ।"*(Cultural Industry 99)*

ਖਪਤ ਦਾ ਵਿਸ਼ੇਸ਼ ਗੁਣ ਇਸ ਦਾ ਨਿੱਜੀਕਰਨ ਹੋਣਾ ਹੈ। ਜਿਸ ਦੇ ਕਾਰਣ ਸਮਾਜ ਦੇ ਵਿੱਚ ਹਰ ਪੱਖ ਨਿੱਜੀਕਰਨ ਤੱਕ ਹੀ ਸੀਮਿਤ ਰਹਿ ਗਿਆ ਹੈ। ਜਿਵੇਂ ਕਿ ਪਰਿਵਾਰਿਕ ਰਿਸ਼ਤੇ ਹੋਣ ਜਾਂ ਕਾਰਖ਼ਾਨੇ ਨਿੱਜੀਕਰਨ ਤੱਕ ਹੀ ਸੀਮਿਤ ਹੋ ਗਏ ਹਨ। ਸਮਾਜ ਦੇ ਹਰ ਅਦਾਰੇ ਭਾਵੇਂ ਉਹ ਸਕੂਲ, ਕਾਰਖਾਨੇ ਆਦਿ ਹੀ ਕਿਉਂ ਨਾ ਹੋਣ, ਇਹ ਅਦਾਰੇ ਉਹਨਾਂ ਦੇ ਮਾਲਕਾਂ ਦੇ ਦੁਆਰਾ ਮਨ-ਮਰਜ਼ੀ ਨਾਲ ਚਲਾਏ ਜਾਂਦੇ ਹਨ। ਇਸ ਦੇ ਅੰਤਰਗਤ ਮਨੁੱਖ ਦਾ ਸ਼ੋਸ਼ਣ ਹੋਣਾ ਸ਼ੁਰੂ ਹੋ ਗਿਆ ਹੈ। ਉਹਨਾਂ ਨੂੰ ਪੂਰਾ ਮਿਹਨਤਾਨਾ ਵੀ ਨਹੀ ਮਿਲਦਾ, ਜਿਸ ਦੇ ਉਹ ਹੱਕਦਾਰ ਹਨ।

ਮਨੁੱਖ ਦੁਆਰਾ ਵਸਤ ਦੀ ਵਰਤੋਂ ਜਾਂ ਜ਼ਰੂਰਤ ਦੇ ਆਧਾਰ ਉੱਤੇ ਖਪਤ ਨੂੰ ਦੋ ਭਾਗਾਂ ਦੇ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਵਰਗ ਦੇ ਵਿੱਚ ਉਦਯੋਗਪਤੀ, ਮਹਾਂ ਨਗਰਾਂ ਦੇ ਵਿੱਚ ਰਹਿਣ ਵਾਲੇ ਉੱਚ ਅਮੀਰ ਵਰਗ ਆਉਂਦਾ ਹੈ। ਇਹਨਾਂ ਨੂੰ ਸਰਵਭੋਗੀ ਕਿਹਾ ਜਾਂਦਾ ਹੈ। ਇਹਨਾਂ ਦੀ ਸਮਰੱਥਾ ਇੰਨੀਂ ਹੁੰਦੀ ਹੈ ਕਿ ਇਹ ਸਮਾਜ ਵਿੱਚ ਆਪਣੇ ਪੱਧਰ ਜਾਂ ਅਹੁਦੇ ਨੂੰ ਬਰਕਰਾਰ ਰੱਖਣ ਲਈ ਸਾਰੇ ਪ੍ਰਕਿਰਤਿਕ ਸਾਧਨਾਂ ਦੀ ਖਪਤ ਕਰਕੇ ਉਹਨਾਂ ਸਾਧਨਾਂ ਨੂੰ ਖ਼ਤਮ ਕਰ ਸਕਦਾ ਹੈ। ਇਹਨਾਂ ਵਰਗਾਂ ਦੇ ਅੰਦਰ ਨਵੀਂ ਨਵੀਂ ਵਸਤੂ ਪ੍ਰਤੀ ਲਾਲਸਾ ਵੱਧਦੀ ਚਲੀ ਜਾਂਦੀ ਹੈ। ਦੂਸਰਾ ਵਰਗ ਉਹ ਹੈ, ਜੋ ਆਪਣੀ ਨਿਰੋਲ ਜ਼ਰੂਰਤਾਂ ਦੇ ਲਈ ਪ੍ਰਕਿਰਤੀ ਉੱਤੇ ਨਿਰਭਰ ਕਰਦਾ ਹੈ। ਉਹਨਾਂ ਨੂੰ ਪ੍ਰਕਿਰਤੀਵਾਦੀ ਜੀਵ ਵੀ ਕਿਹਾ ਜਾ ਸਕਦਾ ਹੈ। ਇਹਨਾਂ ਵਰਗਾਂ ਦੇ ਵਿੱਚ ਇੱਕ ਤਿਹਾਈ ਗਰਾਮੀਣ ਵਰਗ ਆਉਂਦਾ ਹੈ, ਜਿਨ੍ਹਾਂ ਦੀ ਨਿਰੋਲ ਜ਼ਿੰਦਗੀ ਪ੍ਰਕਿਰਤਿਕ

ਸਾਧਨਾਂ ਉੱਤੇ ਨਿਰਭਰ ਕਰਦੀ ਹੈ। ਇਹ ਖੇਤੀ ਕਰਨ ਵਾਲੇ ਕਿਸਾਨ ਜਾਂ ਜੰਗਲਾਂ ਉੱਤੇ ਨਿਰਭਰ ਰਹਿਣ ਵਾਲੇ ਆਦਿ-ਵਾਸੀ ਹੁੰਦੇ ਹਨ। ਵਿਕਸਿਤ ਦੇਸ਼ਾਂ ਦੀ ਧਾਰਨਾ ਭਾਰਤ ਵਰਗੇ ਅਵਿਕਸਿਤ ਦੇਸ਼ ਦੇ ਸਾਹਮਣੇ ਹੈ। ਮਨੁੱਖ ਨੂੰ ਦੋ ਭਾਗਾਂ ਦੇ ਵਿੱਚ ਵੰਡਿਆ ਹੈ। ਇੱਕ ਭਾਗ ਪੂੰਜੀਵਾਦੀ ਸਮਾਜ ਦੇ ਵਿੱਚ ਪ੍ਰਕਿਰਤੀ ਸਾਧਨਾਂ ਦਾ ਉਤਪਾਦਨ ਕਰਦਾ ਅਤੇ ਪੂਰਨ ਉਤਪਾਦਨ ਕਰਕੇ ਉਹਨਾਂ ਵਸਤਾਂ ਨੂੰ ਉਪਭੋਗੀ ਮਨੁੱਖ ਤੱਕ ਪਹੁੰਚਾਉਂਦਾ ਹੈ। ਦੂਸਰੇ ਭਾਗ ਦੇ ਮਨੁੱਖ ਪ੍ਰਕਿਰਤੀ ਦੇ ਵਧੇਰੇ ਨੇੜੇ ਹਨ। ਅਜੋਕਾ ਬਜ਼ਾਰ ਮਨੁੱਖ ਦੀਆਂ ਹਰ ਇੱਛਾਵਾਂ ਜਾਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਲਾ ਹੈ। ਬਜ਼ਾਰ ਮਨੁੱਖ ਦੀ ਜ਼ਰੂਰਤ ਨੂੰ ਆਪਣੀ ਤਾਕਤ ਬਣਾ ਰਿਹਾ ਹੈ। ਅਜੋਕਾ ਬਜ਼ਾਰ ਨਵੀਆਂ ਪੇਸ਼ਕਾਰੀਆਂ ਕਰ ਰਿਹਾ ਹੈ। ਮਨੁੱਖ ਅਸਹਿਜ ਹੀ ਖਿੱਚਿਆ ਚਲਿਆ ਜਾ ਰਿਹਾ ਹੈ।

ਉਪਭੋਗਤਾ ਇੱਕ ਅਜਿਹੀ ਸ਼ਾਖਾ ਹੈ ਜਿਸ ਨੇ ਪੂਰੇ ਸੰਸਾਰ ਨੂੰ ਆਪਣੇ ਕਲਾਵੇ ਦੇ ਵਿੱਚ ਰੱਖਿਆ ਹੋਇਆ ਹੈ। ਪਹਿਲਾਂ ਮਨੁੱਖ ਲੋੜ ਦੇ ਅਨੁਸਾਰ ਵਸਤਾਂ ਦੀ ਖ਼ਰੀਦਦਾਰੀ ਕਰਦਾ ਸੀ। ਹੁਣ ਮਨੁੱਖ ਦੀਆਂ ਲੋੜਾਂ ਨੂੰ ਪੈਦਾ ਕੀਤਾ ਜਾਂਦਾ ਹੈ। ਅਸਲ ਦੇ ਵਿੱਚ ਉਪਭੋਗਤਾ ਦਾ ਸੰਬੰਧ ਤਿਆਰ ਕੀਤੀ ਗਈ ਵਸਤ ਦੇ ਨਾਲ ਹੁੰਦਾ ਹੈ। ਉਹਨਾਂ ਵਸਤਾਂ ਨੂੰ ਵਰਤ ਲਿਆ ਜਾਂਦਾ ਹੈ। ਮਨੁੱਖ ਦੀ ਮਾਨਸਿਕਤਾ ਨੂੰ ਪਹਿਲਾਂ ਆਪਣੇ ਕਲਾਵੇ ਦੇ ਵਿੱਚ ਲਿਆ ਹੈ। ਵਪਾਰੀ ਸਭ ਤੋਂ ਪਹਿਲਾਂ ਮਨੁੱਖੀ ਸੋਚ ਨੂੰ ਆਪਣੀ ਵਸਤ ਦੇ ਨਾਲ ਜੋੜਦਾ ਹੈ। ਮਨੁੱਖੀ ਸੋਚ ਵਿੱਚ ਸਮੇਂ ਦੇ ਬਦਲਾਵ ਦੇ ਨਾਲ ਪਰਿਵਰਤਨ ਆਇਆ ਹੈ। ਉਸ ਤਰ੍ਹਾਂ ਹੀ ਪਹਿਲਾਂ ਬਜ਼ਾਰ ਦਾ ਦਾਇਰਾ ਛੋਟਾ ਸੀ। ਅਜੋਕਾ ਬਜ਼ਾਰ ਨਵੀਨ ਰੂਪ ਦੇ ਵਿੱਚ ਪੇਸ਼ ਹੋ ਰਿਹਾ ਹੈ ਭਾਵੇਂ ਉਹ ਰੂਪ 'ਮਾਲ ਕਲਚਰ'ਜਾਂ ਐਪ ਦੇ ਰਾਹੀਂ ਪੇਸ਼ ਬਜ਼ਾਰ ਹੀ ਕਿਉਂ ਨਾ ਹੋਵੇ। ਭਾਰਤ ਦੇ ਵਿੱਚ ਮਾਲ ਕਲਚਰ ਦੀ ਗਿਣਤੀ ਵੱਧਦੀ ਜਾ ਰਹੀ ਹੈ। ਪਹਿਲਾਂ ਪਹਿਲ ਮਾਲ ਮਹਾਂ-ਨਗਰਾਂ ਦੇ ਵਿੱਚ ਹੀ ਖੋਲ੍ਹੇ ਗਏ ਸੀ। ਹੌਲੀ-ਹੋਲੀ ਮਾਲ ਪੂਰੇ ਦੇਸ਼ ਦੇ ਵਿੱਚ ਖੁੱਲ੍ਹ ਗਏ ਹਨ ਜਿਨ੍ਹਾਂ ਦੇ ਵਿੱਚ ਵੱਡੇ-ਵੱਡੇ ਬ੍ਰਾਂਡ ਦੇ ਕੱਪੜੇ ਮਿਲ ਜਾਂਦੇ ਹਨ। ਇਸ ਤੋਂ ਬਿਨ੍ਹਾਂ ਮਨੁੱਖ ਦੀ ਹਰ ਜ਼ਰੂਰਤ ਦਾ ਸਾਮਾਨ ਮਿਲ ਜਾਂਦਾ ਹੈ। ਮਨੁੱਖ ਨੂੰ ਮਾਲ ਜਾ ਕੇ ਘੁੰਮਣਾ ਜ਼ਿਆਦਾ ਵਧੀਆਂ ਲੱਗਦਾ ਹੈ, ਕਿਉਂਕਿ ਮਾਲ ਦਾ ਮਾਹੌਲ ਵੀ ਮੇਲੇ ਵਰਗਾ ਹੀ ਹੁੰਦਾ ਹੈ।

ਮਨੁੱਖ ਦਾ ਉਪਭੋਗਤਾ ਬਣਨਾ ਆਪਣੀ ਸਵੈ-ਇੱਛਾ ਉੱਤੇ ਨਿਰਭਰ ਕਰਦਾ ਹੈ। ਉਪਭੋਗਤਾ ਨੇ ਮਨੁੱਖ ਲਈ ਅਨੇਕਾਂ ਵਿਕਲਪ ਪ੍ਰਦਾਨ ਕੀਤੇ ਜਿਨ੍ਹਾਂ ਦੇ ਵਿੱਚ ਪੈਸਾ ਇੱਕ ਵਿਕਲਪ ਹੈ। ਮਨੁੱਖ ਪੈਸੇ ਦੇ ਨਾਲ ਹੀ ਵਸਤੂਆਂ ਨੂੰ ਖਰੀਦ ਸਕਦਾ ਹੈ। ਜਿਸ ਮਨੁੱਖ ਦੇ ਕੋਲ ਪੈਸੇ ਦੀ ਘਾਟ ਹੈ,ਉਹ ਕਰਜ਼ੇ ਉੱਤੇ ਵਸਤਾਂ ਨੂੰ ਖਰੀਦਦਾ ਹੈ। ਇਹਨਾਂ ਦੋਵਾਂ ਤਰੀਕਿਆਂ ਦੇ ਨਾਲ ਹੀ ਉਪਭੋਗਤਾ ਦਾ ਵਿਸਥਾਰ ਹੁੰਦਾ ਹੈ। ਵਸਤਾਂ ਖਰੀਦਣ ਦੀ ਸੁਤੰਤਰਤਾ ਇੱਕ ਹੱਦ ਤੱਕ ਠੀਕ ਹੈ ਪਰੰਤੂ ਜੇਕਰ ਇਹ ਮਨੁੱਖੀ ਆਦਤ ਬਣ ਜਾਵੇ। ਇਹ ਮਨੁੱਖੀ ਜੀਵਨ ਦੇ ਲਈ ਕਸ਼ਟਦਾਇਕ ਹੋ ਸਕਦੀ ਹੈ। ਮਨੁੱਖ ਆਪਣੀ ਜ਼ਿੰਦਗੀ ਨੂੰ ਆਰਾਮਦਾਇਕ ਬਣਾਉਣ ਦੇ ਚੱਕਰ ਵਿੱਚ ਜੀਵਨ ਦੇ 'ਮਜ਼ੇ' ਨੂੰ 'ਸਜ਼ਾ' ਦੇ ਵਿੱਚ ਤਬਦੀਲ ਕਰ ਰਿਹਾ ਹੈ। ਥਾਰਸਟਨ ਵੈਬਸਟਨ ਦੀ ਧਾਰਨਾ ਦੇ ਅਨੁਸਾਰ, "ਦਿਖਾਵੇ ਲਈ ਪ੍ਰਦਰਸ਼ਨੀ ਵਸਤੂਆਂ ਦੀ ਖਰੀਦ ਅਤੇ ਪ੍ਰਦਰਸ਼ਨੀ ਦਾ ਅਜਿਹਾ ਤਰੀਕਾ ਹੈ ਜਿਸ ਰਾਹੀਂ ਵਸਤੂ ਦੀ ਪ੍ਰਤਿਸ਼ਠਤਾ ਨੂੰ ਦੂਸਰਿਆਂ ਦੀਆਂ ਅੱਖਾਂ ਸਾਹਮਣੇ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਦਿਖਾਵੇ ਦੀ ਇਹ ਖਪਤ ਵੱਡੇ ਅਤੇ ਸੂਖਮ ਦੋ ਰੂਪਾਂ ਵਿੱਚ ਪੇਸ਼ ਹੁੰਦੀ ਹੈ।" *(The Blackwell Dictionary of Sociology 59)*

ਬਜ਼ਾਰ ਮਨੁੱਖ ਨੂੰ 'ਵਸਤ' ਦੇ ਰੂਪ ਵਿੱਚ ਪੇਸ਼ ਕਰਕੇ ਆਪਣਾ ਹੀ ਫ਼ਾਇਦਾ ਕਾਇਮ ਕਰ ਰਿਹਾ ਹੈ। ਮਨੁੱਖ ਭਰਮ ਦੇ ਵਿੱਚ ਹੀ ਆਪਣੇ ਆਪ ਨੂੰ ਵਸਤ ਦੇ ਰੂਪ ਵਿੱਚ ਤਬਦੀਲ ਕਰੀ ਜਾ ਰਿਹਾ ਹੈ। ਵਾਸਤਵ ਦੇ ਵਿੱਚ ਮਨੁੱਖੀ ਸਮਾਜ ਖਪਤ ਦੇ ਵਿੱਚ ਤਬਦੀਲ ਹੋ ਚੁੱਕਾ ਹੈ। ਬਜ਼ਾਰ ਮਨੁੱਖ ਦੀਆਂ ਅਸੀਮ ਇੱਛਾਵਾਂ ਨੂੰ ਹੀ ਵਸਤ ਦੇ ਕੇਂਦਰ ਦੇ ਵਿੱਚ ਰੱਖ ਰਿਹਾ ਹੈ। ਮਨੁੱਖ ਅਸਲੀਅਤ ਤੋਂ ਕੋਸਾਂ ਦੂਰ ਹੁੰਦਾ ਜਾ ਰਿਹਾ ਹੈ। ਖਪਤ ਅਤੇ ਉਪਭੋਗਤਾ ਦੇ ਵਿੱਚ ਬਹੁਤ ਜ਼ਿਆਦਾ ਅੰਤਰ ਨਹੀ ਹੈ। ਪਹਿਲਾਂ ਮਨੁੱਖ ਆਪਣੇ ਜੀਵਨ ਦੇ ਨਿਰਬਾਹ ਦੇ ਲਈ ਵਸਤਾਂ ਦਾ ਸੇਵਨ ਕਰਦਾ ਸੀ। ਪਹਿਲਾਂ ਵੀ ਰੋਟੀ, ਕੱਪੜਾ, ਮਕਾਨ ਜ਼ਰੂਰੀ ਵਸਤਾਂ ਸਨ। ਅਜੋਕੇ ਸਮੇਂ ਦੇ ਵਿੱਚ ਇਹ ਵਸਤਾਂ ਅਤਿ ਜ਼ਰੂਰੀ ਬਣ ਗਈਆਂ ਹਨ। ਇਹਨਾਂ ਦੇ ਬਿਨ੍ਹਾਂ ਜੀਵਨ ਅਧੂਰਾ ਸਮਝਿਆ ਜਾਂਦਾ ਹੈ। 21 ਵੀਂ ਸਦੀ ਦੀ ਅਸਲੀਅਤ ਇਹ ਹੈ ਕਿ ਮਨੁੱਖ ਵਸਤਾਂ ਦੇ ਸੇਵਨ ਨੂੰ ਹੀ ਅਤੇ ਜੀਵਨ ਨੂੰ ਚੰਗਾ ਬਿਹਤਰ ਬਣਾਉਣ ਦੇ ਲਈ ਵਸਤਾਂ ਦਾ ਉਪਭੋਗ ਕਰਦਾ ਹੈ। ਪਹਿਲਾਂ ਖਪਤ ਦੇ ਵਿੱਚ ਪਰਿਵਰਤਨ ਦੁਨੀਆਂ ਦੇ ਵਿੱਚ ਹੋ ਰਹੇ ਪਰਿਵਰਤਨ ਦੇ ਨਾਲ ਹੁੰਦਾ ਸੀ, ਪਰ ਅੱਜ ਦੇ ਸਮਾਜ ਦੀ ਤਬੀਅਤ ਉਲਟ ਹੋ

ਗਈ ਹੈ। ਖਪਤ ਦੇ ਵਿੱਚ ਹੋ ਰਹੇ ਨਵੇਂ ਨਵੇਂ ਪਰਿਵਰਤਨ ਹੀ ਸਮਾਜ ਦੀ ਸਥਿਤੀ ਨੂੰ ਬਦਲ ਰਹੇ ਹਨ। ਖਪਤ ਸਮਾਜ ਦੇ ਵਿੱਚ ਮਨੁੱਖ ਦੀਆਂ ਇਛਾਵਾਂ ਅਤੇ ਹਿੱਤਾਂ ਨੂੰ ਵਧੇਰੇ ਧਿਆਨ ਕੇਂਦਰਿਤ ਨਹੀ ਕੀਤਾ ਜਾਂਦਾ। ਇਸ ਦਾ ਕਾਰਨ ਇਹ ਹੈ ਕਿ ਇਹ ਸੁਖ-ਸੁਵਿਧਾਵਾਂ ਤੇ ਸਮਾਜਕ ਸਥਿਤੀ ਦਾ ਚਿੰਨ੍ਹ ਬਣਦੇ ਜਾਂਦੇ ਹਨ। ਇਸ ਦਾ ਸੰਬੰਧ ਵਸਤਾਂ ਦੇ ਵਰਤੋਂ ਨਾਲ ਜੋੜਿਆ ਜਾਂਦਾ ਹੈ। ਮਨੁੱਖ ਦੇ ਵਿਅਕਤੀਗਤ ਵਰਤੋਂ, ਵਸਤਾਂ ਨੂੰ ਖਰੀਦਣਾ ਤੇ ਉਹਨਾਂ ਦੀ ਵਰਤੋਂ ਨੂੰ ਖਪਤ ਕਿਹਾ ਜਾਂਦਾ ਹੈ।

ਭਾਰਤ ਦੇ ਵਿੱਚ ਖਪਤ ਦੀ ਰਾਜਨੀਤਿਕ ਵਿਵਸਥਾ ਦੇ ਵਿੱਚ ਅਹਿਮ ਭੂਮਿਕਾ ਹੈ। ਭਾਰਤ ਦੇ ਵਿੱਚ ਵਪਾਰਕ ਕੰਪਨੀਆਂ ਨੂੰ ਦਖ਼ਲ-ਅੰਦਾਜ਼ੀ ਕਰਨ ਨਹੀ ਦਿੱਤਾ ਜਾਂਦਾ ਸੀ। ਪਰ ਜਦੋਂ ਭਾਰਤ ਦੀ ਆਰਥਕ ਹਾਲਤ ਦਿਨ ਬਦਿਨ ਪੇਤਲੀ ਪੈਂਦੀ ਗਈ, ਭਾਰਤ ਦੀ ਆਰਥਕ ਹਾਲਤ ਨੂੰ ਸੁਧਾਰਨ ਦੇ ਲਈ ਹੀ ਕੰਪਨੀਆਂ ਨੂੰ ਬੁਲਾਇਆ ਗਿਆ। ਭਾਰਤ ਦੀਆਂ ਵਪਾਰਕ ਕੰਪਨੀਆਂ ਦੇ ਆਪਸੀ ਏਕਤਾ ਟੁੱਟਣ ਕਰਕੇ ਹੀ ਵਿਦੇਸ਼ੀ ਕੰਪਨੀਆਂ ਨੂੰ ਆਉਣ ਦਾ ਮੌਕਾ ਮਿਲਿਆ। ਅੰਤਰਰਾਸ਼ਟਰੀ ਪੱਧਰ ਉੱਤੇ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਦੇ ਵਿੱਚ ਨਿਵੇਸ਼ ਕਰਨ ਦੀ ਆਗਿਆ ਮਿਲ ਗਈ।ਇਹ ਨਿਰਣਾ ਨਾ ਕੇਵਲ ਰਾਜਨੀਤਿਕ ਤੇ ਆਰਥਕ ਪੱਧਰ ਉੱਤੇ ਨਿਰਣਾਇਕ ਸੀ ਸਗੋਂ ਸਮਾਜਕ ਪੱਖ ਇਸ ਨਿਰਣੇ ਦੇ ਵਿਰੋਧ ਵਿੱਚ ਸੀ। ਉਹਨਾਂ ਨੂੰ ਲੱਗਦਾ ਸੀ ਕਿ ਇਸ ਨਿਰਣੇ ਦੇ ਨਾਲ ਸਮਾਜ ਦੇ ਵਿੱਚ ਗਰੀਬੀ ਦਾ ਵਾਧਾ ਹੋਣਾ ਸੀ। ਭਾਰਤ ਇੱਕ ਅਵਿਕਸਿਤ ਤੇ ਗਰੀਬ ਦੇਸ਼ ਸੀ। ਭਾਰਤ ਦੇ ਵਿੱਚ ਜਨਸੰਖਿਆ ਜ਼ਿਆਦਾ ਸੀ। ਮੱਧ ਵਰਗ ਨੂੰ ਪੈਸੇ ਦੀ ਬੱਚਤ ਕਰਨ ਦੀ ਆਦਤ ਸੀ। ਇਹਨਾਂ ਕਾਰਨਾਂ ਦੇ ਕਰਕੇ ਖਪਤ ਦੀ ਵਿਵਸਥਾ ਪਨਪ ਨਹੀ ਸਕਦੀ ਸੀ। ਭਾਰਤ ਸਰਕਾਰ ਨੂੰ ਆਪਣੇ ਦੇਸ਼ ਦੀ ਅਰਥ-ਵਿਵਸਥਾ ਨੂੰ ਵਿਕਸਿਤ ਕਰਨ ਦੇ ਲਈ ਅਹਿਮ ਫ਼ੈਸਲੇ ਨੂੰ ਸਿਰੇ ਚੜ੍ਹਾਉਣਾ ਪਿਆ। ਹੌਲੀ-ਹੌਲੀ ਵਿਦੇਸ਼ੀ ਕੰਪਨੀਆਂ ਭਾਰਤ ਦੇ ਵਿੱਚ ਆਉਣ ਲੱਗੀਆਂ ਤੇ ਉਹਨਾਂ ਦੀ ਆਪਸੀ ਪ੍ਰਤੀਯੋਗਤਾ ਦਿਨ ਬਦਿਨ ਵੱਧਦੀ ਚਲੀ ਜਾ ਰਹੀ ਸੀ।

ਪ੍ਰਤੀਯੋਗਤਾ ਦੇ ਕਾਰਨ ਮਾਲ ਵਿਕਰੀ ਦੇ ਵਿੱਚ ਵਾਧਾ ਹੋਇਆ। ਵਪਾਰੀਆਂ ਨੇ ਆਪਣੇ ਵਪਾਰ ਦੇ ਵਾਧੇ ਲਈ ਸਮਾਜ ਨੂੰ ਵੀ ਵਪਾਰ ਦਾ ਹੀ ਇੱਕ ਵਿਭਿੰਨ ਅੰਗ ਬਣਾਇਆ ਹੈ। ਮਨੁੱਖ ਦੀ ਤਾਕਤ ਨੂੰ ਸਰੀਰ

ਦੇ ਪੱਖ ਤੋਂ ਜਾਂ ਮਾਨਸਿਕ ਪੱਖ ਤੋ ਨਹੀ ਸਗੋਂ ਉਸ ਦੇ ਪੈਸੇ ਦੀ ਤਾਕਤ ਹੀ ਸਮਾਜ ਦੇ ਵਿੱਚ ਪ੍ਰਤਿਭਾਸ਼ਾਲੀ ਬਣਾਉਂਦੀ ਹੈ। ਬਜ਼ਾਰ ਨੇ ਮਨੁੱਖ ਨੂੰ ਵੱਡਾ ਖਪਤਕਾਰ ਬਣਾਇਆ ਹੈ। ਇਸ ਦੌਰ ਦੇ ਵਿੱਚ ਆਦਮੀ ਹੀ ਆਦਮੀ ਨੂੰ ਨੀਚਾ ਦਿਖਾ ਰਿਹਾ ਹੈ, ਜਿਨ੍ਹਾਂ ਹੋ ਸਕੇ ਲੁੱਟਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਇਹ ਧਾਰਨਾ ਸੁਤੰਤਰ ਹੋ ਕੇ ਗੂੰਜ ਰਹੀ ਹੈ। ਮਨੁੱਖ ਦੇ ਦੁਆਰਾ ਵਸਤਾਂ ਦੀ ਵਰਤੋਂ ਕੋਈ ਗਲਤ ਧਾਰਨਾ ਨਹੀ ਹੈ, ਪਰੰਤੂ ਮਨੁੱਖ ਦਾ ਵਸਤ ਬਣ ਕੇ ਰਹਿ ਜਾਣਾ, ਇਹ ਉਸ ਨੂੰ ਉਸ ਦੇ ਪਤਨ ਦੇ ਵੱਲ ਲੈ ਕੇ ਜਾ ਰਹੀ ਹੈ। ਖਪਤ ਨੇ ਜਿੱਥੇ ਮਨੁੱਖ ਨੂੰ ਸੁੱਖ-ਸਹੂਲਤਾਂ ਦਿੱਤੀਆਂ ਹਨ। ਉੱਥੇ ਇਹਨਾਂ ਹੀ ਸੁੱਖ-ਸਹੂਲਤਾਂ ਨੇ ਮਨੁੱਖ ਨੂੰ ਖਪਤ ਦੇ ਵਿੱਚ ਤਬਦੀਲ ਕਰ ਦਿੱਤਾ ਹੈ।

ਖਪਤ ਨੇ ਮਨੁੱਖ ਦੀ ਆਪਸੀ ਏਕਤਾ ਅਤੇ ਅਖੰਡਤਾ ਨੂੰ ਨੁਕਸਾਨ ਪਹੁੰਚਾਇਆ ਹੈ। ਪੁਰਾਣੀ ਜੀਵਨ ਸ਼ੈਲੀ ਨੂੰ ਪੂਰਨ ਤੌਰ ਤੇ ਮਿਟਾ ਕੇ ਰੱਖ ਦਿੱਤਾ ਹੈ। ਨਵੀਨ ਜੀਵਨ ਸ਼ੈਲੀ ਦਾ ਨਿਰਮਾਣ ਕੀਤਾ ਹੈ। ਇਹੀ ਸ਼ੈਲੀ ਮਨੁੱਖ ਨੂੰ ਰਾਸ਼ਟਰੀ ਸੰਸਕ੍ਰਿਤੀ ਤੋਂ ਦੂਰ ਲਿਜਾ ਰਹੀ ਹੈ। ਇਸ ਮਾਹੌਲ ਦੇ ਵਿੱਚ ਮਨੁੱਖੀ ਮਨ ਦੇ ਵਿੱਚ ਜ਼ਹਿਰ ਭਰਨਾ ਸੌਖਾ ਹੈ, ਤਾਂ ਹੀ ਮਨੁੱਖ ਨੂੰ ਆਸਾਨੀ ਦੇ ਨਾਲ ਵਸਤ ਬਣਾਇਆ ਜਾ ਸਕਦਾ ਹੈ। ਇਸ ਵਤੀਰੇ ਨੇ ਮਨੁੱਖੀ ਚੇਤਨਤਾ ਨੂੰ ਨਸ਼ਟ ਕਰ ਦਿੱਤਾ ਹੈ। ਮਨੁੱਖ ਨੇ ਆਪਣੇ ਆਪ ਨੂੰ ਵਸਤ ਸੰਸਾਰ ਦਾ ਅੰਗ ਬਣਾ ਲਿਆ ਹੈ। ਮਨੁੱਖ ਦੀ ਸੋਚ, ਸਮਝ ਤਾਂ ਹਿੰਸਕ ਰੂਪ ਧਾਰਨ ਕਰਦੀ ਜਾਂਦੀ ਹੈ। ਮਨੁੱਖ ਦੇ ਅੰਦਰ ਪੈਦਾ ਹੋਈ ਲਾਲਸਾ ਨੇ ਹੀ ਖਪਤ ਨੂੰ ਜਨਮ ਦਿੱਤਾ। ਇਸੇ ਲਾਲਸਾ ਨੇ ਹੀ ਖਪਤ ਨੂੰ ਵਧਾਇਆ ਹੈ।

ਵਸਤ ਹੀ ਅਜੋਕੇ ਜੀਵਨ ਦਾ ਹਿੱਸਾ ਬਣ ਗਿਆ ਹੈ। ਮਨੁੱਖੀ ਜ਼ਿੰਦਗੀ ਵਸਤ ਦੇ ਦੁਆਲੇ ਹੀ ਘੁੰਮਦੀ ਹੈ। ਬਜ਼ਾਰ ਨੇ ਮਨੁੱਖ ਨੂੰ ਭਾਂਤ ਭਾਂਤ ਦਾ ਝਾਂਸਾ ਦਿੱਤਾ ਹੈ।ਸੋ ਉਸ ਦਾ ਵਸਤਵਾਦੀ ਵਤੀਰੇ ਦੇ ਵਿੱਚ ਘੁੰਮਣਾ ਆਮ ਗੱਲ ਹੋ ਗਈ ਹੈ। ਖਪਤ ਨੇ ਬੇਫਜ਼ੂਲ ਜ਼ਰੂਰਤਾਂ ਨੂੰ ਜਨਮ ਦਿੱਤਾ ਹੈ ਅਤੇ ਉਹਨਾਂ ਬੇਫਜ਼ੂਲ ਵਸਤਾਂ ਨੂੰ ਜੀਵਨ ਦਾ ਜ਼ਰੂਰੀ ਅੰਗ ਬਣਾ ਦਿੱਤਾ ਹੈ। ਪ੍ਰਕਿਰਤਿਕ ਅਤੇ ਅਪ੍ਰਕਿਰਿਤਕ ਵਸਤਾਂ ਦੇ ਵਿਚਕਾਰਲੇ ਫ਼ਾਸਲੇ ਨੂੰ ਪੂਰਨ ਤੌਰ ’ਤੇ ਸਮਾਪਤ ਕਰ ਦਿੱਤਾ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਉਤਪਾਦਨ ਦੇ ਨਾਲ ਹੀ ਸਮਾਜ ਦਾ ਵਿਕਾਸ ਸੰਭਵ ਹੁੰਦਾ ਹੈ। ਉਤਪਾਦਨ ਦੇ ਨਾਲ ਮਨੁੱਖੀ ਜੀਵਨ ਵਿਕਾਸ ਦੀਆਂ ਪੌੜੀਆਂ ਚੜ੍ਹਦਾ ਹੈ। ਉਤਪਾਦਨ ਦਾ ਪ੍ਰਭਾਵ ਕਿਰਤ ਦੇ ਉੱਪਰ ਵੀ ਪੈਂਦਾ ਹੈ। ਕਿਰਤ ਦੀ ਉਜਰਤ ਘੱਟ ਹੋਣ ਨਾਲ, ਸਮਾਜ ਦੀ ਦੌਲਤ ਵੀ ਸੀਮਿਤ ਹੁੰਦੀ ਹੈ। ਪਰਿਵਰਤਨ ਕੁਦਰਤ ਦਾ ਨੇਮ ਹੈ। ਪੁਰਾਤਨ ਅਤੇ ਅਜੋਕੇ ਉਤਪਾਦਨ ਵਿਵਸਥਾ ਦੇ ਵਿੱਚ ਬਹੁਤ ਫ਼ਰਕ ਹੈ। ਅਜੋਕੇ ਦੌਰ ਦੀ ਉਤਪਾਦਨ ਦੀ ਵਿਵਸਥਾ ਸਮਾਜ ਨੂੰ ਵੀ ਆਪਣੇ ਬਦਲਾਵ ਨਾਲ ਪਰਵਰਤਿਤ ਕਰ ਰਹੀ ਹੈ।

## 1.13 ਪੰਜਾਬੀ ਸਭਿਆਚਾਰ: ਅਰਥ, ਪਰਿਭਾਸ਼ਾ

### ੳ) ਪੰਜਾਬੀ ਸਭਿਆਚਾਰ

**ਪੰਜਾਬੀ ਸਭਿਆਚਾਰ ਦੀ ਜਾਣ-ਪਹਿਚਾਣ**:- ਪੰਜਾਬੀ ਸਭਿਆਚਾਰ ਪੰਜਾਬ ਖਿੱਤੇ ਦੇ ਸਭਿਆਚਾਰ ਦੇ ਵਜੋਂ ਜਾਣਿਆ ਜਾਂਦਾ ਹੈ। ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਵੀ ਕਿਹਾ ਜਾਂਦਾ ਹੈ ਕਿਉਂਕਿ ਪੰਜਾਬ ਦੀ ਸਰਹੱਦ ਅਫਗਾਨਿਸਤਾਨ ਆਦਿ ਦੇ ਨਾਲ ਲੱਗਦੀ ਸੀ। ਜਿਸ ਕਰਕੇ ਪੰਜਾਬ ਦੇ ਵਿੱਚ ਹਮਲਾਵਰਾਂ ਦਾ ਡਰ ਅਕਸਰ ਬਣਿਆ ਰਹਿੰਦਾ ਸੀ। ਵਰਤਮਾਨ ਸਮੇਂ ਦੇ ਵਿੱਚ ਪੰਜਾਬ ਦੀ ਵਿਸ਼ਾਲ ਸੀਮਾ ਸੀਮਿਤ ਹੋ ਕੇ ਰਹਿ ਗਈ ਹੈ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਪੰਜਾਬ ਦੋ ਟੁਕੜਿਆਂ ਦੇ ਵਿੱਚ ਵੰਡਿਆ ਗਿਆ ਸੀ। ਵਰਤਮਾਨ ਸਮੇਂ ਦੇ ਵਿੱਚ ਦੋ ਪੰਜਾਬ ਪਾਏ ਜਾਂਦੇ ਹਨ। ਇੱਕ ਲਹਿੰਦਾ ਪੰਜਾਬ ਅਤੇ ਇੱਕ ਚੜ੍ਹਦਾ ਪੰਜਾਬ ।

**ਸ਼ਬਦੀ ਅਰਥ:** "ਪੰਜਾਬ ਸ਼ਬਦ ਪੰਜ+ਆਬ ਤੋਂ ਮਿਲ ਕੇ ਬਣਿਆ ਹੈ। ਜਿਸ ਦਾ ਅਰਥ ਹੈ , ਪੰਜ ਦਰਿਆਵਾਂ ਦੀ ਧਰਤੀ ਤੋਂ ਹੈ। ਵੇਦਾਂ ਦੇ ਸਮੇਂ ਵਿੱਚ ਪੰਜਾਬ ਦਾ ਨਾਂ ਸਪਤ ਸਿੰਧੂ ਲਿਆ ਜਾਂਦਾ ਸੀ। ਇਰਾਨੀਆਂ ਦੇ ਪ੍ਰਭਾਵ ਸਦਕਾ ਸਪਤ ਸਿੰਧੂ ਬਣਿਆ। ਮਹਾਂਭਾਰਤ ਅਗਨੀ ਪ੍ਰਾਣ ਅਤੇ ਬ੍ਰਾਹਮਣ ਪ੍ਰਾਣ ਗ੍ਰੰਥਾਂ ਵਿੱਚ 'ਪੰਚਨਾਦ'ਸ਼ਬਦ ਦੀ ਵਰਤੋਂ ਹੋਈ।"ਪੰਜਾਬ ਅਰਥਾਤ ਪੰਜ ਦਰਿਆਵਾਂ ਦੀ ਧਰਤੀ। " ਪੰਜਾਬ (ਪੰਜ +ਆਬ) ਸ਼ਬਦ ਸਭ ਤੋਂ ਪਹਿਲਾਂ ਅਮੀਰ ਖੁਸਰੋ ਦੀਆਂ ਰਚਨਾਵਾਂ ਵਿੱਚ ਵਰਤਿਆ ਗਿਆ ਹੈ।"*(ਸੋਹਿੰਦਰ ਸਿੰਘ ਬੇਦੀ. ਪੰਜਾਬ ਦੀ ਲੋਕਧਾਰਾ 2)*

**ਮਿਸ਼ਰਿਤ ਸਭਿਆਚਾਰ**:- ਪੰਜਾਬੀ ਸਭਿਆਚਾਰ ਮਿਸ਼ਰਿਤ ਸਭਿਆਚਾਰ ਹੈ। ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਹੋਣ ਕਾਰਨ ਅਨੇਕਾਂ ਜਾਤਾਂ ਦਾ ਭਾਰਤ ਦੇ ਵਿੱਚ ਰਹਿਣ-ਬਸੇਰਾ ਰਿਹਾ ਹੈ। ਪੰਜਾਬ ਦੇ ਵਿੱਚ ਆਰੀਆ ਤੋਂ ਲੈ ਕੇ ਮੁਗਲਾਂ ਤੱਕ ਸ਼ਾਸ਼ਕ ਪੰਜਾਬ ਦੇ ਵਾਸੀ ਰਹੇ ਹਨ। ਫਿਰ ਪੰਜਾਬ ਦੇ ਵਿੱਚ ਅੰਗੇਰਜ਼ਾਂ ਦਾ ਕਬਜ਼ਾ 1947 ਈਂ ਤੱਕ ਰਿਹਾ ਸੀ। ਪੰਜਾਬ ਦੇ ਵਿੱਚ ਮਿਸ਼ਰਤ ਜਾਤਾਂ ਦੇ ਲੋਕ ਰਹਿੰਦੇ ਹਨ। ਉਹਨਾਂ ਦੀਆਂ ਰੀਤਾਂ ਵੀ ਪੰਜਾਬੀ ਸਭਿਆਚਾਰ ਦਾ ਹਿੱਸਾ ਬਣ ਗਈਆ ਸਨ। ਪੰਜਾਬੀ ਸਭਿਆਚਾਰ ਅਤੇ ਉਹਨਾਂ ਦੇ ਸਭਿਆਚਾਰ ਦੇ ਵਿੱਚ ਕੋਈ ਅੰਤਰ ਨਜ਼ਰੀ ਨਹੀ ਆਉਂਦਾ ਹੈ। ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਅਨੁਸਾਰ, " ਪੰਜਾਬੀ ਸਭਿਆਚਾਰ ਆਦਿ ਕਾਲ ਤੋਂ ਸ਼ੁਰੂ ਨਹੀਂ ਹੁੰਦਾ ਸਗੋਂ ਉਦੋਂ ਤੋਂ ਜਦੋਂ ਅੱਜ ਦੇ ਪੰਜਾਬੀ ਸਭਿਆਚਾਰ ਨੇ ਰੂਪ ਧਾਰਨਾ ਸ਼ੁਰੂ ਕੀਤਾ ਅਤੇ ਇਹ ਸਮਾਂ ਨੌਵੀਂ ਤੋਂ ਬਾਰ੍ਹਵੀਂ ਸਦੀ ਦਾ ਸਮਾਂ ਹੈ। ਜਦੋਂ ਕਿ ਨਾ ਸਿਰਫ਼ ਪੰਜਾਬੀ ਭਾਸ਼ਾ ਤੇ ਸਾਹਿਤ ਨੇ ਰੂਪ ਧਾਰਨਾ ਸ਼ੁਰੂ ਕੀਤਾ ਸਗੋਂ ਇੱਥੋਂ ਦੇ ਰਾਜਨੀਤਿਕ, ਸਮਾਜਕ, ਬੌਧਿਕ, ਖੇਤਰ ਵਿੱਚ ਐਸੇ ਪਰਿਵਰਤਨ ਸ਼ੁਰੂ ਹੋਏ ਜਿਨ੍ਹਾਂ ਨੇ ਪੁਰਾਤਨ ਸਭਿਆਚਾਰ ਨਾਲੋਂ ਨਿਖੇੜਦਿਆਂ ਆਧੁਨਿਕ ਕੌਮੀਅਤਾਂ ਤੇ ਵਿਲੱਖਣ ਸਭਿਆਚਾਰਾਂ ਨੂੰ ਸਿਰਜਨ ਵਿੱਚ ਹਿੱਸਾ ਪਾਇਆ।" *(ਸਭਿਆਚਾਰ ਤੇ ਪੰਜਾਬੀ ਸਭਿਆਚਾਰ 13)*

ਪੰਜਾਬੀਆਂ ਦਾ ਅਮੀਰ ਵਿਰਸਾ ਹਮੇਸ਼ਾਂ ਹੀ ਵਿਸ਼ਾਲ ਰਿਹਾ ਹੈ। ਇਸ ਨੇ ਆਪਣੀਆਂ ਬਾਹਾਂ ਖੋਲ੍ਹ ਕੇ ਹਰ ਇੱਕ ਨੂੰ ਅਪਣਾਇਆ ਹੈ। ਜੀਤ ਸਿੰਘ ਜੋਸ਼ੀ ਦੇ ਅਨੁਸਾਰ, "ਪੰਜਾਬ ਨੂੰ ਅਮੀਰ ਤੇ ਮਿਸ਼ਰਤ ਸੱਭਿਅਕ ਪਰੰਪਰਾ ਦਾ ਜਨਮ ਦਾਤਾ ਕਿਹਾ ਹੈ। ਉਨ੍ਹਾਂ ਅਨੁਸਾਰ ਸਹਿਨਸ਼ੀਲਤਾ, ਵਿਸ਼ਾਲ ਦ੍ਰਿਸ਼ਟੀ, ਵਿਕਾਸਸ਼ੀਲ, ਮਨੋਬਿਰਤੀ, ਆਰਥਕ ਸਵੈ-ਨਿਰਭਰਤਾ ਤੇ ਦਲੇਰੀ ਆਦਿ ਇਸ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਹਨ।" *(ਪੰਜਾਬ ਦਾ ਇਤਿਹਾਸ ਭਾਗ ਪਹਿਲਾ 89)*

ਪੰਜਾਬ ਦੇ ਵਿੱਚ ਮਿਸ਼ਰਿਤ ਜਾਤਾਂ ਮਿਲ ਜਾਣਗੀਆਂ, ਜਿਹੜੇ ਰਲ ਮਿਲ ਕੇ ਰਹਿੰਦੇ ਹਨ। ਉਹਨਾਂ ਨੇ ਪੰਜਾਬ ਦੇ ਵਿੱਚ ਮਿਸ਼ਰਤ ਸਭਿਆਚਾਰ ਨੂੰ ਇੱਕ ਨਾਂ ਦੇ ਹੇਠ ਇਕੱਠਾ ਕੀਤਾ ਹੈ। ਹਰ ਇੱਕ ਜਾਤ ਦਾ ਆਪਣਾ ਰਹਿਣ ਵਸੇਰਾ ਤੇ ਆਪੋ-ਆਪਣੇ ਰਸਮ ਰਿਵਾਜ ਹਨ ਜਿਨ੍ਹਾਂ ਨੂੰ ਸਮੂਹਿਕ ਪ੍ਰਵਾਨਗੀ ਮਿਲ ਕੇ ਇੱਕ ਸਾਂਝਾ ਸਭਿਆਚਾਰ ਬਣ ਗਿਆ ਹੈ।

**ਪੰਜਾਬੀਆਂ ਦਾ ਸੁਭਾਅ**:- ਪੰਜਾਬੀ ਖੁੱਲ੍ਹੇ- ਡੱਲ੍ਹੇ ਸੁਭਾਅ ਦੇ ਮਾਲਕ ਹਨ। ਪੰਜਾਬ ਦੇ ਨੌਜਵਾਨ ਬਹੁਤ ਹੀ ਬਹਾਦਰ ਅਤੇ ਨਿਡਰ ਰਹੇ ਹਨ। ਪੰਜਾਬ ਦੇ ਲੋਕਾਂ ਨੇ ਅਕਸਰ ਹਮਲਾਵਰਾਂ ਦਾ ਸਾਹਮਣਾ ਬੜੀ ਨਿਡਰਤਾ ਨਾਲ ਕੀਤਾ ਹੈ। ਪੰਜਾਬੀ ਸੁਭਾਅ ਤੋਂ ਹੀ ਦੇਸ਼ ਲਈ ਮਰ- ਮਿਟਣ ਲਈ ਤਿਆਰ ਰਹਿੰਦੇ ਹਨ। ਜਿਵੇਂ ਕਿ ਫ਼ੌਜ ਦੇ ਵਿੱਚ ਇੱਕ ਟੁਕੜੀ ਸਿੱਖਾਂ ਦੀ ਰੱਖੀ ਜਾਂਦੀ ਹੈ।" ਪੰਜਾਬੀ ਲੋਕਾਂ ਦੇ ਵਿਹਾਰ ਅਤੇ ਚੱਰਿਤਰ ਦੇ ਬਾਰੇ ਪ੍ਰਿੰ: ਤੇਜਾ ਸਿੰਘ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ- ਪੰਜਾਬੀ ਆਚਰਣ ਪੰਜਾਬ ਦੇ ਭੂਗੋਲਿਕ ਦਰਿਆਵਾਂ ਅਤੇ ਇਤਿਹਾਸਕ ਪਿਛਵਾੜੇ ਤੋਂ ਬਣਿਆ ਹੈ। ਪੰਜਾਬ ਦੇ ਦਰਿਆਵਾਂ, ਪਹਾੜਾਂ, ਮੈਦਾਨਾਂ ਨੇ ਇੱਥੋਂ ਦੇ ਲੋਕਾਂ ਨੂੰ ਬਹੁਤ ਕੁਝ ਦਿੱਤਾ। ਇਨ੍ਹਾਂ ਦੇ ਦਿਲ ਦਰਿਆਵਾਂ ਦੇ ਮੰਨੇ ਗਏ ਹਨ। ਠੰਢੇ, ਡੂੰਘੇ, ਲੰਮੇ ਜਿਗਰੇ ਵਾਲੇ ਛੇਤੀ ਛੇਤੀ ਵਲ ਨਾ ਖਾਣ ਵਾਲੇ ਮੈਦਾਨਾਂ ਵਾਂਗ ਸਿੱਧੇ ਪੱਧਰੇ ਖੁੱਲ੍ਹੇ ਤੇ ਚੌੜ੍ਹੇ। ਜਿਵੇਂ "ਇਨ੍ਹਾਂ ਦੇ ਦਰਿਆ ਨਿਖੜ ਕੇ ਇਕੱਠੇ ਹੋ ਕੇ 'ਭ੍ਰਿਗ'ਜਾਂ ਪੰਚਨਾਦ ਬਣਾ ਲੈਂਦੇ ਹਨ ਤਿਵੇਂ ਇਹ ਲੋਕ ਵੀ ਚੰਗੇ ਮਿਲਾਪੜੇ ਅਤੇ ਘਰ ਬਾਹਰ ਦੀਆਂ ਸਾਂਝਾਂ ਵਾਲੇ ਬੰਦੇ ਹੁੰਦੇ ਹਨ। ਇੱਥੋਂ ਦੀਆਂ ਖੁੱਲ੍ਹੀਆਂ ਨਰੋਈਆਂ ਹਵਾਵਾਂ ਨੇ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਦਿਲੀ ਅਤੇ ਤਾਜ਼ਗੀ ਪਾ ਦਿੱਤੀ ਹੈ।" *(ਸੁਹਜ-ਸੁਭਾ 21)*

ਪੰਜਾਬੀਆਂ ਨੂੰ ਨਿੱਤ ਲੜਾਈ-ਝਗੜਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਕਰਕੇ ਪੰਜਾਬੀਆਂ ਨੇ ਪੈਸਾ ਜੋੜਨਾ ਹੀ ਛੱਡ ਦਿੱਤਾ ਕਿਉਂਕਿ ਨਿੱਤ ਦੇ ਹਮਲਿਆਂ ਵਿੱਚ ਲੁੱਟਾਂ ਖੋਹਾਂ ਹੁੰਦੀਆਂ ਸਨ। ਇਸ ਕਰਕੇ ਪੰਜਾਬੀਆਂ ਨੇ ਖੁੱਲ੍ਹਾ ਖਾਣਾ ਸ਼ੁਰੂ ਕਰ ਦਿੱਤਾ। ਪੰਜਾਬੀਆਂ ਦੀ ਖ਼ੁਰਾਕ ਦੇ ਵਿੱਚ ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ ਆਦਿ ਸ਼ਾਮਿਲ ਸੀ। "ਸੋ ਪੰਜਾਬੀਆਂ ਦੇ ਲਈ ਇੱਕ ਅਖਾਣ ਮਸ਼ਹੂਰ ਹੈ, "ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।"*(ਬਲਬੀਰ ਸਿੰਘ ਪੂੰਨੀ. ਪੰਜਾਬੀ ਲੋਕਧਾਰਾ ਅਤੇ ਸਭਿਆਚਾਰ 50)*

**ਭਾਸ਼ਾ**:- ਹਰ ਸਭਿਆਚਾਰ ਦਾ ਪ੍ਰਮੁੱਖ ਆਧਾਰ ਭਾਸ਼ਾ ਹੁੰਦੀ ਹੈ। ਭਾਸ਼ਾ ਤੋਂ ਬਿਨ੍ਹਾਂ ਕੋਈ ਸਭਿਆਚਾਰ ਨਹੀ ਹੋ ਸਕਦਾ। ਭਾਸ਼ਾ ਮਨੁੱਖੀ ਭਾਵਾਂ ਨੂੰ ਪ੍ਰਗਟ ਕਰਦੀ ਹੈ। ਭਾਸ਼ਾ ਮਨੁੱਖ ਦੇ ਬੌਧਿਕ ਅਤੇ ਮਾਨਸਿਕ ਵਿਕਾਸ ਦਾ ਚਿੰਨ੍ਹ ਹੁੰਦੀ ਹੈ। ਮਨੁੱਖੀ ਭਾਸ਼ਾ ਹੀ ਮਨੁੱਖ ਨੂੰ ਦੂਜੇ ਜੀਵਾਂ ਨਾਲੋਂ ਵੱਖਰਾ ਕਰਦੀ ਹੈ। ਪੰਜਾਬ ਦੀ ਬੋਲੀ ਪੰਜਾਬੀ ਹੀ ਰਹੀ ਹੈ। ਪੁਰਾਤਨ ਸਮੇਂ ਦੀ ਪੰਜਾਬੀ ਤੇ ਸਮਕਾਲ ਵਾਲੀ ਪੰਜਾਬੀ ਭਾਸ਼ਾ ਦੇ ਜ਼ਮੀਨ-ਅਸਮਾਨ

ਦਾ ਫ਼ਰਕ ਹੈ। ਅੱਜ ਦੀ ਪੰਜਾਬੀ ਭਾਸ਼ਾ ਪੂਰਾ ਟਕਸਾਲੀ ਰੂਪ ਧਾਰਨ ਕਰ ਚੁੱਕੀ ਹੈ। ਪੰਜਾਬੀ ਸਭਿਆਚਾਰ ਦਾ ਪੂਰਾ ਇਤਿਹਾਸ ਪੰਜਾਬੀ ਭਾਸ਼ਾ ਦੇ ਵਿੱਚ ਹੀ ਮਿਲੇਗਾ। ਪੰਜਾਬੀ ਭਾਸ਼ਾ ਦੇ ਵਿੱਚ ਹੋਰ ਭਾਸ਼ਾ ਦਾ ਰਲ-ਗੱਡ ਵੀ ਮਿਲੇਗਾ।"ਭਾਸ਼ਾ ਕਿਸੇ ਦੇਸ਼ ਜਾਂ ਜਾਤੀ ਦੇ ਸਭਿਆਚਾਰ ਦੇ ਪੱਧਰ ਦਾ ਪਰਖ-ਪੈਮਾਨਾ ਹੁੰਦੀ ਹੈ। ਭਾਸ਼ਾ ਦੀ ਅਮੀਰੀ ਜਾਂ ਪ੍ਰਫੁੱਲਤਾ ਤੋਂ ਹੀ ਅਸੀਂ ਕਿਸੇ ਜਾਤੀ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਉੱਚੇ ਜਾਂ ਨੀਂਵੇ ਪੱਧਰ ਦਾ ਅਨੁਮਾਨ ਲਗਾ ਸਕਦੇ ਹਾਂ। ਜਿੰਨੀ ਕਿਸੇ ਦੇਸ਼ ਦੀ ਭਾਸ਼ਾ ਅਮੀਰ ਹੋਵੇਗੀ, ਉਨੀ ਉਸਦੀ ਸੱਭਿਅਤਾ ਉਚੇਰੀ ਅਤੇ ਹੋਣੀਆਂ ਭਰਪੂਰ ਹੋਵੇਗੀ।"

*(ਡਾ. ਹਰਚਰਨ ਸਿੰਘ ਤੇ ਸੂਬਾ ਸਿੰਘ. ਪੰਜਾਬੀ ਜੀਵਨ ਤੇ ਸਭਿਆਚਾਰ. 125)*

ਭਾਸ਼ਾ ਦੇ ਵਿੱਚ ਸਮੁੱਚੀ ਮਾਨਵ ਦੀ ਸੋਚ ਸਮੋਈ ਹੁੰਦੀ ਹੈ। ਇਸੇ ਸੰਬੰਧੀ ਡਾ .ਅਤਰ ਸਿੰਘ ਕਹਿੰਦੇ ਹਨ ਕਿ, "ਭਾਸ਼ਾ ਦੁਆਰਾ ਕਿਸੇ ਜਾਤੀ ਦੀ ਸਮੁੱਚੀ ਸੰਸਕ੍ਰਿਤਕ ਸਿਮਰਤੀ, ਉਸ ਦਾ ਇਤਿਹਾਸ, ਉਸਦੇ ਸੁਪਨੇ ਤੇ ਅਕਾਂਖਿਆਵਾਂ ਅਤੇ ਸਭ ਤੋਂ ਵੱਧ ਵਰਤਮਾਨ ਵਿੱਚ ਵਿਚਰਣ ਦਾ ਉਸ ਦਾ ਵਿਰਾਟ, ਬਹੁ-ਪੱਖੀ, ਬਹੁ-ਪਰਤੀ ਸੰਘਰਸ਼ ਰੂਪਮਾਨ ਹੁੰਦੇ ਹਨ।" *(ਸਮਦਰਸ਼ਨ 10)*

ਪੰਜਾਬੀ ਭਾਸ਼ਾ ਪੰਜਾਬ ਦੇ ਲੋਕਾਂ ਵਾਂਗ ਸਾਦੀ ਹੈ। ਇਸ ਨੇ ਹੋਰ ਭਾਸ਼ਾ ਦੀਆਂ ਰਚਨਾਵਾਂ ਨੂੰ ਕਬੂਲ ਲਿਆ ਸੀ । ਬਾਬਾ ਫਰੀਦ ਦੇ ਸਲੋਕਾਂ ਤੋ ਲੈ ਕੇ ਗੁਰਬਾਣੀ ਤੱਕ ਅਤੇ ਗੁਰਬਾਣੀ ਤੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਤੱਕ ਅਥਾਹ ਡੰਡਾਰ ਮਿਲ ਜਾਂਦਾ ਹੈ। ਪੰਜਾਬੀ ਭਾਸ਼ਾ ਨੂੰ ਸਿਰਫ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿੱਚ ਰਾਜ ਭਾਸ਼ਾ ਦਾ ਅਹੁਦਾ ਮਿਲਿਆ ਸੀ। ਹੋਰਾਂ ਸ਼ਾਸ਼ਕਾਂ ਦੇ ਸਮੇਂ ਵਿੱਚ ਫਾਰਸੀ ਭਾਸ਼ਾ ਹੀ ਰਾਜ ਭਾਸ਼ਾ ਦੇ ਅਹੁਦੇ ਉੱਤੇ ਰਹੀ ਸੀ। ਪ੍ਰਿੰ. ਤੇਜਾ ਸਿੰਘ ਪੰਜਾਬੀ ਭਾਸ਼ਾ ਦੇ ਬਾਰੇ ਲਿਖਦੇ ਹਨ, "ਪੰਜਾਬੀ ਬੋਲੀ ਨੂੰ ਰਾਜ ਦਰਬਾਰ ਦਾ ਮਾਣ ਨਹੀ ਮਿਲਿਆ। ਇਹ ਆਮ ਲੋਕਾਂ ਦੇ ਵਿਹੜਿਆਂ ਵਿੱਚ, ਪੈਲੀਆਂ ਤੇ ਖੇਤਾਂ ਵਿੱਚ ਤੇ ਮੈਦਾਨਾਂ ਵਿੱਚ ਖੇਡੀ ਤੇ ਪਲੀ। ਇਸ ਲਈ ਇਸ ਨੇ ਦਰਬਾਰੀ ਲੋਕਾਂ ਦੀ ਅੜਕ-ਮੜਕ ਨਹੀ ਸਿੱਖੀ। ਇਹ ਆਮ ਪੰਜਾਬੀ ਲੋਕਾਂ ਵਾਂਗ ਸਾਦ-ਮੁਰਾਦੀ ਰਹੀ।"*(ਸਾਹਿਤ ਦਰਸ਼ਨ 30)*

ਪੰਜਾਬੀ ਭਾਸ਼ਾ ਦਾ ਆਪਣਾ ਮਾਣ ਅਤੇ ਰੁਤਬਾ ਹੈ, ਵਰਤਮਾਨ ਸਮੇਂ ਦੇ ਵਿੱਚ ਵਿਦੇਸ਼ਾਂ ਦੇ ਵਿੱਚ ਵੀ ਬੋਲੀ ਜਾ ਰਹੀ ਹੈ। ਇਸਦਾ ਪ੍ਰਭਾਵ ਪੰਜਾਬ ਦੇ ਵਿੱਚੋਂ ਘੱਟਦਾ ਜਾ ਰਿਹਾ ਹੈ। ਪੰਜਾਬੀ ਭਾਸ਼ਾ ਦੀ ਥਾਂ ਅੰਗੇਰਜ਼ੀ ਲੈ ਰਹੀ ਹੈ। ਇਸਦੇ ਭੱਵਿਖ ਨੂੰ ਬਚਾਉਣ ਦੀ ਲੋੜ ਹੈ।

**ਦਸਾਂ ਨਹੁੰਆਂ ਦੀ ਕਿਰਤ**:- ਪੰਜਾਬੀਆਂ ਦੇ ਵਿੱਚ ਕਿਰਤ ਨੂੰ ਅਹਿਮ ਹੀ ਰੱਖਿਆ ਗਿਆ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ ਕਿ 'ਨਾਮ ਜਪੋ ਅਤੇ ਕਿਰਤ ਕਰੋ, ਵੰਡ ਛਕੋ ਦਾ ਉਪਦੇਸ਼ ਦਿੱਤਾ ਹੈ। ਪੰਜਾਬੀ ਹਰ ਕੰਮ ਦੇ ਲਈ ਸਿਰੜੀ ਰਹੇ ਹਨ। ਉਹਨਾਂ ਦੀ ਸਖ਼ਤ ਮਿਹਨਤ ਕਾਰਨ ਹੀ ਪੰਜਾਬੀ ਹਰ ਕੰਮ ਦੇ ਵਿੱਚ ਛਾ ਗਏ ਹਨ। ਉਹਨਾਂ ਨੇ ਵਿਦੇਸ਼ੀ ਧਰਤੀ ਉੱਤੇ ਜਾ ਕੇ ਵੀ ਆਪਣਾ ਨਾਮ ਰੋਸ਼ਨ ਕੀਤਾ ਹੈ। ਪੰਜਾਬੀਆਂ ਨੇ ਵਿਹਲੇ ਰਹਿਣਾ ਕਦੀ ਸਿੱਖਿਆ ਹੀ ਨਹੀ, ਦੁਨੀਆਂ ਦੀ ਸ਼ੁਰੂਆਤ ਤੋਂ ਪੰਜਾਬੀ ਮਿਹਨਤ ਦੇ ਚਾਨਣ ਮੁਨਾਰਾ ਬਣੇ ਹਨ। ਪੰਜਾਬੀ ਸੁਭਾਅ ਕੰਮ ਨੂੰ ਰੱਬ ਦਾ ਰੂਪ ਮੰਨਦਾ ਹੈ।

**ਖੁੱਲ੍ਹੇ ਸੁਭਾਅ ਦੇ ਮਾਲਕ**:- ਪੰਜਾਬੀ ਖੁੱਲ੍ਹੇ ਸੁਭਾਅ ਦੇ ਮਾਲਕ ਹਨ। ਪੰਜਾਬ ਦੀ ਧਰਤੀ ਪੰਜ ਦਰਿਆਵਾਂ ਦੀ ਰਹੀ ਹੈ। ਪੰਜ ਦਰਿਆਵਾਂ ਵਰਗੀ ਖੁੱਲ੍ਹ ,ਉਹਨਾਂ ਦੇ ਸੁਭਾਅ ਦੇ ਵਿੱਚ ਵੀ ਝਲਕਦੀ ਹੈ। ਦੂਜਿਆਂ ਦੇ ਪ੍ਰਤੀ ਨਰਮੀ ਵੀ ਉਹਨਾਂ ਦੇ ਸੁਭਾਅ ਨੂੰ ਪੇਸ਼ ਕਰਦੀ ਹੈ। ' ਨੌਵੀ ਪਾਤਸ਼ਾਹੀ ਨੇ ਹਿੰਦੂ ਧਰਮ ਦੀ ਰੱਖਿਆ ਦੇ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਸਰਬਤ ਸਾਂਝੀਵਾਲਤਾ ਦੀ ਉਦਾਹਰਨ ਸਿਰਫ਼ ਸਿੱਖ ਧਰਮ ਦੇ ਵਿੱਚ ਹੀ ਮਿਲ ਸਕਦੀ ਹੈ। ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨਾਂ ਦੇ ਪ੍ਰਸਿਧ ਸਾਈਂ ਮੀਆਂ ਮੀਰ ਨੇ ਰੱਖੀ ਸੀ। ਜਿਸ ਕਰਕੇ ਹਰਿਮੰਦਰ ਸਾਹਿਬ ਨੂੰ ਸਾਝੀਂਵਾਲਤਾ ਦਾ ਤੀਰਥ ਅਸਥਾਨ ਵੀ ਕਿਹਾ ਜਾਂਦਾ ਹੈ।"ਪੰਜਾਬ ਅੰਦਰ ਸਾਂਝ ਹੋਣ ਕਾਰਨ ਗੁਰੂ ਨਾਨਕ ਦੇਵ ਜੀ ਨੂੰ ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦਾ ਪੀਰ ਕਿਹਾ ਜਾਂਦਾ ਹੈ।" *(ਪੰਜਾਬੀ ਸਭਿਆਚਾਰ 90)*

ਪੰਜਾਬ ਨੂੰ ਸਰਬ ਸਾਂਝ ਵਾਲਾ ਪ੍ਰਾਂਤ ਕਿਹਾ ਜਾ ਸਕਦਾ ਹੈ। ਇੱਕ- ਦੂਜੇ ਦੇ ਧਰਮ ਅਤੇ ਰੀਤਾਂ ਲਈ ਸਨਮਾਨ ਦੇਖਣ ਨੂੰ ਮਿਲਦਾ ਹੈ। ਪੰਜਾਬ ਦੇ ਵਿੱਚ ਸਾਂਝੀਵਾਲਤਾ ਦੀਆਂ ਇੱਕ ਤੋਂ ਵੱਧ ਇੱਕ ਉਦਾਹਰਨਾਂ

ਮਿਲ ਜਾਣਗੀਆਂ। ਜਿਨ੍ਹਾਂ ਨੇ ਦੂਜਿਆਂ ਦੀ ਖ਼ਾਤਿਰ ਆਪਣਾ ਜੀਵਨ ਦਾਅ ਉੱਤੇ ਲਗਾ ਦਿੱਤਾ।ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਪੰਜਾਬ ਦੇ ਵਿੱਚ 80% ਲੋਕ ਖੇਤੀ ਕਰਨ ਵਾਲੇ ਹਨ। ਪੂਰੇ ਭਾਰਤ ਦੇ ਲੋਕਾਂ ਦਾ ਰੋਜ਼ਗਾਰ ਦਾ ਸਾਧਨ ਖੇਤੀ ਹੀ ਸੀ। ਖੇਤੀ ਤੋਂ ਇਲਾਵਾ ਉਹਨਾਂ ਦਾ ਕੋਈ ਰੋਜ਼ਗਾਰ ਦਾ ਕੋਈ ਸਾਧਨ ਨਹੀਂ ਸੀ। ਪਹਿਲਾਂ ਲੋਕਾਂ ਦੇ ਕੋਲ ਖੇਤੀਬਾੜੀ ਕਰਨ ਦੇ ਤਰੀਕੇ ਪੁਰਾਣੇ ਸਨ। ਭਾਰਤ ਦੇ ਵਿੱਚ ਹਰੀ ਕ੍ਰਾਂਤੀ ਦੇ ਆਉਣ ਨਾਲ ਖੇਤੀ ਦੇ ਵਿਕਾਸ ਵਿੱਚ ਨਵੀਆਂ ਉਮੀਦਾਂ ਨੇ ਜਨਮ ਲਿਆ ਸੀ। ਖੇਤੀ ਦੇ ਉਤਪਾਦਨ ਵਿੱਚ ਵਾਧਾ ਨਵੀਨ ਸਹੂਲਤਾਂ ਦੀ ਵਰਤੋ ਨਾਲ ਹੋਇਆ। ਅੰਗਰੇਜ਼ਾ ਦਾ ਪੰਜਾਬ ਦੇ ਵਿੱਚ 1849 ਈਂ ਦੇ ਵਿੱਚ ਪ੍ਰਵੇਸ਼ ਹੋਇਆ। ਉਹਨਾਂ ਨੇ ਪੰਜਾਬ ਦੇ ਵਿੱਚ ਹੀ ਨਹੀ, ਪੂਰੇ ਭਾਰਤ ਨੂੰ ਵਿਕਾਸ ਦੀਆਂ ਲੀਹਾਂ ਉੱਤੇ ਤੋਰਿਆ।

ਪ੍ਰਸਿੱਧ ਅਰਥਸ਼ਾਸ਼ਤਰੀ ਸੁੱਚਾ ਸਿੰਘ ਗਿੱਲ ਦੇ ਅਨੁਸਾਰ,

> ਵਿਸ਼ਵੀਕਰਨ ਦਾ ਅਰਥ ਹੈ, ਆਰਥਕ ਕਿਰਿਆਵਾਂ ਨੂੰ ਦੇਸ਼ ਦੀਆਂ ਸੀਮਾਵਾਂ ਤੋਂ ਅੱਗੇ ਸੰਸਾਰ ਪੱਧਰ ਤੇ ਲਿਜਾਇਆ ਜਾਵੇ। ਇਸ ਵਿੱਚ ਵਿਸ਼ਵ ਦੀਆਂ ਆਰਥਕਤਾਵਾਂ ਦਾ ਆਪਸ ਵਿੱਚ ਜੁੜਾਵਾਂ ਤੇ ਆਪਸੀ ਨਿਰਭਰਤਾ ਦਾ ਵਧਣਾ ਆਉਂਦਾ ਹੈ। ਇਸ ਵਿੱਚ ਦੇਸ਼ਾਂ ਵਿੱਚ ਵੱਧ ਰਿਹਾ ਵਸਤਾਂ ਅਤੇ ਸੇਵਾਵਾਂ ਦਾ ਵਪਾਰ, ਸਰਮਾਇਆ, ਤਕਨਾਲੋਜੀ, ਸੂਚਨਾ ਅਤੇ ਲੋਕਾਂ ਦਾ ਦੇਸ਼ਾਂ ਵਿੱਚ ਆਦਾਨ-ਪ੍ਰਦਾਨ ਦਾ ਵਧਣਾ ਆਉਂਦਾ ਹੈ।

*(ਵਿਸ਼ਵੀਕਰਨ. ਉਦਾਰੀਕਰਨ ਅਤੇ ਪੰਜਾਬ 9)*

ਵਿਸ਼ਵੀਕਰਨ ਦੇ ਪ੍ਰਭਾਵ ਹੇਠ ਖੇਤੀ ਕਰਨ ਦੇ ਢੰਗ ਜ਼ਰੂਰ ਬਦਲ ਗਏ ਹਨ ਜਿਵੇਂ ਕਿ ਕੀਟਨਾਸ਼ਕ ਦਵਾਈਆਂ, ਖਾਦਾਂ ਆਦਿ ਨੇ ਖੇਤੀ ਦੇ ਉਤਪਾਦਨ ਦੇ ਵਿੱਚ ਉੱਨਤੀ ਜ਼ਰੂਰ ਕੀਤੀ ਹੈ। ਇਸ ਨਾਲ ਖੇਤੀ ਦੇ ਨਾਲ ਸੰਬੰਧਿਤ ਪਦਾਰਥਾਂ ਨੂੰ ਮਹਿੰਗਾ ਵੀ ਕਰਵਾਇਆ। ਜਿਸ ਨੂੰ ਕਿਸਾਨ ਖਰੀਦਣ ਤੋਂ ਅਸਮੱਰਥ ਹੈ। ਕਿਸਾਨੀ ਜੀਵਨ ਦੇ ਵਿੱਚ ਵਾਪਰਦੀਆਂ ਘਟਨਾਵਾਂ ਰੋਜ਼ ਸੁਣਨ ਨੂੰ ਮਿਲ ਹੀ ਜਾਂਦੀਆਂ ਹਨ।

## ਅ) ਪੰਜਾਬੀ ਖਪਤ ਸਭਿਆਚਾਰ

**ਪੰਜਾਬੀ ਖਪਤ ਸਭਿਆਚਾਰ:-** ਉਤਪਾਦਨ ਦੇ ਵਿੱਚ ਮੁਕਾਬਲੇ ਨੇ ਉਪਭੋਗੀ ਸਭਿਆਚਾਰ ਨੂੰ ਜਨਮ ਦਿੱਤਾ ਹੈ ਜਿਸ ਨੂੰ ਖਪਤ ਸਭਿਆਚਾਰ ਵੀ ਕਹਿ ਲਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਦੇ ਵਿੱਚ ਪਰਿਵਰਤਨ ਦੀ ਲੜੀ ਨੂੰ ਬ੍ਰਿਟਿਸ਼ ਸਾਮਰਾਜ ਦੇ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ ਕਿਉਂਕਿ ਪੰਜਾਬ ਦੀ ਅਗਿਆਨਤਾ ਦੇ ਵੱਸ ਪਈ ਜਨਤਾ ਨੂੰ ਗਿਆਨ ਦੇ ਨਾਲ ਅੰਗਰੇਜ਼ਾਂ ਨੇ ਹੀ ਜੋੜਿਆ ਸੀ। ਅੰਗਰੇਜ਼ ਕੌਮ ਭਾਰਤੀਆਂ/ ਪੰਜਾਬੀਆਂ ਨਾਲੋਂ 100 ਕਦਮ ਅੱਗੇ ਰਹੀ ਹੈ। ਉਹਨਾਂ ਨੇ ਪੰਜਾਬ 'ਤੇ ਕਬਜ਼ਾ ਆਪਣੇ ਫਾਇਦੇ ਦੇ ਲਈ ਕੀਤਾ। ਇਸ ਲਈ ਪੰਜਾਬੀ ਸਭਿਆਚਾਰ ਦੇ ਵਿੱਚ ਪਰਿਵਰਤਨ ਦੀ ਲੜੀ ਅੰਗਰੇਜ਼ਾਂ ਤੋਂ ਮੰਨੀ ਜਾਂਦੀ ਹੈ। ਪੰਜਾਬ ਦੇ ਵਿੱਚ ਖਪਤ ਸਭਿਆਚਾਰ ਦਾ ਆਗਮਨ 90 ਦੇ ਦਹਾਕੇ ਤੋਂ ਬਾਅਦ ਹੋਇਆ।

ਇਹ ਅਸਲ ਦੇ ਵਿੱਚ ਵਿਸ਼ਵੀਕਰਨ ਦੇ ਨਾਲ ਹੀ ਪੈਦਾ ਹੋਇਆ। ਸਮਾਜ ਦੇ ਵਿੱਚ ਵਿਸ਼ਵੀਕਰਨ ਦੇ ਆਗਮਨ ਦੇ ਨਾਲ ਤਕਨੀਕੀ ਸਾਧਨ ਵੀ ਆਏ ਜਿਨ੍ਹਾਂ ਨੇ ਮਨੁੱਖੀ ਸਮਾਜ ਨੂੰ ਸੌਖਿਆਂ ਕਰਨ ਦੇ ਨਾਲ ਪੂਰੇ ਸੰਸਾਰ ਦੇ ਨਾਲ ਮਿੰਟਾਂ ਦੇ ਵਿੱਚ ਜੋੜ ਦਿੱਤਾ ਜਿਸ ਨੇ ਵਪਾਰ ਦੇ ਨਵੇਂ ਸਾਧਨਾਂ ਨੂੰ ਪ੍ਰਫੁੱਲਤ ਕੀਤਾ। ਜਿਵੇਂ ਕਿ ਔਨਲਾਈਨ ਵਪਾਰ, ਟੀ. ਵੀ ਅਤੇ ਵਿਗਿਆਪਨਾਂ ਦੇ ਰਾਹੀਂ ਹੋਣ ਲੱਗ ਪਿਆ ਹੈ। ਹਾਂ, ਵਪਾਰ ਵਿਕਾਸ ਦੇ ਲਈ ਨਵੇਂ ਨਵੇਂ ਢੰਗ ਤਰੀਕੇ ਅਪਣਾਉਂਦਾ ਹੈ। ਬਜ਼ਾਰ ਦਾ ਮੂਲ਼ ਮੁੱਦਾ ਆਮ ਲੋਕਾਂ ਨੂੰ ਖਪਤ ਸਭਿਆਚਾਰ ਦੇ ਚੱਕਰਾਂ ਦੇ ਵਿੱਚ ਉਲਝਾਉਣਾ ਹੈ। ਖਪਤ ਸਭਿਆਚਾਰ ਨੇ ਪੂਰੇ ਸੰਸਾਰ ਨੂੰ ਹੀ ਇੱਕ ਵਸਤ ਦੇ ਰੂਪ ਵਿੱਚ ਪੇਸ਼ ਕਰ ਦਿੱਤਾ ਹੈ। ਮਨੁੱਖੀ ਮਨ ਨੇ ਵੀ ਮਨੁੱਖ ਨੂੰ ਵਸਤ ਰੂਪ ਵਿੱਚ ਦੇਖਣਾ ਸ਼ੁਰੂ ਕੀਤਾ ਹੈ। ਇਸ ਪ੍ਰਕਿਰਿਆ ਨੇ ਪੂਰੇ ਸਮਾਜ ਨੂੰ ਆਪਣੇ ਕਲਾਵੇ ਦੇ ਵਿੱਚ ਲੈ ਲਿਆ ਹੈ। ਪੰਜਾਬੀ ਸਭਿਆਚਾਰ ਦਾ ਹਰ ਪੱਖ ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਆਇਆ ਹੈ। ਉਦਾਹਰਨ ਦੇ ਤੌਰ ਤੇ ਪੰਜਾਬੀਆਂ ਦੇ ਹਰ ਘਰ ਵਿੱਚ ਟੀ.ਵੀ, ਕਾਰ, ਫਰਿਜ਼ ਆਦਿ ਜ਼ਰੂਰ ਹੋਵੇਗਾ। ਇਸ ਨੂੰ ਵਧਾਉਣ ਦੇ ਵਿਚ ਸੋਸ਼ਲ ਮੀਡੀਆ ਆਪਣੀ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਹਰ ਇੱਕ ਵਸਤ ਨੂੰ ਪਰਮੋਟ ਸੋਸ਼ਲ ਮੀਡੀਆ ਹੀ ਕਰ ਰਿਹਾ ਹੈ ਭਾਵੇਂ ਉਹ ਬਰੈਂਡ ਹੋਵੇ ਜਾਂ ਸਿੱਖਿਆ ਦਾ ਕੋਈ ਕੇਂਦਰ, ਜਿਸ ਨੂੰ ਟੀ.ਵੀ ਉੱਤੇ ਵਾਰ ਵਾਰ ਦਿਖਾਇਆ ਜਾਂਦਾ ਹੈ ਜਿਸ ਨੂੰ ਬੱਚੇ ਤੋਂ ਲੈ ਕੇ ਅੱਧਖੱੜ ਉਮਰ ਦਾ ਵਿਅਕਤੀ ਦੇਖਦਾ ਹੈ। ਇਸ ਦਾ ਅਸਰ ਇੱਕੋ ਜਿਹਾ ਹੀ ਪੈਂਦਾ ਹੈ।

ਡਾ. ਰਤਨ ਸ਼ਰਮਾ ਦੇ ਅਨੁਸਾਰ,

> ਆਧੁਨਿਕ ਦੌਰ ਦੇ ਵਿੱਚ ਟੀ. ਵੀ. ਭਾਵੇਂ ਸੂਚਨਾ ਅਤੇ ਗਿਆਨ ਦਾ ਸ਼ਕਤੀਸ਼ਾਲੀ ਸਾਧਨ ਹੈ ਪਰ ਇਸ ਨੇ ਖ਼ੁਦ ਆਪਣਾ ਇੱਕ ਵਿਲੱਖਣ ਸਭਿਆਚਾਰ ਸਥਾਪਿਤ ਕੀਤਾ ਹੈ, ਜਿਹੜਾ ਵਿਸ਼ਵੀਕਰਨ ਦੀ ਤਰਜ਼ ‘ਤੇ ਹੈ। ਟੀ.ਵੀ ਤੇ ਭਾਵੇਂ ਕੋਈ ਪੰਜਾਬੀ ਜਾਂ ਭਾਰਤੀ ਪ੍ਰੋਗਰਾਮ ਦਿਖਾਇਆ ਜਾ ਰਿਹਾ ਹੋਵੇ ਪਰ ਦਿੱਤੀਆਂ ਜਾਣ ਵਾਲੀਆਂ ਵਿਗਿਆਪਨਾਂ ਬਹੁਦੇਸ਼ੀ ਕੰਪਨੀਆਂ ਦੇ ਵਪਾਰ ਨੂੰ ਚਮਕਾਉਣ ਵਾਲੀਆਂ ਹੀ ਹੁੰਦੀਆਂ ਹਨ ਜਿਨ੍ਹਾਂ ਦੇ ਵਿੱਚ ਭਾਰਤੀ ਤਿੱਥਾਂ ਅਤੇ ਮਿੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਬੋਲ-ਚਾਲ ਦੇ ਢੰਗ ਨੂੰ ਵੀ ਆਧੁਨਿਕੀਕਰਣ ਦੇ ਪ੍ਰਭਾਵ ਹੇਠ ਪੇਸ਼ ਕੀਤਾ ਜਾ ਰਿਹਾ ਹੈ।

*(ਸਭਿਆਚਾਰ ਪ੍ਰਤਿਕਾ 93)*

ਇਸ ਤੋਂ ਸਪੱਸ਼ਟ ਹੈ ਕਿ ਖਪਤ ਸਭਿਆਚਾਰ ਦਾ ਪਸਾਰ ਕਿਵੇਂ ਦਿਨੋ ਦਿਨ ਵੱਧਦਾ ਜਾ ਰਿਹਾ ਹੈ ਅਤੇ ਪੰਜਾਬੀ ਸਭਿਆਚਾਰ ਨੂੰ ਆਪਣੀ ਲਪੇਟ ਦੇ ਵਿੱਚ ਲੈ ਰਿਹਾ ਹੈ। ਕੁਦਰਤ ਪਰਿਵਰਤਨ ਕਰਦੀ ਰਹਿੰਦੀ ਹੈ। ਇਹ ਪਰਿਵਰਤਨ ਮਾਨਵ ਨੇ ਆਪ ਹੀ ਕੀਤਾ ਹੈ। ਹਰ ਇੱਕ ਪਰਿਵਰਤਨ ਚੰਗੇ ਤੇ ਮਾੜੇ ਦੋਵੇ ਪ੍ਰਭਾਵ ਲੈ ਕੇ ਆਉਂਦਾ ਹੈ। ਮੰਡੀ ਨੇ ਮਨੁੱਖੀ ਭਾਸ਼ਾ ਦੇ ਵਿੱਚ ਵੀ ਤਬਦੀਲੀ ਲਿਆਂਦੀ ਜਿਵੇਂ ਕਿ ਪੰਜਾਬੀ ਹਰ ਰਿਸ਼ਤੇ ਦੇ ਲਈ ਇੱਕ ਨਾਂ ਹੁੰਦਾ ਸੀ, ਮਾਸੀ, ਮਾਸੜ, ਭੂਆ, ਫੁਫੜ, ਚਾਚਾ ਚਾਚੀ ਆਦਿ। ਇਹਨਾਂ ਸਭ ਦੇ ਲਈ ਅੰਗਰੇਜ਼ੀ ਭਾਸ਼ਾ ਨੇ ਅੰਟੀ ਅੰਕਲ ਦੇ ਵਿੱਚ ਤਬਦੀਲ ਕਰ ਦਿੱਤਾ ਹੈ। ਰਿਸ਼ਤਿਆਂ ਵਿਚਲਾ ਸਨੇਹਆਤਮਿਕ ਫ਼ਰਕ ਹੀ ਮਿਟਦਾ ਜਾ ਰਿਹਾ ਹੈ। ਖਪਤ ਸਭਿਆਚਾਰ ਦਾ ਪਸਾਰ ਘੱਟ ਨਹੀ ਰਿਹਾ ਹੈ ਇਸ ਨੇ ਜੀਵਨ ਦੇ ਹਰ ਹਿੱਸੇ ਨੂੰ ਭਾਵੇਂ ਉਹ ਰਹਿਣ-ਸਹਿਣ,ਪਹਿਰਾਵਾ ਜਾਂ ਖਾਣ-ਪੀਣ ਹੀ ਕਿਉ ਨਾ ਹੋਵੇ।

## 1.14 ਖਪਤ ਸਭਿਆਚਾਰ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ

**ੳ) ਖਪਤ ਸਭਿਆਚਾਰ ਦਾ ਸਿਧਾਂਤਕ ਪਰਿਪੇਖ** :

ਵਿਕਸਿਤ ਸਮਾਜ ਆਪੋ- ਆਪਣੇ ਸੰਕੀਰਨ ਸਿਧਾਂਤਕ ਸਰੋਕਾਰਾਂ ਨੂੰ ਅਵਿਕਸਿਤ ਸਮਾਜਾਂ ਦੇ ਵਿੱਚ ਵੰਡ ਰਹੇ ਹਨ। ਪਛੜੇ ਹੋਏ ਮੁਲਕ ਵੀ ਲੋਕਤੰਤਰ ਦੇ ਦੌਰ ਵਿੱਚ ਵੀ 'ਭਰਮ ਤੇ ਤਰਕਹੀਣਤਾ' ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਤੀਸਰੀ ਦੁਨੀਆਂ ਦੇ ਦੇਸ਼ ਜਾਣ ਬੁੱਝ ਕੇ ਅਨੈਤਿਕ ਨੀਤੀ ਦਾ ਪਸਾਰਾ ਕਰ ਰਹੇ ਹਨ ਜਿਸ ਦਾ ਅਸਰ ਸਭਿਆਚਾਰ ਦੇ ਭਿੰਨ- ਭਿੰਨ ਪਹਿਲੂਆਂ ਉੱਤੇ ਪੈ ਰਿਹਾ ਹੈ। ਆਧੁਨਿਕ ਯੁੱਗ 21 ਵੀਂ ਸਦੀ ਦਾ ਯੁੱਗ ਹੈ। ਇਸ ਨਵੀਨ ਯੁੱਗ ਦੇ ਵਿੱਚ ਨਵੀਆਂ ਨਵੀਆਂ ਘਾੜਤਾਂ ਉਪਲਬਧ ਹੋਈਆਂ ਹਨ ਜਿਵੇਂ ਟੀ.ਵੀ, ਇੰਟਰਨੈੱਟ, ਮੋਬਾਇਲ, ਆਦਿ। ਸਮਾਜ ਵਿਚ ਹੋ ਰਹੇ ਵਿਕਾਸ ਦੇ ਸਿੱਟੇ ਵਜੋਂ ਇਕ ਨਵੀਂ ਧਾਰਨਾ ਪੈਦਾ ਹੋਈ ਹੈ ਜਿਸ ਨੂੰ ਖਪਤ ਸਭਿਆਚਾਰ ਕਹਿੰਦੇ ਹਨ। ਐਰਿਕ ਐਸਾਡੋਰੀਅਨ ਦੀ ਧਾਰਨਾ ਦੇ ਅਨੁਸਾਰ,

> ਖਪਤਵਾਦ ਇੱਕ ਅਜਿਹੀ ਸੋਚ ਹੈ, ਜਿਸ ਅਨੁਸਾਰ ਸਮਾਜ ਵਿੱਚ ਵੱਖ-ਵੱਖ ਵਸਤਾਂ ਅਤੇ ਸੇਵਾਵਾਂ ਦੀ ਮਾਲਕੀ ਅਤੇ ਵਰਤੋਂ ਸਭਿਆਚਾਰਕ 'ਤੇ ਨਿਸ਼ਾਨਾ ਬਣ ਜਾਂਦੀ ਹੈ ਅਤੇ ਨਿੱਜੀ ਖ਼ੁਸ਼ੀ, ਸਮਾਜਕ ਰੁਤਬੇ ਅਤੇ ਕੌਮੀ ਕਾਮਯਾਬੀ ਦਾ ਯਕੀਨੀ ਰਸਤਾ ਮੰਨਿਆ ਜਾਂਦਾ ਹੈ।

*(ਬਲਬੀਰ ਪਰਵਾਨਾ. ਕਾਰਪੋਰੇਟ ਵਿਕਾਸ ਮਾਡਲ ਅਤੇ ਸਭਿਆਚਾਰ 9)*

**ਖਪਤ ਸਭਿਆਚਾਰ ਦਾ ਸਿਧਾਂਤ:** ਖਪਤ ਸਭਿਆਚਾਰ ਦੇ ਅਧਿਐਨ ਨੂੰ ਸੰਪੂਰਨ ਕਰਨ ਦੇ ਲਈ ਪੱਛਮੀ ਅਤੇ ਪੰਜਾਬੀ ਸਾਹਿਤ ਵਿਦਵਾਨਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਅਧਿਐਨ ਨੂੰ ਸਿਧਾਂਤਕ ਆਧਾਰ ਵਜੋਂ ਅਧਿਆਇ ਦੇ ਵਿੱਚ ਸ਼ਾਮਿਲ ਕੀਤਾ ਗਿਆ ਹੈ।

| ਪੱਛਮੀ ਚਿੰਤਕ | ਪੰਜਾਬੀ ਚਿੰਤਕ |
|---|---|
| ਜੀਨ ਬੋਦਰੀ ਲਾਰਦ<br>ਐਡਰਨੋ<br>ਮੈਕਸ ਹੋਕਾਈਮਰ | ਡਾ. ਭੀਮ ਇੰਦਰ ਸਿੰਘ<br>ਡਾ. ਰਜਿੰਦਰਪਾਲ ਸਿੰਘ |

**ਜੀਨ ਬੋਦਰੀ ਲਾਰਦ** : ਜੀਨ ਬੋਦਰੀ ਲਾਰਦ ਪੱਛਮ ਦੇ ਮਹਾਨ ਚਿੰਤਕਾਂ ਦੇ ਵਿੱਚੋਂ ਇੱਕ ਹਨ। ਜੀਨ ਬੋਦਰੀ ਲਾਰਦ ਨੇ ਆਪਣੀਆਂ ਪੁਸਤਕਾਂ ਦੇ ਵਿੱਚ ਮੰਡੀ ਕਲਚਰ ਨੂੰ ਚਿੰਨ੍ਹ ਰੂਪ ਵਿੱਚ ਪੇਸ਼ ਕੀਤਾ ਹੈ। ਮੀਡੀਆ, ਕਲਚਰ, ਤਕਨੀਕੀ ਸੰਚਾਰ ਦੇ ਅਧਿਐਨ ਕਰਕੇ ਮਸ਼ਹੂਰ ਹਨ। ਜੀਨ ਬੋਦਰੀ ਲਾਰਦ ਦਾ ਚਿੰਨ੍ਹ ਰੂਪ ਵਿੱਚ ਸਮਾਜਕ , ਆਰਥਕ ਅਧਿਐਨ ਮਿਲਦਾ ਹੈ। ਚਿੰਨ੍ਹ ਰੂਪ ਦੇ ਵਿੱਚ ਸਮਾਜ ਦੀ ਅਸਲੀਅਤ ਨੂੰ ਬਿਆਨ ਕਰਦੇ ਹਨ ਜਿਸ ਨੂੰ ਉਹ ਹਾਈਪਰ ਰਿਐਲਟੀ ਦਾ ਨਾਂ ਦਿੱਤਾ ਹੈ ਜਿਵੇਂ ਕਿ ਟੀ.ਵੀ ਦੇ ਵਿੱਚ ਦਿਖਾਇਆ ਕਾਲਪਨਿਕ ਸੱਚ, ਮਨੁੱਖੀ ਜ਼ਿੰਦਗੀ ਦਾ ਅਸਲ ਸੱਚ ਲੱਗਦਾ ਹੈ। i.e. ਹਨਾਂ ਦੀ ਪੁਸਤਕਾਂ Simulacra and Simulation, The System of Object, ਦੇ ਵਿੱਚ ਉਹਨਾਂ ਦੀ ਧਾਰਨਾ ਹੈ ਕਿ "ਸਿਮੂਲੈਸ਼ਨ ਦਾ ਅਰਥ ਕਪਟ ਹੈ। ਪੂੰਜੀਵਾਦ ਦੇ ਇਸ ਯੁੱਗ ਵਿੱਚ ਵਸਤ ਨੂੰ ਉੱਚਾ ਦਿਖਾਉਣ ਲਈ ਕੁਝ ਖਾਸ ਚਿੰਨ੍ਹਾਂ ਦੇ ਨਾਲ ਜੋੜ ਦਿੱਤਾ ਜਾਂਦਾ ਹੈ। ਜਿਸ ਨਾਲ ਵਸਤੂ ਨੂੰ ਨਹੀ ਸਗੋਂ ਚਿੰਨ੍ਹ ਮੂਲਕ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਹਾਈਪਰ ਰੀਅਲ ਉਹ ਹੈ ਕਿ ਜੋ ਮੂਲ ਜਾਂ ਅਸਲੀਅਤ ਤੋਂ ਬਿਨ੍ਹਾਂ ਹੋਰ ਹੋਵੇ।" *(Simulacra and Simulation 1)*

**ਐਡਰਨੋ :-** ਦੂਸਰੇ ਮਹਾਂ-ਯੁੱਧ ਤੋ ਬਾਅਦ ਐਡਰਨੋ ਜਰਮਨੀ ਦੇ ਵਿੱਚ ਮਹਾਨ ਚਿੰਤਕ ਵਜੋਂ ਉਭਰ ਕੇ ਸਾਹਮਣੇ ਆਏ। ਉਹ ਫਰੈਂਕਫਰਟ ਸਕੂਲ ਦੇ ਪ੍ਰਮੁੱਖ ਚਿੰਤਕਾਂ ਦੇ ਵਿੱਚੋਂ ਇੱਕ ਸਨ। ਜਿਨਾਂ ਨੇ ਸਮਾਜ ਦੇ ਬਦਲ ਰਹੇ ਰੂਪ ਨੂੰ ਸਮਝਿਆ ਅਤੇ ਆਪਣੀਆਂ ਲਿਖਤਾਂ ਦੇ ਵਿੱਚ ਬਿਆਨ ਕੀਤਾ। ਉਹਨਾਂ ਨੇ ਅਮਰੀਕੀ ਪੂੰਜੀਵਾਦੀ ਵਿਵਸਥਾ ਦੇ ਵਿੱਚ ਖੋਖਲੇਪਨ ਨੂੰ ਬਹੁਤ ਨੇੜੇ ਤੋਂ ਦੇਖਿਆ। ਉਹਨਾਂ ਨੇ ਮਹਿਸੂਸ ਕੀਤਾ ਕਿ ਕਲਾ ਦਾ ਹਰ ਕੰਮ ਉਤਪਾਦਨ ਦੇ ਵਿੱਚ ਬਦਲਿਆ ਜਾ ਰਿਹਾ ਹੈ। ਇਹਨਾਂ ਦੀਆਂ ਪੁਸਤਕਾਂ ਦੀ ਸੂਚੀ Culture Industry, Dialectic of Enlightenment ਆਦਿ ਹਨ।

ਉਹਨਾਂ ਦੀ ਧਾਰਨਾ ਹੈ ਕਿ "ਸਭਿਆਚਾਰ ਉਹ ਵਸਤਾਂ ਜੋ ਸੁੰਦਰ ਵੀਂ ਨਹੀ ਹਨ ਉਨ੍ਹਾਂ ਨੂੰ ਨਵੀਂ ਚਮਕ ਰਾਹੀਂ ਉੱਚ ਜਾਂ ਮਹਾਨ ਨਾਂ ਦੇ ਕੇ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਹ ਮਹਾਨ ਨਾਮ ਜਿਨ੍ਹਾਂ ਦੀ ਚਮਕ-ਦਮਕ ਉਪਰ ਉੱਚ ਲੋਕ ਵੀ ਬਿਨ੍ਹਾਂ ਕਿਸੇ ਸ਼ਰਤ ਤੋਂ ਪੂਰੀ ਤਰ੍ਹਾਂ ਨਿਰਭਰ ਹੋ ਚੁੱਕੇ ਹਨ।" *(ਕਲਚਰ ਇੰਡਸਰਟਰੀ 67)*

**ਮੈਕਸ ਹੋਕਾਈਮਰ**: ਇਹ ਵੀ ਫਰੈਂਕਫਰਟ ਸਕੂਲ ਦੇ ਚਿੰਤਕਾਂ ਦੇ ਵਿੱਚੋਂ ਇੱਕ ਹਨ। ਇਹਨਾਂ ਦੇ ਵਿਚਾਰ ਅਤੇ ਐਡਰਨੋ ਦੇ ਵਿਚਾਰਾਂ ਦੇ ਨਾਲ ਮੇਲ ਖਾਂਦੇ ਹਨ। ਇਹਨਾਂ ਦੇ ਅਧਿਐਨ ਵਿੱਚ ਵਾਤਾਵਰਣਿਕ ਦੁਖਾਂਤ, ਮਾਸ ਕਲਚਰ, ਆਦਿ ਮੂਲ ਵਿਸ਼ੇ ਸਨ। ਉਹਨਾਂ ਨੇ ਐਡਰਨੋ ਨਾਲ ਸਾਂਝ ਪਾ ਕੇ ਇਕ 'Dialectic of Enlightenment' ਪੁਸਤਕ ਲਿਖੀ ਸੀ। ਮੈਕਸ ਹੋਕਾਈਮਰ ਦਾ ਮੂਲ ਕੰਮ ਸਮਾਜ ਬਣਤਰ/ ਮੁੱਖ ਸਭਿਆਚਾਰ ਉੱਤੇ ਕੇਂਦਰਿਤ ਸੀ ਜਿਸ ਨੂੰ ਮਾਰਕੀਟ ਦੇ ਦੁਆਰਾ ਉਤਪਾਦਨ ਦੇ ਫੈਲਣ ਦੇ ਨਾਲ ਪ੍ਰਭਾਵਿਤ ਕਰਦੇ ਹਨ। ਉਹਨਾਂ ਦੀ ਧਾਰਨਾ ਹੈ ਕਿ "ਸੱਚਾਈ ਇਹ ਹੈ ਕਿ ਉਹ ਸਿਰਫ ਕੁਝ ਨਹੀ ਹਨ, ਕਾਰੋਬਾਰ ਨੂੰ ਇੱਕ ਵਿਚਾਰਧਾਰਾ ਦੇ ਤੌਰ ਤੇ ਵਰਤਿਆ ਜਾਂਦਾ ਹੈ। ਉਹ ਜਾਣ-ਬੁੱਝ ਕੇ ਰੱਦੀ ਨੂੰ ਜਾਇਜ਼ ਠਹਿਰਾਉਣ ਲਈ ਪੈਦਾ ਕਰਦੇ ਹਨ। " *(Dialectic of Enlightenment 95)*

**ਪੰਜਾਬੀ ਚਿੰਤਕ** :

**ਡਾ ਭੀਮ ਇੰਦਰ ਸਿੰਘ:-** ਇਹਨਾਂ ਦਾ ਨਾਂ ਪੰਜਾਬੀ ਚਿੰਤਕਾਂ ਦੇ ਵਿੱਚ ਜਾਣਿਆ-ਪਛਾਣਿਆ ਹੈ। ਉਹਨਾਂ ਦੇ ਅਧਿਐਨ ਦਾ ਮੂਲ ਵਿਸ਼ਾ ਮਾਰਕਸਵਾਦ ਹੈ। ਉਸ ਦਾ ਮੰਨਣਾ ਹੈ ਕਿ ਅਜੋਕਾ ਸਮਾਜ ਜੋ ਪੂੰਜੀ ਉੱਤੇ ਆਧਾਰਿਤ ਹੈ ਜਿਸ ਨੂੰ ਸਮਝਣ ਅਤੇ ਬਦਲਣ ਦੇ ਲਈ ਸਭ ਤੋਂ ਵੱਧ ਪ੍ਰਭਾਵਸ਼ਾਲੀ ਮਾਰਕਸਵਾਦ ਹੈ। ਉਹਨਾਂ ਦੀਆਂ ਸੱਤਾ,ਸਾਹਿਤ ਅਤੇ ਸ਼ੰਘਰਸ਼,ਵਿਸ਼ਵੀਕਰਣ ਵਿਸਲੇਸ਼ਣ ਅਤੇ ਵਿਵੇਚਨ. ਮਾਰਕਸੀ ਵਿਸ਼ਵ ਚਿੰਤਨ, ਪ੍ਰਮੁੱਖ ਪੁਸਤਕਾਂ ਹਨ। ਉਹਨਾਂ ਦੀ ਧਾਰਨਾ ਹੈ ਕਿ "ਮਾਰਕਸਵਾਦ ਪੂੰਜੀਵਾਦ ਆਪਣੇ ਮਾਲ ਦੀ ਵਿਕਰੀ ਲਈ ਮੰਡੀ ਦੀ ਤਲਾਸ਼ ਵਿਚ ਦੁਨੀਆਂ ਦੇ ਇਕ ਹਿੱਸੇ ਤੋਂ ਦੂਸਰੇ ਹਿੱਸੇ ਤੱਕ ਵਿਸ਼ਵ ਬਜ਼ਾਰ ਦਾ

ਨਿਰਮਾਣ ਕਰਦਾ ਹੈ। ਪੂੰਜੀ ਸਾਰੀਆਂ ਦੀਵਾਰਾਂ ਨੂੰ ਤੋੜ ਕੇ ਹੋਰ ਦੇਸ਼ ਵਿਚ ਆਪਣਾ ਰਸਤਾ ਬਣਾਉਂਦੀ ਹੈ। ਇਹ ਨਫ਼ੇ ਦੀ ਦੌੜ ਵਿੱਚ ਸੰਸਾਰ ਦੇ ਹਰ ਕੋਨੇ ਵਿੱਚ ਪਹੁੰਚਣ ਦਾ ਯਤਨ ਕਰਦੀ ਹੈ ਅਤੇ ਹਰ ਹਿੱਸੇ ਨੂੰ ਮਜ਼ਬੂਰ ਵੀ ਕਰਦੀ ਹੈ"। *(ਮਾਰਕਸੀ ਵਿਸ਼ਵ ਚਿੰਤਨ 10)*

ਡਾ. ਰਜਿੰਦਰਪਾਲ ਸਿੰਘ ਪੰਜਾਬੀ ਚਿੰਤਕਾਂ ਦੇ ਵਿੱਚੋਂ ਇੱਕ ਹਨ। ਜੋ ਪੰਜਾਬੀ ਯੂਨੀਵਰਸਿਟੀ ਦੇ ਵਿੱਚ ਬਿਰਾਜਮਾਨ ਹਨ। ਉਹਨਾਂ ਨੇ ਵਿਸ਼ਵ-ਮੰਡੀ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ। ਮਨੁੱਖ ਦੇ ਆਧੁਨਿਕਵਾਦੀ ਵਤੀਰੇ ਨੇ ਫਾਸ਼ੀਵਾਦ, ਵਾਤਾਵਰਣ ਧਮਾਕੇ ਆਦਿ ਦੇ ਵਿੱਚ ਫਸਾਇਆ ਹੈ। ਮੰਡੀਕਰਨ ਦੇ ਸਦਕਾ ਮਾਨਵੀ ਰਿਸ਼ਤੇ ਵੀ ਮੰਡੀ ਦੀ ਲਪੇਟ ਵਿੱਚ ਆ ਰਹੇ ਹਨ। ਪੂਰਵ ਆਧੁਨਿਕ ਕਾਲ ਦੇ ਵਿੱਚ ਪੰਜਾਬ ਦੋ ਵੱਡੀਆ ਸਭਿਆਤਾਵਾਂ ਦਾ ਸੁਮੇਲ ਬਣਦਾ ਹੈ। ਉਹਨਾਂ ਦੀਆਂ ਪੁਸਤਕਾਂ ਦੀ ਸੂਚੀ ਵਿੱਚ ਉਤਰ-ਆਧੁਨਿਕਤਾ, ਲੋਕਧਾਰਾ ਅਤੇ ਆਧੁਨਿਕਤਾ ਰੂਪਾਂਤਰਣ ਅਤੇ ਪੁਨਰ-ਮੁਲਾਂਕਣ ਆਦਿ ਹਨ। ਉਹਨਾਂ ਦੀ ਧਾਰਨਾ ਹੈ ਕਿ "ਭਾਰਤ ਦੀ ਸਰਮਾਏਦਾਰੀ ਨੇ ਵਿਕਸਿਤ ਲੱਖਾਂ ਦੀ ਦਲਾਲੀ ਕਬੂਲ ਲਈ ਹੈ ਅਤੇ ਰਾਜਸੀ-ਸ਼੍ਰੇਣੀ ਨੇ ਇਸ ਦਲਾਲੀ ਨੂੰ ਕਾਨੂੰਨੀ ਰੂਪ ਦੇ ਕੇ ਰਾਜਸੱਤਾ ਦੀ ਸਥਿਰਤਾ ਹਾਸਲ ਕਰਨ ਦਾ ਪੈਂਤੜਾ ਮੱਲ ਲਿਆ ਹੈ।" *(ਉਤਰ-ਆਧੁਨਿਕਤਾ 10)*

ਸਮਾਜ ਦਾ ਆਰਥਕ ਵਿਕਾਸ ਪੂੰਜੀ ਦੇ ਨਿਵੇਸ਼ ਉੱਪਰ ਨਿਰਭਰ ਕਰਦਾ ਹੈ। ਖਪਤ ਦਾ ਮੁੱਖ ਮੰਤਵ ਵਸਤਾਂ ਦੇ ਨਿਵੇਸ਼ ਵਿੱਚ ਵਾਧਾ ਕਰਨਾ ਹੈ। ਪੂੰਜੀ ਦੇ ਕਰਕੇ ਹੀ ਸਮਾਜਕ ਅਤੇ ਆਰਥਕ ਸਰਗਰਮੀਆਂ ਤੇਜ਼ ਹੁੰਦੀਆਂ ਹਨ। ਖਪਤ ਇੱਕ ਅਜਿਹਾ ਸਿਸਟਮ ਹੈ, ਜੋ ਹਰ ਸਥਾਨ ਤੇ ਪਾਇਆ ਜਾਂਦਾ ਹੈ। ਇਹ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਕਲਾਵੇ ਵਿੱਚ ਲੈਣ ਦੀ ਕੋਸ਼ਿਸ਼ ਕਰਦਾ ਹੈ ਅਤੇ ਮਨੁੱਖੀ ਸਭਿਆਚਾਰ ਉਸ ਦੇ ਰਹਿਣ ਸਹਿਣ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸੋ ਖਪਤ ਸਭਿਆਚਾਰ ਇੱਕ ਅਜਿਹਾ ਸਭਿਆਚਾਰ ਹੈ ਜੋ ਆਰਥਕ ਅਤੇ ਸੰਕੇਤਿਕ ਪਦਾਰਥਾਂ ਦੇ ਗੇੜੇ ਨੂੰ ਨਿਰੂਪਣ ਕਰਦਾ ਹੈ। ਇਸ ਨੂੰ ਸਮਾਜਕ ਪ੍ਰਬੰਧ ਦੇ ਤੋਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਖਪਤ ਦੀ ਮਾਲ ਅਤੇ ਸੇਵਾਵਾਂ ਦੇ ਅਧਿਐਨ ਉਪਰ ਕੇਂਦਰਿਤ ਹੈ।

**ਖਪਤ ਸਭਿਆਚਾਰ ਦੀਆਂ ਦਿਸ਼ਾਵਾਂ** :

- The cultural dimension of economy: where goods and service are not merely utilities but also have symbolic value.
- The economic dimension of culture - where even cultural goods, styles and commodities have Economic value and are governed by market principles, monopoly, trade practices competition and labour relations. *(Pramod K.Nayar. An Introduction to Cultural Studies 124)*

ਜੀਵਨ ਦੀਆਂ ਨਿੱਤ ਕਿਰਿਆਵਾਂ ਵਿੱਚ ਬਜ਼ਾਰੀਕਰਨ ਦੀ ਦਖ਼ਲਅੰਦਾਜ਼ੀ ਦਿਨੋ-ਦਿਨ ਵੱਧਦੀ ਜਾ ਰਹੀ ਹੈ। ਅਜੋਕੇ ਪੂੰਜੀਵਾਦੀ ਜੀਵਨ ਢੰਗ ਨੇ ਪਰੰਪਰਾਗਤ ਤੌਰ-ਤਰੀਕਿਆਂ ਨੂੰ ਬਦਲ ਕੇ ਰੱਖ ਦਿੱਤਾ ਹੈ। ਖਪਤ ਜੀਵਨ ਸ਼ੈਲੀ ਨੇ ਹਰ ਵਸਤੂ ਨੂੰ ਖਪਤ ਦੀ ਵਸਤੂ ਬਣਾ ਦਿੱਤਾ ਹੈ। ਟੀ. ਆਰ. ਵਿਨੋਦ ਦੀ ਧਾਰਨਾ ਹੈ ਕਿ, "ਇਹਨਾਂ ਦਾ ਮੂਲ ਮਕਸਦ ਵੇਚਣਾ ਅਤੇ ਕਮਾਈ ਹੀ ਹੈ। ਪੈਸਾ ਕਮਾਉਣ ਦੀ ਇਹ ਲਾਲਸਾ ਖਪਤਵਾਦ ਦੇ ਖਪਤ ਨੂੰ ਵੀ ਉਤੇਜਿਤ ਕਰਦੀ ਜਾਂਦੀ ਹੈ।" *(ਆਧੁਨਿਕ ਪੰਜਾਬੀ ਸਭਿਆਚਾਰ 98)*

ਖਪਤ ਸਭਿਆਚਾਰ ਨੇ ਇੱਕ ਅਜਿਹੀ ਇਕਾਈ ਨੂੰ ਪੈਦਾ ਕੀਤਾ ਹੈ ਜਿਵੇਂ (ਸੰਗੀਤ, ਨਾਚ, ਥੀਏਟਰ, ਸਿਨੇਮਾ ਅਤੇ ਸਾਹਿਤ) ਆਦਿ ਜਿਸ ਦੁਆਰਾ ਵਸਤਾਂ ਵੱਧ ਤੋਂ ਵੱਧ ਵਿਕ ਸਕੇ ਅਤੇ ਵੱਧ ਤੋਂ ਵੱਧ ਮੁਨਾਫ਼ਾ ਕਮਾ ਸਕਣ। ਜਿਨ੍ਹਾਂ ਦੇ ਕਾਰਨ ਪਰੰਪਰਾਗਤ ਸਰੂਪ ਵਿੱਚ ਵਿਗਾੜ, ਨਿਘਾਰ ਆਉਂਦਾ ਜਾ ਰਿਹਾ ਹੈ। ਖਪਤ ਸਭਿਆਚਾਰ ਨੂੰ ਸਮਝਣ ਲਈ ਇਸ ਦੇ ਬੁਨਿਆਦੀ ਸਰੋਕਾਰਾਂ ਦੀ ਪਛਾਣ ਜ਼ਰੂਰੀ ਹੈ, ਜੋ ਇਸ ਦੇ ਰੂਪ ਨੂੰ ਸਾਕਾਰ ਕਰਦੇ ਹਨ।

ਖਪਤ ਸਭਿਆਚਾਰ ਬਜ਼ਾਰੀ ਵਸਤੂਆਂ ਅਤੇ ਇੱਛਾਪੂਰਕ ਵਸਤੂਆਂ ਦਾ ਸੁਮੇਲ ਹੈ। ਇਹ ਰੋਜ਼-ਮਰਾ ਜ਼ਿੰਦਗੀ ਦੇ ਵਿੱਚ ਹੋਣ ਵਾਲੇ ਪਰਿਵਰਤਨ ਦੇ ਨਾਲ ਸੰਬੰਧਿਤ ਹੈ। ਇਹ ਵਿਸ਼ੇਸ਼ ਕਰਕੇ ਸਮਾਜਕ, ਆਰਥਕ ਅਤੇ ਬਜ਼ਾਰ ਪ੍ਰਣਾਲੀ ਉੱਤੇ ਆਧਾਰਿਤ ਹੈ। ਖਪਤ ਸਭਿਆਚਾਰ 18 ਵੀਂ 19 ਵੀਂ ਸਦੀ ਦੇ ਵਿੱਚ ਉਭਰ ਕੇ ਸਾਹਮਣੇ ਆਇਆ ਹੈ। ਇਸਨੇ ਬਜ਼ਾਰੀ ਵਿਵਸਥਾ ਦਾ ਨਵਾਂ ਸਿਧਾਂਤ ਪੇਸ਼ ਕੀਤਾ ਸੀ ਜਿਸ ਦੇ ਵਿੱਚ

ਇਸ਼ਤਿਹਾਰਬਾਜ਼ੀ ਅਤੇ ਮੀਡੀਆ ਨੂੰ ਵੀ ਸ਼ਾਮਿਲ ਕੀਤਾ ਗਿਆ। ਇਹ ਸਮਾਜ ਨੂੰ ਨਵੀਨ ਰੂਪ ਦੇ ਵਿੱਚ ਪੇਸ਼ ਕਰਦਾ ਹੈ। ਸੰਸਕ੍ਰਿਤੀ ਦੇ ਵਿਹਾਰ ਨੂੰ ਵਰਤਣ ਤੋਂ ਗੁਰੇਜ਼ ਨਹੀ ਕਰਦਾ ਹੈ। ਇਹ ਸਮਾਜ ਨੂੰ ਵੱਖ-ਵੱਖ ਸਮੂਹਾਂ ਦੇ ਰੂਪ ਵਿੱਚ ਦੇਖਦਾ ਹੈ। ਇਹ ਗਾਹਕਾਂ ਦੇ ਲਈ ਵਿਚੋਲਗੀ ਦਾ ਕੰਮ ਕਰਦਾ ਹੈ। ਅਸਲ ਵਿੱਚ ਇਹ ਬਜ਼ਾਰ ਅਤੇ ਖਪਤਕਾਰਾਂ ਨੂੰ ਜੋੜਨ ਦਾ ਕੰਮ ਕਰਦਾ ਹੈ। ਵਪਾਰਕ ਪੱਧਰ ਉੱਤੇ ਉਤਪਾਦਨਾਂ ਦੀ ਪਛਾਣ ਸਥਾਪਿਤ ਕਰਨ ਦੇ ਵਿੱਚ ਮਦਦ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਖਪਤਕਾਰ ਕਿਵੇਂ ਦੇ ਹਨ? ਵਿਗਿਆਪਨ, ਬਰੈਂਡ, ਨੂੰ ਵਿਅਕਤੀਗਤ ਅਤੇ ਸਮਾਜਕ ਹਾਲਤਾਂ ਨਾਲ ਜੋੜ ਕੇ ਦਰਸਾਇਆ ਜਾਂਦਾ ਹੈ। ਖਪਤ ਸਭਿਆਚਾਰ ਨੂੰ ਸਮਝਣ ਦੇ ਲਈ ਬਜ਼ਾਰ ਦੇ ਹਾਲਤਾਂ ਨੂੰ ਸਮਝਣਾ ਪਏਗਾ। ਬਜ਼ਾਰ ਦੇ ਪ੍ਰਤੀਕ ਉਪਭੋਗ ਸਭਿਆਚਾਰ ਨਾਲ ਮੇਲ ਖਾਂਦੇ ਹਨ। ਇਹ ਉਪਭੋਗਤਾ ਦੀ ਸੋਚ ਅਤੇ ਵਿਸ਼ਵਾਸ਼ ਨੂੰ ਸਮਝਣ ਵੱਲ ਸੰਕੇਤ ਕਰਦਾ ਹੈ। ਬਜ਼ਾਰ ਦੀ ਵਿਵਸਥਾ ਖਪਤ ਸਭਿਆਚਾਰ ਨੂੰ ਹੋਰ ਦ੍ਰਿੜ ਕਰਦੀ ਹੈ। ਮਾਰਕੀਟ ਦੇ ਦੁਆਰਾ ਤਿਆਰ ਵਸਤਾਂ ਅਤੇ ਵਪਾਰ ਨੂੰ ਅਗਾਂਹਵਧੂ ਪੇਸ਼ ਕਰਦੀ ਹੈ। ਇਹ ਵਸਤਾਂ ਦੀ ਖਪਤ ਦੇ ਵੱਲ ਸੰਕੇਤ ਰੂਪ ਵਿੱਚ ਇਸ਼ਾਰਾ ਕਰਦੀ ਹੈ। ਮਾਇਕਰੋ ਪੱਧਰ ਉੱਤੇ ਇਸ ਪੂਰੇ ਸਿਸਟਮ ਦਾ ਪੂਰਨ ਉਤਪਾਦਨ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਉੱਤੇ ਨਿਰਭਰ ਕਰਦਾ ਹੈ।

ਇਹ ਰਾਸ਼ਟਰੀ ਅੰਤਰ ਰਾਸ਼ਟਰੀ ਸੰਬੰਧਾਂ ਦਾ ਸੰਗ੍ਰਹਿ ਹੈ। ਇਸ ਦਾ ਫੈਲਾਉ ਕਰਨ ਦੇ ਲਈ ਸਾਰੇ ਸਮੂਹ ਕਾਰਜਸ਼ੀਲ ਹੁੰਦੇ ਹਨ। ਖਪਤ ਸਭਿਆਚਾਰ ਨੂੰ ਦੁਨੀਆਂ ਦੀ ਵਿਚਾਰਧਾਰਾ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ ਵਿਚਾਰਧਾਰਾ ਨੂੰ ਨਾਕਾਰਾਤਮਕ ਅਤੇ ਸਾਕਾਰਾਤਮਕ ਦੋਵੇਂ ਭਾਂਤ ਦੇ ਵਿਰੋਧਾਂ ਨੂੰ ਸਹਿਣਾ ਪੈਂਦਾ ਹੈ। ਇਹ ਵਿਚਾਰਧਾਰਾ ਅਧਿਕ ਵਪਾਰ ਅਤੇ ਅਧਿਕ ਮੁਨਾਫ਼ੇ ਉੱਤੇ ਆਧਾਰਿਤ ਹੈ। ਸ਼ੁਰੂਆਤੀ ਦੌਰ ਦੇ ਵਿੱਚ ਇਸ ਦਾ ਪ੍ਰਭਾਵ ਇੰਨਾ ਨਹੀ ਸੀ। ਸਿਰਫ ਜ਼ਰੂਰਤਾਂ ਤੱਕ ਹੀ ਸੀਮਿਤ ਸੀ। ਹੌਲੀ ਹੌਲੀ ਵਸਤਾਂ ਦੀ ਲੋੜ ਵੱਧਣ ਨਾਲ ਇਸ ਦਾ ਪ੍ਰਗਟਾ ਵਧੇਰੇ ਹੁੰਦਾ ਗਿਆ। ਪੁਰਾਤਨ ਵਕਤ ਦੇ ਵਿੱਚ ਇੱਕ ਵਸਤ ਵਧੇਰੇ ਲੋੜਾਂ ਦੀ ਪੂਰਤੀ ਕਰਦੀ ਸੀ। ਆਧੁਨਿਕ ਸਮੇਂ ਦੇ ਅਨੇਕਾਂ ਵਸਤਾਂ ਦਾ ਉਤਪਾਦਨ ਹੋ ਜਾਣਾ ਸ਼ੁਰੂ ਹੋ ਗਿਆ।

**ਖਪਤ ਸਭਿਆਚਾਰ ਦਾ ਪਸਾਰ-** 21 ਵੀਂ ਸਦੀ ਨੂੰ ਪਦਾਰਥਵਾਦੀ ਯੁੱਗ ਕਿਹਾ ਜਾਂਦਾ ਹੈ। ਇਹ ਸਮਾਂ ਅਤਿ- ਆਧੁਨਿਕ ਟੈਕਨੋਲੋਜੀ ਦਾ ਸਮਾਂ ਹੈ। ਮਨੁੱਖ ਨੇ ਜੀਵਨ ਨਾਲੋਂ ਪਦਾਰਥਾਂ ਨੂੰ ਅਹਿਮੀਅਤ ਦਿੱਤੀ ਹੈ। ਖਪਤ ਸਭਿਆਚਾਰ ਉਦਯੋਗੀਕਰਨ ਦਾ ਸਿੱਟਾ ਹੈ। "ਸਾਇੰਸ, ਉਦਯੋਗੀਕਰਨ ਸਦਕਾ ਪੱਛਮ ਦੇ ਉੱਨਤ ਦੇਸ਼ਾਂ ਵਿੱਚ ਵੱਡੇ-ਵੱਡੇ ਆਰਥਕ, ਸਮਾਜਕ ਅਤੇ ਸਭਿਆਚਾਰਕ ਪਰਿਵਰਤਨ ਆਉਂਦੇ ਰਹਿੰਦੇ ਹਨ। "ਦਿਸ਼ਾਹੀਣ ਤਕਨੀਕੀਕਰਨ ਅਤੇ ਉਦਯੋਗੀਕਰਨ ਕਾਰਣ ਸਮਾਜਕ ਟੁੱਟ-ਭੱਜ ਦੇ ਆਸਾਰ ਤਾਂ ਪਹਿਲੇ ਵਿਸ਼ਵ ਯੁੱਧ ਤੋਂ ਹੀ ਸਾਹਮਣੇ ਆਉਣੇ ਸ਼ੁਰੂ ਹੋ ਜਾਂਦੇ ਹਨ। ਉਦਯੋਗੀਕਰਨ ਨੇ ਮਨੁੱਖੀ ਰਿਸ਼ਤਿਆਂ ਤੇ ਮਾਰੂ ਅਸਰ ਦਿਖਾਏ ਹਨ ।"*(ਡਾ. ਸਤਿੰਦਰ ਔਲਖ (ਸੰਪਾ.). ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ 21)*

ਇਨ੍ਹਾਂ ਕਾਰਨਾਂ ਨੂੰ ਸਾਹਿਤਕਾਰ ਨੇ ਸਾਹਿਤ ਦੇ ਚਿੰਤਨ ਦਾ ਵਿਸ਼ਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਸਮਾਜ ਦੀਆਂ ਤਿੰਨ ਵੱਡੀਆਂ ਸ਼ਕਤੀਆਂ (ਸਾਇੰਸ, ਟੈਕਨੋਲੋਜੀ, ਉਦਯੋਗੀਕਰਨ) ਦੇ ਆਧਾਰ ਤੇ ਹੀ ਆਧੁਨਿਕ ਯੁੱਗ ਵਿੱਚ ਪੁਨਰਜਾਗ੍ਰਤੀ ਦੀ ਲਹਿਰ ਦੇ ਸਮੇਂ ਤੋਂ ਹੀ ਸਿਰਜੇ ਗਏ ਸਮਾਜ ਦੀ ਉੱਨਤੀ ਤੇ ਵਿਕਾਸ ਦੇ ਸੁਪਨਿਆਂ ਦਾ ਹਨੇਰਾ ਪਾਸਾ ਦਿਖਾਈ ਦੇਣ ਲੱਗ ਪਿਆ ਸੀ। "ਟੋਇਨਬੀ ਨੇ ਪੱਛਮੀ ਇਤਿਹਾਸ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਹੈ। ਜਿਸ ਤੋਂ ਖਪਤ ਸਭਿਆਚਾਰ ਦੇ ਪੈਦਾ ਹੋਣ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਟੋਇਨਬੀ ਨੇ ਅੰਧ-ਕਾਲ,(675-075) ਮੱਧਕਾਲ (075-1475) ਆਧੁਨਿਕ ਕਾਲ (1475-1875) ਅਤੇ ਉਤਰ-ਆਧੁਨਿਕਤਾ ਦੇ ਕਾਲ ਨੂੰ ਬਾਅਦ ਦਾ ਮੰਨਿਆ ਗਿਆ ਹੈ"।*(ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ 22)*

ਜਿਸ ਦੇ ਅਨੁਸਾਰ 1875 ਦੇ ਵਿੱਚ ਪੱਛਮੀ ਸਭਿਅਤਾ ਇੱਕ ਨਵਾਂ ਮੋੜ ਕੱਟਦੀ ਹੈ, ਇੱਕ ਨਵੇਂ ਉਤਰ-ਆਧੁਨਿਕਤਾ ਦੇ ਕਾਲ ਵਿਚ ਦਾਖਿਲ ਹੁੰਦੀ ਹੈ। ਜਿਸ ਦਾ ਆਧੁਨਿਕ ਕਾਲ ਨਾਲ ਕੋਈ ਸੰਬੰਧ ਨਹੀ ਹੈ। "ਟੋਇਨਬੀ ਆਧੁਨਿਕ-ਕਾਲ ਨੂੰ ਸਮਾਜਕ ਸਥਿਰਤਾ, ਨਵੀਨ ਚੇਤਨਾ, ਤਰਕਸ਼ੀਲਤਾ ਦਾ ਕਾਲ ਤਾਂ ਮੰਨਦਾ ਹੈ, ਪ੍ਰੰਤੂ ਉਤਰ-ਆਧੁਨਿਕ ਕਾਲ ਨੂੰ ਮੁਸੀਬਤਾਂ ਦਾ ਦੌਰ ਮੰਨਦਾ ਹੈ।" *(ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ 22)*

ਉਸ ਦੀਆਂ ਰਚਨਾਵਾਂ ਇਸੇ 'ਮੁਸੀਬਤ ਕਾਲ'ਦੀਆਂ ਹਨ, ਜੋ ਲਗਭਗ 1954 ਦੇ ਕਰੀਬ ਦੀਆਂ ਹਨ। ਜਿਸ ਤੋਂ ਬਾਅਦ ਹੀ ਅਮਰੀਕੀ ਸਮਾਜ ਦੀਆਂ ਸੰਸਥਾਵਾਂ, ਸਭਾਵਾਂ, ਅਤੇ ਸਭਿਆਚਾਰ ਦੇ ਖੇਤਰ ਦੀਆਂ ਕਦਰਾਂ-ਕੀਮਤਾਂ ਆਦਿ ਟੁੱਟਣੀਆਂ ਸ਼ੁਰੂ ਹੋ ਗਈਆਂ ਸਨ। ਪੂੰਜੀਵਾਦ ਦੇ ਕਾਰਨ ਇੱਕ ਨਵਾਂ ਸਮਾਜ ਪੈਦਾ ਹੋਇਆ ਸੀ, ਜਿਸ ਦੇ ਸਿੱਟੇ ਵਜੋਂ ਜੀਵਨ ਦਾ ਹਰ ਇੱਕ ਪੱਖ ਪਦਾਰਥ ਬਣ ਕੇ ਰਹਿ ਗਿਆ ਸੀ ਜਿਸ ਤੋਂ ਆਸਾਨੀ ਨਾਲ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਖਪਤ ਸਭਿਆਚਾਰ 20 ਵੀਂ ਸਦੀ ਦੇ ਅੰਤ ਤੇ 21 ਵੀਂ ਸਦੀ ਦੇ ਸ਼ੁਰੂਆਤ ਵਿੱਚ ਖਪਤ ਦਾ ਚਿਹਰਾ ਮੁਹਾਰਾ ਸਪੱਸ਼ਟ ਹੋਣਾ ਸ਼ੁਰੂ ਹੋ ਗਿਆ ਸੀ।

20 ਵੀਂ ਸਦੀ ਦੇ ਅੰਤਰਗਤ ਹੀ ਸਨਅਤੀ ਇਨਕਲਾਬ ਹੋਇਆ ਸੀ। ਇਸ ਦੇ ਅਸਿੱਧੇ ਅਸਰ ਸਮਾਜ ਉਪਰ ਦਿਖਾਈ ਦੇਣ ਲੱਗ ਪਏ ਸਨ। ਇਸ ਦੇ ਨਾਲ ਹੀ ਪਰੰਪਰਾਗਤ ਜੀਵਨ ਢੰਗ ਟੁੱਟਦੇ ਨਜ਼ਰ ਆਏ। ਪੱਛਮੀ ਵਿਕਸਿਤ ਦੇਸ਼ਾਂ ਵਿੱਚ 1970 ਤੋਂ 1980 ਦੇ ਦਰਮਿਆਨ ਸਮਾਜਕ,ਆਰਥਕ ਪਰਿਵਰਤਨ ਆਉਣ ਲੱਗ ਪਏ ਹਨ। "1980 ਤੋਂ ਨਵੇਂ ਯੁੱਗ ਦੇ ਸਮਾਜ ਵਿੱਚ ਉਚੇਰੀ ਵਿਦਿਆ, ਟੈਕਨੋਲੋਜੀ, ਮੀਡੀਆ ਅਤੇ ਕੰਪਿਊਟਰ ਦਾ ਦੌਰ ਸ਼ੁਰੂ ਹੁੰਦਾ ਹੈ। ਜਿਸ ਵਿੱਚ ਸੰਚਾਰ ਦੇ ਸਾਧਨਾਂ ਨੇ ਹੈਰਾਨੀਜਨਕ ਵਿਕਾਸ ਕੀਤਾ। ਪੂੰਜੀਵਾਦ ਦੀ ਅੰਧਾ- ਧੁੰਦ ਲਾਭ ਕਮਾਉਣ ਦੀ ਅੰਨੀ ਦੌੜ ਨੇ ਰੋਜ਼ਾਨਾ ਜੀਵਨ ਨੂੰ ਵਸਤੂ ਬਣਾਉਣ ਦੀ ਪ੍ਰਕਿਰਿਆ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਨਵੀਂ ਟੈਕਨੋਲੋਜੀ ਸਦਕਾ ਉੱਭਰਦੇ ਇਸ ਖਪਤ ਸਮਾਜ ਵਿਚ ਵਸਤਾਂ ਦੇ ਇਕ ਅਜੀਬ ਜਾਲ ਨੇ ਘੇਰ ਲਿਆ ਹੈ।" *(ਡਾ. ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ 23)*

ਵਿਸ਼ਵੀਕਰਨ ਅਸਲ ਵਿਚ ਵਪਾਰੀਕਰਨ ਦਾ ਹੀ ਦੂਸਰਾ ਨਾਮ ਹੈ। ਮਲਟੀਨੈਸ਼ਨਲ ਕੰਪਨੀਆਂ, ਮੀਡੀਆ ਅਤੇ ਸੂਚਨਾ ਤਕਨਾਲੋਜੀ ਦੇ ਸਾਧਨਾਂ ਨੇ ਦੁਨੀਆਂ ਨੂੰ ਗਲੋਬਲ ਪਿੰਡ ਵਿਚ ਬਦਲ ਕੇ ਰੱਖ ਦਿੱਤਾ ਹੈ। ਖੂਹ ਦੇ ਡੱਡੂ ਸੱਤ ਪੱਤਣਾਂ ਦੇ ਤਾਰੂ ਬਣ ਕੇ ਦੂਰ ਤੱਕ ਨਜ਼ਰ ਘੁਮਾ ਰਹੇ ਹਨ। ਇਹ ਇੱਕ ਸਮਾਜਕ ਪ੍ਰਕਿਰਿਆ ਹੈ, ਜਿਸ ਵਿਚ ਸਮਾਜਕ, ਸਭਿਆਚਾਰਕ ਵਰਤਾਰਿਆਂ ਉੱਤੇ ਪਾਬੰਦੀਆਂ ਲੱਗਦੀਆਂ ਹਨ। ਇਹ ਸਭਿਆਚਾਰ ਦੇ ਵਸੇਬੇ, ਕਾਲੋਨੀਵਾਦ, ਸੰਸਕ੍ਰਿਤਿਕ ਨਕਲਪਨ ਰਾਹੀਂ ਸਾਰੇ ਸੰਸਾਰ ਵਿਚ ਫੈਲ ਗਿਆ ਹੈ।

ਡਾ. ਹਰਿਭਜਨ ਸਿੰਘ ਭਾਟੀਆ ਦੀ ਧਾਰਨਾ ਅਨੁਸਾਰ "ਘੱਟ ਵਿਕਸਿਤ ਮੁਲਕਾਂ ਦੇ ਪ੍ਰਸੰਗ ਵਿਚ ਵਿਸ਼ਵੀਕਰਨ ਦੀ ਇਹ ਪ੍ਰਕਿਰਿਆ ਅਧੂਰੀ ਤੇ ਇਕਪਾਸੜ ਤਾਂ ਹੈ ਹੀ, ਮੁਫ਼ਾਦ ਆਧਾਰਿਤ ਵੀ ਹੈ। ਆਪਣੀ ਆਰੰਭਿਕ ਸਮਰੱਥਾ, ਜ਼ਰੂਰਤਾਂ ਅਤੇ ਕਮਜ਼ੋਰੀਆਂ ਨੂੰ ਜਾਣ-ਬੁੱਝ ਕੇ ਬਗ਼ੈਰ ਵਿਸ਼ਵੀਕਰਨ ਤੇ ਉਦਾਰੀਕਰਨ ਦਾ ਗ੍ਰਹਿਣ ਜਾਂ ਤਿਆਗ ਕਰਨਾ ਸਾਡੇ ਹਿਤ ਵਿਚ ਪ੍ਰਤੀਤ ਨਹੀ ਹੁੰਦਾ।" *(ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ 12)*

ਵੱਖ- ਵੱਖ ਦੇਸ਼ਾਂ ਦੀਆਂ ਸ਼ਕਤੀਸ਼ਾਲੀ ਤਾਕਤਾਂ ਆਪਣੇ ਸਾਂਝੇ ਹਿੱਤਾਂ ਦੀ ਪੂਰਤੀ ਲਈ ਇਕੱਠੇ ਹੋ ਕੇ ਵਿਸ਼ਵੀਕਰਨ ਦੇ ਪ੍ਰੋਗਰਾਮ ਹੇਠ ਗਰੀਬ ਮੁਲਕਾਂ ਨੂੰ ਬਸਤੀ ਬਣਾਉਣ ਵਿਚ ਲੱਗੀਆਂ ਹਨ। ਵਿਕਸਿਤ ਮੁਲਕ ਗਰੀਬ ਮੁਲਕਾਂ ਉੱਤੇ ਆਪਣੀਆਂ ਵਸਤਾਂ ਦੇ ਚਮਤਕਾਰੀ ਪ੍ਰਭਾਵ ਪਾਉਣ ਲਈ ਉਨ੍ਹਾਂ ਦੀਆਂ ਸਭਿਆਚਾਰਕ ਪਰੰਪਰਾਵਾਂ ਨੂੰ ਸਮਝ ਕੇ ਗ਼ੁਲਾਮ ਬਣਾਉਣ ਵਿਚ ਲੱਗੀਆਂ ਹਨ। ਬੇਸ਼ੱਕ ਵਿਸ਼ਵੀਕਰਨ ਦਾ ਉਦੈ ਪਿੱਛੇ ਪੱਛਮੀ ਮੁਲਕਾਂ ਦਾ ਹੱਥ ਹੈ ਪਰੰਤੂ ਅੱਜ ਇਸ ਦੇ ਪੈਰੋਕਾਰਾਂ ਵਿਚ ਹਰੇਕ ਮੁਲਕ ਦਾ ਪੂੰਜੀਪਤੀ ਵਰਗ ਸ਼ਾਮਿਲ ਹੈ। ਇਸ ਲਈ ਵਿਸ਼ਵੀਕਰਨ ਇਕ ਵਿਚਾਰਧਾਰਾ ਹੋ ਨਿਬੜਿਆ ਹੈ ਜਿਸ ਦਾ ਮੂਲ ਮਨੋਰਥ ਮੁਨਾਫ਼ਾ ਬਿਰਤੀ ਅਤੇ ਨਿਰੰਕੁਸ਼ ਸੱਤਾ ਪ੍ਰਾਪਤੀ ਦੀ ਲਾਲਸਾ ਕਹੇ ਜਾ ਸਕਦੇ ਹਨ। ਖਪਤ ਸਭਿਆਚਾਰ ਇਸ ਵਿਚਾਰਧਾਰਾ ਦਾ ਸਮੂਰਤ ਅਤੇ ਵਿਹਾਰਿਕ ਪੱਖ ਹੈ। ਇਹ ਪੈਸਾ ਬਟੋਰਨ ਵਾਲਾ ਇਕ ਅਜਿਹਾ ਸਭਿਆਚਾਰ ਹੈ, ਜੋ ਸਹਿਯੋਗ ਦੀ ਥਾਂ ਤੇ ਗੱਲ ਵੱਢਣ ਦੀ ਧਾਰਨਾ ਉੱਤੇ ਕੰਮ ਕਰਦਾ ਹੈ। ਖਪਤ ਸਭਿਆਚਾਰ ਦੇ ਵਿੱਚ ਸੁਆਰਥੀ ਭਾਵਨਾ ਵਧੇਰੇ ਦਿਖਾਈ ਦਿੰਦੀ ਹੈ। ਜਿਵੇਂ ਕਿ ਇਸ਼ਤਿਹਾਰਾਂ ਦੇ ਵਿੱਚ ਮਨੁੱਖ ਨੂੰ ਵਿਕਰੀ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।

ਖਪਤ ਸਭਿਆਚਾਰ ਅਤੇ ਟੈਕਨੋਲੋਜੀ ਮਿਲ ਕੇ ਹੋਰ ਵਧਦੇ ਹਨ। ਖਪਤ ਸਭਿਆਚਾਰ ਨੂੰ ਫੈਲਾਉਣ ਦੇ ਵਿੱਚ ਤਕਨੀਕੀ ਸਾਧਨ ਦਾ ਪੂਰਾ ਹੱਥ ਹੈ। ਇਹ ਸ਼ੈਅ ਨੇ ਤਕਨੀਕਾਂ ਦੇ ਰਾਹੀਂ ਘਰ ਘਰ ਤੱਕ ਪਹੁੰਚ ਕੀਤੀ ਹੈ ਜਿਵੇਂ ਮੋਬਾਇਲ, ਫੇਸਬੁੱਕ, ਟੀ.ਵੀ, ਰੇਡੀਉ ਆਦਿ ਤਕਨੀਕਾਂ ਹਨ। ਟੀ.ਵੀ, ਇੰਟਰਨੈੱਟ ਉਪਰ ਭਾਂਤ ਭਾਂਤ ਦੇ ਇਸ਼ਤਿਹਾਰ ਮਿਲ ਜਾਂਦੇ ਹਨ, ਜੋ ਇਸ ਦੀ ਸਾਖ ਭਰਦੇ ਹਨ। ਖਪਤ ਸਭਿਆਚਾਰ

ਇਕ ਭੁਲੇਖਾ ਹੈ। ਇਹ ਭਰਮ-ਭੁਲੇਖਾ ਸਿਰਜ ਕੇ ਲੋਕਾਂ ਦੇ ਮਨਾਂ ਨੂੰ ਭਰਮਾਉਂਦਾ ਹੈ। ਲੋਕ ਆਕਰਸ਼ਿਤ ਹੋ ਕੇ ਵਸਤਾਂ ਦੇ ਵੱਲ ਖਿੱਚੇ ਜਾਂਦੇ ਹਨ। ਅਸਲ ਵਿੱਚ ਵਪਾਰੀ ਖਾਸ ਢੰਗ ਤਰੀਕਿਆਂ ਨਾਲ ਭਰਮਾਉਂਦਾ ਹੈ। ਆਮ ਮਨੁੱਖ ਨੂੰ ਪਤਾ ਹੀ ਨਹੀ ਲੱਗਦਾ ਕਿ ਉਹ ਭਰਮਾਇਆ ਜਾ ਰਿਹਾ ਹੈ। "ਮੈਕਡੋਨਿਲ ਨੇ ਪੂਰੇ ਸੰਸਾਰ ਵਿਚ ਭੋਜਨ ਨੂੰ ਮਜ਼ੇਦਾਰ ਅਲੌਕਿਕ ਅਤੇ ਭਰਮ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਇਸ਼ਤਿਹਾਰ ਦੇ ਵਿਚ ਦਿਖਾਇਆ ਹੈ, ਕਿ ਇਹ ਇਕ ਅਜਿਹਾ ਜਾਦੂ-ਮਈ ਸਥਾਨ ਹੈ ਜਿਸ ਤੇ ਹਰ ਵਿਅਕਤੀ ਆਣ ਕੇ ਖੁਸ਼ੀ, ਪਿਆਰ ਅਤੇ ਸੁਰੱਖਿਆ ਦੀ ਭਾਵਨਾ ਮਹਿਸੂਸ ਕਰਦਾ ਹੈ।" *(Michael R. Solomom. Consumer Behavior 327)*

ਵਸਤਾਂ ਦੇ ਨਾਲ ਸੰਬੰਧਿਤ ਵੈੱਬਸਾਈਟ ਵੀ ਮਿਲ ਜਾਂਦੀਆਂ ਹਨ, ਜਿਨ੍ਹਾਂ ਤੇ ਜਾ ਕੇ ਖਪਤਕਾਰ ਆਪਣੇ ਵਿਚਾਰਾਂ ਨੂੰ ਸਾਂਝਾ ਕਰਦਾ ਹੈ ਜਿਵੇਂ ਕੋਕਾ ਕੋਲਾ, ਐਪਲ ਕੰਪਿਊਟਰ ਆਦਿ। ਇਨ੍ਹਾਂ ਵਸਤਾਂ ਨੇ ਖਾਉ-ਪੀਉ, ਐਸ਼ ਕਰੋ ਮਿੱਤਰੋ ਦੀ ਧਾਰਨਾ ਨੂੰ ਆਦਰਸ਼ ਬਣਾ ਕੇ ਪੇਸ਼ ਕੀਤਾ ਹੈ। ਬੋਦਰੀ ਲਾਰਦ ਦੇ ਅਨੁਸਾਰ: "ਵਸਤੂਆਂ ਨਾਲੋਂ ਵਸਤੂਆਂ ਦੇ ਚਿੰਨ੍ਹ ਜ਼ਿਆਦਾ ਅਸਲੀ ਲੱਗਦੇ ਹਨ ਅਤੇ ਇਹਨਾਂ ਚਿੰਨ੍ਹਾਂ ਦਾ ਪ੍ਰਬੰਧ ਇਕ ਐਸੀ ਭੁਲਾਵੇ ਦੀ ਦੁਨੀਆਂ ਰਚਦਾ ਹੈ ਜੋ ਮਨੁੱਖ ਦੇ ਦਿਲ ਦਿਮਾਗ਼ 'ਤੇ ਛਾ ਜਾਂਦੀ ਹੈ"। (ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ 23)

ਮਨੁੱਖ ਬਨਾਵਟੀ ਸੰਸਾਰ ਵਿੱਚ ਜੀਅ ਰਹੇ ਹਨ, ਜਿਨ੍ਹਾਂ ਵਿੱਚ ਪਦਾਰਥ ਹੀ ਅਹਿਮ ਰਹਿ ਗਏ ਹਨ। ਸਭਿਆਚਾਰ ਵਸਤਾਂ ਦੇ ਪ੍ਰਚਾਰ ਕਰਨ ਨਾਲ ਪ੍ਰਭਾਵਿਤ ਨਹੀ ਹੁੰਦਾ ਜਿੰਨਾ ਇਨਾਂ ਦੀ ਖਪਤ ਨਾਲ ਹੁੰਦਾ ਹੈ। ਵਪਾਰੀ ਆਪਣੀਆਂ ਵਸਤਾਂ ਦੀ ਜ਼ਿਆਦਾ ਵਿਕਰੀ ਲਈ ਸਭਿਆਚਾਰਕ ਚਿੰਨ੍ਹਾਂ ਨੂੰ ਵਸਤਾਂ ਦੇ ਨਾਲ ਜੋੜ ਦਿੰਦਾ ਹੈ। ਸਮਾਜ ਵਿੱਚ ਦਿਨ-ਤਿਉਹਾਰ ਤੇ ਆਮ ਇੱਕ-ਦੂਜੇ ਨੂੰ ਤੋਹਫ਼ੇ ਦਿੱਤੇ ਜਾਂਦੇ ਹਨ। ਕ੍ਰਿਸਮਿਸ ਉੱਤੇ ਤੋਹਫ਼ੇ ਦੇਣ ਕਰਕੇ $40% ਸੇਲ ਲੱਗਦੀ ਹੈ ਜਿਸ ਵਿੱਚ ਵਪਾਰੀਆਂ ਨੂੰ ਸਭ ਤੋਂ ਜ਼ਿਆਦਾ ਫ਼ਾਇਦਾ ਹੁੰਦਾ ਹੈ।

ਭਾਰਤ ਇਕ ਅਜਿਹਾ ਦੇਸ਼ ਹੈ, ਜਿੱਥੇ ਹਰ ਤਿਉਹਾਰ ਨੂੰ ਖੁਸ਼ੀਆ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉੱਥੇ ਇਨ੍ਹਾਂ ਮੌਕਿਆਂ ਤੇ ਵੱਡੀ ਖ਼ਰੀਦਦਾਰੀ ਕਰਦੇ ਹਨ। ਤਿਉਹਾਰਾਂ ਦੇ ਮੌਸਮ ਵਿੱਚ ਖਪਤਕਾਰ

ਲਈ ਛੋਟਾ ਵੱਡਾ ਲਾਲਚ ਦੇਣ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ। ਹਰ ਕੋਈ ਚਾਹੁੰਦਾ ਹੈ ਕਿ ਮੌਸਮ ਦਾ ਵੱਧ ਤੋ ਵੱਧ ਫ਼ਾਇਦਾ ਉਠਾਇਆ ਜਾਵੇ। ਵੱਖ-ਵੱਖ ਵਸਤਾਂ ਨੂੰ ਗਾਹਕਾਂ ਨੂੰ ਵੇਚਣ ਦੀ ਹੋੜ ਲੱਗ ਜਾਂਦੀ ਹੈ। ਉਨ੍ਹਾਂ ਨੂੰ ਆਪਣੇ ਜਾਲ ਵਿਚ ਫਸਾਉਣ ਲਈ ਦੁਕਾਨਦਾਰ, ਕੰਪਨੀਆਂ, ਤਰ੍ਹਾਂ-ਤਰ੍ਹਾਂ ਦੇ ਮਨਸੂਬੇ ਬਣਾਉਂਦੇ ਹਨ। ਇਸ ਦੇ ਸਿੱਟੇ ਵਜੋਂ ਗਾਹਕਾਂ ਦੇ ਭੀੜ ਭੱੜਕੇ, ਉਨ੍ਹਾਂ ਦੀ ਜਲਦਬਾਜ਼ੀ ਅਤੇ ਹੜਬੜੀ ਦੀ ਵਜ੍ਹਾ ਕਰਕੇ ਅਸਲੀ ਅਤੇ ਨਕਲੀ ਮਾਲ ਵੀ ਬਜ਼ਾਰ ਵਿਚ ਖੱਪ ਜਾਂਦਾ ਹੈ।

ਖਪਤ ਸਭਿਆਚਾਰ ਦੇ ਵਿਕਾਸ ਵਿਚ 'ਮੀਡੀਆ ਅਤੇ ਤਕਨਾਲੋਜੀ' ਨੇ ਅਹਿਮ ਰੋਲ ਨਿਭਾਇਆ ਹੈ। ਇਸ ਨੇ ਨਵੀਨ ਵਸਤਾਂ ਦੇ ਉਤਪਾਦਨ ਅਤੇ ਪ੍ਰਚਾਰ ਵਿਚ ਚੰਗਾ ਸਹਿਯੋਗ ਦਿੱਤਾ ਹੈ। "ਅੱਜ ਦੇ ਦੌਰ ਵਿਚ ਸਰੀਰ ਨੂੰ ਸ਼ਿੰਗਾਰਨ ਲਈ ਕਾਸਮੈਟਿਕਸ ਦੀਆਂ ਵਸਤਾਂ ਦੀ ਵਰਤੋਂ ਦਾ ਕਾਫ਼ੀ ਇਜ਼ਾਫਾ ਹੋਇਆ ਹੈ। ਸਰੀਰ ਨੂੰ ਸ਼ਿੰਗਾਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਕਰੀਮਾਂ ਮਹਿੰਗੀਆਂ ਹੋਣ ਦੇ ਬਾਵਜੂਦ ਵੀ ਵਰਤੀਆਂ ਜਾਂਦੀਆਂ ਹਨ"। *(ਸਤਿੰਦਰ ਕੌਰ ਰੰਧਾਵਾ. ਪੰਜਾਬੀ ਸਭਿਆਚਾਰ ਤੇ ਨਵ-ਪਰਿਪੇਖ 65)*

ਮੀਡੀਆ ਹੀ ਸਭਿਆਚਾਰ ਨੂੰ ਸਮਾਜ ਵਿਚ ਫੈਲਾ ਰਿਹਾ ਹੈ ਅਤੇ ਨਵੀਨ ਸਭਿਆਚਾਰ ਨੂੰ ਪੈਦਾ ਕਰ ਰਿਹਾ ਹੈ। ਟੈਲੀਵਿਜ਼ਨ, ਇੰਟਰਨੈਟ, ਸੈਲਫੋਨ, ਕੰਪਿਊਟਰ ਆਦਿ ਰਾਹੀਂ ਖਪਤ ਸਭਿਆਚਾਰ ਜ਼ਿਆਦਾ ਕਿਰਿਆਸ਼ੀਲ ਹੋ ਰਿਹਾ ਹੈ। ਇਹ ਵਪਾਰ ਕਰਨ ਦੇ ਹੀ ਢੰਗ ਤਰੀਕਿਆਂ ਵਿਚੋਂ ਇਕ ਹੈ। ਵਪਾਰ ਪ੍ਰਚਾਰ ਤੋਂ ਬਿਨ੍ਹਾਂ ਅਧੂਰਾ ਹੈ। ਇਸ ਦੇ ਪ੍ਰਚਾਰ ਦਾ ਸਭ ਤੋਂ ਵੱਡਾ ਸਾਧਨ ਟੀ.ਵੀ, ਅਤੇ ਉਸ ਦੇ ਵੱਖੋ-ਵੱਖਰੇ ਸਾਧਨ ਹਨ। ਟੀ.ਵੀ ਉਪਰ ਦਿਲਚਸਪੀ ਪੈਦਾ ਕਰਨ ਲਈ ਹਲਕੇ ਕਿਸਮ ਦੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ, ਇਹਨਾਂ ਪ੍ਰੋਗਰਾਮਾਂ ਨੇ ਸਮਾਜ ਵਿਚ ਅਸ਼ਲੀਲਤਾ ਨੂੰ ਵਧਾਇਆ ਹੈ। ਵਸਤਾਂ ਦੇ ਵਪਾਰ ਵਿੱਚ ਇਸ਼ਤਿਹਾਰਬਾਜ਼ੀ ਅਤੇ ਮਾਰਕੀਟਿੰਗ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ ਜਿਨ੍ਹਾਂ ਦੇ ਰਾਹੀਂ ਵਸਤਾਂ ਦੇ ਗੁਣ ਅਤੇ ਔਗਣਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਟੀ.ਵੀ ਉੱਤੇ ਅਨੇਕਾਂ ਪ੍ਰਕਾਰ ਦੇ ਇਸ਼ਤਿਹਾਰਾਂ ਦੀ ਜਾਣਕਾਰੀ ਮਿਲ ਜਾਂਦੀ ਹੈ। ਇਹਨਾਂ ਨੇ ਮਨੁੱਖ ਨੂੰ ਖਪਤ ਬਣਾ ਦਿੱਤਾ ਹੈ। ਉਸ ਦੀਆਂ ਮੂਲ ਜ਼ਰੂਰਤਾਂ ਨੂੰ ਹੌਬੀ ਦੇ ਵਿੱਚ ਤਬਦੀਲ ਕਰ ਦਿੱਤਾ ਹੈ। ਵਿਗਿਆਪਨਕਾਰੀਆਂ ਨੇ ਪਦਾਰਥੀ ਰੁਚੀਆਂ ਨੂੰ ਉਤਸਾਹਿਤ ਕੀਤਾ ਹੈ। ਮਨੁੱਖ ਦੇ

ਵਿੱਚ ਵੱਧ ਤੋਂ ਵੱਧ ਵਸਤਾਂ ਇਕੱਤਰ ਕਰਨ ਦੀ ਰੁਚੀ ਵਿਗਿਆਪਨਾਂ ਦਾ ਹੀ ਸਿੱਟਾ ਹੈ। ਵਿਗਿਆਪਨਾਂ ਦੇ ਰਾਹੀਂ ਉਦਯੋਗ ਪ੍ਰਫੁੱਲਤ ਹੁੰਦਾ ਹੈ। ਅਜੋਕੇ ਸਮੇਂ ਦੇ ਵਿੱਚ ਵਿਗਿਆਪਨ ਤੋਂ ਬਿਨ੍ਹਾਂ ਉਦਯੋਗ ਵਿਕਸਿਤ ਹੋ ਹੀ ਨਹੀ ਸਕਦਾ।

"ਵਪਾਰੀ ਆਪਣੀਆਂ ਵਸਤਾਂ ਦੇ ਪ੍ਰਚਾਰ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਵਸਤਾਂ ਨੂੰ ਵੇਚਣ ਦੇ ਲਈ ਇਸ਼ਤਿਹਾਰਬਾਜ਼ੀ ਦੇ ਰਾਹੀਂ ਕਾਰਪੋਰੇਸ਼ਨਾਂ ਵਾਲੇ ਵੱਡੇ ਬਜਟ ਰੱਖੇ ਜਾਂਦੇ ਹਨ। ਉਦਾਹਰਨ ਲਈ ਸੰਨ 2008 ਵਿਚ ਸੰਸਾਰ ਪੱਧਰ ਤੇ ਇਸ਼ਤਿਹਾਰਬਾਜ਼ੀ ਦਾ ਕੁੱਲ ਬਜਟ 6 ਖਰਬ 43 ਅਰਬ ਸੀ"। *(ਬਲਬੀਰ ਪਰਵਾਨਾ. ਕਾਰਪੋਰੇਟ ਵਿਕਾਸ ਮਾਡਲ 25)*

ਏਨੀ ਰਕਮ ਖ਼ਰਚ ਕਰਕੇ ਇੱਕ ਆਮ ਵਿਅਕਤੀ ਨੂੰ ਆਕਰਸ਼ਿਤ ਕੀਤਾ ਜਾਂਦਾ ਹੈ। ਰੋਜ਼ਾਨਾ ਜ਼ਿੰਦਗੀ ਦੇ ਵਿਚ ਅਨੇਕਾਂ ਪੋਸਟਰ ਦੇਖਣ ਨੂੰ ਮਿਲਦੇ ਹਨ। ਇਨ੍ਹਾਂ ਪੋਸਟਰਾਂ ਦੇ ਮਾਧਿਅਮ ਵੱਖੋ-ਵੱਖਰੇ ਹੋ ਸਕਦੇ ਹਨ। ਹਰ ਇਕ ਵਿਅਕਤੀ ਦਾ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਅਨੇਕਾਂ ਇਸ਼ਤਿਹਾਰਾਂ ਨਾਲ ਵਾਹ ਪੈਂਦਾ ਹੈ। ਖਪਤ ਸਭਿਆਚਾਰ ਨੇ ਮਨੁੱਖੀ ਸੋਚਣੀ ਨੂੰ ਖੁੰਢਾ ਕਰਕੇ ਰੱਖ ਦਿੱਤਾ ਹੈ। ਮਨੁੱਖ ਦੇ ਮਨ ਵਿੱਚ ਪਿਆਰ ਤੇ ਸਹਿਯੋਗ ਦੀ ਭਾਵਨਾ ਖਤਮ ਹੋ ਗਈ ਹੈ। ਮਨੁੱਖ ਆਪਣੇ ਨਿਜ ਬਾਰੇ ਸੋਚਦਾ ਹੈ। ਵੱਧ ਤੋਂ ਵੱਧ ਵਸਤਾਂ ਪ੍ਰਾਪਤ ਕਰਨ ਦੀ ਦੌੜ ਨੇ ਮਨੁੱਖ ਵਿਚ ਲਾਲਚ ਪੈਦਾ ਕਰ ਦਿੱਤਾ ਹੈ। ਫ਼ਿਲਮਾਂ ਵਿਚ ਵਸਤਾਂ ਦੀ ਚੋਰੀ ਲਈ ਤਰ੍ਹਾਂ-ਤਰ੍ਹਾਂ ਦੇ ਢੰਗ ਤਰੀਕਿਆਂ ਨੂੰ ਦਿਖਾਇਆ ਜਾਂਦਾ ਹੈ ਜਿਨ੍ਹਾਂ ਕਰਕੇ ਸਮਾਜ ਵਿਚ ਠੱਗੀਆਂ-ਠੋਰੀਆਂ ਵਾਪਰਦੀਆਂ ਹਨ। ਟੈਲੀਵੀਜਨ ਤੇ ਫ਼ਿਲਮਾਂ ਵਿਚ ਪੇਸ਼ ਕੀਤੀ ਜਾਂਦੀ ਸਮੱਗਰੀ ਦਾ ਰੁਝਾਨ ਸਿਖਰ ਉੱਤੇ ਪਹੁੰਚ ਚੁੱਕਾ ਹੈ। "ਬਹੁਤ ਵਾਰ ਦੇਖਣ ਨੂੰ ਮਿਲਿਆ ਹੈ ਕਿ ਟੀ.ਵੀ ਤੇ ਫ਼ਿਲਮਾਂ ਦੇ ਵਿਚ ਅਮੀਰ ਵਿਅਕਤੀਆਂ ਦੇ ਜੀਵਨ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ, ਜੋ ਕਿ ਸਾਧਾਰਨ ਵਿਅਕਤੀਆਂ ਦੇ ਵਿੱਚ ਖਪਤ ਦੀ ਲਾਲਸਾ ਪੈਦਾ ਕਰਦਾ ਹੈ। ਇਕ ਅਧਿਐਨ ਅਨੁਸਾਰ ਲੋਕ ਜਿੰਨਾਂ ਵੱਧ ਟੀ.ਵੀ ਦੇਖਦੇ ਹਨ, ਉਨ੍ਹਾਂ ਜ਼ਿਆਦਾ ਪੈਸਾ ਉਹ ਵਸਤਾਂ ਉਪਰ ਖ਼ਰਚ ਕਰਦੇ ਹਨ। ਹਫ਼ਤੇ ਵਿਚ ਇਕ ਘੰਟਾ ਵਾਧੂ ਟੈਲੀਵੀਜਨ ਦੇਖਣ ਮਗਰ ਲੋਕ ਸਾਲ ਵਿਚ ਖਰੀਦਣ ਤੇ 208 ਡਾਲਰ ਵਾਧੂ ਖ਼ਰਚ ਕਰਦੇ ਹਨ"। *(ਬਲਬੀਰ ਪਰਵਾਨਾ. ਕਾਰਪੋਰੇਟ ਵਿਕਾਸ ਮਾਡਲ 26)*

ਖਪਤ ਸਭਿਆਚਾਰ ਨੇ ਵਿਸ਼ੇਸ਼ ਸਭਿਆਚਾਰ ਨੂੰ ਪੈਦਾ ਕੀਤਾ ਹੈ। ਹੁਣ ਜੋ ਦੌਰ ਚਲ ਰਿਹਾ ਹੈ, ਉਹ ਕਰੈਡਿਟ ਕਾਰਡ, ਪੱਬ ਕਲਚਰ, ਕੌਫ਼ੀ ਕਲਚਰ, ਏ.ਟੀ.ਐਮ ਦਾ ਹੈ। ਇਨ੍ਹਾਂ ਨਵੇਂ ਪਦਾਰਥਾਂ ਦੀ ਖਪਤ ਨੇ ਵੱਖਰੇ ਜੀਵਨ ਢੰਗ ਨੂੰ ਜਨਮ ਦਿੱਤਾ ਹੈ। ਨਵੇਂ ਜੀਵਨ ਢੰਗ ਨੇ ਪੁਰਾਣੇ ਜੀਵਨ ਢੰਗ ਨੂੰ ਖਤਮ ਕਰਕੇ ਰੱਖ ਦਿੱਤਾ ਹੈ। ਸਮਾਜ ਦੀ ਬਣਤਰ ਵਿਚ ਸਮੇਂ ਦੇ ਬਦਲਾਅ ਨਾਲ ਪਰਿਵਰਤਨ ਆਉਂਦਾ ਰਹਿੰਦਾ ਹੈ ਪਰ ਖਪਤ ਦੀ ਆਮਦ ਨੇ ਸਮਾਜ ਦੇ ਸਰੂਪ ਨੂੰ ਨਿਘਾਰ ਵੱਲ ਲੈ ਆਂਦਾ ਹੈ। ਖਪਤ ਸਮਾਜ ਦੇ ਵਿਚ ਨੈਤਿਕ ਅਨੁਸ਼ਾਸਨ ਦੀ ਵਿਆਪਕ ਘਾਟ, ਵਸਤਾਂ ਦਾ ਲਾਲਚ ਤੇ ਸਮੱਗਰੀ ਇਕੱਤਰੀਕਰਨ ਦੀ ਵਡਿਆਈ, ਪਰਿਵਾਰ ਅਤੇ ਰਿਸ਼ਤਿਆਂ ਦੀ ਟੁੱਟ -ਭੱਜ, ਕੁਧਰਮ ਅਤੇ ਵਿਕਾਰਾਂ ਦੇ ਵਿੱਚ ਉਭਾਰਿਆ ਹੀ ਹੋਇਆ ਹੈ।

ਖਪਤ ਸਭਿਆਚਾਰ ਭਾਸ਼ਾ ਨੂੰ ਪਹਿਲਾਂ ਅਹਿਮ ਨਿਸ਼ਾਨਾ ਬਣਾਉਂਦਾ ਹੈ। ਉਤਪਾਦਕ ਆਪਣੀ ਵਸਤਾਂ ਦਾ ਪ੍ਰਚਾਰ ਭਾਸ਼ਾ ਦੇ ਮਾਧਿਅਮ ਰਾਹੀਂ ਕਰਦਾ ਹੈ। ਵਸਤਾਂ ਦੀ ਪ੍ਰਫੁੱਲਤਾ ਉਸ ਦੇ ਪ੍ਰਚਾਰ ਉਪਰ ਨਿਰਭਰ ਕਰਦੀ ਹੈ ਅਤੇ ਖਪਤਕਾਰ ਨੂੰ ਪ੍ਰਭਾਵਿਤ ਕਰਨ ਲਈ ਵਸਤ ਦਾ ਇਸ਼ਤਿਹਾਰ ਉਸੇ ਦੀ ਭਾਸ਼ਾ ਵਿਚ ਤਿਆਰ ਕੀਤਾ ਜਾਂਦਾ ਹੈ। ਭਾਸ਼ਾ ਤੋਂ ਜਾਣੂ ਨਾ ਹੋਣ ਕਾਰਨ ਉਤਪਾਦਕ ਨੂੰ ਬਹੁਤ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਉਤਪਾਦਕ ਹਰ ਵਸਤ ਦਾ ਪ੍ਰਚਾਰ ਆਪਣੀ ਭਾਸ਼ਾ ਵਿੱਚ ਕਰਦਾ ਹੈ। ਉਦਾਹਰਨ ਦੇ ਤੌਰ ਤੇ "ਕੋਕਾ-ਕੋਲਾ ਨੂੰ ਹਰ ਭਾਸ਼ਾ ਦੇ ਵਿੱਚ ਲੌਂਚ ਕੀਤਾ ਜਾਵੇ ਤਾਂ ਉਸਦਾ ਪ੍ਰਚਾਰ ਹਰ ਭਾਸ਼ਾ ਦੇ ਵਿੱਚ ਹੋਵੇਗਾ। ਇਸ ਦੇ ਪ੍ਰਭਾਵ ਹਰ ਇੱਕ ਭਾਸ਼ਾ ਸੁਣਨ ਤੇ ਪੜ੍ਹਨ ਵਾਲੇ ਉੱਤੇ ਪਵੇਗਾ। ਚੀਨ ਹਰ ਵਸਤ ਦਾ ਪ੍ਰਚਾਰ ਆਪਣੀ ਭਾਸ਼ਾ ਦੇ ਵਿੱਚ ਕਰਦਾ ਹੈ। ਜਦੋਂ ਕੋਕਾ-ਕੋਲਾ ਨੂੰ ਚੀਨ ਦੇ ਵਿਚ ਲੌਂਚ ਕੀਤਾ ਗਿਆ ਤਾਂ ਚੀਨ ਨੇ ਆਪਣੀ ਭਾਸ਼ਾ ਵਿੱਚ ਇਸ ਦਾ ਪ੍ਰਚਾਰ ਕੀਤਾ।" (*Henry. Arsall. Consumer Behavior Strategic Approach 387)*

ਖਪਤ ਨੇ ਇੱਕ ਅਮੀਰ ਵਰਗ ਪੈਦਾ ਕੀਤਾ ਹੈ ਜਿਸ ਨੇ ਵਸਤਾਂ ਨੂੰ ਹੀ ਆਪਣਾ ਦਾਇਰਾ ਨਿਸ਼ਚਿਤ ਕਰ ਲਿਆ ਸੀ। ਅਮੀਰ ਵਰਗ ਵਿਚ ਵਸਤੂਆਂ ਦਾ ਆਕਰਸ਼ਣ ਵਧਿਆ ਹੈ ਜਿਵੇ ਕਿ ਲੋਕਾਂ ਦੇ ਵਿੱਚ ਐਪਲ ਦੇ ਫ਼ੋਨ ਦਾ ਪਾਗਲਪਣ ਵਧਿਆ ਹੈ। ਇਨ੍ਹਾਂ ਵਸਤੂਆਂ ਦੇ ਆਕਰਸ਼ਣ ਕਾਰਨ ਅਮੀਰ ਤੇ ਗਰੀਬ ਵਰਗ ਦਾ

ਪਾੜਾ ਵਧਿਆ ਹੈ। ਇਸ ਵਰਗ ਵੰਡ ਹੋਣ ਦਾ ਪ੍ਰਮੁੱਖ ਕਾਰਨ ਵਸਤਾਂ ਦਾ ਮੁੱਲ ਹੈ। ਭਿੰਨ-ਭਿੰਨ ਬਰੈਂਡ ਦੀਆ ਵਸਤਾਂ ਮਹਿੰਗੀਆ ਹੋਣ ਕਾਰਨ ਹਰ ਕੋਈ ਖ਼ਰੀਦ ਨਹੀ ਸਕਦਾ। ਅਮੀਰ ਵਰਗ ਇਨ੍ਹਾਂ ਵਸਤਾਂ ਦਾ ਦਿਖਾਵਾ ਕਰਦਾ ਹੈ। ਗਰੀਬ ਵਰਗ ਵਸਤਾਂ ਜ਼ਿਆਦਾ ਮਹਿੰਗੀਆਂ ਹੋਣ ਕਾਰਨ ਖਰੀਦ ਨਹੀ ਸਕਦਾ ਸੀ। ਪੂੰਜੀ ਇਕ ਵਿਸ਼ਵ-ਪੱਧਰੀ ਵਰਤਾਰਾ ਹੈ। ਆਰੰਭ ਤੋਂ ਲੈ ਕੇ ਵਰਤਮਾਨ ਤੱਕ ਪੂੰਜੀ ਦਾ ਹੀ ਪਸਾਰਾ ਹੈ। ਪੂੰਜੀ ਨੇ ਹੀ ਪੂਰੀ ਦੁਨੀਆਂ ਨੂੰ ਸ਼ੌਪਿੰਗ ਸੈਂਟਰ ਵਿਚ ਬਦਲ ਕੇ ਰੱਖ ਦਿੱਤਾ ਹੈ। ਵੱਡੀਆਂ ਵੱਡੀਆਂ ਕੰਪਨੀਆਂ ਪਹਿਲਾਂ ਸਭਿਆਚਾਰ ਨੂੰ ਆਧਾਰ ਬਣਾਉਂਦੀਆਂ ਹਨ, ਫਿਰ ਉਸੇ ਸਭਿਆਚਾਰ ਅਨੁਸਾਰ ਉਤਪਾਦਨ ਕਰਦੀਆਂ ਹਨ। ਕੰਪਨੀਆਂ ਆਮ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਤਪਾਦਨ ਨਹੀ ਕਰਦੀਆਂ, ਸਗੋਂ ਮਾਲ ਨੂੰ ਵੇਚਣ ਲਈ ਲੋਕਾਂ ਵਿੱਚ ਝੂਠੀਆਂ ਲੋੜਾਂ ਨੂੰ ਪੈਦਾ ਕਰਦੀਆਂ ਹਨ। ਇਸ ਤਰ੍ਹਾ ਬਹੁ-ਕੰਪਨੀਆਂ ਪੂਰੀ ਦੁਨੀਆਂ ਵਿਚ ਉਪਯੋਗਤਾਵਾਦੀ ਸਮਾਜ ਸਿਰਜ ਰਹੀਆਂ ਹਨ। ਇਹ ਕੰਪਨੀਆਂ ਉਤਾਪਦਨ ਦੇ ਢੰਗਾਂ, ਪੂੰਜੀ ਉੱਤੇ ਪੂਰਾ ਕੰਟਰੋਲ ਰੱਖ ਰਹੀਆਂ ਹਨ।

ਮਨੁੱਖੀ ਜਾਂ ਗੈਰ ਮਨੁੱਖ ਵਸੀਲਿਆਂ ਨੂੰ ਇਕੱਤਰ ਕਰਨ ਲਈ ਪੂੰਜੀ ਦੀ ਲੋੜ ਪੈਂਦੀ ਹੈ ਅਤੇ ਭਵਿੱਖ ਦਾ ਵਿਕਾਸ ਕਰਨ ਲਈ ਪੂੰਜੀ ਦੀ ਜ਼ਰੂਰਤ ਹੁੰਦੀ ਹੈ। ਮੰਡੀ ਇਕ ਅਜਿਹਾ ਜ਼ਰੀਆ ਹੈ ਜਿਸ ਦੇ ਰਾਹੀਂ ਵਸਤਾਂ ਨੂੰ ਵੇਚਿਆ ਤੇ ਖ਼ਰੀਦਿਆ ਜਾਂਦਾ ਹੈ। ਮੰਡੀ ਦੇ ਢੰਗ ਤਰੀਕੇ ਰੋਜ਼ ਬਦਲਦੇ ਰਹਿੰਦੇ ਹਨ। ਖਪਤ ਨੂੰ ਵਿਕਸਿਤ ਕਰਨ ਵਿੱਚ ਮੰਡੀ ਦਾ ਅਹਿਮ ਯੋਗਦਾਨ ਹੈ। ਖਪਤ ਬਿਹੇਵੀਅਰ ਵੀ ਮਾਰਕੀਟਿੰਗ ਯੋਜਨਾ ਦਾ ਇਕ ਹਿੱਸਾ ਹੈ। ਵਿਸ਼ਵਾਸ, ਨੈਤਿਕ, ਸਮਾਜਕ ਜ਼ਿੰਮੇਵਾਰੀ ਵੀ ਮਾਰਕੀਟਿੰਗ ਦੇ ਪ੍ਰਮੁੱਖ ਆਧਾਰ ਹਨ। ਮਾਰਕੀਟਿੰਗ ਦੀ ਵਰਤੋਂ ਯੋਜਨਾਵਾਂ ਨੂੰ ਪੂਰੀਆਂ ਕਰਨ ਦੇ ਲਈ ਕੀਤੀ ਜਾਂਦੀ ਹੈ। ਖਪਤਕਾਰ ਦੇ ਵਿਸ਼ਵਾਸ ਨੂੰ ਬਣਾਈ ਰੱਖਣ ਦੇ ਲਈ ਖਪਤਕਾਰ ਸੁਰੱਖਿਆ ਐਕਟ ਬਣਾਇਆ ਗਿਆ ਹੈ। ਇਹ ਐਕਟ ਸਮਾਜਕ ਅਤੇ ਆਰਥਕ ਖੇਤਰ ਵਿਚ ਮੀਲ ਪੱਥਰ ਹੈ। ਇਸ ਨੂੰ ਪੂਰੇ ਦੇਸ਼ ਵਿਚ ਲਾਗੂ ਕੀਤਾ ਗਿਆ ਹੈ। ਇਸ ਐਕਟ ਦੇ ਅਨੁਸਾਰ ਖਪਤ ਨਾਲ ਸੰਬੰਧਿਤ ਸਮੱਸਿਆਵਾਂ ਦਾ ਹੱਲ ਤੁਰੰਤ ਕੀਤਾ ਜਾਵੇਗਾ। ਕੇਂਦਰੀ ਕਮਿਸ਼ਨ, ਰਾਜ ਕਮਿਸ਼ਨ, ਜਿਲ੍ਹਾ ਪੱਧਰ ਉੱਤੇ ਕਮੇਟੀਆਂ ਬਣਾਈਆਂ ਹਨ ਜਿਹੜੀਆ ਖਪਤਕਾਰ ਦੀਆਂ ਸਮੱਸਿਆਵਾਂ ਦਾ

ਹੱਲ ਕਰਦੀਆਂ ਹਨ। ਖਪਤਕਾਰ ਆਪਣੀਆਂ ਸਮੱਸਿਆਵਾਂ ਦਾ ਹੱਲ ਕੋਰਟ 'ਚ ਕੇਸ ਦਰਜ ਕਰਵਾ ਕੇ ਵੀ ਲੈ ਸਕਦਾ ਹੈ। ਕੇਸ ਦਰਜ ਕਰਵਾਉਣ ਲਈ ਖਪਤਕਾਰ ਕੋਲ ਸਬੂਤ ਹੋਣੇ ਚਾਹੀਦੇ ਹਨ। ਜੇਕਰ ਸਬੂਤਾਂ ਦੀ ਘਾਟ ਹੋਵੇਗੀ ਤਾਂ ਉਸ ਨੂੰ ਨਾ ਇਨਸਾਫ਼ ਮਿਲ ਸਕੇਗਾ ਅਤੇ ਨਾ ਹੀ ਜਿੱਤ ਮਿਲ ਸਕੇਗੀ।

ਖਪਤਕਾਰ ਸਮੱਸਿਆਵਾਂ ਦੇ ਨਿਪਟਾਰੇ ਲਈ ਸਰਕਾਰੀ ਅਤੇ ਗੈਰ ਸਰਕਾਰੀ ਜਥੇਬੰਦੀਆਂ ਬਣੀਆਂ ਹਨ। ਟੈਲੀਕਾਮ ਅਥਾਰਟੀ ਆਫ਼ ਮੀਡੀਆ ਦੇ ਅੰਤਰਗਤ ਦਿੱਲੀ ਵਿਚ 21 ਸੰਸਥਾਵਾਂ ਰਜਿਸਟਰ ਹਨ। ਇਹ ਜਥੇਬੰਦੀਆਂ ਦੁਨੀਆ ਦੇ ਹਰ ਕੋਨੇ ਵਿਚ ਹਨ। ਯੂਰਪ ਅਤੇ ਅਮਰੀਕਾ ਨਾਲੋਂ ਭਾਰਤ ਵਿਚ ਖਪਤਵਾਦ ਦੀ ਲਹਿਰ ਕਮਜ਼ੋਰ ਹੈ। ਪੂਰਨ ਚੰਦ ਸਰੀਨ ਦੀ ਧਾਰਨਾ ਹੈ ਕਿ "ਭਾਰਤ ਵਿਚ ਖਪਤਕਾਰ ਸੁਰੱਖਿਆ ਐਕਟ ਬਣੇ ਨੂੰ 30 ਵਰ੍ਹੇ ਹੋ ਚੁੱਕੇ ਹਨ ਪਰੰਤੂ ਇਸ ਦਾ ਨਾਗਰਿਕਾਂ ਵਲੋਂ ਪੂਰਨ ਲਾਭ ਉਠਾਇਆ ਨਹੀ ਜਾ ਰਿਹਾ । ਤਕਰੀਬਨ 10 ਵਰ੍ਹੇ ਪਹਿਲਾਂ ਦੂਰਦਰਸ਼ਨ ਲਈ ਅਧਿਕਾਰ ਨਾਂ ਦਾ ਲੜੀਵਾਰ ਅਤੇ ਆਕਾਸ਼ਵਾਣੀ ਲਈ ਜਾਗੋ ਗਾਹਕ ਨਾਂ ਦਾ ਪ੍ਰੋਗਰਾਮ ਚਲਦਾ ਸੀ। ਇਹਨਾਂ ਦੋਵਾਂ ਪ੍ਰੋਗਰਾਮਾਂ ਵਿਚ ਲੋਕਾਂ ਨੂੰ ਖ਼ਰੀਦਦਾਰੀ ਨਾਲ ਸੰਬੰਧਿਤ ਹੱਕਾਂ ਅਤੇ ਸਾਵਧਾਨੀਆਂ ਬਾਰੇ ਦੱਸਿਆ ਜਾਂਦਾ ਸੀ। ਇਹਨਾਂ ਪ੍ਰੋਗਰਾਮਾਂ ਵਿਚ ਹਜ਼ਾਰਾਂ ਦਰਸ਼ਕਾਂ ਦੇ ਫ਼ੋਨ ਆਉਂਦੇ ਸਨ। ਵਿਕਾਸਸ਼ੀਲ ਮੁਲਕਾਂ ਦੇ ਆਰਥਕ ਸੋਸ਼ਣ ਦਾ ਜ਼ਰੀਆ ਬਣ ਜਾਂਦਾ ਹੈ।" *(ਸਿੱਖਿਆ ਦੇ ਵਿੱਚ ਸ਼ਾਮਿਲ ਹੋਣ ਖਪਤਕਾਰ ਸੁਰੱਖਿਆ ਐਕਟ ਅਤੇ ਅਸੀ.)*

ਇਸ ਪ੍ਰਗੋਰਾਮ ਦੇ ਵਿੱਚ ਦਰਸ਼ਕਾ ਦੇ ਖ਼ਤ ਆਉਂਦੇ ਸਨ ਜੋ ਆਪਣੇ ਸਵਾਲ ਦੇ ਜਵਾਬ ਲੈਂਦੇ ਸਨ। ਪਰ ਲੋਕ ਇਸ ਕਾਨੂੰਨ ਪ੍ਰਤੀ ਜਾਗਰੂਕ ਨਹੀ ਹਨ ਅਤੇ ਨਾ ਹੀ ਇਸ ਕਾਨੂੰਨ ਦਾ ਲਾਭ ਉਠਾਦੇਂ ਰਹੇ ਹਨ। ਖਪਤ ਦੇ ਲਈ ਸਰਕਾਰ ਨੇ ਨੀਤੀਆਂ ਅਤੇ ਕਾਨੂੰਨ ਦਾ ਵੀ ਨਿਰਮਾਣ ਕੀਤਾ ਹੈ। ਇਨ੍ਹਾਂ ਨੀਤੀਆਂ ਦੇ ਦੁਆਰਾ ਖਪਤ ਸਭਿਆਚਾਰ ਹੋਰ ਪ੍ਰਭਾਵਿਤ ਹੁੰਦਾ ਹੈ। ਜਿਵੇਂ ਜਨਤਕ ਪੱਧਰ ਤੇ ਵਸਤਾਂ ਦੇਣ ਦਾ ਪ੍ਰਬੰਧ ਕਰਨ ਦੀ ਥਾਂ ਪ੍ਰਾਈਵੇਟ ਅਦਾਰਿਆਂ ਰਾਹੀਂ ਸੇਵਾਵਾਂ ਪ੍ਰਦਾਨ ਕਰਨ ਦਾ ਫ਼ੈਸਲਾ ਲੈਣਾ, ਖਪਤਕਾਰ ਵਸਤਾਂ 'ਤੇ ਲੱਗਣ ਵਾਲੇ ਟੈਕਸ ਵਿੱਚ ਕਟੌਤੀਆਂ ਕਰਨਾ, ਖਪਤ ਵਸਤਾਂ ਖਰੀਦਣ ਲਈ ਸਬਸਿਡੀਆਂ ਦੇਣਾ, ਉਤਪਾਦਨ ਦੌਰਾਨ ਪੈਦਾ ਹੋਣ ਵਾਲੀ ਰਹਿੰਦ-ਖੂੰਹਦ ਨੂੰ ਸਮੇਟਣ ਬਾਰੇ ਨਰਮ ਕਾਨੂੰਨ ਬਣਾਉਣਾ ਆਦਿ।

**ਖਪਤ ਸਮਾਜ ਦੀਆਂ ਵਿਸੇਸ਼ਤਾਵਾਂ:**

ਅਜਿਹਾ ਸਮਾਜ ਹੈ ਜਿਸ ਦੇ ਵਿੱਚ ਵਸਤ ਹੀ ਮਨੁੱਖ ਤੇ ਮਨੁੱਖ ਵੀ ਵਸਤ ਬਣ ਗਿਆ ਹੈ। ਮਨੁੱਖ ਨੇ ਮਨੁੱਖੀ ਸਮਾਜ ਨੂੰ ਖਪਤ ਸਮਾਜ ਦੇ ਵਿੱਚ ਆਪ ਬਦਲਿਆ ਹੈ। ਜਿਸ ਤਰ੍ਹਾ ਜੀਵਨ ਢੰਗ ਹੁੰਦਾ ਹੈ, ਉਸੇ ਤਰ੍ਹਾ ਦਾ ਸਮਾਜ ਹੁੰਦਾ ਹੈ। ਖਪਤ ਸਮਾਜ ਦਾ ਵਿਕਾਸ ਆਰਥਕ ਸਥਿਤੀ ਉੱਤੇ ਨਿਰਭਰ ਕਰਦਾ ਹੈ ਜਿਵੇਂ ਕਿ ਅਮਰੀਕਾ, ਇੰਗਲੈਂਡ, ਯੂਰਪੀ ਦੇਸ਼ ਵਧੇਰੇ ਵਿਕਸਿਤ ਹਨ। ਇਹਨਾਂ ਦੇਸ਼ਾਂ ਦੇ ਵਿੱਚ ਪਹਿਲਾਂ ਹੀ ਪ੍ਰਫੁੱਲਤ ਹੋਇਆ ਹੈ। ਇਹਨਾਂ ਤੋਂ ਹੁੰਦਾ ਹੋਇਆ ਭਾਰਤ ਦੇ ਵਿੱਚ ਪਹੁੰਚਿਆ ਹੈ।

- ਮਨੁੱਖੀ ਜੀਵਨ ਦਾ ਆਨੰਦ ਲੈਣ ਲਈ ਮੂਲ ਆਧਾਰ ਵਸਤਾਂ ਦੀ ਖਪਤ ਹੈ।
- ਵਸਤ ਦੀ ਖਪਤ ਦੇ ਲਈ ਮਨ ਦੀ ਇੱਛਾ ਨੂੰ ਨਾ ਮਾਰਨਾ।
- ਆਰਥਕ ਸਥਿਤੀ ਨੂੰ ਸਹੀ ਰੱਖਣ ਦੇ ਲਈ ਮਨੁੱਖ ਦਾ ਅਸੰਤੁਸ਼ਟ ਹੋਣਾ ਜ਼ਰੂਰੀ ਹੈ ਕਿ ਵਿਅਕਤੀ ਦੀ ਲੋੜ ਕੀ ਹੈ ?
- ਹਰ ਕੋਈ ਚਲਣ ਵਾਲਾ ਵਿਗਿਆਪਨ ਹੈ।
- ਹਰ ਇੱਕ ਵਸਤ ਦਾ ਪ੍ਰਤੀਕਾਤਮਿਕ ਅਰਥ ਹੁੰਦਾ ਹੈ।
- ਲਗਾਤਾਰ ਵਸਤ ਦੀ ਮੰਗ ਨਾਲ ਸਮਾਜ ਦਾ ਅਸਲ ਸਰੂਪ ਜੀਵੰਤ ਨਹੀ ਰਹਿ ਸਕਦਾ ਹੈ।
- ਸਾਰੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਦਾ ਹੱਲ ਧਨ ਹੈ।
- ਸੰਸਕ੍ਰਿਤੀ ਦੇ ਸਮਰੂਪਤਾ ਦੇ ਨਾਲ ਸੰਸਕ੍ਰਿਤੀ ਵਿਘਟਨ ਵੱਲ ਜਾਂਦੀ ਹੈ ਜਿਵੇਂ ਕਿ ਵਸਤਾਂ ਦੇ ਪ੍ਰਚਾਰ ਦੇ ਲਈ ਸਭਿਆਚਾਰ ਨੂੰ ਵਰਤ ਲਿਆ ਜਾਂਦਾ ਹੈ।

ਉਪਭੋਗਤਤਾ ਇੱਕ ਇਕਾਈ ਹੈ ਜਿਸ ਦਾ ਸਮੂਹ ਉਹ ਲੋਕ ਹਨ ਜਿਨ੍ਹਾਂ ਦਾ ਜੀਵਨ ਵਸਤਾਂ ਦੇ ਕੇਂਦਰ ਵਿੱਚ ਹੀ ਗੁਜ਼ਰਦਾ ਹੈ ਜਿਵੇ ਕਿ ਅਮਰੀਕਾ, ਕੈਨੇਡਾ ਪ੍ਰਮੁੱਖ ਉਦਾਹਰਨ ਹਨ। ਖਪਤ ਸਭਿਆਚਾਰ ਦੇ

ਵਿੱਚ ਹੇਰਾ-ਫੇਰੀਆਂ ਹੋਣਾ ਸੁਭਾਵਿਕ ਹੀ ਹੈ। ਇਹ ਘੋਟਾਲਾ ਲੋਕਾਂ ਦੀਆਂ ਜ਼ਰੂਰਤਾਂ ਅਤੇ ਭਾਵਨਾਵਾਂ ਦੇ ਨਾਲ ਹੁੰਦਾ ਹੈ। "According to Bauman: believes in consumer society nothing should be embraced firmly and in terms of people and their relation to consumption objects there is no lasting commitment, no ultimate desires and no need can be fully satisfied either ."(Consumption. consumer *culture and consumer society. Aytekin firat. Journal of community positive practices. Xiii.1. Published 2013. www.researchgate.net*)

ਖਪਤ ਸਮਾਜ ਦੇ ਵਿੱਚ ਮਾਨਵ ਖਪਤ ਪ੍ਰਾਣੀ ਹੀ ਹੋ ਗਿਆ ਹੈ। ਉਸ ਨੂੰ ਵਸਤਾਂ ਦੀ ਵਰਤੋਂ ਦੇ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਜਿਨ੍ਹਾਂ ਜ਼ਿਆਦਾ ਵਸਤਾਂ ਦੀ ਵਰਤੋਂ ਕਰੇਗਾ, ਉਹ ਉਨ੍ਹਾਂ ਹੀ ਫਸਦਾ ਚਲਾ ਜਾਏਗਾ। ਇਸ ਸਮਾਜ ਦੇ ਵਿੱਚ ਵਿਕਰੀ ਹੀ ਮਹੱਤਵਪੂਰਨ ਹੈ। ਆਧੁਨਿਕ ਸਮੇਂ ਦੇ ਵਿੱਚ ਖਪਤ ਸਭਿਆਚਾਰ ਆਪਣਾ ਸੰਚਾਲਨ ਫੇਸਬੁੱਕ, ਟੀਵੀਟਰ, ਮੀਡੀਆ ਦੇ ਰਾਹੀਂ ਕਰਦਾ ਹੈ। ਵਧੇਰੇ ਜਨਸੰਖਿਆ ਦਾ ਇੰਟਰਨੈੱਟ ਦੇ ਨਾਲ ਜੁੜਿਆ ਹੋਣ ਕਰਕੇ, ਖਪਤ ਸਭਿਆਚਾਰ ਦਾ ਪ੍ਰਭਾਵ ਹੋਰ ਵੀ ਆਸਾਨ ਹੋ ਗਿਆ ਹੈ। ਇਹ ਹਰ ਇੱਕ ਪ੍ਰਕਿਰਿਆ ਦੇ ਵਿੱਚ ਗਤੀਸ਼ੀਲ ਰਹਿੰਦਾ ਹੈ। ਇਹ ਭਾਵਨਾਵਾਂ, ਵੀਰਤਾ, ਮਨੁੱਖੀ ਦ੍ਰਿਸ਼ਟੀਕੋਣ ਨੂੰ ਖਰੀਦਦੀਆਂ ਹਨ। ਮਨੁੱਖ ਆਪ ਹੀ ਆਪਣੇ ਦ੍ਰਿਸ਼ਟੀਕੋਣ, ਭਾਵਨਾਵਾਂ, ਆਦਿ ਨੂੰ ਵੇਚਦਾ ਹੈ। ਵਸਤਾਂ ਨੂੰ ਵਰਤਮਾਨ ਸਥਿਤੀ ਦੇ ਨਾਲ ਜੋੜ ਕੇ ਵੇਚਿਆ ਜਾਂਦਾ ਹੈ। ਇਸ ਨੂੰ ਅੰਗਰੇਜ਼ੀ ਦੇ ਵਿੱਚ exchange value ਵੀ ਕਿਹਾ ਜਾ ਸਕਦਾ ਹੈ। *Mike Featherstone* ਦੀ ਧਾਰਨਾ ਹੈ ਕਿ "commodities hence become free to take on a wide range of cultural associations and illusions. Adverting in particular is able to exploit this and attach the images of romance, exocita, desire, beauty, community, scientific, progress, and the goods life to mundane consumer goods such as soap washing, motor, cars etc." (*Consumer Culture and Postmodernism 14)*

ਜੇਕਰ ਉਤਪਾਦਨ ਦੇ ਆਧਾਰ ਤੇ ਪੂੰਜੀ ਪ੍ਰਾਪਤ ਕਰਨ ਦਾ ਦਾਅਵਾ ਕੀਤਾ ਜਾ ਸਕਦਾ ਹੈ ਤਾਂ ਇਹ ਦਾਅਵਾ ਖਪਤ ਦੇ ਲਈ ਕੀਤਾ ਜਾ ਸਕਦਾ ਹੈ। ਇਹ ਦਾਅਵਾ ਇਸ ਲਈ ਵੀ ਕੀਤਾ ਜਾਂਦਾ ਹੈ ਕਿ ਸਮਾਜਕ ਬਣਤਰ ਦੀ ਨਿਸ਼ਾਨਦੇਹੀ ਕਰ ਕੇ ਵਰਤੋਂ ਕੀਤੀ ਜਾ ਸਕੇ। ਸਮਾਜਕ ਪੱਖ ਖਪਤ ਦੇ ਵੱਲ ਇਸ਼ਾਰਾ ਕਰਦਾ ਹੈ।

ਇਹ ਵਸਤਾਂ ਦੀ ਵਿਸਾਲ ਖ਼ਰੀਦਦਾਰੀ ਨੂੰ ਲੁਕਾ ਲੈਂਦਾ ਹੈ। ਮਨੁੱਖ ਖਾਲੀ ਸਮੇਂ ਦੇ ਵਿੱਚ ਵਧੇਰੇ ਖ਼ਰੀਦਦਾਰੀ ਕਰਦੇ ਹਨ। ਖਪਤ ਜ਼ਰੂਰੀ ਤੇ ਗ਼ੈਰ ਜ਼ਰੂਰੀ ਵਸਤਾਂ ਦੇ ਵਿਚਕਾਰ ਅੰਤਰ ਸਪੱਸ਼ਟ ਨਹੀ ਕਰਦਾ ਹੈ, ਜਿਸ ਦੇ ਨਾਲ ਆਮਦਨ ਦੇ ਅਨੁਪਾਤ ਦੇ ਵਿੱਚ ਫ਼ਰਕ ਪੈ ਜਾਂਦਾ ਹੈ। ਕੁਝ ਮਾਮਲਿਆਂ ਦੇ ਵਿੱਚ ਵਸਤਾਂ ਨੂੰ ਪ੍ਰਾਪਤ ਕਰਨ ਦਾ ਉਦੇਸ਼ ਇੱਜ਼ਤ ਨੂੰ ਤਰਜੀਹ ਦੇਣ ਲਈ ਕੀਤਾ ਜਾਂਦਾ ਹੈ। ਖ਼ਾਸਕਰ ਅਮੀਰ ਵਰਗ ਦੇ ਵਿੱਚ ਇਹੀ ਸਥਿਤੀ ਸੁਭਾਵਿਕ ਹੀ ਪਾਈ ਜਾਂਦੀ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਖਪਤ ਸਭਿਆਚਾਰ ਸਮਾਜਕ ਨੈਤਿਕਤਾ ਅਰਥਾਤ ਸਮਾਜ ਦੇ ਹਰ ਪੱਖ ਨੂੰ ਤੋੜਨ ਦੀ ਸਮਰਥਾ ਰੱਖਦਾ ਹੈ। ਇਹ ਵਿਅਕਤੀਆਂ ਵਿਚਕਾਰ ਸੰਬੰਧ ਸਥਾਪਿਤ ਨਹੀ ਹੋਣ ਦਿੰਦਾ । ਸਮਾਜਾਂ ਦੇ ਵਿੱਚ ਵਸਤਾਂ ਦੇ ਆਦਾਨ-ਪ੍ਰਦਾਨ ਨੂੰ ਪ੍ਰਤੀਬੱਧਤਾ ਕਰਦਾ ਹੈ। ਕੁਝ ਸਮਾਜਾਂ ਦੇ ਵਿੱਚ ਰੁਤਬੇ ਨੂੰ ਸੁਰੱਖਿਅਤ ਅਤੇ ਪੁਨਰ ਨਿਰਮਾਣ ਦੇ ਲਈ ਵਸਤਾਂ ਨੂੰ ਦੁਬਾਰਾ ਤਿਆਰ ਕੀਤਾ ਜਾਂਦਾ ਹੈ। ਉਹਨਾਂ ਦੇ ਆਦਾਨ ਪ੍ਰਦਾਨ ਉੱਤੇ ਰੋਕ ਲਾਈ ਹੁੰਦੀ ਹੈ। ਹੋਰ ਸਮਾਜਾਂ ਦੇ ਵਿੱਚ ਵਸਤਾਂ ਦਾ ਅਦਾਨ-ਪ੍ਰਦਾਨ ਹੁੰਦਾ ਹੈ। ਇਹ ਸਮਾਜ ਭਰਮ ਦੀ ਸਿਰਜਣਾ ਕਰਦੇ ਹਨ। ਇਹਨਾਂ ਦੇ ਵਿੱਚ ਵਸਤ ਦੀ ਵਰਤੋਂ ਉੱਤੇ ਕੋਈ ਰੋਕ ਟੋਕ ਨਹੀ ਹੁੰਦੀ ਹੈ।

**ਅ) ਖਪਤ ਸਭਿਆਚਾਰ ਦਾ ਇਤਿਹਾਸਕ ਪਰਿਪੇਖ**

ਵਰਤਮਾਨ ਸਮੇਂ ਦੇ ਵਿੱਚ 'ਖਪਤ ਸਭਿਆਚਾਰ'ਦਾ ਪ੍ਰਭਾਵ ਆਪਣੇ ਪੂਰੇ ਜੋਬਨ ਉੱਤੇ ਚਲ ਰਿਹਾ ਹੈ। ਵਿਸ਼ਵੀਕਰਨ, ਉਤਰ-ਆਧੁਨਿਕਤਾ ਤੋਂ ਬਾਅਦ ਖਪਤ ਸਭਿਆਚਾਰ ਦਾ ਆਗਮਨ ਹੋਇਆ ਹੈ। 'ਖਪਤ'ਨੇ ਆਪਣਾ ਪ੍ਰਮੁੱਖ ਕੇਂਦਰ ਮਨੁੱਖ ਨੂੰ ਬਣਾਇਆ ਹੈ। ਮਨੁੱਖ ਇੱਕ ਖਪਤਕਾਰ ਹੈ, ਉਹ ਵਸਤਾਂ ਦਾ ਉਪਭੋਗ ਕਰਦਾ ਹੈ ਜਿਸ ਨੇ ਪੂਰੇ ਸਮਾਜ ਨੂੰ ਮਾਰਕੀਟ ਦੇ ਵਿੱਚ ਤਬਦੀਲ ਕਰ ਦਿੱਤਾ ਹੈ। ਖਪਤ ਨੇ ਇੱਕ ਵਿਅਕਤੀ ਉੱਤੇ ਪ੍ਰਭਾਵ ਪਾਇਆ ਅਤੇ ਉਸਨੇ ਅਨੇਕਾਂ ਨੂੰ ਆਪਣੇ ਘੇਰੇ ਵਿੱਚ ਲਿਆ। ਖਪਤ ਨੇ ਹੌਲੀ ਹੌਲੀ ਆਪਣਾ ਰੂਪ ਅਖ਼ਤਿਆਰ ਕਰ ਲਿਆ ਹੈ। ਖਪਤ ਦੇ ਆਰੰਭ ਨੂੰ ਜਾਨਣ ਦੇ ਲਈ ਇਸ ਦੇ ਇਤਿਹਾਸ ਨੂੰ ਵਾਚਿਆ ਜਾਵੇਗਾ।:

ਪੁਰਾਤਨ ਵਕਤ ਅਤੇ ਅੱਜ ਦੇ ਵਕਤ ਦੇ ਵਿੱਚ ਜ਼ਮੀਨ-ਆਸਮਾਨ ਦਾ ਵੱਖਰੇਵਾਂ ਹੈ। ਸੰਸਾਰ ਦੇ ਹਰ ਯੁੱਗ ਦੇ ਵਿੱਚ ਬਜ਼ਾਰ ਦੀ ਵਿਵਸਥਾ ਹਮੇਸ਼ਾ ਤੋਂ ਹੀ ਮੋਜੂਦ ਰਹੀ ਹੈ। ਬਜ਼ਾਰ ਪਹਿਲਾਂ ਮਨੁੱਖ ਦੀਆਂ ਲੋੜਾਂ ਨੂੰ ਪੂਰਾ ਕਰਦਾ ਸੀ। 21 ਵੀਂ ਸਦੀ ਦੇ ਦੌਰ ਵਿੱਚ ਬਜ਼ਾਰ ਦੀ ਵਿਵਸਥਾ ਨਵੀਨ ਤੋਂ ਨਵੀਨ ਜ਼ਰੂਰਤਾਂ ਪੈਦਾ ਕਰ ਰਿਹਾ ਹੈ। ਪਹਿਲਾਂ ਬਜ਼ਾਰ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਸੀ। ਹੁਣ ਸਮੁੱਚਾ ਸਮਾਜ ਬਜ਼ਾਰ ਵਿੱਚ ਹੀ ਸਮਾ ਗਿਆ ਹੈ। ਇਸ ਤਰ੍ਹਾਂ ਖਪਤ ਦੀ ਵਿਵਸਥਾ ਨਵੀਨ ਨਹੀ ਹੈ, ਕਿਉਂਕਿ ਇਹ ਪੁਰਾਤਨ ਸਮੇਂ ਤੋਂ ਆਧੁਨਿਕਤਾ ਤੱਕ ਚਲਦੀ ਆ ਰਹੀ ਹੈ।

ਮਨੁੱਖ ਜਾਤੀ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਉਸ ਸਮੇਂ ਦੇ ਲੋਕ ਆਪਣੀ ਉਪਜੀਵਕਾ ਦੇ ਲਈ ਥਾਂ-ਥਾਂ ਭਟਕਦੇ ਫਿਰਦੇ ਸਨ। ਉਪਜੀਵਕਾ ਕਮਾਉਣ ਦੇ ਸਾਧਨ ਘੱਟ ਸਨ। ਜ਼ਿਆਦਾ ਉਹ ਆਪਣੇ ਪੇਟ ਦੀ ਭੁੱਖ ਸ਼ਿਕਾਰ ਕਰਕੇ ਮਿਟਾਉਂਦੇ ਸਨ। ਹੌਲੀ- ਹੌਲੀ ਮਨੁੱਖ ਨੇ ਅੱਗ ਨੂੰ ਜਲਾਉਣਾ ਸਿੱਖ ਲਿਆ ਸੀ। ਜਿਸ ਤੋਂ ਬਾਅਦ ਹੀ ਮਨੁੱਖ ਨੇ ਕੁਦਰਤ ਨੂੰ ਆਪਣੇ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ। ਸਮਾਜ ਦੇ ਵਿੱਚ ਖਪਤ ਦਾ ਇਤਿਹਾਸ ਬਜ਼ਾਰ ਦੇ ਪ੍ਰਾਚੀਨ ਰੂਪ ਦੀ ਸ਼ੁਰੂਆਤ ਨਾਲ ਹੀ ਆਰੰਭ ਹੁੰਦਾ ਹੈ। ਉਦਾਹਰਨ ਦੇ ਤੌਰ ‘ਤੇ ਜਦੋਂ ਬਜ਼ਾਰ ਦਾ ਪ੍ਰਬੰਧ ਉਪਲਬਧ ਨਹੀ ਸੀ ਤਾਂ ਲੋਕ ਆਪਣਾ ਗੁਜ਼ਾਰਾ ਖੇਤੀ ਦੇ ਸਿਰ ਉੱਤੇ ਕਰਦੇ ਸਨ। ਖੇਤੀ ਦੇ ਵਿਚੋਂ ਜਾਂ ਸਬਜ਼ੀ ਸਿੱਧੇ ਆਪਣੇ ਘਰ ਲੈ ਜਾਂਦੇ ਸਨ ਤੇ ਉਸਦੀ ਵਰਤੋਂ ਕਰਦੇ ਸਨ। ਬਜ਼ਾਰ ਵਿੱਚੋਂ ਖਰੀਦੀ ਵਸਤ ਹੀ ਉਪਭੋਗ ਅਖਵਾਉਂਦੀ ਹੈ। “ਬਹੁਤ ਪਹਿਲੇ ਸਮੇਂ ਦੇ ਵਿੱਚ ਇੰਗਲੈਂਡ ਦੀ ਮਹਾਰਾਣੀ ਇਲੈਜਬਿਥ ਨੇ ਨਿੱਜੀ ਜ਼ਰੂਰਤਾਂ ਨੂੰ ਪਰਿਵਰਤਿਤ ਕੀਤਾ ਤਾਂ ਇਸ ਦਾ ਅਸਰ ਪਰਿਵਾਰ ਦੇ ਨਾਲ ਸਮਾਜ ਉੱਤੇ ਵੀ ਪਿਆ। ਇਹ ਮਾਨਵ ਦੀ ਖਪਤ ਨੂੰ ਸਥਾਪਿਤ ਕਰਨ ਦੀ ਪਹਿਲੀ ਕੋਸ਼ਿਸ਼ ਸੀ।“ *(Nita Mathur. Introduction- consumer culture modernity and identity 1)*

ਖਪਤ ਸਭਿਆਚਾਰ ਦਾ ਆਗਮਨ 19 ਸਦੀ ਤੋਂ ਮੰਨਿਆ ਜਾਂਦਾ ਹੈ। ਇਸ ਵਿਦਵਾਨ ਦੀ ਪਰਿਭਾਸ਼ਾ ਖਪਤ ਸਭਿਆਚਾਰ ਦੇ ਆਗਮਨ ਦਾ ਸਹੀ ਤੇ ਨਿਸਚਿਤ ਸਰੂਪ ਬਿਆਨ ਕਰਦੀ ਹੈ। “Goodman and Cohen ਦੀ ਧਾਰਨਾ ਹੈ ਕਿ ਖਪਤ ਦੀ ਆਗਮਨ ਦੀ ਗਵਾਹੀ 17 ਵੀਂ ਅਤੇ 18 ਵੀਂ ਸਦੀ ਭਰਦੀ ਹੈ।” (*Introduction- consumer culture modernity and identity 2 )*

ਭਾਰਤੀ ਫਿਲਾਸਫੀ ਦੇ ਵਿੱਚ ਖਪਤ ਸਭਿਆਚਾਰ ਦੀ ਮੋਜੂਦਗੀ ਹੈ। ਅਦਵੈਤਵਾਦ ਵੇਦਾਂਤ ਦੇ ਵਿੱਚ ਨਿਰਗੁਣ ਬ੍ਰਹਮ ਨੂੰ ਸਿਰਜਕ ਅਤੇ ਨਿਸ਼ਾਕ ਸਮਝਿਆ ਗਿਆ ਹੈ। ਇਹ ਮਾਇਆ ਦੇ ਨਾਲ ਰਲ ਕੇ ਬ੍ਰਹਮ ਦਾ ਰੂਪ ਧਾਰਨ ਕਰਦਾ ਹੈ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਮਾਇਆ ਦਾ ਸੰਕਲਪ ਆਉਂਦਾ ਹੈ, ਜਿਸ ਦੇ ਵਿੱਚ ਮਨੁੱਖ ਨੂੰ ਗਿਆਨ ਇੰਦਰੀਆਂ ਉੱਤੇ ਕੰਟਰੋਲ ਕਰਨ ਲਈ ਕਿਹਾ ਹੈ। ਇਸੇ ਤਰ੍ਹਾਂ ਹਿੰਦੂ ਧਰਮ ਦੇ ਵਿੱਚ ਮਾਇਆ ਦਾ ਵੇਰਵਾ ਦਿੱਤਾ ਹੈ। ਰਿਗਵੇਦ ਅਤੇ ਯੁਜਰਵੇਦ ਦੇ ਵਿੱਚ ਮਾਇਆ ਇੰਦਰ ਦੀਆਂ ਸ਼ਕਤੀਆਂ ਦਾ ਪ੍ਰਤੀਕ ਹੈ। ਮਾਇਆ ਨੂੰ ਅਨੇਕਾਂ ਨਾਵਾਂ ਦੇ ਨਾਲ ਜਾਣਿਆ ਜਾਂਦਾ ਹੈ। ਮਾਇਆ ਸ਼ਬਦ ਪੈਸੇ ਦੇ ਲਈ ਵਰਤਿਆ ਗਿਆ ਹੈ। ਪੈਸੇ ਦੇ ਆਧਾਰ ਉੱਤੇ ਹੀ ਦੁਨੀਆ ਚਲਦੀ ਹੈ। ਪੈਸੇ ਦੀ ਖਾਤਿਰ ਹੀ ਦੁਨੀਆਂ ਦੀ ਲੁੱਟ-ਖਸੁੱਟ ਹੁੰਦੀ ਹੈ। ਮਾਇਆ ਹੀ ਮਨੁੱਖ ਦੇ ਵਿੱਚ ਅਸੀਮ ਇਛਾਵਾਂ ਪੈਦਾ ਕਰਦੀ ਹੈ। ਅਸੀਮ ਇਛਾਵਾਂ ਹੀ ਮਾਨਵ ਨੂੰ ਅਨੇਕਾਂ ਵਸਤਾਂ ਪ੍ਰਾਪਤ ਕਰਨ ਦਾ ਲਾਲਚ ਪੈਦਾ ਕਰਦੀਆ ਹਨ।

ਏਹੁ ਮਾਇਆ ਜਿਤੁ ਹਰਿ ਵਿਸਰੈ

ਮੋਹ ਉਪਜੈ ਭਾਉ ਦੂਜਾ ਲਾਇਆ।।

*(ਰਾਮਕਲੀ ਮ: 3. 921)*

ਮਾਇਆ ਨੂੰ ਸੰਸਾਰ ਦਾ ਸਿਰਜਕ ਵੀ ਮੰਨਿਆ ਜਾਂਦਾ ਹੈ, ਮਾਇਆ ਦੇ ਨਾਲ ਰਾਜਯੋਗ ਅਤੇ ਸ਼ਾਨੋ-ਸ਼ੌਕਤ ਵਾਲਾ ਜੀਵਨ ਮਿਲਦਾ ਹੈ। ਉਦਾਹਰਨ ਦੇ ਤੌਰ ਤੇ,

ਮਾਇਆ ਮਾਈ ਤ੍ਰੈਗੁਣ ਪਰਸੂਤਿ ਜਮਾਇਆ।

*(ਆਦਿ ਗ੍ਰੰਥ 1066)*

ਇਸ ਤਰੀਕੇ ਨਾਲ ਬਾਬਾ ਫਰੀਦ ਦੇ ਸਲੋਕ ਵੀ ਇਸੇ ਗੱਲ ਦੀ ਗਵਾਹੀ ਭਰਦੇ ਹਨ ਜਿਵੇ ਕਿ ਬਾਬਾ ਫਰੀਦ ਕਹਿੰਦੇ ਹਨ ਕਿ,

ਰੁਖੀ ਸੁਖੀ ਖਾਇਕੈ ਠੰਢਾ ਪਾਣੀ ਪੀਉ।।

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਇ ਜੀਉ।।

*(ਆਦਿ ਗ੍ਰੰਥ 1379)*

ਖਪਤ ਦਾ ਆਰੰਭ ਭਾਰਤ ਦੇ ਵਿੱਚ ਅੰਗਰੇਜ਼ਾਂ ਦੇ ਆਉਣ ਨਾਲ ਹੋਇਆ। ਭਾਰਤ ਤੋਂ ਵਸਤਾਂ ਆਯਾਤ ਤੇ ਨਿਰਯਾਤ ਹੋਣ ਲੱਗ ਪਈਆਂ ਸਨ। ਭਾਰਤ ਤੋਂ ਬ੍ਰਿਟੇਨ ਦੇ ਲਈ ਵਸਤਾਂ ਕਾਨੂੰਨੀ ਤੇ ਗੈਰ-ਕਾਨੂੰਨੀ ਰੂਪ ਵਿੱਚ ਆਯਾਤ ਹੋਣੀਆਂ ਸ਼ੁਰੂ ਹੋ ਗਈਆਂ ਸਨ। ਜ਼ਿਆਦਾਤਰ ਇਹ ਵਸਤੂਆਂ ਬ੍ਰਿਟੇਨ ਦੇ ਮੂਲ ਨਿਵਾਸੀਆਂ ਦੇ ਲਈ ਭੇਜੀਆਂ ਜਾਂਦੀਆਂ ਸਨ। ਬ੍ਰਿਟੇਨ ਦੇ ਵਿੱਚ ਰਹਿੰਦੇ ਭਾਰਤ ਦੇ ਉੱਚ ਵਰਗਾਂ ਦੇ ਲਈ ਵੀ ਸਮਾਨ ਭੇਜਿਆ ਜਾਂਦਾ ਸੀ, ਜੋ ਉਹਨਾਂ ਦੇਸ਼ਾਂ ਦੇ ਵਿੱਚ ਉੱਚ ਵਿਦਿਆ ਪ੍ਰਾਪਤੀ ਦੇ ਲਈ ਗਏ ਸਨ। ਸੀ.ਐ. ਬੇਲਿਲ ਦੇ ਅਨੁਸਾਰ, "ਉਸ ਦੌਰਾਨ ਹੌਲੀ-ਹੌਲੀ ਉਪਭੋਗ ਦੇ ਨਵੇਂ ਨਵੇਂ ਤਰੀਕੇ ਭਾਰਤੀ ਵਿਸ਼ਿਸ਼ਟ ਵਰਗ ਨੇ ਵੀ ਅਪਣਾ ਲਏ ਸਨ। ਉਹ ਉਪਭੋਗ ਦੀਆਂ ਨਵੀਆਂ- ਨਵੀਆਂ ਵਸਤਾਂ ਦਾ ਉਪਭੋਗ ਕਰਕੇ ਵਿਸ਼ਵ ਦੇ ਹੋਰ ਉਪਭੋਗਤਾ ਦਲ ਦੇ ਵਿੱਚ ਸ਼ਾਮਿਲ ਹੋ ਗਏ ਸਨ"। *(ਏਆਰਿਜੀਨ ਆਫ਼ ਸਵਦੇਸ਼ੀ ਹੋਮ ਇੰਡਸਟਰੀ 16)*

ਖਪਤ ਦਾ ਪ੍ਰਸਾਰ ਬੇਸ਼ੱਕ ਬ੍ਰਿਟਿਸ਼ ਸਰਕਾਰ ਨੇ ਹੀ ਪੈਦਾ ਕੀਤਾ ਸੀ ਅਤੇ ਉਹਨਾਂ ਨੇ ਹੀ ਭਾਰਤ ਦੇ ਵਿੱਚ ਵਪਾਰਕ ਕੰਪਨੀਆਂ ਲੈ ਕੇ ਆਂਦੀਆਂ ਸਨ। ਵਪਾਰ ਨੂੰ ਭਾਰਤ ਦੇ ਵਿੱਚ ਵਿਸ਼ੇਸ਼ ਉਤਸ਼ਾਹ ਮਿਲਿਆ ਸੀ। ਭਾਰਤ ਦੇ ਲੋਕਾਂ ਦਾ ਜ਼ਿਆਦਾ ਪ੍ਰਤੀਸ਼ਤ ਧੰਦਾ ਖੇਤੀ ਉੱਤੇ ਨਿਰਭਰ ਕਰਦਾ ਸੀ। ਭਿੰਨ-ਭਿੰਨ ਤਰ੍ਹਾਂ ਦੇ ਕਿੱਤੇ ਕਰਨ ਦੇ ਮੌਕੇ ਮਿਲਣੇ ਸ਼ੁਰੂ ਹੋ ਗਏ ਸਨ। ਇਸ ਦੇ ਨਾਲ ਭਾਰਤੀਆਂ ਦੇ ਪਹਿਰਾਵੇ ਵਿੱਚ ਭਾਰੀ ਪਰਿਵਰਤਨ ਆਇਆ। ਜਿੱਥੇ ਉਹ ਕੁੜਤਾ ਪਜਾਮਾ ਜਾਂ ਧੋਤੀ ਕੁੜਤਾ ਪਹਿਨਦੇ ਸਨ, ਉੱਥੇ ਉਹਨਾਂ ਨੂੰ ਪੈਂਟ, ਕਮੀਜ਼, ਕੋਟ ਆਦਿ ਪਹਿਰਾਵੇ ਪਹਿਨਣ ਦੀ ਭਿੰਨਤਾ ਮਿਲੀ। ਇਹ ਪਹਿਰਾਵੇ ਵਿਸ਼ੇਸ਼ ਵਰਗ ਦੇ ਲਈ ਬਣਦੇ ਸਨ। ਇਸ ਵਿਸ਼ੇਸ਼ ਵਰਗ ਦੇ ਪਹਿਰਾਵੇ ਨੂੰ ਬਣਾਉਣ ਦੇ ਨਾਲ ਨਾਲ ਰੋਜ਼ਮੱਰਾ 'ਚ ਕੰਮ ਆਉਣ ਵਾਲੀਆਂ ਵਸਤਾਂ ਦੀਆਂ ਜ਼ਰੂਰਤਾਂ ਵੀ ਪੈਦਾ ਕਰਨ ਲੱਗ ਪਏ ਸਨ। ਇਹ ਖਪਤ ਦੇ ਪਸਾਰੇ ਦੀ ਭਾਰਤ ਵਿੱਚ ਪਹਿਲੀ ਕੜੀ ਸੀ। "ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੇ ਵਪਾਰ ਦੇ ਵਾਧੇ ਲਈ ਵੱਖੋ-ਵੱਖਰੀਆਂ ਕੰਪਨੀਆਂ ਸਥਾਪਿਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਭਾਰਤ ਤੋਂ ਕੱਚਾ ਮਾਲ ਦੂਸਰੇ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਦੇਸ਼ਾਂ ਦਾ ਬਣਾਇਆ ਹੋਇਆ ਮਾਲ ਭਾਰਤ ਦੇ ਵਿੱਚ ਵਿਕਣ ਲੱਗਾ। "ਇਸ ਪ੍ਰਕਾਰ ਭਾਰਤ ਦੇ ਵਿੱਚ ਐਂਗਲੋਇੰਡੀਅਨ ਸਮਾਜ ਦਾ ਪ੍ਰਭਾਵ ਵੱਧਣ ਦੇ ਨਾਲ ਨਾਲ ਵਿਦੇਸ਼ੀ ਵਸਤਾਂ ਦੀ ਮੰਗ ਦਿਨੋ-ਦਿਨ ਵੱਧਣ ਲੱਗੀ।" *(ਅਡਿਟੇਡ ਬਾਈ-ਡਗਲਸ ਟ੍ਰਬਾਡਸੋ. ਹਿਸਟਰੀ ਆਫ ਕੰਨਜਮਸ਼ੈਨ.ਇੰਟਰੋਡਕਸ਼ਨ 14-16)*

ਭਾਰਤੀ ਵਪਾਰ ਉੱਤੇ ਇਸ ਦਾ ਬਹੁਤ ਬੁਰਾ ਪ੍ਰਭਾਵ ਪਿਆ। ਭਾਰਤੀ ਕਾਰਖ਼ਾਨਿਆਂ ‘ਤੇ ਬਹੁਤ ਭਾਰੀ ਅਸਰ ਹੋਇਆ। ਭਾਰਤੀ ਵਸਤਾਂ ਦੀ ਵਿਕਰੀ ਘੱਟ ਹੋ ਗਈ ਅਤੇ ਵਿਦੇਸ਼ੀ ਸਮਾਨ ਜਿਵੇਂ ਸਾਬਣ, ਕਿਤਾਬਾਂ, ਸ਼ਰਾਬ, ਸਰਦੀ ਦੇ ਕੱਪੜੇ ਆਦਿ ਦੀ ਮੰਗ ਜ਼ਿਆਦਾ ਹੋਣ ਕਰਕੇ ਭਾਰਤੀ ਵਪਾਰ ਤੇ ਅਸਰ ਪੈਣਾ ਸੁਭਾਵਿਕ ਹੀ ਸੀ। ਸ਼ੁਰੂ ਦੇ ਵਿੱਚ ਬਹੁਤ ਹੀ ਸੀਮਿਤ ਵਸਤੂਆਂ ਨੂੰ ਆਯਾਤ ਕੀਤਾ ਜਾਂਦਾ ਸੀ।ਵਪਾਰ ਦੇ ਵੱਧਣ ਨਾਲ ਨਿੱਜੀ ਕੰਪਨੀਆਂ ਨੇ ਦਖ਼ਲ ਦੇਣਾ ਸ਼ੁਰੂ ਕੀਤਾ। ਇਸ ਦਾ ਨਤੀਜਾ ਇਹ ਨਿਕਲਿਆਂ ਕਿ ਇਹਨਾਂ ਕੰਪਨੀਆਂ ਨੇ ਹੋਰ ਵਸਤਾਂ ਨੂੰ ਆਯਾਤ ਕਰਨਾ ਸ਼ੁਰੂ ਕਰ ਦਿੱਤਾ। ਦੂਸਰੇ ਦੇਸ਼ਾਂ ਦੇ ਵਾਸੀਆਂ ਨੂੰ ਉਹਨਾਂ ਦੀਆਂ ਲੋੜਾਂ ਦੇ ਅਨੁਸਾਰ ਸਮਾਨ ਮਿਲਣਾ ਸ਼ੁਰੂ ਹੋ ਗਿਆ ਸੀ। ਨਿੱਜੀ ਕੰਪਨੀਆਂ ਨੇ ਲੰਡਨ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਦੇ ਫ਼ੈਸ਼ਨ ਨੂੰ ਭਾਰਤ ਦੇ ਵਿੱਚ ਆਣ ਕੇ ਵੇਚਣਾ ਸ਼ੁਰੂ ਕਰ ਦਿੱਤਾ। ਸਮੁੱਚੇ ਭਾਰਤ ਉੱਤੇ ਅੰਗਰੇਜ਼ਾਂ ਦਾ ਸਾਮਰਾਜ ਹੋਣ ਕਰਕੇ ਅਜਿਹਾ ਵਾਪਰਨਾ ਸੁਭਾਵਿਕ ਹੀ ਸੀ। ਉਹਨਾਂ ਦੇ ਤੌਰ- ਤਰੀਕਿਆਂ ਨੇ ਖਾਣ-ਪੀਣ, ਪਹਿਰਾਵਾ, ਰਹਿਣ-ਸਹਿਣ ਦੀ ਵਿਵਸਥਾ ਆਦਿ ਨੂੰ ਆਪਣੇ ਘੇਰੇ ਵਿੱਚ ਲੈ ਲਿਆ ਸੀ।

ਜਿਸ ਦਹਾਕੇ ਦੇ ਵਿੱਚ ਵਪਾਰ ਸ਼ੁਰੂ ਹੋਇਆ ਸੀ। ਉਸ ਸਮੇਂ ਦੇ ਵਿੱਚ ਆਵਾਜਾਈ ਦੇ ਸਾਧਨ ਉਪਲੱਬਧ ਨਹੀ ਸਨ। ਵਪਾਰ ਜ਼ਿਆਦਾਤਰ ਸਮੁੰਦਰੀ ਰਸਤੇ ਹੀ ਹੁੰਦਾ ਸੀ। ਸਮੁੰਦਰ ਕਲਕੱਤਾ, ਬੰਬਈ, ਚੇਨਈ ਆਦਿ ਸ਼ਹਿਰਾਂ ਦੇ ਵਿੱਚ ਉਪਲੱਬਧ ਸੀ। ਇਹਨਾਂ ਉੱਪਰ ਸਿੱਧਾ ਪ੍ਰਭਾਵ ਪੈਣਾ ਲਾਜ਼ਮੀ ਸੀ। ਉਹਨਾਂ ਸ਼ਹਿਰਾਂ ਦੇ ਰਾਹੀਂ ਦੂਸਰੇ ਸ਼ਹਿਰਾਂ ਦੇ ਵਿੱਚ ਪ੍ਰਭਾਵ ਜਾਂ ਨਤੀਜੇ ਪਹੁੰਚਦੇ ਸਨ। ਲੰਡਨ, ਅਮਰੀਕਾ ਤੋਂ ਆਉਣ ਵਾਲੀਆਂ ਵਸਤਾਂ ਇਹਨਾਂ ਰਸਤਿਆਂ ਤੋਂ ਹੁੰਦੇ ਹੋਏ ਦੂਸਰੇ ਸ਼ਹਿਰਾਂ ਦੇ ਵਿੱਚ ਪੁੱਜਦੀਆਂ ਸਨ । “ਨਿੱਜੀ ਕੰਪਨੀਆਂ ਮੌਸਮ ਦੇ ਬਦਲਣ ਦੇ ਅਨੁਸਾਰ ਕੱਪੜੇ ਦੇ ਫ਼ੈਸ਼ਨ ਅਤੇ ਯੂਰਪੀ ਦੇਸ਼ਾਂ ਦੇ ਵਿੱਚ ਪ੍ਰਯੋਗ ਕੀਤੇ ਜਾਣ ਵਾਲੇ ਨਵੇਂ ਯੰਤਰਾਂ ਉੱਤੇ ਬਰਾਬਰ ਨਜ਼ਰ ਰੱਖਦੀਆਂ ਸੀ ਅਤੇ ਇਸੀ ਦੇ ਅਨੁਸਾਰ ਵਸਤੂਆਂ ਦੀ ਮੰਗ ਨੂੰ ਸਮਝਦੇ ਹੋਏ ਉਸੀ ਮਾਤਰਾ ਵਿੱਚ ਵਸਤੂਆਂ ਆਯਾਤ ਕਰਦੀਆਂ ਸਨ।” *(ਅਡਿਟੇਡ ਬਾਈ-ਡਗਲਸਟ੍ਰਬਾਡਸੋ. ਹਿਸਟਰੀ ਆਫ ਕੰਨਜਮਸ਼ੈਨ.ਇੰਟਰੋਡਕਸ਼ਨ 14-16)*

18 ਵੀਂ ਸਦੀ ਦੇ ਵਿੱਚ ਭਾਰਤ ਦੇ ਮੂਲ ਵਾਸੀਆਂ ਦਾ ਮੁੱਖ ਕਿੱਤਾ (ਖੇਤੀਬਾੜੀ) ਪੀੜ੍ਹੀ ਦਰ ਪੀੜ੍ਹੀ ਹੀ ਰਿਹਾ ਹੈ। ਇਸ ਬਦਲਾਵ ਨੇ ਨਾ ਕੇਵਲ ਮਨੁੱਖ ਨੂੰ ਅਚੰਭਤ ਕੀਤਾ ਸਗੋਂ ਨਵੇਂ ਕਿੱਤੇ ਅਜ਼ਮਾਉਣ ਦੇ ਲਈ

ਵੀ ਪ੍ਰੇਰਿਤ ਕੀਤਾ। ਇਹ ਪਰਿਵਰਤਨ ਦਾ ਪਹਿਲਾ ਪੜਾਅ ਸੀ। ਇਹਨਾਂ ਨਿੱਜੀ ਕੰਪਨੀਆਂ ਨੇ ਇੱਕ ਵਿਸ਼ਾਲ ਸੰਸਥਾ ਦਾ ਰੂਪ ਧਾਰਨ ਕਰ ਲਿਆ ਸੀ। ਹੋਲੀ-ਹੋਲੀ ਨਿੱਜੀ ਕੰਪਨੀਆਂ ਨੇ ਬਜ਼ਾਰ ਦਾ ਰੂਪ ਧਾਰਨ ਕਰ ਲਿਆ ਸੀ। ਵਪਾਰ ਦੇ ਵਾਧੇ ਲਈ ਕੰਪਨੀਆਂ ਨੇ ਅਖ਼ਬਾਰਾਂ ਦੇ ਵਿੱਚ ਇਸ਼ਤਿਹਾਰ ਦੇਣੇ ਸ਼ੁਰੂ ਕਰ ਦਿੱਤੇ ਸਨ। ਇਹ ਕੰਪਨੀਆਂ ਵਾਲੇ ਨਵੇਂ ਨਵੇਂ ਹੱਥਕੰਡੇ ਦੇ ਜ਼ਰੀਏ ਭਾਰਤੀ ਨਾਗਰਿਕਾਂ ਨੂੰ ਆਕਰਸ਼ਿਤ ਕਰਨਾ ਚਾਹੁੰਦੇ ਸਨ। ਇਹਨਾਂ ਕੰਪਨੀਆਂ ਨੇ ਜ਼ਰੂਰਤਾਂ ਦੀਆਂ ਵਸਤਾਂ ਨੂੰ ਹੀ ਆਯਾਤ ਕੀਤਾ ਜਾਂ ਅੰਗਰੇਜ਼ਾਂ ਦੀਆਂ ਲੋੜੀਦੀਆਂ ਵਸਤਾਂ ਨੂੰ ਆਯਾਤ ਕੀਤਾ ਸੀ। 19ਵੀਂ ਸਦੀ ਦੇ ਆਰੰਭ ਨਾਲ ਖਪਤ ਦਾ ਪ੍ਰਭਾਵ ਹੋਰ ਤੇਜ਼ ਹੋ ਗਿਆ। ਭਾਰਤ ਦੇ ਉੱਚ ਵਰਗ ਦੇ ਵਿੱਚ ਮਹਿੰਗੀਆਂ ਤੇ ਨਵੀਆਂ ਨਵੀਆਂ ਵਸਤਾਂ ਪ੍ਰਾਪਤ ਕਰਨ ਦੀ ਲਲ੍ਹਕ ਪੈਦਾ ਹੋ ਗਈ। ਨੀਵਾਂ ਵਰਗ ਵਸਤਾਂ ਦੇ ਪ੍ਰਤੀ ਬਹੁਤਾ ਸੁਚੇਤ ਨਹੀ ਸੀ। ਹੌਲੀ ਹੌਲੀ ਵਸਤਾਂ ਨੂੰ ਪ੍ਰਾਪਤ ਕਰਨ ਦੀ ਭਾਵਨਾ ਉਚ ਵਰਗ ਤੋਂ ਨੀਵੇਂ ਵਰਗ ਤੱਕ ਛੂਤ ਦੀ ਬਿਮਾਰੀ ਦੀ ਤਰ੍ਹਾ ਪਹੁੰਚ ਰਹੀ ਸੀ।

ਦੇਸ਼ ਗ਼ੁਲਾਮ ਹੋਣ ਕਰਕੇ ਉਹ ਸਮਾਂ ਆਜ਼ਾਦੀ ਦੀ ਲੜਾਈ ਦਾ ਚਲ ਰਿਹਾ ਸੀ। ਸਿਰਫ਼ ਉੱਚ ਵਰਗ ਹੀ ਅੰਗੇਰਜ਼ਾ ਦੇ ਸੰਪਰਕ ਵਿੱਚ ਹੋਣ ਕਰਕੇ ਨਵੀਨ ਵਸਤਾਂ ਵਿਦੇਸ਼ੀ ਧਰਤੀ ਤੋਂ ਲਿਆਉਂਦੇ ਸਨ। ਅੰਗਰੇਜ਼ ਵੀ ਉਹਨਾਂ ਨੂੰ ਆਪਣੇ ਦਬਦਬੇ ਹੇਠ ਰੱਖਣ ਦੇ ਲਈ ਭਾਂਤ-ਭਾਂਤ ਦੀਆਂ ਵਸਤਾਂ ਤੋਹਫ਼ੇ ਵਜੋਂ ਦਿੰਦੇ ਸਨ। ਆਦਰਸ਼ਵਾਦੀ ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਵਿੱਚ ਲੱਗੇ ਹੋਏ ਸਨ। ਇਸ ਕਾਰਨ ਪੂਰਨ ਰੂਪ ਪੂਰੇ ਭਾਰਤੀਆਂ ਦੇ ਉੱਤੇ ਇਸ ਦਾ ਪ੍ਰਭਾਵ ਬਹੁਤ ਘੱਟ ਪਿਆ। ਅੰਗਰੇਜ਼ਾਂ ਨੇ ਆਪਣੇ ਚਕਾ-ਚੋਂਧ ਦੇ ਵਿੱਚ ਫਸਾਉਣ ਦੇ ਲਈ ਪੜ੍ਹੇ -ਲਿਖੇ ਭਾਰਤੀਆਂ ਨੂੰ ਨੌਕਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇੱਕ ਪਾਸੇ ਉਹ ਚੰਗੀਆਂ ਸੁਖ-ਸਹੂਲਤਾ ਨੂੰ ਮਾਣ ਰਹੇ ਸਨ।ਪੱਛਮੀ ਦੇਸ਼ ਆਪਣੇ ਗ਼ਲਬੇ ਨੂੰ ਹੋਰ ਤੇਜ਼ ਕਰ ਰਹੇ ਸਨ। ਦੂਸਰੇ ਪਾਸੇ ਜ਼ਿਆਦਾ ਤੋਂ ਜ਼ਿਆਦਾ ਭਾਰਤੀ ਚੰਗੇ ਭਵਿਖ ਦੇ ਲਈ ਲੰਡਨ, ਅਮਰੀਕਾ ਜਾ ਰਹੇ ਸਨ। ਉਹਨਾਂ ਦੇਸ਼ਾਂ ਦੇ ਵਿੱਚ ਜਾ ਕੇ ਨਸਲੀ ਵਿਤਕਰੇ ਦੇ ਨਾਲ ਹੀ ਦੇਸ਼ ਦੇ ਪ੍ਰਤੀ ਘ੍ਰਿਣਾ ਨੂੰ ਸਹਿਣਾ ਪਿਆ ਸੀ। ਇਹ ਪੜ੍ਹਿਆ-ਲਿਖਿਆ ਵਰਗ ਭਾਰਤ ਨੂੰ ਉੱਨਤੀ ਦੀਆਂ ਸਿਖ਼ਰਾਂ ਵੱਲ ਲੈ ਕੇ ਜਾਣਾ ਚਾਹੁੰਦਾ ਸੀ।"ਇਹਨਾਂ ਆਧੁਨਿਕ ਸੋਚ ਵਿਚਾਰ ਵਾਲੇ ਨੌਜਵਾਨਾਂ ਦਾ ਪ੍ਰਭਾਵ ਸਮਾਜ ਦੇ ਉੱਪਰ ਵਿਆਪਕ ਰੂਪ ਵਿੱਚ ਪਿਆ ਅਤੇ

ਐਸ਼ੋ-ਆਰਾਮ ਵਾਲੀਆਂ ਵਸਤਾਂ ਦੀ ਵਿਕਰੀ ਘੱਟ ਹੋ ਗਈ।"*"ਮੁਜ਼ਿਯਕ ਅੱਫ ਦ ਰਾਜ: ਸੋਸ਼ਲ ਐਂਡ ਇਕਨਾਮਿਕਸ ਹਿਸਟਰੀ ਅੱਫ ਮਿਊਜ਼ਕ. ਇਨ ਲੇਟ ਇਟਨਥ.-ਸੇਂਚਰੀ. ਅੰਗਲੋ-ਇਡਿਅਨ ਸੋਸਾਇਟੀ 15-16)*

20 ਵੀਂ ਸਦੀ ਦੇ ਆਰੰਭ ਦਾ ਅਮੀਰ ਵਰਗ ਖਪਤ ਦੇ ਚੱਕਰ ਵਿੱਚ ਫਸ ਚੁੱਕਾ ਸੀ। ਚੇਤਨ ਅਤੇ ਬੁੱਧੀਜੀਵੀ ਵਰਗ ਦੇਸ਼ ਦੀ ਆਜ਼ਾਦੀ ਦੇ ਪ੍ਰਤੀ ਯਤਨਸ਼ੀਲ ਸਨ। ਬੁੱਧਜੀਵੀ ਵਰਗ ਦੀ ਦੇਸ਼ ਵਾਸੀਆਂ ਦੇ ਉੱਤੇ ਚੰਗੀ ਛਾਪ ਸੀ। ਭਾਰਤ ਦੇ ਸਾਰੇ ਨਾਗਰਿਕ ਉਹਨਾਂ ਦੇ ਦੱਸੀਆਂ ਹੋਈਆਂ ਵਿਚਾਰਧਾਰਾਵਾਂ ਦੇ ਉਪਰ ਚਲਦੇ ਸਨ। ਇਹਨਾਂ ਨੇਤਾਵਾਂ ਨੇ ਬ੍ਰਿਟਿਸ਼ ਸਰਕਾਰ ਦੇ ਸਾਮਰਾਜ ਨੂੰ ਡਿਗਾਉਣ ਦੀ ਕੋਸ਼ਿਸ਼ ਕੀਤੀ। ਵਿਦੇਸ਼ੀ ਵਸਤਾਂ ਦੀ ਵਿਕਰੀ ਜ਼ਿਆਦਾ ਹੁੰਦੀ ਸੀ। ਇੱਕ ਤਾਂ ਉਹ ਵਸਤਾਂ ਭਾਰਤ ਦੇ ਮੂਲ ਵਾਸੀਆਂ ਦੇ ਲਈ ਨਵੀਆਂ ਸਨ ਅਤੇ ਦੂਜਾ ਆਕਰਸ਼ਣ ਦਾ ਕਾਰਨ ਵੀ ਸਨ। ਇਸ ਦੇ ਪ੍ਰਭਾਵ ਹੇਠ ਅਮੀਰ ਤੇ ਗ਼ਰੀਬ ਵਰਗ ਦਾ ਪਾੜਾ ਵਧਦਾ ਜਾ ਰਿਹਾ ਸੀ। ਸ਼ੁਰੂਆਤੀ ਦੌਰ ਦੇ ਵਿੱਚ ਉਪਭੋਗਤਾ ਦੀ ਚਾਹਤ ਸਿਰਫ਼ ਭਾਰਤੀ ਉੱਚ ਵਰਗ ਅਤੇ ਅੰਗਰੇਜ਼ਾਂ ਤੱਕ ਹੀ ਸਿਮਟ ਕੇ ਰਹਿ ਗਈ ਸੀ। ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਉੱਤੇ ਭਾਰੀ ਚੋਟ ਸੀ। ਇਸ ਪ੍ਰਭਾਵ ਨੂੰ ਰੋਕਣ ਦੇ ਲਈ ਗਾਂਧੀ ਜੀ ਨੇ ਸਵਦੇਸ਼ੀ ਵਸਤਾਂ ਦੀ ਵਰਤੋਂ ਲਈ ਅੰਦੋਲਨ ਚਲਾਇਆ।

ਵਿਦੇਸ਼ੀ ਵਸਤਾਂ ਦੀ ਦਿਨੋ-ਦਿਨ ਵਿਕਰੀ ਵੱਧ ਰਹੀ ਸੀ ਜਿਸ ਦੇ ਪ੍ਰਭਾਵ ਹੇਠ ਛੋਟੇ ਕਾਰਖ਼ਾਨਿਆਂ ਦੀ ਵਿਕਰੀ ਘਟਣ ਲੱਗ ਪਈ ਸੀ। ਖਪਤ ਆਪਣੇ ਪ੍ਰਭਾਵਾਂ ਨੂੰ ਲੁਕਾ ਕੇ ਰੱਖਦਾ ਹੈ। ਉੱਚ ਵਰਗ ਆਪਣੀਆਂ ਲਾਲਸਾਵਾਂ ਨੂੰ ਪੂਰਿਆਂ ਕਰਨ ਦੇ ਲਈ ਦੇਸ਼ ਦੇ ਕੁਦਰਤੀ ਵਾਤਾਵਰਨ ਨੂੰ ਤਾਕ ਵਿੱਚ ਰੱਖ ਸਕਦੇ ਸਨ। ਇੰਗਲੈਂਡ ਨੇ ਆਪਣੇ ਵਪਾਰ ਨੂੰ ਪ੍ਰਫੁੱਲਤ ਕਰਨ ਦੇ ਲਈ ਭਾਰਤ ਨੂੰ ਨਿਸ਼ਾਨਾ ਬਣਾਇਆ ਸੀ। ਪਹਿਲਾਂ ਈਸਟ ਇੰਡੀਆ ਕੰਪਨੀ ਵਪਾਰ ਦੇ ਮਕਸਦ ਨਾਲ ਭਾਰਤ ਦੇ ਵਿੱਚ ਆਈ ਸੀ। ਹੌਲੀ ਹੌਲੀ ਇਸ ਤਾਕਤਵਰ ਦੇਸ਼ ਨੇ ਭਾਰਤ ਨੂੰ ਗ਼ੁਲਾਮ ਬਣਾ ਲਿਆ ਸੀ। ਉਹਨਾਂ ਨੇ ਆਪਣੀਆਂ ਵਸਤਾਂ ਨਿਵੇਸ਼ ਕਰਨ ਲਈ ਸਾਧਨ ਵੀ ਮੁਹਈਆਂ ਕਰਵਾ ਲਏ ਸਨ। ਉਹਨਾਂ ਨੇ ਆਪਣੇ ਸੁਤੰਤਰ ਸਾਮਰਾਜਵਾਦ ਦੀ ਸਿਰਜਣਾ ਕੀਤੀ ਸੀ। ਸਾਮਰਾਜਵਾਦ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰਦਾ ਹੈ ਜਿਸ ਵਿੱਚ ਪੈਦਾਵਾਰ ਅਤੇ ਲੈਣ ਦੇਣ ਦੇ

ਸਾਧਨ ਉਪਰ ਮਾਲਕੀ ਦਾ ਹੱਕ ਸਾਰੀ ਜਨਤਾ ਦਾ ਹੋਵੇਗਾ। ਇਹ ਮਾਲਕੀ ਇੱਕ ਵਿਅਕਤੀ ਦੀ ਨਹੀ ਹੋਵੇਗੀ, ਸਗੋਂ ਸਾਂਝ ਹੀ ਇਸਦਾ ਪ੍ਰਮੁੱਖ ਗੁਣ ਹੋਵੇਗਾ। ਅਜਿਹਾ ਕਰਨ ਨਾਲ ਇੱਕ ਵਿਅਕਤੀ ਵੱਲੋਂ ਦੂਜੇ ਵਿਅਕਤੀ ਦੀ ਕੀਤੀ ਜਾ ਰਹੀ ਲੁੱਟ ਦਾ ਅੰਤ ਹੋ ਜਾਵੇਗਾ। ਪੂੰਜੀਵਾਦ ਵਿੱਚ ਮੁੱਠੀ ਭਰ ਲੁਟੇਰੀ ਜਨਤਾ ਹੀ ਬਹੁਗਿਣਤੀ ਪੈਸਿਆਂ ਉੱਪਰ ਐਸ਼ ਕਰਦੀ ਹੈ। ਸਾਮਰਾਜਵਾਦ ਸਮਾਜ ਵਿੱਚ ਹਰ ਇੱਕ ਵਿਅਕਤੀ ਨੂੰ ਕੰਮ ਕਰਨਾ ਪਵੇਗਾ। ਇਹਨਾਂ ਦਾ ਨਾਅਰਾ 'ਜੋ ਕੰਮ ਕਰੇਗਾ ਸੋ ਖਾਏਗਾ ਅਤੇ ਉਹਨਾਂ ਦੀ ਯੋਗਤਾ ਦੇ ਅਨੁਸਾਰ ਨੌਕਰੀ ਵੀ ਦਿੱਤੀ ਜਾਏਗੀ। ਸਾਮਰਾਜਵਾਦ ਵਿੱਚ ਪੈਦਾਵਾਰ ਦੇ ਢਾਂਚੇ ਨੂੰ ਆਮ ਜਨਤਾ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾਂਦਾ ਹੈ, ਨਾ ਮਾਲਕੀ ਸ਼ਰੇਣੀ ਦੇ ਮੁਨਾਫ਼ੇ ਨੂੰ ਵਧਾਉਣ ਲਈ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਦੇ ਨਾਲ ਸਾਮਰਾਜਵਾਦ ਸਮਾਜ ਵਿਚੋਂ ਲੁੱਟ ਦਾ ਅੰਤ ਹੋ ਸਕਦਾ ਸੀ।

ਸੋਵੀਅਤ ਯੂਨੀਅਨ ਵਿੱਚ ਇੱਕ ਕੌਮ ਰਾਹੀਂ ਦੂਸਰੀ ਕੌਮ ਦੀ ਲੁੱਟ ਤੇ ਦਮਨ ਦਾ ਅੰਤ ਹੋ ਗਿਆ ਸੀ। ਇਹ ਅਸਲ ਵਿੱਚ ਸੰਸਾਰ ਦੀ ਏਕਤਾ ਵੱਲ ਪਹਿਲਾ ਕਦਮ ਸੀ। ਪਰੰਤੂ ਜਦੋਂ ਤੱਕ ਸੰਸਾਰ ਵਿੱਚ ਪੂੰਜੀਵਾਦੀ ਵਿਵਸਥਾ ਕਾਇਮ ਰਹੇਗੀ ਉਦੋਂ ਤੱਕ ਸੰਸਾਰ ਵਿੱਚ ਜੰਗੀ ਹਾਲਤ ਕਾਇਮ ਰਹਿਣਗੇ। ਸਮਾਜਵਾਦੀ ਸੋਚਦੇ ਹਨ ਕਿ ਜਿਵੇਂ ਸਮਾਜਵਾਦੀ ਵਿਵਸਥਾ ਦੁਨੀਆਂ ਵਿੱਚ ਵਿਕਸਿਤ ਹੁੰਦੀ ਜਾਏਗੀ ਤਿਵੇਂ ਤਿਵੇਂ ਦੁਨੀਆਂ ਵਿਚੋਂ ਜੰਗੀ ਹਾਲਤ ਖਤਮ ਹੁੰਦੇ ਜਾਣਗੇ।ਇਹ ਸਿਰਫ਼ ਸੁਪਨਾ ਸੀ ਅਜਿਹੇ ਸਮਾਜ ਦੀ ਸਥਾਪਨਾ ਕਰਨਾ ਅਤੀ ਮੁਸ਼ਕਿਲ ਸੀ ਕਿਉਂਕਿ ਸਮਾਜ ਦੇ ਮੋਹਤਬਾਰ ਪੂੰਜੀ ਉਪਰ ਆਪਣਾ ਹੱਕ ਜਮਾ ਕੇ ਬੈਠੇ ਹੋਏ ਸਨ। ਜੇਕਰ ਪਛਾਣ ਦੇ ਬਹਾਨੇ ਹਰ ਛੋਟੇ ਤੋਂ ਛੋਟੇ ਸਮੂਹ ਨੂੰ ਦੂਸਰੇ ਸਮੂਹ ਤੋਂ ਅਲੱਗ ਕੀਤਾ ਜਾ ਸਕਦਾ ਹੈ ਤਾਂ ਕ੍ਰਾਂਤੀ ਲਈ ਕੋਈ ਸਮੂਹਿਕ ਆਬਾਦੀ ਨਹੀ ਰਹਿ ਜਾਂਦੀ। "ਪਰੰਤੂ ਅੰਗਰੇਜ਼ਾਂ ਦਾ ਸਿਰਜਿਆ ਹੋਇਆ ਸਾਮਰਾਜ ਨੇ ਮਨੁੱਖ ਦਾ ਜਿਊਣਾ ਦੁਰਭਰ ਕਰ ਦਿੱਤਾ ਸੀ। ਅਮਰੀਕਾ ਨੇ ਇਰਾਕ ਨੂੰ ਕੱਟੜਵਾਦ ਤੋ ਮੁਕਤ ਕਰਵਾਉਣ ਲਈ ਅਤੇ ਸੁਰੱਖਿਅਤ ਕਰਨ ਦੇ ਨਾਮ ਉੱਤੇ ਕਬਜ਼ਾ ਕੀਤਾ। ਉਹਨਾਂ ਦੇ ਇਸ਼ਾਰੇ ਉੱਤੇ ਨੱਚਣ ਵਾਲੇ ਲੋਕਾਂ ਦੇ ਹੱਥ ਸੈਨਾ ਦੀ ਵਾਗਡੋਰ ਦੇ ਦਿੱਤੀ ਗਈ, ਜਿਸ ਕਰਕੇ ਉੱਥੇ ਦੇ ਸਾਰੇ ਪ੍ਰਕਿਰਤਿਕ ਸਾਧਨਾਂ ਉਪਰ ਆਪਣਾ ਹੱਕ ਜਮਾਉਣ ਵਿੱਚ ਆਸਾਨੀ ਹੋਵੇ। ਇਰਾਕ ਵਿੱਚ ਇੱਕ ਪ੍ਰਕਾਰ ਨਾਲ ਅਮਰੀਕਾ

ਦੁਆਰਾ ਸਥਾਪਿਤ ਆਰਥਕ ਸਾਮਰਾਜ ਦਾ ਹੀ ਇੱਕ ਰੂਪ ਸੀ"।*(ਛੰਭੂਨਾਥ. ਸਮਕਾਲੀਨ ਸ੍ਰਜਨ. ਸੰਸਕ੍ਰਿਤੀਕਰਣ ਕੀ ਚੁਨੌਤੀ ਗ੍ਰਾਮੀਣ ਔਰ ਵਰਸ਼ਾ ਅੰਕ. ਅਪ੍ਰੈਲ-ਸਤੰਬਰ 49)*

ਗਾਂਧੀ ਜੀ ਨੇ ਵਿਦੇਸ਼ੀ ਵਸਤਾਂ ਦਾ ਹੀ ਨਹੀ, ਸਗੋਂ ਉਹਨਾਂ ਦੇ ਸਾਮਰਾਜ ਦੀਆਂ ਗਲਤ ਨੀਤੀਆਂ ਦਾ ਵੀ ਵਿਰੋਧ ਕੀਤਾ। ਉਹਨਾਂ ਨੇ ਕਿਹਾ- "ਮੈਨੂੰ ਡਰ ਹੈ ਕਿ ਉਦਯੋਗਵਾਦ ਮਾਨਵ ਜਾਤੀ ਦੇ ਲਈ ਸਰਾਪ ਸਿੱਧ ਹੋ ਸਕਦਾ ਹੈ। ਇੱਕ ਰਾਸ਼ਟਰ ਦੁਆਰਾ ਦੂਸਰੇ ਰਾਸ਼ਟਰ ਦਾ ਸੋਸ਼ਣ ਸਦਾ ਦੇ ਲਈ ਨਹੀ ਚਲ ਸਕਦਾ। ਉਦਯੋਗਵਾਦ ਲੋਕਾਂ ਦਾ ਪੂਰਨਤਾ ਸ਼ੋਸ਼ਣ ਕਾਰਨ ਦੇ ਸਮਰੱਥ ਅਤੇ ਪ੍ਰਤੀਯੋਗੀਆਂ ਦੀ ਘਾਟ ਉੱਤੇ ਨਿਰਭਰ ਕਰਦਾ ਹੈ"।*(ਮਹਾਤਮਾ ਗਾਂਧੀ ਕੇ ਵਿਚਾਰ. 232)*

ਪਿਛਲੇ ਕੁਝ ਸਮੇਂ ਤੋਂ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਅਮਰੀਕਾ ਵਰਗੇ ਵਿਕਸਿਤ ਦੇਸ਼ ਦੀ ਕਤਾਰ ਵਿੱਚ ਖੜ੍ਹੇ ਹੋਣ ਦੀ ਕੋਸ਼ਿਸ਼ ਵਿੱਚ ਲੱਗੇ ਹਨ।ਉਹਨਾਂ ਦੇਸ਼ਾਂ ਦੇ ਦੱਸੇ ਹੋਏ ਰਾਹ 'ਤੇ ਚਲ ਕੇ ਵਿਕਸਿਤ ਦੇਸ਼ਾਂ ਦੀ ਕਤਾਰ ਵਿੱਚ ਖੜ੍ਹਨਾ ਚਾਹੁੰਦੇ ਹਨ। ਇਹਨਾਂ ਦੇਸ਼ਾਂ ਨੇ ਆਪਣੀ ਬਾਹਰੀ ਦਿੱਖ ਤੋਂ ਵਿਕਾਸਸ਼ੀਲ ਦੇਸ਼ਾਂ ਨੂੰ ਝਾਉਲਾ ਪਾਇਆ ਹੋਇਆ ਹੈ।"ਪੂੰਜੀਵਾਦ ਦਾ ਤਰਕ ਪੂਰੀ ਤਰ੍ਹਾਂ ਆਲਮੀ ਬਣ ਚੁੱਕਾ ਹੈ ਤਾਂ ਸਾਮਰਾਜਵਾਦ ਆਪਣੇ ਮੁਫਾਦ ਆਪਣੇ ਪੁਰਾਣੇ ਜੰਗੀ ਤਰੀਕਿਆਂ ਨਾਲ ਪ੍ਰਾਪਤ ਨਹੀ ਕਰ ਸਕਦਾ। ਸਗੋਂ ਪੂੰਜੀਵਾਦ ਮੰਡੀ ਰਾਹੀਂ ਇਹ ਕੰਮ ਬੇਹਤਰੀ ਨਾਲ ਕਰ ਸਕਦਾ ਹੈ। "ਪਰ ਇਸ ਦਾ ਮਤਲਬ ਇਹ ਨਹੀ ਕਿ ਸਾਮਰਾਜਵਾਦ ਹੁਣ ਜੰਗੀ ਜਾਂ ਫੌਜੀ ਵਰਤੋਂ ਨਾਲ ਆਪਣੇ ਮੁਫਾਦ ਪ੍ਰਾਪਤ ਨਹੀਂ ਕਰਦਾ। ਇਸ ਦੀ ਬੜੀ ਉੱਘੀ ਮਿਸਾਲ ਅਮਰੀਕਾ ਵੱਲੋਂ ਆਪਣੀ ਫੌਜੀ ਤਾਕਤ ਵਰਤ ਕੇ ਮੱਧ ਪੂਰਬੀ ਅਤੇ ਮੱਧ ਏਸ਼ੀਆ ਦੇ ਦੇਸ਼ਾਂ ਵਿਚ ਤੇਲ ਦੇ ਸੋਮਿਆਂ ਨੂੰ ਹਥਿਆਉਣਾ ਤੇ ਸਾਰੇ ਦੇਸ਼ਾਂ ਵਿੱਚ ਵੱਡੀਆਂ ਵੱਡੀਆਂ ਅਮਰੀਕਨ ਕੰਪਨੀਆਂ ਦਾ ਪ੍ਰਬੰਧ ਸਥਾਪਤ ਕਰਨਾ ਹੈ"। *(ਡਾ. ਭੀਮ ਇੰਦਰ ਸਿੰਘ. ਵਿਸ਼ਵੀਕਰਨ: ਵਿਸ਼ਲੇਸਣ ਅਤੇ ਵਿਵੇਚਨ 23)*

ਇਹਨਾਂ ਦੇਸ਼ਾਂ ਦੇ ਦੁਆਰਾ ਦਰਸਾਏ ਗਏ ਮਾਡਲ ਨੇ ਉਪਭੋਗਤਾ ਦੀ ਸ਼ਕਤੀ ਨੂੰ ਲਗਾਤਾਰ ਵਧਾਇਆ ਹੈ, ਜੋ ਮਨੁੱਖੀ ਸੋਸ਼ਣ ਦੀ ਨੀਂਹ ਬਣਿਆ ਹੈ। ਕਿਸੇ ਮਨੁੱਖ ਨੂੰ ਵੀ ਦੇਸ਼ ਦੇ ਪੱਧਰ ਉੱਤੇ, ਰਾਸ਼ਟਰ ਦੇ ਪੱਧਰ ਉੱਤੇ ਦੇਖਿਆਂ ਜਾਵੇ ਤਾਂ ਮਨੁੱਖ ਉੱਪਰ ਪਏ ਪ੍ਰਭਾਵਾਂ ਨੂੰ ਸਾਫ਼ ਦੇਖਿਆਂ ਜਾ ਸਕਦਾ ਹੈ ।

ਰਾਮਚੰਦ ਗ੍ਰਹ ਦੇ ਅਨੁਸਾਰ:

> ਭਾਰਤ ਦੇ ਗ੍ਰਾਰਮੀਣ ਖੇਤਰ ਦੇ ਪ੍ਰਕਿਰਤਿਕ ਸਾਧਨਾਂ ਦਾ ਉਪਯੋਗ ਸਾਧਾਰਨਗਤ: ਸ਼ਹਿਰੀ ਲੋਕਾਂ ਅਤੇ ਉਦਯੋਗਿਕ ਖੇਤਰਾਂ ਦੀ ਅਸੰਖਿਆ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਹੁੰਦਾ ਹੈ। ਇਹੀ ਕਾਰਨ ਗ੍ਰਾਮੀਣ ਖੇਤਰਾਂ ਵਿੱਚ ਜੰਗਲ, ਖਣਿਜ ਅਤੇ ਪਾਣੀ ਆਦਿ ਘੱਟ ਹੁੰਦਾ ਹੈ। ਇਸ ਦਾ ਬੁਰਾ ਪ੍ਰਭਾਵ ਵਾਤਾਵਾਰਣ ਉੱਤੇ ਪੈਂਦਾ ਹੈ, ਨਾਲ ਹੀ ਇਹ ਪ੍ਰਕਿਰਤਕ ਸਾਧਨ ਉਥੋਂ ਦੇ ਮੂਲ ਨਿਵਾਸੀਆਂ ਤੋਂ ਦੂਰ ਹੋ ਜਾਂਦੇ ਹਨ।

*(ਕਨਜਿਊਮਰ ਇਨ ਫਿਕਸ਼ਨ.* www.world.play–kmweiland .blogspot.com)

ਇਸ ਤਰ੍ਹਾਂ ਸਮੁੰਦਰੀ ਰਾਜ ਭਾਰਤ ਦੇ ਮਹਾਂ-ਨਗਰਾਂ ਦੇ ਲਈ ਮਹੱਤਵ ਰੱਖਦੇ ਹਨ ਜਿਵੇਂ ਕਿ ਆਜ਼ਾਦੀ ਤੋਂ ਪਹਿਲਾਂ ਭਾਰਤ ਇੰਗਲੈਂਡ ਦੇ ਲਈ ਮਹੱਤਵ ਰੱਖਦਾ ਸੀ। ਵਪਾਰ ਦਾ ਸ਼ਬਦੀ ਅਰਥ ਪੈਸੇ ਨਾਲ ਪੈਸਾ ਕਮਾਉਣਾ ਹੈ। ਪੈਸਾ ਕਮਾਉਣ ਲਈ ਵਪਾਰੀ ਸਸਤੇ ਭਾਅ ਵਿੱਚ ਮਾਲ ਖਰੀਦਦੇ ਅਤੇ ਮਹਿੰਗੇ ਭਾਅ ਵਿੱਚ ਮਾਲ ਵੇਚ ਦਿੰਦੇ ਹਨ। ਮੁਨਾਫ਼ੇ ਦਾ ਵੱਡਾ ਹਿੱਸਾ ਵਪਾਰੀਆਂ ਦੀ ਜੇਬ ਵਿੱਚ ਚਲਾ ਜਾਂਦਾ ਹੈ ਅਤੇ ਮਜ਼ਦੂਰ ਵਰਗ ਸੋਸ਼ਣ ਦਾ ਸ਼ਿਕਾਰ ਹੋ ਜਾਂਦਾ ਹੈ। ਮੁਨਾਫ਼ੇ ਦਾ ਕਮਾਇਆ ਹੋਇਆ ਹਿੱਸਾ ਮੁੜ ਤੋਂ ਮੁਨਾਫ਼ੇ ਵਿੱਚ ਲਗਾ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਸੰਸਾਰਕ ਪੱਧਰ ’ਤੇ ਜਿਹੜਾ ਵਪਾਰ ਹੁੰਦਾ ਹੈ ਉਹ ਸਾਮਰਾਜੀ ਮੁਲਕਾਂ ਵੱਲੋਂ ਪਛੜੇ ਹੋਏ ਬੁਰਜ਼ੂਆ ਜਮਾਤਾਂ ਦੀ ਪਿਛਲੇ ਸਮੇਂ ਦੀ ਸਰਮਾਏਦਾਰੀ ਤਰੱਕੀ ਦੇ ਸਿੱਟੇ ਵਜੋਂ ਸਾਮਰਾਜਵਾਦ ਦੀਆਂ ਛੋਟੀਆਂ ਭਾਈਵਾਲ ਬਣ ਚੁੱਕੀਆਂ ਹਨ।

ਪੂੰਜੀਵਾਦ ਦਾ ਸੋਸ਼ਣ ਅਜੇ ਵੀ ਕਾਇਮ ਹੈ। ਵਪਾਰ ਦੇ ਵੱਧਣ ਫੁੱਲਣ ਨਾਲ ਜਿੱਥੇ ਮੰਡੀ ਦੀ ਸ਼ੁਰੂਆਤ ਹੋਈ ਹੈ, ਉੱਥੇ ਪਦਾਰਥਾਂ ਨੂੰ ਬਿਨ੍ਹਾਂ ਕਿਸੇ ਰੋਕ-ਟੋਕ ਤੋਂ ਵਰਤਣ ਦੀ ਲਾਲਸਾ ਪੈਦਾ ਹੋ ਰਹੀ ਹੈ। ਸਾਮਰਾਜੀ ਮੁਲਕਾਂ ਨੇ ਆਪਣੇ ਸੰਚਾਰ ਦੇ ਸਾਧਨਾਂ ਦੇ ਰਾਹੀਂ ਝੂਠਾ ਪ੍ਰਚਾਰ ਕਰਕੇ ਮਨੁੱਖ ਦੀ ਸੋਚ ਨੂੰ ਖੁੰਢਾ ਕਰ ਰੱਖਿਆ ਹੈ ਜਾਂ ਕੁਰਾਹੇ ਪਾਉਣ ਲਈ ਮਨੁੱਖ ਦੀ ਮਾਨਸਿਕਤਾ ਨੂੰ ਦੋਗਲਾ ਕਰ ਰਹੇ ਹਨ। ਜਿਸਦੇ ਸਿੱਟੇ

ਵਜੋਂ ਕੁਦਰਤੀ ਵਾਤਾਵਰਨ ਲਗਾਤਾਰ ਪ੍ਰਦੂਸ਼ਿਤ ਹੋ ਰਿਹਾ ਹੈ। ਵੱਧ ਤੋਂ ਵੱਧ ਪੈਸਾ ਕਮਾਉਣ ਦੇ ਲਾਲਚ ਨੇ ਕੁਦਰਤ ਅਤੇ ਮਨੁੱਖੀ ਸੰਬੰਧਾਂ ਉੱਪਰ ਬੁਰਾ ਪ੍ਰਭਾਵ ਪਾਇਆ ਹੈ। ਇਸ ਸੰਬੰਧੀ ਸਮਕਾਲੀ ਮਾਨਵੀ ਪੱਖੀ ਵਿਗਿਆਨੀਆਂ ਦਾ ਇਹ ਵਿਚਾਰ ਹੈ ਕਿ ਜੇ ਕੁਦਰਤ ਦੇ ਖ਼ਜ਼ਾਨਿਆਂ ਦੀ ਲੁੱਟ-ਖਸੁੱਟ ਇਸੇ ਰਫ਼ਤਾਰ ਨਾਲ ਹੁੰਦੀ ਰਹੀ ਤਾਂ ਉਹ ਦਿਨ ਦੂਰ ਨਹੀ ਜਦੋਂ ਇਹ ਧਰਤੀ ਮਨੁੱਖ ਜਾਤੀ ਲਈ ਤਬਾਹੀ ਦਾ ਅਖਾੜਾ ਬਣ ਕੇ ਰਹਿ ਜਾਵੇਗਾ।

ਪੈਸਾ ਕਮਾਉਣ ਦੇ ਲਾਲਚ ਨੇ ਖਪਤ ਸਭਿਆਚਾਰ ਨੂੰ ਜਨਮ ਦਿੱਤਾ ਹੈ। ਇਹਨਾਂ ਕਾਰਨਾਂ ਕਰਕੇ ਪੈਦਾਵਾਰ ਸਾਧਨ ਅਤੇ ਸੰਦ ਦੀ ਪ੍ਰਗਤੀ ਮਨੁੱਖ ਦੀ ਲੋੜ ਦੇ ਅਨੁਸਾਰ ਕੀਤੀ ਜਾਣ ਲੱਗ ਪਈ ਸੀ।ਇਸਦੇ ਨਾਲ ਹੀ ਸੁੱਖ ਸਹੂਲਤਾਂ ਤੇ ਅੱਯਾਸ਼ੀ ਦਾ ਸਮਾਨ ਵੀ ਪੈਦਾ ਹੋਣ ਲੱਗ ਪਿਆ ਸੀ। ਨਵ-ਸਾਮਰਾਜੀ ਵਿਵਸਥਾ ਮੁਲਕਾਂ ਤੇ ਗ਼ੈਰ ਸਾਮਰਾਜੀ ਮੁਲਕਾਂ ਵਿੱਚ ਵੰਡਿਆਂ ਹੋਇਆਂ ਹੈ। ਇਸ ਲਈ ਪੈਦਾਵਾਰ ਦੀ ਵੰਡ ਵੀ ਆਸਾਵੀ ਹੁੰਦੀ ਹੈ, ਜਿਨ੍ਹਾਂ ਵਿਚੋਂ 80% ਕਾਮਿਆਂ ਨੂੰ ਲੋੜ ਨਾਲੋਂ ਵੀ ਘੱਟ ਮੁਆਵਜ਼ਾ ਮਿਲਦਾ ਹੈ। ਭਿੰਨ-ਭਿੰਨ ਜ਼ਰੀਏ ਬਣਦੇ ਹਨ, ਜਿਸ ਦੇ ਦੁਆਰਾ ਮਨੁੱਖ ਖਪਤ ਦੀ ਲਾਲਸਾ ਦੇ ਸ਼ਿਕਾਰੀ ਬਣਦੇ ਜਾ ਰਹੇ ਹਨ ਅਤੇ ਜਦੋਂ ਉਹ ਆਪਣੇ ਜਾਇਜ਼ ਹੀਲਿਆਂ ਵਸੀਲਿਆਂ ਦੇ ਰਾਹੀਂ ਆਪਣੀਆਂ ਮੰਗਾਂ ਨੂੰ ਪੂਰਾ ਨਹੀ ਕਰ ਪਾਉਂਦੇ ਤਾਂ ਉਹ ਘਟੀਆਂ ਕਿਰਦਾਰ ਦੇ ਲੱਛਣਾਂ ਨੂੰ ਗ੍ਰਹਿਣ ਕਰ ਲੈਂਦੇ ਹਨ ਜੋ ਸਮਾਜ ਵਿੱਚ ਅਨੇਕਾਂ ਜੁਰਮਾਂ ਨੂੰ ਜਨਮ ਦਿੰਦੇ ਹਨ। ਪਰ ਇਹ ਲੋਕਾਂ ਦੀ ਜਿਊਂਦੀ ਜਾਗਦੀ ਜ਼ਿੰਦਗੀ ਲਗਾਤਾਰ ਵਿਕਸਿਤ ਹੋ ਰਹੀ ਹੈ ਅਤੇ ਉਹਨਾਂ ਦੀਆਂ ਪਦਾਰਥਕ ਹਾਲਤਾਂ ਦੇ ਅਨੁਸਾਰ ਆਪਣੀ ਸ਼ਕਲ ਅਖ਼ਤਿਆਰ ਕਰ ਰਹੀ ਹੈ। ਰਾਸ਼ਟਰੀ ਚੇਤਨਾ ਅਤੇ ਦੁਨੀਆਂ ਦੇ ਬਾਕੀ ਹਿੱਸਿਆਂ ਵਿਚ ਵਿਗਸ ਰਹੀ ਜਮਹੂਰੀ ਅਤੇ ਸਾਮਰਾਜਵਾਦੀ ਪ੍ਰਕ੍ਰਿਆ ਦੀ ਮਜ਼ਬੂਤੀ ਅਤੇ ਜ਼ੋਰ ਹੀ ਸੀ ਕਿ ਤੀਜੀ ਦੁਨੀਆਂ ਦੇ ਬਹੁਤ ਮੁਲਕਾਂ ਅੰਦਰ ਕੌਮੀ ਮੁਕਤੀ ਘੋਲਾਂ ਦੀ ਜਵਾਲਾ ਪ੍ਰਚੰਡ ਹੁੰਦੀ ਰਹੀ।ਦੂਸਰੇ ਜੰਗ ਤੋਂ ਬਾਅਦ ਅਜਿਹੇ ਸੰਘਰਸ਼ਾਂ ਨੂੰ ਬਲ ਮਿਲਿਆ।

ਉਸਨੇ ਮਨੁੱਖ ਨੂੰ ਦੋ ਭਾਗਾਂ ਦੇ ਵਿੱਚ ਵੰਡਿਆ ਹੈ। ਇੱਕ ਭਾਗ ਪੂੰਜੀਵਾਦੀ ਸਮਾਜ ਦੇ ਵਿੱਚ ਪ੍ਰਕਿਰਤੀ ਸਾਧਨਾਂ ਦਾ ਉਤਪਾਦਨ ਕਰਦਾ ਅਤੇ ਪੂਰਨ ਉਤਪਾਦਨ ਕਰਕੇ ਉਹਨਾਂ ਵਸਤਾਂ ਨੂੰ ਉਪਭੋਗੀ

ਮਨੁੱਖ ਤੱਕ ਪਹੁੰਚਾਉਂਦਾ ਹੈ। ਦੂਸਰੇ ਭਾਗ ਦੇ ਮਨੁੱਖ ਪ੍ਰਕਿਰਤੀ ਦੇ ਵਧੇਰੇ ਨੇੜੇ ਹੈ। ਇਸ ਵਿਕਾਸ ਦੇ ਝਾਉਲੇ ਨੇ ਕੁਦਰਤ ਨਾਲ ਜੁੜੇ ਹੋਏ ਲੋਕਾਂ ਨੂੰ ਅਨਾਥ ਬਣਾ ਦਿੱਤਾ ਹੈ। ਖਣਿਜ ਦੀਆਂ ਖਾਣਾਂ ਸਰਕਾਰ ਦੇ ਕਬਜ਼ੇ ਹੇਠ ਹਨ। ਸਰਕਾਰਾਂ ਆਪਣਾ ਫ਼ਾਇਦਾ ਦੇਖ ਕੇ ਇਹਨਾਂ ਖਣਿਜ ਖਾਣਾਂ ਨੂੰ ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਵੇਚ ਦਿੰਦੀਆਂ ਹਨ। ਖਾਣਾਂ ਦੇ ਮਾਲਕਾਂ ਨੇ ਉਹਨਾਂ ਇਲਾਕਿਆਂ ਦੇ ਕੁਦਰਤੀ ਸਾਧਨਾਂ ਨੂੰ ਨਿਚੋੜ ਕੇ ਰੱਖ ਦਿੱਤਾ ਹੈ।ਵਿਕਾਸ ਦੇ ਨਾਮ ਉੱਤੇ ਚਲਣ ਵਾਲੇ ਵਿਕਾਸ ਕਾਰਜਾਂ ਦਾ ਆਲੇ-ਦੁਆਲੇ ਦੇ ਨਿਵਾਸੀਆਂ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ।ਇਹ ਵਿਕਾਸ ਕਾਰਜ ਸਮੇਂ ‘ਤੇ ਨਾ ਪੂਰਾ ਹੋਣ ਕਰਕੇ ਉੱਥੋਂ ਦੇ ਮੂਲ ਨਿਵਾਸੀਆਂ ਨੂੰ ਔਖੇ ਸਮੇਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਪਿੰਡ ਦੇ ਪਿੰਡ ਵਿਕਾਸ ਕਾਰਜ ਦੇ ਝਉਲੇ ਕਰਕੇ ਉੱਜੜ ਗਏ ਹਨ। ਅਰੁੰਧਤੀ ਰਾਏ ਦੀ ਧਾਰਨਾ ਦੇ ਅਨੁਸਾਰ, “ਆਊਟ ਲੁਕ ਦੇ ਵਿੱਚ ਪ੍ਰਕਾਸ਼ਿਤ ਆਪਣੇ ਲੇਖ ਦੇ ਵਿੱਚ ਕਿਹਾ ਹੈ- ਸੂਚਨਾ ਕ੍ਰਾਂਤੀ ਦੀ ਭਾਰਤ ਦੀ ਹੈਰਾਨੀਜਨਕ ਦੌੜ ਦਾ ਇਤਿਹਾਸ ਜਿਸ ਸਮੇਂ ਲਿਖਿਆ ਜਾ ਰਿਹਾ ਹੈ, ਉਸ ਸਮੇਂ ਵੀ ਇਹ ਕਹਿਣ ਦਿੱਤਾ ਗਿਆ ਕਿ ਪੰਜ ਕਰੋੜ ਸੱਤ ਲੱਖ ਭਾਰਤੀਆਂ ਨੇ ਆਪਣਾ ਸਭ ਕੁਝ ਗਵਾ ਕੇ ਇਸਦੀ ਕੀਮਤ ਚੁਕਾਈ ਹੈ”।*(ਨਿਆਂ ਕਾ ਗਣਿਤ 197)*

ਦੇਸ਼ ਦੀ ਆਰਥਕਤਾ ਨੂੰ ਸਥਿਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹਨਾਂ ਵਿਕਾਸ ਕਾਰਜਾਂ ਨੂੰ ਕਰਨ ਪਿੱਛੇ ਤਰਕ ਪੇਸ਼ ਕੀਤਾ ਜਾਂਦਾ ਹੈ ਕਿ ਇਨ੍ਹਾਂ ਵਿਕਾਸ ਕਾਰਜਾਂ ਦੇ ਰਾਹੀਂ ਮਨੁੱਖੀ ਜ਼ਿੰਦਗੀ ਨੂੰ ਆਰਾਮਦਾਇਕ ਬਣਾਇਆ ਜਾ ਸਕਦਾ ਹੈ। ਇਸ ਤਰਕ ਦੇ ਪਿੱਛੇ ਲੁਕੇ ਹੋਏ ਉਪਭੋਗ ਦੀ ਅਨੰਤ ਲਾਲਸਾ ਮਨੁੱਖ ਨੂੰ ਮਨੁੱਖ ਦੇ ਵਿਰੋਧ ਵਿੱਚ ਖੜ੍ਹਾ ਕਰਦੀ ਹੈ। ਕੁਝ ਸਮੇਂ ਤੋਂ ਸਿੱਖਿਆ, ਧਰਮ ਦੀ ਆੜ ਹੇਠ ਮਨੁੱਖੀ ਮਨ ਦੇ ਵਿੱਚ ਸਵਾਮੀ ਭਗਤੀ ਦੀ ਭਾਵਨਾ ਭਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਹ ਮਾਨਵ ਦੀ ਚੇਤਨਾ ਦੇ ਵਿੱਚ ਗ਼ੁਲਾਮੀ ਦੀ ਸਥਿਤੀ ਪੈਦਾ ਕਰ ਰਹੀ ਹੈ। ਸਭਿਆਚਾਰ ਦੇ ਪਰੰਪਰਾਗਤ ਢੰਗ ਤਰੀਕਿਆਂ ਨੂੰ ਆਧੁਨਿਕ ਸਮੇਂ ਵਿੱਚ ਤੰਤਰ-ਮੰਤਰ ਲਈ ਵਰਤਿਆ ਜਾਂਦਾ ਹੈ ਜੋ ਸਮਕਾਲੀ ਸੰਸਥਾਵਾਂ ਦੇ ਜੜ੍ਹ ਰੂਪ ਵਿੱਚ ਸਮਾ ਗਏ ਤੇ ਨਵੇਂ ਆਧੁਨਿਕ ਯੰਤਰ ਵੀ ਸਾਮਰਾਜਵਾਦੀ ਗ਼ਲਬੇ ਲਈ ਮਹੱਤਵਪੂਰਨ ਹੁੰਦੇ ਜਾ ਰਹੇ ਹਨ ਜਿਵੇਂ ਕਿ ਸੰਚਾਰ ਮਾਧਿਅਮ, ਮਨੋਰੰਜਨ, ਵਿਗਿਆਪਨ, ਬੁੱਧੀਜੀਵੀ ਅਤੇ ਨੇਤਾ ਪ੍ਰਮੁੱਖ ਭੂਮਿਕਾਵਾਂ ਨਿਭਾ ਰਹੇ

ਹਨ। ਅਜੋਕੀ ਦੁਨੀਆਂ ਦੇ ਵਿੱਚ ਨੇਤਾਵਾਂ ਦੇ ਅਡੰਬਰਾਂ ਦੀ ਤੁਲਨਾ ਬਜਾਏ ਹਾਲੀਵੁੱਡ ਤੇ ਡਿਜ਼ਨੀਲੈਂਡ ਜ਼ਿਆਦਾ ਮਸ਼ਹੂਰ ਹਨ। ਧਰਮ ,ਖੇਤਰ, ਜਾਤ ਵਿੱਚ ਕੌਮੀਅਤ ਤੇ ਮਨੁੱਖਤਾ ਦੀ ਏਕਤਾ ਨੂੰ ਨਾ ਉਭਰਨ ਦੇਣਾ, ਚਾਹੇ ਉਹ ਕੰਮ ਕਰਨ ਦਾ ਸਥਾਨ ਹੋਏ ਜਾਂ ਰਹਿਣ ਦਾ ਸਥਾਨ ਹੋਏ ਆਦਿ ਨੂੰ ਇਸਤੇਮਾਲ ਕੀਤਾ ਜਾ ਸਕੇ।

ਸਮਾਜਵਾਦੀ ਦੇਸ਼ਾਂ ਦੇ ਵਿੱਚ ਸੰਪਰਦਾਇਕ ਤੇ ਧਾਰਮਿਕ ਘ੍ਰਿਣਾ ਦੀ ਭਾਵਨਾ ਨੂੰ ਉਜਾਗਰ ਕਰਕੇ ਸਮਾਜਵਾਦ ਨੂੰ ਪੂੰਜੀਵਾਦੀ ਦੀ ਵਿਵਸਥਾ ਵੱਲ ਲਿਜਾ ਰਿਹਾ ਹੈ। ਇਸ ਦਾ ਪ੍ਰਮੱਖ ਲੱਛਣ ਤਰਕ ਹੀਣਤਾ ਹੈ। ਮਨੁੱਖ ਦੀ ਤਰਕ ਹੀਣਤਾ ਬਜ਼ਾਰ ਦੀ ਤਰਕ ਹੀਣਤਾ ਨਾਲ ਮੇਲ ਖਾਂਦੀ ਹੈ ਜੋ ਵਿਸ਼ਵ ਬਜ਼ਾਰ ਨੂੰ ਇੱਕ ਕਰ ਰਿਹਾ ਹੈ ਅਤੇ ਮਨੁੱਖਤਾ ਵਿੱਚ ਵੰਡੀਆਂ ਪਾ ਰਿਹਾ ਹੈ।ਵਿਸ਼ਵ ਬਜ਼ਾਰ ਵਿੱਚ ਮਨੁੱਖ ਦੇ ਗੁਣਾਂ ਨੂੰ ਇਸਤੇਮਾਲ ਕੀਤਾ ਜਾਂਦਾ ਹੈ ਕਿਉਂਕਿ ਉਹ ਲੋਕਾਂ ਦੀ ਤਰ੍ਹਾਂ ਜੁੜੇ ਨਹੀ ਰਹਿ ਸਕਦੇ ਸਗੋਂ ਵਿਅਕਤੀਗਤ ਉਪਭੋਗਤਾਵਾਂ ਦੀ ਤਰ੍ਹਾਂ ਵਿਹਾਰ ਕਰਦੇ ਹਨ। ਬਰਾਬਰੀ ਦੀ ਸੱਤਾ ਨੂੰ ਗ਼ੈਰ ਬਰਾਬਰੀ ਦੀ ਉਪਭੋਗ ਦੀ ਸੱਤਾ ਦੇ ਸਹਿਯੋਗ ਨਾਲ ਸਮਾਜ ਦੀ ਅਨੰਤ ਪ੍ਰਤੀਯੋਗਤਾ ਦੇ ਸਮਾਜ ਤੋਂ ਨਿਖੇੜਿਆ ਜਾ ਸਕੇ ਜਿਵੇਂ ਵਰਗ ਚੇਤਨਾ ਬਨਾਮ ਸੰਪਰਦਾਇਕ ਚੇਤਨਾ।

ਖਪਤ ਸਮਾਜ ਦਾ ਮੂਲ ਮਕਸਦ ਮੁਨਾਫ਼ਾ ਕਮਾਉਣਾ ਹੈ ਅਤੇ ਮਨੁੱਖੀ ਜੀਵਨ ਨੂੰ ਵੀ ਮੁਨਾਫ਼ੇਖ਼ੋਰੀ ਬਣਾ ਦਿੱਤਾ ਹੈ। ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਅੰਨੀ ਦੌੜ ਨੇ ਖਪਤ ਦੀ ਵਿਕਰਾਲ ਭੁੱਖ ਤੋਂ ਗ੍ਰਸਤ ਹੋਇਆ ਮਨੁੱਖ ਨੂੰ ਉੱਚਾ ਉੱਠਣ ਦਾ ਰਸਤਾ ਗਾਂਧੀ ਜੀ ਦੇ ਵਿਚਾਰਾਂ ਤੋਂ ਹੀ ਮਿਲ ਸਕਦਾ ਹੈ। ਗਾਂਧੀ ਜੀ ਦੀ ਵਿਚਾਰਧਾਰਾ ਦੇ ਆਸਰੇ ਹੀ ਸਮਾਜ ਨੂੰ ਹਰ ਪੱਖ ਤੋਂ ਨਿਰਪੱਖ ਬਣਾਇਆ ਜਾ ਸਕਦਾ ਹੈ। ਗਾਂਧੀ ਜੀ ਨੇ ਦੇਸ਼ ਦੇ ਵਿਕਾਸ ਲਈ ਸਾਂਝਾ ਰਸਤਾ ਚੁਣਿਆ, ਜਿਸ ਦਾ ਮੂਲ ਆਧਾਰ ਮਨੁੱਖ ਸੀ। ਮਹਾਤਮਾ ਗਾਂਧੀ ਦੇ ਅਨੁਸਾਰ: "ਪਿੰਡਾਂ ਦਾ ਪੁਨਰ-ਸਿਰਜਣ ਤਦ ਹੀ ਸੰਭਵ ਹੈ, ਜਦੋਂ ਉਹਨਾਂ ਦਾ ਸੋਸ਼ਣ ਬੰਦ ਹੋਵੇ। ਵਿਸ਼ਾਲ ਪੈਮਾਨੇ 'ਤੇ ਉਦਯੋਗੀਕਰਨ ਤੋਂ ਜ਼ਰੂਰ: ਪਿੰਡਾਂ ਦਾ ਸੋਸ਼ਣ ਹੋਵੇਗਾ ਕਿਉਂਕਿ ਇਸਦੇ ਨਾਲ ਪ੍ਰਤੀਯੋਗਤਾ ਦੀ ਸਮੱਸਿਆ ਜੁੜੀ ਹੋਈ ਹੈ। ਇਸ ਲਈ ਪਿੰਡਾਂ ਦੇ ਲੋਕਾਂ ਨੂੰ ਆਤਮ-ਨਿਰਭਰ ਬਣਨਾ ਹੋਵੇਗਾ ਅਤੇ ਆਪਣੇ

ਇਸਤੇਮਾਲ ਦੀਆਂ ਵਸਤਾਂ ਤਿਆਰ ਕਰ ਸਕਣ। ਗ੍ਰਾਮੀਣ-ਉਦਯੋਗ ਦੀ ਇਹ ਸਰੂਪ ਉੱਤੇ ਪਾਬੰਦੀ ਰੱਖੀ ਜਾਵੇ ਤਾਂ ਫਿਰ ਗ੍ਰਾਮੀਣ ਵਾਸੀਆਂ ਦੁਆਰਾ ਐਸੀ ਆਧੁਨਿਕ ਮਸ਼ੀਨਾਂ ਅਤੇ ਔਜ਼ਾਰਾਂ ਦਾ ਪ੍ਰਯੋਗ ਕੀਤੇ ਜਾਣ ਉੱਤੇ ਕੋਈ ਇਤਰਾਜ਼ ਨਹੀ ਹੈ, ਜਿੰਨਾ ਉਹ ਖਰੀਦ ਕੇ ਵਰਤ ਸਕਦੇ ਹਨ। ਸ਼ਰਤ ਇਹ ਹੈ ਕਿ ਇਹਨਾਂ ਦਾ ਇਸਤੇਮਾਲ ਦੂਸਰੇ ਲੋਕਾਂ ਦਾ ਸੋਸ਼ਣ ਕਰਨ ਦੇ ਲਈ ਨਾ ਕਰਨ। ” *(ਮਹਾਤਮਾ ਗਾਂਧੀ ਕੇ ਵਿਚਾਰ 232)*

ਵਰਤਮਾਨ ਸਮਾਜ ਖਪਤ ਵਾਲਾ ਸਮਾਜ ਹੀ ਹੈ, ਕਿਉਂਕਿ ਮਨੁੱਖ ਬੁਨਿਆਦੀ ਵਸਤਾਂ ਦੀ ਵਰਤੋਂ ਤੋ ਅੱਗੇ ਲੰਘ ਚੁੱਕਾ ਹੈ। ਬੀਤੇ ਸਮੇਂ ਵਿੱਚ ਮਨੁੱਖ ਘਾਹ ਨੂੰ ਜਲਾ ਕੇ ਰੋਟੀ ਬਣਾਉਦਾ ਸੀ।ਜੰਗਲ ਦੇ ਵਿੱਚ ਜੀਵਨ ਬਤੀਤ ਕਰਦੇ ਸਨ। ਮਨੁੱਖ ਨੂੰ ਸੋਝੀ ਆਉਣ ਦੇ ਨਾਲ ਹੀ, ਓਸਨੇ ਘਰ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਸਮਾਜ ਦੇ ਵਿਕਾਸ ਨਾਲ ਮਨੁੱਖ ਨੇ ਆਪਣੇ ਰਹਿਣ-ਸਹਿਣ ਦੇ ਵਿੱਚ ਵੀ ਪਰਿਵਰਤਨ ਕੀਤਾ। ਹੌਲੀ-ਹੌਲੀ ਮਨੁੱਖ ਦੇ ਕੋਲ ਸਾਧਨ ਵੀ ਉਪਲੱਬਧ ਹੋਣ ਲੱਗ ਪਏ ਸਨ ਜਿਵੇਂ ਜਿਵੇਂ ਪਹਿਲਾਂ ਮਨੁੱਖ ਬੈਲ ਗੱਡੀ ਉੱਤੇ ਸਫ਼ਰ ਕਰਿਆ ਕਰਦੇ ਸਨ। ਅੱਜ ਦੇ ਮਨੁੱਖ ਕੋਲ ਹਰ ਪ੍ਰਕਾਰ ਦੇ ਸਾਧਨ ਉਪਲੱਬਧ ਹਨ। ਉਦਯੋਗੀਕਰਨ ਦੀ ਨਵੀਨ ਵਿਵਸਥਾ ਨੇ ਮਨੁੱਖ ਦੀ ਹਰ ਜ਼ਰੂਰਤ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰੰਤੂ ਵਿਕਾਸ ਦੀ ਕੜੀ ਦੇ ਵਿੱਚ ਅਜੇ ਵੀ ਕੁਝ ਪਰਿਵਾਰ ਝੌਂਪੜੀ ਦੇ ਵਿੱਚ ਜੀਵਨ ਬਸਰ ਕਰ ਰਹੇ ਹਨ, ਕਿਉਂਕਿ ਚੰਗੀ ਆਮਦਨੀ ਨਾ ਹੋਣ ਕਰਕੇ ਉਹ ਕੱਚੇ ਘਰਾਂ ਜਾਂ ਝੌਂਪੜੀ ਦੇ ਵਿੱਚ ਰਹਿ ਰਹੇ ਹਨ। ਹੇਠਲੇ ਪੱਧਰ ਦਾ ਵਰਗ ਜ਼ਿਆਦਾ ਪ੍ਰਕਿਰਤਿਕ ਦੀ ਵਰਤੋਂ ਕਰਦਾ ਸੀ। ਵਰਗ ਦੇ ਪਾੜੇ ਨੇ ਮਨੁੱਖ ਦੇ ਵਿੱਚ ਅਸਮਾਨਤਾ ਦੇ ਪਾੜੇ ਨੂੰ ਵਧਾਇਆ ਹੈ। ਮਜ਼ਦੂਰ, ਜੋ ਵਸਤੂ ਨੂੰ ਤਿਆਰ ਕਰਦਾ ਹੈ, ਪਰ ਆਪਣੀ ਬਣਦੀ ਵੇਤਨ ਦਾ ਲਾਭ ਨਹੀ ਲੈ ਪਾਉਂਦਾ ਹੈ। ਪੂੰਜੀਵਾਦ ਵਸਤੂ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਪੂੰਜੀਵਰਗ ਕਾਮੇ ਦੀ ਮਜਬੂਰੀ ਦਾ ਲਾਭ ਉਠਾਉਂਦਾ ਹੈ ਅਤੇ ਕਾਮਾ ਆਪਣੀ ਮਜਬੂਰੀ ਵਿੱਚ ਆਪਣੀ ਮਿਹਨਤ ਨੂੰ ਪੂੰਜੀਪਤੀਆਂ ਦੇ ਕੋਲ ਵੇਚਦਾ ਹੈ। ਜਦੋਂ ਕਾਮਾ ਆਪਣੀ ਮਜ਼ਦੂਰੀ ਨੂੰ ਵੇਚਦਾ ਤਾਂ ਹੀ ਉਹ ਇਕ ਲਾਭਦਾਇਕ ਵਸਤੂ ਬਣਦੀ ਹੈ। ਉਹ ਇਕ ਵਸਤੂ ਵਾਂਗ, ਮੰਡੀ ਵਾਲੀ ਥਾਂ ਉੱਤੇ ਵੇਚਿਆਂ ਜਾਂਦਾ ਹੈ। ਇਹ ਵਿਚਾਰਧਾਰਾ ਸਾਨੂੰ ਸਮਝਾਉਂਦੀ ਹੈ ਕਿ ਪੂੰਜੀਵਾਦ ਅਸਲ ਵਿੱਚ ਤੁਹਾਡੇ ਅਧਿਕਾਰਾਂ ਉਪਰ ਕੰਮ

ਕਰ ਰਹੀ ਹੈ, ਪਰੰਤੂ ਇਸਦੇ ਮੰਤਵ ਛੁਪੇ ਰਹਿੰਦੇ ਹਨ। ਅਸਲ ਵਿੱਚ ਪੂੰਜੀਵਾਦ ਦੇ ਮੂਲ ਸਰੋਕਾਰ, ਮਜ਼ਦੂਰ ਵਰਗ ਦੇ ਮੂਲ ਸਰੋਕਾਰਾਂ ਦੇ ਵਿਰੋਧ ਵਿੱਚ ਹੁੰਦੇ ਹਨ। ਖਪਤ ਦੇ ਵਧਦੇ ਨਕਾਰਾਤਮਿਕ ਪ੍ਰਭਾਵਾਂ ਦਾ ਅਸਰ ਬੁਰਾ ਹੀ ਸੀ। ਮਨੁੱਖ ਦੇ ਅੰਦਰ ਵਸਤਾਂ ਦੀ ਕਸ਼ਮਕਸ਼ ਵੱਧਦੀ ਜਾ ਰਹੀ ਹੈ।

ਮਨੁੱਖ ਦੇ ਵਿੱਚ ਵਸਤਾਂ ਪ੍ਰਤੀ ਅਸੰਤੋਖ ਦੀ ਭਾਵਨਾ ਵੱਧਦੀ ਜਾ ਰਹੀ ਹੈ। ਖਪਤ ਦੇ ਪ੍ਰਭਾਵ ਹੇਠ ਮਨੁੱਖ ਅਸੰਤੋਖ ਪ੍ਰਾਣੀ ਬਣ ਗਿਆ ਹੈ। ਭਾਰਤ ਦੀ ਗ਼ੁਲਾਮੀ ਦੇ ਵਕਤ ਗਾਂਧੀ ਜੀ ਨੇ ਭਾਰਤ ਵਾਸੀਆਂ ਨੂੰ ਸਵਦੇਸ਼ੀ ਵਸਤਾਂ ਦੇ ਉਤਪਾਦਨ ਲਈ ਉਤਸ਼ਾਹਿਤ ਕੀਤਾ ਸੀ। ਮਨੁੱਖ ਨੂੰ ਸਹਿਣਸ਼ੀਲ ਰਹਿਣ ਲਈ ਕਿਹਾ ਤਾਂ ਜੋ ਉਹ ਸਾਰੇ ਦੁਸ਼ਕਰਮਾਂ ਤੋਂ ਦੂਰ ਰਹਿ ਸਕੇ। ਉਹਨਾਂ ਦਾ ਮੰਨਣਾ ਸੀ, ਜੇਕਰ ਮਨੁੱਖ ਦੇ ਅੰਦਰ ਕਾਮ, ਕ੍ਰੋਧ ਦੀ ਭਾਵਨਾ ਉਤਪੰਨ ਹੁੰਦੀ ਹੈ ਤਾਂ ਇਹ ਫਿਰ ਮਨੁੱਖ ਦੇ ਵਿੱਚ ਵਸਤਾਂ ਦੇ ਪ੍ਰਤੀ ਜਾਂ ਹੋਰ ਲਾਲਸਾਵਾਂ ਨੂੰ ਜਨਮ ਦੇਵੇਗੀ। ਇਹ ਭਾਵਨਾਵਾਂ ਖਪਤ ਦਾ ਪਾਲਨ ਪੋਸ਼ਣ ਕਰਦੀਆਂ ਹਨ। "ਉਪਭੋਗਤਾ ਦੇ ਮੋਹਿਕ ਬਜ਼ਾਰ ਤੋਂ ਬਚਣ ਦਾ ਇੱਕ ਹੀ ਹੱਲ ਗਾਂਧੀ ਜੀ ਦੀ ਵਿਚਾਰਧਾਰਾ ਹੈ। ਗਾਂਧੀ ਜੀ ਨੇ ਆਪਣੀ ਗਿਆਨ ਇੰਦਰੀਆਂ ਨੂੰ ਕਾਬੂ ਕਰਕੇ ਪੂਰੇ ਸੰਸਾਰ ਦੇ ਸਾਹਮਣੇ ਇੱਕ ਉਦਾਹਰਨ ਪੇਸ਼ ਕੀਤੀ ਹੈ। ਗਾਂਧੀ ਦੇ ਚਿੰਤਨ ਦੇ ਵਿੱਚ ਜਿੰਨਾ ਮਹੱਤਵ ਮਨੁੱਖ ਦੇ ਸੁਭਾਅ ਦਾ ਹੈ, ਉਸ ਤੋਂ ਜ਼ਿਆਦਾ ਮਹੱਤਵ ਮਨੁੱਖ ਦੇ ਅੰਤਕਰਨ ਵਾਲੇ ਪਰਿਵਰਤਨ ਦਾ ਹੈ। ਮਨੁੱਖ ਦੇ ਅੰਦਰਲੇ ਪਰਿਵਰਤਨ ਦਾ ਸੰਪਰਕ ਸੰਤੁਲਨ ਹੀ ਉਪਭੋਗਤਾ ਦਾ ਇੱਕ ਵਿਕਲਪ ਹੋ ਸਕਦਾ ਹੈ"।*(ਕਲ ਕੇ ਲਏ 20)*

ਅਜੋਕਾ ਯੁੱਗ ਕੈਪਟੀਲਿਜ਼ਮ ਦਾ ਉਪਭੋਗਵਾਦੀ ਸਭਿਆਚਾਰ ਹੈ। ਸਮਾਜ ਵਿੱਚ ਦੋ ਤਾਕਤਾਂ ਦਾ ਉਭਾਰ ਹੁੰਦਾ ਹੈ। ਇੱਕ ਤਾਕਤਵਰ ਤੇ ਇੱਕ ਘੱਟ ਤਾਕਤਵਰ ਦੋ ਵਰਗਾਂ ਦੇ ਵਿੱਚ ਵੰਡਿਆ ਜਾਂਦਾ ਹੈ। ਸਮਾਜ ਦੀ ਹਰ ਇੱਕ ਵਸਤੂ ਜਿਵੇਂ ਕਿ ਸੰਚਾਰ ਸਾਧਨਾਂ, ਸੰਪਤੀ, ਮੁਹਾਰਤੀ, ਖਾਨਦਾਨੀ ਧੌਂਸ ਆਦਿ ਉਪਰ ਕਾਬਜ਼ ਹੁੰਦੇ ਹਨ। "ਘੱਟ ਤਾਕਤਵਰ ਵਰਗਾਂ ਦੇ ਸੰਘਰਸ਼ ਜਾਂ ਅੰਦੋਲਨਾਂ ਨੂੰ ਜ਼ਿਆਦਾ ਤਾਕਤਵਰ ਤਾਕਤਾਂ ਦੁਆਰਾ ਮੌਨ ਕਰਵਾ ਦਿੱਤਾ ਜਾਂਦਾ ਹੈ ਜੋ ਇਤਿਹਾਸ ਦੀਆਂ ਪਰਤਾਂ ਵਿੱਚ ਦੱਬੇ ਰਹਿੰਦੇ ਹਨ। ਮਾਰਕਸ ਨੇ ਉਤਾਪਦਨ ਦੇ ਇਸ ਢਾਂਚੇ ਨਾਲ ਜੁੜੀਆਂ 'ਸ਼ਕਤੀਆਂ ਅਤੇ 'ਰਿਸ਼ਤਿਆਂ'ਨੂੰ ਇਕੱਠਿਆਂ ਕਰ ਕੇ ਇਸ ਨੂੰ

'ਸਮਾਜ ਦੀ ਆਰਥਕ ਸੰਰਚਨਾ' ਦਾ ਨਾਮ ਦਿੱਤਾ ਹੈ।" *( ਡਾ. ਕੁਲਵੰਤ ਸਿੰਘ. ਨਵ- ਮਾਰਕਸਵਾਦੀ ਸਾਹਿਤ ਆਲੋਚਨਾ 17)*

19ਵੀਂ ਸਦੀ ਦੇ ਅੱਧ ਤੱਕ ਸਨਅਤੀ ਇਨਕਲਾਬ ਦੇ ਸਦਕਾ ਅਮਰੀਕਾ, ਇੰਗਲੈਂਡ, ਯੂਰਪੀ ਦੇਸ਼ਾਂ ਆਦਿ ਵਿੱਚ ਨਵੀਨ ਵਿਵਸਥਾ ਕਾਇਮ ਹੋਈ ਹੈ। ਇਸਦੇ ਅੰਤਰ-ਵਿਰੋਧ ਮਨੁੱਖ ਦੇ ਸਾਹਮਣੇ ਆਉਣ ਲੱਗ ਪਏ ਸਨ। ਇਹ ਵਿਵਸਥਾ ਭਾਵੇ ਮਨੁੱਖ ਦੇ ਕੁਦਰਤੀ ਵਸੀਲਿਆਂ ਉੱਪਰ ਦਿਨੋ-ਦਿਨ ਵੱਧ ਰਹੇ ਨਿਯੰਤਰਨ ਦੀ ਮਿਸਾਲ ਬਣਦੀ ਜਾ ਰਹੀ ਹੈ। ਜੋ ਮਜ਼ਦੂਰ ਅਤੇ ਮਾਲਕ ਵਿਚਲੇ ਅੰਤਰ-ਵਿਰੋਧਾਂ ਕਰਕੇ ਇਕ ਤੋਂ ਜ਼ਿਆਦਾ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਜਿਸ ਕਰਕੇ ਸੂਝਵਾਨ ਮਨੁੱਖ ਨੂੰ ਇਸ ਵਾਸਤਵਿਕ ਜਗਤ ਦੀ ਕਠੋਰਤਾ ਤੇ ਦੁਖ ਤੋ ਛੁਟਕਾਰਾ ਆਦਰਸ਼ ਜਾਂ ਰੁਮਾਂਸ ਦੋਹਾਂ ਰਾਹੀਂ ਸੰਭਵ ਨਾ ਦਿਸਣ ਲੱਗਾ"। *(ਡਾ. ਸ਼ਿਵ ਵਰਮਾ, ਮਾਰਕਸਵਾਦ ਇੱਕ ਪਰਿਚੈ ਮਾਲਾ 36)*

ਅਜੋਕੇ ਵਪਾਰ ਦਾ ਮੁੱਖ ਮਨੋਰਥ ਕੁਦਰਤੀ ਸੋਮਿਆਂ ਅਤੇ ਮਨੁੱਖੀ ਕਿਰਤ ਸ਼ਕਤੀ ਦਾ ਵੱਧ ਤੋਂ ਵੱਧ ਲੁੱਟ-ਖਸੁੱਟ ਕਰਨਾ ਹੈ। ਅਜੋਕੇ ਸਮੇਂ ਦੇ ਵਿੱਚ ਗਾਂਧੀ ਜੀ ਦੀ ਵਿਚਾਰਧਾਰਾ ਨੂੰ ਅਪਣਾਇਆ ਜਾਣਾ ਚਾਹੀਦਾ ਹੈ। ਇਹ ਇੱਕ ਅਜਿਹੀ ਵਿਚਾਰਧਾਰਾ ਹੈ, ਜਿਸ ਦੇ ਦੁਆਰਾ ਸਮਾਜ ਦੀਆਂ ਅੰਕੁਸ਼ਾਵਾ 'ਤੇ ਅੰਕੁਸ਼ ਲਗਾਇਆ ਜਾ ਸਕਦਾ ਹੈ। ਵਰਤਮਾਨ ਸਮੇਂ ਦਾ ਸਮਾਜ ਆਪਣੇ ਪਰੰਪਰਾਗਤ ਢਾਂਚੇ ਤੋਂ ਦੂਰ ਜਾ ਰਿਹਾ ਹੈ। ਸਮਾਜੀ ਸੰਸਥਾਵਾਂ ਤੇ ਸਮਾਜ ਦੇ ਚੰਗੇ ਪਤਵੰਤਿਆਂ ਨੂੰ ਆਪਣੀਆਂ ਪਰੰਪਰਾਵਾਂ ਨਾਲ ਜੋੜੀ ਰੱਖਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਭਾਰਤ ਵਰਗੇ ਦੇਸ਼ ਦੇ ਛੋਟੇ ਪੱਧਰ ਦੇ ਕਾਰਖਾਨੇ ਬਚੇ ਹੋਏ ਹਨ। ਇਹ ਬਚੇ ਹੋਏ ਹੀ ਗਾਂਧੀਵਾਦੀ ਵਿਚਾਰਧਾਰਾ ਦੇ ਰਸਤੇ ਉੱਤੇ ਚਲ ਸਕਦੇ ਹਨ। ਸਮਾਜ ਦਾ ਅੱਧਾ ਹਿੱਸਾ ਖਪਤ ਦੇ ਪ੍ਰਭਾਵ ਹੇਠ ਆ ਚੁੱਕਾ ਹੈ। ਉਹਨਾਂ ਦਾ ਪਿੱਛੇ ਮੁੜ ਕੇ ਪਰੰਪਰਾਵਾਦੀ ਵਿਚਾਰਾਂ ਨੂੰ ਅਪਣਾਉਣਾ ਔਖਾ ਹੈ।

ਇਹ ਕਥਨ ਅਤਿਕਥਨੀ ਹੈ ਕਿ ਗਾਂਧੀ ਜੀ ਦੀ ਵਿਚਾਰਧਾਰਾ ਦੇਸ਼ ਦੇ ਲਈ ਦਰੁਸਤ ਹੈ, ਪਰੰਤੂ ਸਰਮਾਏਦਾਰੀ ਨਿਜ਼ਾਮ ਇੰਨਾ ਸ਼ਕਤੀਸ਼ਾਲੀ ਹੈ ਕਿ ਇਸ ਵਿਵਸਥਾ ਨੇ ਅਵਿਕਸਿਤ ਦੇਸ਼ਾਂ ਨੂੰ ਆਪਣੇ ਛੱਕੇ ਹੇਠਾਂ ਰੱਖਿਆ ਹੈ। ਸਰਮਾਏਦਾਰੀ ਨਿਜ਼ਾਮ ਦੇ ਪ੍ਰਵਾਹ ਨੂੰ ਵਿਕਸਿਤ ਕਰਨ ਵਿੱਚ ਵਿਕਸਿਤ ਤੇ ਘੱਟ

ਵਿਕਸਿਤ ਦੇਸ਼ਾਂ ਨੇ ਪੂਰਾ ਯੋਗਦਾਨ ਪਾਇਆ ਹੈ। ਸਾਮਰਾਜੀ ਵਿਵਸਥਾ ਦੇ ਸਥਾਪਿਤ ਹੋਣ ਨਾਲ ਬਸਤੀਵਾਦੀ ਮੁਕਾਬਲੇ ਦੀ ਰੇਸ ਸ਼ੁਰੂ ਹੋ ਗਈ। ਸਾਮਰਾਜੀ ਮੁਕਾਬਲੇ ਤੋਂ ਪਹਿਲਾਂ ਯੂਰਪੀ ਦੇਸ਼ਾਂ ਦਾ ਮੂਲ ਮਨੋਰਥ ਉਹਨਾਂ ਦੇ ਅਧੀਨ ਆਉਂਦੇ ਪ੍ਰਦੇਸ਼ਾਂ/ਦੇਸ਼ਾਂ ਦੇ ਖ਼ਜ਼ਾਨਿਆਂ ਦੀ ਲੁੱਟ-ਖਸੁੱਟ ਕਰਨਾ ਸੀ। ਇਹ ਮਹਾਂ ਸ਼ਕਤੀਆਂ ਉਹਨਾਂ ਪ੍ਰਦੇਸ਼ਾਂ ਤੋਂ ਵਧੇਰੇ ਲਾਭ ਪ੍ਰਾਪਤ ਕਰਨ ਅਤੇ ਚਿਰਕਾਲ ਲਈ ਗੁਲਾਮ ਬਣਾਈ ਰੱਖਣਾ ਚਾਹੁੰਦੀਆਂ ਸਨ। ਇਸਦੇ ਕਾਰਨ ਉਹਨਾਂ ਨੇ ਗ਼ੁਲਾਮ ਬਸਤੀਆਂ ਨੂੰ ਇੱਕ'ਸੰਗਠਨ' ਹੇਠਾਂ ਲਿਆ ਕੇ ਉਹਨਾਂ ਨੇ ਆਪਣੀਆਂ ਮੰਡੀਆਂ ਵਜੋਂ ਨਿਰਮਾਣ ਕਰਨਾ ਸ਼ੁਰੂ ਕਰ ਦਿੱਤਾ ਹੈ। ਬਸਤੀਵਾਦ ਦਾ ਨਜ਼ਰੀਆ ਕਾਰਜ ਜਗਤ ਰੂਪ ਵਿੱਚ ਅਜੋਕੇ ਸਮੇਂ ਵਿੱਚ ਨਵ ਰੂਪਾਂ ਜਿਵੇਂ ਨਵ-ਬਸਤੀਵਾਦ ਅਤੇ ਮੰਡੀਕਰਨ ਵਿਵਸਥਾ ਦੁਆਰਾ ਤੀਜੇ ਸੰਸਾਰ ਵਿੱਚ ਬਹੁ ਪਰਤੀ ਰੂਪਾਂ ਵਿੱਚ ਕਾਇਮ ਹੋ ਰਿਹਾ ਹੈ। ਨਵ-ਅਜ਼ਾਦ ਹੋਏ ਦੇਸ਼ਾਂ ਉਪਰ ਹਕੂਮਤ ਕਾਇਮ ਕਰਨ ਲਈ ਆਰਥਕ ਨਿਯੰਤਰਣ ਦੇ ਮਾਧਿਅਮ ਦੁਆਰਾ ਇਹ ਵਧੇਰੇ ਜਟਿਲ ਅਤੇ ਅਰੁੱਕ ਦਿਖਾਈ ਦੇਣ ਲੱਗ ਪਿਆ ਹੈ।

ਐਡਵਰਡ ਸੈਦ ਦੇ ਅਨੁਸਾਰ "ਕਿਸੇ ਤਾਕਤਵਾਰ ਅਮੀਰ ਪੱਛਮੀ ਮਨੁੱਖ ਦੀ ਕਿਸੇ ਗ਼ਰੀਬ, ਕਮਜ਼ੋਰ ਅਤੇ ਲਾਚਾਰ ਪੂਰਬਣ ਉਪਰ ਸਰੀਰਕ ਅਤੇ ਮਾਨਸਿਕ ਗ਼ਲਬੇ ਦੀ ਕਹਾਣੀ ਜਿਸ 'ਪੂਰਬੀ ਦ੍ਰਿਸ਼ਟੀ'ਨੂੰ ਵਿਅਕਤ ਕਰਦੀ ਹੈ, ਉਹੀ ਦ੍ਰਿਸ਼ਟੀ ਬਾਅਦ ਵਿੱਚ ਸਾਮਰਾਜਵਾਦ ਅਤੇ ਬਸਤੀਵਾਦ ਦਾ ਆਧਾਰ ਸਾਬਤ ਹੋਈ ਹੈ"। *(ਡਾ. ਭੀਮ ਇੰਦਰ ਸਿੰਘ. ਸਾਮਰਾਜੀ ਵਿਸ਼ਵੀਕਰਨ 35)*

19 ਵੀਂ ਸਦੀ ਦੇ ਦੌਰ ਵਿੱਚ ਸਾਮਰਾਜਵਾਦ ਦੀ ਵਿਵਸਥਾ ਪੂਰੀ ਤਰ੍ਹਾ ਵਿਕਸਿਤ ਹੋ ਚੁੱਕੀ ਸੀ। ਦੂਸਰੇ ਮਹਾਂ ਯੁੱਧ ਤੋਂ ਬਾਅਦ ਪੂੰਜੀ ਦੀ ਅਰਥ ਵਿਵਸਥਾ ਖੜੋਤ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਈ ਸੀ ਅਤੇ ਅਮਰੀਕਾ ਇੱਕ ਸ਼ਕਤੀਸ਼ਾਲੀ ਸਾਮਰਾਜ ਵਜੋਂ ਉਭਰਨਾ ਸ਼ੁਰੂ ਹੋ ਗਿਆ ਸੀ। ਇਸ ਦੇ ਨਾਲ ਹੀ ਸਾਮਰਾਜਵਾਦ ਆਪਣੇ ਨਵੀਨ ਰੂਪ ਵਿਚ ਪਰਿਵਰਤਿਤ ਹੋ ਕੇ, ਤੀਸਰੀ ਦੁਨੀਆਂ ਦੇ ਵਿਚਕਾਰ ਆਪਣਾ ਸਥਾਨ ਬਣਾਉਣ ਵਿੱਚ ਲੱਗਾ ਹੈ ਪਰੰਤੂ ਇਸਦੇ ਵਿਰੋਧ ਵਿਚ ਮੁਕਤੀ ਅੰਦੋਲਨ ਸ਼ੁਰੂ ਹੋ ਗਏ। ਸਮੁੱਚੇ ਸੰਸਾਰ ਵਿਚ ਦੂਸਰੀ ਮਹਾਂ ਜੰਗ ਤੋਂ ਬਾਅਦ ਦਾ ਸਮਾਂ ਸਮਾਜਕ ਅਤੇ ਸਭਿਆਚਾਰਕ ਉਥਲ-ਪੁਥਲ ਵਾਲਾ ਰਿਹਾ

ਹੈ। ਪੱਛਮੀ ਦੇਸ਼ਾਂ ਦੇ ਹਾਕਮ ਵਰਗ ਸਾਧਾਰਨ ਜਨਤਾ ਦੇ ਸਭਿਆਚਾਰਕ ਜੀਵਨ ਵਿੱਚ ਯੋਜਨਾਬੱਧ ਤਰੀਕੇ ਨਾਲ ਘੁਸਪੈਠ ਸਰਦਾਰੀ ਨੂੰ ਕਾਇਮ ਕਰਨਾ ਚਾਹੁੰਦੇ ਹਨ। ਜਿਸ ਦੇ ਰਾਹੀਂ ਪੀੜਤ ਲੋਕਾਂ ਦੇ ਰਸਮੋ-ਰਿਵਾਜ਼, ਕਦਰਾਂ-ਕੀਮਤਾਂ, ਸੰਸਥਾਵਾਂ ਆਦਿ ਨੂੰ ਨਿਸ਼ਾਨਾ ਬਣਾਇਆ ਜਾਵੇ।

ਉਦਯੋਗੀਕਰਨ/ਪੂੰਜੀਵਾਦ : ਉਦਯੋਗੀਕਰਨ ਸਮਾਜ ਦੋ ਪ੍ਰਮੁੱਖ ਵਰਗਾਂ ਦੇ ਵਿੱਚ ਵੰਡਿਆਂ ਹੋਇਆ ਹੈ- ਮਜ਼ਦੂਰ ਤੇ ਮਾਲਕ। ਪੂੰਜੀਪਤੀਆਂ ਕਾਰਖ਼ਨਿਆਂ, ਮਸ਼ੀਨਾਂ, ਜ਼ਮੀਨਾਂ ਅਤੇ ਉਹਨਾਂ ਸਾਧਨਾਂ ਦੇ ਮਾਲਕ ਹਨ, ਜਿਨ੍ਹਾਂ ਦੇ ਰਾਹੀਂ ਪੈਦਾਵਾਰ ਹੁੰਦੀ ਹੈ। ਇਹ ਵਰਗ ਮਜ਼ਦੂਰਾਂ ਤੋਂ ਕੰਮ ਕਰਵਾਉਂਦਾ ਹੈ ਫਿਰ ਵੀ ਹਕੂਮਤ ਉੱਤੇ ਇਹਨਾਂ ਦਾ ਅਧਿਕਾਰ ਹੈ। ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ ਮਜ਼ਦੂਰ ਵਰਗ ਉਤਪਾਦਨ ਦਾ ਕਾਰਜ ਕਰਦਾ ਹੈ। ਮਜ਼ਦੂਰ ਨੂੰ ਆਪਣੀ ਕੰਮ ਕਰਨ ਦੀ ਸ਼ਕਤੀ ਪੂੰਜੀਪਤੀਆ ਨੂੰ ਸੌਂਪਣੀ ਪੈਂਦੀ ਹੈ। ਜਿਸ ਦੇ ਸਿੱਟੇ ਵਜੋਂ ਸਮਾਜ ਵਿੱਚ ਮਜ਼ਦੂਰਾਂ ਦੀ ਗਿਣਤੀ ਜ਼ਿਆਦਾ ਤੇ ਉਦਯੋਗਪਤੀਆਂ ਦੀ ਗਿਣਤੀ ਘੱਟ ਹੁੰਦੀ ਹੈ। ਪੂੰਜੀਪਤੀ ਸਮਾਜ ਆਮ ਲੋਕਾਂ ਦੇ ਲਈ ਥੁੜ੍ਹਾਂ ਦਾ ਸਮਾਜ ਹੈ। ਸਮਾਜ ਵਿੱਚ ਧਨ-ਦੌਲਤ ਹੁੰਦਿਆਂ ਹੋਇਆਂ ਵੀ ਆਮ ਜਨਤਾ ਇਸ ਤੋਂ ਸੱਖਣੀ ਰਹਿੰਦੀ ਹੈ। ਪੂੰਜੀਪਤੀ ਸਮਾਜ ਸਵਾਰਥੀ ਸਮਾਜ ਹੈ।

ਪੂੰਜੀਪਤੀ ਆਪਣੇ ਮਾਲ ਨੂੰ ਵੱਧ ਤੋਂ ਵੱਧ ਮੁਨਾਫ਼ੇ ਵਿੱਚ ਵੇਚਣ ਲਈ ਦੂਸਰੇ ਪੂੰਜੀਪਤੀਆਂ ਨਾਲ ਮੁਕਾਬਲਾ ਕਰਦੇ ਹਨ। ਇਸ ਮੁਕਾਬਲੇ ਦਾ ਅੰਤ ਵੱਡੀਆਂ ਵੱਡੀਆਂ ਲੜਾਈਆਂ ਦੇ ਨਾਲ ਹੁੰਦਾ ਹੈ। ਜਿਸ ਵਿੱਚ ਤਾਕਤਵਾਰ ਦੇਸ਼ ਆਪਣੇ ਤੋਂ ਗਰੀਬ ਮੁਲਕਾਂ ਨੂੰ ਗ਼ੁਲਾਮ ਬਣਾਉਂਦੇ ਅਤੇ ਪਹਿਲਾ ਤੋਂ ਹੀ ਗ਼ੁਲਾਮ ਮੁਲਕਾਂ ਦਾ ਦੁਬਾਰਾ ਤੋਂ ਬਟਵਾਰਾ ਕਰਦੇ ਹਨ। ਗ਼ਰੀਬ ਵਰਗ ਉਪਰ ਅੱਤਿਆਚਾਰ ਕਰਨ ਲਈ ਵੱਖੋ-ਵੱਖਰੇ ਢੰਗ ਤਰੀਕੇ ਵਰਤਦੇ ਹਨ। ਪ੍ਰੈੱਸ, ਅਖ਼ਬਾਰ, ਸਿਨੇਮਾ, ਰੇਡੀਉ, ਟੈਲੀਵਿਜ਼ਨ ਆਦਿ ਮਾਲਕ ਬਣ ਗਏ ਹਨ। ਭਾਰਤ ਦੇ ਬਹੁਤੇ ਵੱਡੇ ਅਖ਼ਬਾਰ ਭਾਵੇ ਉਹ ਅੰਗਰੇਜ਼ੀ ਜਾਂ ਹਿੰਦੀ ਦੇ ਹੀ ਕਿਉਂ ਨਾ ਹੋਣ, ਉਹਨਾਂ ਦੇ ਮਾਲਕ ਬਿਰਲਾ-ਟਾਟਾ, ਆਦਿ ਵਰਗੇ ਵੱਡੇ ਵੱਡੇ ਪੂੰਜੀਪਤੀ ਮਾਲਕ ਹਨ। ਇਹੋ ਹਾਲ ਸਿਨੇਮਾ ਕੰਪਨੀਆਂ ਦਾ ਹੈ। ਰੇਡੀਉ ਤੇ ਦੂਰਦਰਸ਼ਨ ਤੇ ਸਰਕਾਰ ਦੀ ਆਵਾਜ਼ ਤੋਂ ਬਿਨ੍ਹਾਂ ਕੁਝ ਹੋਰ ਨਹੀ ਬੋਲਦਾ। ਇੱਥੇ ਸਰਕਾਰ ਦੀ ਆਵਾਜ਼ ਦਾ ਅਰਥ- ਟਾਟਾ ਬਿਰਲਾ ਦੀ ਜ਼ੁਬਾਨ ਤੋਂ ਹੈ। ਹੌਲੀ ਹੌਲੀ ਪੂੰਜੀਵਾਦੀ ਵਿਵਸਥਾ

ਵਿੱਚ ਵੀ ਪਰਿਵਰਤਨ ਆਉਣਾ ਸ਼ੁਰੂ ਹੋਇਆ। ਅੱਜ ਦਾ ਪੂੰਜੀਵਾਦ ਬਹੁ-ਕੰਪਨੀਆਂ ਦੀਆਂ ਯੋਜਨਾਵਾਂ, ਉਦੇਸ਼ਾਂ ਦੀ ਪੈਦਾਵਾਰ ਹੈ। ਇਹਨਾਂ ਬਹੁ-ਕੰਪਨੀਆਂ ਦਾ ਮੁੱਖ ਟੀਚਾ ਵੱਧ ਤੋਂ ਵੱਧ ਪੂੰਜੀ ਨੂੰ ਇਕੱਠਾ ਕਰਨਾ ਹੈ। ਪੂੰਜੀ ਇਕੱਠੀ ਕਰਕੇ ਹੋਰਾਂ ਕੰਪਨੀਆਂ ਨਾਲੋਂ ਜ਼ਿਆਦਾ ਮੁਨਾਫ਼ਾ ਕਮਾਉਣਾ ਹੈ। ਵੱਧ ਤੋਂ ਵੱਧ ਮੁਨਾਫ਼ਾ ਪਾਉਣ ਲਈ ਕੁਦਰਤ ਤੇ ਮਨੁੱਖ ਦਾ ਸੋਸ਼ਣ ਕਰਨ ਤੋਂ ਵੀ ਪਿੱਛੇ ਨਹੀ ਹਟਦੇ। ਇਸ ਸੰਕਟ ਨੂੰ ਹੋਰ ਗੰਭੀਰ ਕਰਨ ਲਈ ਆਧੁਨਿਕ ਤਕਨਾਲੋਜੀ ਤੇ ਖੁੱਲੀ ਵਿਸ਼ਵ ਮੰਡੀ ਦਾ ਵਿਕਾਸ ਕਰਨ ਲੱਗ ਪਏ। ਜਿਸ ਦੇ ਕਾਰਨ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਦੇ ਲੋਕਾਂ ਨੂੰ ਅਤੀ ਅਮੀਰ ਤੇ ਅਤੀ ਗਰੀਬ ਕਰਨ ਵਿੱਚ ਕੋਈ ਕਸਰ ਨਹੀ ਛੱਡੀ। "ਪੂੰਜੀ ਜਿੱਥੇ ਉਤਪਾਦਨ ਦਾ ਵਿਕਾਸ ਕਰਦੀ ਹੈ ਉੱਥੇ ਸਮਾਜ ਨੂੰ ਵਰਗਾਂ ਦੇ ਵਿੱਚ ਵੰਡੀ ਜਾ ਰਹੀ ਹੈ। ਇਸ ਵਰਗ ਵੰਡ ਵਿੱਚ ਅਮੀਰ ਗਰੀਬ ਦੇਸ਼ ਆਪਣੀ ਹੋਂਦ ਨੂੰ ਗ੍ਰਹਿਣ ਕਰਦੇ ਹਨ। ਜਿੱਥੇ ਅਮੀਰ ਦੇਸ਼ ਪੂੰਜੀਵਾਦ ਦੀ 'ਵਾਧੂ ਤਰੱਕੀ' ਦਾ ਸ਼ਿਕਾਰ ਹਨ ਉੱਥੇ ਗਰੀਬ ਦੇਸ਼ 'ਘੱਟ ਉੱਨਤੀ'ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ।" *(ਸ਼ਿਵ ਵਰਮਾ. ਮਾਰਕਸਵਾਦੀ ਪਰਿਚੈ 17)*

ਪੂੰਜੀਵਾਦ ਦੇ ਵਿਕਾਸ ਨੇ ਗੈਰ-ਬਰਾਬਰੀ, ਨਸਲਵਾਦ, ਜੰਗਾਂ, ਬੇਰੁਜਗਾਰੀ, ਭੁੱਖਮਰੀ ਨੂੰ ਜਨਮ ਦਿੱਤਾ ਹੈ। ਇਸ ਸਮੇਂ ਪੂੰਜੀਵਾਦ ਸੰਚਾਰ ਦੇ ਸਾਧਨਾਂ ਰਾਹੀਂ ਲੋਕਾਂ ਦੀ ਲੁੱਟ-ਖਸੁੱਟ ਕਰ ਕੇ ਆਪਣੀ ਸਰਦਾਰੀ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪੂੰਜੀਵਾਦ ਇੱਕ ਅਜਿਹਾ ਸਮਾਜ ਦੀ ਸਿਰਜਣਾ ਕਰਦਾ ਹੈ, ਜੋ ਪੂੰਜੀਵਾਦੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦੇ ਹੋਏ ਤਕਨੀਕੀ ਸਾਧਨਾਂ ਦੇ ਵਿਕਾਸ ਨੇ ਪੂੰਜੀਵਾਦੀ ਦੇ ਹੱਕ ਵਿੱਚ ਚੇਤਨਾ ਪੈਦਾ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ ਹੈ। "ਸਰਮਾਏਦਾਰਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਮੀਡੀਏ ਨੇ ਮਨੁੱਖ ਦੀ ਸੰਵੇਦਨਸ਼ੀਲਤਾ ਉਪਰ ਗਹਿਰੀ ਸੱਟ ਮਾਰੀ ਹੈ। ਇਸ ਨੇ ਮਨੁੱਖ ਨੂੰ ਗੈਰ ਮਨੁੱਖੀ ਅਤੇ ਖਪਤ ਵਾਦੀ ਰੁਚੀਆਂ ਵੱਲ ਪ੍ਰੇਰਿਆ ਹੈ ਅਤੇ ਮਨੁੱਖ ਨੂੰ ਪੂੰਜੀਵਾਦੀ ਪ੍ਰਬੰਧ ਦੀਆਂ ਲੋੜਾਂ ਅਨੁਸਾਰ ਢਾਲਿਆ ਹੈ। ਸਰਮਾਏਦਾਰ ਹਾਕਮਾਂ ਦੁਆਰਾ ਪੈਦਾ ਕੀਤਾ ਜਾ ਰਿਹਾ ਹੈ। ਅੱਤਵਾਦ ਦਾ ਮੁੱਦਾ ਵੀ ਜਨਤਾ ਨੂੰ ਲੋਕ ਲਹਿਰਾਂ ਅਤੇ ਹਕੀਕੀ ਮੰਗਾਂ ਤੋਂ ਦੂਰ ਲੈ ਜਾਣ ਲਈ ਸਹੀ ਸਿੱਧ ਹੋਇਆ ਹੈ"। *(ਡਾ. ਭੀਮ ਇੰਦਰ ਸਿੰਘ. ਸਮਕਾਲੀ ਸਰੋਕਾਰ ਅਤੇ ਸਾਹਿਤ 54)*

ਜਿਉਂ ਜਿਉਂ ਨਵੇਂ ਸੰਚਾਰ ਸਾਧਨਾਂ ਦਾ ਰੋਲ ਵੱਧ ਰਿਹਾ ਹੈ ਤਿਉਂ ਤਿਉਂ ਪੂੰਜੀਵਾਦ ਦਾ ਸੰਕਟ ਹੋਰ ਗਹਿਰਾ ਤੇ ਗੰਭੀਰ ਹੋ ਰਿਹਾ ਹੈ। ਮੀਡੀਆ ਦੀ ਪੂਰੀ ਤਮੰਨਾ ਹੈ ਕਿ ਮਨੁੱਖ ਨੂੰ ਬੁਨਿਆਦੀ ਜ਼ਰੂਰਤਾਂ ਤੋਂ ਦੂਰ ਰੱਖਿਆ ਜਾਵੇ ਜਿਵੇਂ ਜਿਵੇਂ ਮਨੁੱਖ ਆਰਥਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਤਿਵੇਂ ਤਿਵੇਂ ਮਨੁੱਖ ਦੇ ਸਿਰ ਉੱਪਰ ਅੱਤਵਾਦ ਦਾ ਸੰਕਟ ਮੰਡਰਾਉਣ ਲੱਗ ਪਿਆ ਹੈ। 21 ਵੀਂ ਸਦੀ ਦੇ ਪੂੰਜੀਵਾਦ ਅਤੇ ਪੁਰਾਤਨ ਪੂੰਜੀਵਾਦ ਦੀ ਪ੍ਰਸਥਿਤੀਆਂ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਪੂੰਜੀਵਾਦ ਦਾ ਰਾਜ ਸੱਤਾ ਦੇ ਵਿੱਚ ਅਹਿਮ ਰੋਲ ਹੈ। ਲੋਕਤੰਤਰ ਦੇ ਵਿੱਚ ਸਰਕਾਰੀ ਅਹੁਦਿਆਂ ਦੇ ਅਫ਼ਸਰਾਂ ਨੂੰ ਖ਼ਰੀਦਿਆਂ ਜਾਂਦਾ ਹੈ। ਰਾਜ ਸੱਤਾ ਲੋਕਤੰਤਰ ਦੇ ਨਾਂ 'ਤੇ ਪੂੰਜੀਵਾਦੀਆਂ ਦਾ ਸਮਰਥਨ ਕਰਦੀ ਹੈ ਤੇ ਉਹਨਾਂ ਦੇ ਲੁੱਟ ਦੇ ਅਧਿਕਾਰਾਂ ਦੀ ਸੁਰੱਖਿਆ ਕਰਦੀ ਹੈ। "ਜਿੱਥੋਂ ਤੱਕ ਹੋ ਸਕਦਾ ਉਹ ਇਹ ਲੋਕ ਰਾਜ ਦੀ ਆੜ ਵਿੱਚ ਧੋਖੇਬਾਜ਼ੀ ਅਤੇ ਝੂਠੇ ਪ੍ਰਚਾਰ ਕਰਦੇ ਹਨ। ਜਦੋਂ ਇਹਨਾਂ ਦਾ ਲੋਕਰਾਜ ਨਾਲ ਕੰਮ ਨਹੀ ਬਣਦਾ ਤਾਂ ਇਹ ਭਾੜੇ ਦੇ ਗੁੰਡਿਆਂ ਦੇ ਸਹਾਰੇ ਆਮ ਜਨਤਾ ਨੂੰ ਪੇਸ਼ ਕਰਦੇ ਹਨ। ਹਰ ਪ੍ਰਕਾਰ ਦੀ ਲੁੱਟ ਤੇ ਸੋਸ਼ਣ ਮਨੁੱਖ ਨੂੰ ਗ਼ੈਰ ਮਨੁੱਖ ਬਣਾ ਰਹੀ ਹੈ। ਇਸ ਤਰ੍ਹਾਂ ਅਣ ਮਨੁੱਖੀ ਬਣਾਏ ਜਾਂਦੇ ਲੋਕਾਂ ਦਾ ਵਿਕਾਸ ਉਨ੍ਹਾਂ ਦੇ ਜੀਵਨ ਵਿਚ ਕਿਸੇ ਬਾਹਰੀ ਸ਼ਕਤੀ ਦੀ ਦਖ਼ਲ ਅੰਦਾਜ਼ੀ ਰਾਹੀਂ ਕੀਤਾ ਜਾ ਸਕਦਾ ਹੈ।" *(ਸ਼ਿਵ ਵਰਮਾ. ਮਾਰਕਸਵਾਦੀ ਪਰਿਚੈ 27)*

ਮਨੁੱਖ ਆਪਣਾ ਵਿਕਾਸ ਤਾਂ ਹੀ ਕਰ ਸਕਦਾ ਜੇ ਉਹ ਕਿਸੇ ਬਾਹਰੀ ਸ਼ਕਤੀ ਦੇ ਦਬਾ ਤੋਂ ਮੁਕਤ ਹੋ ਸਕਣ। ਪਰੰਤੂ ਪੂੰਜੀਵਾਦ ਅਜਿਹਾ ਹੋਣ ਨਹੀ ਦਿੰਦਾ ਹੈ। ਪੂੰਜੀਵਾਦ ਅਪਣਾ ਸੋਸ਼ਣ ਤੇ ਅੱਤਿਆਚਾਰ ਨੂੰ ਕਾਇਮ ਰੱਖਦਾ ਹੈ। ਸਾਧਾਰਨ ਲੋਕਾਂ ਨੂੰ ਕਾਬੂ ਕਰਨ ਲਈ ਕੋਈ ਨਾ ਕੋਈ ਹੱਥਕੰਡਾ ਅਪਣਾਉਂਦਾ ਰਹਿੰਦਾ ਹੈ, ਜਿਸ ਦਾ ਖਮਿਆਜਾ ਆਮ ਲੋਕ ਹੀ ਭੁਗਤਦੇ ਹਨ। ਉਰੂਗੁਏ ਦੇ ਲੇਖਕ ਏਡੁਆਰਡੋ ਗੈਲਿਆਨੋ ਦੇ ਅਨੁਸਾਰ "ਉਹ ਪਹਿਲਾਂ ਤਹਾਨੂੰ ਲਕਵਾਗ੍ਰਸਤ ਕਰਦੇ ਹੋਏ ਸਿਖਾਉਂਦੇ ਹਨ ਅਤੇ ਫਿਰ ਤਹਾਨੂੰ ਵੈਸਾਖੀਆਂ ਵੇਚਦੇ ਹਨ।" *(ਵਿਚਾਰਧਾਰਾ ਸਾਹਿਤ 25)*

ਪੂੰਜੀਵਾਦ ਵਸਤਾਂ ਦਾ ਉਤਪਾਦਨ ਕਰਨ ਵਾਲਿਆਂ ਵਿੱਚ ਸ਼ਾਮਿਲ ਹੋ ਕੇ ਉਹਨਾਂ ਵਿਅਕਤੀਆਂ ਦੇ ਸਮਾਜ ਵਿੱਚ ਸ਼ਾਮਿਲ ਹੋ ਗਿਆ ਹੈ, ਜਿਨ੍ਹਾਂ ਦਾ ਸਮਾਜਕ ਸੰਬੰਧ ਉਨ੍ਹਾਂ ਦੀ ਪੈਦਾਵਾਰ ਦੇ ਵਟਾਂਦਰੇ ਰਾਹੀਂ

ਸਥਾਪਿਤ ਹੁੰਦਾ ਹੈ। ਵਸਤਾਂ ਦੀ ਪੈਦਾਵਾਰ ਦੇ ਆਧਾਰ ’ਤੇ ਹਰ ਇੱਕ ਸਮਾਜ ਦੀ ਵਿਲੱਖਣਤਾ ਹੁੰਦੀ ਹੈ ਜਿਹੜੀ ਉਤਪਾਦਨ ਨੂੰ ਖ਼ੁਦ ਦੇ ਸਮਾਜਕ ਅੰਤਰ ਸੰਬੰਧਾਂ ਉੱਤੇ ਕੋਈ ਕੰਟਰੋਲ ਨਹੀ ਰਹਿਣ ਦਿੰਦੀ। ਹਰ ਵਿਅਕਤੀ ਦੇ ਕੋਲ ਉਤਪਾਦਨ ਦੇ ਸਾਧਨ ਹੁੰਦੇ ਹਨ, ਉਨ੍ਹਾਂ ਦੀ ਵਰਤੋਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਵਸਤਾਂ ਦੀ ਪੈਦਾਵਾਰ ਕਰਨ ਲਈ ਕਰਦੇ ਹਨ। ਪਰੰਤੂ ਇਹ ਕਿਸੇ ਨੂੰ ਨਹੀਂ ਪਤਾ ਹੁੰਦਾ ਕਿ ਉਹਨਾਂ ਦੀ ਵਸਤਾਂ ਦਾ ਮੰਡੀ ਵਿੱਚ ਜਾ ਕੇ ਕੀ ਮੁੱਲ ਪਵੇਗਾ ਅਤੇ ਨਾ ਹੀ ਕੋਈ ਜਾਣਦਾ ਕਿ ਉਹ ਆਪਣੀ ਤਿਆਰ ਵਸਤ ਨੂੰ ਮੰਡੀ ਦੇ ਵਿੱਚ ਵੇਚ ਸਕੇਗਾ ਕਿ ਨਹੀ। ਸਮਾਜਕ ਉਤਪਾਦਨ ਦੇ ਵਿੱਚ ਅਸ਼ਾਂਤੀ ਤੇ ਹਿੰਸਾ ਦਾ ਰਾਜ ਹੁੰਦਾ ਹੈ।

ਉਤਰ-ਆਧੁਨਿਕਤਾ ਦੇ ਦੌਰ ਵਿਚ ਹੋਰ ਪਰਿਵਰਤਨ ਆਉਣਾ ਸ਼ੁਰੂ ਹੋਇਆ। ਉਤਰ-ਆਧੁਨਿਕਤਾ ਦੇ ਕਾਰਨ ਤਬਦੀਲੀਆਂ ਕਦੋਂ ਵਾਪਰਨੀਆਂ ਸ਼ੁਰੂ ਹੋਈਆਂ, ਇਸ ਦੇ ਬਾਰੇ “ਇਨਸਾਈਕਲੋਪੀਡੀਆ ਆਫ ਲਿਟਰੇਚਰ ਐਂਡ ਕ੍ਰਿਟੀਸ਼ਿਜਮ ਵਿਚ ਰਾਬਰਟ ਬੀ.ਰੇਅ ਨੇ ਚਾਰਲਸ ਜੈੱਕ ਦੇ ਹਵਾਲੇ ਨਾਲ ਆਧੁਨਿਕਤਾ ਦਾ ਅੰਤ 15 ਜੁਲਾਈ 1972 ਨੂੰ ਵੱਜ ਕੇ 32 ਮਿੰਟ ਦਾ ਜਿਹੜਾ ਸਮਾਂ ਮਿਥਿਆ ਹੈ, ਉਸ ਨੂੰ ਹੋਰਨਾ ਖੇਤਰਾਂ ਦੇ ਵਿਦਵਾਨ ਹਾਸੋਹੀਣਾ ਹੀ ਸਮਝਣਗੇ ਪਰ ਇਮਾਰਤਸਾਜੀ ਦੇ ਵਿਅਕਤੀਆਂ ਲਈ ਇਹ ਦਿਨ ਮਹੱਤਵਪੂਰਨ ਸੀ ਕਿਉਂਕਿ ਆਧੁਨਿਕਤਾ ਦੀ ਪ੍ਰਤੀਕ ਬਣ ਚੁੱਕੀ ਇਮਾਰਤ ਨੂੰ ਢਾਹਿਆ ਗਿਆ ਸੀ ਜਦੋਂ ਕਿ ਕੁਝ ਹੋਰ ਵਿਦਵਾਨਾਂ ਨੇ ਉਤਰ-ਆਧੁਨਿਕਤਾ ਨੂੰ ਸੇਵਾ ਖੇਤਰ ਵਿੱਚ ਕੰਮ ਕਰਦੇ ਵਿਅਕਤੀਆਂ ਦੀ ਗਿਣਤੀ ਦਾ ਉਤਪਾਦਨ ਖੇਤਰ ਨਾਲੋਂ ਦੁੱਗਣੀ ਹੋ ਜਾਣ ਨਾਲ ਜੋੜਿਆ ਹੈ।” *(ਡਾ.ਰਜਿੰਦਰਪਾਲ ਸਿੰਘ. ਉਤਰ-ਆਧੁਨਿਕਤਾ 1)*

ਮਨੁੱਖੀ ਜੀਵਨ ਦੇ ਪਦਾਰਥਵਾਦੀ ਤੇ ਬੌਧਿਕ ਤਬਦੀਲੀ ਵਿੱਚ ਆਰੰਭ ਤੋਂ ਹੀ ਸੰਦ ਅਤੇ ਸੰਦ ਦੇ ਹੀ ਵਿਕਸਿਤ ਰੂਪ ਮਸ਼ੀਨਾਂ ਦਾ ਅਹਿਮ ਤੇ ਬੁਨਿਆਦੀ ਯੋਗਦਾਨ ਰਿਹਾ ਹੈ। ਸਮਾਜਕ ਪੱਖ ਵਿੱਚ ਆਈ ਤਬਦੀਲੀ ਨੂੰ ਇੱਕ ਦੂਜੇ ਤੋਂ ਨਿਖੇੜਨ ਲਈ ਕਿਰਤ ਦੀ ਤਕਨੀਕ ਦਾ ਸਹਾਰਾ ਲਿਆ ਜਾਂਦਾ ਹੈ। ਮਨੁੱਖੀ ਜੀਵਨ ਕਈ ਪੜਾਵਾਂ ਵਿੱਚ ਗੁਜ਼ਰਦਾ ਹੋਇਆ ਜਿਵੇਂ ਕਿ ਪੱਥਰ ਯੁੱਗ, ਧਾਤ ਯੁੱਗ, ਸ਼ਿਕਾਰੀ ਯੁੱਗ,

ਖੇਤੀਬਾੜੀ ਯੁੱਗ ਆਦਿ ਵਿਚੋਂ ਆਧੁਨਿਕ ਵਿਕਸਿਤ ਸਰੂਪ ਵਿੱਚ ਪੁੱਜੇ ਹਨ। ਇਹਨਾਂ ਵਿਚੋਂ ਸਮਾਜ ਦੀ ਵੰਡ ਨਜ਼ਰ ਆਉਂਦੀ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ, ਇਸੇ ਤਰ੍ਹਾ ਮਨੁੱਖੀ ਜੀਵਨ ਵਿੱਚ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹ ਪਰਿਵਰਤਨ ਸਮਾਜ ਦੇ ਸਮਾਜਕ ਅਤੇ ਆਰਥਕ ਪੱਖ ਵਿੱਚ ਆਏ ਬਦਲਾਅ ਕਾਰਨ ਹੁੰਦਾ ਹੈ। ਮਾਰਕਸ ਵਿਚਾਰਧਾਰਾ ਅਨੁਸਾਰ; "ਮਨੁੱਖੀ ਸੰਸਥਾਵਾਂ ਦੀ ਤਬਦੀਲੀ ਉਤਪਾਦਨ ਤਕਨੀਕ ਦੀ ਤਬਦੀਲੀ ਨਾਲ ਜੁੜੀ ਹੋਈ ਹੈ। ਮਾਰਕਸ ਦੀ ਇਸ ਧਾਰਾ ਵਿੱਚ ਅੱਜ ਵੀ ਸਚਾਈ ਜਾਪਦੀ ਹੈ ਸਮਾਜੀ, ਰਾਜਸੀ ਤੇ ਬੌਧਿਕ ਜੀਵਨ ਦੀ ਆਮ ਕਿਰਿਆ ਪਦਾਰਥਕ ਜੀਵਨ ਦੇ ਉਤਪਾਦਨ ਦੇ ਢੰਗ ਨਾਲ ਜੁੜੀ ਹੁੰਦੀ ਹੈ।" *(ਉਤਰ- ਆਧੁਨਿਕਤਾ 13)*

ਸਮਾਜ ਵਿੱਚ ਜੋ ਤਬਦੀਲੀਆਂ ਹੋਈਆ ਹਨ, ਉਹ ਮਨੁੱਖੀ ਕਾਢਾਂ ਦਾ ਹੀ ਨਤੀਜਾ ਹੈ। ਇਹਨਾਂ ਕਾਢਾਂ ਨੇ ਮਨੁੱਖੀ ਪੈਦਾਵਾਰ ਵਿੱਚ ਭਾਰੀ ਤਬਦੀਲ਼ੀਆਂ ਕੀਤੀਆ ਹਨ। ਇਹਨਾਂ ਤਬਦੀਲੀਆਂ ਤੋਂ ਪਹਿਲਾਂ ਮਨੁੱਖ ਆਪਣੀ ਜ਼ਰੂਰਤ ਅਨੁਸਾਰ ਕੁਦਰਤੀ ਤਰੀਕਿਆਂ ਨਾਲ ਆਪਣੀਆਂ ਲੋੜਾਂ ਨੂੰ ਪੂਰਾ ਕਰ ਲੈਂਦੇ ਸਨ। ਆਧੁਨਿਕ ਸੰਦਾਂ ਨੇ ਕੰਮ ਕਰਨ ਦੇ ਢੰਗ ਤਰੀਕਿਆਂ ਨੂੰ ਬਦਲ ਕੇ ਰੱਖ ਦਿੱਤਾ ਹੈ। ਉਦਯੋਗੀਕਰਨ ਨੇ ਪੁਰਾਤਨ ਅਤੇ ਆਧੁਨਿਕ ਸੰਦਾਂ ਵਿੱਚ ਤਬਦੀਲੀ ਕਰਕੇ ਭਾਰਤੀ ਸਭਿਅਤਾ ਵਿੱਚ ਵੱਡਾ ਫੇਰ ਬਦਲ ਕਰਕੇ ਰੱਖ ਦਿੱਤਾ ਹੈ। ਆਧੁਨਿਕ ਸੰਦਾਂ ਦੇ ਨਿਰਮਾਣ ਦਾ ਮਕਸਦ ਮਨੁੱਖੀ ਕਿਰਤ ਵਿੱਚ ਘੱਟੋ- ਘੱਟ ਮਿਹਨਤ ਸ਼ਕਤੀ ਲੱਗੇ ਅਤੇ ਕੰਮ ਛੇਤੀ ਤੇ ਆਸਾਨੀ ਨਾਲ ਹੋ ਸਕੇ। "ਉਤਰ-ਸਨਅਤੀ ਯੁੱਗ ਵਿੱਚ ਸਨਅਤੀ ਉਤਪਾਦਨ ਸਵੈ ਚਾਲਤ ਮਸ਼ੀਨਾਂ ਤੇ ਅਧਾਰਿਤ ਹੋਣ ਲੱਗਿਆ ਤਾਂ ਮਨੁੱਖ ਦੀ ਕਿਰਤ ਸ਼ਕਤੀ ਦੀ ਲੋੜ ਅਨੁਪਾਤਕ ਰੂਪ ਵਿੱਚ ਘਟਣ ਲੱਗੀ ਪਰ ਬਹੁਤ ਜ਼ਿਆਦਾ ਉਤਪਾਦਨ ਦੇ ਲਈ ਥੋੜੇ ਹੱਥਾਂ ਦੀ ਲੋੜ ਰਹਿ ਗਈ। ਕੰਪਿਊਟਰ ਨਾਲ ਮੁਕੰਮਲ ਸਵੈ-ਚਾਲਤ ਕਾਰਖ਼ਾਨਿਆਂ ਵਿੱਚ ਮਨੁੱਖ ਤੋਂ ਬਗੈਰ ਸਨਅਤੀ ਉਤਪਾਦਨ ਸੰਭਵ ਹੋ ਗਿਆ।"*(ਡਾ. ਰਜਿੰਦਰ ਸਿੰਘ. ਉਤਰ-ਆਧੁਨਿਕਤਾ 4)*

ਜਿਵੇਂ ਕਿ ਕਿਸੇ ਭਾਸ਼ਾ ਦੀ ਛਪਾਈ ਹੋਏ ਜਾਂ ਕੋਈ ਹੋਰ ਕੰਮ ਕਿਉਂ ਨਾ ਹੋਏ ਆਧੁਨਿਕ ਸੰਦਾਂ ਨੇ ਮਨੁੱਖੀ ਬੌਧਿਕ ਸ਼ਕਤੀ ਵਿੱਚ ਵਾਧਾ ਕੀਤਾ ਹੈ। ਪੂਰੇ ਸੰਸਾਰ ਵਿੱਚ ਮਨੁੱਖੀ ਕਿਰਤ ਦੀ ਵਿਸ਼ੇਸ਼ ਅਹਿਮੀਅਤ

ਹੈ। ਗ਼ੁਲਾਮਦਾਰੀ ਦੇ ਸਮੇਂ ਵਿੱਚ ਮਨੁੱਖ ਕੋਲੋਂ ਗ਼ੁਲਾਮਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਸੀ। ਮਨੁੱਖ ਦੀ ਹੈਸੀਅਤ ਇੱਕ ਗ਼ੁਲਾਮ ਤੋ ਵੱਧ ਕੁਝ ਵੀ ਨਹੀ ਸੀ। ਵਕਤ ਵਿੱਚ ਬਦਲਾਅ ਆਉਣ ਨਾਲ ਗ਼ੁਲਾਮਦਾਰੀ ਯੁੱਗ ਦਾ ਜਾਗੀਰਦਾਰੀ ਯੁੱਗ ਵਿੱਚ ਪਰਿਵਰਤਿਤ ਹੋਣ ਤੇ ਵੀ ਮਨੁੱਖ ਦੀ ਸਥਿਤੀ ਪਹਿਲਾਂ ਵਰਗੀ ਹੀ ਰਹੀ। ਉਦਯੋਗੀਕਰਨ ਦਾ ਦੌਰ ਆਉਣ ਤੇ ਮਨੁੱਖ ਨੂੰ ਗ਼ੁਲਾਮੀ ਪ੍ਰਥਾ ਤੋਂ ਆਜ਼ਾਦ ਕਰ ਦਿੱਤਾ ਗਿਆ ਸੀ ਪਰ ਮਨੁੱਖ ਨੂੰ ਆਪਣੀ ਕਿਰਤ ਵੇਚਣ ਲਈ ਮਜਬੂਰ ਕਰ ਦਿੱਤਾ ਹੈ। ਇਹੀ ਕਿਰਤ ਉਦਯੋਗੀਕਰਨ ਵਿੱਚ ਪੈਦਾਵਾਰ ਦੇ ਲਈ ਪ੍ਰਮੁੱਖ ਸੋਮਾ ਬਣੀ। ਬੇਸ਼ੱਕ ਉਦਯੋਗੀਕਰਨ ਦੇ ਵਿੱਚ ਕਿਰਤ ਅਹਿਮ ਜ਼ਰੀਆ ਸੀ ਪਰੰਤੂ ਨਵੀਨ ਤਕਨੀਕ ਆਉਣ ਦੇ ਨਾਲ ਘੰਟਿਆਂ ਦਾ ਕੰਮ ਮਿੰਟਾਂ ਦੇ ਵਿੱਚ ਹੋ ਜਾਂਦਾ ਹੈ। ਉਦਯੋਗੀਕਰਨ ਦੇ ਵਿੱਚ ਮਸ਼ੀਨਾਂ ਦੇ ਨਾਲ ਕੰਮ ਹੋਣ ਨਾਲ ਮਨੁੱਖੀ ਕਿਰਤ ਸ਼ਕਤੀ ਨੂੰ ਘਟਾ ਕੇ ਰੱਖ ਦਿੱਤਾ। ਕਾਰਖ਼ਾਨਿਆਂ ਦੇ ਵਿੱਚ ਮਿਹਨਤ ਕਰਨ ਵਾਲਿਆਂ ਦੀ ਪੂਰੇ ਸੰਸਾਰ ਵਿੱਚ ਮਨੁੱਖੀ ਕਿਰਤ ਦੀ ਵਿਸ਼ੇਸ਼ ਅਹਿਮੀਅਤ ਹੈ। ਕਾਰਖਾਨਿਆਂ ਦੇ ਵਿੱਚ ਮਿਹਨਤ ਕਰਨ ਦੀ ਜ਼ਿਆਦਾ ਲੋੜ ਨਹੀ ਪੈਂਦੀ ਸੀ। ਕਾਰਖ਼ਾਨਿਆਂ ਦਾ ਸਾਰਾ ਕੰਮ-ਕਾਜ ਮਸ਼ੀਨਾਂ ਦੁਆਰਾ ਪੂਰਨ ਕੀਤਾ ਜਾਂਦਾ ਸੀ ਜਿਸ ਦਾ ਸਭ ਤੋਂ ਵੱਡਾ ਅਸਰ ਗਰੀਬ ਵਰਗ ਉੱਤੇ ਪਿਆ। ਆਧੁਨਿਕ ਤਕਨੀਕਾਂ ਦੁਆਰਾ ਸੰਚਾਲਿਤ ਕਾਰਖ਼ਾਨੇ ਕਿਰਤੀਆਂ ਤੋਂ ਬਿਨ੍ਹਾਂ ਸੱਖਣੇ ਸਨ।

ਮਸ਼ੀਨੀਕਰਨ ਨੇ ਉਦਯੋਗੀਕਰਨ ਦੇ ਨਵੀਨ ਮਾਡਲ ਪੈਦਾ ਕੀਤੇ ਹਨ। ਪਹਿਲਾਂ ਪੂੰਜੀਵਾਦ ਸੀ ਜਿਸ ਦਾ ਕੇਂਦਰੀ ਸੰਕਲਪ ਖੁੱਲ੍ਹੀ ਮੰਡੀ ਸੀ ਅਤੇ ਇਸ ਦੀ ਮੁੱਖ ਚਾਲਕ ਸ਼ਕਤੀ ਨਿੱਜੀ ਮੁਨਾਫ਼ੇ ਦਾ ਲਾਲਚ ਸੀ। ਆਪਸੀ ਮੁਕਾਬਲੇਬਾਜ਼ੀ, ਉਤਪਾਦ ਦੀ ਉਤਮਤਾ, ਪੈਦਾਵਾਰ ਦੀ ਖਪਤ ਲਈ ਨਵੀਆਂ ਮੰਡੀਆਂ ਦੀ ਤਲਾਸ਼ ਇਸਦੇ ਮੁੱਢਲੇ ਲੱਛਣ ਸਨ। ਇਹ ਸੰਸਾਰ ਨੂੰ ਬਸਤੀ ਬਣਾਉਣ ਦੇ ਮੁੱਢਲੇ ਕਦਮ ਸਨ ਜਿਨ੍ਹਾਂ ਨੇ ਨਵੀਆਂ ਮੰਡੀਆਂ, ਨਵੀਆਂ ਧਰਤੀਆਂ ਨੂੰ ਬਸਤੀ ਬਣਾਉਣ ਵੱਲ ਆਪਣੇ ਨਿਸ਼ਾਨੇ ਕੱਸੇ ਸਨ। ਬਸਤੀਆਂ ਨੂੰ ਬਣਾਉਣ ਵਾਲਿਆਂ ਨੂੰ ਬਸਤੀ ਦੇ ਵਿੱਚ ਜਾ ਕੇ ਰਹਿਣਾ ਪੈਂਦਾ ਸੀ। ਜਿਸ ਦੇ ਸਿੱਟੇ ਵਜੋਂ ਇਹ ਸੰਸਾਰ ਦੀਆਂ ਦੋ ਪ੍ਰਸਿੱਧ ਜੰਗਾਂ ਦਾ ਕਾਰਨ ਬਣੀਆਂ ਸਨ। ਸੰਸਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਬਾਅਦ ਸਾਮਰਾਜਵਾਦ ਇੱਕ ਨਵੇਂ ਰੂਪ ਵਿੱਚ ਸਾਹਮਣੇ ਆਉਂਦਾ ਹੈ। ਅਜੋਕੇ ਸਮੇਂ ਵਿੱਚ ਦੁਨੀਆਂ ਦੇ ਸਾਰੇ ਵਪਾਰੀ

ਇੱਕ ਹੋ ਚੁੱਕੇ ਹਨ। ਉਹ ਸਾਰੇ ਰਲ ਕੇ ਛੋਟੇ ਵਰਗਾਂ ਉੱਤੇ ਦਬਾ ਪਾ ਰਹੇ ਹਨ। ਵਪਾਰੀਆਂ ਨੇ ਆਪਸੀ ਵਿਰੋਧਾਂ ਨੂੰ ਛੁਪਾ ਜਾਂ ਦਬਾ ਕੇ ਰੱਖਿਆ ਹੈ। ਵਿਕਸਿਤ ਦੇਸ਼ਾਂ ਦੇ ਵਪਾਰੀ ਵੀ ਸ਼ਾਮਿਲ ਹਨ, ਜਿਨ੍ਹਾਂ ਨੇ ਹੋਰ ਦੇਸ਼ਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਰਥਕ, ਮਾਨਸਿਕ ਪੱਧਰ ਉੱਪਰ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ ਜਿਵੇਂ ਕਿ ਅਵਿਕਸਿਤ ਦੇਸ਼ ਜਿਨ੍ਹਾਂ ਵਿਚੋਂ ਭਾਰਤ ਆਦਿ ਹੋਰ ਦੇਸ਼ ਸ਼ਾਮਿਲ ਹਨ। “ਇਹ ਦੇਸ਼ ਬਾਕੀ ਦੇਸ਼ਾਂ ਦੇ ਕੁਦਰਤੀ ਸੋਮਿਆਂ ਨੂੰ ਅਤੇ ਕਿਰਤ ਸ਼ਕਤੀ ਨੂੰ ਆਪਣੇ ਹਿਤ ਲਈ ਵਰਤਣਾ ਚਾਹੁੰਦੇ ਸਨ ਪਰ ਪਿਛਲੇ ਕੁਝ ਸਮੇਂ ਤੋਂ ਅਤਿ-ਉਨਤ ਸਵੈ-ਚਾਲਤ ਸਨਅਤੀ ਤਕਨੀਕ ਦੇ ਵਿਕਸਤ ਹੋ ਜਾਣ ਨਾਲ ਇਨ੍ਹਾਂ ਦੀ ਦਿਲਚਸਪੀ ਕਿਰਤ ਸ਼ਕਤੀ ਦੇ ਵਿੱਚ ਘਟ ਗਈ ਹੈ। ਵਾਤਾਵਰਨ ਵਿਗਾੜਾਂ ਕਾਰਨ ਇਹ ਦੂਸਰੇ ਦੇਸ਼ਾਂ ਦੇ ਸਿੱਧੇ ਮੁਨਾਫ਼ੇ ਵਾਲੇ ਕੁਦਰਤੀ ਸੋਮਿਆਂ ਦੇ ਨਾਲੋਂ ਸਾਰੇ ਬ੍ਰਹਿਮੰਡਕ ਸੋਮਿਆਂ ਨੂੰ ਕਾਬੂ ਹੇਠ ਰੱਖਣਾ ਚਾਹੁੰਦੇ ਹਨ। ” *(ਡਾ. ਰਜਿੰਦਰ ਸਿੰਘ. ਉਤਰ-ਆਧੁਨਿਕਤਾ 8)*

ਹਾਕਮ ਬਸਤੀ ਦੇ ਵਿੱਚ ਰਹਿਣ ਦੀ ਥਾਂ ਬਸਤੀ ਬਣਾਏ ਗਏ ਦੇਸ਼ਾਂ ਨੂੰ ਆਧੁਨਿਕ ਤਰੀਕੇ ਦੇ ਰਾਹੀਂ ਨਜ਼ਰਬੰਦ ਰੱਖ ਰਹੇ ਹਨ। ਅਣਮਨੁੱਖੀ ਕਿਰਤ ਦੀ ਮਹੱਤਤਾ ਦਿਨੋ ਦਿਨ ਘੱਟਦੀ ਜਾ ਰਹੀ ਹੈ। ਕਾਰਖ਼ਾਨਿਆਂ ਦੇ ਮਾਲਕ ਨਵੀਨ ਤਕਨੀਕਾਂ ਦੇ ਰਾਹੀਂ ਸੰਸਾਰ ਭਰ ਦੀਆਂ ਲੋੜਾਂ ਨੂੰ ਪੈਦਾ ਕਰ ਰਹੇ ਹਨ। ਮਨੁੱਖੀ ਜ਼ਰੂਰਤ ਦਾ ਜ਼ਿਆਦਾ ਸਮਾਨ ਮਸ਼ੀਨਾਂ ਦੁਆਰਾ ਬਣਾਇਆ ਜਾ ਰਿਹਾ ਹੈ ਜਿਵੇਂ ਕਿ ਸਾਜ ਸ਼ਿੰਗਾਰ ਦਾ ਸਮਾਨ ਜਾਂ ਕੋਈ ਹੋਰ ਵਰਤੋਂ ਵਿੱਚ ਆਉਣ ਵਾਲਾ ਸਮਾਨ ਕਿਉਂ ਨਾ ਹੋਏ। ਬੋਦਰੀ ਲਾਰਦ ਦੇ ਅਨੁਸਾਰ,”ਜਿਸ ਦਾ ਨਤੀਜਾ ਇਹ ਹੋਇਆ ਕਿ ਮਨੁੱਖ ਦੀ ਕਿਰਤ ਸ਼ਕਤੀ ਘੱਟ ਖਰਚ ਹੋ ਰਹੀ ਹੈ। ਇਹ ਸਮਾਜਕ ਵਿਵਸਥਾ ਨੂੰ ਪ੍ਰਭਾਵਿਤ ਕਰ ਰਹੇ ਹਨ। ਬਸਤੀਆਂ ਪੂੰਜੀਵਾਦੀ ਵਿਵਸਥਾ ਅਨੁਸਾਰ ਵਿਕਸਿਤ ਹੋ ਰਹੀਆਂ ਹਨ।ਪੁਰਾਣੀਆਂ ਬਸਤੀਆਂ ਨਵੀਨ ਰੂਪ ਵਿੱਚ ਹਾਕਮ ਬਸਤੀ ਵਿੱਚ ਰਹਿਣ ਦੀ ਥਾਂ ਬਸਤੀ ਬਣਾਏ ਗਏ ਦੇਸ਼ਾਂ ਨੂੰ ਆਧੁਨਿਕ ਤਕਨੀਕਾਂ ਦੇ ਰਾਹੀਂ ਗ਼ੁਲਾਮ ਬਣਾ ਰਹੀ ਹੈ। ਇਸ ਨੂੰ ਮ੍ਰਿਤਕ ਕਿਰਤ ਦੀ ਜਿਉਂਦੀ ਕਿਰਤ ਦੀ ਸਰਦਾਰੀ ਵਜੋਂ ਦੇਖਦਾ ਹੈ।ਉਸ ਅਨੁਸਾਰ ਕਾਰਲ ਮਾਰਕਸ ਦੀ ਵੱਡੀ ਗ਼ਲਤੀ ਇਹ ਸੀ ਕਿ ਉਸ ਨੇ ਮਸ਼ੀਨ, ਤਕਨੀਕ, ਵਿਗਿਆਨ ਨੂੰ ਮਸੂਮ ਸਮਝ ਲਿਆ ਸੀ। ਮ੍ਰਿਤਕ ਕਿਰਤ ਦੇ ਜਿਊਂਦੀ ਕਿਰਤ ਤੇ

ਸਰਦਾਰੀ ਸਥਾਪਿਤ ਹੋ ਜਾਣ ਨਾਲ ਉਤਪਾਦਨ ਦੇ ਸਾਰੇ ਸੰਬੰਧ ਬਦਲ ਗਏ ਹਨ।ਨੀਂਹ ਅਤੇ ਉਸਾਰ ਦੋਹਾਂ ਵਿਚ ਅਨਿਸਚਿਤਾ ਦਾਖਿਲ ਹੋ ਗਈ ਹੈ। ਹੁਣ ਕਿਸੇ ਵੀ ਚੀਜ਼ ਨੂੰ ਨਿਰਧਾਰਿਤ ਕਰਨ ਦਾ ਪੈਮਾਨਾ ਕੁਝ 'ਕੁਦਰਤੀ' ਜਾਂ ਮਾਨਵੀ 'ਕਿਰਤ ਸ਼ਕਤੀ' ਨਹੀ ਰਿਹਾ ਸਗੋਂ ਸਾਰਾ ਪ੍ਰਬੰਧ ਜਾਂ ਕੋਡ ਦੇ ਅਧੀਨ ਹੋ ਗਿਆ ਹੈ।" *(ਉਤਰ-ਆਧੁਨਿਕਤਾ 16)*

ਮਨੁੱਖੀ ਕਿਰਤ ਸ਼ਕਤੀ ਦੀ ਵਿਸੇਸ਼ਤਾ ਪਹਿਲੇ ਸਮਿਆਂ ਵਿੱਚ ਸੀ। ਇਸ ਲਈ ਆਧੁਨਿਕ ਤਕਨੀਕਾਂ ਦੇ ਰਾਹੀਂ ਕੁਦਰਤੀ ਵਸੀਲਿਆਂ ਨੂੰ ਵਿਕਸਿਤ ਦੇਸ਼ ਵਰਤਣਾ ਚਾਹੁੰਦੇ ਹਨ। ਵਿਡੰਬਣਾ ਤਾਂ ਇਹ ਹੈ ਕਿ ਇਸਦਾ ਸ਼ਿਕਾਰ ਸਿਰਫ਼ ਗ਼ਰੀਬ ਵਰਗ ਹੀ ਹੋ ਰਿਹਾ ਹੈ। ਉਤਰ-ਆਧੁਨਿਕ ਦੇ ਦੌਰ ਵਿੱਚ ਵਿਕਸਿਤ ਅਤੇ ਅਵਿਕਸਿਤ ਦੇਸ਼ ਆਪਣੇ ਆਪਣੇ ਹਿੱਤਾਂ ਨੂੰ ਪਹਿਲ ਦੇ ਰਹੇ ਹਨ। ਪਰ ਸਥਿਤੀ ਦੀ ਮੁਸ਼ਕਿਲ ਇਹ ਹੈ ਕਿ ਪਛੜੇ ਹੋਏ ਦੇਸ਼ਾਂ ਦੇ ਹਿੱਤ ਵਿਕਸਿਤ ਦੇਸ਼ਾਂ ਦੇ ਨਾਲ ਜੁੜੇ ਹੋਏ ਹਨ। "21 ਵੀਂ ਸਦੀ ਦੇ ਵਿੱਚ ਨਵਾਂ ਕ੍ਰਾਂਤੀਕਾਰੀ ਦੌਰ ਸ਼ੁਰੂ ਹੁੰਦਾ ਹੈ। ਗਿਆਨ ਅਤੇ ਤਕਨੀਕ ਦੇ ਸੰਯੋਗ ਨਾਲ ਸਮੁੱਚੇ ਸੰਸਾਰ ਨੂੰ ਇੱਕ ਨੈੱਟਵਰਕ ਨਾਲ ਜੋੜ ਕੇ ਨਵ-ਬਸਤੀਵਾਦ ਨੂੰ ਫੈਲਾਉਣ ਲਈ ਭਿੰਨ ਭਿੰਨ ਢੰਗ ਤਰੀਕੇ ਈਜਾਦ ਕੀਤੇ ਗਏ ਸਨ। ਸੂਚਨਾ ਵਿਸਫੋਟ ਅਤੇ ਇੰਟਰਨੈੱਟ ਕ੍ਰਾਂਤੀ ਨੇ ਹੱਡ ਮਾਸ ਦੇ ਯੋਧਿਆਂ ਦੀ ਕ੍ਰਾਂਤੀ ਨੂੰ ਅਸੰਭਵ ਅਤੇ ਭਰਮ ਯੁਕਤ ਮੰਨਣ ਦਾ ਮਸੌਦਾ ਤਿਆਰ ਕਰ ਛੱਡਿਆ ਹੈ।" (*ਏਜਾਜ ਅਹਿਮਦ- ਸਾਮਾਰਜਵਾਦ ਦਾ ਚੇਹਰਾ 20*)

ਮਨੁੱਖ ਦੇ ਜੀਵਨ ਦਾ ਹਰ ਪਲ 'ਸਾਈਬਰ ਸਪੇਸ' ਵਿੱਚ ਵੇਚਣ ਦਾ ਸੁਪਨਾ ਦੇਖਿਆ ਜਾ ਰਿਹਾ ਹੈ। ਸਮਾਜ ਦੀ ਸਥਿਤੀ ਅਚੰਭਿਤ ਕਰਨ ਵਾਲੀ ਹੈ, ਇਕ ਪਾਸੇ ਗਿਆਨ ਅਤੇ ਤਕਨੀਕ ਦੀ ਸਹਾਇਤਾ ਨਾਲ ਪੂਰੇ ਸੰਸਾਰ ਨੂੰ ਇੱਕ ਪਿੰਡ ਦੇ ਰੂਪ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਇਹ ਸਥਾਨਕ ਅਤੇ ਦੇਸੀ ਪ੍ਰਭੂਸੱਤਾ ਨੂੰ ਆਪਣਾ ਨਿਸ਼ਾਨਾ ਬਣਾ ਰਹੀ ਹੈ। ਮਨੁੱਖਤਾ ਦੀ ਤਰੱਕੀ ਲਈ ਇਸ ਨੂੰ ਸੰਭਵ ਬਦਲ ਵਜੋਂ ਵਰਤਿਆ ਜਾ ਰਿਹਾ ਹੈ। ਉਤਰ-ਆਧੁਨਿਕ ਇੱਕ ਅਜਿਹੀ ਰੂੜ੍ਹਵਾਦੀ ਵਿਵਸਥਾ ਹੈ ਇੱਕ ਪਾਸੇ ਆਧੁਨਿਕਤਾ ਦੇ ਦਮਨ ਭਰਪੂਰ ਵਤੀਰੇ ਨੂੰ ਦਬਾਉਣ ਦੀ ਬਜਾਇ ਸਭਿਆਚਾਰਕ ਵਿਸਫੋਟ ਦੇ ਰੂਪ ਵਿੱਚ ਸਪਸ਼ਟ ਹੁੰਦਾ

ਹੈ। ਇਹ ਸਮਕਾਲੀਨ ਪਰਸਥਿਤੀ ਵਜੋਂ ਸਥਾਪਿਤ ਹੁੰਦਾ ਹੈ ਜੋ ਉਤਰ ਸਨਅਤੀਕਰਨ ਅਤੇ ਬਸਤੀਵਾਦ ਦੀਆਂ ਸਥਿਤੀਆਂ ਵਿੱਚ ਅਮਰੀਕੀ ਤੇ ਹੋਰ ਦੇਸ਼ਾਂ ਦੇ ਵਿਕਸਿਤ ਸਮਾਜ ਵਿੱਚ ਨਵੇਂ ਰੂਪ ਵਿਚ ਉਭਰ ਕੇ ਸਥਾਪਿਤ ਹੋ ਚੁੱਕਾ ਹੈ। ਟੈਰੀ ਈਗਲਟਨ ਦੇ ਅਨੁਸਾਰ: " ਉਤਰ-ਆਧੁਨਿਕਤਾ ਇਕ ਤਰ੍ਹਾਂ ਦੇ ਰਾਜਨੀਤਕ ਪਛਾੜ ਦੀ ਉਪਜ ਹੈ। ਇਹ ਸਾਮਰਾਜਵਾਦ ਦੀ ਹਾਰ ਦੀ ਪ੍ਰਤੀਕਿਰਿਆ ਘੱਟ ਅਤੇ ਅਤੇ ਪੂੰਜੀਵਾਦੀ ਦੀ 'ਸਫਲਤਾ'ਪ੍ਰਤੀ ਹੁੰਗਾਰਾ ਵੱਧ ਹੈ। ਉਹ ਇਸਦੇ ਸੋਮਿਆਂ ਨੂੰ ਨਿਰਧਾਰਿਤ ਕਰਦਿਆਂ ਹੋਇਆਂ ਕਹਿੰਦਾ ਹੈ ਕਿ ਇਹ ਆਧੁਨਿਕਤਾਵਾਦ, ਉਤਰ ਉਦਯੋਗਵਾਦ, ਜ਼ਰੂਰੀ ਰਾਜਨੀਤਕ ਸ਼ਕਤੀਆਂ ਦੇ ਉਭਾਰ, ਸਭਿਆਚਾਰ ਨਵੇਂਪਣ ਦੇ ਪਨਪਣ, ਸਭਿਆਚਾਰਕ ਜੀਵਨ ਵਿਚ ਵਸਤੂ ਕ੍ਰਿਤ ਰੂਪ ਦੀ ਘੁਸਪੈਠ, ਕਲਾ ਲਈ ਇਕ ਖ਼ੁਦਮੁਖ਼ਤਿਆਰ ਸਪੇਸ ਦੇ ਸੁੰਗੜਨ ਅਤੇ ਕੁਝ ਇਕ ਕਲਾਸਕੀ ਵਿਚਾਰਧਾਰਾਵਾਂ ਦੇ ਮੰਦੇ ਪੈ ਜਾਣ ਵਿਚੋਂ ਉਪਜੀ ਹੈ।" *(ਏਜਾਜ ਅਹਿਮਦ- ਸਾਮਰਜਵਾਦ ਦਾ ਚੇਹਰਾ)*

ਨਵ- ਮਾਰਕਸਵਾਦੀ ਦੇ ਵਿਚਾਰ ਵਿੱਚ ਉਤਰ ਆਧੁਨਿਕਤਾ ਮਨੁੱਖ ਨੂੰ ਉਤਪਾਦਕ ਦੇ ਬਜਾਇ ਖਪਤਕਾਰ ਦੇ ਰੂਪ ਵਿੱਚ ਤਬਦੀਲ ਕਰਦੀ ਹੈ। ਦੂਜੇ ਸ਼ਬਦਾਂ ਦੇ ਵਿੱਚ ਇਹ ਸੰਸਾਰ ਦੀ ਮੰਡੀ ਵਿੱਚ ਨਵ-ਬਸਤੀਵਾਦੀਆਂ ਵੱਲੋਂ ਇੱਕ ਨਵਾਂ ਪੈਂਤੜਾ ਸੁੱਟਿਆ ਗਿਆ ਹੈ। ਉਦਯੋਗੀਕਰਨ ਦੁਆਰਾ ਉਦੈ ਹੋਈ ਆਧੁਨਿਕ ਕਾਲ ਦੀ ਨਵੀਨ ਵਿਚਾਰਧਾਰਾ ਮਾਨਵੀ ਪ੍ਰਗਤੀ ਦੀ ਹਮਾਇਤ ਕਰਦੀ ਹੈ ਪਰੰਤੂ ਇਸ ਦੀ ਪ੍ਰਗਤੀ ਦਾ ਰਾਹ ਦੋਜੈਲਾ ਹੈ। ਇਸ ਦੇ ਨਾਲ ਪੂੰਜੀਵਾਦ ਦੀ ਵਿਵਸਥਾ ਵੀ ਵਿਕਸਿਤ ਹੋ ਰਹੀ ਹੈ। ਹਰ ਵਿਅਕਤੀ ਪੈਸਾ ਇਕੱਠਾ ਕਰਨ ਜਾਂ ਪੈਸੇ ਦੀ ਗਿਣਤੀ ਮਿਣਤੀ ਕਰਨ ਵਿੱਚ ਅਤੇ ਸ਼ੇਅਰ ਬਾਜ਼ਾਰ ਦੇ ਉਤਰਾਅ ਚੜ੍ਹਾਅ ਨੂੰ ਮਾਪਣ ਵਿੱਚ ਲੱਗਿਆ ਹੋਇਆ ਹੈ। ਵਸਤੂਆਂ ਦੇ ਵਪਾਰ ਵਿੱਚ ਵੱਖ-ਵੱਖ ਰਾਇ ਦੇ ਕੇ ਵਸਤੂਆਂ ਦੀ ਵਿਕਰੀ ਜ਼ਿਆਦਾ ਹੋ ਸਕਣ ਦਾ ਯਤਨ ਕਰਦੇ ਹਨ। ਜਿਸਦੇ ਨਤੀਜੇ ਵਜੋਂ ਸਭਿਆਚਾਰਕ ਮੁੱਲਾਂ ਦੀ ਤੋੜ ਭੰਨ ਹੋ ਰਹੀ ਹੈ। ਮੈਕਲੂਹਨ ਦੀ ਰਾਇ ਅਨੁਸਾਰ, "ਵਿਸ਼ਵ ਪਿੰਡ' ਨੂੰ ਇਲੈੱਕਟ੍ਰਾਨਿਕ ਮੀਡੀਆ ਨੇ ਸੱਚੇ-ਸੁੱਚੇ ਸਮਾਜਕ ਰਿਸ਼ਤਿਆਂ ਤੋਂ ਤੋੜ ਕੇ ਵੱਖਰਾ ਬੰਨ੍ਹ ਲਿਆ ਹੈ। ਜਿਵੇਂ 'ਚਿਹਨ ਦੀ ਵਸਤੂਆਂ ਨਾਲੋਂ ਵਧੇਰੇ ਪੁੱਛ-ਪ੍ਰਤੀਤ ਹੋ ਗਈ ਹੈ।" *(ਭਾਰਤ ਕਾ ਭੂਮੀਮੰਡਲੀਕਰਨ 35)*

ਉਪਨਿਵੇਸ਼ ਦੀ ਨੀਤੀ ਦੇ ਆਉਣ ਨਾਲ ਹੀ ਭੂਮੀਮੰਡਲੀਕਰਨ ਦੇ ਲਕਸ਼ ਸਾਹਮਣੇ ਆਉਣ ਲੱਗ ਪਏ ਸਨ। ਭੂਮੀਮੰਡਲੀਕਰਨ ਦੀ ਵਿਵਸਥਾ 20 ਵੀਂ ਸਦੀ ਦੇ ਆਰੰਭ ਵਿੱਚ ਘਟੀ ਹੈ। ਬਰਤਾਨੀਆ ਵਰਗੇ ਦੇਸ਼ ਭਾਰਤ, ਚੀਨ, ਇੰਡੋਨੇਸ਼ੀਆ ਦੇਸ਼ਾਂ ਦੀ ਪ੍ਰਕਿਰਤੀ ਨੂੰ ਵਰਤਣ ਦੇ ਹੱਥ ਕੰਢੇ ਅਪਣਾਉਣ ਲੱਗ ਪਏ ਸਨ। ਉੱਥੋਂ ਦੇ ਪ੍ਰਕਿਰਤੀ ਨੂੰ ਵਰਤਣ ਦੇ ਨਾਲ ਨਾਲ ਅਪਣਾ ਬਜ਼ਾਰ ਵੀ ਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਦੇਸ਼ ਦੂਸਰੇ ਦੇਸ਼ਾਂ ਦੇ ਪ੍ਰਕਿਰਤੀ ਸਾਧਨਾਂ ਨੂੰ ਆਪਣੇ ਹਿੱਤ ਵਿੱਚ ਵਰਤਦੇ ਅਤੇ ਆਪਣੀ ਵਪਾਰਕ ਨੀਤੀ ਦੇ ਵਿੱਚ ਵੀ ਆਪਣੇ ਅਨੁਸਾਰੀ ਕਰਕੇ ਬਦਲਾਅ ਲਿਆਂਦਾ ਸੀ। ਅਜੋਕੇ ਸਮੇਂ ਦੇ ਵਿੱਚ ਅਮਰੀਕਾ ਨੂੰ ਮਹਾਂ ਸ਼ਕਤੀਸ਼ਾਲੀ ਦੇਸ਼ ਸਮਝਿਆ ਜਾਂਦਾ ਹੈ। ਇਹ ਥਾਂ ਅਮਰੀਕਾ ਨੇ ਇੰਗਲੈਂਡ ਦੇ ਹੱਥੋ ਖੋਹੀ ਹੈ। ਨਿਵੇਸ਼ ਦੇ ਵਿੱਚ ਪਹਿਲਾਂ ਥਾਂ ਪੌਂਡ ਦੀ ਸੀ ਜੋ ਬਾਅਦ ਦੇ ਵਿੱਚ ਡਾਲਰਾਂ ਨੇ ਲੈ ਲਈ ਸੀ। ਅਮਰੀਕਾ ਆਪਣੀ ਪ੍ਰਤੀਨਿਧਤਾ ਬਣਾਈ ਰੱਖਣ ਦੇ ਲਈ ਸੂਰਮਿਆਂ ਦੇ ਵਿੱਚ ਬਣਿਆ ਰਹਿੰਦਾ ਹੈ।

ਐਜਾਜ ਅਹਿਮਦ ਦੀ ਧਾਰਨਾ ਅਨੁਸਾਰ:

> ਵਾਸਤਵ ਦੇ ਵਿੱਚ ਵਿਸ਼ਵੀਕਰਨ ਦਾ ਤਸਬੁਰ ਜਦੋਂ ਤੋ ਸ਼ੁਰੂ ਹੰਦਾ ਹੈ, ਜਦੋਂ ਤੋ ਯੂਰਪੀ ਤਿਜਾਰਤੀ ਯੂਰਪੀ ਪੂੰਜੀ ਦੇ ਨਾਲ ਅਮਰੀਕਾ ਦੀ ਖੋਜ ਕਰ ਰਹੇ ਸਨ। ਇਸ ਖੋਜ ਤੋਂ ਪਹਿਲਾਂ ਅੱਧੀ ਦੁਨੀਆਂ ਗਲੋਬ ਦਾ ਹਿੱਸਾ ਨਹੀ ਸੀ, ਲੇਕਿਨ ਕੋਲੰਬਸ ਦੀ ਯਾਤਰਾ ਤੋਂ ਬਾਅਦ ਇਸਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਨਾਲ ਯੂਰਪ ਦੀ ਪੂੰਜੀ ਅਤੇ ਤਿਜਾਰਤਿਆਂ ਨੇ ਭੂਮੰਡਲੀਕਰਨ ਦੀ ਪ੍ਰਕਿਰਿਆ ਨੂੰ ਜਨਮ ਦਿੱਤਾ।
>
> *(ਭਾਰਤ ਕਾ ਭੂਮੀਮੰਡਲੀਕਰਨ 35)*

ਭੂਮੀਮੰਡਲੀਕਰਨ ਦੀ ਸ਼ੁਰੂਆਤ ਵਿਕਸਿਤ ਦੇਸ਼ਾਂ ਦੇ ਵਪਾਰਕ ਸੰਬੰਧਾਂ ਤੋਂ ਹੁੰਦੀ ਹੈ। ਇਹਨਾਂ ਦੇਸ਼ਾਂ ਨੇ ਆਪਣੀ ਨੀਤੀ ਨੂੰ ਥੋੜਾ ਬਦਲਣਾ ਸ਼ੁਰੂ ਕੀਤਾ। 1931 ਦੇ ਵਿੱਚ ਬ੍ਰਿਟੇਨ ਨੇ ਕੈਨੇਡਾ ਅਤੇ ਅਸਟਰੇਲੀਆ ਦੇ ਨਾਲ ਕਾਮਨਵੈਲਥ ਆਫ਼ ਨੇਸ਼ਨ ਦੇ ਨਾਂ ਉੱਤੇ ਵਪਾਰਕ ਸੰਬੰਧ ਸਥਾਪਿਤ ਕੀਤੇ। ਦੂਸਰੇ ਮਹਾਂ ਯੁੱਧ ਤੋਂ ਬਾਅਦ ਪੂੰਜੀ ਦੀ ਅਰਥ ਵਿਵਸਥਾ ਖੜੋਤ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਈ ਸੀ ਅਤੇ ਅਮਰੀਕਾ ਇੱਕ

ਸ਼ਕਤੀਸ਼ਾਲੀ ਸਾਮਰਾਜ ਵਜੋਂ ਉਭਰਨਾ ਸ਼ੁਰੂ ਹੋ ਗਿਆ ਸੀ। ਪੂੰਜੀ ਦੇ ਵਾਧੇ ਨੂੰ ਰੋਕਣ ਦੇ ਲਈ ਸਾਮਰਾਜਵਾਦੀ ਦੇਸ਼ਾਂ ਨੇ ਰੋਕ ਲਗਾਉਣੀ ਸ਼ੁਰੂ ਕਰ ਦਿੱਤੀ। ਜੇਕਰ ਉਦਯੋਗਿਕ ਦ੍ਰਿਸ਼ਟੀਕੋਣ ਦੇ ਨਾਲ ਦੇਖ਼ਿਆ ਜਾਵੇ ਤਾਂ, ਅਮਰੀਕਾ ਮਹਾਂਸ਼ਕਤੀ ਦੇ ਸਰੂਪ ਵਿੱਚ ਇਕੱਲਾ ਖੜ੍ਹਾ ਦਿਖਾਈ ਦਿੰਦਾ ਹੈ। ਇਸ ਦੇ ਨਾਲ ਹੀ ਸਾਮਰਾਜਵਾਦ ਆਪਣੇ ਨਵੀਨ ਰੂਪ ਵਿਚ ਪਰਿਵਰਤਿਤ ਹੋ ਕੇ, ਤੀਸਰੀ ਦੁਨੀਆਂ ਦੇ ਵਿਚਕਾਰ ਆਪਣਾ ਸਥਾਨ ਬਣਾਉਣ ਵਿੱਚ ਲੱਗਾ ਹੈ।

ਦੂਸਰੇ ਵਿਸ਼ਵ ਜੰਗ ਤੋਂ ਬਾਅਦ ਅਰਥਵਿਵਸਥਾ ਦੀ ਇੱਕ ਰੂਪ-ਰੇਖਾ ਤਿਆਰ ਕੀਤੀ ਗਈ। 1944 ਦੇ ਵਿੱਚ ਅਮਰੀਕਾ ਨੇ ਬ੍ਰਿਟੇਨਬ੍ਰਡਸ ਵਿੱਚ ਸੰਮੇਲਨ ਕਰਵਾਇਆ। ਇੱਥੇ ਦੋ ਸੰਸਥਾਵਾਂ ਦੀ ਸਥਾਪਨਾ ਕੀਤੀ। ਜਿਨ੍ਹਾਂ ਦੇ ਵਿੱਚੋ ਵਿਸ਼ਵ ਬੈਂਕ ਇੱਕ ਹੈ ਅਤੇ ਦੂਸਰਾ ਅੰਤਰਾਸ਼ਟਰੀ ਮੁਦਰਾ ਕੋਸ਼ ਸੀ। ਇਹਨਾਂ ਦਾ ਮੁੱਖ ਦਫ਼ਤਰ ਵਾਸ਼ਿੰਗਟਨ ਡੀ.ਸੀ ਵਿੱਚ ਹੈ। ਇਸ ਸੰਮੇਲਨ ਦੇ ਵਿੱਚ ਤੈਅ ਕੀਤੀਆਂ ਨੀਤੀਆਂ ਦੇ ਅਨੁਸਾਰ ਦੁਨੀਆਂ ਦੇ ਵਿਭਿੰਨ ਦੇਸ਼ਾਂ ਦੀ ਮੁਦਰਾ ਨੂੰ ਅਮਰੀਕੀ ਡਾਲਰ ਦੀ ਦਰ ਨਾਲ ਜੋੜ ਦਿੱਤਾ ਗਿਆ। ਇਹਨਾਂ ਸੰਸਥਾਵਾਂ ਨੂੰ ਸਥਾਪਿਤ ਕਰਨ ਦਾ ਮੂਲ ਉਦੇਸ਼ ਸੀ ਕਿ ਜੰਗ ਦੇ ਬਾਅਦ ਖ਼ਰਾਬ ਹੋਈ ਆਰਥਕਤਾ ਨੂੰ ਫਿਰ ਤੋਂ ਖੜ੍ਹਾ ਕਰਨਾ ਸੀ। ਇਸ ਸੰਮੇਲਨ ਦੇ ਵਿੱਚ ਸੁਤੰਤਰ ਵਪਾਰ ਦੇ ਨਿਯਮਾਂ ਨੂੰ ਨਿਸ਼ਚਿਤ ਕਰਨ ਦੇ ਲਈ ਅੰਤਰਰਾਸ਼ਟਰੀ ਸੰਗਠਨ ਬਣਾਉਣ ਦੀ ਯੋਜਨਾ ਬਣਾਈ ਗਈ। ਪਰੰਤੂ ਇਹ ਯੋਜਨਾ ਪੂਰਨ ਨਾ ਹੋ ਸਕੀ।

ਸੋਵੀਅਤ ਸੰਘ ਦੇ ਵਿਘਟਨ ਤੇ ਚੀਨ ਦੇ ਦੁਆਰਾ ਪੂੰਜੀਵਾਦੀ ਵਿਵਸਥਾ ਨੂੰ ਅਪਣਾਉਣ ਦੇ ਕਾਰਨ ਭੂਮੀਮੰਡਲੀਕਰਨ ਨੂੰ ਬੜਾਵਾ ਮਿਲਿਆ। 24 ਜੁਲਾਈ 1991 ਨੂੰ ਭਾਰਤ ਵੀ ਭੂਮੀਮੰਡਲੀਕਰਨ ਦੀ ਪ੍ਰਕਿਰਿਆ ਵਿੱਚ ਸ਼ਾਮਿਲ ਹੋ ਗਿਆ। ਇਸ ਪ੍ਰਕਿਰਿਆ ਦੇ ਬਾਰੇ ਵਿਸ਼ਵ ਪ੍ਰਸਿਧ ਚਿੰਤਕ ਨੇ ਕਿਹਾ ਕਿ "ਵਿਕਾਸ ਦਾ ਜੋ ਰਸਤਾ ਚੁਣਿਆ ਗਿਆ ਸੀ, ਉਹ ਪੂੰਜੀ ਦੀ ਸੰਗ ਕਰਨ ਵਾਲਾ ਸੀ। ਲਗਭਗ ਹਰ ਦੇਸ਼ ਦੇ ਕੋਲ ਨਿਵੇਸ਼ ਦੇ ਲਈ ਪੂੰਜੀ ਦੀ ਚਾਹ ਵੱਧਦੀ ਜਾ ਰਹੀ ਸੀ। ਗੈਰ-ਪੂੰਜੀਵਾਦੀ ਭੂਮੀਮੰਡਲੀਕਰਨ ਦੀ ਵਿਫਲਤਾ ਅਤੇ ਨਿਵੇਸ਼ ਅੰਤਕਾਲ ਦੀ ਸਮੱਸਿਆ ਦਾ ਫ਼ਾਇਦਾ ਉਠਾ ਕੇ ਪੂੰਜੀਵਾਦੀ ਭੂਮੀਮੰਡਲੀਕਰਨ ਨੇ ਵਿਸ਼ਵ ਵਪਾਰ ਦੇ ਦਾਇਰੇ ਵਿੱਚ ਲਗਭਗ ਸਾਰੀ ਦੁਨੀਆਂ ਨੂੰ ਘਸੀਟ ਲਿਆ।" *(ਅਭੈ ਕੁਮਾਰ ਦੂਬੇ. (ਸੰਪਾ.) ਭਾਰਤ ਕਾ ਭੂਮੀਮੰਡਲ਼ੀਕਰਨ 35)*

ਭੂਮੀਮੰਡਲੀਕਰਨ ਦੀ ਇੱਕ ਪ੍ਰਕਿਰਿਆ ਹੈ, ਜਿਸ ਦੇ ਆਪਣੇ ਨਿਯਮ ਹਨ। ਇਹਨਾਂ ਨਿਯਮਾ ਦੀ ਪਾਲਣਾ ਅਤੇ ਬਾਕੀਆਂ ਨੂੰ ਇਸੇ ਦੇ ਅਨੁਸਾਰੀ ਹੋ ਕੇ ਚਲਣਾ ਪਵੇਗਾ। ਇਹ ਹੀ ਤੈਅ ਕਰੇਗੀ ਕਿ ਮਨੁੱਖ ਦੀ ਸਥਿਤੀ ਕਿਵੇਂ ਦੀ ਹੋਵੇਗੀ। ਭੂਮੀਮੰਡਲੀਕਰਨ ਦੇ ਪ੍ਰਭਾਵ ਸਦਕਾ ਬਜ਼ਾਰ ਦੀ ਸਥਿਤੀ ਬਦਲ ਗਈ। ਜਿਸ ਦਾ ਸਿੱਟਾ ਇਹ ਨਿਕਲਿਆ ਉਤਾਪਦਨ ਅਤੇ ਖਪਤਕਾਰ ਦਾ ਸਿੱਧਾ ਸੰਬੰਧ ਟੁੱਟ ਗਿਆ।ਪਹਿਲਾਂ ਉਤਾਪਦਨ ਕਰਤਾ ਅਤੇ ਖਪਤਕਾਰ ਦੇ ਲੈਣ-ਦੇਣ ਵਿਚਕਾਰ ਕੋਈ ਮਾਧਿਅਮ ਨਹੀ ਬਣਦਾ ਸੀ। ਇਸ ਵਿੱਚ ਦੋਹਾਂ ਧਿਰਾਂ ਦਾ ਫ਼ਾਇਦਾ ਹੁੰਦਾ ਸੀ। ਪਰੰਤੂ ਭੂਮੀਮੰਡਲੀਕਰਨ ਦੀ ਪ੍ਰਕਿਰਿਆ ਨੇ ਸਾਰੀ ਅਰਥਵਿਵਸਥਾ ਹੀ ਬਦਲ ਕੇ ਰੱਖ ਦਿੱਤੀ। ਇਸ ਪ੍ਰਕਿਰਿਆ ਨੇ ਮਨੁੱਖ ਨੂੰ ਵੀ ਵਸਤ ਦੇ ਰੂਪ ਵਿੱਚ ਪੇਸ਼ ਕਰਕੇ ਬਜ਼ਾਰ ਦਾ ਹਿੱਸਾ ਬਣਾ ਦਿੱਤਾ। ਵੱਡੀਆਂ-ਵੱਡੀਆਂ ਕੰਪਨੀਆਂ ਮਨੁੱਖੀ ਮਿਹਨਤ ਤੋਂ ਵੀ ਆਪਣਾ ਮੁਨਾਫ਼ਾ ਕਮਾ ਰਹੀਆਂ ਹਨ। ਇਸ ਤਰ੍ਹਾ ਪੂੰਜੀਵਾਦੀ ਨੂੰ ਜ਼ਿਆਦਾ ਮਹੱਤਵ ਮਿਲਦਾ ਤੇ ਪੂੰਜੀ ਦੁਆਰਾ ਸੋਸ਼ਣ ਵੀ ਹੁੰਦਾ ਹੈ। ਸ਼ਕਤੀਸ਼ਾਲੀ ਦੇਸ਼ ਮਿਲ ਕੇ ਇੱਕੋ ਜਿਹੀ ਸਥਿਤੀਆਂ ਨੂੰ ਉਤਪੰਨ ਕਰਦੇ ਭਾਵੇਂ ਉਹ ਰਾਜਨੀਤਿਕ, ਸਮਾਜਕ, ਆਰਥਕ ਹੀ ਕਿਉਂ ਨਾ ਹੋਣ। ਇੱਦਾਂ ਦੇ ਮਾਹੌਲ ਵਿੱਚ ਖਪਤ ਦੀ ਸੰਸਕ੍ਰਿਤੀ ਫੈਲਣੀ ਤੇ ਫੈਲਾਉਣੀ ਸੌਖੀ ਹੋ ਜਾਂਦੀ ਹੈ।

ਭੂਮੀਮੰਡਲੀਕਰਨ ਦੀ ਵਿਵਸਥਾ ਪ੍ਰਚਲਿਤ ਹੋ ਜਾਣ ਤੋਂ ਬਾਅਦ ਇਸ ਦੇ ਵਿੱਚ ਬਦਲਾਅ ਕਰਨੇ ਸ਼ੁਰੂ ਕਰ ਦਿੱਤੇ ਸਨ। ਵਪਾਰਕ ਕੰਪਨੀਆਂ ਨੇ ਆਪਣੇ ਵਪਾਰ ਨੂੰ ਵਧਾਉਣ ਲਈ ਵੱਖੋ-ਵੱਖਰੇ ਢੰਗ ਤਰੀਕੇ ਅਪਣਾਉਣੇ ਸ਼ੁਰੂ ਕਰ ਦਿੱਤੇ। ਨਿਵੇਸ਼ ਕਰਨ ਦੇ ਲਈ ਰੇਲ ਗੱਡੀ, ਸਮੁੰਦਰੀ ਬੇੜੇ ਆਦਿ ਦੇ ਪ੍ਰਬੰਧ ਕੀਤੇ ਗਏ ਸਨ, ਅੱਜ ਦੇ ਸਮੇਂ ਮਨੁੱਖ ਦੀ ਜ਼ਰੂਰਤ ਦਾ ਹਰ ਸਮਾਨ ਮੋਜੂਦ ਹੈ। ਨਵੀਆਂ ਨਵੀਆਂ ਸਹੂਲਤਾਂ ਦੇ ਰਾਹੀਂ ਦੂਰ ਦੁਰਾਡੇ ਬੈਠੀਆਂ ਕੰਪਨੀਆਂ ਆਪਣੇ ਵਪਾਰ ‘ਤੇ ਨਜ਼ਰ ਬਣਾਈ ਰੱਖਦੀਆਂ ਹਨ। ਨਵੀਆਂ ਤਕਨੀਕਾਂ ਨੇ ਕੇਵਲ ਵਪਾਰ ਨੂੰ ਵੱਡਾ ਕੀਤਾ, ਸਗੋਂ ਕੰਪਨੀਆਂ ਨੂੰ ਲੱਖਾਂ ਦਾ ਮੁਨਾਫ਼ਾ ਵੀ ਕਰਵਾਇਆ ਹੈ। ਵਿਕਸਿਤ ਦੇਸ਼ਾਂ ਨੇ ਕਾਲ ਸੈਂਟਰ ਖੋਲ੍ਹ ਲਏ ਹਨ ਅਤੇ ਮਨੁੱਖ ਨੂੰ ਸਿਖਲਾਈ ਦੇ ਕੇ ਘੱਟ ਮਿਹਨਤ ਦੇ ਰਹੇ ਹਨ। ਕੰਪਨੀਆਂ ਨੂੰ ਘੱਟ ਲਾਗਤ ਉੱਤੇ ਮਜ਼ਦੂਰ ਮਿਲ ਜਾਂਦੇ ਹਨ, ਜੋ ਲੋਕਾਂ ਦੀ ਸਮੱਸਿਆ ਨੂੰ ਸੁਲਝਾ ਲੈਂਦੇ ਹਨ। ਕੰਪਨੀਆਂ ਆਪਣੇ ਮੁਨਾਫ਼ੇ ਦੇ ਲਈ ਪ੍ਰਕਿਰਤਿਕ ਨੂੰ ਵੀ ਭੂਮੀਮੰਡਲੀਕਰਨ ਵਿੱਚ ਬਦਲ ਰਹੇ ਹਨ।

ਇਹਨਾਂ ਵਪਾਰਕ ਕੰਪਨੀਆਂ ਦਾ ਪ੍ਰਮੁੱਖ ਲਕਸ਼ ਆਪਣੇ ਵਪਾਰ ਅਤੇ ਮੁਨਾਫ਼ੇ ਨੂੰ ਪ੍ਰਤੀ ਦਿਨ ਵਧਾਉਣਾ ਹੁੰਦਾ ਹੈ। "ਅਮਰੀਕੀ ਤੇ ਚੀਨੀ ਕੰਪਨੀਆਂ ਇਸ ਹੋੜ ਦੇ ਵਿੱਚ ਅੱਗੇ ਨਿਕਲ ਗਈਆਂ ਹਨ। ਅਮਰੀਕਾ ਦੀਆਂ ਚਾਰ ਵੱਡੀਆਂ ਕੰਪਨੀਆਂ ਜਨਰਲ ਮੋਟਰ, ਬਾਲ ਮਾਟ, ਡੇਮਲਰ ਕ੍ਰਿਸਟਰ ਦਾ ਕੁਲ ਮੁਨਾਫ਼ਾ ਦੁਨੀਆਂ ਦੇ 48 ਗਰੀਬ ਮੁਲਕਾਂ ਤੋਂ ਜ਼ਿਆਦਾ ਹੈ।" *(ਸਿਟੀਜ਼ਨਸ਼ਿਪ. ਨਿਊਜ਼ ਪੈਲਸ ਮੈਗਜ਼ੀਨ 13)*

ਵਪਾਰਕ ਕੰਪਨੀਆਂ ਦਾ ਮੁਨਾਫ਼ਾ ਉਦੋਂ ਹੀ ਵੱਧ ਸਕਦਾ ਹੈ, ਜਦੋਂ ਉਤਾਪਦਨ ਅਤੇ ਖਪਤ ਜ਼ਿਆਦਾ ਤੋਂ ਜ਼ਿਆਦਾ ਹੋਏ। ਕੰਪਨੀਆਂ ਆਪਣੇ ਮੁਨਾਫ਼ੇ ਦੇ ਲਈ ਵਸਤੂਆਂ ਦੀ ਪੈਕਿੰਗ ਵੱਲ ਜ਼ਿਆਦਾ ਧਿਆਨ ਦਿੰਦੀਆਂ ਹਨ। ਉਹਨਾਂ ਵਸਤਾਂ ਦੀ ਪ੍ਰਸਤੁਤੀ ਲਈ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਅੱਜ ਕੱਲ੍ਹ ਛੋਟੇ ਜਾਂ ਵੱਡੇ ਸ਼ਹਿਰ ਦੇ ਵਿੱਚ ਸ਼ਾਪਿੰਗ ਮਾਲ ਤੇ ਡਿਪਾਰਟਮੈਂਟਲ ਸਟੋਰ ਖੁੱਲ ਗਏ ਹਨ ਜਿਵੇਂ ਕਿ ਬਿਗ ਬਜ਼ਾਰ, ਆਦਿ ਰਲਾਇੰਸ ਵਰਗੇ। ਇੱਥੇ ਵੱਖੋ ਵੱਖਰੀਆਂ ਵਸਤਾਂ ਨੂੰ ਨਵੀਨ ਢੰਗ ਨਾਲ ਸਜਾ ਕੇ ਰੱਖਿਆ ਜਾਂਦਾ ਹੈ, ਤਾਂ ਜੋ ਗਾਹਕ ਦੇਖ ਕੇ ਆਕਰਸ਼ਿਤ ਹੋ ਸਕੇ। ਗਾਹਕ ਆਕਰਸ਼ਣ ਵਿੱਚ ਫਸ ਕੇ ਬੇਫਜ਼ੂਲ ਵਸਤਾਂ ਨੂੰ ਖਰੀਦ ਲੈਂਦਾ ਹੈ। ਇਹਨਾਂ ਸ਼ਾਪਿੰਗ ਸੈਂਟਰਾਂ ਦਾ ਵਾਤਾਵਰਨ ਸੰਗੀਤ ਰਸ ਨਾਲ ਭਰਿਆ ਹੁੰਦਾ ਹੈ। ਇਹ ਸੈਂਟਰ ਮਨੁੱਖ ਦੀ ਮਾਨਸਿਕਤਾ ਉੱਤੇ ਕਬਜ਼ਾ ਕਰ ਲੈਂਦੇ ਹਨ। ਮਾਨਵ ਬੁਨਿਆਦੀ ਜ਼ਰੂਰਤ ਤੋਂ ਦੂਰ ਹੋ ਕੇ ਘਰ ਲਈ ਬੇਮਤਲਬ ਜਾਂ ਬੇਫਜ਼ੂਲ ਵਸਤਾਂ ਦੀ ਖ਼ਰੀਦਦਾਰੀ ਜ਼ਿਆਦਾ ਕਰਦਾ ਹੈ।

ਵਪਾਰੀ ਤੇਜ਼ ਬੁੱਧੀ ਦੇ ਮਾਲਕ ਹੁੰਦੇ ਹਨ। ਉਹ ਆਪਣੇ ਵਪਾਰ ਨੂੰ ਪ੍ਰਫੁੱਲਤ ਕਰਨ ਦੇ ਲਈ ਕੋਈ ਨਾ ਕੋਈ ਢੰਗ ਤਰੀਕਾ ਅਪਣਾਉਂਦੇ ਰਹਿੰਦੇ ਹਨ। ਵਿਗਿਆਪਨ ਦੇ ਰਾਹੀਂ ਘੱਟ ਮੁੱਲ ਉੱਤੇ ਜਾਂ ਆਫਰਾਂ ਦੇ ਰਾਹੀਂ ਗਾਹਕ ਨੂੰ ਆਕਰਸ਼ਣ ਲਈ ਹੱਥ ਕੰਢੇ ਵਰਤਦੇ ਰਹਿੰਦੇ ਹਨ। ਮੌਸਮ ਦੇ ਨਾਲ ਫ਼ੈਸ਼ਨ ਵੀ ਬਦਲਦਾ ਰਹਿੰਦਾ ਹੈ। ਵਪਾਰ ਮਨੁੱਖ ਨੂੰ ਦਿਖਾਉਂਦਾ ਰਹਿੰਦਾ ਹੈ ਕਿ ਮਨੁੱਖ ਨੂੰ ਕਿਹੜੀ ਵਸਤ ਵਰਤਣੀ ਚਾਹੀਦੀ ਹੈ। ਉਹਨਾਂ ਨੂੰ ਸਮੇਂ ਦੇ ਨਾਲ ਪੁਰਾਣੀ ਵਸਤਾਂ ਨੂੰ ਬਦਲਦੇ ਰਹਿਣਾ ਚਾਹੀਦਾ ਹੈ, ਜੇਕਰ ਇਹ ਪੁਰਾਣੀਆਂ ਹੀ ਵਸਤਾ ਨੂੰ ਵਰਤਦਾ ਰਹੇਗਾ ਤਾਂ ਉਹ ਸਮੇਂ ਦੇ ਨਾਲ ਪੱਛੜ ਜਾਵੇਗਾ। ਅਜੋਕੇ ਮਨੁੱਖ ਦੀ ਬਿਹਤਰੀ ਹੀ ਬਦਲ ਗਈ ਹੈ, ਉਹ ਨਵੀਆਂ ਨਵੀਆਂ ਵਸਤਾਂ ਦੀ ਵਰਤੋਂ ਨੂੰ ਆਧੁਨਿਕ ਹੋਣਾ ਮੰਨਦਾ ਹੈ। ਇਸ ਨੇ ਮਨੁੱਖ

ਦੀ ਸੋਚ ਨੂੰ ਬਲਕਿ ਉਸਦੀ ਵਰਤੋਂ ਕਰਨ ਦੇ ਢੰਗ ਨੂੰ ਆਧੁਨਿਕ ਬਣਾਇਆ ਹੈ। ਇਹੀ ਕਾਰਨ ਹੈ ਕਿ ਮਨੁੱਖ ਨਵੀਨ ਤਕਨੀਕਾਂ ਤੇ ਨਵੀਨ ਵਸਤਾਂ ਨੂੰ ਹੀ ਆਧੁਨਿਕੀਕਰਨ ਦੇ ਦਾਇਰੇ ਦੇ ਵਿੱਚ ਲੈ ਕੇ ਆ ਰਿਹਾ ਹੈ।

ਵਪਾਰ ਦੇ ਵਾਧੇ ਲਈ ਵਾਪਾਰੀ ਮਨੁੱਖ ਦੀ ਸੋਚ ਉੱਤੇ ਵਾਰ ਕਰਦੇ ਹਨ। ਮਨੁੱਖੀ ਸੋਚਣੀ ਨੂੰ ਆਪਣੇ ਦਾਇਰੇ ਹੇਠ ਕਰਨ ਲਈ ਫ਼ੈਸ਼ਨ ਸ਼ੋਅ ਜਾਂ ਹੋਰ ਸ਼ਾਪਿੰਗ ਦਾ ਆਯੋਜਨ ਦਾ ਦੌਰ ਦਿਨ ਬਦਿਨ ਵਧਦਾ ਜਾ ਰਿਹਾ ਹੈ। ਬਜ਼ਾਰ ਦੇ ਵਿੱਚ ਡੀਜ਼ਾਈਨਰ ਵਸਤਾਂ ਦੇ ਉਤਪਾਦਨ ‘ਦੇ ਨਾਮ ਉੱਤੇ ਰੋਜ਼ ਨਵੀਆਂ ਵਸਤਾਂ ਬਜ਼ਾਰ ਦੇ ਵਿੱਚ ਪੇਸ਼ ਹੋ ਰਹੀਆਂ ਹਨ। ਇਹ ਸਾਰੀ ਪੇਸ਼ਕਾਰੀ ਉਤਪਾਦਨ ਅਤੇ ਉਤਪਾਦਨ ਵਧਾਉਣ ਦੀਆ ਕੋਸ਼ਿਸ਼ਾਂ ਹੁੰਦੀਆਂ ਹਨ। ਬਜ਼ਾਰ ਵੀ ਨਵੀਆਂ- ਨਵੀਆਂ ਸਹੂਲਤਾਂ ਦੇ ਰਿਹਾ ਹੈ। ਬਜ਼ਾਰ ਵਿਚੋਂ ਸ਼ਾਪਿੰਗ ਕਰਨ ਲਈ ਕ੍ਰੈਡਿਟ ਕਾਰਡ, ਡੈਬਿਟ ਕਾਰਡ, ਨੈੱਟ ਬੈਂਕਿੰਗ ਆਦਿ ਵਰਗੀਆਂ ਸਹੂਲਤਾਂ ਦੇ ਰਿਹਾ ਹੈ। ਇਹਨਾਂ ਤਰੀਕਿਆਂ ਦੇ ਰਾਹੀਂ ਮਨੁੱਖ ਨੂੰ ਉਧਾਰ ਦੀਆਂ ਵਸਤਾਂ ਖਰੀਦਣ ਦੇ ਲਈ ਉਤੇਜਿਤ ਕਰ ਰਹੀਆਂ ਹਨ। ਜੇਕਰ ਮਨੁੱਖ ਸਮੇਂ ਉੱਤੇ ਉਧਾਰ ਵਾਪਸ ਨਹੀ ਕਰ ਪਾਉਂਦਾ ਤਾਂ ਉਹਨਾਂ ਕੰਪਨੀਆਂ ਨੇ ਉਧਾਰ ਵਾਪਸ ਲੈਣ ਦੇ ਲਈ ਗੁੰਡੇ ਵੀ ਰੱਖੇ ਹੋਏ ਹਨ। ਉਹ ਜ਼ਬਰਦਸਤੀ ਉਧਾਰ ਵਾਪਸ ਲੈਂਦੇ ਹਨ। ਬੇਸ਼ੱਕ ਇਹ ਸੁਖ-ਸਹੂਲਤਾਂ ਮਨੁੱਖ ਨੂੰ ਮਨ ਦਾ ਚੈਨ ਤਾਂ ਦਿੰਦੀਆਂ ਅਤੇ ਨਾਲ ਹੀ ਮਨੁੱਖ ਦਾ ਸਕੂਨ ਵੀ ਖੋਹ ਲੈਂਦੀਆਂ ਹਨ। ਇਹ ਪ੍ਰਕਿਰਿਆਂ ਦੇ ਕਰਕੇ ਮਨੁੱਖ ਦਾ ਜੀਵਨ ਵਸਤਾਂ ਦੇ ਦੁਆਲੇ ਹੀ ਕੇਂਦਰਿਤ ਹੋ ਕੇ ਰਹਿ ਗਿਆ ਹੈ।

ਇਸ ਭੂਮੀਮੰਡਲੀਕਰਨ ਦੇ ਦੌਰ ਦੇ ਵਿੱਚ ਵਪਾਰਕ ਕੰਪਨੀਆਂ ਨੇ ਮਨੁੱਖ ਨੂੰ ਖਪਤ ਵਿੱਚ ਹੀ ਤਬਦੀਲ ਕੀਤਾ ਹੈ। ਕੰਪਨੀਆਂ ਦੇ ਆਪਸੀ ਪ੍ਰਤੀਯੋਗਤਾ ਦੇ ਕਾਰਨ ਮਨੁੱਖੀ ਮਨ ਦੇ ਵਿੱਚ ਵਸਤਾਂ ਦੀ ਪ੍ਰਤਿਸ਼ਠਾ ਦੀ ਗੱਲ ਬੈਠਾ ਦਿੱਤੀ ਅਤੇ ਸਮਾਜ ਦੇ ਵਿੱਚ ਵਸਤਾਂ ਹੀ ਪ੍ਰਤਿਸ਼ਠਾ ਬਣਾਉਂਦੀਆਂ ਹਨ। ਅੱਜ ਦਾ ਮਨੁੱਖ ਵੀ ਵਸਤਾਂ ਨੂੰ ਹੀ ਪ੍ਰਤਿਸ਼ਠਾ ਦਾ ਹੀ ਕਾਰਨ ਮੰਨਦੇ ਹਨ। ਉਹ ਜਿੰਨੇ ਮਹਿੰਗੇ ਵਸਤ (ਬ੍ਰਾਂਡ) ਵਰਤਣਗੇ, ਉਨਾਂ ਹੀ ਸਮਾਜ ਵਿੱਚ ਮਨੁੱਖ ਦੀ ਸਥਿਤੀ ਉਨੀ ਹੀ ਉੱਚੀ ਹੋਵੇਗੀ। ਇਹਨਾਂ ਬ੍ਰਾਂਡਾਂ ਨੂੰ ਲੋਕਾਂ ਦੇ ਵਿੱਚ ਲੋਕਪ੍ਰਿਯ ਬਣਾਉਣ ਦੇ ਲਈ ਵਿਗਿਆਪਨ ਦੀ ਅਹਿਮ ਭੂਮਿਕਾ ਹੈ। ਕੰਪਨੀਆਂ ਆਪਣੇ ਵਿਗਿਆਪਨ ਥਾਂ ਥਾਂ ਲਗਾਉਂਦੀਆਂ ਹਨ। ਮਨੁੱਖ ਦੀ ਦ੍ਰਿਸ਼ਟੀ ਜਿੱਥੇ ਵੀ ਪਵੇ, ਉੱਥੇ ਹੀ ਵਿਗਿਆਪਨ ਨਜ਼ਰ ਆਵੇ। ਮਨੁੱਖ

ਬ੍ਰਾਂਡ ਦੀ ਦੁਨੀਆਂ ਦੇ ਵਿੱਚ ਹੀ ਘੁੰਮ ਰਿਹਾ ਹੈ, ਜਿੱਥੇ ਮਨੁੱਖ ਦੀ ਕਾਇਆਂ ਹੀ ਕਲਪ ਹੋ ਗਈ ਹੈ। ਕੰਪਨੀਆਂ ਨੂੰ ਕੋਈ ਨਾ ਕੋਈ ਬ੍ਰਾਂਡ ਵੇਚਣ ਦਾ ਮੌਕਾ ਮਿਲ ਹੀ ਜਾਂਦਾ ਹੈ। ਕੰਪਨੀਆਂ ਦੁਆਰਾ ਦਿੱਤੇ ਆਫ਼ਰ ਮਨੁੱਖ ਨੂੰ ਨਾ ਚਾਹੁੰਦੇ ਹੋਏ ਵੀ ਬਜ਼ਾਰ ਦੇ ਵਿੱਚ ਰੁਕਣਾ ਪੈਂਦਾ ਹੈ। ਇਹਨਾਂ ਕੰਪਨੀਆਂ ਨੇ ਮਨੁੱਖੀ ਜੀਵਨ ਦੇ ਹਰ ਮੌਕੇ ਨੂੰ ਪਰਿਵਰਤਿਤ ਕਰਕੇ ਉਪਭੋਗਤਾ ਦੇ ਵਿੱਚ ਤਬਦੀਲ ਕਰ ਦਿੱਤਾ ਹੈ।

ਵੱਡੀਆਂ ਵੱਡੀਆਂ ਕੰਪਨੀਆਂ ਆਪਣੇ ਵਪਾਰ ਦੇ ਪ੍ਰਚਾਰ ਲਈ ਸਮਾਜ ਦੀਆਂ ਵੱਡੀਆਂ ਸ਼ਖ਼ਸੀਅਤਾਂ ਨੂੰ ਆਪਣਾ ਬ੍ਰਾਂਡਅੰਮਬੈਸਟਰ ਬਣਾਉਂਦੀਆਂ ਹਨ। ਇਲਾਕੇ ਦੀਆਂ ਮਹਾਨ ਸ਼ਖ਼ਸ਼ੀਅਤਾਂ ਜਾਂ ਐਕਟਰਾਂ ਨੂੰ ਹੀ ਬਣਾਇਆ ਜਾਂਦਾ ਹੈ ਜਿਵੇਂ ਕਿ ਅਮਿਤਾਭ ਬਚਨ ਨੂੰ ਸਰਕਾਰ ਨੇ ਸਵੱਛ ਅਭਿਆਨ ਦਾ ਬਣਾਇਆ ਹੈ। ਉਸ ਦੀਆਂ ਉਪਲੱਬਦੀਆਂ ਹੀ ਮੁਨਾਫ਼ਾ ਕਮਾਉਣ ਦੇ ਵਿੱਚ ਸਹਾਇਕ ਹੁੰਦੀਆ ਹਨ।ਇਸ ਵਿੱਚ ਕੋਈ ਸ਼ੱਕ ਨਹੀ ਕਿ ਆਮ ਲੋਕ ਵੀ ਉਹਨਾਂ ਵਰਗਾ ਜੀਵਨ ਜਿਊਣਾ ਚਾਹੁੰਦੇ ਹਨ, ਕੀ ਖਾਂਦੇ ਤੇ ਕੀ ਪਾਉਂਦੇ ਆਦਿ ਨੂੰ ਆਪਣੇ ਲਈ ਮਨੁੱਖ ਨਕਲ ਕਰਨ ਲਈ ਤਿਆਰ ਬੈਠਾ ਰਹਿੰਦਾ ਹੈ। ਉਹਨਾਂ ਦੀਆਂ ਸਫਲਤਾਵਾਂ ਨੂੰ ਵਸਤ ਦੇ ਨਾਲ ਜੋੜ ਕੇ ਵੇਚਿਆ ਜਾਂਦਾ ਹੈ। ਭਾਰਤ ਇੱਕ ਵਿਕਾਸਸ਼ੀਲ ਦੇਸ਼ ਹੈ। ਇੱਥੇ ਕੰਪਨੀਆਂ ਮਨੁੱਖ ਦੇ ਵਿੱਚ ਲਲ੍ਹਕ ਅਤੇ ਆਕਰਸ਼ਣ ਪੈਦਾ ਕਰਨ ਦੇ ਲਈ ਮਿਸ ਇੰਡੀਆ ਅਤੇ ਮਿਸਟਰ ਇੰਡੀਆ ਆਦਿ ਪ੍ਰੋਗਰਾਮਾਂ ਨੂੰ ਵੱਡੀਆਂ ਕੰਪਨੀਆਂ ਆਯੋਜਿਤ ਕਰਦੀਆਂ ਹਨ। ਇਹਨਾਂ ਪ੍ਰੋਗਰਾਮਾਂ ਦੇ ਵਿੱਚ ਖ਼ਰਚ ਦਾ ਪੱਧਰ ਵੀ ਵਿਸ਼ਾਲ ਹੀ ਹੁੰਦਾ ਹੈ ਅਤੇ ਇਹਨਾਂ ਨੂੰ ਟੀ.ਵੀ ਉੱਤੇ ਦਿਖਾਇਆ ਵੀ ਜਾਂਦਾ ਹੈ। ਸਾਧਾਰਨ ਵਿਅਕਤੀ ਵੀ ਇਹਨਾਂ ਪ੍ਰੋਗਰਾਮਾਂ ਦਾ ਹਿੱਸਾ ਬਣਨਾ ਚਾਹੁੰਦਾ ਹੈ। ਉਹ ਚਾਹੇ ਤੇ ਅਣਚਾਹੇ ਵੀ ਉਹਨਾਂ ਵਸਤੂਆਂ ਨੂੰ ਵਰਤਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਹੀ ਖਪਤ ਦੀ ਸੰਸਕ੍ਰਿਤੀ ਦਾ ਹਰ ਪਾਸੇ ਬੋਲ-ਬਾਲਾ ਹੈ। ਅਮਰੀਕਾ ਦੇ ਆਲੋਚਕ ਐਸ ਬਿਲੈਂਡ ਦੀ ਧਾਰਨਾ ਅਨੁਸਾਰ, "ਜਿਸ ਪ੍ਰਕਾਰ ਦੀਆਂ ਫਿਲਮਾਂ ਅਤੇ ਟੈਲੀਵੀਜ਼ਨ ਦੇ ਸੀਰੀਅਲਾਂ ਵਿੱਚ ਲੋਕਾਂ ਨੂੰ ਕੁਝ ਵਿਸ਼ੇਸ਼ ਬ੍ਰਾਂਡ ਦੀ ਵਸਤੂਆਂ ਇਸਤੇਮਾਲ ਕਰਦੇ ਹੋਏ ਦਿਖਾਇਆ ਜਾਂਦਾ ਹੈ ਉਸੀ ਪ੍ਰਕਾਰ ਕਹਾਣੀਆ ਵਿਚਲੇ ਚਰਿਤ੍ਰ ਨੂੰ ਵੀ ਇੱਦਾਂ ਦਾ ਦਿਖਾਇਆ ਜਾਂਦਾ ਹੈ"। *(ਨੇਗੋਛਿਸ਼ਨ ਕੰਨਜ਼ਿਊਮਰ ਇਨ ਫਿਕਸ਼ਨ. www. wolrdplay-kmweiland.blogspot.com)*

ਇਸਨੇ ਆਪਣੇ ਪ੍ਰਭਾਵ ਤੋਂ ਕੋਈ ਵੀ ਪੱਖ ਅਛੂਤਾ ਨਹੀ ਛੱਡਿਆ ਹੈ। ਸਮੇਂ ਦੀ ਬਦਲ਼ੀ ਚਾਲ ਨੇ ਮਨੁੱਖ ਨੂੰ 'ਸ਼ਾਪਿੰਗ ਮਾਲ'ਦੇ ਵਿੱਚ ਪਰਿਵਰਤਿਤ ਕਰ ਦਿੱਤਾ ਹੈ। ਇਹਨਾਂ ਸ਼ਾਪਿੰਗ ਮਾਲ ਦੇ ਵਿੱਚ ਮਨੁੱਖ ਨੂੰ ਆਪਣੀ ਜ਼ਰੂਰਤ ਦੀ ਹਰ ਵਸਤ ਮਿਲ ਜਾਦੀ ਹੈ। ਸ਼ਾਪਿੰਗ ਮਾਲ ਦੀ ਤਰ੍ਹਾਂ ਮਨੁੱਖ ਨੇ ਆਪਣੇ ਦਾਇਰੇ ਨੂੰ ਸੀਮਿਤ ਕਰ ਲਿਆ ਹੈ। ਮਨੁੱਖ ਮਨ ਦੇ ਦਾਇਰੇ ਸੀਮਿਤ ਹੋਣ ਕਾਰਨ ਮਤਲਬੀ ਬਣਦਾ ਜਾ ਰਿਹਾ ਹੈ। ਮਨੁੱਖ ਨੇ ਆਪਣੇ ਵਕਤ ਨੂੰ ਸੰਕੋਚ ਕਰ ਲਿਆ ਹੈ। ਪਹਿਲਾਂ ਮਨੁੱਖ ਮਿਲਣ ਦੇ ਮੌਕੇ ਭਾਲਦਾ ਹੁੰਦਾ ਸੀ, ਅੱਜ ਦੀ ਤਸਵੀਰ ਇਸਦੇ ਉਲਟ ਹੈ। ਮਨੁੱਖ ਦੇ ਵਕਤ ਹੁੰਦਿਆਂ ਵੀ ਉਸਦੇ ਕੋਲ ਮਿਲਣ- ਵਰਤਣ ਦੀ ਚਾਹ ਖਤਮ ਹੋ ਗਈ ਹੈ। ਇਸ ਚਰਚਾ ਤੋਂ ਸਪੱਸ਼ਟ ਹੈ ਕਿ ਆਧੁਨਿਕ ਵਿਵਸਥਾ ਨੇ ਮਾਨਵ ਜੀਵਨ ਨੂੰ ਪੂਰਨ ਤੋਰ ਤੇ ਬਦਲ ਦਿੱਤਾ ਹੈ। ਮਾਨਵ ਇੱਕ ਮਸ਼ੀਨ ਦੀ ਤਰ੍ਹਾਂ ਜੀਵਨ ਨੂੰ ਜੀਅ ਰਿਹਾ ਹੈ। ਉਪਰੋਕਤ ਚਰਚਾ ਤੋਂ ਇਹ ਸਪਸ਼ੱਟ ਹੁੰਦਾ ਹੈ ਕਿ ਹਰ ਸਮਾਜ ਦੇ ਵਿੱਚ ਖਪਤ ਦੀ ਆਮਦ ਰਹੀ ਹੈ। ਪਰ ਉਹ ਜ਼ਰੂਰਤ ਤੱਕ ਹੀ ਸੀਮਿਤ ਸੀ। ਵਰਤਮਾਨ ਸਮੇਂ ਦੇ ਵਿੱਚ ਵਿਸ਼ਵੀਕਰਨ ਅਤੇ ਭੂਮੀਮੰਡਲੀਕਰਨ ਦੇ ਆਗਮਨ ਨਾਲ ਪੂਰਨ ਰੂਪ ਵਿੱਚ ਉਭਰ ਕੇ ਸਾਹਮਣੇ ਆਈ ਹੈ।

**ਵਿਸ਼ਵੀਕਰਨ ਦਾ ਸੰਕਲਪ**

ਵਿਸ਼ਵੀਕਰਨ ਸ਼ਬਦ ਨੂੰ ਅੰਗਰੇਜ਼ੀ ਦੇ ਵਿੱਚ ਗਲੋਬਲਾਈਜੇਸ਼ਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇ ਲਈ ਸੰਸਾਰੀਕਰਨ ਅਤੇ ਭੂਮੀਮੰਡਲੀਕਰਨ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਵਿਸ਼ਵੀਕਰਨ ਇੱਕ ਸਰਮਾਏਦਾਰੀ ਵਿਵਸਥਾ ਹੈ, ਜੋ ਰਾਸ਼ਟਰੀ/ਅੰਤਰਰਾਸ਼ਟਰੀ ਹੱਦ ਬੰਦੀਆਂ ਨੂੰ ਤੋੜ ਕੇ ਸੰਸਾਰ ਦੀ ਆਰਥਕ ਵਿਵਸਥਾ ਨੂੰ ਇੱਕ ਕਰਦੀ ਹੈ।

ਇਨਸਾਈਕਲੋਪੀਡੀਆ ਆਫ਼ ਮਾਰਕਸਿਜਮ ਦੇ ਅਨੁਸਾਰ:

> ਪਹਿਲੀ ਵਾਰ ਗਲੋਬ ਸ਼ਬਦ 1890 ਈ. ਸ਼ਬਦ ਯਾਤਰਾ ਦੇ ਸੰਦਰਭ ਵਿੱਚ ਵਰਤਿਆ ਗਿਆ ਅਤੇ 1957 ਈ. ਦੇ ਵਿੱਚ ਇਸਦੀ ਵਰਤੋਂ ਵਪਾਰ ਦੇ ਲਈ ਕੀਤੀ ਗਈ। 1980 ਤੋਂ ਗਲੋਬਲਾਈਜੇਸ਼ਨ ਹੁਣ ਦੇ ਮੋਜੂਦਾ ਸੰਦਰਭ ਵਿੱਚ ਵਰਤਿਆ ਜਾਣ ਲੱਗਾ।

*(Encyclopedia of Marxism http://www.marxisphilosophy.org. glassry)*

ਵਿਸ਼ਵੀਕਰਨ ਇੱਕ ਪ੍ਰਕਿਰਿਆ ਹੈ, ਜੋ ਸਥਾਨਕ ਤੋਂ ਅੰਤਰਰਾਸ਼ਟਰੀ ਸੰਬੰਧਾਂ ਦੀ ਸਥਾਪਨਾ ਕਰਦੀ ਹੈ। ਇਸ ਦੇ ਰਾਹੀਂ ਤਕਨੀਕ, ਪੈਸਾ, ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਇਸ ਦੇ ਨਾਲ ਸਾਰਾ ਸੰਸਾਰ ਇਸਦੇ ਅੰਤਰਗਤ ਆ ਜਾਂਦਾ ਹੈ। ਸਮਾਜ ਦੇ ਹਰ ਹਿੱਸੇ ਨੂੰ ਆਪਣੇ ਕਲਾਵੇ ਵਿੱਚ ਲੈਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਦਾ ਰਸਤਾ ਸਿੱਧਾ ਜਾਂ ਅਸਿੱਧਾ ਵੀ ਹੋ ਸਕਦਾ ਹੈ। ਇਸ ਵਿਵਸਥਾ ਦੇ ਨਾਲ ਵਿਸ਼ਵ ਸਮਾਜ ਦਾ ਨਿਰਮਾਣ ਹੁੰਦਾ ਹੈ। ਸਮਾਜ ਦੇ ਵਿਭਿੰਨ ਵਿਭਿੰਨ ਸਭਿਆਚਾਰਾਂ ਦੀ ਦੂਰੀ ਮਿਟ ਜਾਂਦੀ ਹੈ।

**ਵਿਸ਼ਵੀਕਰਨ ਦੀਆ ਪਰਿਭਾਸ਼ਾਵਾਂ**

ਸਮਾਜਕ ਵਿਸ਼ਵੀਕਰਨ ਦੇ ਮੁਤਾਬਕ ਵਿਚਾਰਾਂ ਅਤੇ ਸੂਚਨਾ ਦਾ ਅਦਾਨ ਪ੍ਰਦਾਨ ਵੱਖੋ-ਵੱਖ ਦੇਸ਼ਾਂ ਦੇ ਵਿਚਕਾਰ ਹੁੰਦਾ ਹੈ। ਵਰਤਮਾਨ ਸਮੇਂ ਦੇ ਵਿੱਚ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਇਸ ਦੀ ਪ੍ਰਮੁੱਖ ਉਦਾਹਰਨ ਹੈ। ਸਮਾਜਕ ਵਿਸ਼ਵੀਕਰਨ ਦੇ ਵਿੱਚ ਇੰਟਰਨੈਸ਼ਨਲ ਮਸ਼ਹੂਰ ਫਿਲਮਾਂ, ਪੁਸਤਕਾਂ ਅਤੇ ਟੀ.ਵੀ ਸੀਰੀਅਲ ਸ਼ਾਮਿਲ ਹਨ ਉਦਾਹਰਨ ਦੇ ਤੌਰ ਤੇ harry potter and twilight ਦੀਆ ਫਿਲਮਾਂ ਤੇ ਪੁਸਤਕਾਂ ਸਾਰੇ ਸੰਸਾਰ ਵਿੱਚ ਪ੍ਰਸਿੱਧ ਹਨ। ਇਹਨਾਂ ਦੇ ਪਾਤਰਾਂ ਨੂੰ ਵਿਸ਼ਵ ਪੱਧਰ ਦੀ ਪ੍ਰਸਿੱਧੀ ਹਾਸਿਲ ਹੋਈ ਹੈ। ਸਮਾਜਕ ਵਿਸ਼ਵੀਕਰਨ ਅਕਸਰ ਸਭਿਆਚਾਰਕ ਵਖਰੇਵੇਂ ਜਾਂ ਅੰਤਰ ਦਾ ਵਿਰੋਧ ਕਰਦਾ ਹੈ।

(Types of globalization. https://www.tutor2u.net/politics/reference/types-of globalisation#:~:text=Social%20globalisation%20refers%20to%20the,films%2C%20 books%20and%20TV%20series)

ਸਮਾਜਕ ਪੱਖ ਵਿੱਚ ਵਿਸ਼ਵੀਕਰਨ ਦਾ ਪ੍ਰਭਾਵ ਸੌਖਿਆਂ ਹੀ ਪੈ ਜਾਂਦਾ ਹੈ ਜਿਵੇਂ ਕਿ ਕਿਸੇ ਵਿਗਿਆਪਨ ਨੂੰ ਸਮਾਜਕ ਮੁੱਲਾਂ ਦੇ ਨਾਲ ਜੋੜ ਲੋਕਾਂ ਦੇ ਵਿੱਚ ਪੇਸ਼ ਕੀਤਾ ਜਾਂਦਾ ਹੈ। ਸਮਾਜ ਸ਼ਾਸ਼ਤਰੀਆਂ ਦੇ ਮੁਤਾਬਕ "ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ,ਜਿਸ ਵਿੱਚ ਸਮਾਜ ਦੇ ਆਰਥਕ, ਸਮਾਜਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਆਪਸੀ ਤਾਲਮੇਲ ਸ਼ਾਮਲ ਹਨ, ਇਕ ਪ੍ਰਕਿਰਿਆ ਦੇ ਰੂਪ ਵਿੱਚ,ਇਸ ਵਿੱਚ ਦੇਸ਼ਾਂ,ਖੇਤਰਾਂ, ਸਮੁਦਾਇਆਂ ਅਤੇ ਇਥੋਂ ਤੱਕ ਕਿ ਪ੍ਰਤੀਤ ਹੁੰਦਾ ਵੱਖਰੇ ਸਥਾਨਾਂ ਦੇ ਵਿਚਕਾਰ ਇਹਨਾਂ ਪਹਿਲੂਆਂ ਦਾ ਲਗਾਤਾਰ ਵਧਾਇਆ ਜਾਣਾ ਸ਼ਾਮਿਲ ਹੈ।"(ਸਮਾਜ ਵਿਗਿਆਨ ਦੇ ਵਿੱਚ ਵਿਸ਼ਵੀਕਰਨ ਦੀ ਪਰਿਭਾਸ਼ਾ. https://pa.eferrit.com)

ਵਿਸ਼ਵੀਕਰਨ ਸੰਸਾਰ ਦੇ ਸਾਰੇ ਸਮਾਜਕ ਪੱਖਾਂ ਨੂੰ ਆਪਸ ਦੇ ਵਿੱਚ ਜੋੜ ਦਿੰਦਾ ਹੈ। ਸੰਸਾਰ ਦੇ ਕਿਸੇ ਕੋਨੇ ਦੇ ਵਿੱਚ ਨਵਾਂ ਚਲਨ ਪੈਦਾ ਹੁੰਦਾ ਹੈ ਅਤੇ ਸੰਸਾਰ ਦਾ ਦੂਜਾ ਕੋਨਾ ਆਪਣੇ ਆਪ ਚਲਨ ਨੂੰ ਅਪਣਾ ਲੈਂਦਾ ਹੈ। According to Gidden: "Globalization can be defined as the intensification of worldwide social relations which link distant localities in such a way that local happenings are shaped by events occurring many miles away and vice and versa. This is a dialectal process because such local happenings may move in a part of globalization as the lateral extension of social connections across time and space. Here worldwide relations are seen as becoming more". (The Sociology of Globalization 27)

ਆਰਥਕ ਵਿਸ਼ਵੀਕਰਨ: ਇਹ ਸੰਸਾਰ ਦੇ ਆਰਥਕ ਪੱਖਾਂ ਨੂੰ ਇੱਕ ਕਰਦਾ ਹੈ। "ਆਰਥਕ ਵਿਸ਼ਵੀਕਰਨ ਦੇ ਵਿੱਚ ਟਰੇਡ ਅਤੇ ਆਰਥਕ ਸਾਧਨ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਸ ਦੇ ਲਈ ਸਪਸ਼ੱਟ ਸਬੂਤ ਹੈ ਕਿ 2007 ਤੋਂ ਬਾਅਦ ਗਲੋਬਲ ਮੰਦੀ ਦੇ ਨਾਲ ਪ੍ਰਭਾਵਿਤ ਹੋਇਆ। ਆਰਥਕ ਵਿਸ਼ਵੀਕਰਨ ਦਾ ਅਰਥ ਇਹ ਵੀ ਹੈ ਕਿ ਇਹ ਤਕਨਾਲੋਜੀ ਅਤੇ ਸਰੋਤਾਂ ਦੇ ਨਾਲ ਦੋ ਪੱਖੀ ਢਾਂਚਾ ਉਸਰਦੇ ਹਨ। ਉਦਾਹਰਨ ਦੇ ਤੌਰ 'ਤੇ ਅਮਰੀਕਾ ਬਾਕੀ ਦੇਸ਼ਾਂ ਨੂੰ ਤਕਨਾਲੋਜੀ ਦੇ ਸਾਧਨ ਅਤੇ ਹੋਰ ਸਹੂਲਤਾਂ ਵੰਡ ਰਿਹਾ ਹੈ। ਵਿਕਸਿਤ ਦੇਸ਼ਾਂ ਦੇ ਸਰੋਤ ਵਿਕਾਸਸ਼ੀਲ ਦੇਸ਼ਾਂ ਨੂੰ ਵੇਚੇ ਜਾਂਦੇ ਹਨ।" (Types of Globalization. https://www.tutor2u.net)

ਆਰਥਕ ਵਿਸ਼ਵੀਕਰਨ ਵਪਾਰ ਦੇ ਵਿੱਚ ਨਵੇਂ ਢੰਗ ਤਰੀਕੇ ਪੈਦਾ ਕਰਦਾ ਹੈ ਅਤੇ ਵਪਾਰੀਆਂ ਨੂੰ ਕਮਾਈ ਦੇ ਸੌਖੇ ਸਾਧਨ ਉਪਲੱਬਧ ਕਰਵਾਉਂਦਾ ਹੈ ਜਿਵੇਂ ਕਿ ਆਨਲਾਈਨ ਵਪਾਰ ਆਦਿ। "According to Todaro and Smith: globalization as the process by which world economy becomes more interconnected, leading to a global economy and, increasing, global economic policy making, emerging of "global culture" in which masses consume similar goods and services across national borders. Nowadays, due to economic integration within and outside continents, this had drastically reduced barriers to foreign trade and inflows of foreign capitals in form of FDI, international remittance and foreign aid."

(Economic "globalization" is a historical process that results in human innovation and technological progress. https://www.researchgate.net/publication/270789691)

ਰਾਜਨੀਤਿਕ ਵਿਸ਼ਵੀਕਰਨ; ਇਸ ਨੇ ਵਿਸ਼ਵੀਕਰਨ ਦੇ ਆਗਮਨ ਵਿੱਚ ਪੂਰਾ ਸਹਿਯੋਗ ਦਿੱਤਾ ਅਤੇ ਵਪਾਰ ਦੀਆ ਨੀਤੀਆਂ ਨੂੰ ਸੌਖਾ ਕਰਨ ਦੇ ਲਈ ਨੀਤੀਆਂ ਦੇ ਵਿੱਚ ਬਦਲਾਅ ਕੀਤਾ। "ਇਸ ਦੇ ਮੁਤਾਬਕ ਰਾਜਨੀਤਿਕ ਸਹਿਯੋਗ ਦੀ ਮਾਤਰਾ ਵੱਖੋ ਵੱਖ ਦੇਸ਼ਾਂ ਦੇ ਵਿਚਕਾਰ ਮੋਜੂਦ ਹੈ। ਇਹ ਵਿਸ਼ਵਾਸ਼ ਕਰਦਾ ਹੈ ਕਿ, ਵਿਅਕਤੀਗਤ ਪ੍ਰਭਾਵ ਨਾਲੋਂ ਸੰਸਾਰ ਨੂੰ ਇੱਕ ਛੱਤਰੀ ਹੇਠਾਂ ਰੱਖ ਕੇ ਸੰਸਥਾ ਦੇ ਤੌਰ ਤੇ ਕੰਮ ਕੀਤਾ ਜਾ ਸਕਦਾ ਹੈ। ਰਾਜਨੀਤਿਕ ਪ੍ਰਸਾਰ ਦੇ ਲਈ WTo, UN ਅਤੇ ਹੋਰ ਸੰਸਥਾਵਾਂ ਨੇ ਮਦਦ ਕੀਤੀ ਹੈ ਤਾ ਕਿ ਸੰਸਾਰ ਵਿੱਚ ਰਾਜੀਨਿਤਕ ਵਿਸ਼ਵੀਕਰਨ ਦਾ ਵਿਕਾਸ ਹੋ ਸਕੇ।" (Types of Globalization. https://www.tutor2u.net)

ਵਰਤਮਾਨ ਰਾਜਨੀਤੀ ਦੀ ਸੋਚ ਵੀ ਕਾਰਪੋਰੇਟ ਵਾਲੀ ਹੋ ਗਈ ਹੈ। ਉਸੇ ਤਰ੍ਹਾਂ ਦੀਆਂ ਨੀਤੀਆਂ ਤਿਆਰ ਕਰਦੀ ਹੈ। Held Moellendorf ਦੀ ਧਾਰਨਾ ਹੈ ਕਿ ਗਲੋਬਲ ਰਾਜਨੀਤੀ ਇਕ ਅਜਿਹਾ ਸ਼ਬਦ ਹੈ ਜੋ ਸਵੀਕਾਰ ਕਰਦਾ ਹੈ ਕਿ ਰਾਜਨੀਤਿਕ ਜੀਵਨ ਦੇ ਪੈਮਾਨੇ ਨੇ ਬੁਨਿਆਦੀ ਤੌਰ 'ਤੇ ਤਬਦੀਲੀ ਕੀਤੀ ਹੈ। ਰਾਜਨੀਤੀ ਨੂੰ ਸਮਝਿਆ ਜਾਂਦਾ ਹੈ ਕਿ ਨਿਆਂ ਤੇ ਕਾਰਜ ਦੀ ਪ੍ਰਾਪਤੀ ਨਾਲ ਸੰਬੰਧਿਤ ਗਤੀਵਿਧੀਆਂ ਦੇ ਸਮੂਹ ਸੀਮਾਵਾਂ ਨੂੰ ਨਹੀਂ ਮੰਨਦੇ। ਇਹ ਦੇਸ਼-ਵਿਦੇਸ਼ੀ, ਖੇਤਰੀ ਰਾਜ ਦੇ ਅੰਦਰ ਅਤੇ ਬਾਹਰ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਿਚਲੇ ਫਰਕ ਦੀ ਉਪਯੋਗਤਾ 'ਤੇ ਸਵਾਲ ਉਠਾਉਂਦਾ ਹੈ, ਕਿਉਂਕਿ ਇਕ ਖੇਤਰ ਵਿੱਚ ਕੀਤੇ ਗਏ ਫੈਸਲਿਆਂ ਅਤੇ ਕਾਰਜਾਂ ਦਾ ਅਸਰ ਵਿਸ਼ਵ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਭਾਈਚਾਰਿਆਂ ਤੇ ਅਸਰ ਹੁੰਦਾ ਹੈ। ਵਿਸ਼ਵ ਰਾਜਨੀਤੀ ਘਰੇਲੂ ਬਣ ਜਾਂਦੀ ਹੈ ਅਤੇ ਘਰੇਲੂ ਰਾਜਨੀਤੀ ਵਿਸ਼ਵ ਬਣ ਜਾਂਦੀ ਹੈ। ਇਹ ਮੰਨਦਾ ਹੈ ਕਿ ਗਲੋਬਲ ਪ੍ਰਣਾਲੀ ਵਿੱਚ ਸ਼ਕਤੀ ਰਾਜਾਂ ਦਾ ਇਕਲੌਤਾ ਬਚਾਅ ਹੈ, ਬਲਕਿ ਜਨਤਕ ਅਤੇ ਪ੍ਰਾਈਵੇਟ ਅਦਾਰੇ ਤੇ ਨੈਟਵਰਕਾਂ (ਅੰਤਰਰਾਸ਼ਟਰੀ ਏਜੰਸੀਆਂ ਤੋਂ ਕਾਰਪੇਰੋਸ਼ਨਾਂ ਦੁਆਰਾ ਗੈਰ-ਸਰਕਾਰੀ ਸੰਗਠਨਾਂ ਦੁਆਰਾ) ਦੇ ਵਿਭਿੰਨ ਵੰਨਗੀਆ ਵਿੱਚ ਵੰਡੀਆਂ ਜਾਂਦੀਆਂ ਹਨ। ਇਸ ਦੇ ਮਹੱਤਵਪੂਰਨ ਨਤੀਜਿਆ ਨਾਲ ਕੌਣ ਪ੍ਰਾਪਤ ਕਰਦਾ ਕਿਵੇਂ ਕਦੋਂ ਤੇ ਕਿੱਥੇ ਇਹ ਮੰਨਦਾ ਹੈ ਕਿ ਰਾਜਨੀਤਿਕ ਅਥਾਰਟੀ ਨੂੰ

ਨਾ ਸਿਰਫ ਸਮੂਹਾਂ, ਰਾਜ ਸੰਸਥਾਵਾਂ, ਜਿਵੇਂ ਕਿ ਯੂਰਪੀਅਨ ਯੂਨੀਅਨ ਬਲਕਿ ਉਪ ਰਾਜ, ਰਾਜ ਸੰਸਥਾਵਾਂ , ਖੇਤਰੀ ਅਸੈਂਬਲੀਆਂ ਅਤੇ ਰਾਜ ਤੋਂ ਬਾਹਰ ਨਿੱਕੀਆਂ ਏਜੰਸੀਆਂ ਆਦਿ। ਅੰਤਰਰਾਸ਼ਟਰੀ ਲੇਖਾਂ ਸਟੈਂਡਰਡ ਬੋਰਡ ਇਹ ਸਵੀਕਾਰ ਕਰਦਾ ਹੇ ਕਿ ਪ੍ਰਭੂਸੱਤਾ ਰਾਜਾਂ ਦਾ ਇਕ ਪ੍ਰਮੁੱਖ ਨਿਆਇਕ ਗੁਣ ਹੈ। " *(The Globalization of World Politics 84)*

ਵਰਤਮਾਨ ਵਿਸ਼ਵੀਕਰਨ ਸੰਸਾਰ ਦੇ ਰਾਜਨੀਤੀ ਦੇ ਵਿੱਚ ਹੋ ਰਹੇ ਬਦਲਾਅ ਦੀ ਪੇਸ਼ਕਾਰੀ ਕਰਦਾ ਹੈ। According to Held Moellendorf "ਬ੍ਰਹਿਮੰਡੀ ਰਾਜਵਾਦ ਗੁੰਝਲਦਾਰ ਗਲੋਬਲ ਸਿਆਸਤ ਦੀ ਇਕ ਕੱਟੜ ਆਲੋਚਨਾ ਪੇਸ਼ ਕਰਦਾ ਹੈ, ਜਿਸ ਨਾਲ ਇਹ ਵਿਸ਼ਵਵਿਆਪੀ ਅਸਮਾਨਤਾਵਾਂ ਅਤੇ ਇਸ ਲਈ ਸੰਸਾਰਕ ਅਨਿਆਂ ਨੂੰ ਕਾਇਮ ਰੱਖਦਾ ਹੈ। ਇਹ ਵਧੇਰੇ ਮਨੁੱਖੀ ਅਤੇ ਨਿਰਪੱਖ ਵਿਸ਼ਵ ਵਿਵਸਥਾ ਨੂੰ ਸਮਝਣ ਲਈ, ਗਲੋਬਲ ਗਵਰਨ ਦੀ ਇਕ ਸੁਧਾਰ ਅਤੇ ਵਧੇਰੇ ਜਮਹੂਰੀ ਪ੍ਰਣਾਲੀ ਦੀ ਜ਼ਰੂਰਤ ਹੈ ਜੋ ਸਭ ਤੋਂ ਕਮਜ਼ੋਰ ਨੂੰ ਨੁਕਸਾਨ ਪਹੁੰਚਾਉਂਦੀ ਹੈ । ਇਸਨੂੰ ਬ੍ਰਹਿਮੰਡੀ ਲੋਕਤੰਤਰ ਦੇ ਪ੍ਰੋਜੈਕਟ ਦਾ ਨਾਮ ਦਿੱਤਾ ਜਾ ਸਕਦਾ ਹੈ, ਜੋ ਘੱਟੋ ਘੱਟ ਬਜ਼ਾਰਾਂ ਨੂੰ ਨਿਯਮਤ ਕਰ ਸਕਦਾ ਹੈ ਅਤੇ ਟ੍ਰਾਂਜੈਕਸ਼ਨ ਨੂੰ ਰੋਕ ਸਕਦਾ ਹੈ"। *(The Globalization of World Politics 87)*

ਵਿਸ਼ਵੀਕਰਨ ਨੇ ਸਮਾਜਕ, ਆਰਥਕ ਤੇ ਰਾਜਨੀਤਿਕ ਪੱਖਾਂ ਨੂੰ ਆਪਣੇ ਕਲਾਵੇ ਦੇ ਵਿੱਚ ਲਿਆ ਹੈ ਕਿਉਂਕਿ ਵਿਸ਼ਵੀਕਰਨ ਦੇ ਵਿਕਾਸ ਲਈ ਇਹਨਾਂ ਦਾ ਵੀ ਨਾਲ ਜੁੜਨਾ ਜ਼ਰੂਰੀ ਸੀ।

ਗੁਰਜਸਵਿੰਦਰ ਸਿੰਘ ਦੇ ਕਥਨ ਅਨੁਸਾਰ:

> ਆਰਥਕ ਕਿਰਿਆਵਾਂ ਨੂੰ ਦੇਸ਼ ਦੀਆਂ ਸੀਮਾਵਾਂ ਤੋਂ ਅੱਗੇ ਲਿਜਾਣਾ। ਇਸ ਵਿਚ ਦੇਸ਼ ਦੀਆਂ ਆਰਥਕਾਵਾਂ ਦਾ ਆਪਸ ਵਿੱਚ ਜੁੜਨਾ ਅਤੇ ਆਪਸੀ ਨਿਰਭਰਤਾ ਦਾ ਵਧਣਾ ਆਉਂਦਾ ਹੈ। ਇਸ ਦਾ ਸੰਬੰਧ ਦੇਸ਼ਾਂ ਦੇ ਵਿੱਚ ਵਧ ਰਿਹਾ ਵਸਤਾਂ ਅਤੇ ਸੇਵਾਵਾ ਦਾ ਵਪਾਰ, ਸਰਮਾਇਆ. ਤਕਨਾਲੋਜੀ,ਗਿਆਨ, ਸੂਚਨਾ ਅਤੇ ਲੋਕਾਂ ਦਾ ਦੇਸ਼ਾਂ ਵਿੱਚ ਅਦਾਨ-ਪ੍ਰਦਾਨ ਵੱਧਣ ਨਾਲ ਹੈ।
>
> *(ਵਿਸ਼ਵੀਕਰਨ ਦਾ ਪ੍ਰਵਚਨ:ਸਮਾਜਕ, ਰਾਜਸੀ ਤੇ ਸਭਿਆਚਾਰਕ ਪਰਿਪੇਖ 21)*

ਵਿਸ਼ਵੀਕਰਨ ਦੇ ਆਰੰਭ ਨੂੰ ਇੱਕ ਚੋਥਾਈ ਸਦੀ ਦਾ ਸਮਾਂ ਹੋ ਚੁੱਕਿਆ ਹੈ। ਵਿਸ਼ਵੀਕਰਨ ਪੂੰਜੀਵਾਦ ਦਾ ਹੀ ਬਦਲਿਆ ਹੋਇਆ ਰੂਪ ਹੈ। ਵਿਕਸਿਤ ਦੇਸ਼ਾਂ ਦੇ ਦੁਆਰਾ ਦੂਜੇ ਦੇਸ਼ਾਂ ਦੀ ਸਮਾਜਕ ਤੇ ਆਰਥਕ ਪੱਖੋਂ ਲੁੱਟ ਕੀਤੀ ਜਾਂਦੀ ਹੈ। ਇਹ ਅਮਾਨਵੀ ਢੰਗ ਨਾਲ ਮਾਨਵ ਦਾ ਸੋਸ਼ਣ ਕਰਦਾ ਹੈ। ਇਸ ਵਰਤਾਰੇ ਦੇ ਰਾਹੀਂ ਰਾਸ਼ਟਰੀ/ਅੰਤਰਰਾਸ਼ਟਰੀ ਪੱਧਰ ਉੱਤੇ ਆਰਥਕਤਾ ਆਪਸ ਵਿੱਚ ਜੁੜ ਜਾਂਦੀ ਹੈ। ਇਸ ਦੇ ਵਿੱਚ ਵਸਤਾਂ ਦਾ ਅਦਾਨ-ਪ੍ਰਦਾਨ, ਵਿਗਿਆਨ, ਸੰਚਾਰ ਤੇ ਤਕਨਾਲੋਜੀ ਆਦਿ ਪਸਾਰੇ ਆ ਜਾਂਦੇ ਹਨ। ਡਾ. ਸੁੱਚਾ ਸਿੰਘ ਗਿੱਲ ਦੇ ਵਿਸ਼ਵੀਕਰਨ ਉਦਾਰੀਕਰਨ ਅਤੇ ਪੰਜਾਬੀ ਸਮਾਜ ਦੇ ਨਾਂ ਤੇ ਆਲੋਚਨਾਤਮਿਕ ਲੇਖ ਵਿੱਚ ਕਥਨ ਹਨ ਕਿ, “ਵਿਸ਼ਵੀਕਰਨ ਦਾ ਅਰਥ ਹੈ ਕਿ ਆਰਥਕ ਕਿਰਿਆਵਾਂ ਨੂੰ ਦੇਸ਼ਾਂ ਦੀਆਂ ਸੀਮਾਵਾਂ ਤੋਂ ਅੱਗੇ ਸੰਸਾਰ ਪੱਧਰ ਤੇ ਲਿਜਾਇਆ ਜਾਵੇ। ਇਸ ਵਿੱਚ ਵਿਸ਼ਵ ਦੀਆਂ ਆਰਥਕਾਵਾਂ ਦਾ ਆਪਸ ਵਿੱਚ ਜੁੜਣਾ ਅਤੇ ਆਪਸੀ ਨਿਰਭਰਤਾ ਦਾ ਵਧਣਾ ਆਉਂਦਾ ਹੈ। ਇਸ ਵਿਚ ਦੇਸ਼ਾਂ ਵਿੱਚ ਵੱਧ ਰਿਹਾ ਵਸਤਾਂ ਅਤੇ ਸੇਵਾਵਾਂ ਦਾ ਵਪਾਰ, ਸਰਮਾਇਆ, ਤਕਨਾਲੋਜੀ ਸੂਚਨਾ ਅਤੇ ਲੋਕਾਂ ਦਾ ਦੇਸ਼ਾਂ ਵਿੱਚ ਅਦਾਨ ਪ੍ਰਦਾਨ ਦਾ ਵੱਧਣਾ ਆਉਂਦਾ ਹੈ।" *(ਵਿਸ਼ਵੀਕਰਨ ਉਦਾਰੀਕਰਨ ਅਤੇ ਪੰਜਾਬ 9)*

ਵਿਸ਼ਵੀਕਰਨ ਦੇ ਦੋ ਪੱਖ:

1. ਉਦਾਰੀਕਰਨ
2. ਨਿੱਜੀਕਰਨ

**ਉਦਾਰੀਕਰਨ** : ਵਿਸ਼ਵੀਕਰਨ ਨੂੰ ਸਮਾਜ ਦੇ ਵਿੱਚ ਫੈਲਾਉਣ ਦੇ ਲਈ ਦੋਵੇਂ ਹੀ ਪੱਖ ਜ਼ਰੂਰੀ ਹਨ। ਸਮਾਜ ਨੂੰ ਪਰਿਵਰਤਨ ਦੀ ਲੜੀ ਦੇ ਵੱਲ ਤਾਂ ਤੋਰਿਆ ਪਰ ਨਾਲ ਨਾਲ ਸਮਾਜ ਨੂੰ ਖੋਰਾ ਵੀ ਲੱਗਿਆ ਹੈ। ਉਦਾਰੀਕਰਨ ਦੀ ਨੀਤੀ ਉਦਾਰ ਦੇ ਨਾਲ ਸੰਬੰਧਿਤ ਹੈ। ਭਾਰਤ ਦੇ ਵਿੱਚ 1991 ਈਸਵੀ ਦੇ ਵਿੱਚ ਅਪਣਾਈ ਗਈ ਸੀ। ਇਸ ਵਰਤਾਰੇ ਨੂੰ ਲਾਗੂ ਕਰਨ ਤੋਂ ਬਾਅਦ ਉਦਯੋਗਾਂ ਦੇ ਲਾਇਸੰਸ ਨੂੰ ਖਤਮ ਕਰ ਦਿੱਤਾ ਗਿਆ ਸੀ। ਇਸ ਦੇ ਸਦਕਾ ਸਰਕਾਰ ਦਾ ਉਦਯੋਗਾਂ ਉਪਰ ਕੰਟਰੋਲ ਖਤਮ ਹੋ ਗਿਆ ਤੇ ਉਦਯੋਗ ਮਨਮਰਜ਼ੀ ਦੇ ਮਾਲਕ ਹੋ ਗਏ। ਉਦਯੋਗਿਕ ਨੀਤੀ ਦੇ ਬਦਲਾਵ ਨਾਲ ਕਸਟਮ ਡਿਊਟੀ ਨੂੰ ਘੱਟ ਕਰਕੇ

ਬਹੁਕੰਪਨੀਆਂ ਨੂੰ ਮੁਕਾਬਲੇ ਲਈ ਉਤਸ਼ਾਹਿਤ ਕੀਤਾ ਗਿਆ। ਵਿਦੇਸ਼ੀ ਕੰਪਨੀਆਂ ਨੂੰ ਨਿਵੇਸ਼ ਦੀ ਪੂਰਨ ਖੁੱਲ੍ਹ ਦਿੰਦਿਆਂ ਹੋਇਆਂ ਸ਼ੇਅਰ ਵਿੱਚ ਹਿੱਸੇਦਾਰੀ ਅਤੇ ਵਿਦੇਸ਼ੀ ਧਨ ਕਮਾਉਣ ਦੀ ਪਹਿਲ ਦਿੱਤੀ ਗਈ। ਇਸ ਸੰਬੰਧੀ ਡਾ.ਭੀਮਇੰਦਰ ਦੀ ਧਾਰਨਾ ਹੈ ਕਿ, " ਸੋਵੀਅਤ ਯੂਨੀਅਨ ਦੇ ਵਿੱਚ ਅਨੇਕਾਂ ਵਿਗਾੜ ਆ ਚੁੱਕੇ ਸਨ। ਅਮੀਰ ਉਦਯੋਗਿਕ ਮੁਲਕਾਂ ਨੇ ਇਸ ਦਾ ਪੂਰਨ ਲਾਭ ਉਠਾਇਆ। ਇਨ੍ਹਾਂ ਮੁਲਕਾਂ ਦੁਆਰਾ 'ਕੇਨਜ਼ੀਅਨ ਮਾਡਲ' ਵਿਚਲੀ ਵੈਲਫੇਅਰ ਨੂੰ ਤੋੜ ਕੇ ਨਿਰੋਲ ਮੰਡੀ ਆਧਾਰਿਤ ਆਰਥਕ ਨੀਤੀਆ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ ਜਾਣ ਲੱਗਾ। ਇਸ ਜ਼ੋਰ-ਸ਼ੋਰ ਚੋਂ ਹੀ ਇੰਗਲੈਂਡ ਵਿੱਚ ਮਾਰਗ੍ਰੇਟ ਥੈਚਰ ਅਤੇ ਅਮਰੀਕਾ ਦੇ ਵਿੱਚ ਰੋਨਾਲਡ ਰੀਗਨ ਦਾ ਉਭਾਰ ਹੋਇਆ। ਇਨ੍ਹਾਂ ਨੇਤਾਵਾਂ ਨੇ ਆਪਣੇ ਮੁਲਕਾਂ ਦੇ ਵਿੱਚੋਂ ਸਰਕਾਰੀ ਖ਼ਰਚਿਆਂ, ਸਹੂਲਤਾਂ, ਸਬਸਿਡੀਆਂ ਆਦਿ ਵਿੱਚ ਕਟੌਤੀ ਕੀਤੀ। ਉਥੇ ਇਨ੍ਹਾਂ ਨੇ ਵਿਕਾਸਸ਼ੀਲ ਮੁਲਕਾਂ ਨੂੰ ਵੀ ਉਦਾਰਵਾਦੀ ਨੀਤੀ ਅਪਣਾਉਣ ਦੀਆਂ ਸਲਾਹਾਂ ਦਿੱਤੀਆਂ।" (*ਸੰਵਾਦ. 48)*

**ਨਿੱਜੀਕਰਨ** : ਉਦਾਰੀਕਰਨ ਦੀ ਨੀਤੀ ਦੇ ਨਾਲ ਨਾਲ ਨਿੱਜੀਕਰਨ ਦੀ ਨੀਤੀ ਵੀ ਅਪਣਾਈ ਗਈ। ਨਿੱਜੀਕਰਨ ਦੇ ਵਿੱਚ ਬਹੁ-ਕੰਪਨੀਆਂ ਖੁਦ ਹੀ ਮਾਲਕ ਬਣ ਗਈਆਂ । ਉਹਨਾਂ ਨੂੰ ਸਰਕਾਰੀ ਦਾਇਰੇ ਅੰਦਰ ਜਾਂ ਸਰਕਾਰੀ ਮਨਜ਼ੂਰੀ ਦੀ ਕੋਈ ਜ਼ਰੂਰਤ ਨਹੀਂ ਸੀ। ਵਰਤਮਾਨ ਸਮੇਂ ਦੇ ਵਿੱਚ ਸਭ ਅਦਾਰੇ ਹੀ ਨਿੱਜੀਕਰਨ ਦੀ ਭੇਂਟ ਚੜ੍ਹਦੇ ਜਾ ਰਹੇ ਹਨ।

**ਵਿਸ਼ਵੀਕਰਨ ਵੱਧਣ ਦੇ ਕਾਰਨ**:

1. **ਬਹੁਕੌਮੀ ਕਾਰਪੋਰੇਸ਼ਨ ਕੰਪਨੀਆਂ**

ਇੱਕ ਕਾਰਪੋਰੇਸ਼ਨ, ਜੋ ਇੱਕ ਤੋਂ ਵਧੀਕ ਦੇਸ਼ਾਂ ਦੇ ਸਰਮਾਏਦਾਰਾਂ ਨਾਲ ਸਾਂਝ ਵਾਲੀ ਹੋਵੇ, ਉਸ ਨੂੰ ਕਾਰਪੋਰੇਸ਼ਨ ਕਿਹਾ ਜਾਂਦਾ ਹੈ। ਇਸ ਦੇ ਨਾਲ ਜਿਸ ਕੰਪਨੀ ਦਾ ਕਾਰੋਬਾਰ ਇੱਕ ਤੋਂ ਵਧੇਰੇ ਦੇਸ਼ਾਂ ਦੇ ਵਿੱਚ ਹੋਵੇ,, ਉਸਦੇ ਅੰਤਰਗਤ ਆਉਂਦੀਆਂ ਕੰਪਨੀਆਂ ਨੂੰ ਬਹੁਕੌਮੀ ਕਾਰਪੋਰੇਸ਼ਨ ਹੀ ਕਿਹਾ ਜਾਂਦਾ ਹੈ। ਬਹੁ-ਕੰਪਨੀਆਂ ਦੇ ਆਰਥਕ ਵਾਧੇ ਲਈ ਜਿਹੜੀਆਂ ਨੀਤੀਆਂ ਅਪਣਾਈਆਂ ਜਾਂਦੀਆਂ ਹਨ ਉਹ ਵਿਸ਼ਵੀਕਰਨ ਦੇ ਦਾਇਰੇ ਹੇਠ ਹੀ ਆਉਂਦੀਆਂ ਹਨ। ਸਰਦਾਰਾ ਸਿੰਘ ਮਹਿਲ ਨੇ ਆਪਣੇ ਆਲੋਚਨਾਤਮਿਕ ਲੇਖ ਦੇ ਰਾਹੀਂ

ਇਹ ਧਾਰਨ ਉਜਾਗਰ ਕੀਤੀ ਹੈ ਕਿ,"ਜਦੋਂ ਵਿਸ਼ਵ ਆਰਥਕਤਾ ਸ਼ਬਦ ਆਉਂਦਾ ਹੈ ਤਾਂ ਇਸਦਾ ਅਰਥ ਇਹ ਲਿਆ ਜਾਂਦਾ ਹੈ ਕਿ ਵਿਸ਼ਵ ਦੇ ਸਾਰੇ ਮੁਲਕਾਂ ਦੀਆਂ ਆਰਥਕਾਵਾਂ ਦਾ ਕੁਲ ਜੋੜ ਹੈ। ਇਸਦਾ ਸਿੱਧਾ ਜਿਹਾ ਅਰਥ ਤਾਂ ਵਿਸ਼ਵ ਦੇ ਲੋਕਾਂ ਦੀ ਆਰਥਕਤਾ ਵੀ ਲਿਆ ਜਾਂਦਾ ਹੈ ਪਰ ਅਸਲ ਵਿੱਚ ਇਹ ਕੁਝ ਸੈਂਕੜੇ ਬਹੁਕੌਮੀ ਕਾਰਪੋਰੇਸ਼ਨ ਦੀਆਂ ਮਾਲੀ ਤਾਨਸ਼ਾਹੀ ਦਾ ਜਮ੍ਹਾਂ ਜੋੜ ਹੈ। ਬਹੁ-ਕਾਰਪੋਰੇਸ਼ਨਾਂ ਦਾ ਅਰਥ ਉਹ ਕੰਪਨੀਆਂ ਜੋ ਇੱਕ ਤੋਂ ਵਧੇਰੇ ਮੁਲਕਾਂ ਦੇ ਵਿੱਚ ਕਾਰੋਬਾਰ ਦੇ ਵਿੱਚ ਲੱਗੀਆ ਹੋਈਆ ਹਨ। ਉਂਜ ਸੰਸਾਰ ਵਿੱਚ ਬਹੁਕੌਮੀ-ਕਾਰਪੋਰੇਸ਼ਨ ਕੰਪਨੀਆਂ ਦੀ ਗਿਣਤੀ 38 ਹਜ਼ਾਰ ਹੈ ਪਰ ਇਨਾਂ ਦੇ ਵਿੱਚ 300 ਕੰਪਨੀਆਂ ਦਿਓ-ਆਕਾਰੀ ਹਨ। ਵਿਸ਼ਵ ਵਿੱਚ 100 ਬਹੁ-ਕੌਮੀ ਕਾਰਪੋਰੇਸ਼ਨ ਕੰਪਨੀਆਂ ਦੀ ਪੈਦਾਵਾਰੀ 300 ਅਰਬ ਡਾਲਰ ਹੈ। ਬਹੁ-ਕੌਮੀ ਕਾਰਪੋਰੇਸ਼ਨ ਸੰਸਾਰ ਦੀ ਕੁਲ ਪੈਦਾਵਾਰ ਦਾ 30% ਪੈਦਾ ਕਰਦੀਆਂ ਹਨ, ਸੰਸਾਰ ਵਿੱਚ ਇਨ੍ਹਾਂ ਦਾ ਹਿੱਸਾ 70% ਸਰਮਾਏਦਾਰੀ ਵਿੱਚ ਇਨ੍ਹਾਂ ਦਾ ਹਿੱਸਾ 80% ਹੈ। ਵਿਸ਼ਵ ਦੇ ਕੁਲ ਪੈਦਾਵਾਰੀ ਅਸਾਸਿਆਂ ਦੀ ਇਕ ਚੌਥਾਈ ਦੀਆਂ ਮਾਲਕਣ ਬਹੁਕੌਮੀ-ਕਾਰਪੋਰੇਸ਼ਨ ਕੰਪਨੀਆਂ ਹਨ।" *(ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ 52)*

ਇਹ ਕੰਪਨੀਆਂ ਰਾਸ਼ਟਰੀ/ਅੰਤਰਰਾਸ਼ਟਰੀ ਤੇ ਸਥਾਨਕ ਸਭਿਆਚਾਰਾਂ ਦੀ ਪਰਖ ਕਰਦੀਆਂ ਫਿਰ ਉਹਨਾਂ ਸਭਿਆਚਾਰਾਂ ਨੂੰ ਆਧਾਰ ਬਣਾਉਂਦੀਆ ਹਨ। ਇਹ ਕੰਪਨੀਆਂ ਆਮ ਲੋਕਾਂ ਦੀਆਂ ਜ਼ਰੂਰਤਾਂ ਪੈਦਾ ਕਰਨ ਦੇ ਨਾਲ ਨਾਲ ਨਵੀਆਂ ਜ਼ਰੂਰਤਾਂ ਵੀ ਪੈਦਾ ਕਰਦੀਆਂ ਹਨ। ਇਹਨਾਂ ਦੇ ਵਿੱਚ ਮੀਡੀਆ ਤੇ ਸੰਚਾਰ ਸਾਧਨ ਅਹਿਮ ਰੋਲ ਨਿਭਾ ਰਹੇ ਹਨ। ਇਹਨਾਂ ਕੰਪਨੀਆਂ ਦੇ ਦੁਆਰਾ ਪ੍ਰਾਈਵੇਟ ਹਸਤਪਾਲ, ਸਕੂਲ,ਯੂਨੀਵਰਸਿਟੀਆਂ ਤੱਕ ਖੋਲ੍ਹੀਆਂ ਗਈਆਂ ਹਨ। ਇਹਨਾਂ ਕੰਪਨੀਆਂ ਨੂੰ ਖੁਲ੍ਹ ਦੇਸ਼ ਦੇ ਵਿਕਾਸ ਲਈ ਦਿੱਤੀ ਗਈ ਸੀ, ਪਰੰਤੂ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਲੁੱਟ ਦੇਸ਼ ਦੇ ਵਿੱਚ ਅੰਧੇਰਗਰਦੀ ਪੈਦਾ ਕਰ ਰਹੀ ਹੈ। ਵਰਤਮਾਨ ਸਮੇਂ ਦੇ ਵਿੱਚ ਸਰਕਾਰੀ ਸੰਸਥਾਵਾਂ ਨੂੰ ਤਰਜੀਹ ਦੇਣ ਦੀ ਬਜਾਇ ਪ੍ਰਾਈਵੇਟ ਕੰਪਨੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਵੇਂ ਕਿ ਪ੍ਰਾਈਵੇਟ ਕੰਪਨੀ ਦੀ ਸਿਮ ਲੈਣੀ ਜਾਂ ਪ੍ਰਾਈਵੇਟ ਹਸਤਪਾਲ ਵਿੱਚ ਜਾਣਾ ਆਦਿ। ਜਿੱਥੇ ਮਨੁੱਖ ਆਪ ਨੂੰ ਖ਼ੁਦ ਸ਼ਿਕਾਰ ਬਣਾਉਣ ਜਾਂਦਾ ਹੈ। ਅਮਨਦੀਪ ਕੌਰ ਦੀ ਧਾਰਨਾ ਹੈ ਕਿ, "ਬਹੁ-ਰਾਸ਼ਟਰੀ ਕੰਪਨੀ ਦੇ ਦੁਆਰਾ ਆਪਣਾ ਹਿੱਸਾ/ਮੁਨਾਫ਼ਾ ਪਹਿਲਾਂ ਹੀ ਨਿਸਚਿਤ ਹੁੰਦਾ ਹੈ ਜਿਵੇਂ ਕਿ

ਕਾਰਾਂ ਅਤੇ ਟਰੱਕਾਂ ਦੀ ਵਿਕਰੀ ਦਾ 60% ਬਹੁ-ਕੰਪਨੀਆਂ ਦੇ ਕੋਲ ਹੇ, ਇਸੇ ਪ੍ਰਕਾਰ ਤੇਲ ਮੰਡੀ ਦਾ 40% ਤੇ ਰਸਾਇਣਿਕ ਖਾਦਾਂ ਅਤੇ ਇਲੈਕਟ੍ਰੋਨਿਕਸ( ਖਿੱਤੇ ਵਿੱਚ ਪੰਜ ਬਹੁ-ਕੰਪਨੀਆਂ) 35% ਹਿੱਸਾ ਹੈ।" (*ਵਿਸ਼ਵੀਕਰਨ ਦੇ ਪ੍ਰਸੰਗ ਵਿੱਚ ਇਕੀਵੀਂ ਸਦੀ ਦੀ ਪੰਜਾਬੀ ਕਹਾਣੀ 11)*

**ਮੰਡੀ** : ਵਰਤਮਾਨ ਸਮੇਂ ਦੇ ਵਿੱਚ ਪੂੰਜੀ ਪ੍ਰਾਪਤ ਕਰਨਾ ਹੀ ਮੁੱਖ ਮੁੱਦਾ ਬਣ ਕੇ ਰਹਿ ਗਿਆ ਹੈ। ਹਰ ਕੋਈ ਨਿੱਜੀ ਨਿਵੇਸ਼ ਦੇ ਵਿੱਚ ਲੱਗਿਆ ਹੋਇਆ ਹੈ। ਵਿਸ਼ਵ ਦੀ ਵਿਵਸਥਾ ਦੇ ਵਿੱਚ ਹਰ ਜ਼ਰੂਰਤ ਮੰਡੀ ਨੂੰ ਮੁੱਖ ਰੱਖ ਕੇ ਪੈਦਾ ਕੀਤੀ ਜਾਂਦੀ ਹੈ। ਜਿਵੇਂ ਜਿਵੇਂ ਸਮਾਜ ਦੇ ਵਿੱਚ ਨਿਵੇਸ਼ਕਾਂ ਦੀ ਤਾਕਤ ਵੱਧਦੀ ਹੈ ਤਿਵੇਂ ਤਿਵੇਂ ਇਹ ਆਪਣੀ ਲੋੜ ਮੁਤਾਬਕ ਮੰਡੀ ਦੀ ਉਸਾਰੀ ਕਰਦਾ ਹੈ। ਨਿਵੇਸ਼ ਮੰਡੀ ਦੇ ਵਾਧੇ ਜਾਂ ਰੁਕਾਵਟ ਨਾਲ ਅਸਿੱਧੇ ਜਾਂ ਸਿੱਧੇ ਰੂਪ ਦੇ ਵਿੱਚ ਜੁੜਿਆ ਹੋਇਆ ਹੈ। ਵਰਤਮਾਨ ਮੰਡੀਆਂ ਮਨੁੱਖ ਦੀਆਂ ਛੋਟੀਆਂ ਤੋਂ ਛੋਟੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਨਾਲ ਨਵੀਆਂ ਜ਼ਰੂਰਤਾ ਪੈਦਾ ਵੀ ਕਰ ਰਹੀਆਂ ਹਨ। ਵਿਸ਼ਵ ਮੰਡੀ ਦਾ ਆਰੰਭ 1850 ਈਸਵੀ ਦੇ ਵਿੱਚ ਹੋਇਆ ਅਤੇ ਵਰਤਮਾਨ ਸਮੇਂ ਤੱਕ ਜਾਰੀ ਹੈ ਅਤੇ ਜਾਰੀ ਰਹੇਗਾ। ਮੰਡੀ ਦੇ ਪਸਾਰੇ ਲਈ ਪਹਿਲਾਂ ਸਮੁੰਦਰ ਦੇ ਰਾਹੀਂ ਬਾਅਦ ਦੇ ਵਿੱਚ ਹਵਾਈ ਜਹਾਜ਼ ਦੇ ਰਾਹੀਂ ਜਾਰੀ ਰਿਹਾ ਹੈ। ਵਿਕਾਸਸ਼ੀਲ ਮੁਲਕਾਂ ਨੇ ਆਪਣੀ ਮੰਡੀ ਦੇ ਪਸਾਰੇ ਲਈ ਗਰੀਬ ਮੁਲਕਾਂ ਨੂੰ ਲੁੱਟ ਲਈ ਆਧਾਰ ਬਣਾਇਆ। ਉਥੋਂ ਦੀਆਂ ਜ਼ਰੂਰੀ ਵਸਤਾਂ ਜਿਵੇਂ ਖਣਿਜ ਪਦਾਰਥ ਆਦਿ ਦੀ ਲੁੱਟ ਕੀਤੀ । ਮਾਰਕਸਵਾਦੀ ਧਾਰਨਾ ਦੇ ਮੁਤਾਬਕ ਪੂੰਜੀਪਤੀ ਇੱਕ –ਦੇਸ਼ ਤੋਂ ਦੂਸਰੇ ਦੇਸ਼ ਦੇ ਵਿੱਚ ਜਾਂਦੇ ਹਨ। ਇਸੇ ਤਰ੍ਹਾਂ ਹੀ ਉਹ ਆਪਣੇ ਮੂਲ ਦੀ ਵਿਕਰੀ ਲਈ ਵਿਸ਼ਵ ਬਜ਼ਾਰ ਦਾ ਨਿਰਮਾਣ ਕਰਦੇ ਹਨ।ਇਸ ਪ੍ਰਬੰਧ ਅੰਦਰ ਫੈਸਲੇ ਅਤੇ ਹੱਕ ਸਿਰਫ ਪੂੰਜੀਵਾਦੀਆਂ ਦੇ ਕੋਲ ਹੀ ਸਿਮਟ ਕੇ ਰਹਿ ਗਏ। ਪੂੰਜੀਪਤੀਆਂ ਦੇ ਲਾਲਚੀ ਵਤੀਰੇ ਬਾਰੇ ਕਾਰਲ ਮਾਰਕਸ ਦੇ ਕਥਨ ਸਹੀ ਸਾਬਿਤ ਹੁੰਦੇ ਹਨ, ਕਿ "ਆਪਣੀਆਂ ਉਪਜਾਂ ਲਈ ਲਗਾਤਾਰ ਪਸਾਰ ਕਰ ਰਹੀ ਮੰਡੀ ਦੀ ਲੋੜ ਬੁਰਜੁਆਜ਼ੀ ਧਰਤੀ ਦੀ ਸਾਰੀ ਸਤਹ ਉੱਤੇ ਭਜਾਈ ਫਿਰਦੀ ਹੈ। ਹਰ ਥਾਂ ਆਲ੍ਹਣੇ ਬਣਾਉਣ ਹਰ ਥਾਂ ਵਸੇਬਾ ਕਰਨ, ਹਰ ਥਾਂ ਸੰਬੰਧ ਕਾਇਮ ਕਰਨਾ ਇਸ ਵਾਸਤੇ ਜ਼ਰੂਰੀ ਹੋ ਜਾਂਦਾ ਹੈ।.....ਸੰਸਾਰ ਮੰਡੀ ਦੀ ਵਰਤੋਂ ਰਾਹੀਂ ਬੁਰਜੁਆਈ ਨੇ ਹਰ ਦੇਸ਼ ਵਿਚਲੇ ਉਤਪਾਦ ਨੂੰ ਅਤੇ ਖਪਤ ਨੂੰ ਸਰਬਦੇਸੀ ਖਾਸਾ ਦੇ ਦਿੱਤਾ ਹੈ।" *(ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ 33)*

ਵਰਤਮਾਨ ਸਮੇਂ ਦੇ ਵਿੱਚ ਵਿਸ਼ਵੀਕਰਨ ਦੇ ਸਦਕਾ ਵਿਸ਼ਵ ਮੰਡੀ ਇੱਕ ਹੋ ਗਈ ਹੈ। ਭਾਰਤ ਦੇ ਵਿੱਚ ਵਿਕਾਸਸ਼ੀਲ ਮੁਲਕਾਂ ਦੇ ਵਿੱਚ ਸ਼ਾਮਿਲ ਹੈ, ਜਿਸ ਦਾ ਰੁਪਇਆਂ ਦਾ ਨਿਵੇਸ਼ ਡਾਲਰ ਦੇ ਮੁਕਾਬਲੇ ਬਹੁਤ ਘੱਟ ਹੈ। ਵਿਸ਼ਵੀਕਰਨ ਦਾ ਸਾਰੇ ਪੱਖ ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਰਾਹੀਂ ਖੁੱਲ੍ਹੀ ਮੰਡੀ ਦਾ ਸੰਕਲਪ ਪਸਾਰ ਰਹੇ ਹਨ। ਭਾਰਤ ਨੇ ਖੁੱਲ੍ਹੀ ਮੰਡੀ ਦੇ ਸੰਕਲਪ ਨੂੰ ਅਪਣਾਇਆ। ਇਸ ਸੰਕਲਪ ਦੇ ਨਾਲ ਅਮੀਰ ਮੁਲਕਾਂ ਤੇ ਵੱਡੀਆਂ ਕੰਪਨੀਆਂ ਨੂੰ ਮੁਨਾਫ਼ਾ ਹੀ ਮੁਨਾਫ਼ਾ ਹੋਇਆ। ਡਾ. ਭੀਮ ਇੰਦਰ ਨੇ ਵਿਸ਼ਵੀਕਰਨ ਦਾ ਸੰਕਟ ਖੋਜ ਪੱਤਰ ਦੇ ਵਿੱਚ ਕਿਹਾ ਕਿ, ਹਾਲਾਤ ਇਥੋਂ ਤੀਕ ਵਿਗੜ ਗਏ ਕਿ “1991 ਈ. ਦੇ ਸ਼ੁਰੂ ਵਿੱਚ ਭਾਰਤ ਦੀ ਰਿਜ਼ਰਵ ਬੈਂਕ ਵਿੱਚ ਰਾਖਵੀਂ ਪਈ ਵਿਦੇਸ਼ੀ ਮੁਦਰਾ ਇਕ ਮਹੀਨੇ ਦਰਾਮਦੀ ਸਾਲ ਦਾ ਮੁੱਲ ਵੀ ਨਾ ਉਤਾਰ ਸਕੀ। ਭਾਰਤੀ ਖ਼ਜ਼ਾਨਾ ਖਾਲੀ ਹੋ ਗਿਆ। ਮੰਡਲ-ਕਮੰਡਲ ਰਾਜਨੀਤੀ ਦਾ ਉਭਾਰ ਸ਼ੁਰੂ ਹੋ ਗਿਆ। ਇਸ ਸੰਕਟ ਦੌਰ ਵਿੱਚ ਭਾਰਤ ਸਰਕਾਰ ਨੂੰ ਅੰਤਰ-ਰਾਸ਼ਟਰੀ ਮੁਦਰਾ ਕੋਸ਼ ਕੋਲੋਂ ਸਖਤ ਸ਼ਰਤਾਂ ਦੇ ਆਧਾਰ ’ਤੇ ਕਰਜ਼ਾ ਲੈਣਾ ਪਿਆ। ਅਗਸਤ 1991 ਈ. ਦੇ ਵਿੱਚ ਪਹੁੰਚਦਿਆਂ ਨਵੀ ਬਣੀ ਸਰਕਾਰ ਨੇ ਆਰਥਕ ਸੁਧਾਰਾਂ ਦੇ ਨਾਂ ਹੇਠ ਵਿਸ਼ਵੀਕਰਨ ਦੀ ਨਵੀ ਮੁਹਿੰਮ ਦਾ ਆਗਾਜ਼ ਕੀਤਾ। ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੁੰਦਿਆਂ ਹੀ ਵਿੱਤੀ ਪੂੰਜੀ ਦਾ ਦਬਦਬਾ ਸੁਰੂ ਹੋ ਗਿਆ। ਇਸ ਦਬਦਬੇ ਨੇ ਅਜਿਹੇ ਧਨ ਕੁਬੇਰਾਂ ਦਾ ਨਿਰਮਾਣ ਕੀਤਾ ਜਿਨ੍ਹਾਂ ਨੇ ਪੂਰੀ ਦੁਨੀਆਂ ਦੀ ਆਰਥਕ ਤੇ ਸਮਾਜਕ ਵਿਵਸਥਾ ਨੂੰ ਕਾਬੂ ਕਰਨ ਦੇ ਯਤਨ ਆਰੰਭ ਕੀਤੇ। ਸਿੱਟੇ ਵਜੋਂ ਭਾਰਤ ਦੀ ਖੇਤੀਬਾੜੀ ਤੇ ਉਦਯੋਗ ਤੇ ਅਧਾਰਿਤ ਵਿਵਸਥਾ ਆਰਥਕਤਾ ਕੰਮਜ਼ੋਰ ਪੈਣ ਲੱਗੀ ਅਤੇ ਬਹੁ-ਕੰਪਨੀਆਂ ਦੇ ਬਰਾਂਡਾਂ ਦੇ ਉਤਪਾਦਾਂ ਵਿੱਚ ਤੇਜ਼ੀ ਆਉਣੀ ਸ਼ੁਰੂ ਹੋਈ”। (*ਸੰਵਾਦ ਅੰਕ 04. 192)*

**ਮੀਡੀਆ ਅਤੇ ਸੰਚਾਰ ਸਾਧਨ** : ਵਿਸ਼ਵੀਕਰਨ ਦੇ ਆਗਮਨ ਅਤੇ ਪਸਾਰਾਕਰਨ ਦੇ ਵਿੱਚ ਸੰਚਾਰ ਸਾਧਨਾਂ ਦਾ ਅਹਿਮ ਯੋਗਦਾਨ ਹੈ। ਸੰਚਾਰ ਸਾਧਨਾਂ ਸਦਕਾ ਹੀ ਵਿਸ਼ਵ ਮੰਡੀ ਅਤੇ ਵਿਸ਼ਵ ਮੁਦਰਾ ਦਾ ਏਕੀਕਰਨ ਹੋਇਆ ਹੈ। ਵਿਸ਼ਵੀਕਰਨ ਦੇ ਵਿਕਾਸ ਵਿੱਚ ਟੈਲੀਫੋਨ (1876), ਟੈਲੀਗ੍ਰਾਮ (1873), ਹਵਾਈ ਜਹਾਜ਼ (1903), ਰਾਕਟ (1927), ਡਿਜੀਟਲ ਕੰਪਿਊਟਰ (1946) ਆਦਿ ਨੇ ਆਪਣਾ ਪੂਰਾ ਯੋਗਦਾਨ ਦਿੱਤਾ। ਵਿਸ਼ਵੀਕਰਨ ਨੇ ਆਪਣੇ ਪੱਕੇ ਪੈਰ ਜਮਾਉਣ ਦੇ ਲਈ ਟੀ.ਵੀ, ਇੰਟਰਨੈੱਟ, ਮੋਬਾਇਲ ਫੋਨ, ਵੀਡੀਓ,

ਆਡੀਓ, ਕਾਨਫਰੰਸਿੰਗ ਆਦਿ ਦੀਆਂ ਸੁਵਿਧਾਵਾਂ ਦੇ ਰਾਹੀਂ ਸਹਾਇਤਾ ਮਿਲੀ। ਕੰਪਿਊਟਰ ਨੇ ਮਾਨਵ ਨੂੰ ਡਿਜੀਟਲ ਦੁਨੀਆਂ ਦੇ ਨਾਲ ਜੋੜ ਦਿੱਤਾ ਜਿਸ ਦੇ ਨਾਲ ਖੁੱਲ੍ਹੀ ਮੰਡੀ ਦਾ ਪ੍ਰਚਾਰ ਹੋਰ ਸੌਖਾ ਹੋ ਗਿਆ। ਇਹਨਾਂ ਦਾ ਜਨਮ ਮਾਨਵ ਨੂੰ ਸਹੂਲਤਾਂ ਦੇਣ ਦੇ ਨਾਲ ਨਾਲ ਖਪਤ ਵਿਵਸਥਾ ਦੇ ਵਿੱਚ ਫਸਾਉਣ ਦੇ ਲਈ ਹੋਇਆ।

ਵਸਤਾਂ ਨੂੰ ਪ੍ਰਚਾਰਨ ਦੇ ਲਈ ਖੁੱਲ੍ਹੀ ਮੰਡੀ ਦਾ ਹੋਣਾ ਬਹੁਤ ਜ਼ਰੂਰੀ ਹੈ। ਖੁੱਲ੍ਹੀ ਮੰਡੀ ਦੇ ਲਈ ਸੰਚਾਰ ਸਾਧਨਾਂ ਦਾ ਉਨਤ ਹੋਣਾ ਜ਼ਰੂਰੀ ਸੀ, ਜੋ ਸਮਾਜ ਨੂੰ ਹਰ ਪਲ ਤੇ ਹਰ ਘੰਟੇ ਜਾਂ ਹਰ ਮਿੰਟ ਮਿੰਟ ਦੀ ਖ਼ਬਰ ਨਾਲ ਜੋੜੀ ਰੱਖ ਸਕਣ। ਇਸ ਦੇ ਵਿੱਚ ਟੀ.ਵੀ ਪ੍ਰਮੁੱਖ ਸਾਧਨ ਬਣ ਕੇ ਸਾਹਮਣੇ ਆਇਆ ਜਿਸ ਨੇ ਦੁਨੀਆ ਦੀ ਖ਼ਬਰ ਦੱਸਣ ਦੇ ਨਾਲ ਨਾਲ ਵਸਤਾਂ ਨੂੰ ਵਿਗਿਆਪਨਾਂ ਦੇ ਰਾਹੀਂ ਪ੍ਰਚਾਰਨਾ ਸੁਰੂ ਕੀਤਾ। ਮੀਡੀਆ ਦੇ ਰਾਹੀਂ ਪ੍ਰਚਾਰ ਦਾ ਫਾਇਦਾ ਪੂਰਾ ਪੂਰਾ ਨਿਵੇਸ਼ਕਾਂ ਨੂੰ ਹੋਣ ਲੱਗ ਪਿਆ। ਉਹ ਆਪਣੇ ਵਿਚਾਰਾਂ ਨੂੰ ਵਿਗਿਆਪਨ ਦੇ ਰਾਹੀਂ ਅਰਬਾਂ-ਖਰਬਾਂ ਦੇ ਵਿੱਚ ਵੇਚਣ ਲੱਗ ਪਏ। ਜਿਨ੍ਹਾਂ ਦੇ ਵਿੱਚ ਅਮਰੀਕਾ ਵਰਗੇ ਵਿਕਾਸਸ਼ੀਲ ਦੇਸ਼ ਸਭ ਤੋਂ ਅੱਗੇ ਸਨ। ਪੂਰੀ ਦੁਨੀਆਂ ਦੇ ਵਿੱਚ ਆਪਣੀਆਂ ਵਿਚਾਰਧਾਰਾਵਾਂ ਨੂੰ ਮਨੁੱਖਤਾ ਦੇ ਵਿੱਚ ਵੰਡਦਾ ਚਲਾ ਜਾ ਰਿਹਾ ਹੈ। ਵਿਸ਼ਵ ਬਜ਼ਾਰ ਦੇ ਨੇਮਾਂ ਦੇ ਮੁਤਾਬਕ ਮਨੁੱਖ ਨੂੰ ਇਸੇਤਮਾਲ ਕੀਤਾ ਜਾ ਸਕਦਾ ਹੈ, ਜੇਕਰ ਉਹ ਇੱਕ ਉਪਭੋਗਤਾ ਦੀ ਤਰ੍ਹਾਂ ਵਿਹਾਰ ਕਰੇ। ਮੀਡੀਆ ਦੇ ਸੰਬੰਧਾਂ ਦੇ ਵਿੱਚ ਵਿਸ਼ਵੀਕਰਨ ਦਾ ਅਰਥ ਵਿਗਿਆਪਨਾਂ ਦੇ ਵਿੱਚ ਵਾਧਾ, ਖ਼ਾਸ ਤੌਰ 'ਤੇ ਪੱਛਮੀ ਵਸਤਾਂ ਦੀ ਵਿਕਰੀ ਵਿੱਚ ਵਾਧੇ ਤੋਂ ਹੈ। ਚੈਨਲਾਂ ਦੇ ਰਾਹੀਂ ਉਹਨਾਂ ਦੇ ਵਿਚਾਰਾਂ ਨੂੰ ਲੋਕਾਂ ਦੇ ਵਿੱਚ ਫੈਲਾਇਆ ਜਾਂਦਾ ਹੈ। ਅਖ਼ਬਾਰਾਂ ਟੀ.ਵੀ ਦੇ ਰਾਹੀਂ ਵਸਤਾਂ ਦੀ ਤਰਜੀਹ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਖ਼ਬਾਰਾਂ ਦੇ ਵਿੱਚ ਹਰ ਪ੍ਰਕਾਰ ਦੇ ਵਿਗਿਆਪਨ ਛਪਦੇ ਅਤੇ ਹਰ ਵਰਗ ਦੇ ਵਪਾਰ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ। ਲੋਕਾਂ ਨੂੰ ਵਸਤਾਂ ਦੀ ਲੱਤ ਲਗਾਉਣ ਦੇ ਲਈ ਮਾਰਕੀਟਿੰਗ ਦੀ ਅਹਿਮ ਭੂਮਿਕਾ ਹੈ। ਇਹਨਾਂ ਦੇ ਦੁਆਰਾ ਵਸਤਾਂ ਨੂੰ ਜਿਸ ਤਰੀਕੇ ਨਾਲ ਅਕਰਸ਼ਿਤ ਕਰਕੇ ਲੋਕਾਂ ਦੇ ਵਿੱਚ ਉਤਾਰਿਆ ਜਾਂਦਾ ਹੈ, ਲੋਕ ਆਪਣੇ ਆਪ ਵਸਤਾਂ ਨੂੰ ਖਰੀਦਣ ਦੀ ਤਰਜੀਹ ਦਿੰਦੇ ਹਨ। ਮੀਡੀਆ ਪੂਰੇ ਵਿਸ਼ਵ ਨੂੰ ਇੱਕ ਕਰਨ ਦੇ ਵਿੱਚ ਲੱਗਾ ਹੈ। ਮੀਡੀਆ ਵਿਸ਼ਵੀਕਰਨ ਦੇ ਵਿਕਾਸ ਦਾ ਇੱਕ ਜ਼ਰੂਰੀ ਅੰਗ ਹੈ,

ਅਮਨਦੀਪ ਕੌਰ ਦੀ ਧਾਰਨਾ ਹੈ ਕਿ ,

> ਸਮੁੱਚੀ ਦੁਨੀਆਂ ਪਿੰਡ ਬਣ ਚੁੱਕੀ ਹੈ ਜਿਸ ਦੇ ਤਹਿਤ ਸਰਮਾਏ, ਉਪਕਰਨ, ਤਕਨੀਕ, ਉਤਪਾਦਨ, ਕੱਚਾ ਮਾਲ ਅਤੇ ਹੋਰ ਸਭਿਆਚਾਰਕ ਭੋਤਿਕ ਵਸਤੂਆਂ ਅਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ ਜਾਂਦਾ ਹੈ। ਜਿਸ ਦੇ ਵਿਕਾਸ ਲਈ ਸਮੱਗਰੀ ਪੂੰਜੀਵਾਦੀ ਮੁਲਕਾਂ ਨੇ 1991 ਤੋਂ ਬਾਅਦ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੇ ਲਿਬਾਸ ਵਾਲੀਆਂ ਨਵ-ਆਰਥਕ ਨੀਤੀਆਂ ਹੋਂਦ ਵਿੱਚ ਲਿਆਂਦੀਆਂ ਗਈਆਂ। ਅਜਿਹਾ ਕਰਨ ਲਈ ਜ਼ਰੀਆ ਆਪਸੀ ਨਿਰਭਰਤਾ ਅਤੇ ਆਰਥਕ ਨਜ਼ਦੀਕੀਆਂ ਨੂੰ ਵਧਾਉਣ ਦਾ ਬਣਾਇਆ ਜਾ ਰਿਹਾ ਹੈ।

*(21ਵੀਂ ਸਦੀ ਦੇ ਪ੍ਰਸੰਗ ਵਿੱਚ ਇਕੀਵੀਂ ਸਦੀ ਦੀ ਪੰਜਾਬੀ ਕਹਾਣੀ 25)*

ਭਾਰਤ ਦੇ ਵਿੱਚ ਸੰਚਾਰ ਮਾਧਿਅਮ ਉੱਨਤ ਹੋਣ ਦੇ ਨਾਲ ਬਹੁਤ ਤੇਜ਼ ਵੀ ਹੈ। ਪਰ ਇਹ ਮਾਧਿਅਮ ਉੱਚ ਵਰਗ ਦੇ ਜੀਵਨ ਨੂੰ ਲੋਕਾਂ ਦੇ ਵਿੱਚ ਪ੍ਰਚਾਰ ਰਿਹਾ ਹੈ। ਇਹ ਦੇਸ਼ ਦੀਆਂ ਅਸਲ ਹਕੀਕਤਾਂ ਨੂੰ ਲੋਕਾਂ ਦੇ ਅੱਗੇ ਉਜਾਗਰ ਕਰਨ ਦੀ ਥਾਂ ਝੂਠ ਸੱਚ ਬਣਾ ਕੇ ਲੋਕਾਂ ਅੱਗੇ ਪਰੋਸਿਆ ਜਾ ਰਿਹਾ ਹੈ। ਉਦਾਰੀਕਰਨ ਅਤੇ ਨਿੱਜੀਕਰਨ ਦੀ ਨੀਤੀ ਉੱਤੇ ਚਲਦਿਆਂ ਪੱਛਮੀ ਦੇਸ਼ਾਂ ਨੇ ਘੱਟ ਲਾਗਤ ਨਾਲ ਆਪਣਾ ਮਾਲ ਵਿਕਾਸਸ਼ੀਲ ਦੇਸ਼ਾਂ ਦੇ ਵਿੱਚ ਵੇਚਣਾ ਸ਼ੁਰੂ ਕਰ ਦਿੱਤਾ, ਜਿਸ ਦੇ ਸਦਕਾ ਬਹੁ-ਰਾਸ਼ਟਰੀ ਕੰਪਨੀਆਂ ਵਿਕਸਿਤ ਹੋਈਆਂ। ਇਹ ਕੰਪਨੀਆਂ ਉਤਪਾਦਨ ਕਰਨ ਦੇ ਵਿੱਚ ਕਾਮਯਾਬ ਵੀ ਹੋਈਆਂ। ਸਾਰਾ ਸੰਸਾਰ ਹੀ ਸਮੁੰਦਰ ਦੇ ਕੁੱਜੇ ਵਿੱਚ ਸਮਾ ਗਿਆ ਹੈ। ਇਹ ਸਿਰਫ ਵਿਸ਼ਵੀਕਰਨ ਦੀ ਨੀਤੀਆਂ ਦੇ ਕਾਰਨ ਹੀ ਹੋ ਸਕਿਆ ਹੈ ਜਿਸ ਦੇ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ ਫਾਇਦਾ ਹੋਇਆ ਹੈ। ਵਿਸ਼ਵੀਕਰਨ ਦੀਆਂ ਨੀਤੀਆਂ ਤਹਿਤ ਹੀ ਕੰਪਨੀਆਂ ਦੇ ਵਪਾਰ ਵਿੱਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕੀਤਾ ਗਿਆ ਜਿਵੇਂ ਟਰੇਡ, ਕੋਟਾ, ਲਾਇਸੈਂਸ ਪ੍ਰਣਾਲੀ ਆਦਿ। ਇਹ ਵਿਸ਼ਵ ਵਪਾਰ ਨੂੰ ਇੱਕ ਕਰਨ ਦੇ ਵਿੱਚ ਰੁਕਾਵਟਾਂ ਸਨ। ਕੰਪਨੀਆਂ ਦੇ ਹੱਕਾਂ ਦੀ ਰਾਖੀ ਹੋਣ ਕਰਕੇ ਹੀ ਕੰਪਨੀਆਂ ਖੁੱਲ੍ਹੀ ਮੰਡੀ ਦਾ ਪਸਾਰ ਕਰ ਪਾਈਆਂ ਹਨ। ਅਮਰੀਕਾ ਦੇ ਪ੍ਰਸਿਧ ਵਿਗਿਆਨੀ ਨੋਮ ਚੋਮਸਕੀ ਦੇ ਕਥਨ ਹਨ ਕਿ,

> ਪ੍ਰਾਈਵੇਟ ਕੰਪਨੀਆਂ ਨੇ ਏਨੀ ਸ਼ਕਤੀ ਹਾਸਿਲ ਕਰ ਲਈ ਕਿ ਸਿਆਸੀ ਤੌਰ ਤੇ ਪਹਿਲਾਂ ਨਾਲੋ ਵਧੇਰੇ ਸ਼ਕਤੀਸ਼ਾਲੀ ਅਤੇ ਚੇਤੰਨ ਹੋ ਗਿਆ ਹੈ। ਇਸ ਸ਼ਕਤੀ ਅਤੇ ਚੇਤਨਾ ਕਰਕੇ ਹੀ ਲੋਕਾਂ ਦੇ ਵਿਚਾਰਾਂ ਨੂੰ ਕਾਰਪੋਰੇਟ ਹਿੱਤਾਂ ਅਨੁਕੂਲ ਕਰਨ ਲਈ ਪ੍ਰਚਾਰ ਦਾ ਪ੍ਰੋਗਰਾਮ ਸਭ ਤੋਂ ਵੱਧ ਪ੍ਰਮੁੱਖਤਾ ਹਾਸਿਲ ਕਰ ਗਿਆ ਹੈ।

*(ਮਾਰਕਸਵਾਦ, ਮੁੱਦੇ ਤੇ ਮੁਲਾਂਕਣ 35)*

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ, ਜਿੱਥੇ ਵਿਸ਼ਵੀਕਰਨ ਦੀਆਂ ਨੀਤੀਆਂ ਨੇ ਸੰਸਾਰ ਦੇ ਵਪਾਰ, ਵਿਸ਼ਵ ਮੰਡੀ ਤੇ ਵਿਸ਼ਵ ਨਿਵੇਸ਼ ਦਾ ਹਿੱਸਾ ਬਣਾਇਆ ਹੈ ਉਥੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਖੇਤੀ ਅਤੇ ਹੋਰ ਖੇਤਰਾਂ ਦੇ ਵਿੱਚ ਤਰੱਕੀ ਲਗਾਤਾਰ ਹੇਠਾਂ ਵੱਲ ਨੂੰ ਜਾ ਰਹੀ ਹੈ। ਸਰਕਾਰਾਂ ਬਹੁ-ਕੰਪਨੀਆਂ ਦੀਆਂ ਏਜੰਟ ਬਣ ਕੇ ਰਹਿ ਗਈਆਂ ਹਨ, ਉਹਨਾਂ ਬੋਲਾਂ ਨੂੰ ਹੀ ਪੁਗਾ ਰਹੀਆਂ ਹਨ।

ਸਮਾਜਕ, ਆਰਥਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਧਾਰਨਾਵਾਂ ਦੇ ਅਧਿਐਨ ਵਿਸ਼ਲੇਸ਼ਣ ਤੋਂ ਬਾਅਦ ਵਿਸ਼ਵੀਕਰਨ ਸੰਬੰਧੀ ਮੇਰੀ ਧਾਰਨਾ ਹੈ ਕਿ ਗਲੋਬਲਾਈਜ਼ੇਸ਼ਨ ਇਕ ਸਿਸਟਮ ਹੈ, ਜਿਸ ਦੀਆਂ ਜੜ੍ਹਾਂ ਸੰਸਾਰ ਭਰ ਦੇ ਵਿੱਚ ਫੈਲ ਚੁੱਕੀਆ ਹਨ। ਇਹ ਸੰਸਾਰ ਨੂੰ ਜੋੜਣ ਦੇ ਨਾਲ ਨਾਲ ਵਿਕਾਸ ਦੀ ਗਤੀ ਵੀ ਪ੍ਰਦਾਨ ਕਰਦਾ ਹੈ। ਵਿਕਾਸ ਦੀ ਰਾਹ ਵਿੱਚ ਕਾਰਪੋਰੇਟ ਕੰਪਨੀਆਂ ਦਾ ਵਿਸ਼ੇਸ਼ ਹੱਥ ਹੈ ਜਿੰਨ੍ਹਾਂ ਨੇ ਵਸਤੂ ਦੀ ਮਾਰਕੀਟਿੰਗ ਰੀਲ ਲਾਈਫ ਹੀਰੋ ਹੀਰੋਇਨ ਦੇ ਦੁਆਰਾ ਕਰਵਾਈ। ਜਿਨ੍ਹਾਂ ਨੂੰ ਦੇਖ ਕੇ ਵਸਤ ਦੀ ਵਿਕਰੀ ਵੀ ਤੇ ਉਸ ਨਾਇਕ ਵਰਗਾ ਜੀਵਨ ਪਾਉਣ ਦੀ ਚੇਤਨਾ ਵੀ ਜਾਗਦੀ ਹੈ। ਉਦਾਹਰਨ ਦੇ ਤੌਰ 'ਤੇ ਕਰੀਨਾ ਕਪੂਰ ਆਪਣੀ ਸੁੰਦਰਤਾ ਦਾ ਪ੍ਰਚਾਰ ਕਰਨ ਦੇ ਨਾਲ ਆਪਣੀ ਸਲਿਮ ਫਿਗਰ ਦਾ ਵੀ ਪ੍ਰਚਾਰ ਕਰ ਰਹੀ ਹੈ। ਇਕ ਵਸਤ ਦੇ ਪ੍ਰਚਾਰ ਨਾਲ ਦੂਜੀ ਵਸਤ ਵੀ ਆਪਣੇ ਆਪ ਪ੍ਰਚਾਰੀ ਜਾ ਰਹੀ ਹੈ। ਇਹਨਾਂ ਨੇ ਲੋੜਾਂ ਦੀ ਪੂਰਤੀ ਲਈ ਅਨੇਕਾਂ ਵਿਕਲਪ ਦੇ ਦਿੱਤੇ ਜਿਸ ਦੇ ਸਿੱਟੇ ਵਜੋਂ ਵਸਤ ਖਰੀਦ ਤਾਂ ਲੈਂਦੇ ਪਰ ਨਾਲ ਨਾਲ ਬੇਲੋੜਾਂ ਦੇ ਕਰਕੇ ਕਰਜ਼ਾਈ ਵੀ ਹੋ ਰਹੇ ਹਨ। ਇਸ ਦਾ ਅਹਿਮ ਹੱਥ ਆਰਥਕਤਾ ਦੇ ਵਿੱਚ ਹੈ, ਵੱਡੀਆਂ ਜਾਂ ਛੋਟੀਆਂ ਸੰਸਥਾਵਾਂ ਦੇ ਮਾਲਕ ਕਾਰਪੋਰੇਟ ਘਰਾਣੇ ਬਣ ਚੁੱਕੇ ਹਨ। ਸਰਕਾਰ ਦੇ ਹੱਥਾ ਵਿੱਚ ਮਾਲਕੀ ਨਾ ਮਾਤਰ ਹੀ ਰਹੀ

ਹੈ, ਜਾਂ ਨਾਂ ਦੀ ਹੀ ਕਹਿ ਸਕਦੇ ਹਾਂ। ਵਿਸ਼ਵੀਕਰਨ ਦੇ ਵਿੱਚ ਮਨੁੱਖ ਦਾ ਮਨੁੱਖ ਪ੍ਰਤੀ ਰਵਈਆਂ ਮਾਨਵਵਾਦੀ ਦੀ ਥਾਂ ਵਸਤੂਵਾਦੀ ਹੋ ਚੁੱਕਾ ਹੈ। ਜਿਸ ਦੇ ਕਰਕੇ ਰਿਸ਼ਤਾ-ਨਾਤਾ ਪ੍ਰਬੰਧ, ਰਸਮ-ਰਿਵਾਜ, ਤਿਉਹਾਰ ਆਦਿ ਦੀ ਮਾਰਕੀਟਿੰਗ ਨਜ਼ਰੀਏ ਤੋਂ ਦੇਖਣਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਜੀਵਨ ਸ਼ੈਲੀ, ਕੰਮ ਕਰਨ ਦੇ ਢੰਗ ਬਦਲ ਰਹੇ ਹਨ। ਵਿਸ਼ਵੀਕਰਨ ਪਹਿਲੂ ਜ਼ਿਆਦਾ ਨਾਕਾਰਾਤਮਕ ਅਤੇ ਸਾਕਾਰਾਤਮਕ ਪਹਿਲੂ ਟਾਵੇਂ ਟਾਵੇਂ ਹੀ ਹਨ। ਮਨੁੱਖ ਨੂੰ ਮਨੁੱਖ ਦੀ ਤਰ੍ਹਾਂ ਨਹੀਂ ਬਲਕਿ ਮਨੁੱਖ ਨੂੰ ਵਸਤੂ ਦੀ ਤਰ੍ਹਾਂ ਪੇਸ਼ ਕਰ ਰਿਹਾ ਹੈ। ਇਹ ਹੀ ਵਰਤਮਾਨ ਵਿਸ਼ਵੀਕਰਨ ਹੈ।

**ਸਿੱਟਾ**:

1. ਖਪਤ ਸਭਿਆਚਾਰ ਦੀ ਸ਼ੁਰੂਆਤ ਪੱਛਮ ਤੋਂ ਹੋਈ ਹੈ। ਭਾਰਤ ਦੇ ਵਿੱਚ ਇਸ ਦਾ ਆਗਮਨ ਬ੍ਰਿਟਿਸ਼ ਸਾਮਰਾਜ ਦੀ ਸਥਾਪਨਾ ਦੇ ਨਾਲ ਹੀ ਹੋਇਆ ਸੀ।
2. ਖਪਤ ਸਭਿਆਚਾਰ ਇੱਕ ਭਰਮ –ਭੁਲੇਖੇ ਦੇ ਰੂਪ ਵਿੱਚ ਪੇਸ਼ ਹੋ ਕੇ, ਮਨੁੱਖੀ ਮਨ ਨੂੰ ਵਰਚਾਉਣ ਦੀ ਕੋਸ਼ਿਸ਼ ਕਰਦਾ ਹੈ।
3. ਖਪਤ ਸਭਿਆਚਾਰ ਕੋਈ ਨਵੀਂ ਧਾਰਨਾ ਨਹੀਂ ਹੈ, ਸਗੋਂ ਸਮੇਂ ਦੇ ਨਾਲ-ਨਾਲ ਚਲਦੀ ਰਹੀ ਹੈ। ਵਰਤਮਾਨ ਸਮੇਂ ਦੇ ਵਿੱਚ ਆਪਣੇ ਸੰਪੂਰਨ ਰੂਪ ਵਿਚ ਪ੍ਰਗਟ ਹੋਈ ਹੈ।
4. ਖਪਤ ਸਭਿਆਚਾਰ ਨਵੀਂ ਤਕਨੀਕਾਂ ਦੀ ਸਹਾਇਤਾ ਨਾਲ ਹੋਰ ਤੇਜ਼ ਹੁੰਦੀ ਹੈ ਜਿਵੇਂ ਸੋਸ਼ਲ ਮੀਡੀਆ, ਟੀ.ਵੀ ਆਦਿ ।
5. ਖਪਤ ਸਭਿਆਚਾਰ ਆਪਣੇ ਪ੍ਰਚਾਰ ਦੇ ਲਈ ਮੁੱਖ ਸਭਿਆਚਾਰ ਨੂੰ ਆਧਾਰ ਬਣਾਉਂਦੀ ਹੈ ਤਾਂ ਜੋ ਸਮਾਜ ਦੇ ਵਿੱਚ ਆਪਣੀਆਂ ਜੜ੍ਹਾਂ ਨੂੰ ਫੈਲਾ ਸਕੇ।

## ਦੂਸਰਾ ਅਧਿਆਇ

# ਪੰਜਾਬ ਦੇ ਸਮਾਜ ਸਭਿਆਚਾਰਕ ਜੀਵਨ

# ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ

# ਪੰਜਾਬ ਦੇ ਸਮਾਜ-ਸਭਿਆਚਾਰਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ

ਸਭਿਆਚਾਰ ਮਨੁੱਖੀ ਜੀਵਨ ਦਾ ਮੂਲ ਆਧਾਰ ਵੀ ਤੇ ਪਹਿਚਾਣ ਵੀ ਹੈ। ਸਭਿਆਚਾਰ ਤੋਂ ਸੱਖਣਾ ਕੋਈ ਵੀ ਸਮਾਜ ਨਹੀ ਹੋ ਸਕਦਾ। ਸਭਿਆਚਾਰ ਮਨੁੱਖੀ ਜੀਵਨ ਦੀ ਧਾਰਾ ਹੈ, ਜੋ ਮਨੁੱਖੀ ਜੀਵਨ ਨੂੰ ਨਿਸ਼ਚਿਤ ਜੀਵਨ ਵਿੱਚ ਰਹਿਣਾ ਸਿਖਾਉਂਦੀ ਤੇ ਮਨੁੱਖ ਨੂੰ ਸਭਿਅਕ ਬਣਾਉਂਦੀ ਹੈ। ਸਭਿਆਚਾਰ ਮਨੁੱਖ ਦੇ ਲਈ ਕੁਦਰਤੀ ਵਰਤਾਰਾ ਹੈ ਜਿਸ ਵਿੱਚ ਜੰਮਦਾ ਪਲਦਾ ਹੈ। ਸੁਭਾਵਿਕ ਹੀ ਸਭਿਆਚਾਰ ਨੂੰ ਗ੍ਰਹਿਣ ਕਰਦਾ ਹੈ। ਮਨੁੱਖ ਇਕੋ ਸਮੇਂ ਤੇ ਸਮਾਜ ਅਤੇ ਸਭਿਆਚਾਰ ਦਾ ਰਚੇਤਾ ਵੀ ਅਤੇ ਭੋਗਣਹਾਰ ਵੀ ਹੈ। ਸਭਿਆਚਾਰ ਪਾਣੀ ਦੇ ਵਹਿਣ ਵਾਂਗ ਪਰਿਵਰਤਿਤ ਹੁੰਦਾ ਹੈ। ਬੇਸ਼ੱਕ ਇਹ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ ਪਰੰਤੂ ਨਵੀਂ ਪੀੜ੍ਹੀ ਪੁਰਾਣੀਆਂ ਕਦਰਾਂ-ਕੀਮਤਾਂ ਵਿੱਚ ਕੁਝ ਹੱਦ ਤੱਕ ਪਰਿਵਰਤਨ ਕਰਦੀ ਰਹਿੰਦੀ ਹੈ। ਇਹ ਇੱਕ ਜਟਿਲ ਪ੍ਰਬੰਧ ਹੈ, ਜੋ ਬਦਲਦਾ ਤਾਂ ਰਹਿੰਦਾ ਹੈ ਪਰ ਇਸ ਦੀ ਗਤੀ ਧੀਮੀ ਹੁੰਦੀ ਹੈ। Benedict ਦੇ ਕਥਨ ਅਨੁਸਾਰ: “ਸਭਿਆਚਾਰ ਵਿਚ ਮਨੁੱਖੀ ਵਿਵਹਾਰ ਦੇ ਸਮਾਜੀ ਤੌਰ ਤੇ ਸਿਰਜੇ ਸਾਂਝੇ ਨਮੂਨੇ ਸ਼ਾਮਿਲ ਹਨ ਜੋ ਕਾਫ਼ੀ ਹੱਦ ਤੱਕ ਪ੍ਰਤੀਕਾਤਮਿਕ ਤਰੀਕੇ ਦੁਆਰਾ ਬਣਾਏ ਜਾਂਦੇ ਹਨ।” *(ਵਿਸ਼ਵੀਕਰਨ ਸਭਿਆਚਾਰ ਪਰਿਵਰਤਨ 10)*

ਪੰਜਾਬੀ ਸਭਿਆਚਾਰ ਦੀਆ ਪਰਿਵਰਤਨ ਦੀਆਂ ਦਿਸ਼ਾਵਾਂ: ਸਭਿਆਚਾਰ ਆਪਣੇ ਪੜਾਵਾਂ ਦੇ ਵਿੱਚੋਂ ਨਿਕਲ ਕੇ ਨਵੀਆਂ ਦਿਸ਼ਾਵਾਂ ਦੇ ਵਿੱਚ ਪੁੱਜਿਆ ਹੈ। ਪੰਜਾਬੀ ਸਭਿਆਚਾਰ ਦੇ ਪਰਿਵਰਤਨ ਦਾ ਸਮਾਂ ਲੰਮੇਰਾ ਸੀ।

**ਆਦਿ ਕਾਲ :** ਇਹ ਸਮਾਂ ਸਭਿਅਤਾ ਦੇ ਵਿਕਸਿਤ ਹੋਣ ਦਾ ਸਮਾਂ ਸੀ ਜਦੋਂ ਮਾਨਵ ਜੰਗਲੀ ਅਵਸਥਾ ਦੇ ਵਿੱਚ ਰਹਿੰਦਾ ਸੀ। ਉਸ ਵਕਤ ਮਾਨਵ ਨੂੰ ਆਪਣੇ ਆਪ ਦੇ ਬਾਰੇ ਅਤੇ ਨਾ ਹੀ ਖਾਣ-ਪੀਣ ਬਾਰੇ ਕੋਈ ਜਾਣਕਾਰੀ ਸੀ। ਮਾਨਵ ਫਲ ਪੱਤੇ ਖਾ ਕੇ ਗੁਜ਼ਾਰਾ ਕਰਦਾ ਸੀ। ਮਾਨਵ ਨੂੰ ਹੌਲੀ ਹੌਲੀ ਸੋਝੀ ਆਈ। ਉਸ ਨੇ

ਅਗਨੀ ਦੀ ਖੋਜ ਕੀਤੀ। ਅਗਨੀ ਦੀ ਖੋਜ ਨਾਲ ਉਸ ਨੇ ਆਪਣੇ ਆਪ ਨੂੰ ਜੰਗਲੀ ਜੀਵਾਂ ਤੋਂ ਬਚਾਇਆ। ਇਹ ਸਮਾਂ 1500- 3000 ਈਸਵੀ ਤੱਕ ਮੰਨਿਆ ਗਿਆ ਹੈ।

**ਮੱਧ ਕਾਲ** : ਇਹ ਸਮਾਂ ਮਨੁੱਖ ਦਿਮਾਗ ਅਤੇ ਸਰੀਰਕ ਪੱਖ ਦੋਵਾਂ ਤੋਂ ਚੇਤੰਨ ਸੀ। ਮਨੁੱਖ ਨੇ ਆਪਣੇ ਆਪ ਨੂੰ ਸਮੇਂ ਦਾ ਹਾਣੀ ਬਣਾ ਰੱਖਿਆ ਸੀ। ਮੱਧ ਕਾਲ ਨੂੰ ਭਗਤੀ ਕਾਲ ਨਾਲ ਵੀ ਸੰਬੋਧਿਤ ਕਰ ਲਿਆ ਜਾਂਦਾ ਹੈ। ਇਸ ਯੁੱਗ ਦੇ ਵਿੱਚ ਵੱਡ ਵਡੇਰੇ ਸੰਤ ਹੋਏ ਹਨ। ਜਿਨ੍ਹਾਂ ਨੇ ਸਮਾਜ ਦੀ ਅਗਵਾਈ ਕੀਤੀ ਤੇ ਸਮਾਜ ਨੂੰ ਬੁਰਾਈ ਮੁਕਤ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਸਮਾਂ ਜ਼ਿਆਦਾਤਰ ਜੰਗਾਂ-ਯੁੱਧਾਂ ਦਾ ਹੀ ਸਮਾਂ ਰਿਹਾ ਹੈ। ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਸੀ ਜਿਸ ਕਰਕੇ ਰੋਜ਼ਾਨਾ ਹੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਯੁੱਗ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖਾਲਸਾ ਪੰਥ ਦੀ ਸਾਜਨਾ ਹੋਈ ਸੀ। ਇਸ ਨੇ ਪੂਰੇ ਸੰਸਾਰ ਨੂੰ ਆਪਣੀ ਮਹਾਨਤਾ ਦੇ ਨਾਲ ਜੋੜ ਕੇ ਰੱਖਿਆ। ਸਮਾਜ ਦੇ ਵਿੱਚੋ ਜਾਤ-ਪਾਤ ਅਤੇ ਹੋਰ ਫਿਰਕੂ ਸੋਚ ਦਾ ਨਾਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ।

**ਆਧੁਨਿਕ ਕਾਲ** : ਇਹ ਸਮਾਂ ਅੰਗਰੇਜ਼ਾਂ ਦਾ ਭਾਰਤ ਵਿੱਚ ਆਗਮਨ ਦਾ ਸੀ। ਇਹਨਾਂ ਨੇ ਪੂਰੇ 200 ਸਾਲ ਭਾਰਤ ਨੂੰ ਗੁਲਾਮ ਬਣਾ ਰੱਖਿਆ ਸੀ। ਭਾਰਤ ਦੇ ਵਿੱਚ ਅਨੇਕਾਂ ਪਰਿਵਰਤਨ ਕੀਤੇ ਜਿਵੇਂ ਕਿ ਰੇਲ ਲਾਈਨਾਂ ਵਿਛਾਉਣਾ, ਸਕੂਲ , ਕਾਲਜ, ਹਸਤਪਾਲ ਖੋਲ੍ਹੇ ਆਦਿ। ਇਹ ਉਹਨਾਂ ਨੇ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਖੋਲੇ ਸੀ। ਉਹਨਾਂ ਦੀ ਨਵੀਨ ਸੋਚ ਨੇ ਭਾਰਤੀਆਂ ਨੂੰ ਅੰਧ ਵਿਸ਼ਵਾਸ ਦੇ ਵਿੱਚੋਂ ਨਿਕਲਣ ਤੇ ਚੇਤੰਨ ਜੀਵਨ ਲਈ ਪ੍ਰੇਰਿਤ ਕੀਤਾ। ਪੰਜਾਬੀ ਪੁਰਾਤਨ ਜ਼ੰਜ਼ੀਰਾਂ ਨੂੰ ਤੋੜ ਕੇ ਨਵੀਨ ਜੀਵਨ ਜਿਉਂਦਾ ਪਿਆ ਹੈ। ਜਿਸ ਨੂੰ ਹੇਠਾ ਦਿੱਤੇ ਚਿੱਤਰ ਰਾਹੀਂ ਸਮਝ ਸਕਦੇ ਹਾਂ।



ਮਾਰਗਨ ਦੀ ਧਾਰਨਾ ਹੈ ਕਿ "ਟੱਬਰ, ਇੱਕ ਸਰਗਰਮ ਅਮਲ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਕਦੀ ਅਹਿਲ ਨਹੀ ਰਹਿੰਦਾ ਸਗੋਂ ਜਿਉਂ ਜਿਉਂ ਸਮਾਜ ਨੀਵੀਂ ਤੋਂ ਉਚੇਰੀ ਪ੍ਰਸਥਿਤੀ ਵੱਲ ਉੱਨਤੀ ਕਰਦਾ ਹੈ, ਇਹ ਨੀਵੇਂ ਤੋਂ ਉਚੇਰੇ ਰੂਪ ਵੱਲ ਵੱਧਦਾ ਹੈ। ਇਹਦੇ ਉਲਟ ਸਗੋਤਰਤਾ ਦੇ ਰੂਪ ਸਥਿਲ ਹੁੰਦੇ ਹਨ, ਜਿਹੜੇ ਟੱਬਰ ਵੱਲੋਂ ਕੀਤੀ ਉੱਨਤੀ ਬਹੁਤ ਲੰਮੇ ਉੱਤੇ ਖਿਲਰੇ ਵਕਫ਼ਿਆਂ ਤੋਂ ਪਿੱਛੋਂ ਅੰਕਤ ਕਰਦੇ ਹਨ ਅਤੇ ਉਹਨਾਂ ਵਿਚ ਬੁਨਿਆਦ ਉਦੋਂ ਹੀ ਆਉਂਦੀ ਹੈ ਜਦੋਂ ਟੱਬਰ ਦੇ ਰੂਪ ਵਿੱਚ ਬੁਨਿਆਦੀ ਤਬਦੀਲੀ ਆ ਚੁੱਕੀ ਹੁੰਦੀ ਹੈ"। (ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ 30)

ਮਨੁੱਖ ਦੋਹਰੇ ਰਿਸ਼ਤੇ ਵਿੱਚ ਬੱਝਾ ਹੋਇਆ ਹੈ। ਇਹਨਾਂ ਦੀ ਸਿਰਜਣਾ ਇੱਕ ਦੂਜੇ ਨੂੰ ਪ੍ਰਭਾਵਿਤ ਕਰਕੇ ਲੰਮੀ ਇਤਿਹਾਸਕ ਪ੍ਰਤੀਕਿਰਿਆ ਦਾ ਹੀ ਪ੍ਰਤੀਫਲ ਹੈ। ਮਨੁੱਖ ਅਨੇਕਾਂ ਪੜਾਅ ਤਹਿ ਕਰਦਾ ਹੋਇਆ ਅਜੋਕੇ ਸਮਾਜ ਤੱਕ ਪਹੁੰਚਿਆ ਹੈ। ਆਧੁਨਿਕ ਸਮਾਜ ਨਵੀਨ ਤਕਨੀਕਾਂ ਦਾ ਯੁੱਗ ਹੈ, ਜਿੱਥੇ ਦਿਨ ਬਦਿਨ ਨਵੀਨ ਤਕਨੀਕਾਂ ਦੀ ਪੈਦਾਵਾਰ ਹੋ ਰਹੀ ਹੈ। ਇਹਨਾਂ ਦੇ ਕਾਰਨ ਮਨੁੱਖ ਵਿੱਚ ਨਵੀਨ ਵਸਤਾਂ ਦੀ ਵਰਤੋਂ ਦੀ ਲਾਲਸਾ ਪੈਦਾ ਹੋ ਰਹੀ ਹੈ। ਇਹ ਲਾਲਸਾ ਮਨੁੱਖ ਨੂੰ ਪਦਾਰਥਵਾਦੀ ਬਣਾ ਰਹੀ ਹੈ ਜਿਸ ਦੇ ਸਿੱਟੇ ਵਜੋਂ ਅਜੋਕੇ ਸਮਾਜ ਵਿੱਚ 'ਖਪਤ ਸਭਿਆਚਾਰ ਦੀ ਧਾਰਨਾ ਪੈਦਾ ਹੋ ਗਈ ਹੈ। ਸਮਾਜ ਵਿੱਚ ਵਿਕਾਸ ਦਾ ਕਾਰਜ ਤਾਂ ਚਲਦਾ ਹੀ ਰਹਿੰਦਾ ਹੈ, ਪਰੰਤੂ ਇਸ ਨਵੀ ਧਾਰਨਾ ਨੇ ਸਮਾਜ ਦੇ ਵਿਕਾਸ ਦੇ 'ਨਾਂ ਤੇ ਨਿਸ਼ਾਨ ਚਿੰਨ੍ਹ ਲਗਾ ਦਿੱਤੇ ਹਨ। ਨਵੀਨ ਪਰਿਵਰਤਨ ਜਿੱਥੇ ਮਨੁੱਖ ਦੇ ਲਈ ਵਿਕਾਸ ਦਾ ਕਾਰਜ ਕਰ ਰਿਹਾ ਹੈ ਉੱਥੇ ਇਹ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰ ਰਿਹਾ ਹੈ। ਵਸਦੇ ਸੰਸਾਰ ਵਿੱਚ ਮਨੁੱਖ ਇਕੱਲਾ ਜੀਵਨ ਵਿਚਰਨ ਲਈ ਮਜਬੂਰ ਹੋ ਰਿਹਾ ਹੈ। ਮਾਨਵ ਨੇ ਆਪਣੇ ਆਪ ਨੂੰ ਚਾਰਦੀਵਾਰੀ ਦੇ ਵਿੱਚ ਬੰਦ ਕਰ ਰੱਖਿਆ ਹੈ।

## 2.1 ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਪਰਿਵਾਰਿਕ ਰਿਸ਼ਤਿਆਂ ਵਿੱਚ ਤਣਾਓ

**ਪਰਿਵਾਰ:-** ਮਨੁੱਖ ਇੱਕ ਸਮਾਜਕ ਪ੍ਰਾਣੀ ਹੈ। ਸਮਾਜਕ ਪ੍ਰਾਣੀ ਹੋਣ ਦੇ ਨਾਤੇ ਮਨੁੱਖਾਂ ਦੇ ਨਾਲ ਮਿਲ ਕੇ ਜਾਂ ਸਮੂਹ ਦੇ ਵਿੱਚ ਰਹਿੰਦਾ ਹੈ। ਮਨੁੱਖ ਇੱਕ ਖਾਸ ਭੂਗੋਲਿਕ ਪ੍ਰਸਥਿਤੀਆਂ ਦੇ ਵਿੱਚ ਜੰਮਦਾ ਅਤੇ ਪਲਦਾ ਹੈ। ਉੱਥੇ ਰਹਿ ਕੇ ਜੀਵਨ ਜਿਊਣ ਦੇ ਸਲੀਕੇ ਸਿੱਖਦਾ ਹੈ। ਮਨੁੱਖ ਸਮਾਜ ਦੇ ਵਿੱਚ ਰਹਿ ਕੇ ਹੀ ਸਭਿਅਕ

ਪ੍ਰਾਣੀ ਬਣ ਸਕਦਾ ਹੈ। ਮੈਕਾਈਵਰ ਦੀ ਧਾਰਨਾ ਹੈ ਕਿ "ਜਿੱਥੇ ਕਿਤੇ ਵੀ ਵੱਡੇ ਜਾਂ ਛੋਟੇ ਸਮੂਹ ਦੇ ਮੈਂਬਰ ਇਸ ਤਰ੍ਹਾਂ ਰਹਿੰਦੇ ਹਨ ਕਿ ਉਹ ਇਹ ਜਾਂ ਉਹ ਵਿਸ਼ੇਸ਼ ਹਿੱਤ ਵਿੱਚ ਨਹੀਂ ਸਗੋਂ ਸਾਂਝੇ ਜੀਵਨ ਦੀਆਂ ਮੌਲਿਕ ਸੂਰਤਾਂ ਦੇ ਵਿੱਚ ਹਿੱਸਾ ਲੈਂਦੇ ਹਨ ਤਾਂ ਅਸੀਂ ਅਜਿਹੇ ਸਮੂਹ ਨੂੰ ਸਮੁਦਾਇ ਕਹਿੰਦੇ ਹਾ।" *(ਸਮਾਜ: ਪ੍ਰਾਰੰਭਿਕ ਵਿਸ਼ਲੇਸ਼ਣ 11)*

ਮਨੁੱਖ ਸਮੂਹ ਦੇ ਵਿੱਚ ਆਪਸੀ ਲੋੜਾਂ ਨੂੰ ਪੂਰਾ ਕਰਨ ਦੇ ਲਈ ਇਕੱਠ ਦੇ ਵਿੱਚ ਰਹਿੰਦਾ ਹੈ। ਹਰੇਕ ਮਨੁੱਖ ਜੀਵਨ ਦੇ ਵਿੱਚ ਇਲਾਕਈ ਵਖੇਰਵਾਂ ਪਿਆ ਹੈ ਉਦਾਹਰਨ ਦੇ ਤੌਰ ਤੇ ਪੰਜਾਬੀ ਸਮਾਜ ਦੁਨੀਆਂ ਭਰ ਦੇ ਸਮਾਜਾਂ ਨਾਲੋਂ ਵੱਖਰਾ ਹੈ। ਸਭਿਆਚਾਰ ਦੇ ਵਿੱਚ ਪਰਿਵਾਰ ਇੱਕ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਮਨੁੱਖ ਦੋਹਰੇ ਰਿਸ਼ਤੇ ਵਿੱਚ ਬੱਝਾ ਹੋਇਆ ਹੈ। ਪਰਿਵਾਰ ਇੱਕ ਇਕਾਈ ਹੈ, ਜਿਸ ਦੇ ਦੁਆਲੇ ਮਨੁੱਖ ਦਾ ਜੀਵਨ ਬਤੀਤ ਹੁੰਦਾ ਹੈ। ਪਰਿਵਾਰ ਸਮਾਜ ਦਾ ਵਿਸ਼ੇਸ਼ ਹਿੱਸਾ ਮੰਨਿਆ ਜਾਂਦਾ ਹੈ। ਦੁਨੀਆਂ ਦੇ ਹਰ ਸਮਾਜ ਦੇ ਵਿੱਚ ਪਰਿਵਾਰ ਮੋਜੂਦ ਹੈ। ਇੱਦਾਂ ਦਾ ਕੋਈ ਵਿਅਕਤੀ ਨਹੀ ਹੈ, ਜਿਹੜਾ ਪਰਿਵਾਰ ਤੋਂ ਬਿਨ੍ਹਾ ਰਹਿੰਦਾ ਹੋਵੇ। ਜਿਵੇਂ ਮਨੁੱਖ ਦੇ ਦਿਨ ਦੀ ਸ਼ੁਰੂਆਤ ਅਤੇ ਰਾਤ ਦੀ ਸਮਾਪਤੀ ਪਰਿਵਾਰ ਤੋਂ ਹੀ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ, "ਪਰਿਵਾਰ ਸ਼ਬਦ ਦਾ ਅਰਥ ਕਿਸੇ ਪੁਰਸ਼ ਨੂੰ ਘੇਰਨ ਵਾਲੀ ਸੰਬੰਧੀ, ਕੁਟੰਬ, ਟੱਬਰ, ਰਾਜੇ ਦੇ ਆਸ-ਪਾਸ ਰਹਿਣ ਵਾਲੇ ਨੌਕਰ ਚਾਕਰ ਦੇ ਰੂਪ ਵਿੱਚ ਕੀਤਾ ਜਾਂਦਾ ਹੈ।" *(ਮਹਾਨ ਕੋਸ਼ 753)*

ਪਰਿਵਾਰ ਮਨੁੱਖ ਨੂੰ ਇੱਕ ਜ਼ਿੰਮੇਵਾਰ ਮਨੁੱਖ ਬਣਾਉਂਦਾ ਹੈ। ਪਰਿਵਾਰ ਦੇ ਵਿੱਚ ਜੀਆਂ ਦਾ ਵਾਧਾ ਵਿਆਹ ਅਤੇ ਜਨਮ ਦੇ ਨਾਲ ਹੁੰਦਾ ਹੈ। ਪਰਿਵਾਰ ਆਪਣੇ ਮੈਂਬਰਾਂ ਦਾ ਪਾਲਣ-ਪੋਸਣ ਕਰਦਾ ਹੈ, ਜਿਵੇ ਕਿ ਸਿੱਖਿਆ, ਨੈਤਿਕ ਮੁੱਲ, ਸੰਸਕ੍ਰਿਤੀ ਆਦਿ ਦੀ ਜਾਣਕਾਰੀ ਦੇ ਕੇ ਸਿੱਖਿਅਤ ਕਰਦਾ ਹੈ। ਪਰਿਵਾਰ ਹੀ ਸਮਾਜ ਦਾ ਆਧਾਰ ਅਤੇ ਨੀਂਹ ਹੈ। ਪਰਿਵਾਰ ਦੇ ਵਿੱਚ ਰਹਿ ਕੇ ਹੀ ਮਾਨਵ ਭੁੱਖ, ਪਿਆਸ, ਦੁੱਖ, ਸੁੱਖ, ਕਸ਼ਟ ਆਦਿ ਭਾਵਨਾਵਾਂ ਨੂੰ ਸਿੱਖਦਾ ਹੈ। ਪਰਿਵਾਰ ਦੂਜਿਆਂ ਨੂੰ ਜੀਵਨ ਦਾਨ ਦਿੰਦਾ ਹੈ। ਪਰਿਵਾਰ ਦਾ ਮੁਖੀ ਪਰਿਵਾਰ ਦੇ ਮੈਂਬਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨਾ ਅਤੇ ਉਹਨਾਂ ਦਾ ਹਰ ਕਸ਼ਟ ਦੇ ਵਿੱਚ ਸਾਥ ਦੇਣਾ ਆਪਣਾ ਫ਼ਰਜ਼ ਸਮਝਦਾ ਹੈ। ਉਹ ਵਿਅਕਤੀ ਜਿਨ੍ਹਾਂ ਦੇ ਕੋਲੋਂ ਹੱਥੀ ਕਾਰਜ ਨਹੀ ਹੁੰਦਾ, ਉਹਨਾਂ ਦੇ ਲਈ

ਆਪਣਾ ਜੀਵਨ ਪ੍ਰਸਤੁਤ ਕਰ ਦਿੰਦਾ ਹੈ। ਨਵੀਨ ਪਰਿਵਰਤਨ ਜਿੱਥੇ ਮਨੁੱਖ ਦੇ ਲਈ ਵਿਕਾਸ ਦਾ ਕਾਰਜ ਕਰ ਰਿਹਾ ਹੈ, ਉੱਥੇ ਇਹ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰ ਰਿਹਾ ਹੈ। ਲੋਕ ਕਹਾਵਤ ਹੈ ਕਿ 'ਵਣ ਵਿੱਚ ਲੱਕੜੀ ਵੀ ਇਕੱਲੀ ਨਹੀਂ ਹੁੰਦੀ'। ਮਨੁੱਖ ਨੂੰ ਜੀਵਨ ਬਸਰ ਦੇ ਲਈ ਇੱਕ-ਦੂਜੇ ਦੇ ਉੱਪਰ ਸ਼ੁਰੂ ਤੋ ਹੀ ਨਿਰਭਰ ਹੋਣਾ ਪੈ ਰਿਹਾ ਹੈ। ਸਹਿਯੋਗ ਦੀ ਭਾਵਨਾ ਮਨੁੱਖ ਨੂੰ ਇੱਕ ਸੰਗਠਨ ਦੇ ਵਿੱਚ ਰਹਿਣ ਦੇ ਲਈ ਮਜਬੂਰ ਕਰਦੀ ਹੈ। ਖਪਤ ਸਭਿਆਚਾਰ ਅਸਲ ਵਿੱਚ ਮਨੁੱਖ ਨੂੰ ਭਰਮ ਭਰੇ ਸੰਸਾਰ ਦੇ ਵਿੱਚ ਜਿਊਣ ਦੇ ਲਈ ਮਜਬੂਰ ਕਰਦਾ ਹੈ। ਖਪਤ ਵਾਦੀ ਸੰਸਾਰ ਨੇ ਮਨੁੱਖੀ ਜੀਵਨ ਦੀਆਂ ਨੈਤਿਕ ਮੁੱਲਾਂ ਨੂੰ ਕਿਨਾਰੇ ਲਾ ਰੱਖਿਆ ਹੈ। ਪੰਜਾਬੀ ਸਮਾਜ ਦੇ ਵਿੱਚ ਮਿਲ ਜੁੱਲ ਕੇ ਰਹਿਣ ਦੀ ਭਾਵਨਾ ਵਿਦਮਾਨ ਸੀ। ਹਰ ਰਿਸ਼ਤੇ ਜੋੜ ਕੇ ਰੱਖਦੇ ਸਨ। ਇਹੋ ਜਿਹੀ ਵਿਵਸਥਾ ਦਾ ਅਸਰ ਹਰ ਇੱਕ ਸਮਾਜ ਤੇ ਹੋਇਆ ਹੈ। Richens and Dawson: "materialism is defined as a "set of centrally held beliefs about importance of possessions in one's life." *(Family structure, materialism and compulsive consumption.*[*www.researchgate.net*](http://www.researchgate.net) )

ਖਪਤ ਸਭਿਆਚਾਰ ਨੂੰ ਜੀਵਨ ਦਾ ਹਨੇਰਾ ਵੀ ਕਿਹਾ ਗਿਆ ਹੈ। ਇਹ ਦੋਹਰੀ ਭੂਮਿਕਾ ਨਿਭਾਉਂਦਾ ਹੈ। ਇਹ ਨਾ ਤਾਂ ਹਾਂ-ਪੱਖੀ ਅਤੇ ਨਾ ਤਾਂ ਨਾਂਹ- ਪੱਖੀ ਹੈ। ਇਹ ਮਾਨਵ ਦੇ ਵਿੱਚ ਅਸੰਤੁਸ਼ਟਤਾ, ਅਸੁਰੱਖਿਆ ਅਤੇ ਪੈਸੇ ਦੇ ਵੱਲ ਜ਼ਿਆਦਾ ਕੇਂਦਰਿਤ ਕਰਦਾ ਹੈ। ਇਹਨਾਂ ਪੱਖਾਂ ਬਾਰੇ Richens and Dawson ਨੇ ਕਿਹਾ ਹੈ ਕਿ-

"Material values are associated with low –esteem, dissatisfaction, with one's life and insatiable desire for higher income." *(Family structure. materialism and compulsive consumption.* [*www.researchgate.net*](http://www.researchgate.net))

ਵਸਤਵਾਦੀ ਸੰਸਾਰ ਮਨੁੱਖ ਨੂੰ ਉਤੇਜਿਤ ਕਰਨ ਦੇ ਨਾਲ ਉਸਦੇ ਅੰਦਰ ਜਗਿਆਸਾ ਭਰ ਦਿੰਦਾ ਹੈ। ਇਹ ਠੀਕ ਵੀ ਹੈ ਕਿ ਮਨੁੱਖ ਜੀਵਨ ਦੇ ਵਿੱਚ ਉੱਚਾ ਉੱਠਣਾ ਚਾਹੁੰਦਾ ਹੈ। ਇਹ ਮਨੁੱਖ ਦੇ ਵਿੱਚ ਨਕਾਰਾਤਮਕ ਅਤੇ ਸਕਾਰਾਤਮਕ ਦੋਵੇਂ ਭਾਂਤ ਦੀਆਂ ਭਾਵਨਾਵਾਂ ਵਿਦਮਾਨ ਕਰਦੀ ਹੈ। "Material possessions often serve as surrogate for inadequate or unsatisfying interpersonal relationship; individuals who are more materialistic place a greater emphasis on possessions than on interpersonal relationship". (Family *structure. materialism and compulsive consumption.* [*www.researchgate.net*](http://www.researchgate.net))

**ੳ) ਰਿਸ਼ਤਿਆਂ ਦਾ ਵਜੂਦ :-** ਪੰਜਾਬੀ ਸਭਿਆਚਾਰ ਦੇ ਵਿੱਚ ਹਰ ਇੱਕ ਰਿਸ਼ਤੇ ਦਾ ਆਪਣਾ ਇੱਕ ਵਜੂਦ ਹੈ। ਉਸ ਰਿਸ਼ਤਿਆਂ ਨੂੰ ਉਸੇ ਨਾਮ ਦੇ ਨਾਲ ਬੁਲਾਇਆ ਜਾਂਦਾ ਸੀ। ਪਰਿਵਾਰਾਂ ਦੇ ਵਿੱਚ ਹਰ ਇੱਕ ਰਿਸ਼ਤੇ ਲਈ ਖਾਸ ਮੋਹ ਅਤੇ ਪਿਆਰ ਸੀ। ਉਹਨਾਂ ਦੇ ਨਾਮ ਤੋਂ ਹੀ ਪਿਆਰ, ਅਹਿਸਾਸ ਨਾਲ ਭਰੇ ਰਿਸ਼ਤੇ ਜਾਪਦੇ ਹਨ ਜਿਵੇਂ ਕਿ ਮਾਸੀ ਦਾ ਰਿਸ਼ਤਾ ਜਿਸ ਦਾ ਅਰਥ ਮਾਂ ਜੈਸੀ ਤੋਂ ਲਿਆ ਜਾਂਦਾ ਹੈ। ਮਾਸੀ, ਭੂਆ ਆਦਿ ਰਿਸ਼ਤਿਆਂ ਦੀ ਪਰਿਵਾਰਾਂ ਵਿੱਚ ਖ਼ਾਸ ਅਹਿਮੀਅਤ ਵਾਲੇ ਸਨ। ਬਾਕੀ ਰਿਸ਼ਤੇ ਵੀ ਉਨੇ ਹੀ ਪਿਆਰੇ ਸਨ। ਰਿਸ਼ਤੇ ਜਨਮ ਅਤੇ ਵਿਆਹ ਦੇ ਨਾਲ ਬਣਦੇ ਹਨ। ਵਰਤਮਾਨ ਲਹਿਰ ਦੀ ਪ੍ਰਭਾਵ ਹੇਠ ਇਹ ਰਿਸ਼ਤੇ ਆਪਣੀ ਹੋਂਦ ਗੁਆ ਰਹੇ ਹਨ।

ਜੀਤ ਸਿੰਘ ਜੋਸ਼ੀ ਦੀ ਧਾਰਨਾ ਹੈ ਕਿ

> ਅਜੋਕੇ ਸਭਿਆਚਾਰਕ ਪਰਿਵਰਤਨ ਦੇ ਤੇਜ਼ ਅਮਲ ਦੌਰਾਨ ਜਿੱਥੇ ਬਾਕੀ ਸਭਿਆਚਾਰਕ ਵਰਤਾਰੇ ਤਾਂ ਖ਼ਤਮ ਹੁੰਦੇ ਜਾ ਰਹੇ ਹਨ ਜਾਂ ਫਿਰ ਆਪਣਾ ਰੂਪ ਬਦਲਦੇ ਜਾ ਰਹੇ ਹਨ, ਉਵੇਂ ਹੀ ਪੰਜਾਬੀ ਸਮਾਜ ਵਿਚ ਪਲ ਰਹੇ ਜਾਂ ਪਨਪ ਰਹੇ ਰਿਸ਼ਤੇ ਆਪਣਾ ਰੂਪ ਬਦਲਣ ਦੇ ਨਾਲ ਨਾਲ ਆਪਣੀ ਹੋਂਦ ਗੁਆ ਰਹੇ ਹਨ। ਜਨਮ, ਵਿਆਹ ਤੇ ਮੌਤ ਜੀਵਨ ਦੇ ਤਿੰਨ ਪ੍ਰਮੁੱਖ ਪੜਾਵਾਂ 'ਤੇ ਇਹ ਰਿਸ਼ਤੇ ਆਪਣਾ ਵਿਸ਼ੇਸ਼ ਮਹੱਤਵ ਰੱਖਦੇ ਹਨ, ਪ੍ਰੰਤੂ ਵਰਤਮਾਨ ਸਮੇਂ ਵਿਚ ਪੰਜਾਬੀ ਸੁਭਾਅ ਵਾਲੇ ਰਿਸ਼ਤੇ ਚਾਚਾ, ਤਾਇਆ, ਮਾਸੜ, ਫੁੱਫੜ, ਮਾਮਾ ਕਿਤੇ ਵੀ ਮੁਖਾਤਬ ਹੁੰਦੇ ਨਜ਼ਰ ਨਹੀ ਆਉਂਦੇ, ਸਗੋਂ ਦੁਖ-ਸੁਖ ਇਕੱਤਰ ਹੁੰਦੀ ਭੀੜ ਅੰਕਲ-ਅੰਟੀਆਂ ਦੀ ਹੁੰਦੀ ਹੈ।

*(ਪੰਜਾਬੀ ਸਮਾਜ: ਰਿਸ਼ਤਾ-ਨਾਤਾ ਪ੍ਰਬੰਧ 9-10)*

ਪੱਛਮੀਕਰਨ ਦੇ ਪ੍ਰਭਾਵ ਹੇਠ ਸਾਰੇ ਹੀ ਰਿਸ਼ਤਿਆਂ ਦਾ ਇੱਕ ਨਾਮ ਹੋ ਜਾਣ ਕਾਰਨ, ਰਿਸ਼ਤਿਆਂ ਦੇ ਵਿੱਚ ਪਹਿਲਾਂ ਵਾਲਾ ਨਿੱਘ ਤੇ ਵਫ਼ਾਦਾਰੀ ਨਜ਼ਰੀ ਨਹੀਂ ਪੈਂਦੀ। ਮਾਂ-ਪਿਤਾ, ਭੂਆ, ਮਾਸੀ, ਚਾਚੇ, ਤਾਏ, ਪਰਿਵਾਰਾਂ ਦੇ ਵਿੱਚ ਸਤਿਕਾਰਤ ਰਿਸ਼ਤੇ ਰਹੇ ਹਨ। ਇਹਨਾਂ ਦੀ ਪਦਵੀ ਸਿਰਫ਼ ਨਾਂ ਦੀ ਨਹੀ, ਸਗੋਂ ਇਹਨਾਂ

ਦਾ ਕਿਹਾ ਕੋਈ ਮੋੜ ਵੀ ਨਹੀ ਸਕਦਾ ਸੀ। ਸਿਆਣੇ ਕਹਿੰਦੇ ਹਨ, ਕਿ ਰਿਸ਼ਤੇ ਰਬੜ ਦੀ ਤਰ੍ਹਾਂ ਹੁੰਦੇ ਹਨ ਜਿੰਨੇ ਖਿੱਚੋਗੇ ਓਨੀ ਜਲਦੀ ਹੀ ਟੁੱਟਣਗੇ । ਪੁਰਾਤਨ ਰਿਸ਼ਤਿਆਂ ਦੇ ਵਿੱਚ ਸਾਦਗੀ ਸੀ। ਵਰਤਮਾਨ ਰਿਸ਼ਤੇ ਸਵਾਰਥ ਉੱਤੇ ਨਿਰਭਰ ਹਨ। ਦੂਜੇ-ਤੀਸਰੇ ਤਿੰਨ ਰਿਸ਼ਤੇ ਤਿੜਕ ਰਹੇ ਹਨ। ਘਰ ਦੇ ਮੁਖੀ ਦੀ ਵਿਸ਼ੇਸ਼ ਮਹੱਤਤਾ ਸੀ। ਸਾਰੇ ਰਿਸ਼ਤੇ ਘਰ ਦੇ ਮੁਖੀ ਦਾ ਮਾਣ ਰੱਖਦੇ ਸਨ। ਡਾ.ਜੋਗਿੰਦਰ ਸਿੰਘ ਕੈਰੋ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, ਪੁਰਾਣੇ ਸਮੇਂ ਦੇ ਵਿੱਚ ਸੰਸਾਰ ਸਾਡਾ ਘਰ ਸੀ। ਵੱਧ ਤੋਂ ਵੱਧ ਮਨੁੱਖ ਦਾ ਘਰ ਤੇ ਕੰਮ ਤੱਕ ਹੀ ਸੀਮਿਤ ਸੀ।ਵੱਧ ਤੋਂ ਵੱਧ ਪਿੰਡ ਹੀ ਸੀ ਜਿਵੇਂ ਕਹਿੰਦੇ ਹਨ ਕਿ ਘਰ ਜੰਮੇ ਤੇ ਹਵੇਲੀ ਮਰ ਗਏ। ਸੰਚਾਰ ਦੇ ਸਾਧਨ ਘੱਟ ਸਨ। ਲੋਕਾਂ ਨੂੰ ਪਤਾ ਨਹੀ ਸੀ। ਇਕੱਲੇ ਪੰਜਾਬ ਦੇ ਵਿੱਚ ਹੀ ਨਹੀਂ ਸਗੋ ਪੂਰੇ ਸੰਸਾਰ ਦੇ ਵਿੱਚ ਆਦਰਸ਼ ਘੱਟਦੇ ਜਾ ਰਹੇ ਹਨ। ਸਾਡੇ ਕੋਲ ਆਦਰਸ਼ ਘੱਟ ਸਨ। ਪਹਿਲਾਂ ਸਾਡੇ ਕੋਲ ਧਰਮ ਦਾ ਆਦਰਸ਼ ਸੀ। ਆਈਨਸਟਾਈਨ ਨੇ ਸਪੇਸ ਦੀ ਥਿਊਰੀ ਕੱਢੀ ਹੈ, ਉਸਨੇ ਸਿੱਧ ਕੀਤਾ ਕਿ ਨਾ ਕੋਈ ਪੁੰਨ ਹੈ ਨਾ ਕੋਈ ਪਾਪ ਹੈ। ਇਸ ਨਾਲ ਸਾਰਾ ਸੰਸਾਰ ਹੀ ਸੰਬੰਧਿਤ ਹੈ। ਜਿਉਂ-ਜਿਉਂ ਆਧੁਨਿਕਤਾ ਦਾ ਪਸਾਰ ਹੋਇਆ। ਮੈਂ ਆਧੁਨਿਕਤਾ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਸਾਈ ਦੇ ਪਾਦਰੀ ਨੇ ਬਾਈਬਲ ਦੇ ਅਰਥ ਨੂੰ ਇਵੇ ਕੱਢਣ ਨੂੰ ਕਿਹਾ ਕਿ ਇਹ ਹੀ ਖੁਦਾ ਬਣ ਜਾਵੇ। ਇਹ ਪ੍ਰਭੂ ਵੱਲੋ ਲਿਖੇ ਹੋਏ ਸਮਝੇ ਜਾਣ। ਇਸ ਦੇ ਬਾਰੇ ਐਲਫੈਡ ਲੁਸਾਈ ਨੇ ਗੱਲ ਕਹੀ ਕਿ ਇਹ ਤੁਸੀ ਗਲਤ ਕਹਿ ਰਹੇ ਹੋ। ਇਹ ਮਨੁੱਖ ਦੀ ਭਲਾਈ ਲਈ ਮਨੁੱਖ ਵੱਲੋ ਮਨੁੱਖ ਦੇ ਲਈ ਲਿਖੇ ਗਏ ਹਨ। ਉਸਨੂੰ ਗਲਤ ਕਹਿ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ। ਕੁਝ ਲੋਕਾਂ ਨੇ ਦੇਖਿਆ ਕਿ ਉਹ ਸਹੀ ਕਹਿ ਰਿਹਾ ਹੈ। ਲੋਕ ਉਸ ਨਾਲ ਜੁੜਣ ਲੱਗੇ। ਜਿਹੜੇ ਲੋਕ ਉਹਨਾਂ ਨਾਲ ਜੁੜਣ ਲੱਗੇ ਉਹਨਾਂ ਨੂੰ ਮੌਡਰਨ ਕਿਹਾ ਗਿਆ। ਸੋ ਮਾਡਰਨ ਦਾ ਮਤਲਬ ਵੀ ਇਹੀ ਹੋਇਆ ਕਿ ਧਰਮ ਦਾ ਵਿਰੋਧ ਕਰਨਾ। ਜਦੋਂ ਧਰਮ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤੇ ਧਰਮ ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਜਿਸ ਨੇ ਸਾਡੀਆ ਮਾਨਤਾਵਾਂ ਨੂੰ ਬਦਲ ਦਿੱਤਾ। ਇਸਨੇ ਸਾਕਾਦਾਰੀ ਪ੍ਰਬੰਧ ਉੱਤੇ ਵੀ ਪ੍ਰਭਾਵ ਪਾਇਆ। ਇਸ ਦਾ ਪ੍ਰਭਾਵ ਬਾਹਰਲੇ ਮੁਲਕਾਂ ਤੋਂ ਜ਼ਿਆਦਾ ਆਇਆ। ਸਾਡੇ ਲੋਕ ਵੀ ਬਾਹਰਲੇ ਮੁਲਕਾਂ ਦੇ ਲੋਕਾਂ ਵਾਂਗ ਛੱਡੋ ਤੇ ਅੱਗੇ ਤੁਰੋ ਤੇ ਚਲ ਪਏ ਹਨ। ਇਹੋ ਜਿਹਾ ਰਿਵਾਜ ਪੈਦਾ ਹੋਇਆ ਤੇ ਜਿਸ ਨਾਲ ਸਾਡੇ ਤੇ ਪ੍ਰਭਾਵ ਪਿਆ।" (ਚਿੰਤਕ)

ਅਜੋਕੇ ਦੌਰ ਦੇ ਵਿੱਚ ਮੁਖੀ ਦੀ ਇੰਨੀ ਮਹੱਤਤਾ ਨਹੀਂ  ਰਹੀ, ਹਰ ਇੱਕ ਰਿਸ਼ਤਾ ਆਪਣੀ ਮਨ-ਮਰਜ਼ੀ ਕਰਨ ਉੱਤੇ ਉਤਾਰੂ ਹੈ। "ਇਹੋ ਜਿਹੀ ਵਿਵਸਥਾ ਦਾ ਅਸਰ ਪਰਿਵਾਰਾਂ ਦੀ ਪੂਰੀ ਬਣਤਰ ਉੱਤੇ ਹੁੰਦਾ ਹੈ। ਸਭ ਦਾ ਹੱਕ ਜੀਵਨ ਦੇ ਵਿੱਚ ਤਰੱਕੀ ਹੈ। ਜੀਵਨ ਦੀ ਤਰੱਕੀ ਦੇ ਵਿੱਚ ਰਿਸ਼ਤਿਆਂ ਅਤੇ ਪਰਿਵਾਰਾਂ ਦਾ ਅਸਲ ਸਰੂਪ ਟੁੱਟਦਾ ਜਾ ਰਿਹਾ ਹੈ। ਮਾਨਵ ਦਾ ਨਿਜ ਭਾਰੂ ਹੋ ਰਿਹਾ ਹੈ। ਮਾਨਵ ਉਸ ਸੰਸਾਰ ਦੇ ਵਿੱਚ ਦੌੜਦਾ ਜਾ ਰਿਹਾ ਹੈ। ਜਿਹੜਾ ਨਿੱਤ ਬਦਲਦਾ ਹੈ।" *(ਪੰਜਾਬੀ ਸਮਾਜ: ਰਿਸ਼ਤਾ-ਨਾਤਾ ਪ੍ਰਬੰਧ 24)*

ਸੁਰਜੀਤ ਪਾਤਰ ਦੀਆਂ ਕਵਿਤਾਵਾਂ ਪੰਜਾਬੀ ਸਭਿਆਚਾਰ ਦੀ ਸਾਂਭ ਸੰਭਾਲ ਦੀ ਹਾਮੀ ਭਰਦੀਆਂ ਹਨ।

ਕੁੜਮ, ਸ਼੍ਰੀਕ,ਪੇਕੇ, ਸਹੁਰੇ ਦੱਸਿਓ

ਦੰਦਾਸਾ, ਨੱਥ, ਸੁਰਮਾ ਤੇ ਮੱਥੇ ਤੇ ਲਟ ਦੱਸਿਓ

ਭਾਠ, ਡੰਗੋਤਰੋ, ਮਰਾਸੀ ਜਾਤ ਨੱਟ ਦੱਸਿਓ

ਛੰਭ,ਟੋਭਾ ਖੂਹ ਤੇ ਸਾਂਭ ਕੇ ਤਲਾਸ਼ ਰੱਖਿਓ

ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ। *(WWW.facebook.com.DR.surjit patar)*

**ਅ) ਇਕੱਲਤਾ ਦਾ ਸ਼ਿਕਾਰ :-** ਪਰਿਵਾਰ ਵਿੱਚ ਨੌਕਰੀ ਪੇਸ਼ਾ ਹੋਣ ਕਰਕੇ ਅਲੱਗ ਅਲੱਗ ਰਹਿਣਾ ਪੈਂਦਾ ਹੈ। ਜਿੱਥੇ ਨੌਕਰੀ ਹੋਵੇ, ਉੱਥੇ ਮਾਨਵ ਨੇ ਆਪਣਾ ਰਹਿਣ-ਬਸੇਰਾ ਕਰ ਲਿਆ ਹੈ। ਜਿਸ ਕਰਕੇ ਉਹਨਾਂ ਨੂੰ ਆਪਣੇ ਪਰਿਵਾਰਾਂ ਤੋਂ ਦੂਰ ਹੀ ਰਹਿਣਾ ਪੈਂਦਾ ਹੈ। ਪਰਿਵਾਰ ਦਾ ਹਰ ਜੀਅ ਨੌਕਰੀ ਪੇਸ਼ੇ ਵਾਲਾ ਹੋ ਗਿਆ ਹੈ। ਪਹਿਲਾਂ ਨੌਕਰੀ ਸਿਰਫ਼ ਮਰਦ ਹੀ ਕਰਦੇ ਸਨ। ਸਿੱਖਿਆ ਦੇ ਪ੍ਰਸਾਰ ਨਾਲ ਔਰਤਾਂ ਵੀ ਆਪਣੇ ਘਰਾਂ ਤੋਂ ਬਾਹਰ ਨਿਕਲਣਾ ਸ਼ੁਰੂ ਹੋ ਗਈਆਂ। ਪਹਿਲਾਂ ਔਰਤਾਂ ਦਾ ਕੰਮ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਤੱਕ ਹੀ ਸੀਮਿਤ ਸੀ। ਹੁਣ ਬੱਚਿਆਂ ਦੀ ਦੇਖਭਾਲ ਲਈ ਨੌਕਰ ਰੱਖੇ ਹੋਏ ਹਨ। ਬੱਚੇ ਨੌਕਰਾਂ ਦੇ ਹੱਥਾਂ ਵਿੱਚ ਪਾਲਣ ਕਰਕੇ, ਉਹਨਾਂ ਦੇ ਵਿੱਚ ਨੈਤਿਕ ਆਦਰਸ਼ਾਂ ਦੀ ਘਾਟ ਰਹਿੰਦੀ ਹੈ। ਸਾਰੇ ਰਿਸ਼ਤੇ ਨੌਕਰੀ ਪੇਸ਼ੇ ਵਾਲੇ ਹੋਣ ਕਰਕੇ ਪਰਿਵਾਰਾਂ ਦਾ ਮੇਲ ਮਿਲਾਪ ਘੱਟਦਾ ਜਾ ਰਿਹਾ ਹੈ।

ਇੱਕਹਿਰੇ ਪਰਿਵਾਰ ਦੇ ਵਿੱਚ ਬੱਚੇ ਇਕੱਲੇ ਅਤੇ ਨੌਕਰ ਦੇ ਵੱਸ ਪੈਣ ਕਾਰਨ ਨੈਤਿਕ ਦਾ ਆਭਾਵ ਹੁੰਦਾ ਹੈ। ਮਾਂ-ਬਾਪ ਬੱਚਿਆ ਦੇ ਵੱਲ ਧਿਆਨ ਨਹੀ ਦਿੰਦੇ। ਉਹ ਸੋਚਦੇ ਹਨ, ਕਿ ਨੌਕਰ ਉਹਨਾਂ ਦੇ ਬੱਚਿਆਂ ਦਾ ਖਿਆਲ ਰੱਖਦੇ ਹਨ।

ਖੂਹ-ਖਾਤੇ ਕਹਾਣੀ ਦੇ ਵਿੱਚ ਬੱਚਿਆਂ ਦੇ ਵਿੱਚ ਨੈਤਿਕਤਾ ਦਾ ਆਭਾਵ ਦਾ ਚਿਤਰਨ ਮਿਲਦਾ ਹੈ ਜਿਵੇਂ ਕਿ,"ਮੰਮਾ ਲੜਨਾ ਹੈ ਤਾਂ ਆਪਣੇ ਬੈੱਡ ਰੂਮ ਵਿੱਚ ਜਾਉ। ਸਾਰਾ ਮਜ਼ਾ ਖਰਾਬ ਕਰ ਦਿੱਤਾ।" (ਡਾ. *ਜਸਵਿੰਦਰ* ਸਿੰਘ . *ਖੂਹ ਖਾਤੇ. ਘਰ ਦਾ ਜੀਅ 16)*

**ੲ) ਮੋਬਾਇਲ ਅਤੇ ਇੰਟਰਨੈੱਟ ਦਾ ਪ੍ਰਭਾਵ** : ਵਿਗਿਆਨ ਦੀ ਤਰੱਕੀ ਨੂੰ ਸ਼ਬਦਾਂ ਦੇ ਵਿੱਚ ਬਿਆਨ ਨਹੀ ਕੀਤਾ ਜਾ ਸਕਦਾ ਹੈ ਜਿੰਨਾ ਅੱਜ ਦੇ ਵਕਤ ਵਿੱਚ ਵਿਗਿਆਨ ਤਰੱਕੀ ਦੀਆਂ ਰਾਹਾਂ ਤੇ ਨਵੀਆਂ ਨਵੀਆਂ ਕਾਢਾਂ ਸਮਾਜ ਨੂੰ ਦੇਣ ਦੇ ਰੂਪ ਵਿੱਚ ਦੇ ਰਿਹਾ ਹੈ। ਇਹੀ ਤਰੱਕੀ ਪਰਿਵਾਰਾਂ ਦੇ ਲਈ ਗ੍ਰਹਿਣ ਬਣ ਗਈ ਹੈ । ਪੁਰਾਣੇ ਸਮੇਂ ਵਿੱਚ ਘਰ ਵਿੱਚ ਚਾਰ ਜੀਅ ਇਕੱਠੇ ਹੋ ਜਾਣ ਤਾਂ ਘਰਾਂ ਵਿੱਚ ਵਿਆਹ ਵਰਗੀ ਰੌਣਕ ਹੋ ਜਾਂਦੀ ਸੀ। ਮੋਬਾਇਲ ਅਤੇ ਇੰਟਰਨੈੱਟ ਆਦਿ ਵਸਤੂਆਂ ਦੇ ਆ ਜਾਣ ਕਰਕੇ ਘਰਾਂ ਦੇ ਹਾਲਾਤ ਹੋਰ ਬਦ ਤੋਂ ਬਦਤਰ ਹੋ ਗਏ ਹਨ। ਸ਼ੁਰੂਆਤੀ ਸਮੇਂ ਵਿੱਚ ਇਹ ਵਸਤੂਆਂ ਮਹਿੰਗੀਆਂ ਸਨ ਪਰ ਬਜ਼ਾਰ ਦੇ ਵੱਖੋ-ਵੱਖ ਕੰਪਨੀਆਂ ਨੇ ਮੋਬਾਇਲ ਆਦਿ ਦੀ ਵਿਕਰੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹਨਾਂ ਕੰਪਨੀਆਂ ਨੇ ਮੋਬਾਇਲ ਦੇ ਰੇਟ ਘੱਟ ਰੱਖੇ ਹੋਏ ਹਨ। ਜਿਸ ਕਰਕੇ ਹਰ ਵਿਅਕਤੀ ਆਪਣੀ ਸਹੂਲਤ ਅਨੁਸਾਰ ਖਰੀਦ ਲੈਂਦਾ ਹੈ। ਚਾਰੇ ਪਾਸੇ ਸਰਸਰੀ ਨਜ਼ਰ ਮਾਰੀ ਜਾਏ ਤਾਂ ਅੱਜ ਘਰ ਵਿੱਚ ਤਿੰਨ ਤੋਂ ਚਾਰ ਮੋਬਾਇਲ ਫ਼ੋਨ ਆਮ ਮੋਜੂਦ ਹਨ। ਛੋਟੇ ਬੱਚੇ ਤੋਂ ਲੈ ਕੇ ਵੱਡੇ ਤੱਕ ਮੋਬਾਇਲ ਉੱਪਰ ਲੱਗੇ ਰਹਿੰਦੇ ਹਨ। ਇੱਕ-ਦੂਜੇ ਨਾਲ ਆਹਮੋ-ਸਾਹਮਣੇ ਗੱਲ ਕਰਨ ਦੀ ਬਜਾਇ ਫ਼ੋਨ ਤੇ ਚੈਟ ਤੇ ਲੱਗੇ ਰਹਿੰਦੇ ਹਨ।

ਆਧੁਨਿਕ ਰਿਸ਼ਤਿਆਂ ਦੀ ਬਣਤਰ ਪੁਰਾਤਨ ਰਿਸ਼ਤਿਆਂ ਦੇ ਨਾਲੋਂ ਥੋੜ੍ਹੀ ਭਿੰਨ ਹੈ। ਅੱਜ ਦੇ ਰਿਸ਼ਤੇ ਥੋੜੇ ਨਹੀ ਬਹੁਤ ਜ਼ਿਆਦਾ ਹੀ ਭਿੰਨ ਹੋ ਗਏ ਹਨ। ਇਹਨਾਂ ਰਿਸ਼ਤਿਆਂ ਦੇ ਵਿੱਚ ਪਰਿਵਰਤਨ ਦਾ ਕਾਰਨ ਵਸਤਾਂ ਹੀ ਹਨ। ਵਸਤਾਂ ਜੀਵਨ ਦੀਆਂ ਮੂਲ ਲੋੜਾਂ ਨੂੰ ਪੂਰਾ ਕਰਦੀਆਂ ਹਨ। ਅਜੋਕੇ ਜੀਵਨ ਦੀ ਵਿਡੰਬਣਾ

ਇਹ ਹੈ ਕਿ ਮਨੁੱਖ ਨੇ ਮਨੁੱਖ ਨੂੰ ਤਰਜੀਹ ਦੇਣ ਨਾਲੋਂ ਵਸਤਾਂ ਨੂੰ ਤਰਜੀਹ ਦੇਣੀ ਜ਼ਿਆਦਾ ਜ਼ਰੂਰੀ ਸਮਝੀ ਹੈ। ਇਹੋ ਜਿਹੀ ਸਥਿਤੀ ਦੇ ਵਿੱਚ ਰਿਸ਼ਤਿਆਂ ਵਿੱਚ ਤਣਾਉ ਆਉਣਾ ਸੁਭਾਵਕ ਹੀ ਹੈ।

ਸੰਚਾਰ ਦੀ ਦੁਨੀਆਂ ਨੇ ਮਨੁੱਖ ਨੂੰ ਮਨੁੱਖ ਨਾਲੋਂ ਦੂਰ ਕਰਕੇ ਮਨੁੱਖ ਪੱਥਰ ਦਿਲ ਦਾ ਬਣਾ ਦਿੱਤਾ ਹੈ। ਨਵੀਂ ਸਦੀ ਨਵੀਂ ਤਾਸ਼ ਕਵਿਤਾ ਦੇ ਵਿੱਚ ਵਰਤਮਾਨ ਸਮਾਜ ਦੀ ਅਸਲੀਅਤ ਨੂੰ ਬਿਆਨ ਕੀਤਾ ਹੈ।

ਆਈ ਫੋਨ ਆਈ ਪੈਡ ਤੇ ਲੈਪਟੋਪ ਨਾਲ ਜੁੜੇ

ਏਸ ਸਦੀ ਦੀ

ਨਵੀਂ ਪੀੜ੍ਹੀ ਦੇ ਨਵੇਂ ਲੋਕ-

ਇੱਕ ਇੱਕ ਤਕ ਪਹੁੰਚਦੇ

ਵਿਸ਼ਵ ਹੋ ਗਏ

ਖਪਤ ਕਲਚਰ ਵਿੱਚ ਮੁੰਡੇ ਕੁੜੀਆਂ

ਖਪਤ ਵਸਤਾਂ ਵਾਂਗ

ਇਕ –ਦੂਜੇ ਨੂੰ ਭੋਗਦੇ ਹਨ। *(ਨਵੀ ਸਦੀ ਨਵੀ ਫਸਲ 32)*

ਸ) **ਨਕਦੀ ਸੰਬੰਧ**; ਪਰਿਵਾਰਿਕ ਰਿਸ਼ਤਿਆਂ ਵਿਚਲਾ ਮਾਹੌਲ ਨਕਦ ਨਾਰਾਇਣ ਉੱਤੇ ਆਧਾਰਿਤ ਹੀ ਬਣਦਾ ਜਾ ਰਿਹਾ ਹੈ। ਮੰਡੀ ਦੇ ਮੁਨਾਫ਼ੇ ਦੇ ਦੌਰ ਵਿੱਚ ਪਰਿਵਾਰਿਕ ਰਿਸ਼ਤਿਆਂ ਵਿਚਲੀ ਸਾਂਝ ਵੀ ਪੈਸੇ ਉੱਪਰ ਬਣਦੀ ਜਾ ਰਹੀ ਹੈ। ਪਰਿਵਾਰ ਵਿਚਲੇ ਰਿਸ਼ਤਿਆਂ ਵਿੱਚ ਪਾੜਾ ਦਿਨ ਬਦਿਨ ਹੋਰ ਵਧਦਾ ਜਾ ਰਿਹਾ ਹੈ। ਪੈਸੇ ਨਾਲ ਹੀ ਪਰਿਵਾਰ ਦਾ ਗੁਜ਼ਾਰਾ ਚਲਦਾ ਹੈ ਅਤੇ ਪੈਸੇ ਦੇ ਨਾਲ ਹੀ ਵਸਤਾਂ ਨੂੰ ਖਰੀਦਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ ‘ਅਜੋਕੇ ਦੌਰ ਦੇ ਵਿੱਚ ਰਿਸ਼ਤਿਆਂ ਦੀ ਪਵਿੱਤਰਤਾ ਤੇ ਅਹਿਮੀਅਤ ਤਾਂ ਹੀ ਕਾਇਮ ਰਹਿ ਸਕਦੀ ਹੈ ਜੇਕਰ ਅਸੀਂ ਰਿਸ਼ਤਿਆਂ ਨੂੰ ਪੈਸੇ ਦੇ ਤਰਾਜੂ ਵਿਚ ਨਾ ਤੋਲੀਏ।“ *(ਪਲਵਿੰਦਰ ਕੋਰ. (ਡਾ.) ਅਸਿਸਟੈਂਟ ਪ੍ਰੋਫੈਸਰ.* (ਪੰਜਾਬੀ) ਭਾਈ ਆਸਾ ਸਿੰਘ ਗਰਲਜ਼ ਕਾਲਜ਼. ਬਠਿੰਡਾ)

ਸਭਿਆਚਾਰ ਕਦੇ ਵੀ ਇੱਕ ਰੂਪ ਵਿੱਚ ਨਹੀ ਰਹਿੰਦਾ ਸਗੋਂ ਪਾਣੀ ਦੇ ਵਹਿਣ ਵਾਂਗ ਤਰੋ-ਤਾਜ਼ਾ ਰਹਿੰਦਾ ਹੈ। ਇਸ ਪਰਿਵਰਤਨ ਵਿਚੋਂ ਪੁਰਾਣੀਆਂ ਕਦਰਾਂ-ਕੀਮਤਾਂ ਟੁੱਟਦੀਆਂ ਤੇ ਨਵੀਨ ਕਦਰਾਂ-ਕੀਮਤਾਂ ਜਨਮ ਲੈਂਦੀਆ ਹਨ। ਜਿਸ ਦੇ ਸਿੱਟੇ ਵਜੋਂ ਸਭਿਆਚਾਰਕ ਮੁੱਲ ਸੰਕਟ ਦਾ ਸ਼ਿਕਾਰ ਹੁੰਦੇ ਹਨ। ਪੂੰਜੀਵਾਦੀ ਪ੍ਰਬੰਧ ਦੇ ਵਿੱਚ ਮਨੁੱਖੀ ਰਿਸ਼ਤੇ ਮਾਇਆ ਦੇ ਅਧੀਨ ਹੋ ਗਏ ਹਨ। ਇਸ ਦੇ ਲਈ ਕਿਹਾ ਜਾਂਦਾ ਹੈ ਕਿ ਇਹ ਪ੍ਰਬੰਧ ਮਨੁੱਖ, ਮਨੁੱਖ ਵਿਚਕਾਰ ਮਨੁੱਖੀ ਪਿਆਰ ਅਤੇ ਨਿੱਘ ਉੱਪਰ ਉਸਰੇ ਰਿਸ਼ਤਿਆਂ ਦਾ ਭੋਗ ਪਾ ਕੇ, ਮਨੁੱਖ ਵਿਚਕਾਲੇ ਸੰਬੰਧਾਂ ਨੂੰ ਨਿਰੋਲ ਨਕਦ ਨਰਾਇਣ ਸੰਬੰਧ ਵਿੱਚ ਬਦਲ ਦਿੰਦਾ ਹੈ। ਮਨੁੱਖੀ ਸੰਬੰਧ ਮੋਹ ਆਧਾਰਿਤ ਹੁੰਦੇ ਹਨ। ਪੈਸਿਆਂ ਦੀ ਰਿਸ਼ਤਿਆਂ ਦੇ ਵਿੱਚ ਕੋਈ ਲੋੜ ਨਹੀ ਹੁੰਦੀ ਪਰੰਤੂ ਮਨੁੱਖ ਆਪ ਹੀ ਪੈਸਿਆਂ ਨੂੰ ਰਿਸ਼ਤਿਆਂ ਦੇ ਵਿਚਕਾਰ ਲੈ ਆਉਂਦੇ ਹਨ।

ਅੱਜ ਦੀ ਕੌੜੀ ਸੱਚਾਈ ਇਹ ਹੈ ਕਿ ਹਰ ਕੋਈ ਪੈਸੇ ਦੇ ਮਗਰ ਹੀ ਭੱਜ ਰਿਹਾ ਹੈ। ਪੈਸਾ ਹੀ ਈਮਾਨ ਹੋ ਗਿਆ ਹੈ। ਪੈਸੇ ਦੀ ਦੌੜ ਨੇ ਰਿਸ਼ਤਿਆਂ ਨੂੰ ਛੋਟਾ ਕਰ ਦਿੱਤਾ ਹੈ। ਕੋਈ ਵੀ ਰਿਸ਼ਤੇ ਹੰਢਾਉਣ ਲਈ ਤਿਆਰ ਨਹੀ। ਉਹਨਾਂ ਨੂੰ ਮਾਪਿਆਂ ਵਰਗਾ ਪਿਆਰਾ ਰਿਸ਼ਤਾ ਵੀ ਬੋਝ ਲੱਗਣ ਲੱਗ ਗਿਆ ਹੈ। ਬਾਕੀ ਰਿਸ਼ਤਿਆਂ ਦੀ ਅਹਿਮੀਅਤ ਹੀ ਖਤਮ ਹੋ ਗਈ ਹੈ। ਅਸਲ ਸੱਚਾਈ ਹੈ ਕਿ ਰਿਸ਼ਤੇ ਵੀ ਮਾਂ-ਬਾਪ ਦੇ ਨਾਲ ਬਣਦੇ ਹਨ। ਜਦੋਂ ਰਿਸ਼ਤਾ ਮਾਂ-ਬਾਪ ਦੇ ਨਾਲ ਖਤਮ ਹੋ ਜਾਂਦਾ ਹੈ ਤਾਂ ਬਾਕੀ ਰਿਸ਼ਤੇ ਆਪਣੇ ਆਪ ਮਨਫ਼ੀ ਹੋ ਜਾਂਦੇ ਹਨ। 'ਨੂੰਹ-ਪੁੱਤ ਮਾਪਿਆਂ ਕੋਲੋਂ ਛੇਤੀ ਛੇਤੀ ਜਾਇਦਾਦ ਪੈਸਾ ਧੇਲਾ ਆਪਣੇ ਹੱਥ ਵਿੱਚ ਲੈ ਲੈਣਾ ਚਾਹੁੰਦੇ ਹਨ। ਜਿਸ ਕਰਕੇ ਰਿਸ਼ਤੇ ਵਿਗੜ ਰਹੇ ਹਨ।' *(ਪੈਸੇ ਦੀ ਦੌੜ 'ਚ ਗੁਆਚ ਰਹੇ ਰਿਸ਼ਤੇ. ਪੰਜਾਬੀ ਜਾਗਰਣ . 7 ਅਪ੍ਰੈਲ. 2019*)

ਸਮਾਜ ਵਿੱਚ ਆਮ ਹੀ ਘਟਨਾਵਾਂ ਵਾਪਰ ਰਹੀਆਂ ਹਨ, ਜਿੱਥੇ ਔਲਾਦ ਜ਼ਮੀਨ-ਜਾਇਦਾਦ ਦੇ ਲਈ ਅਤੇ ਹੋਰ ਵਸਤਾਂ ਦੇ ਲਈ ਆਪਣੇ ਹੀ ਮਾਂ-ਬਾਪ ਨੂੰ ਘਰੋਂ ਬਾਹਰ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਮਾਂ-ਪਿਉ ਤੋਂ ਬਾਅਦ ਦੂਸਰਾ ਸਕਾ ਰਿਸ਼ਤਾ ਭੈਣ-ਭਰਾ ਦਾ ਹੁੰਦਾ ਹੈ। ਪਹਿਲਾਂ ਉਹ ਸਮਾਂ ਸੀ ਜਦੋਂ ਭੈਣ,ਭਰਾ ਇੱਕ ਦੂਜੇ ਦੇ ਨਾਲ ਜਾਨ ਮਾਰਨ ਤੋਂ ਵੀ ਝਕਦੇ ਨਹੀਂ ਸਨ। ਸਮੇਂ ਦੀ ਚਾਲ ਨੇ ਰਿਸ਼ਤਿਆਂ ਵਿਚਲੀ ਮਿਠਾਸ

ਨੂੰ ਮਨਫ਼ੀ ਕਰ ਦਿੱਤਾ ਹੈ। ਅਜੋਕੇ ਰਿਸ਼ਤੇ ਨਾਂ ਦੇ ਹੀ ਰਹਿ ਗਏ ਹਨ। ਇੱਕ-ਦੂਜੇ ਨਾਲ ਸੰਬੰਧ ਲੜਾਈ-ਝਗੜਿਆਂ ਤੱਕ ਹੀ ਸੀਮਿਤ ਰਹਿ ਗਏ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, " ਰਿਸ਼ਤਿਆਂ ਦੇ ਵਿੱਚ ਖਪਤ ਨੂੰ ਸ਼ਾਮਿਲ ਨਹੀਂ ਕਰਨਾ ਚਾਹੀਦਾ ਹੈ।" *(ਆਂਚਲ ਬਾਂਸਲ. ਪ੍ਰੋਫੈਸਰ. ਐਸ. ਐਸ.ਡੀ ਗਰਲਜ਼ ਕਾਲਜ. ਬਠਿੰਡਾ)*

ਵਰਤਮਾਨ ਸਮੇਂ ਦੇ ਵਿੱਚ ਰਿਸ਼ਤੇ ਲੋੜ ਦੇ ਹੀ ਹਨ। ਉਹਨਾਂ ਦੇ ਵਿੱਚ ਸਾਂਝ ਦੀ ਭਾਵਨਾ ਘੱਟ ਅਤੇ ਪਦਾਰਥਵਾਦੀ ਵਤੀਰੇ ਵਧੇਰੇ ਹਨ। ਸੁਖਵਿੰਦਰ ਕੰਬੋਜ ਦੀ ਕਵਿਤਾ ਦੇ ਵਿੱਚ ਪਦਾਰਥਵਾਦੀ ਰਿਸ਼ਤਿਆਂ ਦਾ ਜ਼ਿਕਰ ਆਉਂਦਾ ਹੈ

ਅਸਲ ਵਿੱਚ ਯਾਰੋ

ਉਥੇ ਵੀ ਤੇ ਇਥੇ ਵੀ

ਸਭ ਲੋੜ ਦੇ ਹੀ ਰਿਸ਼ਤੇ ਹਨ

ਤੇ ਲੋੜ ਦੇ ਰਿਸ਼ਤਿਆਂ ਦੇ ਵਿੱਚੋਂ

ਸੱਸੀ ਦੀਆਂ ਪੈੜਾਂ

ਤੇ ਰਾਂਝੇ ਦੀ ਵੰਜਲੀ ਨਹੀਂ ਸੁਣਦੀਂ *(ਉਮਰ ਦੇ ਇਸ ਮੋੜ ਤੀਕ195)*

ਵਰਤਮਾਨ ਰਿਸ਼ਤਿਆਂ ਦੇ ਵਿੱਚ ਆ ਰਹੀ ਤਰੇੜ ਨੂੰ ਬਿਆਨ ਕੀਤਾ ਹੈ। ਜਿੰਦਰ ਦੀ ਕਹਾਣੀ ਤਹਿਜ਼ੀਬ ਦੇ ਰਾਹੀਂ ਇਸ ਸਮੱਸਿਆ ਦੀ ਪੇਸ਼ਕਾਰੀ ਕੀਤੀ ਹੋਈ ਮਿਲਦੀ ਹੈ। ਪਹਿਲਾਂ ਨਾਲੋਂ ਰਿਸ਼ਤਿਆਂ ਵਿਚਲਾ ਪਿਆਰ, ਸਨੇਹ ਆਦਿ ਤਨਾਉ ਦੀ ਪ੍ਰਸਥਿਤੀ ਦੇ ਵੱਲ ਜਾ ਰਿਹਾ ਹੈ।

ਅੱਜ ਕੱਲ੍ਹ ਮੁੰਡਿਆਂ ਨੂੰ ਸੈੱਟ ਕਰਨਾ ਬੜਾ ਔਖਾ। ਮੁੰਡਿਆਂ ਨਾਲੋਂ ਧੀਆਂ ਨੂੰ ਸੈੱਟ ਕਰਨਾ ਬੜਾ ਸੌਖਾ। ਮੁੰਡਿਆਂ ਨਾਲੋਂ ਧੀਆਂ ਚੰਗੀਆ। ਪੜ੍ਹਾਉ ਤੇ ਵਿਆਹ ਦਿਉ। ਸਮਝ ਲਉ ਚਿੰਤਾ ਖਤਮ । ਮੁੰਡੇ ਤਾਂ ਸ਼ਰੀਕ ਬਣ ਜਾਂਦੇ ਆ। ਰੋਕੋ, ਝਿੜਕੋ ਤਾਂ ਅੱਗੋ ਅੱਖਾਂ ਦਿਖਾਉਣ ਲੱਗ ਜਾਂਦੇ ਆ.... (ਤਹਿਜ਼ੀਬ 37)

ਹ) **ਮਿਲਵਰਤਨ ਜਾਂ ਸਹਿਯੋਗ ਦੀ ਭਾਵਨਾ**; ਪਰਿਵਾਰਿਕ ਰਿਸ਼ਤਿਆਂ ਦੇ ਵਿੱਚ ਮਿਲਵਰਤਨ ਦੀ ਘਾਟ ਨੇ ਰਿਸ਼ਤਿਆਂ ਵਿੱਚ ਜ਼ਿਆਦਾ ਪਾੜਾ ਪਾਇਆ ਹੈ। ਆਧੁਨਿਕ ਤਕਨਾਲੋਜੀ ਦੀ ਵਰਤੋਂ ਨੇ ਮਨੁੱਖ ਨੂੰ ਦੁਨੀਆਂ ਦੇ ਕੋਨੇ ਕੋਨੇ ਤੋਂ ਵਾਕਿਫ਼ ਕਰਾ ਦਿੱਤਾ ਹੈ। ਉੱਥੇ ਮਨੁੱਖੀ ਮਨ ਨੂੰ ਇੱਕ-ਦੂਜੇ ਨਾਲੋਂ ਦੂਰ ਕਰ ਕੇ ਰੱਖ ਦਿੱਤਾ ਹੈ। ਫੋਨ ਇੱਕ ਅਜਿਹੀ ਵਿਵਸਥਾ ਹੈ ਜਿਹੜਾ ਹਰ ਤਰ੍ਹਾਂ ਦਾ ਗਿਆਨ ਦਿੰਦਾ ਹੈ। ਦੂਸਰੇ ਪਾਸੇ ਇਹੀ ਫੋਨ ਮਨੁੱਖੀ ਰਿਸ਼ਤਿਆਂ ਦੇ ਵਿੱਚ ਦੂਰੀ ਬਣਾਈ ਜਾ ਰਿਹਾ ਹੈ। ਰਿਸ਼ਤਿਆਂ ਵਿਚਲਾ ਗਿਲਾ-ਸ਼ਿਕਵਾ ਜਾਂ ਲੜਾਈ ਝਗੜੇ ਨੂੰ ਪਿਆਰ ਨਾਲ ਜਾਂ ਇੱਕ ਦੂਜੇ ਨਾਲ ਮੇਲ-ਮਿਲਾਪ ਕਰ ਕੇ ਦੂਰ ਕਰ ਲੈਂਦੇ ਹਨ।ਵਰਤਮਾਨ ਸਮੇਂ ਦੀ ਤਸਵੀਰ ਅਲੱਗ ਹੀ ਹਕੀਕਤ ਨੂੰ ਬਿਆਨ ਕਰਦੀ ਹੈ। ਅੱਜ ਦੀ ਕੌੜੀ ਹਕੀਕਤ ਇਹ ਹੈ ਕਿ ਜੇ ਦੋ ਵਿਅਕਤੀ ਲੜਦੇ-ਝਗੜਦੇ ਹਨ ਤੀਸਰਾ ਉਹਨਾਂ ਦੀ ਵੀਡੀਉ ਬਣਾਉਣ ਲੱਗ ਪੈਂਦਾ ਹੈ। 'ਚੀਨ' ਵਪਾਰ ਵਿੱਚ ਸਭ ਤੋਂ ਅੱਗੇ ਹੈ ਉਹ ਖਪਤਕਾਰ ਨੂੰ ਸਸਤੇ ਤੋਂ ਸਸਤਾ ਸਮਾਨ ਵੇਚ ਰਿਹਾ ਹੈ। ਪਰਿਵਾਰ ਦੇ ਜੀਅ ਇਕੱਠੇ ਮਿਲ ਕੇ ਬੈਠਣ ਦੀ ਥਾਂ ਹਰ ਕੋਈ ਆਪਣੇ ਆਪਣੇ ਫੋਨ ਉੱਤੇ ਲੱਗਿਆ ਹੁੰਦਾ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ 'ਪਰਿਵਾਰ ਦੇ ਵਿੱਚ ਆਪਸੀ ਮਿਲਵਰਤਨ ਵਧਾਉਣ ਦੇ ਲਈ ਸੰਯੁਕਤ ਪਰਿਵਾਰ ਬਹੁਤ ਵੱਡਾ ਰੋਲ ਨਿਭਾਉਂਦੇ ਹਨ, ਕਿਉਂਕਿ ਪਰਿਵਾਰਕ ਰਿਸ਼ਤਿਆਂ ਵਿੱਚ ਭਾਰੂ ਕਦਰਾਂ-ਕੀਮਤਾਂ ਤੇ ਪਿਆਰ ਪਾਉਣ ਵਾਲੀ ਪੀੜੀ ਨੂੰ ਸੇਧ ਦੇ ਸਕਦਾ ਹੈ।' *(ਪਲਵਿੰਦਰ ਕੌਰ. (ਡਾ.). ਅਸਿਸਟੈਂਟ ਪ੍ਰੋਫੈਸਰ .*(ਪੰਜਾਬੀ) ਭਾਈ ਆਸਾ ਸਿੰਘ ਗਰਲਜ਼ ਕਾਲਜ਼. ਬਠਿੰਡਾ)

ਪੰਜਾਬੀ ਜਨ-ਜੀਵਨ ਵਿਚ ਘਰ ਆਏ ਮਹਿਮਾਨਾਂ ਨੂੰ ਰੱਬ ਦਾ ਰੂਪ ਸਮਝਿਆ ਜਾਂਦਾ ਸੀ।'ਪੰਜਾਬੀ ਸ਼ੁਰੂਆਤ ਤੋਂ ਹੀ ਆਉ-ਭਗਤ ਤੇ ਸਤਿਕਾਰ ਲਈ ਮਸ਼ਹੂਰ ਰਹੇ ਹਨ। ਘਰ ਵਿੱਚ ਆਏ ਮਹਿਮਾਨਾਂ ਨੂੰ ਆਪਣੇ ਪਰਿਵਾਰਾਂ ਦਾ ਹਿੱਸਾ ਬਣਾ ਲੈਣਾ ਪੰਜਾਬੀਆਂ ਦੀ ਖਾਸੀਅਤ ਰਹੀ ਹੈ। ਪੁਰਾਤਨ ਪਰਿਵਾਰ ਦੇ ਵਿੱਚ ਮਿੱਟੀ ਦੇ ਬਰਤਨ ਵਰਤੇ ਜਾਂਦੇ ਸਨ। ਹੌਲੀ ਹੌਲੀ ਬਰਤਨਾਂ ਦੀ ਭਿੰਨਤਾ ਵਿੱਚ ਪਰਿਵਰਤਨ ਆਉਣ ਲੱਗਾ। ਮਿੱਟੀ ਦੇ ਬਰਤਨ ਤੇ ਸਟੀਲ, ਚੀਨੀ, ਕੱਚ ਆਦਿ ਦੇ ਬਰਤਨ ਘਰਾਂ ਦੇ ਵਿੱਚ ਵਰਤੇ ਜਾਣ ਲੱਗ ਪਏ ਹਨ। ਪੁਰਾਣੇ ਬਰਤਨ ਵੀ ਰਿਸ਼ਤਿਆਂ ਦੀ ਤਰ੍ਹਾਂ ਪੱਕੇ ਤੇ ਹੰਢਣਸਾਰ ਸਨ।

ਵਰਤਮਾਨ ਸਮੇਂ ਵਿੱਚ ਬਰਤਨ ਡਿਸਪੋਜ਼ਲ ਦੇ ਵਿੱਚ ਤਬਦੀਲ ਹੋ ਗਏ ਹਨ। ਉਸ ਤਰ੍ਹਾਂ ਹੀ ਰਿਸ਼ਤਿਆਂ ਵਿਚਲਾ ਨਿੱਘ ਤੇ ਮਿਠਾਸ ਵੀ ਚਿਰ-ਸਥਾਈ ਹੋ ਗਿਆ ਹੈ। ਰਿਸ਼ਤਿਆਂ ਦੇ ਵਿੱਚ ਪੈਦਾ ਹੋਏ ਤਣਾਉ ਅਤੇ ਟੁੱਟ-ਭੱਜ ਨੇ 'ਰਿਸ਼ਤੇਦਾਰੀ'ਦੇ ਸਰੂਪ ਨੂੰ ਬਦਲ ਕੇ ਰੱਖ ਦਿੱਤਾ ਹੈ। ਰਿਸ਼ਤਿਆਂ ਦਾ ਇੱਕ-ਦੂਜੇ ਪ੍ਰਤੀ ਸਨਮਾਨ ਘਟਦਾ ਜਾ ਰਿਹਾ ਹੈ।ਰਿਸ਼ਤਿਆਂ ਵਿੱਚ ਉਪਚਾਰਕਤਾ ਵਧੇਰੇ ਸ਼ਾਮਿਲ ਹੋ ਗਈ ਹੈ। ਮਨੁੱਖੀ ਵਿਹਾਰ ਵਿਚੋਂ ਆਪਣਾਪਨ ਮਨਫ਼ੀ ਹੁੰਦਾ ਜਾ ਰਿਹਾ ਹੈ।'ਡਾ. ਦਰਿਆ ਦੀ ਧਾਰਨਾ ਹੈ ਕਿ "ਘਰ ਵਿੱਚ ਆਏ ਮਹਿਮਾਨਾਂ ਨਾਲ ਮੇਜ਼ਬਾਨ ਨੂੰ ਮਜਬੂਰੀ ਵੱਸ ਉਸਦੀ ਖਾਣ-ਪੀਣ ਦੇ ਵਿੱਚ ਸ਼ਮੂਲੀਅਤ ਕਰਨੀ ਪੈਂਦੀ ਹੈ, ਭਾਵੇਂ ਕਿ ਉਸਦੀ ਜ਼ਰੂਰਤ ਨਾ ਹੀ ਹੋਵੇ। ਅਜਿਹੀ ਪ੍ਰਕਿਰਿਆ ਦੇ ਵਿੱਚ ਉਪਚਾਰਿਕਤਾ ਤੇ ਰਸਮੀ ਵਿਹਾਰ ਹੀ ਪ੍ਰਮੁੱਖ ਬਣ ਗਿਆ ਹੈ।" *(ਪੰਜਾਬੀ ਸਭਿਆਚਾਰ ਤੇ ਲੋਕਧਾਰਾ: ਬਦਲਦੇ ਪਰਿਪੇਖ 21)*

ਸਮੇਂ ਦੇ ਨਾਲ ਨਵੇਂ ਤੌਰ ਤਰੀਕਿਆ ਦਾ ਆਉਣਾ ਸੁਭਾਵਿਕ ਹੀ ਹੁੰਦਾ ਹੈ। ਇਹ ਪ੍ਰਭਾਵ ਦੇਖਾ-ਦੇਖੀ ਅਪਣਾ ਲਏ ਜਾਂਦੇ ਹਨ ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ 'ਪਰਿਵਾਰ ਨੂੰ ਉਪਚਾਰਿਕਤਾ ਦੇ ਪ੍ਰਭਾਵ ਨੂੰ ਸਮਝ ਕੇ ਖਤਮ ਕਰਨਾ ਚਾਹੀਦਾ ਹੈ।' *(ਹਰਪਾਲ ਕੌਰ.ਅਸਿਸਟੈਂਟ ਪ੍ਰੋਫੈਸਰ. ਐੱਸ. ਐੱਸ ਡੀ ਗਰਲਜ਼ ਕਾਲਜ. ਬਠਿੰਡਾ)*

ਪਰਿਵਾਰਿਕ ਰਿਸ਼ਤਿਆਂ ਦਾ ਤਣਾਉ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਇਹਨਾਂ ਤਣਾਉ ਦਾ ਕਾਰਨ ਆਪਸੀ ਸਦਭਾਵਨਾ ਲਗ-ਪਗ ਖਤਮ ਹੁੰਦੀ ਜਾ ਰਹੀ ਹੈ। ਪੰਜਾਬੀ ਰਿਸ਼ਤਿਆਂ ਦੇ ਵਿੱਚ ਲੈਣ-ਦੇਣ ਦੀ ਪਰੰਪਰਾ ਸ਼ੁਰੂ ਤੋਂ ਹੀ ਰਹੀ ਹੈ। ਖਾਲੀ ਹੱਥ ਕਿਸੇ ਘਰ ਨਾ ਜਾਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਜਿਸ ਦਾ ਕਾਰਨ ਘਰ ਆਉਣ ਵਾਲੇ ਤੇ ਜਾਣ ਵਾਲੇ ਕੁਝ ਨਾ ਕੁਝ ਲੈ ਕੇ ਆਉਂਦੇ ਜਾਂਦੇ ਸਨ ਜਿਵੇਂ ਕਿ ਖਾਣ-ਪੀਣ, ਖਿਡੌਣੇ, ਕੱਪੜੇ, ਵਸਤਾਂ ਆਦਿ ਲੈ ਕੇ ਜਾਂਦੇ ਸਨ। ਪਹਿਲਾਂ ਰਿਸ਼ਤੇਦਾਰ ਇੱਕ-ਦੂਜੇ ਨੂੰ ਕੰਮ ਦੀਆਂ ਚੀਜ਼ਾਂ ਹੀ ਦਿੰਦੇ ਸਨ ਜੋ ਪਰਿਵਾਰ ਦੇ ਜ਼ਰੂਰਤ ਦੇ ਕੰਮ ਆਉਂਦੀਆਂ ਸਨ। ਆਮ ਤੌਰ ਤੇ ਧੀ ਭੈਣ ਦੇ ਘਰ ਜਾਣ ਲੱਗਿਆਂ ਕੁਝ ਨਾ ਕੁਝ ਲੈ ਕੇ ਹੀ ਜਾਂਦੇ ਸਨ। ਉਹ ਅਨਾਜ, ਸਬਜ਼ੀ, ਫਲਾਂ ਆਦਿ ਨੂੰ ਤਰਜੀਹ ਦਿੰਦੇ ਸਨ। ਇਸੇ ਤਰ੍ਹਾਂ ਹੀ ਘਰ ਵਿੱਚ ਬਣੀਆਂ ਵਸਤਾਂ ਪਿੰਨੀਆਂ, ਲੱਡੂ, ਆਦਿ ਵਸਤਾਂ ਇਸ ਵਿੱਚ ਸ਼ਾਮਿਲ ਹੁੰਦੀਆਂ ਸਨ। ਬੱਚਿਆਂ ਨੂੰ ਲੱਕੜ ਦੇ ਬਣੇ ਹੋਏ ਖਿਡੌਣੇ ਹੀ ਤੋਹਫ਼ੇ ਵਜੋਂ ਦਿੱਤੇ ਜਾਂਦੇ ਸਨ।

ਵਰਤਮਾਨ ਸਮੇਂ ਦੇ ਵਿੱਚ ਇੰਜ ਪ੍ਰਕਿਰਿਆ ਆਪਣਾ ਸਰੂਪ ਬਦਲਦੀ ਜਾ ਰਹੀ ਹੈ। ਘਰ ਦੀਆਂ ਬਣੀਆਂ ਮਠਿਆਈਆਂ ਉਪਰ ਬਜ਼ਾਰੂ ਵਸਤਾਂ ਭਾਰੂ ਹੋ ਰਹੀਆਂ ਹਨ ਜਿਵੇਂ ਕਿ ਡਰਾਈ ਫਰੂਟ, ਕੁਰਕੁਰੇ,ਪੀਜ਼ਾ , ਬਰਗਰ ਆਦਿ ਇਹਨਾਂ ਵਸਤਾਂ ਦਾ ਪ੍ਰਚਲਣ ਵਧੇਰੇ ਹੋ ਗਿਆ ਹੈ। ਖਪਤ ਸਭਿਆਚਾਰ ਨੇ ਪਰਿਵਾਰਿਕ ਆਦਤਾਂ ਵਿੱਚ ਵੱਡਾ ਬਦਲਾਵ ਕਰਕੇ ਰੱਖ ਦਿੱਤਾ ਹੈ। ਪਰਿਵਾਰਿਕ ਰਿਸ਼ਤਿਆਂ ਵਿਚਲੀ ਸੰਜੀਵਤਾ ਖਤਮ ਹੁੰਦੀ ਜਾ ਰਹੀ ਹੈ। ਰਿਸ਼ਤਿਆਂ ਦੇ ਵਿੱਚ ਬਣਾਉਟੀਪਨ ਜ਼ਿਆਦਾ ਨਜ਼ਰੀ ਪੈਂਦਾ ਹੈ। ਸਮੇਂ ਦੇ ਨਾਲ ਸਭਿਆਚਾਰ ਵਿੱਚ ਕਦਰਾਂ-ਕੀਮਤਾਂ ਤਬਦੀਲ ਹੁੰਦੀਆਂ ਰਹਿੰਦੀਆਂ ਹਨ। ਡਾ.ਗੁਰਮੀਤ ਸਿੰਘ ਦੀ ਧਾਰਨਾ ਹੈ ਕਿ, “ਸਭਿਆਚਾਰ’ਜੀਵਨ ਦੀ ਗਤੀਸ਼ੀਲਤਾ ਅਤੇ ਪ੍ਰਕ੍ਰਿਤਿਕ ਰੁਚੀਆਂ ਅਤੇ ਇੱਛਾਵਾਂ ਨੂੰ ਲੋੜ ਅਨੁਸਾਰ ਅਨੁਕੂਲ ਦਾ ਵਰਤਾਰਾ ਹੈ।” *(ਪਰੰਪਰਾ ਤੇ ਆਧੁਨਿਕਤਾ 63)*

ਪੰਜਾਬੀ ਪਰਿਵਾਰ ਦੀ ਵਿਸ਼ੇਸ਼ਤਾ ਉਹਨਾਂ ਦਾ ਆਪਸੀ ਸਹਿਯੋਗ ਰਿਹਾ ਹੈ। ਪੁਰਾਤਨ ਪਰਿਵਾਰਾਂ ਦੇ ਵਿੱਚ ਸਹਿਯੋਗ ਦੀ ਭਾਵਨਾ ਵਧੇਰੇ ਸੀ, ਉਹ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਹਰ ਘੜੀ ਇੱਕ ਦੂਜੇ ਦਾ ਸਾਥ ਦਿੰਦੇ ਸਨ। ਮੰਡੀ ਦੇ ਦੌਰ ਵਿੱਚ ਹਰ ਕੋਈ ਅੱਗੇ ਲੰਘਣਾ ਚਾਹੁੰਦਾ ਹੈ। ਵੱਧ ਤੋਂ ਵੱਧ ਵਸਤਾਂ ਪ੍ਰਾਪਤ ਕਰਨ ਦੀ ਚਾਹ ਨੇ ਮਨੁੱਖ ਅੰਦਰ ਈਰਖਾ ਦੀ ਭਾਵਨਾ ਲੈ ਆਂਦੀ ਹੈ। ਈਰਖਾ ਦੀ ਭਾਵਨਾ ਦੇ ਵਿੱਚ ਮਨੁੱਖ ਆਪਣਿਆਂ ਨਾਲ ਵੀ ਗਲਤ ਵਿਵਹਾਰ ਕਰਨ ਤੋਂ ਪਿੱਛੇ ਨਹੀਂ ਹੱਟਦਾ। ਸੰਯੁਕਤ ਪਰਿਵਾਰ ਦੇ ਵਧੇਰੇ ਵੱਡੇ ਹੋਣ ਕਾਰਨ ਸਹਿਯੋਗ ਦੀ ਭਾਵਨਾ ਵਧੇਰੇ ਸੀ। ਪਰਿਵਾਰ ਦੇ ਰੁਜ਼ਗਾਰ ਦਾ ਸਾਧਨ ਖੇਤੀ ਉਪਰ ਨਿਰਭਰ ਸੀ। ਆਧੁਨਿਕ ਸਮੇਂ ਦੇ ਵਿੱਚ ਰੁਜ਼ਗਾਰ ਦੇ ਲਈ ਅਨੇਕਾਂ ਵਸੀਲੇ ਮਿਲ ਗਏ ਹਨ। ਪਰਿਵਾਰਾਂ ਦਾ ਆਪਸੀ ਸਹਿਯੋਗ ਤੇ ਪਿਆਰ ਮਤਭੇਦਾਂ ਦੇ ਵਿੱਚ ਤਬਦੀਲ ਹੋ ਗਿਆ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ,” ਰਿਸ਼ਤਿਆਂ ਨੂੰ ਸੰਭਾਲਣ ਦੇ ਲਈ ਇੱਕ-ਦੂਜੇ ਨੂੰ ਸਮਝਣਾ ਜ਼ਰੂਰੀ ਹੈ।“ *(ਅਮਨਦੀਪ ਕੌਰ. ਲੈਕਚਰਾਰ. (ਪੰਜਾਬੀ).ਭਾਈ ਆਸਾ ਸਿੰਘ ਗਰਲਜ਼ ਕਾਲਜ਼. ਬਠਿੰਡਾ)*

**ਕ) ਘਰ ਦੀ ਬਣਤਰ** ; ਘਰ ਦੀ ਬਣਤਰ ਵੀ ਰਿਸ਼ਤਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ। ਪੁਰਾਤਨ ਘਰਾਂ ਦੀ ਬਣਤਰ ਸਾਦੀ ਸੀ ਘਰ ਵਿੱਚ ਇੱਕ ਜਾਂ ਦੋ ਕਮਰੇ, ਖੁੱਲ੍ਹਾ ਵਿਹੜਾ, ਰਸੋਈ ਤੇ ਇੱਕ ਚੁਬਾਰਾ ਹੁੰਦਾ ਸੀ। ਘਰਾਂ ਵਿੱਚ ਬਹੁਤ ਕਮਰੇ ਨਹੀਂ ਪਰੰਤੂ ਦਿਲਾਂ ਵਿੱਚ ਪਿਆਰ, ਮੁਹੱਬਤ ਦੀ ਭਾਵਨਾ ਵਧੇਰੇ ਸੀ।‘ਸਮਾਜ ਵਿੱਚ

ਵਾਪਰੇ ਬਦਲਾਵਾਂ ਨੇ ਜਿੱਥੇ ਮਾਨਵੀ ਰਿਸ਼ਤਿਆਂ ਵਿੱਚ ਆਈ ਟੁੱਟ--ਭੱਜ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚ ਆਏ ਬਦਲਾਵ ਨੇ ਸਭਿਆਚਾਰ ਦੇ ਪਦਾਰਥਕ ਢਾਂਚੇ ਵਿੱਚ ਤਬਦੀਲੀ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਹਨਾਂ ਪ੍ਰਭਾਵਾਂ ਨੇ ਸਭਿਆਚਾਰ ਦੇ ਵਿੱਚ ਇਸ ਕਦਰ ਤਬਦੀਲੀ ਲੈ ਆਂਦੀ ਹੈ, ਸਭਿਆਚਾਰ ਦੇ ਪਦਾਰਥਕ ਢਾਂਚੇ ਨੂੰ ਬਦਲ ਕੇ ਰੱਖ ਦਿੱਤਾ ਹੈ। ਇਸ ਸੰਦਰਭ ਵਿੱਚ ਘਰ ਦੇ ਢਾਂਚੇ ਵਿੱਚ ਵੀ ਵਾਪਰੀ ਤਬਦੀਲੀ ਨੂੰ ਦੇਖ ਸਕਦੇ ਹਾਂ। ਪੁਰਾਣੇ ਘਰਾਂ ਦਾ ਰਸਤਾ ਡਿਉਢੀ ਥਾਣੀ ਹੋ ਕੇ ਆਉਂਦਾ ਸੀ। ਪਰਿਵਾਰ ਵਿੱਚ ਆਉਣ ਵਾਲੇ ਰਿਸ਼ਤੇਦਾਰ ਇਕੋ ਹੀ ਦੁਆਰ ਦੇ ਰਾਹੀਂ ਆਉਂਦੇ ਸਨ। ਵਰਤਮਾਨ ਘਰਾਂ ਦੇ ਦੋ ਦੁਆਰ ਬਣੇ ਹੋਏ ਹਨ। ਜਿਸ ਵਿੱਚ ਡਰਾਇੰਗ ਰੂਮ ਦੀ ਹੋਂਦ ਵੱਖਰੇ ਢੰਗ ਨਾਲ ਨਿਰਧਾਰਿਤ ਕੀਤੀ ਜਾਂਦੀ ਹੈ। ਸੰਯੁਕਤ ਪਰਿਵਾਰਾਂ ਦੇ ਵਿੱਚ ਰਿਸ਼ਤੇਦਾਰਾਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਸੀ। ਜਦੋਂ ਦੇ ਪਰਿਵਾਰ ਇਕਹਿਰੇ ਹੋ ਗਏ ਹਨ ਉਦੋਂ ਤੋਂ ਮਹਿਮਾਨਾਂ ਦਾ ਘਰ ਵਿੱਚ ਆਉਣਾ ਸੀਮਿਤ ਹੋ ਗਿਆ ਹੈ। ਪੁਰਾਤਨ ਘਰਾਂ ਦੇ ਮਹਿਮਾਨ ਸਮੁੱਚੇ ਪਰਿਵਾਰ ਨੂੰ ਮਿਲਦੇ ਸਨ। ਹੁਣ ਮਹਿਮਾਨ ਸਮੁੱਚੇ ਪਰਿਵਾਰ ਨਾਲ ਮੇਲ-ਜੋਲ ਸਥਾਪਿਤ ਕਰਨ ਦੀ ਥਾਂ ਵਿਅਕਤੀਗਤ ਸੰਬੰਧ ਹੀ ਬਣਾਉਂਦੇ ਹਨ।

**ਖ) ਜਾਤ ਵੰਡ** :- ਅਮੀਰ ਤੇ ਗਰੀਬ ਵਰਗ ਦੇ ਵਿੱਚ ਪਾੜੇ ਦਾ ਮੁੱਖ ਕਾਰਨ ਹੈ, ਅਮੀਰ ਪਰਿਵਾਰ ਦਿਖਾਵੇਪਨ ਵਿੱਚ ਜ਼ਿਆਦਾ ਪੈਂਦੇ ਹਨ।ਮਨੁੱਖ ਦੀ ਮਾਨਸਿਕਤਾ ਉੱਪਰ ਪੈਸਾ ਹਾਵੀ ਹੁੰਦਾ ਜਾ ਰਿਹਾ ਹੈ।ਪਰਿਵਾਰ ਵਿਚਲੇ ਸੰਕਟ ਨੂੰ ਵਧਾਉਣ ਦੇ ਲਈ ਛੋਟੇ ਛੋਟੇ ਕਾਰਨ ਹੀ ਜ਼ਿੰਮੇਵਾਰ ਹਨ। ਹਰ ਵਿਅਕਤੀ ਦਾ ਦਿਲ ਕਰਦਾ ਹੈ ਕਿ ਉਹ ਆਪਣੇ ਘਰਾਂ ਨੂੰ ਸ਼ਿੰਗਾਰ ਕੇ ਰੱਖਣ। ਪਰੰਪਰਾਗਤ ਪਰਿਵਾਰ ਦੇ ਵਿੱਚ ਘਰੇਲੂ ਇਸਤਰੀਆਂ ਆਪਣੇ ਘਰ ਨੂੰ ਸ਼ਿੰਗਾਰਨ ਦੇ ਲਈ ਖ਼ੁਦ ਵਸਤਾਂ ਘਰ ਦੇ ਵਿੱਚ ਹੀ ਤਿਆਰ ਕਰਦੀਆਂ ਸਨ ਜਿਵੇਂ ਕਿ ਘਰਾਂ ਨੂੰ ਲੇਪਣਾ ਬੇਲ-ਬੂਟੀਆਂ, ਮਿੱਟੀਆਂ ਦੀਆਂ ਵਸਤਾਂ ਘਰ ਦੇ ਵਿੱਚ ਹੀ ਤਿਆਰ ਕਰਦੀਆਂ ਸਨ। ਡਾ. ਗੁਰਦੇਵ ਦੀ ਧਾਰਨਾ ਹੈ ਕਿ"ਪੰਜਾਬੀ ਸਮਾਜ ਦੇ ਵਿੱਚ ਖਪਤ ਸਭਿਆਚਾਰ ਦਾ ਪ੍ਰਭਾਵ ਵੱਧ ਰਿਹਾ ਹੈ। ਇਸ ਖਪਤ ਸਭਿਆਚਾਰ ਦੇ ਨਤੀਜੇ ਵਜੋਂ ਲੋਕ ਟੀ.ਵੀ ਫ਼ਰਿਜ ਆਦਿ ਚੀਜ਼ਾਂ ਕਿਸ਼ਤਾਂ 'ਤੇ ਲੈਣ

ਤੁਰ ਪਏ ਹਨ ਅਤੇ ਇਸ ਵਰਤਾਰੇ ਨੇ ਆਉਣ ਵਾਲੇ ਪੰਜਾਬੀ ਸਮਾਜ ਨੂੰ ਸੰਕਟ ਦੇ ਵਿੱਚ ਪਾ ਦੇਣਾ ਹੈ।" *(ਸਭਿਆਚਾਰ ਦਾ ਫਲਸਫਾ 45)*

ਰਿਸ਼ਤੇ ਮਨੁੱਖੀ ਜ਼ਿੰਦਗੀ ਦਾ ਅਹਿਮ ਅੰਗ ਹਨ ਜਿਨ੍ਹਾਂ ਤੋਂ ਬਿਨ੍ਹਾਂ ਜੀਵਨ ਸੰਚਾਰ ਔਖਾ ਹੈ। ਅਰਥਾਤ ਰਿਸ਼ਤੇ ਹਰ ਕਠਨਾਈ ਵਿੱਚ ਸਾਥ ਦਿੰਦੇ ਹਨ। ਪੈਸਾ ਹੀ ਰਿਸ਼ਤਿਆਂ ਦਾ ਭਗਵਾਨ ਬਣ ਗਿਆ ਹੈ। ਹਰ ਵੱਡੀਆਂ ਵੱਡੀਆਂ ਕੰਪਨੀਆ ਦੇ ਮਾਲਕ ਆਪੋ-ਆਪਣੀਆਂ ਵਸਤਾਂ ਨੂੰ ਵੇਚਣ ਦੇ ਲਈ ਵੱਖੋ ਵੱਖ ਆਫ਼ਰ ਦਿੰਦੇ ਹਨ। ਵਸਤਾਂ ਦੇ ਆਕਰਸ਼ਣ ਵਿੱਚ ਲੋਕ ਵਸਤਾਂ ਖਰੀਦ ਤਾਂ ਲੈਂਦੇ ਹਨ, ਕੁਝ ਪ੍ਰਤੀਸ਼ਤ ਵਿਆਜ ਉਪਰ ਲੈ ਤਾਂ ਲੈਂਦੇ ਹਨ ਪਰ ਪੂਰਨ ਵਿਆਜ ਨਾ ਦੇਣ ਕਰਕੇ ਕਰਜ਼ਾਈ ਹੋ ਜਾਂਦੇ ਹਨ। ਵਸਤਾਂ ਦਾ ਕਰਜ਼ਾ ਨਾ ਚੁੱਕਾ ਸਕਣ ਕਾਰਨ ਵਸਤਾਂ ਨੂੰ ਕੰਪਨੀ ਵਾਲੇ ਵਾਪਸ ਵੀ ਲੈ ਜਾਂਦੇ ਹਨ। ਕੁਦਰਤ ਨੇ ਮਨੁੱਖ ਨੂੰ ਸੋਚਣ ਸ਼ਕਤੀ ਦਿੱਤੀ ਹੈ। ਜਿਸ ਦੇ ਸਹਾਰੇ ਉਹ ਸਹੀ ਜਾਂ ਗਲਤ ਦਾ ਫ਼ੈਸਲਾ ਕਰ ਸਕਦਾ ਹੈ। ਪੈਸੇ ਨੇ ਮਨੁੱਖੀ ਸੋਚਣ ਸ਼ਕਤੀ ਖੁੰਢੀ ਕਰ ਦਿੱਤੀ ਹੈ। ਪੈਸੇ ਕਰਕੇ ਰਿਸ਼ਤਿਆਂ ਵਿੱਚ ਲੜਾਈ ਝਗੜਿਆਂ ਦਾ ਮਸਲਾ ਵੱਧ ਗਿਆ ਹੈ।

ਉਪਭੋਗੀ ਮਨ ਇਹਨਾਂ ਗੱਲਾਂ ਨਾਲੋਂ ਬੇਧਿਆਨ ਉਤਪਾਦਕ ਦੇ ਚਾਲ ਵਿੱਚ ਫਸਦਾ ਚਲਾ ਜਾ ਰਿਹਾ ਹੈ। ਅਸੀਂ ਉਹ ਨਹੀਂ ਖ਼ਰੀਦਦੇ ਜੋ ਸਾਨੂੰ ਚਾਹੀਦਾ ਹੈ, ਸਗੋਂ ਉਹ ਖ਼ਰੀਦਦੇ ਜੋ ਉਤਪਾਦਕ ਚਾਹੁੰਦਾ ਹੈ। ਅਜੋਕੇ ਵਕਤ ਦੇ ਵਿੱਚ ਮੰਡੀ ਦੇ ਵਿੱਚ ਨਵੀਆਂ ਨਵੀਆਂ ਵਪਾਰਕ ਕੰਪਨੀਆਂ ਆ ਰਹੀਆਂ ਹਨ। ਇਹ ਕੰਪਨੀਆਂ ਆਪਣੇ ਵਪਾਰ ਦੇ ਵਾਧੇ ਲਈ ਹਰ ਪ੍ਰਕਾਰ ਦਾ ਹੱਥਕੰਡਾ ਆਪਣਾ ਰਹੀਆਂ ਹਨ। ਬਜ਼ਾਰ ਦੇ ਵਿੱਚ ਹਰ ਰੇਟ ਦੀ ਵਸਤੂ ਮੋਜੂਦ ਹੈ ਜਿਵੇਂ ਕਿ ਮੋਬਾਇਲ ਫ਼ੋਨ ਹੀ ਕਿਉਂ ਨਾ ਹੋਵੇ। ਪੁਰਾਤਨ ਵਕਤ ਦੇ ਤੁਲਨਾ ਕਰਨ ‘ਤੇ ਅੱਜ ਦੀ ਤਸਵੀਰ ਜ਼ਾਹਿਰ ਹੋ ਜਾਂਦੀ ਹੈ। ਬੇਸ਼ੱਕ ਪੁਰਾਤਨ ਵਕਤ ਦੇ ਵਿੱਚ ਵਸਤਾਂ ਘੱਟ ਸਨ, ਪਰਿਵਾਰਾਂ ਦੇ ਵਿੱਚ ਪਿਆਰ ਤੇ ਸਹਿਜ ਦੀ ਅਵਸਥਾ ਸੀ। ਮਾਨਵ ਜਿਉਂ ਤਰੱਕੀ ਦੇ ਰਾਹਾਂ ਉੱਤੇ ਜਾ ਰਿਹਾ ਹੈ, ਤਿਉਂ ਤਿਉ ਬੇਲੋੜੀਆਂ ਵਸਤਾਂ ਉੱਤੇ ਜ਼ਿਆਦਾ ਖ਼ਰਚ ਕਰ ਰਿਹਾ ਹੈ। ਇਹ ਤਣਾਉ ਨੂੰ ਸਿਰਜਿਤ ਕਰ ਰਹੀਆਂ ਹਨ। ਮਾਨਵ ਆਪਣੀਆਂ ਵਸਤਾਂ ਨੂੰ ਪਰਿਵਾਰ ਦੇ ਵਿੱਚ ਸਾਂਝੀ ਕਰਨ ਤੋਂ ਝਿਜਕਦਾ ਰਹਿੰਦਾ ਹੈ।

ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ,"ਇਹ ਫ਼ੈਸ਼ਨ ਅਤੇ ਬਾਹਰੀ ਦਿੱਖ ਨੂੰ ਅਮੀਰ ਦਿਖਾਉਣ ਦੇ ਢੌਂਗ ਹਨ।" *(ਸੰਦੀਪ ਕੌਰ. ਖੋਜ ਵਿਦਿਆਰਥੀ. ਗੁਰੂ ਨਾਨਕ ਦੇਵ ਯੂਨੀਵਰਸਿਟੀ)*

ਅਕਸਰ ਦੇਖਿਆ ਜਾਂਦਾ ਹੈ ਕਿ ਇੱਕ ਦੂਜੇ ਨਾਲੋਂ ਜ਼ਿਆਦਾ ਉੱਚਾ ਦਿੱਖਣ ਦੀ ਖ਼ਾਤਰ ਬੇਲੋੜੇ ਖ਼ਰਚਿਆ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਤਰਜੀਹ ਦੇਣ ਲੱਗ ਪਿਆ ਹੈ। ਉਦਯੋਗ ਦੀਆਂ ਤਰੱਕੀਆਂ ਨੇ ਨਵੀਆਂ ਵਸਤਾਂ ਨੂੰ ਜਨਮ ਦੇ ਕੇ ਸਭਿਆਚਾਰ ਦੇ ਹਿੱਸੇ ਨੂੰ ਭਰਮਾ ਲਿਆ ਹੈ। ਪਹਿਲਾਂ ਕਾਢ ਜ਼ਰੂਰਤ ਦੀ ਮਾਂ ਸੀ, ਜਿਸ ਨੇ ਉਦਯੋਗ ਨੂੰ ਜਨਮ ਦੇ ਕੇ ਮਾਨਵ ਨੂੰ ਤਰੱਕੀਆਂ ਦੇ ਰਾਹ ਉੱਤੇ ਪਾਇਆ ਹੈ। ਵਪਾਰੀ ਵਪਾਰ ਦੇ ਵਿੱਚ ਵੱਧ ਤੋਂ ਵੱਧ ਫ਼ਾਇਦਾ ਕਰਨ ਲਈ ਮਾਨਵ ਨੂੰ ਗੁਲਾਮ ਦੀ ਤਰ੍ਹਾਂ ਪੇਸ਼ ਕਰ ਰਿਹਾ ਹੈ। ਸਮੇਂ ਦੀ ਸਚਾਈ ਹੈ ਕਿ ਵਸਤਾਂ ਨੇ ਹੀ ਮਾਨਵ ਦੀਆਂ ਜ਼ਰੂਰੀ ਤੇ ਗੈਰ ਜ਼ਰੂਰਤਾਂ ਨੂੰ ਜਨਮ ਦਿੱਤਾ ਹੈ। ਇਸ ਸੰਬੰਧੀ ਡੇਵਿਡ ਹੈਸਨਾਡਾਲਾਘ ਆਪਣੀ ਪੁਸਤਕ 'ਕਲਚਰਲ ਇੰਡਸਟਰੀ' ਵਿੱਚ ਸਪਸ਼ਟ ਕਰਦਾ ਹੈ ਕਿ "ਸਭਿਆਚਾਰ ਉਦਯੋਗ ਖਪਤਕਾਰ ਦੀ ਹੋਂਦ ਦੀਆਂ ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਨਹੀਂ ਕਰਦਾ ਸਗੋਂ ਨਵੀਆਂ ਜ਼ਰੂਰਤਾਂ ਨੂੰ ਪੈਦਾ ਕਰਦਾ ਹੈ।" *(Cultural Industry 96)*

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਪਰਿਵਾਰਿਕ ਰਿਸ਼ਤੇ ਵਿਚਲਾ ਪਿਆਰ, ਸਨੇਹ, ਮੋਹ ਆਦਿ ਤਨਾਉ ਗ੍ਰਸਤ ਹੋ ਗਿਆ ਹੈ।

## 2.2 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦੀ ਪਰਿਵਾਰਿਕ ਬਣਤਰ

**ਪਰਿਵਾਰ ਦੀ ਬਣਤਰ** : ਪਰਿਵਾਰ, ਰਿਸ਼ਤੇ ਨਾਤੇ, ਸੰਬੰਧ, ਆਦਿ ਸੰਬੰਧਾਂ ਦਾ ਸਮੂਹ ਹੈ, ਇਹ ਸਮਾਜ ਤੋਂ ਕਦੇ ਵੱਖਰਾ ਨਹੀ ਹੋ ਸਕਦਾ। ਪਰਿਵਾਰ ਸਮਾਜ ਦੀ ਅਹਿਮ ਸੰਸਥਾ ਹੈ। ਆਧੁਨਿਕ ਦੌਰ ਦੇ ਵਿੱਚ ਪਰਿਵਾਰ ਅਨੇਕਾਂ ਰੂਪਾਂ ਦੇ ਵਿੱਚ ਵਿਚਰ ਰਿਹਾ ਹੈ। ਪਰਿਵਾਰ ਇੱਕ ਅਜਿਹਾ ਸਮੂਹ ਹੈ, ਜਿਸ ਦੇ ਵਿੱਚ ਬੱਚੇ, ਮਾਤਾ-ਪਿਤਾ ਰਲ ਕੇ ਇੱਕ ਪਰਿਵਾਰ ਦੇ ਵਿੱਚ ਰਹਿੰਦੇ ਹਨ। ਪਰਿਵਾਰ ਸਿੱਖਿਆ ਦੇਣ ਤੇ ਇਕੱਠ ਵਿੱਚ ਰਹਿਣ ਦਾ ਮਾਧਿਅਮ ਵੀ ਹੈ। ਪਰਿਵਾਰ ਦੋ ਭਾਂਤ ਦੇ ਹੁੰਦੇ ਹਨ, ਖ਼ੂਨ ਦੇ ਰਿਸ਼ਤਿਆਂ ਉੱਪਰ ਆਧਾਰਿਤ, ਪਿਆਰ ਜਾਂ ਸਾਂਝ ਜਾਂ ਗੋਦ ਲਏ ਹੋਏ ਰਿਸ਼ਤੇ ਆਦਿ। ਇਹਨਾਂ ਦਾ ਆਪਸੀ ਮੇਲ-ਜੋਲ ਹੀ ਪਰਿਵਾਰ ਦੇ ਸਰੂਪ ਨੂੰ ਸਥਾਪਿਤ ਕਰਦਾ ਹੈ।

- ਰਿਸ਼ਤਿਆਂ ਦਾ ਇੱਕੋ ਸਥਾਨ ਉੱਪਰ ਇਕੱਠੇ ਰਹਿਣਾ ।
- ਉਹਨਾਂ ਦੀਆਂ ਆਪਸੀ ਵੇਦਨਾਵਾਂ ਇੱਕੋ ਹੀ ਸਾਂਝ ਨੂੰ ਪ੍ਰਗਟ ਕਰਦੀਆਂ ਹੋਣ।
- ਇੱਕੋ ਦੂਜੇ ਦੇ ਪ੍ਰਤੀ ਆਪਣੇ ਫ਼ਰਜ਼ਾਂ, ਜ਼ਿੰਮੇਵਾਰੀਆਂ ਨੂੰ ਸਾਂਝ ਕਰਦੇ ਹੋਣ।

ਇਹ ਭਾਵਨਾਵਾਂ ਮਿਲ ਕੇ ਹੀ ਇੱਕ ਪਰਿਵਾਰ ਦੇ ਸਰੂਪ ਨੂੰ ਦਰਸਾਉਂਦੀਆਂ ਹਨ। ਇਹਨਾਂ ਤੋਂ ਬਿਨ੍ਹਾਂ ਕੋਈ ਵੀ ਪਰਿਵਾਰ ਸੱਖਣਾ ਨਹੀ ਹੋ ਸਕਦਾ। ਮਾਨਵ ਸਮਾਜ ਨੂੰ ਵਿਕਸਿਤ ਕਰਨ ਦੇ ਵਿੱਚ ਪਰਿਵਾਰ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਇਹਨਾਂ ਦੇ ਵਿੱਚ ਇਸਤਰੀ, ਬੱਚੇ, ਮਰਦ, ਬੁੱਢੇ, ਜਵਾਨ ਅਹਿਮ ਭੂਮਿਕਾ ਨਿਭਾਉਂਦੇ ਹਨ।

ਪੂਰੇ ਸੰਸਾਰ ਦੇ ਵਿੱਚ ਵੱਖੋ-ਵੱਖਰੇ ਭਾਂਤ ਦੇ ਸਮਾਜ ਪਾਏ ਗਏ ਹਨ ਜਿਨ੍ਹਾਂ ਦੇ ਵਿੱਚ ਪਰਿਵਾਰਾਂ ਦੀ ਬਣਤਰ ਦੇ ਵਿੱਚ ਫ਼ਰਕ ਹੈ। ਭਾਰਤੀ ਸੰਸਕ੍ਰਿਤੀ ਆਪਣੀਆਂ ਭਾਸ਼ਾਈ ਵਿਲੱਖਣਤਾ ਅਤੇ ਸਭਿਆਚਾਰ ਦੇ ਕਰਕੇ ਪੂਰੇ ਸੰਸਾਰ ਦੇ ਵਿੱਚ ਪ੍ਰਸਿੱਧ ਹੈ। ਆਧੁਨਿਕ ਦੌਰ ਦੇ ਵਿੱਚ ਵੀ ਆਪਣੇ ਮੁੱਲਾਂ ਤੇ ਪਰੰਪਰਾਵਾਂ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਇਸ ਸੰਸਕ੍ਰਿਤੀ ਦੇ ਵਿੱਚ ਭਿੰਨਤਾ ਦੇ ਵਿੱਚ ਏਕਤਾ ਪਛਾਣ ਹੀ ਨਹੀਂ ਸਗੋਂ ਵਿਸ਼ੇਸ਼ ਗੁਣ ਹਨ। ਡਾ.ਜੋਗਿੰਦਰ ਸਿੰਘ ਕੈਰੋ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਗਾਰ ਹੋਈ ਹੈ ਕਿ, "ਅਸੀਂ ਇਹ ਨਹੀਂ ਕਹਿ ਸਕਦੇ ਕਿ ਵਿਸ਼ਵੀਕਰਨ ਦਾ ਪ੍ਰਭਾਵ ਸਿਰਫ ਪੰਜਾਬੀ ਸਮਾਜ ਉੱਤੇ ਪਿਆ ਹੈ। ਹਰ ਸਮਾਜ ਸਭਿਆਚਾਰ ਉੱਤੇ ਪ੍ਰਭਾਵ ਪਾ ਰਿਹਾ ਹੈ। ਉਹਨਾਂ ਦਾ ਪ੍ਰਭਾਵ ਸਾਡੇ ਸਭਿਆਚਾਰ ਤੇ ਸਾਡੇ ਸਭਿਆਚਾਰ ਦਾ ਪ੍ਰਭਾਵ ਉਹਨਾਂ ਦੇ ਉੱਤੇ ਪੈ ਰਿਹਾ ਹੈ। ਪੰਜਾਬੀਆਂ ਉੱਤੇ ਜ਼ਿਆਦਾ ਪ੍ਰਭਾਵ ਇਸ ਕਰਕੇ ਪਿਆ ਕਿਉਂਕਿ ਉਹਨਾਂ ਨੇ ਪਰਵਾਸ ਜ਼ਿਆਦਾ ਕੀਤਾ ਹੈ।"(ਚਿੰਤਕ)

21 ਵੀਂ ਸਦੀ ਦੇ ਵਿੱਚ ਇਸੇ ਪਛਾਣ ਨੂੰ ਬਰਕਰਾਰ ਰੱਖਣਾ ਔਖਾ ਹੋ ਗਿਆ ਹੈ। ਪੰਜਾਬ ਭਾਰਤ ਦਾ ਇੱਕ ਵਿਭਿੰਨ ਅੰਗ ਹੈ। ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਪੰਜਾਬ ਦੇ ਵਿੱਚ ਵਧੇਰੇ ਪਰਿਵਾਰਾਂ ਦੀ ਗਿਣਤੀ ਸੰਯੁਕਤ ਪਰਿਵਾਰਾਂ ਦੀ ਹੀ ਰਹੀ ਹੈ। ਵੱਖੋ- ਵੱਖਰੇ ਸਮਾਜ ਦੇ ਵਿੱਚ ਪਰਿਵਾਰ ਵੀ ਭਿੰਨਤਾ ਵਾਲੇ ਪਾਏ ਜਾਂਦੇ ਹਨ। ਜਿਨਾਂ ਦੀ ਸਮਾਜ ਵਿੱਚ ਆਪਣੀ ਵਿਸ਼ੇਸ਼ਤਾ ਹੈ। ਰਾਜਬੀਰ

ਕੌਰ ਦੀ ਧਾਰਨਾ ਹੈ ਕਿ "ਪਰਿਵਾਰ ਹੀ ਮਨੁੱਖ ਨੂੰ ਸਮਾਜੀਕਰਨ ਦੀ ਪ੍ਰਕਿਰਿਆ ਸਿਖਾਉਂਦਾ ਹੈ ਜੋ ਸਮਾਜਕ ਵਿਕਾਸ ਦੇ ਲਈ ਅਤਿਅੰਤ ਜ਼ਰੂਰੀ ਹੈ। ਮਨੁੱਖ ਦੇ ਸੁਭਾਅ ਦੇ ਵਿੱਚ ਮੁੱਢਲੀ ਦੇਣ ਉਸਦੇ ਪਰਿਵਾਰ ਦੀ ਹੁੰਦੀ ਹੈ। ਪਰਿਵਾਰ ਦੇ ਵਡੇਰਿਆਂ ਦੀ ਵਿਚਾਰਧਾਰਾ ਦਾ ਅਸਰ ਉਸ 'ਤੇ ਪੈਂਦਾ ਹੈ ਅਤੇ ਆਮ ਹਾਲਤਾਂ ਦੇ ਵਿੱਚ ਇਹ ਵਿਚਾਰਧਾਰਾ ਪੀੜ੍ਹੀ ਦਰ ਪੀੜ੍ਹੀ ਚਲਦੀ ਰਹਿੰਦੀ ਹੈ। ਆਪਣੇ ਇਸੇ ਗੁਣ ਕਰਕੇ ਹਰ ਪਰਿਵਾਰ ਦੂਸਰੇ ਪਰਿਵਾਰਾਂ ਨਾਲੋਂ ਵੱਖਰਾ ਹੁੰਦਾ ਹੈ।" *(ਪੰਜਾਬੀ ਕਹਾਣੀ ਦੇ ਵਿੱਚ ਪਰਿਵਾਰ ਵਿਗਠਨ ਦੀ ਸਮੱਸਿਆ : ਤੁਲਨਾਤਮਕ ਅਧਿਐਨ 40)*





**Figure 2.1 : ਪਰਿਵਾਰ ਦੀ ਤਸਵੀਰ**

**ੳ) ਸੰਯੁਕਤ ਪਰਿਵਾਰ**:- ਪੰਜਾਬੀ ਸਭਿਆਚਾਰ ਸੰਯੁਕਤ ਸਭਿਆਚਾਰ ਹੈ। ਜਿਸ ਵਿੱਚ ਅਨੇਕਾਂ ਜਾਤਾਂ ਰਲ ਮਿਲ ਕੇ ਰਹਿੰਦੀਆਂ ਹਨ। ਪੰਜਾਬੀ ਸਭਿਆਚਾਰ ਦੀ ਸਿਫ਼ਤ ਹੈ ਕਿ ਇਹ ਹਰ ਪਰਾਏ ਵਿਅਕਤੀ ਨੂੰ ਆਪਣਾ ਬਣਾ ਕੇ ਰੱਖ ਲੈਂਦਾ ਹੈ। ਤੰਦਰੁਸਤ ਸਮਾਜ ਦੀ ਸਿਰਜਣਾ ਲਈ ਉਸ ਦੀਆਂ ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ ਪ੍ਰਬੰਧ, ਮਾਂ ਬੋਲੀ ਆਦਿ ਬੁਨਿਆਦੀ ਤੱਤ,ਜੋ ਉਸਾਰੂ ਸਭਿਆਚਾਰ ਨੂੰ ਸਿਰਜਦੇ ਹਨ। ਰਿਸ਼ਤੇ ਨਾਤੇ ਸਮਾਜ ਦੀ ਬਣਤਰ ਦੇ ਅਹਿਮ ਅੰਗ ਹਨ।"ਰਿਸ਼ਤੇ ਨਾਤੇ ਪ੍ਰਬੰਧ ਮਨੁੱਖ ਦੇ ਸਮਾਜਕ ਜੀਵਨ ਦੌਰਾਨ ਵੱਖ ਵੱਖ ਢੰਗਾਂ ਨਾਲ ਵੱਖ ਵੱਖ ਪੱਧਰਾਂ ਤੇ ਸਿਰਜੇ ਗਏ ਰਿਸ਼ਤਿਆਂ ਦੇ ਅਜਿਹੇ ਨਿਸ਼ਚਿਤ, ਸੰਗਠਿਤ, ਇਕਸਾਰ ਪੈਟਰਨ ਦਾ ਰੂਪ ਹੈ, ਜਿਸ ਵਿਚਲੇ ਸਾਰੇ ਰਿਸ਼ਤੇ ਇਕ ਖ਼ਾਸ ਪ੍ਰਕਾਰ ਦਾ ਸਮਾਜੀ

ਮਨੁੱਖੀ ਜੀਵਨ ਵਿਵਹਾਰ ਸਿਰਜਦੇ ਹੋਏ ਅੰਤਿਮ ਰੂਪ ਵਿਚ ਸਭਿਆਚਾਰ ਕੀਮਤਾਂ ਦਾ ਇਕ ਸਮੂਹ ਸਿਰਜਦੇ ਹਨ। ਇਹ ਕੀਮਤਾਂ ਉਸ ਰਿਸ਼ਤੇ ਪ੍ਰਬੰਧ ਦੇ ਪੈਟਰਨ ਵਿਚੋਂ ਮਨੁੱਖੀ ਜੀਵਨ ਜਿਊਣ ਦੇ ਅਜਿਹੇ ਆਚਾਰ-ਵਿਹਾਰ,ਪ੍ਰਤੀਮਾਨ, ਆਦਰਸ਼ਾਂ, ਭਾਵਨਾਵਾਂ ਅਨਰੂਪ ਉਤਪੰਨ ਹੁੰਦੀਆਂ ਹਨ, ਜਿਨ੍ਹਾਂ ਨੂੰ ਮਾਨਵ ਸਮੂਹ ਆਪਣੇ ਸਭਿਆਚਾਰਕ ਜਗਤ ਵਿਚ ਮੂਲ ਮਾਨਵੀ ਗੁਣਾਂ ਅਨੁਕੂਲ ਕਿਰਿਆਸ਼ੀਲ ਹੁੰਦਾ ਹੈ।" *(ਜਸਵਿੰਦਰ ਸਿੰਘ. ਸਭਿਆਚਾਰ ਪਛਾਣ ਚਿੰਨ੍ਹ 29)*

ਇਹਨਾਂ ਕੀਮਤਾਂ ਦੇ ਰੂਪ ਵਿੱਚ ਮਾਨਵੀ ਰਿਸ਼ਤੇ ਸਮਾਜਕ ਕਦਰਾਂ ਕੀਮਤਾਂ ਦੀ ਤਰਜਮਾਨੀ ਕਰਦੇ ਹਨ। ਜਿਸ ਦੇ ਅਨੁਸਾਰ ਹੀ ਸਮਾਜਕ ਅਤੇ ਆਰਥਕ ਵਿਹਾਰ ਦੇ ਨਿਯਮ ਨਿਯਮਿਤ ਕੀਤੇ ਜਾਂਦੇ ਹਨ। ਸਭਿਆਚਾਰ ਦੇ ਸਮੁੱਚੇ ਪ੍ਰਬੰਧ ਵਿੱਚ ਰਿਸ਼ਤਾ-ਨਾਤਾ ਪ੍ਰਬੰਧ ਖਾਸ ਹੈ, ਕਿਉਂਕਿ ਇਸ ਉੱਪਰ ਮਾਨਵੀ ਜੀਵਨ ਦੇ ਸਾਰੇ ਪੱਖਾਂ, ਅੰਗਾਂ ਤੇ ਖੇਤਰਾਂ ਨੂੰ ਨਿਸ਼ਚਿਤ ਸਰੂਪ ਦੇਣ ਦੀ ਜ਼ਿੰਮੇਵਾਰੀ ਹੁੰਦੀ ਹੈ। ਇਹ ਸਮਾਜਕ ਪ੍ਰਬੰਧ ਦੇ ਦੂਸਰੇ ਪੱਖਾਂ ਨੂੰ ਸਿਰਜਣ ਅਤੇ ਬਦਲਾਵ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। "ਰਿਸ਼ਤਾ-ਨਾਤਾ ਪ੍ਰਬੰਧ ਅਸਲ ਮਾਨਵ ਦੀ ਕੁਦਰਤੀ ਦੁਨੀਆਂ ਦੇ ਤੁਲਨਾ ਵਿੱਚ ਸਭਿਆਚਾਰਕ ਜਗਤ ਉਦੈ ਹੋਣ ਤੋਂ ਪਹਿਲਾਂ ਪੜਾਅ ਸਮੇਂ ਹੋਂਦ ਵਿੱਚ ਆ ਚੁੱਕਾ ਸੀ। ਸਭਿਆਚਾਰ ਨੂੰ ਮਨੁੱਖ ਨੇ ਪ੍ਰਕਿਰਤੀ ਉੱਤੇ ਅਮਲ ਕਰਦਿਆਂ ਇਸ ਤੋਂ ਵੱਖਰੀ ਸਮਾਜੀ ਮਨੁੱਖੀ ਸਰਗਰਮੀ ਰਾਹੀਂ ਸਿਰਜਿਆ।" (ਜਸਵਿੰਦਰ ਸਿੰਘ. ਸਭਿਆਚਾਰ ਪਛਾਣ ਚਿੰਨ੍ਹ 29)

ਰਿਸ਼ਤਾ ਨਾਤਾ ਪ੍ਰਬੰਧ ਮਨੁੱਖੀ ਅਮਲ ਦੇ ਪਹਿਲੇ ਪੜਾਅ ਸਮਾਜਕ ਵਿਵਸਥਾ ਨੂੰ ਬਣਾਉਂਦਾ ਹੈ ਜਿਸ ਦੇ ਅਨੁਸਾਰ ਮਨੁੱਖੀ ਵਰਗ ਨੂੰ ਸਮਾਜਕ ਲੋੜਾਂ ਦੇ ਅਨੁਕੂਲ ਵਰਗਾਂ ਦੇ ਵਿੱਚ ਵੰਡਿਆਂ ਜਾਂਦਾ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਸਮਾਜ ਨੂੰ ਸਹੀ ਸੇਧ, ਨਿਰੰਤਰ ਵਿਕਾਸ ਦੀਆਂ ਲੀਹਾਂ ਤੇ ਤੋਰਿਆ ਜਾ ਸਕੇ ਤੇ ਨਾਲ ਹੀ ਰਿਸ਼ਤੇਦਾਰੀ ਪ੍ਰਬੰਧ ਦਾ ਸਿਲਸਿਲਾ ਲਗਾਤਾਰ ਚਲਦਾ ਰਹੇ। ਲੈਵੀ-ਸਤਰਾਸ ਦੇ ਕਥਨ ਅਨੁਸਾਰ: "ਰਿਸ਼ਤੇ-ਨਾਤੇ ਦੇ ਪ੍ਰਬੰਧ ਨੂੰ ਜਿਹੜੀ ਗੱਲ ਸਭਿਆਚਾਰਕ ਸੁਭਾਅ ਪ੍ਰਦਾਨ ਕਰਦੀ ਹੈ, ਉਹ ਇਹ ਨਹੀਂ ਕਿ ਇਸ ਨੇ ਪ੍ਰਕਿਰਤੀ ਤੋਂ ਕੀ ਪ੍ਰਾਪਤ ਕੀਤਾ, ਸਗੋਂ ਉਹ ਵਿਸ਼ੇਸ਼ ਢੰਗ ਹੈ ਜਿਸ ਰਾਹੀਂ ਇਹ ਪ੍ਰਕਿਰਤੀ ਤੋਂ ਆਪਣੇ ਆਪ ਨੂੰ ਵਖ਼ਰਿਆਉਂਦਾ ਹੈ।" *(Structural Anthropology. Vol. i. 50)*

ਪੰਜਾਬੀ ਸਭਿਆਚਾਰ ਦੇ ਅੰਦਰ ਪੰਜਾਬੀ ਰਿਸ਼ਤਿਆਂ ਦੇ ਵਿੱਚ ਭਾਵੁਕ ਸਾਂਝ ਬਣੀ ਹੋਈ ਅਤੇ ਹਰ ਵੱਖਰੇ ਰਿਸ਼ਤੇ ਦਾ ਵੱਖਰਾ ਸਥਾਨ ਤੇ ਵੱਖਰੀ ਸਾਂਝ ਹੈ। ਇਹਨਾਂ ਰਿਸ਼ਤਿਆਂ ਵਿਚ ਨਿੱਘ ਤੇ ਮਿਠਾਸ ਬਣਿਆ ਰਹਿੰਦਾ ਹੈ। ਪੰਜਾਬੀਆਂ ਦੇ ਲਈ ਹਰ ਰਿਸ਼ਤੇ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਦੀ ਮਿਸਾਲ ਦੂਸਰੀਆਂ ਜਾਤਾਂ ਦਾ ਪੰਜਾਬ ਦੇ ਲੋਕਾਂ ਨਾਲ ਘੁਲ-ਮਿਲ ਜਾਣਾ ਹੈ। ਹਰ ਸਾਕ ਸੰਬੰਧੀ ਰਿਸ਼ਤੇ-ਨਾਤੇ ਦੇ ਸੰਬੰਧਾਂ ਅਨੁਸਾਰ ਦੁਖ ਸੁਖ ਵਿਚ ਭਾਈਵਾਲ ਹੁੰਦਾ ਹੈ। ਉਹ ਆਪਣੇ ਰਿਸ਼ਤਿਆਂ ਪ੍ਰਤੀ ਕਰਤੱਵਾਂ ਤੇ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਂਦਾ ਹੈ।

ਜਿਸ ਕਰਕੇ ਰਿਸ਼ਤਿਆਂ ਦੀਆਂ ਤੰਦਾਂ ਆਪਸ ਵਿੱਚ ਪੱਕੀਆਂ ਤੇ ਪੀਡੀਆਂ ਹੁੰਦੀਆਂ ਹਨ। ਪਰਿਵਾਰ ਦੇ ਵਿੱਚ ਹਰ ਵਿਅਕਤੀ ਦੋਹਰੀ ਭੂਮਿਕਾ ਨਿਭਾਉਂਦਾ ਹੈ ਜਿਵੇਂ ਭੈਣ-ਭਰਾ, ਪਤੀ-ਪਤਨੀ, ਚਾਚਾ-ਚਾਚੀ ਆਦਿ। ਭਾਰਤੀ ਸਭਿਆਚਾਰ ਵਿੱਚ ਪਰਿਵਾਰ ਦੀ ਬਣਤਰ ਸੰਯੁਕਤ ਰਹੀ ਹੈ। ਉਹ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਲਈ ਸਾਂਝੇ ਪਰਿਵਾਰ ਦੇ ਹੇਠ ਆਪਣੀ ਪਰਿਵਾਰਕ ਗੱਡੀ ਚਲਾਈ ਜਾਂਦੇ ਹਨ, ਹਰ ਖ਼ੁਸ਼ੀ ਗਮੀ ਦੇ ਦੌਰਾਨ ਇਕੱਠੇ ਹੋ ਜਾਂਦੇ ਹਨ। ਰਿਸ਼ਤੇਦਾਰੀ ਵਿੱਚ ਸੱਜੀ ਖੱਬੀ ਬਾਂਹ ਬਣ ਕੇ ਖੜ੍ਹ ਰਹਿਣਾ ਪੰਜਾਬੀ ਪਰਿਵਾਰਾਂ ਦੀ ਵਿਸ਼ੇਸ਼ ਮਹੱਤਤਾ ਹੈ। ਪੰਜਾਬੀ ਸਹਿਜ ਸੁਭਾਵਿਕ ਹੀ ਅਨੇਕਾਂ ਰਿਸ਼ਤੇ ਬਣਾ ਲੈਂਦੇ ਹਨ।ਪੰਜਾਬੀ ਰਿਸ਼ਤੇ ਤਾਂ ਗਿਣਤੀ ਮਿਣਤੀ ਪੱਖੋਂ ਅਨੇਕ ਹਨ। ਰਿਸ਼ਤਿਆਂ ਦੀ ਸੀਮਾ ਵਿੱਚ ਪੰਜ ਪ੍ਰਕਾਰ ਦੇ ਰਿਸ਼ਤੇ ਪ੍ਰਚਲਿਤ ਹਨ, ਪਹਿਲੀ ਕਿਸਮ ਦੇ ਰਿਸ਼ਤਿਆਂ ਵਿੱਚ "ਖ਼ੂਨ ਦੇ ਰਿਸ਼ਤੇ"ਆਉਂਦੇ ਹਨ। ਦੂਸਰੀ ਕਿਸਮ ਦੇ ਰਿਸ਼ਤਿਆਂ ਵਿੱਚ " ਜਨਮ ਦੁਆਰਾ ਪ੍ਰਾਪਤ ਰਿਸ਼ਤੇ"ਆਉਂਦੇ ਹਨ।ਤੀਸਰੀ ਕਿਸਮ ਦੇ ਰਿਸ਼ਤਿਆਂ ਵਿੱਚ "ਪਰਿਵਾਰਕ ਰਿਸ਼ਤੇ ਆਉਂਦੇ ਹਨ। ਚੌਥੀ ਕਿਸਮ ਦੇ ਰਿਸ਼ਤਿਆਂ ਵਿੱਚ "ਵਿਆਹ ਉਪਰੰਤ ਬਣਦੇ"ਰਿਸ਼ਤੇ ਆਉਂਦੇ ਹਨ। ਪੰਜਵੀ ਕਿਸਮ ਦੇ ਵਿੱਚ ਉਹ ਰਿਸ਼ਤੇ ਆਉਂਦੇ ਹਨ ਜੋ 'ਮਨੁੱਖੀ ਭਾਵਾਂ, 'ਉਦਗਾਰਾਂ', 'ਪਿਆਰ, 'ਤੇਹ ਅਤੇ ਸਤਿਕਾਰ ਆਦਿ ਦੇ ਮਾਧਿਅਮ ਨਾਲ ਸਹਿਜੇ ਹੀ ਸਿਰਜੇ ਜਾਂਦੇ ਹਨ।

ਅਜੋਕੇ ਸੰਸਾਰ ਵਿੱਚ ਸੰਯੁਕਤ ਪਰਿਵਾਰਾਂ ਦੀ ਥਾਂ ਇਕਹਿਰੇ ਪਰਿਵਾਰ ਹੀ ਰਹਿ ਗਏ ਹਨ। ਇਹਨਾਂ ਇਕਹਿਰੇ ਪਰਿਵਾਰਾਂ ਦਾ ਮੇਲ-ਜੋਲ, ਖ਼ੁਸ਼ੀਆਂ , ਸਮਾਗਮਾਂ, ਮੇਲਿਆਂ ਆਦਿ ਤੇ ਹੀ ਮਿਲਦੇ ਹਨ।

ਪਰ ਫਿਰ ਵੀ ਇਹਨਾਂ ਦੀਆਂ ਰੁਚੀਆਂ, ਕੰਮ-ਧੰਦੇ, ਸੁਭਾਅ, ਬੋਲ-ਚਾਲ ਆਦਿ ਦੀ ਭਾਵਨਾ ਜਾਤੀ ਸਮੂਹ ਦੇ ਸਭਿਆਚਾਰਕ ਤੱਤਾਂ ਵਿਚ ਵਾਧਾ ਕਰਦੀ ਹੈ। ਇਨ੍ਹਾਂ ਸਮੂਹਿਕ ਮੈਂਬਰਾਂ ਦੇ ਗਿਲੇ-ਸ਼ਿਕਵੇ, ਗਾਲ੍ਹਾਂ, ਮਿਹਣਿਆਂ-ਨਹੋਰਿਆਂ ਆਦਿ ਤੋਂ ਇਨ੍ਹਾਂ ਦੇ ਸਮਾਜਕ ਸੰਬੰਧਾਂ ਅਤੇ ਆਰਥਕ ਮਜਬੂਰੀਆਂ ਦਾ ਭਲੀ ਭਾਂਤ ਪ੍ਰਮਾਣ ਮਿਲਦਾ ਹੈ ਜਿਹੜਾ ਇਹਨਾਂ ਦੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਦਾ ਹੈ।

ਇਹਨਾਂ ਰਿਸ਼ਤਿਆਂ ਵਿਚਲੀ ਸਾਂਝ ਪਿਆਰ ਮੁਹੱਬਤ ਸਮੇਂ ਦੇ ਨਾਲ ਘਟਦੀ ਜਾ ਰਹੀ ਹੈ। ਸਾਕ-ਸੰਬੰਧੀ ਵਿਚਲੇ ਸੰਬੰਧਾਂ ਵਿੱਚ ਆਧੁਨਿਕ ਸਮੇਂ ਦੀਆਂ ਤਕਨੀਕਾਂ ਨੇ ਤੇੜ ਲਿਆਂਦੀ ਹੈ। ਅੱਜ ਦੇ ਅਖਾਉਤੀ ਤੇ ਅਗਾਂਹਵਧੂ ਸਮੇਂ ਵਿੱਚ ਬਜ਼ਾਰ, ਵਪਾਰਕ ਤੇ ਉਪਭੋਗਵਾਦੀ ਰੁਚੀਆਂ ਦਾ ਬੋਲਬਾਲਾ ਹਰ ਖੇਤਰ ਵਿੱਚ ਫ਼ੈਲ ਰਿਹਾ ਹੈ। ਅਜੋਕੇ ਮਾਨਵ ਕਾਦਰ ਦੀ ਕੁਦਰਤ ਨਾਲੋਂ ਟੁੱਟ ਕੇ ਸਰਬਤ ਦੇ ਭਲੇ ਵਾਲੀ ਲੀਹ ਤੋਂ ਭਟਕਦਾ ਜਾ ਰਿਹਾ ਹੈ। ਮਨੁੱਖ ਨਿੱਜਵਾਦੀ ਦਲਦਲ ਵਿੱਚ ਘੁੱਸਦਾ ਜਾ ਰਿਹਾ ਹੈ ਕਿ ਉਹ ਖੁੰਝਿਆ ਡੂਮਣੀ ਵਾਂਗ ਆਲ-ਪਤਾਲ ਹੀ ਗਾਉਂਦਾ ਨਜ਼ਰੀ ਪੈਂਦਾ ਹੈ। ਗਿਆਨ ਵਿਗਿਆਨ ਦੀ ਥਾਂ ਭੇਡ ਚਾਲ ਵਾਲਾ ਅੰਧਵਿਸ਼ਵਾਸ, ਸਭਿਆਚਾਰ ਦੇ ਹੇਠ ਨੰਗੇਜਪਨ ਦਾ ਪਾਖੰਡ, ਲੱਚਰਤਾ ਤੇ ਅਸ਼ਲੀਲਤਾ ਨੂੰ ਪਰੋਸ ਰਿਹਾ ਹੈ। ਉਪਭੋਗਤਾ ਦੀ ਚੂਹੇ ਦੌੜ ਨੇ ਸਦੀਆਂ 'ਚ ਪਨਪੀ ਵਿਗਸੀ, ਕੁਦਰਤ ਨਾਲ ਇੱਕ ਸੁਰ ਕਰਕੇ ਜੀਵਨ ਜਿਊਣ ਵਾਲੀ ਜੀਵਨ ਜਾਂਚ ਨੂੰ ਬਿਸਰਦੇ ਜਾ ਰਹੇ ਹਨ। ਇਸ ਵਿਨਾਸ਼ਕਾਰੀ ਵਾਤਾਵਰਨ ਨੂੰ ਆਧੁਨਿਕ ਸਮਝ ਕੇ ਅਜੋਕਾ ਮਨੁੱਖ ਉੱਨਤੀ ਤੇ ਵਿਕਾਸ ਨੂੰ ਭਰਮ ਸਮਝ ਰਿਹਾ ਹੈ।

ਪੂੰਜੀਵਾਦੀ ਵਿਵਸਥਾ ਦੇ ਵਿੱਚ ਪਰਿਵਾਰਾਂ ਦੇ ਟੁੱਟਣ ਦੇ ਅਨੇਕਾਂ ਕਾਰਨ ਹਨ, ਜਿਵੇਂ ਕਿ ਮਨੁੱਖ ਦੀ ਘਟੀਆ ਸੋਚ, ਘਰੋਂ ਬਾਹਰ ਸੰਬੰਧ, ਬੇਰੁਜ਼ਗਾਰੀ ਆਦਿ ਵਰਗੇ ਕਾਰਨ ਜ਼ਿੰਮੇਵਾਰ ਹਨ। ਡਾ. ਬਲਦੇਵ ਸਿੰਘ ਧਾਲੀਵਾਲ ਦੀ ਧਾਰਨਾ ਹੈ ਕਿ , "ਵਿਸ਼ਵੀਕਰਨ ਦੀ ਵਿਚਾਰਧਾਰਾ ਨੇ ਮਨੁੱਖ ਦੀਆਂ ਉਪਭੋਗੀ ਚੇਸ਼ਟਾਵਾਂ ਨੂੰ ਇਸ ਕਦਰ ਉਤੇਜਿਤ ਕੀਤਾ ਹੈ ਕਿ ਉਸਦੀ ਚੇਤਨਾ ਵਿੱਚ ਕਾਮ ਪ੍ਰਵਿਰਤੀ ਹਿਰਸ ਬਣ ਕੇ ਕੇਂਦਰੀ ਸਪੇਸ ਪ੍ਰਾਪਤ ਕਰ ਚੁੱਕੀ ਹੈ। ਇਸ ਹਿਰਸ ਨੇ ਭਾਈਚਾਰਕ ਅਤੇ ਸਦਾਚਾਰਕ ਰਿਸ਼ਤਿਆਂ ਦੀਆਂ ਸੀਮਾਵਾਂ ਵੀ ਭੰਗ ਕਰ ਦਿੱਤੀਆਂ ਹਨ।" (*ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ 67-68)*

ਪੰਜਾਬੀ ਕਹਾਣੀ ਦੇ ਰਾਹੀਂ ਵੀ ਡਾਂ. ਜਸਵਿੰਦਰ ਸਿੰਘ, ਭਗਵੰਤ ਰਸੂਲਪੁਰੀ, ਤਲਵਿੰਦਰ, ਮਨਮੋਹਨ ਬਾਵਾ, ਵੀਨਾ ਵਰਮਾ ਅਦਿ ਦੀਆਂ ਕਹਾਣੀਆਂ ਦੇ ਵਿੱਚ ਪਰਵਾਰਿਕ ਸਮੱਸਿਆਵਾਂ ਦਾ ਚਿਤਰਨ ਕੀਤਾ ਹੋਇਆ ਮਿਲਦਾ ਹੈ। ਜਸਵਿੰਦਰ ਸਿੰਘ ਦੀ ਕਹਾਣੀ ਖੂਹ-ਖਾਤੇ, ਪਰਦੇਸੀ ਦੀ ਰਾਹੀਂ ਪਦਾਰਥਵਾਦੀ ਸੋਚ ਦਾ ਪ੍ਰਗਟਾਵਾ ਮਿਲਦਾ ਹੈ। ਪਰਦੇਸੀ ਕਹਾਣੀ ਦੇ ਵਿੱਚ ਪਰਿਵਾਰ ਦੇ ਟੁੱਟਣ ਦਾ ਜ਼ਿਕਰ ਕੀਤਾ ਗਿਆ ਹੈ।

..... ਆਉਂਣ ਦੀ ਚਿੱਠੀ ਮਿਲਦਿਆਂ ਹੀ ਵੱਡੇ ਭਰਾ ਨੇ ਅੱਡ ਹੋਣ ਦਾ ਝੰਡਾ ਚੁੱਕ ਲਿਆ। ਉਹੋ ਹੀ ਵਿਆਹਿਆ ਵਰਿਆ ਸੀ। ਉਹਨਾਂ ਦੀ ਮਾਂ ਚਿਰੋਕਣੀ ਕੈਂਸਰ ਦੀ ਬਿਮਾਰੀ ਨੇ ਖਾ ਲਈ ਸੀ। ਅੱਧ-ਪਚੱਧ ਪੜ੍ਹਿਆ ਹੋਣ ਕਰਕੇ ਵੱਡਾ ਭਰਾ ਹੀ ਘਰ ਦਾ ਕਾਰਮੁਖਤਾਰ ਸੀ। ਜੱਸ ਛੋਟਾ ਸੀ ਤੇ ਪਿਉ ਵਖਤਾਂ ਦਾ ਮਾਰਿਆ। ਮਨਮਰਜ਼ੀ ਦੇ ਹਿੱਸੇ ਪਾ, ਪੈਸੇ ਧੇਲੇ ਸਾਂਭ ਉਸ ਛੋਟੇ ਭਰਾ ਤੇ ਪਿਉ ਨੂੰ ਰੜੇ ਕੱਢ ਧਰਿਆ। ਪਿਉ ਤੇ ਨਿੱਕੇ ਭਰਾ ਦੀ ਜ਼ਿੰਦਗੀ ਮੁੜ ਪੱਕੀ ਰੋਟੀ ਤੱਕ ਸਿਮਟ ਗਈ।

"ਮੈ ਅੱਜ ਇੱਕ ਫੈਸਲਾ ਕਰ ਈ ਹਟੂ... ਜੇ ਇੱਕ ਘਰ ਵਿੱਚ ਕਿੰਨੇ ਖਾਤੇ ਚਲਣਗੇ?"

ਕੀ ਮਤਲਬ.. ਕਿਹੜੇ ਖਾਤੇ?" *(ਪਰਦੇਸੀ. 29)*

ਰਿਸ਼ਤਿਆਂ ਦੇ ਮਨੋਵਿਗਿਆਨਕ ਆਧਾਰਾਂ ਨੂੰ ਤਹਿਸ ਨਹਿਸ ਕਰਕੇ ਅਨੇਕਾਂ ਭਰਮ ਭੁਲੇਖੇ ਖੜ੍ਹੇ ਕਰ ਲਏ ਹਨ ਜਿਵੇਂ ਕਿ ਮਾਨਵੀ ਹੱਕ, ਨਾਰੀਵਾਦ, ਦਲਿਤਵਾਦ, ਲਿੰਗਕ ਬਰਾਬਰੀ ਆਦਿ। ਸ੍ਰਿਸ਼ਟੀ ਦੀ ਉੱਤਮ ਰਚਨਾ ਮਾਨਵ ਆਪਣੇ ਜੀਵਨ ਨੂੰ ਨਸ਼ਿਆਂ, ਅਪਰਾਧਾਂ, ਹਿੰਸਾ, ਅਰਾਜਕਤਾ ਨੂੰ ਫੈਲਾਉਣ ਵਿੱਚ ਬਰਬਾਦ ਕਰ ਰਿਹਾ ਹੈ। ਰਿਸ਼ਤਾ ਨਾਤਾ ਇੱਕ ਅਜਿਹਾ ਸਿਸਟਮ ਹੈ,ਕਿ ਇਹ ਮਾਨਵ ਦੇ ਸਮਾਜਕ, ਇਤਿਹਾਸਕ ਅਤੇ ਪਦਾਰਥਕ ਵਿਕਾਸ ਦੇ ਅਨੁਸਾਰ ਪਰਿਵਰਤਨ ਹੁੰਦਾ ਹੈ। ਇਹ ਮਾਨਵੀ ਰਿਸ਼ਤੇ ਪਰੰਪਰਾ 'ਤੇ ਆਧਾਰਿਤ ਹੁੰਦੇ ਹਨ। ਡਾ. ਰੁਪਿੰਦਰ ਕੌਰ ਦੀ ਧਾਰਨਾ ਹੈ ਕਿ "ਆਮ ਤੌਰ 'ਤੇ ਪਤੀ-ਪਤਨੀ, ਉਹਨਾਂ ਦੀਆਂ ਧੀਆਂ-ਪੁੱਤਰ ਅਤੇ ਨੂੰਹਾਂ ਤੇ ਅੱਗੇ ਉਹਨਾਂ ਦੇ ਆਪਣੇ ਬੱਚੇ ਸ਼ਾਮਿਲ ਹੁੰਦੇ ਹਨ। ਇੰਝ ਹੀ ਪੀੜ੍ਹੀ ਦਰ ਪੀੜ੍ਹੀ ਪਰਿਵਾਰ ਬਣਦੇ ਚਲੇ ਜਾਂਦੇ ਹਨ ਤੇ ਇੱਕ ਸੰਯੁਕਤ ਪਰਿਵਾਰ ਦਾ ਰੂਪ ਧਾਰਨ ਕਰ ਲੈਂਦੇ ਹਨ ਜਿਵੇਂ

ਕਿ ਅੱਜ ਕੱਲ੍ਹ ਤਾਂ ਸੰਯੁਕਤ ਪਰਿਵਾਰਾਂ ਵਿਚ ਕੇਵਲ ਇੱਕੋਂ ਪੀੜ੍ਹੀ ਵਿੱਚ ਬੱਚਿਆਂ ਭਾਵ ਭੈਣ-ਭਰਾ ਤੇ ਅੱਗੇ ਉਹਨਾਂ ਦੀ ਪਤਨੀ ਅਤੇ ਬੱਚੇ ਸ਼ਾਮਿਲ ਹੁੰਦੇ ਹਨ ਪਰੰਤੂ ਪੁਰਾਣੇ ਸਮਿਆਂ ਵਿੱਚ ਦਾਦੇ-ਪੜ੍ਹਦਾਦੇ ਤੱਕ ਦੇ ਬੱਚਿਆਂ ਦਾ ਵਿਕਾਸ ਤੇ ਲਾਲਣ-ਪਾਲਣ ਹੋਇਆ ਕਰਦਾ ਸੀ। ਸੰਯੁਕਤ ਪਰਿਵਾਰਾਂ ਦੇ ਵਿੱਚ ਰਹਿ ਕੇ ਹੀ ਵਿਅਕਤੀ ਆਪਣੀਆਂ ਨਿੱਖੜਵੀਆਂ ਪਰਿਵਾਰਿਕ ਅਤੇ ਮਾਨਸਿਕ ਵਿਚਾਰਧਾਰਾਵਾਂ ਦਾ ਵਿਕਾਸ ਕਰ ਸਕਦਾ ਹੈ।" *(ਪੰਜਾਬੀ ਸਮਾਜ: ਰਿਸ਼ਤਾ ਨਾਤਾ ਪ੍ਰਬੰਧ 24)*

ਪੁਰਾਤਨ ਪਰਿਵਾਰਾਂ ਦੀ ਬਣਤਰ ਵਧੇਰੇ ਸੰਯੁਕਤ ਹੀ ਰਹੀ ਹੈ। ਉਸ ਸਮੇਂ ਦੇ ਵਿੱਚ ਹਰ ਪਰਿਵਾਰ ਮਿਲ-ਜੁਲ ਕੇ ਰਹਿੰਦਾ ਸਗੋਂ ਉਹਨਾਂ ਦਾ ਹਰ ਕਾਰਜ ਮਿਲ ਕੇ ਹੀ ਹੁੰਦਾ ਸੀ। ਪਰਿਵਾਰ ਦਾ ਪ੍ਰਮੁੱਖ ਕਿੱਤਾ ਖੇਤੀਬਾੜੀ ਸੀ। ਸੰਯੁਕਤ ਪਰਿਵਾਰਾਂ ਦੇ ਵਿੱਚ ਮਰਦ-ਔਰਤ ਦੇ ਕੰਮ ਵੰਡੇ ਹੋਏ ਸਨ। ਔਰਤਾਂ ਘਰਾਂ ਦੇ ਹੀ ਕੰਮ ਕਰਦੀਆਂ ਸਨ। ਜਾਗੀਰਦਾਰੀ ਯੁੱਗ ਹੋਣ ਕਾਰਨ ਅਤੇ ਦੂਸਰਾ ਸਿੱਖਿਆ ਦਾ ਅਭਾਵ ਹੋਣ ਕਾਰਨ ਔਰਤਾਂ ਦਾ ਦਾਇਰਾ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਿਤ ਸੀ। ਪਰਿਵਾਰਾਂ ਦੇ ਕੰਮ ਵੰਡੇ ਹੋਏ ਸਨ ਕਿਉਂਕਿ ਖੇਤੀਬਾੜੀ ਦਾ ਧੰਦਾ ਹੋਣ ਕਰਕੇ ਕੰਮਾਂ ਨੂੰ ਵੰਡਿਆ ਹੋਇਆ ਸੀ। ਸੰਯੁਕਤ ਪਰਿਵਾਰਾਂ ਦੇ ਵਿੱਚ ਬੱਚੇ ਦੇ ਪਾਲਣ-ਪੋਸ਼ਣ ਦੀ ਕੋਈ ਕਮੀ ਨਹੀਂ ਰਹਿੰਦੀ, ਦਾਦੇ-ਦਾਦੀ ਦੀਆਂ ਕਹਾਣੀਆਂ ਸੁਣਦੇ ਵੱਡੇ ਹੋ ਜਾਂਦੇ ਸਨ। ਅਜੋਕੇ ਸਮੇਂ ਦੇ ਵਿੱਚ ਇਹ ਦੇਖਣ ਨੂੰ ਬਹੁਤ ਘੱਟ ਹੀ ਮਿਲ ਰਿਹਾ ਹੈ। " Daily Post Punjabi' ਨਾਂ ਦੇ ਯੂ-ਟਿਊਬ ਚੈਨਲ ਉੱਤੇ ਪੰਜਾਬ ਦੇ ਪਹਿਲੇ ਸੰਯੁਕਤ ਪਰਿਵਾਰ ਦਾ ਦੱਸਿਆ ਗਿਆ ਹੈ। ਇਹ ਪਰਿਵਾਰ ਦੇ ਵਿੱਚ 53 ਮੈਂਬਰ ਹਨ ਜਿਹੜੇ ਇਕੱਠੇ ਹੀ ਰਹਿ ਰਹੇ ਹਨ। ਉਹਨਾਂ ਦੇ ਸਾਰੇ ਕੰਮ ਕਾਰਜ ਵੀ ਇਕੱਠੇ ਹਨ। ਇਹ ਪੰਜਾਬ ਦੇ ਖ਼ੁਸ਼ਹਾਲ ਪਰਿਵਾਰਾਂ ਦੇ ਵਿੱਚੋਂ ਇੱਕ ਹੈ। ਇਹ ਪਰਿਵਾਰ ਮਿਲਵਰਤਨ ਅਤੇ ਸਾਂਝ ਦਾ ਪ੍ਰਤੀਕ ਬਣਦਾ ਹੈ।" (*https.//You.be/ukypc66zx6o*)

**ਅ) ਛੋਟੇ ਪਰਿਵਾਰ ਜਾਂ ਇਕਹਿਰੇ ਪਰਿਵਾਰ :-** ਪਰਿਵਾਰਾਂ ਦਾ ਛੋਟੇ ਹੋ ਜਾਣਾ ਵੀ ਤਣਾਉ ਦਾ ਮੂਲ ਕਾਰਨ ਹੈ। ਪਰਿਵਾਰ ਵੱਡੇ ਹੁੰਦੇ ਸੀ। ਪਰਿਵਾਰਾਂ ਦੇ ਵਿੱਚ ਆਪਸੀ ਸੰਕਟ ਘੱਟ ਦੇਖਣ ਨੂੰ ਮਿਲਦਾ ਸੀ। ਰਿਸ਼ਤੇ ਵਪਾਰੀ ਅਰਥਾਤ ਮਤਲਬ ਦੇ ਹੀ ਹੋ ਕੇ ਰਹਿ ਗਏ ਹਨ। ਪੈਸੇ ਦੇ ਤਾਣੇ-ਬਾਣੇ ਨੇ ਰਿਸ਼ਤਿਆਂ ਨੂੰ ਗੁੰਝਲਦਾਰ ਪਰਸਥਿਤੀ ਦੇ ਵਿੱਚ ਫਸਾ ਦਿੱਤਾ ਹੈ। ਪੁਰਾਤਨ ਸਮੇਂ ਦੇ ਵਿੱਚ ਪੈਸੇ ਭਾਵੇਂ ਘੱਟ ਸਨ, ਪਰ ਮਨੁੱਖ

ਦਿਲ ਦੇ ਬਹੁਤ ਅਮੀਰ ਸਨ। ਅਜੋਕੇ ਦੌਰ ਦੇ ਰਿਸ਼ਤਿਆਂ ਦੇ ਪੀੜ੍ਹਾਂ ਦਾ ਕਾਰਨ ਆਧੁਨਿਕ ਤੌਰ ਤਰੀਕੇ ਹਨ। ਇਨ੍ਹਾਂ ਤਰੀਕਿਆਂ ਦੇ ਕਾਰਨ ਰਿਸ਼ਤਿਆਂ ਵਿਚਲਾ ਪਾੜਾ ਦਿਨ ਬਦਿਨ ਵਧਦਾ ਚਲਾ ਜਾ ਰਿਹਾ ਹੈ। 21 ਵੀਂ ਸਦੀ ਦੀ ਮਾਰਕੀਟ ਦਿਨੋ ਦਿਨ ਵਿਸ਼ਾਲ ਹੁੰਦੀ ਜਾ ਰਹੀ ਹੈ। ਨਵੀਂ ਤੋ ਨਵੀਂ ਵਸਤ ਦੀ ਪੈਦਾਵਾਰ ਹੁੰਦੀ ਹੈ। ਇਹ ਮਾਨਵ ਨੂੰ ਚਕਾਚੌਂਧ ਕਰਦੀਆਂ ਹਨ।

ਪੰਜਾਬੀ ਸਭਿਆਚਾਰ ਉੱਤੇ ਮੰਡੀਕਰਨ ਦਾ ਜ਼ਿਆਦਾ ਪ੍ਰਭਾਵ ਪਿਆ ਹੈ। ਪੁਰਾਣੇ ਪੰਜਾਬੀ ਸਭਿਆਚਾਰ ਵਿੱਚ ਪਿਆਰ, ਸਾਂਝ ਦੀ ਭਾਵਨਾ ਸੀ। ਜਿਉਂ-ਜਿਉਂ ਸਮੇਂ ਦੀ ਚਾਲ ਬਦਲ ਰਹੀ ਹੈ ਤਿਉਂ-ਤਿਉਂ ਸਭਿਆਚਾਰ ਦੀ ਤਸਵੀਰ ਬਦਲ ਰਹੀ ਹੈ। ਪੂੰਜੀਵਾਦੀ ਦੌਰ ਦੇ ਵਿੱਚ ਪਰਿਵਾਰਾਂ ਦੀ ਬਣਤਰ ਇਕਹਿਰੇ ਪਰਿਵਾਰਾਂ ਦੀ ਰਹਿ ਗਈ ਹੈ। ਪਰਿਵਾਰਾਂ ਦੇ ਵਿੱਚ ਦੋ ਚਾਰ ਜੀਅ ਹੀ ਰਹਿ ਗਏ ਹਨ। ਇਹਨਾਂ ਵਿਚੋਂ ਇਕਹਿਰੇ ਪਰਿਵਾਰ ਵੀ ਇਕਹਿਰੇ ਤੋਂ ਇਕਹਿਰੇ ਰਹਿ ਗਏ ਹਨ। ਹਰ ਵਿਅਕਤੀ ਆਪਣਾ ਜੀਵਨ ਢੰਗ ਆਪਣੇ ਤਰੀਕੇ ਨਾਲ ਜਿਊਣਾ ਚਾਹੁੰਦਾ ਹੈ। ਪਦਾਰਥਕ ਜੀਵਨ ਨੂੰ ਵਧੇਰੇ ਮਾਨਤਾ ਦਿੱਤੀ ਜਾ ਰਹੀ ਹੈ। ਪੰਜਾਬੀ ਸਭਿਆਚਾਰ ਵਿੱਚ ਮਾਤਾ-ਪਿਤਾ ਨੂੰ ਵਧੇਰੇ ਮਾਨਤਾ ਦਿੱਤੀ ਜਾ ਰਹੀ ਸੀ ਪਰੰਤੂ ਇਹ ਸਨਮਾਨ ਦਿਨੋਂ ਦਿਨ ਘਟਦਾ ਜਾ ਰਿਹਾ ਹੈ। ਸੰਯੁਕਤ ਪਰਿਵਾਰਾਂ ਅਤੇ ਇਕਹਿਰੇ ਪਰਿਵਾਰਾਂ ਦੀ ਬਣਤਰ ਵਿੱਚ ਬੇਸ਼ੱਕ ਫ਼ਰਕ ਹੈ। ਇਕਹਿਰੇ ਪਰਿਵਾਰਾਂ ਦੇ ਆਗਮਨ ਨੇ ਮਰਦ ਅਤੇ ਔਰਤ ਨੂੰ ਬਰਾਬਰਤਾ ਦਾ ਸਨਮਾਨ ਬਖ਼ਸ਼ਿਆ ਹੈ। ਇਸਤਰੀ ਨੂੰ ਸੁਤੰਤਰਤਾ ਨਾਲ ਜੀਵਨ ਜਿਊਣ ਅਤੇ ਸਿੱਖਿਆ ਦਾ ਅਧਿਕਾਰ ਇਕਹਿਰੇ ਪਰਿਵਾਰਾਂ ਦੇ ਵਿੱਚ ਹੀ ਮਿਲਿਆ ਸੀ। ਇਕਹਿਰੇ ਪਰਿਵਾਰਾਂ ਦੇ ਵਿੱਚ ਆਣ ਕੇ ਮਾਨਵ ਨੂੰ ਸੋਝੀ ਆਈ ਕਿ ਛੋਟਾ ਪਰਿਵਾਰ ਹੀ ਹੋਣਾ ਚਾਹੀਦਾ ਹੈ। ਛੋਟੇ ਪਰਿਵਾਰਾਂ ਦੇ ਵਿੱਚ ਘਰ ਖਰਚ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਨਾ ਆਸਾਨ ਸੀ। ਔਰਤ ਦੇ ਨੌਕਰੀ ਪੇਸ਼ਾ ਹੋਣ ਨਾਲ ਪਰਿਵਾਰ ਨੂੰ ਵੀ ਮਜ਼ਬੂਤ ਕਰਨ ਦੇ ਵਿੱਚ ਸਹਾਇਤਾ ਮਿਲੀ ਤੇ ਦੂਸਰਾ ਮਰਦਾਂ ਦਾ ਔਰਤ ਦੇ ਪ੍ਰਤੀ ਵਤੀਰਾ ਵੀ ਬਦਲਿਆ। ਵਰਤਮਾਨ ਸਮੇਂ ਦੇ ਵਿੱਚ ਇਸਤਰੀ ਵਿਆਹ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਨੌਕਰੀ ਪੇਸ਼ੇ ਵਾਲੀਆਂ ਹਨ। ਇਸਤਰੀਆਂ ਨੇ ਆਪਣੇ ਸਵੈ-ਮਾਨ ਦੇ ਨਾਲ ਜਿਊਣਾ ਸਿੱਖ ਲਿਆ ਹੈ। ਘਰ ਅਤੇ ਬਾਹਰ ਦੇ ਦੋਵੇਂ ਕੰਮ ਇਸਤਰੀਆਂ ਹੀ ਸੰਭਾਲ ਰਹੀਆਂ ਹਨ। ਪੁਰਾਤਨ ਪਰਿਵਾਰਾਂ ਦੇ ਵਿੱਚ ਔਰਤ ਦਾ ਸਥਾਨ ਪਰਿਵਾਰ ਦੇ ਵਿੱਚ ਨਿਮਾਣਾ ਸੀ। Bombay Begums ਦੇ ਰਾਹੀਂ ਮਹਾਂਨਗਰਾਂ ਦੇ ਵਿੱਚ ਪੈਦਾ ਹੋ ਰਹੇ ਮਕਾਨਕੀ

ਰਿਸ਼ਤਿਆਂ ਦੀ ਅਸਲ ਦਿੱਖ ਨੂੰ ਦਰਸਾਇਆ ਗਿਆ ਹੈ। ਪੈਸੇ ਦੇ ਸਹਾਰੇ ਆਪਣੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਦੇ ਜਾਂ ਪੈਸੇ ਦੀ ਖਾਤਿਰ ਹਰ ਉਹ ਕੰਮ ਕਰਨ ਲਈ ਤਿਆਰ ਹੋ ਜਾਂਦੇ, ਜਿਸ ਨਾਲ ਜੀਵਨ ਨੂੰ ਸੁੱਖ-ਆਰਾਮ ਮਿਲ ਸਕੇ। ਇਹਨਾਂ ਵੈੱਬ ਸੀਰੀਜ਼ ਦੇ ਵਿੱਚ ਮਹਾਂਨਗਰਾਂ ਦੀ ਇਸਤਰੀ ਦੀ ਅਸਲ ਦਿੱਖ ਪੇਸ਼ ਕੀਤੀ ਗਈ।

ਉਹ ਸਿਰਫ਼ ਘਰ ਦੇ ਵਿੱਚ ਰੋਟੀ ਬਣਾਉਣ ਅਤੇ ਬਜ਼ੁਰਗਾਂ ਦੀ ਸੇਵਾ ਕਰਨ ਤੱਕ ਹੀ ਕੰਮ ਸੀਮਿਤ ਸਨ। ਵਰਤਮਾਨ ਸਮੇਂ ਦੇ ਵਿੱਚ ਇਕਹਿਰੇ ਪਰਿਵਾਰ ਇਕੱਲਤਾ ਦਾ ਸ਼ਿਕਾਰ ਹੋ ਰਹੇ ਹਨ। ਰਸੂਲ ਹਮਜ਼ਾਤੋਵ ਆਪਣੇ ਪੁਸਤਕ ਵਿੱਚ ਦਿੱਤੀਆਂ ਸਤਰਾਂ ਦੇ ਵਿੱਚ 'ਮੇਰਾ ਦਾਗਿਸਤਾਨ' ਦੇ ਵਿਚ ਲਿਖਦਾ ਹੈ ਕਿ ਜੇ ਤੁਸੀ ਵਰਤਮਾਨ 'ਤੇ ਗੋਲੀ ਚਲਾਓਗੇ ਤਾਂ ਭੱਵਿਖ ਤਹਾਨੂੰ ਤੋਪ ਨਾਲ ਫੁੰਡ ਦੇਵੇਗਾ। ਪੰਜਾਬੀ ਪਰਿਵਾਰਾਂ ਦੀ ਸਾਂਝ ਵੀ ਇਕਹਿਰੀ ਹੀ ਰਹਿ ਗਈ ਹੈ। ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਵਿੱਚ ਵਧੇਰੇ ਪਰਿਵਾਰ ਇਕਹਿਰੇ ਹੀ ਪਾਏ ਜਾਣਗੇ। ਡਾ. ਦਰਿਆ ਨਾਲ ਹੋਈ ਮੁਲਾਕਾਤ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ "ਪਰਿਵਾਰਿਕ ਰਿਸ਼ਤਿਆਂ ਦੀ ਜਦੋਂ ਤੋਂ ਗੱਲ ਚੱਲਦੀ ਹੈ ਤਾਂ ਸਭਿਆਚਾਰ ਬਦਲਸ਼ੀਲ ਤੇ ਪਰਿਵਰਤਨਸ਼ੀਲ ਹੁੰਦੇ ਹਨ। ਜਿਵੇਂ ਜਿਵੇਂ ਸਮਾਜਾਂ ਦੇ ਵਿੱਚ ਨਵੇਂ ਵਰਤਾਰੇ ਸ਼ਾਮਿਲ ਹੁੰਦੇ ਹਨ, ਤਿਵੇਂ ਤਿਵੇਂ ਸਮਾਜਾਂ ਦੇ ਵਿੱਚ ਰਹਿਣ ਵਾਲੇ ਬਸ਼ਿੰਦੇ/ਲੋਕ ਬਦਲਦੇ ਰਹਿੰਦੇ ਹਨ। ਚਾਰ ਦਹਾਕਿਆਂ ਦੇ ਵਿੱਚ ਜਦੋਂ ਮੰਡੀ ਦੌਰ ਦਾ (ਵਿਸ਼ਵੀਕਰਨ ਦੇ ਦੌਰ) ਬੋਲ ਬਾਲਾ ਹੋਇਆ ਹੈ, ਜਿਸ ਕਾਰਨ ਪਰਿਵਾਰ ਟੁੱਟੇ ਹਨ। ਵੱਡੇ ਵੱਡੇ ਪਰਿਵਾਰ ਛੋਟੇ- ਛੋਟੇ ਪਰਿਵਾਰਾਂ ਦੇ ਵਿੱਚ ਵੰਡੇ ਗਏ ਹਨ। ਮੰਡੀ ਦੇ ਵਰਤਾਰੇ ਪੈਸੇ ਜਾਂ ਸਟੇਟਸ ਨਾਲ ਜੁੜ ਜਾਂਦੇ ਹਨ, ਜਿਸ ਕਾਰਨ ਕਈ ਸਮਸਿਆਵਾਂ ਆ ਜਾਂਦੀਆਂ ਹਨ। ਰਿਸ਼ਤਿਆਂ ਦੇ ਵਿੱਚ ਟੁੱਟ ਭੱਜ ਹੋਈ ਹੈ। ਇਹ ਗੱਲ ਬਿਲਕੁਲ ਦਰੁੱਸਤ ਹੈ, ਇਸ ਨੂੰ ਸਮਝਣ ਲਈ ਗਹਿਨ ਅਧਿਐਨ ਦੀ ਲੋੜ ਹੈ। ਉਹਨਾਂ ਕਾਰਨਾਂ ਨੂੰ ਤਲਾਸ਼ਣ ਦੀ ਲੋੜ ਹੈ। ਸਭਿਆਚਾਰ ਦੇ ਵਰਤਾਰੇ ਨੂੰ ਸਮਝਣਾ ਸੌਖਾ ਵਰਤਾਰਾ ਨਹੀਂ ਹੈ, ਸਭਿਆਚਾਰ ਇੱਕ ਜਟਿਲ ਵਰਤਾਰਾ ਹੈ, ਇਹ ਇੱਕ ਤੰਤਰ ਦੇ ਵਿੱਚ ਕੰਮ ਕਰਦਾ ਹੈ। ਇਸ ਦੀ ਬਣਤਰ ਨੂੰ ਸਮਝਣਾ, ਕਿਹੜੇ-ਕਿਹੜੇ ਅੰਗਾਂ ਦੇ ਵਿੱਚ ਤਬਦੀਲੀਆਂ ਹੋਈਆਂ ਹਨ। ਕਿਸ ਪੱਧਰ ਉਪਰ ਵਾਪਰ ਰਹੀਆਂ ਹਨ। ਓਪਰੀ ਜਿਹੀ ਧਾਰਨਾ ਨੂੰ ਲੈਂਦੇ ਹਾਂ ਕਿ ਪੱਛਮੀ ਕਰਨ ਦੇ ਕਾਰਨ ਸਭਿਆਚਾਰ ਦੇ ਵਿੱਚ ਵਿਗਾੜ ਆਇਆ ਹੈ ਜਾਂ ਤਹਿਸ

ਨਹਿਸ ਹੋ ਗਿਆ ਹੈ। ਸਭਿਆਚਾਰ ਪਰਿਵਰਤਨਸ਼ੀਲ ਹੁੰਦਾ ਹੈ, ਸਭਿਆਚਾਰ ਦੇ ਕੁਝ ਪੱਖਾਂ / ਕੁਝ ਅੰਗਾਂ ਵਿੱਚ ਤਬਦੀਲੀਆਂ ਆਉਂਦੀਆਂ ਰਹਿੰਦੀਆ ਹਨ।"(ਚਿੰਤਕ)

ਮਨੁੱਖੀ ਜੀਵਨ ਇੱਕ ਸਾਈਕਲ ਦੇ ਪਹੀਏ ਵਾਂਗ ਹੈ। ਜੀਵਨ ਦੇ ਵੱਖ-ਵੱਖ ਪੜਾਅ ਦੇ ਵਿੱਚ ਮਨੁੱਖੀ ਜ਼ਰੂਰਤ ਅਤੇ ਵਿਹਾਰ ਵੱਖੋ-ਵੱਖਰੇ ਭਾਂਤ ਦਾ ਸੀ। ਇਹ ਚੱਕਰ ਮਨੁੱਖੀ ਤਰੱਕੀ ਅਤੇ ਜ਼ਰੂਰਤਾਂ ਨੂੰ ਬਿਆਨ ਕਰਦਾ ਹੈ। ਇਸ ਨੂੰ ਦੇਖ ਸਮਝ ਕੇ ਹੀ ਮਨੁੱਖ ਦੀ ਪੂਰੀ ਜੀਵਨ ਕਹਾਣੀ ਸਮਾਜ ਦੇ ਵਿੱਚ ਆ ਜਾਂਦੀ ਹੈ। ਹੇਠ ਦਿੱਤੇ ਗਏ ਚਿੱਤਰ ਨੂੰ ਦੇਖ ਕੇ ਪਤਾ ਲੱਗਦਾ ਹੈ।

**Table 2.1 : ਪਰਿਵਾਰਿਕ ਵੰਡ**

| ਮਨੁੱਖੀ ਜੀਵਨ ਚੱਕਰ | ਪਰਿਵਾਰ ਦੇ ਮੈਂਬਰ | ਵਸਤਾਂ / ਘਰ ਦੀਆਂ ਜ਼ਰੂਰੀ ਵਸਤਾਂ |
|---|---|---|
| 1 ਕੁਆਰਾ | ਜਵਾਨ/ ਬੱਚੇ | ਖੇਡਾਂ, ਖਿਡੌਣੇ, ਫੈਸ਼ਨ, ਕੱਪੜੇ ਮੰਨਰੋਜਨ ਆਦਿ। |
| 2 ਵਿਆਹਿਆ ਜੋੜਾ | ਨੌਜਵਾਨ ਜੋੜਾ/ ਕੋਈ ਬੱਚਾ ਨਹੀ | ਘਰ ਦਾ ਸਮਾਨ, ਜੀਵਨ ਬੀਮਾ, ਘੁੰਮਣ ਦਾ ਖ਼ਰਚ, ਆਦਿ ਹੋਰ ਜ਼ਰੂਰਤਾਂ |
| 3 ਮਾਂ-ਬਾਪ – 1 | ਵਿਆਹੁਤਾ ਜੋੜਾ/ ਬੱਚੇ | ਬੱਚੇ ਦਾ ਖਾਣਾ, ਬੱਚੇ ਦਾ ਖ਼ਰਚ, ਮੈਡੀਕਲ ਖ਼ਰਚ, ਬੱਚੇ ਦੇ ਕੱਪੜੇ, ਫ਼ੋਨ ਅਤੇ ਬੈਂਕ ਖ਼ਰਚ ਆਦਿ। |
| 4 ਮਾਂ-ਬਾਪ – 2 | ਮੱਧ ਉਮਰ ਦੇ ਮਾਂ-ਬਾਪ/ ਨਿਰਭਰ ਬੱਚੇ | ਬੱਚੇ ਦੀ ਪੜ੍ਹਾਈ ਦਾ ਖਰਚ, ਕੱਪੜੇ, ਅਤੇ ਖਾਣੇ ਉੱਤੇ ਖਰਚ ਵਧਣਾ, ਬੱਚਿਆਂ ਦਾ ਜੀਵਨ ਬੀਮਾ ਖਰਚ, ਬੱਚਿਆਂ ਦੀ ਵਿਆਹ-ਸ਼ਾਦੀ ਦਾ ਖਰਚ। |
| 5.ਮਾਂ-ਬਾਪ – 3 | ਬਜ਼ੁਰਗ ਮਾਂ-ਪਿਤਾ/ ਨਿਰਭਰ ਜਵਾਨ ਬੱਚੇ | ਘਰ ਦੇ ਵਿੱਚ ਮਹਿੰਗੀਆਂ ਵਸਤਾਂ, ਨੌਕਰ, ਸਮਾਜ ਭਲਾਈ ਦੇ ਵਿੱਚ ਹਿੱਸਾ, ਅੰਤਰ-ਰਾਸ਼ਟਰੀ ਯਾਤਰਾ, ਉੱਚ ਵਿੱਦਿਆ। |

| ਮਨੁੱਖੀ ਜੀਵਨ ਚੱਕਰ | ਪਰਿਵਾਰ ਦੇ ਮੈਂਬਰ | ਵਸਤਾਂ / ਘਰ ਦੀਆਂ ਜ਼ਰੂਰੀ ਵਸਤਾਂ |
|---|---|---|
| 6 ਬੇਸਹਾਰੇ ਮਾਂ-ਬਾਪ | ਬੁੱਢੇ ਅਤੇ ਰਿਟਾਇਰਡ | ਸਰਕਾਰੀ ਨੌਕਰੀ ਤੋਂ ਰਿਟਾਇਰਡ, ਬੁਢਾਪਾ ਘਰਾਂ, ਇੱਥੇ ਵਰਤੋਂ ਦੀਆਂ ਵਸਤਾਂ ਮੁਫ਼ਤ, |

ਇਹ ਮਨੁੱਖੀ ਜੀਵਨ ਦੇ ਚੱਕਰ ਨੂੰ ਪੇਸ਼ ਕਰਦੀ ਹੈ। ਵੱਖੋ-ਵੱਖਰੇ ਪਰਿਵਾਰਾਂ ਦੀ ਮਾਨਸਿਕ ਅਤੇ ਤਣਾਉ ਨੂੰ ਸਪੱਸ਼ਟ ਕਰਦੀਆ ਹਨ। ਵਸਤਾਂ ਜੀਵਨ ਨਿਰਬਾਹ ਦਾ ਹਿੱਸਾ ਹੈ। ਇਹ ਹੀ ਜੀਵਨ ਦੇ ਵਿੱਚ ਤਣਾਉ ਨੂੰ ਪੈਦਾ ਕਰ ਰਿਹਾ ਹੈ। ਵਿਅਕਤੀ ਦੇ ਹੱਥ ਵਿੱਚ ਵਸਤਾਂ ਨੂੰ ਖਰੀਦਣ ਅਤੇ ਨਾ ਖਰੀਦਣ ਦਾ ਫ਼ੈਸਲਾ ਹੁੰਦਾ ਹੈ। ਇਹ ਚਿੱਤਰ ਪੁਰਾਤਨ ਪਰਿਵਾਰਾਂ ਅਤੇ ਨਵੀਨ ਪਰਿਵਾਰਾਂ ਦੀ ਬਣਤਰ ਬਿਆਨ ਕਰਦਾ ਹੈ। ਨਵੀਨ ਪਰਿਵਾਰ ਇਕੱਲੇ ਹੋਣ ਕਰਕੇ ਦੁੱਖ, ਕਲੇਸ਼ ਦਾ ਸ਼ਿਕਾਰ ਹੁੰਦੇ ਹਨ। ਮਨੁੱਖੀ ਮਨ ਅੰਦਰ ਭੋਗਵਾਦੀ ਬਿਰਤੀਆਂ ਦੇ ਜਨਮ ਲੈਣ ਕਾਰਨ ਰਿਸ਼ਤੇ ਟੁੱਟਣੇ ਸ਼ੁਰੂ ਹੋਏ ਹਨ। ਇਹਨਾਂ ਕਾਰਨਾਂ ਕਰਕੇ ਮਨੁੱਖੀ ਕਦਰਾਂ- ਕੀਮਤਾਂ ਵਿਨਾਸ਼ਕਾਰੀ ਰੂਪ ਲੈ ਰਹੀਆਂ ਹਨ।

ਪੂੰਜੀਵਾਦ ਦੇ ਇਸ ਘਿਨਾਉਣੇ ਰੂਪ ਦਾ ਚਿਤਰਣ ਮਾਰਕਸ ਏਂਗਲਜ਼ ਕਰਦੇ ਹਨ ,

> ਬੇਲਗਾਮ ਅਰਥਚਾਰੇ ਨੇ ਆਪਣਾ ਸਭ ਤੋਂ ਚੰਗਾ ਕੰਮ ਇਹ ਕੀਤਾ ਹੈ ਕਿ ਇਸ ਨੇ ਦੁਸ਼ਮਣੀ ਨੂੰ ਸਰਬ-ਸੰਸਾਰੀ ਬਣਾ ਦਿੱਤਾ ਹੈ ਤੇ ਮਨੁੱਖ ਜਾਤੀ ਨੂੰ ਬਘਿਆੜਾਂ ਦੇ ਇੱਕ ਝੁੰਡ ਵਿੱਚ ਬਦਲ ਦਿੱਤਾ ਹੈ (ਮੁਕਾਬਲਾ ਹੋਰ ਕੀ) ਜਿਹੜੇ ਇੱਕ –ਦੂਜੇ ਨੂੰ ਡਕਾਰ ਜਾਣਾ ਚਾਹੁੰਦੇ ਹਨ, ਕਿਉਂਕਿ ਹਰ ਇਕ ਹਿੱਤ ਬਾਕੀ ਸਾਰਿਆਂ ਵਾਲੇ ਹੀ ਹਨ। ਆਪਣੀ ਇਸ ਮੁੱਢਲੀ ਤਿਆਰੀ ਤੋਂ ਬਾਅਦ, ਨਿਸ਼ਾਨੇ ਉੱਤੇ ਪੁਜਣ ਲਈ ਬਸ ਇੱਕ ਹੋਰ ਕਦਮ ਹੀ ਪੁੱਟਣਾ ਹੀ ਬਾਕੀ ਰਹਿੰਦਾ ਹੈ ਅਤੇ ਇਹ ਹੀ ਹੈ ਪਰਿਵਾਰ ਦਾ ਖਾਤਮਾ।
>
> (*ਗਦਰੀ ਬਾਬੇ ਅਤੇ ਨਾਸਤਿਕ ਕਮਿਊਨਿਸਟ 6*)

ਖਪਤਵਾਦੀ ਵਤੀਰਾ 'ਖਾਉ-ਪੀਉ ਐਸ਼ ਕਰੋ ਦੀ ਧਾਰਨਾ' ਨੂੰ ਆਦਰਸ਼ ਬਣਾ ਕੇ ਪੇਸ਼ ਕੀਤਾ ਹੈ। ਖਾਧਾ-ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ। ਇਹ ਧਾਰਨਾ ਵੀ ਆਦਰਸ਼ ਬਣ ਕੇ ਪੇਸ਼ ਹੋਈ ਹੈ। ਮਾਝਾ ਹਮੇਸ਼ਾਂ ਤੋਂ ਹੀ ਪੰਜਾਬ ਦਾ ਪ੍ਰਵੇਸ਼ ਦੁਆਰ ਰਿਹਾ ਹੈ। ਇੱਥੇ ਲਗਾਤਾਰ ਹਮਲੇ ਹੁੰਦੇ ਆਏ ਹਨ। ਇਸ ਦੇ ਸਿੱਟੇ ਵਜੋਂ ਪੰਜਾਬੀਆਂ ਨੂੰ ਹਮੇਸ਼ਾਂ ਕਿਸੇ ਨਾ ਕਿਸੇ ਹਮਲਾਵਾਰ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਦੇ ਕਾਰਨ ਪੰਜਾਬੀਆਂ ਨੇ ਆਪਣੀ ਜਮ੍ਹਾਂ ਪੂੰਜੀ ਨੂੰ ਖਰਚ ਕਰਨਾ ਸ਼ੁਰੂ ਕਰ ਦਿੱਤਾ ਸੀ। ਵਰਤਮਾਨ ਸਮੇਂ ਦੇ ਵਿੱਚ ਮੰਡੀ ਦੀ ਧਾਰਨਾ ਨੇ ਇਸ ਨੂੰ ਆਦਰਸ਼ ਬਣਾਉਣ ਦੇ ਲਈ ਕੈਡਿਟ ਕਾਰਡ, ਈ ਐਮ ਆਈ, ਡੈਬਿਟ ਕਾਰਡ ਵਰਗੀਆਂ ਸਹੂਲਤਾਂ ਦਿੱਤੀਆਂ ਹੋਈਆਂ ਹਨ। ਜਿਨ੍ਹਾਂ ਦੀ ਮਦਦ ਨਾਲ ਮਨੁੱਖ ਲੱਖਾਂ ਕਰੋੜਾਂ ਦਾ ਖਰਚ ਕਰ ਸਕਦਾ ਹੈ। ਜੇਬ ਦੇ ਵਿੱਚ ਪੈਸੇ ਦੀ ਪਰਵਾਹ ਕੀਤੇ ਬਿਨ੍ਹਾਂ ਆਪਣੀ ਹਰ ਉਸ ਖ਼ਾਹਿਸ਼ਾਂ ਨੂੰ ਪੂਰਾ ਕਰਦਾ ਹੈ, ਜਿਸ ਨੂੰ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਪਾਉਣਾ ਮੁਸ਼ਕਿਲ ਜਾਪਦਾ ਹੈ।

ਪਰਿਵਾਰਿਕ ਕਦਰਾਂ-ਕੀਮਤਾਂ ਉੱਤੇ ਮੰਡੀ ਦਾ ਸਿੱਧਾ ਪ੍ਰਭਾਵ ਦਿਖਾਈ ਦਿੰਦਾ ਹੈ ਖਪਤ ਸਭਿਆਚਾਰ ਦੇ ਅਸਰ ਹੇਠ ਸੰਯੁਕਤ ਤੋਂ ਇਕਹਿਰੇ ਵਿੱਚ ਤੇ ਲਿਵਿੰਗ ਰਿਲੇਸ਼ਨਸ਼ਿਪ ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਗੁਰਦਾਸ ਮਾਨ ਪੰਜਾਬੀ ਗੀਤਕਾਰੀ ਦੇ ਬਾਬਾ ਬੋਹੜ ਹਨ, ਉਹਨਾਂ ਦੇ ਗੀਤ ਪੰਜਾਬ, ਪੰਜਾਬੀਅਤ ਦੇ ਨਾਲ ਲੈਸ ਹਨ, ਉਹਨਾਂ ਦੇ ਗੀਤਾਂ ਵਿੱਚੋਂ ਪੰਜਾਬੀ ਕਦਰਾਂ-ਕੀਮਤਾਂ ਟੁੱਟਣ ਦੀ ਝਲਕ ਮਿਲਦੀ ਹੈ ਜਿਵੇਂ ਕਿ

ਬਾਪੂ ਥੋਡੇ ਪਿਆਰ ਦਾ ਤਰਾਨਾ ਹੋਰ ਸੀ

ਤੁਸੀਂ ਜਿਹੜਾ ਜ਼ਮਾਨਾ ਵੇਖਿਆ ਹੋਰ ਸੀ

ਹੁਣ ਫੈਸ਼ਨ ਦਾ ਜਾਮਾ ਗਿਆ ਕੁੜਤਾ ਪਜਾਮਾ

ਚੱਲ ਗਈਆਂ ਕਾਰਾਂ ਗਈਆ ਬੈਲ ਗੱਡੀਆਂ

ਟੀ.ਵੀ ਉੱਤੇ ਦੇਖੀ ਜਾ ਬਲਾਊਜ਼ ਚੱਡੀਆ।"

*(ਗੁਰਦਾਸ ਮਾਨ. ਗੀਤ. ਪਿਆਰ ਕਰ ਲੈ)*

**ੲ) ਲਿਵਿੰਗ ਰਿਲੇਸ਼ਨਸ਼ਿਪ** : ਲਿਵਿੰਗ ਰਿਲੇਸ਼ਨਸ਼ਿਪ ਵੀ ਇੱਕ ਇਕਹਿਰੇ ਪਰਿਵਾਰ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਵਿਆਹ ਸਮਾਜ ਦੀ ਅਹਿਮ ਸੰਸਥਾ ਹੈ। ਸਮਾਜ ਦੇ ਕੁਝ ਨੇਮ ਬਣੇ ਹੋਏ ਹਨ, ਜਿਨ੍ਹਾਂ ਨੂੰ ਸਮਾਜ ਦੇ ਵਿੱਚ ਮਾਨਤਾ ਨਹੀਂ ਪ੍ਰਾਪਤ ਹੁੰਦੀ। ਲਿਵਿੰਗ ਰਿਲੇਸ਼ਨਸ਼ਿਪ ਦੀ ਪੰਜਾਬ/ ਭਾਰਤ ਦੇ ਵਿੱਚ ਸ਼ੁਰੂਆਤ ਪੱਛਮ ਤੋਂ ਹੋਈ ਹੈ। ਪੱਛਮ ਦੇ ਵਿੱਚ ਕੁੜੀ/ਮੁੰਡਾ ਇੱਕ ਦੂਜੇ ਨੂੰ ਸਮਝਣ ਦੀ ਖ਼ਾਤਿਰ ਇਕੱਲੇ/ਪਰਿਵਾਰ ਤੋਂ ਬਿਨ੍ਹਾਂ ਰਹਿੰਦੇ ਹਨ। ਜਦੋਂ ਤੱਕ ਉਹ ਆਪਣੇ ਰਿਸ਼ਤੇ ਨੂੰ ਸਮਝਣ ਜਾਂ ਸੰਭਾਲਣ ਦੇ ਯੋਗ ਨਹੀਂ ਹੋ ਜਾਂਦੇ ਉਦੋਂ ਤੱਕ ਵਿਆਹ ਨਹੀਂ ਕਰਵਾਉਂਦੇ ਹਨ। ਇਸ ਲਈ ਲੰਮੇਰੇ ਸਮੇਂ ਤੱਕ ਲਿਵਿੰਗ ਰਿਲੇਸ਼ਨਸ਼ਿਪ ਦੇ ਵਿੱਚ ਰਹਿੰਦੇ ਹਨ। ਲਿਵਿੰਗ ਰਿਲੇਸ਼ਨਸ਼ਿਪ ਦੀ ਸ਼ੁਰੂਆਤ ਮਹਾਂਨਗਰਾਂ ਤੋਂ ਵੱਡੇ ਸ਼ਹਿਰਾਂ ਦੇ ਵਿੱਚ ਪੁੱਜ ਗਈ ਹੈ । ਜਿੱਥੇ ਮੁੰਡਾ/ਕੁੜੀ ਆਪਣਾ ਖਰਚਾ ਵੰਡ ਲੈਂਦੇ ਹਨ। ਇਸ ਨਾਲ ਸੰਬੰਧਿਤ ਕਈ ਟੀ.ਵੀ ਸੀਰੀਅਲ ਵੀ ਆਉਂਦੇ ਜਿਨ੍ਹਾਂ ਦੇ ਵਿੱਚ ਲਿਵਿੰਗ ਰਿਲੇਸ਼ਨਸ਼ਿਪ ਦਾ ਜ਼ਿਕਰ ਕੀਤਾ ਜਾਂਦਾ ਹੈ। Amazon Prime, Netflix, Hotstar ਉੱਤੇ ਸੀਰੀਅਲ ਆਉਂਦੇ ਹਨ। ਜਿਨ੍ਹਾਂ ਦੇ ਰਾਹੀਂ ਆਮ ਮਨੁੱਖ ਨੂੰ ਲਿਵਿੰਗ ਰਿਲੇਸ਼ਨਸ਼ਿਪ ਦੇ ਵਿੱਚ ਰਹਿਣ ਲਈ ਉਤਾਸ਼ਾਹਿਤ ਕੀਤਾ ਜਾਂਦਾ ਹੈ। ਹਾਈਕਰੋਟ ਦੇ ਵੱਲੋਂ ਵੀ ਕੁੜੀ/ਮੁੰਡੇ ਨੂੰ ਲਿਵਿੰਗ ਰਿਲੇਸ਼ਨਸ਼ਿਪ ਦੇ ਵਿੱਚ ਰਹਿਣ ਲਈ ਮਨਜ਼ੂਰੀ ਮਿਲ ਗਈ ਹੈ, ਪਰੰਤੂ ਸਮਾਜ ਦੇ ਵੱਲੋਂ ਅਜੇ ਇਸ ਦੀ ਮਨਜ਼ੂਰੀ ਨਹੀਂ ਦਿੱਤੀ ਗਈ।

ਭਾਰਤ/ਪੰਜਾਬ ਆਪਣੇ ਸਭਿਆਚਾਰਕ ਮੁੱਲਾਂ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਹਰ ਨਵੀਂ ਚੀਜ਼/ਰੀਤ ਨੂੰ ਅਪਣਾਉਣ ਦੇ ਲਈ ਸਮਾਂ ਲੱਗਦਾ ਹੈ। ਇਸੇ ਤਰ੍ਹਾਂ ਹੀ ਲਿਵਿੰਗ ਰੀਲੇਸ਼ਨਸ਼ਿਪ ਭਾਰਤ ਤੋਂ ਇਲਾਵਾ ਹੋਰ ਦੇਸ਼ਾ ਦੇ ਵਿੱਚ ਖੁਲ੍ਹੇ ਆਮ ਰਹਿੰਦੇ ਹਨ, ਬਿਨ੍ਹਾਂ ਕਿਸੇ ਸਮਾਜਕ ਪਾਬੰਦੀ ਤੋਂ। ਪਰ ਭਾਰਤ ਦੇ ਵਿੱਚ ਵਿਆਹ ਇੱਕ ਪੱਵਿਤਰ ਸੰਸਥਾ ਹੈ। ਲਿਵਿੰਗ ਰੀਲੇਸ਼ਨਸ਼ਿਪ ਇਸੇ ਸੰਸਥਾ ਦੇ ਵਿਰੁੱਧ ਲੱਗਦਾ ਹੈ। ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਮਨੁੱਖ ਵਿਆਹ-ਪ੍ਰਬੰਧ ਤੋਂ ਮੁਕਤ ਹੋਣਾ ਚਾਹੁੰਦਾ ਹੈ। ਵੱਡੇ ਵੱਡੇ ਸ਼ਹਿਰਾਂ ਦੇ ਵਿੱਚ ਕੁੜੀ/ਮੁੰਡਾ ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਰਹਿ ਰਹੇ ਹਨ ਜਿਵੇਂ ਕਿ ਬਾਲੀਵੁੱਡ ਦੇ ਹੀਰੋ-ਹੀਰੋਇਨ ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਰਹਿੰਦੇ ਹਨ। ਪਰ ਆਮ ਮਨੁੱਖ ਬਿਨ੍ਹਾਂ ਕਿਸੇ ਨੂੰ ਦੱਸੇ ਲੁੱਕ ਛੁਪ ਕੇ ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਰਹਿੰਦੇ ਹਨ। ਸਰਕਾਰ ਦੇ ਦੁਆਰਾ ਕਾਨੂੰਨ ਵੀ ਬਣਾਇਆ ਗਿਆ ਹੈ ਤਾਂ ਜੋ ਕੋਈ

ਵੀ ਧੋਖਾਧੜੀ ਦਾ ਸ਼ਿਕਾਰ ਨਾ ਹੋ ਸਕੇ। ਸਰਕਾਰ ਵੱਲੋਂ ਖੁਲ੍ਹ ਮਿਲਣ ਤੇ ਵੀ ਕੁੜੀ/ਮੁੰਡੇ ਨੂੰ ਸਮਾਜਕ ਮਾਨਤਾ ਨਹੀਂ ਮਿਲਦੀ। ਕਿਉਂਕਿ ਲਿਵਿੰਗ ਰੀਲੇਸ਼ਨਸ਼ਿਪ ਸਭਿਆਚਾਰਕ ਮੁੱਲਾਂ ਦੇ ਖਿਲਾਫ਼ ਹੈ। ਇਸ ਲਿਵਿੰਗ ਰੀਲੇਸ਼ਨਸ਼ਿਪ ਦੇ ਲਈ Domestic Violence Act 2005 ਦੇ ਰਾਹੀਂ ਕੁੜੀ/ਮੁੰਡੇ ਨੂੰ ਮਾਨਤਾ ਪ੍ਰਦਾਨ ਕੀਤੀ ਗਈ ਹੈ। *(Right of Maintenance to Women in Live in Relationship. www.legallyindia.com)*

ਸੁਪਰੀਮ ਕਰੋਟ ਦੇ ਦੁਆਰਾ ਇਹ ਨਿਰਣਾ ਲਿਆ ਗਿਆ ਅਤੇ ਇਹ ਫੈਸਲਾ ਤਿੰਨ ਜੱਜਾਂ ਦੇ ਬੈਂਚ ਦੁਆਰਾ ਲਿਆ ਗਿਅ ਸੀ। “Chief Justice of India K.G Ablakrishan and Justice Deepak Verma and B.S. Chauhan observed that there is no law prohibiting live-in relationship or pre-martial sex.” Living together is a right to live. The Supreme Court, apparently referring to Article 21 of the Constitution of India, which guarantees right to life and personal liberty as a fundamental right.” *(living relationship, its position in India and abroad - pros and cons - legaitimacy of child, inheritance of property www.legalservicesindia.com)*

Living relationship ਦੇ ਵਿੱਚ ਰਹਿਣ ਦੇ ਕਾਰਨ:-

1. ਮੁੰਡਾ/ਕੁੜੀ ਇੱਕ ਦੂਜੇ ਦੀ ਯੋਗਤਾ ਚੈੱਕ ਕਰਨ ਲਈ ਇਕੱਠੇ ਰਹਿੰਦੇ ਹਨ ਤਾਂ ਜੋ ਉਹ ਫਿਰ ਵਿਆਹ ਕਰਾ ਸਕਣ।
2. ਉਹ ਆਪਣੇ ਖਰਚਿਆਂ ਨੂੰ ਸੰਭਾਲਣ ਦੇ ਲਈ ਇਕੱਠੇ ਰਹਿੰਦੇ ਤਾਂ ਜੋ ਉਹ ਵਿਆਹ ਤੋਂ ਬਾਅਦ ਇੱਕ-ਦੂਜੇ ਦਾ ਸਾਥ ਦੇ ਸਕਣ।
3. ਕਈ ਇਸ ਕਰਕੇ ਇੱਕਠੇ ਰਹਿੰਦੇ ਹਨ ਕਿਉਂਕਿ ਉਹ ਤਲਾਕ ਹੋਣ ਤੋਂ ਡਰਦੇ ਹਨ।
੪. ਕੁਝ ਲੋਕ ਵਿਆਹ ਨੂੰ ਜ਼ਰੂਰੀ ਨਹੀ ਸਮਝਦੇ ਹਨ।

DR. Swarupa N. Dholam, “Living relationship is an extra legal concept which already secured its stand in society and it is initiates in law by way of various ruling passed by superior courts.’’ *(Socio-legal dimensions of living relationship. www.reserachgate.com)*

ਲਿਵਿੰਗ ਰੀਲੇਸ਼ਨਸ਼ਿਪ ਸੰਬੰਧੀ lukka chuppi ਨਾਂ ਦੀ ਫਿਲਮ ਆਈ ਸੀ ਜਿਸ ਦੇ ਵਿੱਚ ਮੁੱਖ ਪਾਤਰ (ਕੁੜੀ/ ਮੁੰਡਾ) ਇੱਕ ਸੋਸਾਇਟੀ ਦੇ ਵਿੱਚ ਇੱਕ ਜੋੜੇ ਦੀ ਤਰ੍ਹਾਂ ਰਹਿ ਰਹੇ ਸਨ। ਉਹਨਾਂ ਨੇ ਸੋਸਾਇਟੀ ਦੇ ਵਿੱਚ ਆਪਣੇ ਆਪ ਨੂੰ ਵਿਆਹੁਤਾ ਦੱਸਿਆ ਹੋਇਆ ਸੀ। ਜਿਸ ਸੋਸਾਇਟੀ ਦੇ ਵਿੱਚ ਰਹਿ ਰਹੇ ਸਨ, ਉਸ ਦੇ ਵਿੱਚ ਲਿਵਿੰਗ ਰੀਲੇਸ਼ਨਸ਼ਿਪ ਵਾਲੇ ਜੋੜਿਆ ਨੂੰ ਮਕਾਨ ਨਹੀਂ ਦਿੱਤਾ ਜਾਂਦਾ। ਫਿਲਮ ਦੇ ਵਿੱਚ ਲਿਵਿੰਗ ਰੀਲੇਸ਼ਨਸ਼ਿਪ ਦਾ ਵਿਰੋਧ ਕੀਤਾ ਜਾਂਦਾ ਹੈ।, ਫਿਲਮ ਦੇ ਰਾਹੀਂ ਵੀ ਇਸਨੂੰ ਇੱਕ ਟੈਬੂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ, ਜਿਸ ਨੂੰ ਸਮਾਜ ਮਾਨਤਾ ਨਹੀਂ ਦਿੰਦਾ। ਫਿਲਮ ਦੇ ਅੰਤ ਉੱਤੇ ਸਮਾਜ ਦੇ ਪਤਵੰਤੇ ਲਿਵਿੰਗ ਰੀਲੇਸ਼ਨਸ਼ਿਪ ਨੂੰ ਸਵੀਕਾਰ ਕਰਦੇ ਦਿਖਾਇਆ ਗਿਆ ਹੈ। ਵਰਤਮਾਨ ਸਮੇਂ ਦੇ ਵਿੱਚ ਲਿਵਿੰਗ ਰੀਲੇਸ਼ਨਸ਼ਿਪ ਮਾਨਵ ਜਵੀਨ ਦਾ ਅੰਗ ਬਣ ਚੁੱਕੀ ਹੈ।

ਵਰਤਮਾਨ ਪੀੜ੍ਹੀ ਸਮਾਜ ਦੀ ਸੰਕੀਰਨ ਸੋਚ ਨੂੰ ਨਾਂਹ ਕਰ ਰਹੀ ਹੈ ਅਤੇ ਲਿਵਿੰਗ ਰੀਲੇਸ਼ਨਸ਼ਿਪ ਨੂੰ ਮਾਨਤਾ ਦੇ ਰਹੀ ਹੈ। ਨੌਜਵਾਨ ਪੀੜ੍ਹੀ ਨੂੰ ਵਿਆਹ ਦੇ ਬੰਧਨ ਵਿੱਚ ਬੱਝਣ ਨਾਲੋਂ ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਸੁਤੰਤਰਤਾ ਨਾਲ ਜੀਵਨ ਜਿਉਣਾ ਚਾਹੁੰਦੇ ਹਨ। ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਛੱਡਿਆ ਵੀ ਜਾ ਸਕਦਾ ਹੈ ਜੇਕਰ ਜੋੜੀ ਨੂੰ ਤਨਾਉ ਜਾਂ ਵਿਹਾਰ ਠੀਕ ਨਹੀਂ ਲੱਗਦਾ। ਇਸ ਦੇ ਵਿੱਚ ਬੱਝ ਕੇ ਰਹਿਣਾ ਜ਼ਰੂਰੀ ਨਹੀਂ ਹੈ। ਭਾਰਤੀ ਮੁੱਲਾਂ ਦੇ ਸੰਦਰਭ ਵਿੱਚ ਵਿਆਹ ਸੱਤ ਜਨਮਾਂ ਦਾ ਸੰਬੰਧ ਹੈ, ਇਸ ਮਾਨਤਾ ਪ੍ਰਾਪਤ ਸੰਬੰਧ ਨੂੰ ਛੱਡਣ ਲੱਗਿਆਂ ਤਲਾਕ ਦੀ ਮਨਜ਼ੂਰੀ ਲੈਣੀ ਪੈਂਦੀ ਹੈ। ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਅਜਿਹਾ ਨਹੀ ਹੈ, ਤਹਾਨੂੰ ਸੰਬੰਧ ਠੀਕ ਚਲਦੇ ਨਹੀ ਲੱਗਦੇ ਤਾਂ ਉਸ ਸੰਬੰਧ ਨੂੰ ਛੱਡਣਾ ਆਸਾਨ ਹੈ। (Marriage vs living in relationship: two different approaches to exploring love and companionship-Times of India. www.times of India)

ਵਰਤਮਾਨ ਸੋਸਾਇਟੀ ਦੀ ਸੋਚ ਤਾਂ ਬਦਲ ਰਹੀ ਹੈ ਅਤੇ ਉਹ ਇਸਨੂੰ ਆਪਣਾ ਵੀ ਰਹੇ ਹਨ, ਅਜੇ ਵੀ ਕੁਝ ਸੰਕੀਰਨ ਸੋਚ ਵਾਲੇ ਇਸਨੂੰ ਮਾਨਤਾ ਨਹੀਂ ਦਿੰਦੇ। ਲਿਵਿੰਗ ਰੀਲੇਸ਼ਨਸ਼ਿਪ ਜੋੜਿਆ ਨੂੰ ਇੱਕ-ਦੂਜੇ ਨੂੰ ਜਾਨਣ ਦਾ ਮੌਕਾ ਦਿੰਦੀ ਹੈ ਤੇ ਆਪਣੀ ਮਰਜ਼ੀ ਨਾਲ ਰਿਸ਼ਤਾ ਖਤਮ ਵੀ ਕੀਤਾ ਜਾ ਸਕਦਾ ਹੈ ਪਰ ਉਹਨਾਂ ਨੂੰ ਸਮਾਜਕ ਮਾਨਤਾ ਦੇ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹੋ ਅਜੇ ਰੀਲੇਸ਼ਨਸ਼ਿਪ

ਦੇ ਵਿੱਚ ਔਰਤ ਹੀ ਮੁਸ਼ਕਿਲ ਦੇ ਵਿੱਚ ਆ ਜਾਂਦੀ ਹੈ। "ਸੁਪਰੀਮ ਕੋਰਟ ਦੇ ਦੁਆਰਾ ਨਿਯਮ ਜਾਰੀ ਕੀਤੇ ਗਏ ਹਨ ਅਤੇ ਔਰਤ ਦੇ ਹੱਕਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਅਜੇ ਰੀਲੇਸ਼ਨਸ਼ਿਪ ਦੇ ਵਿੱਚ ਬੱਚੇ ਵੀ ਪੈਦਾ ਹੋ ਜਾਂਦੇ ਹਨ, ਜਿਸ ਸੰਬੰਧੀ ਸਰਕਾਰ ਦੇ ਦੁਆਰਾ ਕਾਨੂੰਨ ਬਣਾਇਆ ਗਿਆ ਹੈ।" (Live–in Relationship in India-legal and psychological implications-choudhary lakmi marayan, Mridula Narayan. https://journals.sagepub.com)

ਲਿਵਿੰਗ ਰੀਲੇਸ਼ਨਸ਼ਿਪ ਦੇ ਲਈ ਸਰਕਾਰ ਦੁਆਰਾ ਮਾਨਤਾ ਮਿਲ ਚੁੱਕੀ ਹੈ। "ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਲਿਵ-ਇਨ ਰਿਲੇਸ਼ਨਸ਼ਿਪ ਵਿਚ ਰਹਿਣ ਵਾਲੇ ਪ੍ਰੇਮੀ ਜੋੜਿਆਂ ਨੂੰ ਇਕ ਵੱਡੀ ਰਾਹਤ ਦਿੰਦੇ ਹੋਏ ਅਹਿਮ ਫੈਸਲਾ ਸੁਣਾਇਆ ਗਿਆ ਹੈ। ਹਰਿਆਣਾ ਸਰਕਾਰ ਅਤੇ ਪੁਲਿਸ ਅਥਾਰਿਟੀ ਨੂੰ ਪਾਰਟੀ ਬਣਾਉਂਦੇ ਲਿਵ-ਇਨ ਰਿਲੇਸ਼ਨਸ਼ਿਪ *(ਵਿਆਹ ਤੋਂ ਬਗੈਰ ਇਕੱਠੇ ਰਹਿਣਾ)* ਵਿੱਚ ਰਹਿਣ ਵਾਲੇ ਪ੍ਰੇਮੀ ਜੋੜੇ ਦੀ ਸੁਰੱਖਿਆ ਦੀ ਮੰਗ ਤੇ ਹਾਈਕੋਰਟ ਜਸਟਿਸ ਸੁਧੀਰ ਮਿੱਤਲ ਨੇ ਸੰਵਿਧਾਨ ਦਾ ਹਵਾਲਾ ਦਿੰਦੇ ਕਿਹਾ ਕਿ ਇਹ ਜਿਊਣ ਦਾ ਹੱਕ ਅਤੇ ਸੁਤੰਤਰਤਾ ਦਿੰਦਾ ਹੈ ਅਤੇ ਇਸ ਨੂੰ ਬੁਨਿਆਦੀ ਅਧਿਕਾਰ ਮੰਨਿਆ ਗਿਆ ਹੈ। ਇਸ ਅਧਿਕਾਰ ਦੇ ਤਹਿਤ ਵਿਅਕਤੀ ਆਪਣੀ ਮਰਜ਼ੀ ਮੁਤਾਬਕ ਸਾਥੀ ਚੁਣਨ ਦਾ ਹੱਕਦਾਰ ਹੈ। ਉਸ ਨੂੰ ਇਹ ਵੀ ਅਧਿਕਾਰ ਹੈ ਕਿ ਉਹ ਰਿਸ਼ਤੇ ਨੂੰ ਵਿਆਹ ਤਹਿਤ ਰਸਮੀ ਵੀ ਕਰ ਸਕਦੇ ਹਨ ਅਤੇ ਫੇਰ ਗੈਰ ਰਸਮੀ ਰੱਖ ਕੇ ਨਾਲ ਰਹਿ ਸਕਦੇ ਹਨ। ਹਾਈਕੋਰਟ ਨੇ ਇਹ ਵੀ ਕਿਹਾ ਕਿ ਸੰਵਿਧਾਨ ਤਹਿਤ ਉਨ੍ਹਾਂ ਪ੍ਰੇਮੀ ਜੋੜਿਆਂ ਨੂੰ ਸਰੁੱਖਿਆ ਦਾ ਅਧਿਕਾਰ ਹੈ, ਜਿਹੜੇ ਆਪਣੇ ਮਾਪਿਆਂ ਦੀ ਮਰਜ਼ੀ ਦੇ ਖਿਲਾਫ਼ ਜਾ ਕੇ ਵਿਆਹ ਕਰਦੇ ਹਨ। *(ਵਿਆਹ ਤੋਂ ਬਗੈਰ ਗ਼ੈਰ ਰਸਮੀ ਢੰਗ ਨਾਲ ਵੀ ਜੋੜੇ ਨੂੰ ਇਕੱਠੇ ਰਹਿਣ ਦਾ ਅਧਿਕਾਰ-ਹਾਈਕਰੋਟ. ਅਜੀਤ. 21 ਮਈ 2021)*

**ਸ) ਪਰਿਵਾਰ ਦਾ ਰੋਜ਼ਗਾਰ** : ਪਰਿਵਾਰ ਦੀ ਰੋਜ਼ੀ ਰੋਟੀ ਖੇਤੀਬਾੜੀ ਉਪਰ ਹੀ ਨਿਰਭਰ ਸੀ। ਪੰਜਾਬੀ ਸਭਿਆਚਾਰ ਵਿੱਚ 90% ਲੋਕ ਖੇਤੀਬਾੜੀ ਉਪਰ ਆਸ਼ਰਿਤ ਸਨ। ਛਮਾਹੀ ਬਾਅਦ ਹੀ ਫ਼ਸਲ ਵੇਚ ਕੇ ਪੈਸੇ ਵਟਦੇ ਸਨ। ਪੁਰਾਤਨ ਪਰਿਵਾਰਾਂ ਦਾ ਕਿੱਤਾ ਪੀੜ੍ਹੀ ਦਰ ਪੀੜ੍ਹੀ ਤੋਂ ਚਲਦਾ ਆ ਰਿਹਾ ਸੀ।

ਪਹਿਲਾਂ ਪੰਜਾਬ ਰਾਜ ਦੀਆਂ ਸੜਕਾਂ ਕੱਚੀਆਂ ਸਨ ਜਿਸ ਦੇ ਕਾਰਨ ਕਿਰਸਾਨੀ ਤੇ ਗੈਰ ਕਿਰਸਾਨੀ ਵੀ ਖੇਤੀਬਾੜੀ ਦੇ ਨਾਲ ਸੰਬੰਧਿਤ ਸੀ। ਸੰਚਾਰ ਦੇ ਸਾਧਨਾਂ ਦੀ ਘਾਟ ਹੋਣ ਕਰਕੇ ਵੀ ਬਹੁਤ ਘੱਟ ਲੋਕ ਹੋਰ ਧੰਦਿਆਂ ਨੂੰ ਅਪਣਾਉਂਦੇ ਸਨ। ਪੰਜਾਬ ਉਪਰ ਅੰਗਰੇਜ਼ਾਂ ਦੇ ਕਾਬਜ਼ ਹੋ ਜਾਣ ਪਿੱਛੋਂ ਪੰਜਾਬੀ ਪਰਿਵਾਰਾਂ ਦੀ ਬਣਤਰ ਵਿੱਚ ਤਬਦੀਲੀ ਹੋਣ ਲੱਗ ਪਈ ਸੀ। ਅੰਗਰੇਜ਼ਾਂ ਨੇ ਆਪਣੇ ਰਾਜ ਦੇ ਵਸੇਬੇ ਲਈ ਅਨੇਕਾਂ ਤਬਦੀਲੀਆਂ ਕੀਤੀਆਂ ਜਿਵੇਂ ਕਿ ਸਿੱਖਿਆ, ਕਾਰਖ਼ਾਨੇ, ਅਤੇ ਦਫ਼ਤਰੀ ਪੱਧਰ ਤੱਕ ਦੀਆਂ, ਜਿਨ੍ਹਾਂ ਵਿੱਚ ਆਮ ਲੋਕਾਂ ਨੂੰ ਨੌਕਰੀ ਦਿੱਤੀ। ਇਹ ਪਰਿਵਰਤਨ ਪਰਿਵਾਰਾਂ ਦੀ ਬਣਤਰ ਵਿੱਚ ਤਰੇੜ ਵੱਲ ਪਹਿਲਾ ਪੜਾਅ ਸੀ। ਪਰਿਵਾਰ ਦਾ ਹਰ ਜੀਅ ਸਮੁੱਚੇ ਪਰਿਵਾਰ ਦੇ ਲਈ ਮਿਹਨਤ ਕਰਦਾ ਸੀ। ਪਰੰਤੂ ਹੌਲੀ ਹੌਲੀ ਆਪਣੇ ਹਿੱਤਾਂ ਨੂੰ ਤਰਜੀਹ ਦੇਣ ਲੱਗ ਪਿਆ ਸੀ ਜਿਸ ਦੇ ਸਿੱਟੇ ਵਜੋਂ ਸੰਯੁਕਤ ਪਰਿਵਾਰ ਇਕਹਿਰੇ ਪਰਿਵਾਰਾਂ ਦੇ ਵਿੱਚ ਤਬਦੀਲ ਹੋ ਗਏ। ਇਕਹਿਰੇ ਪਰਿਵਾਰਾਂ ਦੇ ਵਿੱਚ ਪਿਆਰ ਤੇ ਅਪਣੱਤ ਘਟਦਾ ਜਾ ਰਿਹਾ ਹੈ ਅਜੋਕੇ ਸਮੇਂ ਵਿੱਚ ਨਾ ਮਾਤਰ ਦੇ ਬਰਾਬਰ ਪਿਆਰ, ਇੱਜ਼ਤ, ਮਾਣ ਦੇਖਣ ਨੂੰ ਮਿਲਦਾ ਹੈ। ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਮਨੁੱਖੀ ਰਿਸ਼ਤਿਆਂ ਨੂੰ ਮੰਡੀ ਦੇ ਭਾਅ ਵਿੱਚ ਵੇਚਿਆ ਜਾ ਰਿਹਾ ਹੈ। ਮਨੁੱਖ ਹੀ ਮਨੁੱਖ ਨੂੰ ਕੇਂਦਰ ਦੇ ਵਿੱਚ ਰੱਖ ਕੇ ਵੇਚ ਰਿਹਾ ਹੈ। ਰਿਸ਼ਤਿਆਂ ਦੇ ਨਾਲੋਂ ਤਰਜੀਹ ਵਸਤ ਨੂੰ ਮਿਲਣ ਦੇ ਸਿੱਟੇ ਵਜੋਂ ਰਿਸ਼ਤਿਆਂ ਦਾ ਆਪਸੀ ਪਿਆਰ, ਸਾਂਝ ਸਹਿਯੋਗ ਤੇ ਗੰਭੀਰ ਸੱਟ ਵੱਜੀ ਹੈ। ਮਨੁੱਖ ਦੀ ਮਨੁੱਖਤਾ ਮਿਟਦੀ ਜਾ ਰਹੀ ਹੈ।

## 2.3 ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਰਸਮਾਂ ਰਿਵਾਜ਼ਾਂ ਅਤੇ ਤਿਉਹਾਰਾਂ ਦਾ ਰੂਪਾਂਤਰਣ

**ਰਸਮਾਂ** : ਰਸਮ ਨੂੰ ਅੰਗਰੇਜ਼ੀ ਦੇ ਵਿੱਚ customs ਕਹਿੰਦੇ ਹਨ। ਰਸਮਾਂ ਦੇ ਤਿੰਨ ਅਹਿਮ ਅੰਗ ਹਨ ਜਨਮ, ਮੌਤ ਤੇ ਵਿਆਹ। ਇਹਨਾਂ ਪੜ੍ਹਾਵਾਂ ਦੇ ਵਿੱਚ ਕਈ ਤਰ੍ਹਾਂ ਦੀਆਂ ਰਸਮਾਂ ਕੀਤੀਆ ਜਾਂਦੀਆਂ ਹਨ। ਇਹਨਾਂ ਦੇ ਦੁਆਰਾ ਸਮਾਜਕ ਜੀਵਨ ਨੂੰ ਸੀਮਿਤ ਕੀਤਾ ਜਾਂਦਾ ਹੈ। ਸਮਾਜ ਦੇ ਵਿੱਚ ਇਹਨਾਂ ਦੀਆਂ ਜੜ੍ਹਾਂ ਏਨੀਆਂ ਪ੍ਰਬਲ ਹਨ ਕਿ ਮੌਖਿਕ ਰੂਪ ਦੇ ਵਿੱਚ ਪ੍ਰਵਾਨਿਤ ਹੋ ਜਾਂਦੀਆਂ ਹਨ।ਸਮਾਜ ਦੇ ਇਹਨਾਂ ਨੇਮਾਂ ਦੀ ਪਾਲਣਾ

ਕਰਨੀ ਅਹਿਮ ਹੋ ਜਾਂਦੀ ਹੈ। ਰੀਤੀ ਰਿਵਾਜ ਸਭਿਆਚਾਰਕ ਨੇਮਾਂ ਦਾ ਸਿੱਟਾ ਹੈ। ਜਸਵਿੰਦਰ ਸਿੰਘ ਦੀ ਧਾਰਨਾ ਹੇ ਕਿ "ਰੀਤੀ- ਰਿਵਾਜ ਅਜਿਹਾ ਮਾਧਿਅਮ ਹਨ, ਜਿਸ ਰਾਹੀਂ ਮਨੁੱਖ ਨੇ ਜਨਮ ਤੋਂ ਲੈ ਕੇ ਮੌਤ ਤਕ ਹੀ ਨਹੀਂ, ਸਗੋਂ ਪੂਰਬਲੇ ਜਨਮਾਂ ਤੋਂ ਲੈ ਕੇ ਮੌਤ ਤੋ ਬਾਅਦ ਤੱਕ ਦੇ ਸਮੁੱਚੇ ਵਰਤਾਰੇ ਨੂੰ ਵੀ ਕਾਲਪਨਿਕ ਦ੍ਰਿਸ਼ਟੀ ਤੋਂ ਗ੍ਰਹਿਣ ਕਰਕੇ ਸਮੂਹਿਕ ਲੋਕ ਵਿਸ਼ਵਾਸ਼ ਅਨੁਕੂਲ ਸਥੂਲ ਚਿੰਨ੍ਹਾਂ ਰਾਹੀਂ ਪ੍ਰਗਟ ਕਰਨ ਦਾ ਉਪਰਾਲਾ ਕੀਤਾ ਹੈ।" *(ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ 62)*

ਰਸਮਾਂ ਨੂੰ ਸਮੂਹ ਹੀ ਪ੍ਰਵਾਨਗੀ ਦਿੰਦਾ ਹੈ। ਲੋਕਾਂ ਦੇ ਦੁਆਰਾ ਸਮੂਹਿਕ ਰੂਪ ਦੇ ਵਿੱਚ ਨਿਭਾਈਆਂ ਜਾਂਦੀਆਂ ਹਨ।'ਡਾ. ਹਰਮੀਤ ਕੌਰ ਭੁੱਲਰ ਦੇ ਕਥਨ ਅਨੁਸਾਰ "ਰੀਤੀ ਰਿਵਾਜ ਵਿਸ਼ੇਸ਼ ਸਭਿਆਚਾਰਕ ਖ਼ਿੱਤੇ ਦੇ ਲੋਕਾਂ ਦੁਆਰਾ ਪ੍ਰਵਾਨਿਤ ਵਿਸ਼ਵਾਸ਼ 'ਤੇ ਆਧਾਰਿਤ ਪ੍ਰਤੀਕਾਤਮਿਕ ਵਿਧੀ ਮੰਨੇ ਜਾ ਸਕਦੇ ਹਨ ਜਿਸ ਰਾਹੀਂ ਮਨੁੱਖ ਸਮਾਜਕ ਜੀਵਨ ਵਿਚਲੀਆਂ ਲੋੜਾਂ, ਘਾਟਾਂ, ਪ੍ਰਕਿਰਤਕ, ਸੰਕਟਾਂ, ਬਿਮਾਰੀਆਂ ਆਦਿਕ ਵਿਭਿੰਨ ਸਮੱਸਿਆਵਾਂ ਦੇ ਸਮਾਧਾਨ ਦੀ ਖ਼ਾਹਿਸ਼ ਪ੍ਰਗਟ ਕਰਦੇ ਹਨ।ਇਹ ਨਿਸ਼ਚਿਤ ਉਦੇਸ਼ ਲਈ ਸੰਕੇਤਕ ਭਾਵਾਂ ਦਾ ਅਰਥ ਭਰਪੂਰ ਪ੍ਰਗਟਾਵਾ ਵਿਸ਼ੇਸ਼ ਚਿੰਨ੍ਹਾਂ ਰਾਹੀਂ ਅਤੇ ਨਿਸ਼ਚਿਤ ਵਿਉਂਤ ਅਨੁਸਾਰ ਅਨੁਕਰਨ ਮਈ ਕਿਰਿਆਵਾਂ ਨੂੰ ਦੁਹਰਾ ਕੇ ਕੀਤਾ ਜਾਂਦਾ ਹੈ।" *(ਵਾਰਤਕ ਸਿਧਾਂਤ 167)*

ਮੁੱਢ ਕਦੀਮ ਤੋਂ ਹੀ ਪੁਰਾਤਨ ਤੇ ਨਵੀਨ ਦਾ ਸੁਮੇਲ ਰਿਹਾ ਹੈ। ਪੁਰਾਣੀਆਂ ਰਸਮਾਂ ਦੇ ਵਿੱਚ ਨਵੀਆਂ ਰਸਮਾਂ ਜਮ੍ਹਾਂ ਹੋ ਜਾਂਦੀਆਂ ਜਾਂ ਪੂਰਨ ਹੀ ਤਬਦੀਲ ਹੋ ਜਾਂਦੀਆਂ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ; "ਜ਼ਰੂਰੀ ਨਹੀਂ ਹਰ ਰਸਮ ਨੂੰ ਨਾਲ ਲੈ ਕੇ ਚਲਿਆ ਜਾਵੇ, ਬੁਨਿਆਦੀ ਚਾਹੀਦਾ ਹੈ।" *(ਹਰਪਾਲ ਕੌਰ. ਅਸਿਸਟੈਂਟ ਪ੍ਰੋਫੈਸਰ.ਐੱਸ. ਐੱਸ ਡੀ ਗਰਲਜ਼ ਕਾਲਜ ਬਠਿੰਡਾ)*

ਉਪਰੋਕਤ ਧਾਰਨਾ ਸਹੀ ਹੈ, ਸਮੇਂ ਦੇ ਨਾਲ ਰਸਮ ਰਿਵਾਜ ਪਰਵਰਤਿਤ ਹੁੰਦੇ ਹਨ। ਪਰੰਤੂ ਹਰ ਰਸਮ ਦੇ ਵਿੱਚ ਤਬਦੀਲੀ ਕਰਨੀ ਸਹੀ ਨਹੀਂ ਹੈ। ਇਹ ਸਭਿਆਚਾਰ ਦੇ ਵਿਲੱਖਣ ਆਧਾਰ ਦਾ ਪਛਾਣ ਚਿੰਨ੍ਹ ਹੁੰਦੇ ਹਨ। ਜਿਵੇਂ ਕਿ ਜਨਮ ਤੇ ਵਿਆਹ ਨਾਲ ਰਸਮ ਵਿੱਚ ਪਰਿਵਰਤਨ ਹੋਣ ਨਾਲ , ਪੁਰਾਣੀਆਂ ਰਸਮਾਂ ਬਹੁਤ ਘੱਟ ਹੀ ਨਿਭਾਈਆਂ ਜਾਂਦੀਆਂ ਹਨ। ਇਹਨਾਂ ਰਸਮਾਂ ਨੂੰ ਉਹ ਹੀ ਨਿਭਾਉਂਦੇ ਹਨ, ਜਿਹੜੇ ਅਜੇ ਵੀ ਪੁਰਾਤਨ ਰਹਿਤਲ ਨਾਲ ਜੁੜੇ ਹੋਏ ਹਨ। ਉਹਨਾਂ ਦੇ ਵਿੱਚ ਪੁਰਾਣੇ ਬਜ਼ੁਰਗ ਸ਼ਾਮਿਲ ਹਨ। ਡਾ.

ਦਰਿਆ ਨਾਲ ਹੋਈ ਮੁਲਾਕਾਤ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ "ਇਹ ਸਭਿਆਚਾਰ ਦਾ ਗੰਭੀਰ ਮਸਲਾ ਹੈ। ਸਭਿਆਚਾਰ ਰਸਮਾ ਰਿਵਾਜਾਂ ਉੱਤੇ ਨਿਰਧਾਰਿਤ ਹੁੰਦੇ ਹਨ। ਇਹ ਮਨੁੱਖ ਦੀ ਜੀਵਨ-ਜਾਂਚ ਹੁੰਦੇ ਹਨ। ਸਭਿਆਚਾਰ ਦੇ ਤਿੰਨ ਪੱਖ ਹਨ:- ਪਦਾਰਥਕ, ਬੌਧਾਤਮਿਕ, ਪ੍ਰਤੀਮਾਨਕ। ਇਹ ਪ੍ਰਤੀਮਾਨਕ ਨੇਮਾਂ ਦੇ ਵਿੱਚ ਸ਼ਾਮਿਲ ਹੁੰਦੇ ਹਨ। ਕਿਸੇ ਸਭਿਆਚਾਰ ਦੇ ਵਿੱਚ (ਲੋਕਾਂ ਦੇ ਵਿੱਚ) ਸਾਂਝ ਪੈਦਾ ਕਰਦੇ ਹਨ। ਰਸਮਾਂ ਰਿਵਾਜਾਂ ਦਾ ਓਦਾਂ ਕੋਈ ਮੁੱਲ ਨਹੀਂ ਹੁੰਦਾ। ਰਸਮਾਂ-ਰਿਵਾਜਾਂ ਜਿਹੜੀਆਂ ਜਨਮੀਆਂ ਹਨ, ਉਹਨਾਂ ਦਾ ਅਭਿਆਸ ਕਰਦੇ ਹਾਂ। ਉਹ ਰਸਮੋ-ਰਿਵਾਜ ਬਣ ਜਾਂਦੇ ਹਨ , ਜਿਹੜੇ ਅਸੀਂ ਨਿਭਾਉਂਦੇ ਹਾਂ। ਪੁਰਾਤਨ ਰਸਮਾਂ-ਰੀਤਾਂ ਨੇ, ਜੋ ਖ਼ਾਸ ਤੌਰ ਕਲਪਨਾ ਕਰ ਲਈ ਜਾਂ ਸਿਰਜ ਲਈਆਂ, ਇਹ ਰੀਤਾਂ ਰਸਮਾਂ ਕਿਸੇ ਸਮਾਜਕ ਲੋੜ ਦੇ ਵਿੱਚੋਂ ਪੈਦਾ ਹੋਈਆਂ ਹਨ।" (ਚਿੰਤਕ)

**ੳ) ਜਨਮ ਦੀਆਂ ਰਸਮਾਂ** - ਮਨੁੱਖ ਇੱਕ ਜੀਵਕ ਪ੍ਰਾਣੀ ਹੈ। ਰਸਮਾਂ ਨੂੰ ਵਿਸ਼ੇਸ਼ ਸਭਿਆਚਾਰਕ ਸੰਦਰਭ ਦੇ ਵਿੱਚ ਸਮਝਿਆ ਜਾ ਸਕਦਾ ਹੈ। ਇਹ ਸਮਾਜ ਸਭਿਆਚਾਰ ਨਾਲ ਜੁੜੀਆਂ ਹੁੰਦੀਆਂ ਹਨ। ਇਹ ਚਿੰਨ੍ਹ ਆਤਮਿਕ ਰੂਪ ਨਿਭਾਈਆਂ ਜਾਂਦੀਆਂ ਹਨ। ਜਨਮ ਦੇ ਨਾਲ ਰਸਮਾਂ ਦੀ ਸ਼ੁਰੂਆਤ ਹੋ ਜਾਂਦੀ ਹੈ। ਜਨਮ ਦੇ ਨਾਲ ਹੀ ਰਿਸ਼ਤੇ ਬਣਦੇ ਹਨ। ਨਾਨਕੇ ਤੇ ਦਾਦਕੇ ਰਿਸ਼ਤੇ ਵੀ ਜਨਮ ਦੇ ਨਾਲ ਹੀ ਬਣ ਜਾਂਦੇ ਹਨ। ਗਰਭ ਧਾਰਨ ਕਰਨ ਦੇ ਨਾਲ ਰਸਮਾਂ ਦਾ ਆਰੰਭ ਹੁੰਦਾ ਹੈ। ਗਰਭ ਧਾਰਨ ਕਰਨ ਤੋਂ ਬਾਅਦ ਪਹਿਲੀ ਰਸਮ ਗੋਦ ਭਰਾਈ ਦੀ ਕੀਤੀ ਜਾਂਦੀ ਹੈ। ਇਹ ਰਸਮ ਵੱਡ- ਵਡੇਰਿਆਂ ਤੋਂ ਆਸ਼ੀਰਵਾਦ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਹ ਰਸਮ ਅੱਜ ਵੀ ਕੀਤੀ ਜਾਂਦੀ ਹੈ, ਪਰ ਮਾਰਕੀਟਿੰਗ ਦੇ ਪ੍ਰਭਾਵ ਹੇਠ ਰੂਪ ਪਰਿਵਰਤਿਤ ਹੋ ਕੇ ਅੱਜ ਕੱਲ੍ਹ ਇਹ ਰਸਮ baby shower ਦੇ ਰੂਪ ਵਿਚ ਪ੍ਰਚਲਿਤ ਹੈ। ਇਸ ਪ੍ਰਥਾ ਦੇ ਵਿੱਚ ਵਾਧੂ ਦਾ ਦਿਖਾਵਾ ਕੀਤਾ ਜਾਂਦਾ ਹੈ। ਇਹ ਰਸਮ ਇੱਕ ਪਾਰਟੀ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਜਨਮ ਦੇ ਨਾਲ ਹੋਰ ਰਸਮ ਨੂੰ ਨਿਭਾਇਆ ਨਹੀ ਜਾਂਦਾ। ਜਿਵੇਂ ਅੱਖ ਸਲਾਈ, ਮਿੱਠਾ ਬੋਹੀਆ ਘੱਲਣਾ, ਕੜੀਆਂ ਗਿਣਨਾ, ਗੁੜ੍ਹਤੀ, ਨਾਮਕਰਨ ਦੀਆਂ ਰਸਮਾਂ ਆਦਿ। ਰਸਮਾਂ ਦੇ ਰੂਪ ਵਿੱਚ ਪਰਿਵਰਤਨ ਆਇਆ ਹੈ। ਗੋਦ ਭਰਾਈ ਦੀ ਰਸਮ ਔਰਤ ਦੇ ਸੱਤ ਮਹੀਨੇ ਦੇ ਵਿੱਚ ਕੀਤੀ ਜਾਂਦੀ ਹੈ। ਪਹਿਲਾਂ ਗੋਦ ਭਰਾਈ ਦੀ ਰਸਮ ਸਿਰਫ਼ ਪਰਿਵਾਰ ਦੇ ਮੈਂਬਰਾਂ ਵੱਲੋਂ ਕੀਤੀ ਜਾਂਦੀ ਸੀ। ਹੁਣ ਇਸ ਰਸਮ ਦੇ ਵਿੱਚ ਸਮਾਜ ਦੇ ਸਾਰੇ ਪਤਿਵੰਤੇ ਸੱਜਣਾਂ ਨੂੰ ਸੱਦਾ ਦੇਣ ਦੀ ਰੀਤ ਬਣ ਗਈ ਹੈ। ਗੋਦ ਭਰਾਈ ਪਹਿਲਾਂ ਵੀ ਕੀਤੀ ਜਾਂਦੀ ਸੀ। "ਹੁਣ

ਇਹ ਇੱਕ ਦਿਖਾਵਾ ਜਾ ਫ਼ੈਸ਼ਨ ਬਣਦਾ ਜਾ ਰਿਹਾ ਹੈ। ਬੱਚੇ ਦੇ ਜਨਮ ਤੱਕ ਕਿਸੇ ਨੂੰ ਪਤਾ ਨਹੀਂ ਲੱਗਣ ਦਿੱਤਾ ਜਾਂਦਾ ਸੀ। ” *(www.Kidspot.com*)

ਇਹ ਰਸਮ baby shower ਪੱਛਮ ਤੋਂ ਦੇਖਾ- ਦੇਖੀ ਬਦਲ ਗਈ ਹੈ। ਇਹ ਰਸਮ ਔਰਤ ਦੇ ਬਦਲ ਰਹੇ ਰੂਪ ਨੂੰ ਮਨਾਇਆ ਜਾਂਦਾ ਹੈ। ਉਸ ਦੇ ਗਰਭ ਧਾਰਨ ਕਰਨ ਦੇ ਸਫ਼ਰ ਤੋਂ ਲੈ ਕੇ ਮਾਂ ਬਣਨ ਦੇ ਸਫ਼ਰ ਨੂੰ ਮਨਾਇਆ ਜਾਂਦਾ ਹੈ। ਪਹਿਲਾਂ ਆਸ਼ੀਰਵਾਦ ਦੇ ਰੂਪ ਵਿੱਚ ਅਨਾਜ ਪਾਇਆ ਜਾਂਦਾ ਸੀ। ਭਾਰਤ ਦੇ ਵਿੱਚ ਬੱਚੇ ਦੇ ਲਿੰਗ ਨੂੰ ਲੁਕਾ ਕੇ ਰੱਖਿਆ ਜਾਂਦਾ ਹੈ। ਜਦੋਂ ਤੱਕ ਬੱਚੇ ਦਾ ਜਨਮ ਨਹੀਂ ਹੋ ਜਾਂਦਾ। ਪੱਛਮ ਦੇ ਵਿੱਚ ਇਸਤਰੀ ਦੇ ਪੰਜਵੇ ਮਹੀਨੇ ਦੇ ਵਿੱਚ ਬੱਚੇ ਦੇ ਲਿੰਗ ਨੂੰ ਦੱਸ ਦਿੱਤਾ ਜਾਂਦਾ ਹੈ। ਪੱਛਮ ਦੇ ਵਿੱਚ ਬੱਚੇ ਦੇ ਲਿੰਗ ਪਤਾ ਲੱਗਣ ਦੇ ਕਾਰਨ, ਪਾਰਟੀ ਦੀ ਸਿਜਾਵਟ ਵੀ ਉਸੇ ਅਨੁਸਾਰ ਹੀ ਕੀਤੀ ਜਾਂਦੀ ਹੈ। ਭਾਰਤ ਦੇ ਵਿੱਚ ਅਜਿਹਾ ਨਹੀ ਹੈ। ਮਾਂ ਬਣਨ ਵਾਲੀ ਔਰਤ ਦੇ ਲਈ ਬਜ਼ਾਰ ਦੇ ਵਿੱਚ (Mother To Be, Father To Be) ਦੇ ਟੈਂਗ ਮਿਲਦੇ ਹਨ। ਗੋਦ ਭਰਾਈ ਦੇ ਪ੍ਰੋਗਰਾਮ ਦਾ ਪ੍ਰਬੰਧ ਕਰਨ ਦੇ ਲਈ ਈਵੈਂਟ ਮੈਨੇਜ਼ਮੈਂਟ ਨਾਂ ਦੀਆਂ ਛੋਟੀਆਂ ਛੋਟੀਆਂ ਕੰਪਨੀਆਂ ਵੱਲੋਂ ਕੀਤਾ ਜਾਂਦਾ ਹੈ। ਸਾਰੇ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਨੂੰ ਬੁਲਾਇਆ ਜਾਂਦਾ ਹੈ। ਇਸ ਮੌਕੇ ਤੇ ਘਰ ਨੂੰ ਵਿਸ਼ੇਸ਼ ਤਰੀਕਿਆਂ ਦੇ ਨਾਲ ਸਜਾਇਆ ਜਾਂਦਾ ਹੈ। ਇਸ ਰਸਮ ਦੇ ਵਿੱਚ ਮਠਿਆਈ ਦੀ ਥਾਂ ਉੱਤੇ ਕੇਕ ਕੱਟਿਆ ਜਾਂਦਾ ਹੈ। ਕੇਕ ਦੀ ਸਜਾਵਟ ਵੀ ਮੌਕੇ ਦੇ ਅਨੁਸਾਰ ਹੀ ਹੁੰਦੀ ਹੈ। ਨਵੀ ਪੀੜ੍ਹੀ ਆਪ ਹੀ ਸੋਸ਼ਲ ਮੀਡੀਆ ਦੇ ਰਾਹੀਂ ਪੂਰੇ ਸੰਸਾਰ ਨੂੰ ਖ਼ੁਸ਼ ਖ਼ਬਰ ਦਿੰਦੀ ਹੈ। ਗੋਦ ਭਰਾਈ ਨੂੰ ਵਿਸ਼ੇਸ਼ ਸਮਾਗਮ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਰਿਸ਼ਤੇਦਾਰ ਆਉਣ ਵਾਲੇ ਬੱਚੇ ਤੇ ਬੱਚੇ ਦੀ ਮਾਂ ਲਈ ਤੋਹਫ਼ੇ ਲੈ ਕੇ ਆਉਂਦੇ ਹਨ। ਸੋਸ਼ਲ ਮੀਡੀਆ ਦੇ ਉੱਤੇ ਪੋਸਟ ਜਾਂ ਵੀਡੀਉ ਬਣਾ ਕੇ (whatsApp, Facebook, Instagarm) ਉੱਤੇ ਪਾਈ ਜਾਂਦੀ ਹੈ। ਉਹ ਫੋਟੋਆਂ ਸੋਸ਼ਲ ਮੀਡੀਆ ਉੱਤੇ ਫਿਰ ਟਰੈਂਡ ਕਰਦੀਆ ਹਨ। ਇਸ ਸਫ਼ਰ ਨੂੰ ਸੰਭਾਲਣ ਦੇ ਲਈ pregnancy photo shoot ਅਤੇ post pregnancy photo shoot ਕੀਤਾ ਜਾਂਦਾ ਹੈ। ਜਿਸ ਦੇ ਫੇਸਬੁੱਕ, ਟੀਵੀਟਰ ਉੱਤੇ ਬਹੁਤ ਪੇਜ ਚਲਦੇ ਹਨ ਜਿਵੇਂ pregnancy photography india ਆਦਿ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ ਰਸਮਾਂ ਤਾਂ ਅੱਜ ਵੀ ਹੁੰਦੀਆਂ ਹਨ ਪਰ ਪੈਸੇ ਦੀ ਚਕਾਚੌਂਧ ਨੇ ਰਸਮਾਂ ਦੇ ਤਰੀਕੇ ਬਦਲ ਦਿੱਤੇ ਹਨ। *(ਗੁਰਪ੍ਰੀਤ ਕੌਰ. ਲਾਇਬ੍ਰੇਰੀਅਨ. ਭਾਈ ਆਸਾ ਸਿੰਘ ਗਰਲਜ਼ ਕਾਲਜ .ਬਠਿੰਡਾ)*

ਬੱਚੇ ਦੇ ਜਨਮ ਉਪਰੰਤ ਉਸਦਾ ਨਾਮਕਰਨ ਕੀਤਾ ਜਾਂਦਾ ਹੈ। ਨਾਮਕਰਨ ਤੋਂ ਪਹਿਲਾਂ ਬੱਚੇ ਨੂੰ ਭਾਂਤ ਭਾਂਤ ਦੇ ਨਾਵਾਂ ਦੇ ਨਾਲ ਬੁਲਾਇਆ ਜਾਂਦਾ ਹੈ। ਸਿੱਖ ਧਰਮ ਦੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਵਿੱਚੋ ਨਾਮ ਕੱਢਿਆ ਜਾਂਦਾ ਹੈ। ਨਾਮਕਰਨ ਦੀ ਇਹ ਰਸਮ 'ਛਟੀ ਦੀ ਰਸਮ ਅਖਵਾਉਂਦੀ ਹੈ।'ਛਟੀ ਵਾਲੇ ਦਿਨ ਆਮ ਤੌਰ ਤੇ ਭੋਗ ਪਾਇਆ ਜਾਂਦਾ ਹੈ। ਵਾਕ ਲੈਣ ਵਾਲੇ ਭਾਈ ਤੋਂ ਪਹਿਲਾ ਅੱਖਰ ਪੁੱਛ ਕੇ ਉਸ ਅੱਖਰ ਉੱਤੇ ਬੱਚੇ ਦਾ ਨਾਉਂ ਰੱਖਿਆ ਜਾਂਦਾ ਹੈ। ਧਾਰਮਿਕ ਓਟ ਲੈਣ ਦੇ ਪਿੱਛੇ ਪੱਵਿਤਰ ਭਾਵਨਾ ਛੁਪੀ ਹੁੰਦੀ ਹੈ। ਬੱਚਾ ਚੰਗੇਰੇ ਵਿਅਕਤਿਤਵ ਦਾ ਮਾਲਕ ਬਣੇ। ਕਈ ਵਾਰੀ ਇਹ ਰਸਮ ਸ਼ਾਨੋ-ਸ਼ੌਕਤ ਨਾਲ ਵੀ ਨਿਭਾਈ ਜਾਂਦੀ ਹੈ। ਪੁਰਾਤਨ ਸਮੇਂ ਦੇ ਵਿੱਚ ਬੱਚੇ ਦਾ ਜਨਮ ਦਿਨ ਮਨਾਉਣ ਦਾ ਰਿਵਾਜ ਨਾ ਮਾਤਰ ਹੀ ਸੀ।

**ਅ) ਜਨਮ ਦਿਨ ਦੀ ਪਾਰਟੀ-** ਬੱਚੇ ਦਾ ਜਨਮ ਦਿਨ ਮਨਾਉਣ ਦਾ ਰਿਵਾਜ ਬਣ ਗਿਆ ਹੈ। ਹਰ ਇੱਕ ਬੱਚੇ ਦੀ ਚਾਹਤ ਹੁੰਦੀ ਹੈ ਉਸ ਦਾ ਜਨਮ ਦਿਨ ਮਨਾਇਆ ਜਾਵੇ। ਆਮ ਸਕੂਲਾਂ ਦੇ ਵਿੱਚ ਬੱਚੇ ਦੇ ਜਨਮ ਦਿਨ ਨੂੰ ਮਨਾਇਆ ਜਾਂਦਾ ਹੈ। ਇਹ ਰਿਵਾਜ ਦੇਖਾ ਦੇਖੀ ਬਣ ਗਿਆ ਹੈ। ਪਰਿਵਾਰ ਹੀ ਬੱਚੇ ਦਾ ਜਨਮ ਦਿਨ ਮਨਾਉਂਦਾ ਸੀ। "ਪਰੰਤੂ ਅੱਜ ਕੱਲ੍ਹ ਬੱਚਿਆਂ ਦੇ ਜਨਮ ਦਿਨ ਵੀ ਸਿਰਫ਼ ਪਰਿਵਾਰਿਕ ਮੈਂਬਰਾਂ ਜਾਂ ਰਿਸ਼ਤੇਦਾਰ ਤੱਕ ਮਹਿਦੂਦ ਨਹੀਂ ਰਹਿ ਗਏ ਸਗੋਂ ਆਪਣੇ 'ਬਿਜ਼ਨੈੱਸ'ਦੇ ਲਿੰਕ ਵਧਾਉਣ ਲਈ ਇਹ ਵੱਡੇ ਵੱਡੇ ਹੋਟਲਾਂ ਤੱਕ ਪਹੁੰਚ ਗਏ ਹਨ।" *(ਡਾ.ਹਰਮੀਤ ਕੌਰ ਭੁੱਲਰ. ਈ- ਲੋਕਧਾਰਾ 153)*




**Figure 2.2 : ਜਨਮ ਦਿਨ ਦੀ ਪਾਰਟੀ**

ਐਨੀਮੇਸ਼ਨ 19ਵੀਂ ਸਦੀ ਦੇ ਵਿੱਚ ਪ੍ਰਚਲਿਤ ਹੋਈ ਹੈ। ਐਨੀਮੇਸ਼ਨ ਦੇ ਰਾਹੀਂ ਮੂਰਤੀਆਂ ਦੇ ਵਿੱਚ ਜਾਨ ਪਾਈ ਜਾਂਦੀ ਹੈ। ਇਹਨਾਂ ਬੇਜਾਨ ਮੂਰਤੀਆਂ ਦੀ ਐਨੀਮੇਸ਼ਨ ਕੰਪਿਊਟਰ ਦੇ ਰਾਹੀਂ ਕੀਤੀ ਜਾਂਦੀ ਹੈ। ਉਹਨਾਂ ਚੈਨਲਾਂ ਉੱਤੇ ਇਤਿਹਾਸਕ ਤੇ ਮਿਥਿਹਾਸਕ ਪਾਤਰਾਂ ਦੇ ਨਾਲ ਸੰਬੰਧਿਤ ਕਾਰਟੂਨ ਚਲਦੇ ਹਨ। ਇਹਨਾਂ ਦੇ ਵਿੱਚੋਂ ਕ੍ਰਿਸ਼ਨ ਨਾਲ ਸੰਬੰਧਿਤ ਕਾਰਟੂਨ ਜ਼ਿਆਦਾ ਚਲਦੇ ਹਨ। ਡਾ. ਹਰਮੀਤ ਕੌਰ ਦੀ ਧਾਰਨਾ ਦੇ ਅਨੁਸਾਰ 'ਉਹਨਾਂ ਨੂੰ ਸੋਲਾਂ ਕਲਾ ਸੰਪੂਰਨ ਮੰਨਿਆ ਜਾਂਦਾ ਹੈ। ਇਹ ਇਕ ਨਟਖਟ ਬਾਲਕ, ਚੰਗਾ ਪ੍ਰੇਮੀ, ਸੂਰਬੀਰ ਅਤੇ ਵਧੀਆ ਸ਼ਾਸਕ ਸਵੀਕਾਰ ਕੀਤਾ ਗਿਆ ਹੈ। ਇੰਨੇ ਗੁਣ ਹੋਣ ਕਾਰਨ ਇਸ ਦੀ ਹਰਮਨ ਪ੍ਰਿਯਤਾ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ ਹੈ।' *(ਈ-ਲੋਕਧਾਰਾ 92)*

ਪਰਿਵਾਰ ਦੇ ਬੱਚੇ ਇਕੱਲੇ ਇਕੱਲੇ ਹੋਣ ਕਰਕੇ ਵਧੇਰੇ ਲਾਡਲੇ ਹੋ ਗਏ ਹਨ। ਬੱਚਿਆਂ ਦੇ ਪਸੰਦੀਦਾ ਕੇਕ ਤਿਆਰ ਕੀਤਾ ਜਾਂਦਾ ਹੈ। ਐਨੀਮੇਟਿਡ ਕਾਰਟੂਨ ਦੀ ਦਿੱਖ ਵਾਲਾ ਬਰਥਡੇ ਕੇਕ ਵੀ ਤਿਆਰ ਕਰਵਾਇਆ ਜਾਂਦਾ ਹੈ।'ਬਰਥਡੇ ਦੀ ਤਿਆਰੀ ਲਈ ਡੈਕੋਰੇਟਰ ਬੁੱਕ ਕੀਤੇ ਜਾਂਦੇ ਹਨ ਜੋ ਪਸੰਦੀਦਾ ਕਾਰਟੂਨ ਦੇ ਮਾਡਲਾਂ ਤੇ ਉਸ ਦੇ ਪਹਿਰਾਵੇ ਨਾਲ ਸੰਬੰਧਿਤ ਸਾਰੀ ਸਮੱਗਰੀ ਦੀ ਡੈਕੋਰੇਸ਼ਨ ਕਰਦੇ ਹਨ।' *(ਡਾ.ਹਰਮੀਤ ਕੌਰ. ਲੋਕਧਾਰਾ ਅਤੇ ਈ-ਲੋਕਧਾਰਾ 103)*

ਵੱਡੀਆ ਪਾਰਟੀਆਂ ਦੇ ਰਾਹੀਂ ਬੱਚੇ ਆਕਰਸ਼ਿਤ ਹੋ ਜਾਂਦੇ ਹਨ, ਕਿਉਂਕਿ ਸਾਰਿਆਂ ਦੇ ਹਾਲਤ ਇੱਕੋ ਤਰ੍ਹਾਂ ਦੇ ਨਹੀਂ ਹੁੰਦੇ ਕਿ ਉਹ ਇੰਨਾ ਖਰਚਾ ਕਰ ਸਕਣ। ਦਿਖਾਵਾ ਤਾ ਹੁਣ ਪੈਸੇ ਵਾਲਾ ਹੀ ਕਰ ਸਕਦਾ ਹੈ ਪਰ ਇਹ ਜ਼ਰੂਰੀ ਹੈ ਅਮੀਰ ਗਰੀਬ ਦੇ ਅੰਤਰ ਦੇ ਵਧਦੇ ਅੰਤਰ ਨੂੰ ਘਟਾਉਣ ਦੀ ਇਹ ਅੰਤਰ ਘਟਣ ਦੀ ਥਾਂ ਉੱਤੇ ਵੱਧਦਾ ਹੀ ਚਲਾ ਜਾ ਰਿਹਾ ਹੈ। ਪਾਣੀ ਦੀਆਂ ਬੋਤਲਾਂ ਉੱਤੇ ਵੀ ਕਾਰਟੂਨਾਂ ਦੀ ਛਵੀ ਮਿਲਦੀ ਹੈ। ਜਿਸ ਥਾਂ ਤੇ ਜਨਮ ਦਿਨ ਮਨਾਇਆ ਜਾ ਰਿਹਾ ਹੁੰਦਾ ਹੈ, ਉਸ ਥਾਂ ਨੂੰ ਕਾਰਟੂਨਾਂ ਦੀ ਦਿੱਖ ਦੇ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ ਅਰਥਾਤ ਸਜਾਵਟ ਵਾਲੀ ਥਾਂ ਦੇ ਕੋਨੇ ਕੋਨੇ ਵਿੱਚ ਕਾਰਟੂਨ ਹੀ ਮਿਲਦੇ ਹਨ। ਡੈਕੋਰੇਸ਼ਨ ਕਰਨ ਵਾਲੇ ਨੂੰ ਕਾਰਟੂਨ ਥੀਮ ਦੇ ਦਿੱਤਾ ਜਾਂਦਾ ਹੈ। ਅਜਿਹਾ ਮਾਂ-ਬਾਪ ਆਪਣੇ ਬੱਚੇ ਨੂੰ ਸਰਪਰਾਈਜ਼ ਦੇ ਲਈ ਕਰਦੇ ਹਨ। ਇਹ ਰੁਝਾਨ ਆਮ ਹੀ ਹੋਇਆ ਹੈ। ਮੁੰਡੇ ਤੇ ਕੁੜੀਆਂ ਦੇ ਜਨਮ ਦਿਨ ਦੀਆਂ ਪਾਰਟੀਆਂ ਤੇ ਡੈਕੋਰੇਸ਼ਨ ਆਮ ਜਿਹੀ ਗੱਲ ਹੋ ਗਈ ਹੈ। ਇਹ ਦਿਖਾਵੇਪਨ ਨੂੰ ਵਧਾ ਰਹੀਆਂ ਹਨ।

ਬੱਚਿਆਂ ਦੇ ਮਨਾਂ ਦੇ ਵਿੱਚ ਉਤੇਜਨਾਂ ਪੈਦਾ ਕਰਦੀਆਂ ਹਨ। ਮੁੰਡਿਆਂ ਦੇ ਲਈ ਛੋਟਾ ਭੀਮ, ਬੈਨ 10, ਡੋਰੇ ਮੋਨ ਤੇ ਕੁੜੀਆਂ ਦੇ ਲਈ ਬਾਰਬੀ ਡੌਲ਼ ਆਦਿ ਵਰਗੀ ਸਜਾਵਟ ਕੀਤੀ ਜਾਂਦੀ ਹੈ। ਮਾਂ-ਬਾਪ ਆਪ ਬੱਚੇ ਦੀਆਂ ਆਦਤਾਂ ਨੂੰ ਵਿਗਾੜਦੇ ਹਨ। ਬੱਚੇ ਦੀ ਹਰ ਖ਼ਾਹਿਸ਼ ਨੂੰ ਪੂਰੀ ਕਰਨਾ ਜ਼ਰੂਰੀ ਨਹੀਂ ਹੁੰਦਾ ਹੈ। ਮਾਪੇ ਆਪਣੇ ਬੱਚਿਆ ਨੂੰ ਵਰਚਾਉਣ ਲਈ ਕਰਦੇ ਹਨ। ਇਹ ਜ਼ਰੂਰੀ ਹੀ ਨਹੀਂ ਕਿ ਬੱਚੇ ਦੀ ਹਰ ਇੱਕ ਜ਼ਿੱਦ ਨੂੰ ਪੂਰਾ ਕੀਤਾ ਜਾਵੇ। ਇੰਨੀਆਂ ਮਹਿੰਗੀਆਂ ਵਸਤਾਂ ਬੱਚਿਆਂ ਨੂੰ ਲੈ ਕੇ ਦੇਣੀਆਂ ਜਾਂ ਉਹਨਾਂ ਦੀ ਹਰ ਇੱਛਾ ਨੂੰ ਪੂਰਾ ਕਰਨ ਨਵੇਂ ਸੰਕਟ ਨੂੰ ਸੰਕੇਤ ਦਿੰਦੀਆ ਹਨ। ਅਕਸਰ ਬੱਚੇ ਦੇਖਾ-ਦੇਖੀ ਵਿਗੜ ਜਾਂਦੇ ਹਨ।ਅਸਲ ਦੇ ਵਿੱਚ ਇਹ ਜਨਮ ਦਿਨ ਦੀਆਂ ਪਾਰਟੀਆਂ ਜਾਂ ਦਿਖਾਵਾ ਕਰਨ ਦੇ ਪਿੱਛੇ ਮਾਂ-ਬਾਪ ਦਾ ਮਕਸਦ ਹੁੰਦਾ ਹੈ ਕਿ ਉਹਨਾਂ ਦੇ ਬੱਚੇ ਦਾ ਸੋਸ਼ਲ ਸਰਕਲ ਬਣ ਸਕੇ। ਡਾ. ਹਰਮੀਤ ਕੌਰ ਦੀ ਧਾਰਨਾ ਹੈ ਕਿ," ਮਾਂ ਬਾਪ ਆਪਣੇ ਬੱਚੇ ਨੂੰ ਵਿਸ਼ੇਸ਼ ਦਰਸਾਉਣ ਦੇ ਲਈ ਅਤੇ ਬੱਚੇ ਉੱਤੇ ਆਪਣਾ ਪਿਆਰ ਦਾ ਪ੍ਰਗਟਾਵਾ ਕਰਨ ਦੇ ਲਈ ਕਰਦੇ ਹਨ।" *(ਈ- ਲੋਕਧਾਰਾ 103)*

ਬੱਚੇ ਦੇ ਪਵਿਤੱਰ ਮਨ ਨੂੰ ਵਸਤਾਂ ਦੇ ਰਾਹੀਂ ਉਕਸਾਇਆ ਜਾਂਦਾ ਹੈ। ਉਸ ਨੂੰ ਜ਼ਬਰਦਸਤੀ ਵਸਤਾਂ ਦਾ ਹਿੱਸਾ ਬਣਾਇਆ ਜਾਂਦਾ ਹੈ। "ਬੱਚਿਆਂ ਨੂੰ ਸਿਖਾਇਆਂ ਜਾਂਦਾ ਹੈ ਕਿ ਜਨਮ ਦਿਨ ਦੀ ਪਾਰਟੀ ਕਰਨਾ ਪਰਿਵਾਰ ਦੀ ਰੀਤੀ ਹੈ।" (*www.Acrewebsite.org volume/38v, consumption as contaminating innocence: a study of children's birthday parties association for consumer research)*

ਕਿਸੇ ਵਸਤ ਦੀ ਜਦੋਂ ਲੋਕ ਮਾਨਸਿਕਤਾ ਦੇ ਵਿੱਚ ਥਾਂ ਬਣ ਜਾਂਦੀ ਹੈ ਤਾਂ ਉਪਭੋਗਤਾ ਵਸਤਾਂ ਦੀ ਹੋੜ ਲੱਗਾ ਦਿੰਦਾ ਹੈ। ਲੋਕ ਆਪ ਹੀ ਉਸ ਵਸਤ ਦੇ ਪਿੱਛੇ ਲੱਗ ਜਾਂਦੇ ਹਨ। ਵਪਾਰੀ ਨੂੰ ਤਾਂ ਆਪਣੀ ਵਸਤ ਨੂੰ ਵੇਚਣ ਦਾ ਮੌਕਾ ਚਾਹੀਦਾ ਹੈ। ਬੱਚਿਆਂ ਦੀਆਂ ਜਨਮ ਦਿਨ ਦੀਆਂ ਪਾਰਟੀਆਂ ਉੱਤੇ ਖਰਚਾ ਇੱਕ ਤਾਂ ਬੱਚਿਆਂ ਦੇ ਵਿੱਚ ਆਕਰਸ਼ਣ ਪੈਦਾ ਕਰਦਾ ਹੈ। ਇੱਕ ਬੱਚੇ ਦੀ ਜਨਮ ਦਿਨ ਦੀ ਪਾਰਟੀ ਨੂੰ ਦੇਖ ਕੇ ਦੂਸਰੇ ਬੱਚੇ ਦੇ ਵਿੱਚ ਵੀ ਚਾਹਤ ਪੈਦਾ ਹੁੰਦੀ ਹੈ। ਮਾਪੇ ਹੀ ਬੱਚੇ ਨੂੰ ਗਿਆਨ ਦਿੰਦੇ ਹਨ ਕਿ ਜਨਮ ਦਿਨ ਦੀਆਂ ਪਾਰਟੀਆਂ ਦੇ ਵਿੱਚ ਤੋਹਫ਼ਿਆਂ ਦਾ ਆਦਾਨ ਪ੍ਰਦਾਨ ਹੁੰਦਾ ਹੈ। ਇਹ ਬੱਚੇ ਦੇ ਮਨ ਦੇ ਵਿੱਚ ਘਰ ਕਰ ਜਾਂਦਾ ਹੈ।

**ੲ)** **ਧੰਨਵਾਦ ਗਿਫ਼ਟ :-** ਹਰੇਕ ਮਾਂ ਬਾਪ ਦੇ ਕੋਲ ਸ਼ਾਨਦਾਰ ਪਾਰਟੀ ਕਰਨ ਦੇ ਪੈਸੇ ਨਹੀਂ ਹੁੰਦੇ ਹਨ। ਜਨਮ ਦਿਨ ਦੀਆਂ ਪਾਰਟੀਆਂ ਦੇ ਵਿੱਚ 'ਧੰਨਵਾਦ ਗਿਫਟ'ਦੇਣ ਦਾ ਰਿਵਾਜ ਪੈਦਾ ਹੋ ਗਿਆ ਹੈ। ਬੱਚੇ ਦੇ ਸਾਥੀਆਂ ਨੂੰ ਜਨਮ ਦਿਨ ਦੀ ਪਾਰਟੀ ਦੇ ਵਿੱਚ ਆਉਣ ਦੇ ਲਈ ਗਿਫਟ ਦਿੱਤੇ ਜਾਂਦੇ ਹਨ। ਇਹ ਪਾਰਟੀਆਂ ਅਸਲ ਦੇ ਵਿੱਚ ਵਸਤਾਂ ਦਾ ਕੇਂਦਰ ਬਣਦਾ ਹੈ। ਇਹ ਅਮੀਰ ਪਰਿਵਾਰਾਂ ਦਾ ਚੋਚਲਾ ਹੈ। ਗਰੀਬ ਵਰਗ ਇੰਨਾ ਖਰਚਾ ਮੁਸ਼ਕਿਲ ਦੇ ਨਾਲ ਹੀ ਕਰ ਸਕਦਾ ਹੈ। ਬਜ਼ਾਰ ਦੇ ਵਿੱਚ ਮਹਿੰਗੀ ਤੇ ਸਸਤੀ ਵਸਤ ਦੋਵੇਂ ਹੀ ਮੋਜੂਦ ਹੁੰਦੀਆਂ ਹਨ। ਪਲਾਸਟਿਕ ਦੀਆ ਬਣੀਆਂ ਵਸਤਾਂ ਉਪਰ ਕਾਰਟੂਨਾਂ ਦੀ ਤਸਵੀਰ ਲੱਗੀ ਹੁੰਦੀ ਹੈ। ਇਹਨਾਂ ਦੀ ਕੀਮਤ ਵੀ ਘੱਟ ਹੀ ਹੁੰਦੀ ਹੈ। ਬੱਚਿਆਂ ਨੂੰ ਸਸਤੀ ਵਸਤ ਵੀ ਲੈ ਕੇ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਬੱਚਿਆਂ ਦੀਆਂ ਆਦਤਾਂ ਵਿਗੜਦੀਆਂ ਨਹੀਂ ਹਨ। ਬੱਚਿਆਂ ਦੀ ਜ਼ਿੱਦ ਇੱਦਾਂ ਦੀ ਰਹਿੰਦੀ ਹੈ। ਉਹ ਖਿਡੌਣਿਆਂ ਦੇ ਨਾਲ ਘਰ ਭਰ ਲੈਂਦੇ ਹਨ। ਉਹਨਾਂ ਦਾ ਵਸਤਾਂ ਦੇ ਪ੍ਰਤੀ ਪਿਆਰ ਕਦੇ ਖ਼ਤਮ ਨਹੀਂ ਹੁੰਦਾ । ਇਹ ਵਸਤਾਂ ਘਰ ਦੇ ਵਿੱਚ ਕੂੜਾ ਹੀ ਬਣ ਕੇ ਪਈਆਂ ਰਹਿੰਦੀਆਂ ਹਨ। ਬੱਚੇ ਇਹਨਾਂ ਵਸਤਾਂ ਨੂੰ ਇੱਕ ਅੱਧ ਵਾਰੀ ਹੀ ਵਰਤਦੇ ਹਨ। ਮੰਡੀ ਮਨੁੱਖੀ ਮਨ ਤੇ ਆਪਣਾ ਪੱਕਾ ਗਲਬਾ ਪਾ ਰਹੀ ਹੈ ਜਿਸ ਦੇ ਵਿੱਚੋਂ ਨਿਕਲਣਾ ਆਸਾਨ ਨਹੀਂ ਹੈ। ਜਦੋਂ ਵੀ ਕੋਈ ਨਵੀਂ ਤਕਨੀਕ ਵਿਕਾਸ ਕਰਦੀ ਹੈ ਉਸ ਦੇ ਰਾਹੀਂ ਮਨੁੱਖ ਨੂੰ ਲੁੱਟਣ ਦਾ ਕੋਈ ਨਾ ਕੋਈ ਰਾਹ ਲੱਭ ਹੀ ਲਿਆ ਜਾਂਦਾ ਹੈ। ਟੀ. ਵੀ ਉੱਤੇ ਇਤਿਹਾਸਕ ਤੇ ਮਿਥਿਹਾਸਕ ਪਾਤਰ ਦਿਖਾ ਕੇ, ਇੱਕ ਤੀਰ ਨਾਲ ਦੋ ਸ਼ਿਕਾਰ ਕੀਤੇ ਜਾਂਦੇ ਹਨ। ਉਹਨਾਂ ਪਾਤਰਾਂ ਦੇ ਨਾਲ ਸੰਬੰਧਿਤ ਵਸਤਾਂ ਨੂੰ ਬਜ਼ਾਰ ਦੇ ਵਿੱਚ ਉਤਾਰਿਆ ਜਾਂਦਾ ਹੈ। ਲੋਕਮਨ ਦੇ ਵਿੱਚ ਉਹਨਾਂ ਪਾਤਰਾਂ ਦੇ ਪ੍ਰਤੀ ਸ਼ਰਧਾ ਹੁੰਦੀ ਹੈ।

ਸੋ ਉਹਨਾਂ ਵਸਤਾਂ ਦੀ ਵਿਕਰੀ ਆਸਾਨ ਹੋ ਜਾਂਦੀ ਹੈ। ਮਾਨਵ ਨੂੰ ਪ੍ਰਭਾਵਿਤ ਕਰਨ ਦੇ ਲਈ ਅਨੇਕਾਂ ਵਿਗਿਆਪਨ ਵੀ ਟੀ.ਵੀ ਉੱਤੇ ਦਿਖਾਏ ਜਾਂਦੇ ਹਨ। ਇਨ੍ਹਾਂ ਦੇ ਵਿੱਚ ਪੇਸ਼ ਚਿੱਤਰ ਮਾਨਵ ਨੂੰ ਪ੍ਰਭਾਵਿਤ ਕਰ ਜਾਂਦੇ ਹਨ। ਉਹ ਆਪਣੇ ਬੱਚਿਆ ਨੂੰ ਇਹ ਕਾਰਟੂਨ ਦੇਖਣ ਵੀ ਦਿੰਦੇ ਹਨ। ਮਾਪਿਆ ਦਾ ਮੰਨਣਾ ਹੈ ਕਿ ਇਹ ਕਾਰਟੂਨ ਦੇਖਣ ਨਾਲ ਚੰਗੇ ਨੈਤਿਕ ਗੁਣ ਗ੍ਰਹਿਣ ਕਰਨਗੇ। ਅਸਲ ਸੱਚਾਈ ਇਹ ਹੈ ਕਿ ਬੱਚਾ ਅਸਲੀਅਤ ਤੋਂ ਬਹੁਤ ਦੂਰ ਐਨੀਮੇਸ਼ਨ ਦੀ ਦੁਨੀਆਂ ਦੇ ਵਿੱਚ ਗੁਆਚ ਜਾਂਦਾ ਹੈ। ਬੱਚਾ ਆਪਣੇ ਪਰਿਵਾਰ ਨਾਲੋਂ ਕੱਟਿਆ ਕੱਟਿਆ ਰਹਿਣ ਲੱਗ ਪੈਂਦਾ ਹੈ। ਬੱਚੇ ਦੀ ਦੁਨੀਆਂ ਐਨੀਮੇਸ਼ਨ ਹੀ ਬਣ ਜਾਂਦੀ ਹੈ।

ਮਾਂ ਬਾਪ ਵੱਲੋਂ ਬੱਚੇ ਨੂੰ ਵਕਤ ਨਾ ਦੇਣ ਕਰਕੇ ਹੁੰਦਾ ਹੈ। ਜਿਸ ਦੇ ਸਿੱਟੇ ਵਜੋਂ ਬੱਚਾ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਸਿਰਫ ਮੰਨੋਰੰਜਨ ਤੱਕ ਹੀ ਸੀਮਿਤ ਰਹਿਣਾ ਚਾਹੀਦਾ ਹੈ। ਜ਼ਿਆਦਾ ਕਾਰਟੂਨ ਦੇਖਣਾ ਬੱਚਿਆ ਦੇ ਲ਼ਈ ਘਾਤਕ ਸਿੱਧ ਹੋ ਸਕਦਾ ਹੈ।

ਡਾ.ਦਰਿਆ ਦੀ ਧਾਰਨਾ ਹੈ ਕਿ,

> ਅਜੋਕੇ ਮਨੁੱਖ ਨੂੰ ਆਪਣੇ ਨਿਯੰਤਰਣ ਵਿੱਚ ਕਰਕੇ ਉਸਨੂੰ ਉਪਭੋਗਵਾਦ ਦਾ ਸ਼ਿਕਾਰ ਬਣਾਉਣਾ ਵਰਤਮਾਨ ਟੈਲੀਵੀਜ਼ਨ ਨੈੱਟਵਰਕਿੰਗ ਦੀ ਪ੍ਰਮੁੱਖ ਜੁਗਤ ਹੈ। ਇਸ ਪ੍ਰਕਿਰਿਆ ਰਾਹੀਂ ਉਹ ਮਨੁੱਖੀ ਮਨ ਵਿਚ ਪਏ ਹੋਏ ਸਭਿਆਚਾਰਕ ਅਤੇ ਪ੍ਰੰਪਰਕ ਮੁੱਲਾਂ ਨੂੰ ਆਪਣੇ ਹਿੱਤਾਂ ਅਨੁਸਾਰ ਵਰਤ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ।
>
> *(ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਬਦਲਦੇ ਪਰਿਪੇਖ 52)*

ਟੀ.ਵੀ ਅਤੇ ਐਨੀਮੇਟਿਡ ਦੁਨੀਆਂ ਬੱਚਿਆਂ ਨੂੰ ਅਸਲੀਅਤ ਤੋਂ ਬਹੁਤ ਦੂਰ ਲੈ ਕੇ ਜਾ ਰਹੀ ਹੈ। ਬੱਚੇ ਟੀ.ਵੀ ਉੱਤੇ ਦਿਖਾਏ ਜਾਂਦੇ ਪ੍ਰੋਗਰਾਮਾਂ ਨੂੰ ਸੱਚ ਮੰਨਦੇ ਹਨ। ਇਹ ਪ੍ਰੋਗਰਾਮ ਆਪਣੀ ਅਸਲ ਸੱਚਾਈ ਤੋਂ ਦੂਰ ਹੁੰਦੇ ਹਨ। ਬੱਚਿਆ ਨੂੰ ਕਾਲਪਨਿਕ ਸੱਚਾਈ ਦਿਖਾਉਂਦੇ ਹਨ। ਹਰ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਉਸ ਪ੍ਰੋਗਰਾਮ ਦੇ ਕਾਲਪਨਿਕ ਹੋਣ ਦਾ ਜ਼ਿਕਰ ਕੀਤਾ ਹੁੰਦਾ ਹੈ। ਜੇਕਰ ਉਹ ਪ੍ਰੋਗਰਾਮ ਕਾਲਪਨਿਕ ਹੈ ਤਾਂ ਉਸ ਪ੍ਰੋਗਰਾਮ ਨੂੰ ਦਿਖਾਉਣਾ ਹੀ ਨਹੀਂ ਚਾਹੀਦਾ। ਅਜਿਹੇ ਪ੍ਰੋਗਰਾਮਾਂ ਦੇ ਕਰਤਾ ਸਮਾਜ ਦੇ ਅੰਧ ਵਿਸ਼ਵਾਸ ਫੈਲਾਉਣ ਦੇ ਵਿੱਚ ਯਕੀਨ ਰੱਖਦੇ ਹਨ। ਉਹਨਾਂ ਨੂੰ ਪਤਾ ਹੈ ਕਿ ਸਮਾਜ ਦੇ ਲੋਕ ਕਾਲਪਨਿਕ ਕਹਾਣੀਆਂ ਦੇ ਵਿੱਚ ਆਸਾਨੀ ਨਾਲ ਵਿਸ਼ਵਾਸ ਕਰ ਲੈਂਦੇ ਹਨ। "ਅਹਿੰਸਾ ਨੂੰ ਸਾਡੇ ਸਮਾਜ ਵਿਚ ਪਰਮ-ਧਰਮ ਸਵੀਕਾਰ ਕੀਤਾ ਗਿਆ ਹੈ। ਟੀ.ਵੀ ਉੱਤੇ ਆਉਂਦੇ ਪ੍ਰੋਗਰਾਮ ਪੂਰੀ ਤਰ੍ਹਾਂ ਨਾਲ ਇਸ ਸਿਧਾਂਤ ਦੇ ਖਿਲਾਫ਼ ਖੜ੍ਹੇ ਨਜ਼ਰੀ ਪੈਂਦੇ ਹਨ। ਛੋਟੇ-ਛੋਟੇ ਬੱਚਿਆਂ ਦੀ ਮਾਨਸਿਕਤਾ ਇਸ ਕਦਰ ਬਦਲ ਰਹੀ ਹੈ ਕਿ ਉਹ ਟੀ.ਵੀ ਦੀ ਮਨਸੂਈ ਲੜਾਈ ਅਤੇ ਸਟੰਟਾਂ ਨੂੰ ਅਸਲ ਸਮਝ ਲੈਂਦੇ ਹਨ ਅਤੇ ਉਨ੍ਹਾਂ ਨੂੰ ਨਿੱਜੀ ਜ਼ਿੰਦਗੀ ਵਿਚ ਵੀ ਅਮਲ ਵਿਚ ਲਿਆਉਂਦੇ ਹਨ। ਬੱਚਿਆ ਦੇ ਮਨ੍ਹਾ ਅੰਦਰ ਇਹ ਧਾਰਨਾਵਾਂ ਐਨੀਆਂ ਪੱਕੀਆਂ ਹੋ ਰਹੀਆਂ ਹਨ ਕਿ ਉਹ ਕਿਸੇ ਵੀ ਹਾਲ ਐਨਾ ਝੂਠ ਅਤੇ ਕਾਲਪਿਤ ਮੰਨਣ ਤੋਂ ਇਨਕਾਰੀ ਹੋ ਗਏ ਹਨ। ਇੱਕ ਸਰਵੇ ਮੁਤਾਬਿਕ

ਵਰਤਮਾਨ ਯੁੱਗ ਵਿਚ ਬੱਚਿਆਂ ਦਾ ਸਕੂਲ ਤੋਂ ਬਾਅਦ ਸਭ ਤੋਂ ਵੱਧ ਸਮਾਂ ਟੀ.ਵੀ ਦੇਖਣ ਵਿਚ ਬੀਤਦਾ ਹੈ, ਅਜਿਹੇ ਵਿਚ ਬੱਚਿਆਂ ਦੇ ਮਨ੍ਹਾਂ ਉੱਤੇ ਟੀ.ਵੀ 'ਤੇ ਚਲਦੇ ਪ੍ਰੋਗਰਾਮਾਂ ਦਾ ਅਸਰ ਹੋਣਾ ਸੁਭਾਵਿਕ ਹੈ।" *(ਪੰਜਾਬੀ ਸਭਿਆਚਾਰ; ਪ੍ਰਮੁੱਖ ਵੰਗਾਰਾਂ 63)*

ਸਮਾਰਟ ਫ਼ੋਨ ਦੀ ਜਕੜ ਵਿੱਚ ਹਰ ਉਮਰ ਜਕੜੀ ਨਜ਼ਰ ਆਉਂਦੀ ਹੈ। ਸਮਾਰਟ ਫ਼ੋਨ ਨੇ ਮਾਂ-ਬਾਪ ਦੇ ਲਈ ਪ੍ਰੇਸ਼ਾਨੀ ਦਾ ਸਬੱਬ ਬਣਾਇਆ ਹੈ। ਅਕਸਰ ਦੇਖਣ ਦੇ ਵਿੱਚ ਆਉਂਦਾ ਹੈ ਕਿ ਛੋਟੀ ਉਮਰ ਦੇ ਬੱਚੇ ਜ਼ਿਆਦਾ ਫ਼ੋਨ ਤੇ ਲੱਗੇ ਹੁੰਦੇ ਹਨ। ਫੋਨ ਦੇ ਵਿੱਚ ਗੇਮਾਂ ਅਤੇ ਕਾਰਟੂਨ ਵੀ ਦੇਖਣ ਨੂੰ ਮਿਲ ਜਾਂਦੇ ਹਨ। ਉਹ ਕਾਰਟੂਨ ਤੇ ਗੇਮ ਖੇਡਣ ਦੀ ਚਾਹਿਤ ਵਿੱਚ ਫ਼ੋਨ ਦੇ ਪ੍ਰਤੀ ਆਕਰਸ਼ਿਤ ਹੁੰਦੇ ਹਨ। ਜ਼ਿਆਦਾ ਫ਼ੋਨ ਉੱਤੇ ਲੱਗਣ ਨਾਲ ਬੱਚਿਆ ਦੀਆਂ ਅੱਖਾਂ ਵੀ ਖਰਾਬ ਹੋਣ ਲੱਗ ਪਈਆਂ ਹਨ। ਅੱਖਾਂ ਖਰਾਬ ਹੋਣ ਦੇ ਨਾਲ ਨਾਲ ਮਾਨਸਿਕਤਾ ਉੱਤੇ ਵੀ ਅਸਰ ਹੋਣ ਲੱਗ ਪਿਆ ਹੈ। ਜਿਨ੍ਹਾਂ ਦੇ ਮਾਪੇ ਆਪਣੇ ਬੱਚਿਆਂ ਨੂੰ ਵਕਤ ਨਹੀਂ ਦੇ ਪਾਉਂਦੇ ਹਨ, ਉਹਨਾਂ ਦੇ ਬੱਚੇ ਫੋਨ ਉੱਤੇ ਹੀ ਆਪਣਾ ਮੰਨੋਰੰਜਨ ਕਰਦੇ ਹਨ। ਭੁਪਿੰਦਰ ਸਿੰਘ ਬੱਤਰਾ ਦੇ, "ਸਰਵੇਖਣ ਦੇ ਅਨੁਸਾਰ 65 ਫ਼ੀਸਦੀ ਵਿਦਿਆਰਥੀਆਂ ਦਿਨ ਵਿੱਚ 3 ਘੰਟਿਆ ਤੋਂ ਜ਼ਿਆਦਾ ਮੋਬਾਇਲ ਫ਼ੋਨ ਦੀ ਵਰਤੋਂ ਕਰਦੇ ਹਨ ਅਤੇ 55 ਫ਼ੀਸਦੀ ਵਿਦਿਆਰਥੀ ਨੇ ਇਹ ਮੰਨਿਆ ਹੈ ਕਿ ਉਹ ਜ਼ਿਆਦਾ ਵਰਤੋਂ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹਨ।" *(ਮੀਡੀਆ ਦਾ ਮਾਇਆ ਜਾਲ 163)*

**ਸ)** **ਵਿਆਹ**:- ਸਮੇਂ ਦੇ ਨਾਲ ਰਸਮ ਰਿਵਾਜ ਪਰਵਰਤਿਤ ਹੁੰਦੇ ਹਨ। ਪਰੰਤੂ ਹਰ ਰਸਮ ਦੇ ਵਿੱਚ ਤਬਦੀਲੀ ਕਰਨੀ ਸਹੀ ਨਹੀਂ ਹੈ। ਇਹ ਸਭਿਆਚਾਰ ਦੇ ਵਿਲੱਖਣ ਆਧਾਰ ਦਾ ਪਛਾਣ ਚਿੰਨ੍ਹ ਹੁੰਦੇ ਹਨ। ਰਸਮ ਰਿਵਾਜ ਭਾਈਚਾਰਕ ਅਤੇ ਸਮਾਜਕ ਸਾਂਝ ਦਾ ਪ੍ਰਤੀਕ ਹੁੰਦੇ ਹਨ। 21 ਵੀਂ ਸਦੀ ਦਾ ਮਨੁੱਖ ਕੁਦਰਤ ਦੇ ਵਿਰੋਧ ਵਿੱਚ ਖੜ੍ਹਾ ਹੈ। ਇਹ ਨਾ ਕੁਦਰਤ ਦੇ ਕਰੋਪ ਤੋਂ ਡਰਦਾ ਹੈ। "ਇਸ ਲਈ ਰਸਮ ਰਿਵਾਜਾਂ ਦਾ ਰੂਪ ਅਜੋਕੇ ਸੰਦਰਭ ਵਿੱਚ ਆਦਿ ਭੋਤਿਕ ਅਤੇ ਧਾਰਮਿਕ ਨਾ ਰਹਿ ਕੇ ਭੌਤਿਕ ਅਤੇ ਸੈਕੂਲਰ ਹੁੰਦਾ ਜਾ ਰਿਹਾ ਹੈ। ਹਰ ਖੇਤਰ ਦੇ ਵਿੱਚ ਆ ਰਹੀ ਪ੍ਰਗਤੀ ਰਸਮ-ਰਿਵਾਜਾਂ ਨੂੰ ਖਤਮ ਕਰ ਰਹੀ ਹੈ। ਅੱਜ ਪੁਰਾਣੇ ਰਸਮੋ-ਰਿਵਾਜਾਂ ਨੂੰ ਵਹਿਮ-ਭਰਮ ਦਰਸਾ ਕੇ ਉਨ੍ਹਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਜਾਂਦਾ ਹੈ।" *(ਰੰਗਲਾ ਪੰਜਾਬ 106)*

ਪੁਰਾਤਨ ਵਿਆਹ ਸ਼ਾਦੀਆਂ ਦੇ ਵਿੱਚ ਨਾਈ ਤੇ ਵਿਚੋਲੇ ਦੀ ਵਿਸ਼ੇਸ਼ ਭੂਮਿਕਾ ਸੀ। ਅੱਜ ਦੇ ਵਕਤ ਦੇ ਵਿੱਚ ਇਹਨਾਂ ਦਾ ਮਹੱਤਵ ਬਿਲਕੁਲ ਖਤਮ ਹੋ ਚੁੱਕਾ ਹੈ। ਇਹਨਾਂ ਦੀ ਥਾਂ ਅਖਬਾਰਾਂ, ਇਸ਼ਤਿਹਾਰਾਂ, ਔਨਲਾਈਨ ਸੋਸ਼ਲ ਸਾਇਟਾਂ ਨੇ ਲੈ ਲਈ ਹੈ। ਇਹਨਾਂ ਦੇ ਰਾਹੀਂ ਰਿਸ਼ਤੇ ਹੁੰਦੇ ਹਨ। “ਜਿਉਂ ਜਿਉਂ ਪੰਜਾਬੀ ਆਪਣੀ ਆਰਥਿਕ ਹਾਲਤ ਵਿੱਚ ਮਜ਼ਬੂਤ ਹੋ ਰਹੇ ਹਨ ਤਿਉਂ ਤਿਉਂ ਵਿਆਹ ਦੀਆਂ ਪ੍ਰਚਲਿਤ ਵੰਨਗੀਆਂ ਵਿਚ ਅੰਤਰ ਆ ਰਿਹਾ ਹੈ।” *(ਪੰਜਾਬੀ ਸਾਹਿਤ ਤੇ ਸਭਿਆਚਾਰ 36)*

**ਹ) ਵਿਆਹ ਦਾ ਕਾਰਡ** - ਵਿਆਹ ਮਨੁੱਖ ਦੀ ਵਿਸ਼ੇਸ਼ ਪ੍ਰਥਾ ਦੇ ਵਿਚੋਂ ਇੱਕ ਹੈ। ਵਿਆਹ ਦੀ ਸੰਸਥਾ ਮਾਨਵ ਨੂੰ ਸਮਾਜਕ ਬੰਧਨਾਂ ਦੇ ਵਿੱਚ ਪਾਉਂਦੀ ਹੈ। ਵਿਆਹ ਸੰਸਥਾ ਦੇ ਹੋਂਦ ਵਿਚ ਆਉਣ ਕਾਰਨ ਸਭਿਆਚਾਰਕ ਵਰਤਾਰਾ ਇਕ ਇਕਾਈ ਦੇ ਵਿਚ ਸਮਿਲਤ ਹੋ ਗਿਆ ਹੈ। ਬਚਪਨ ਤੋਂ ਬਾਦ ਜ਼ਿੰਦਗੀ ਦਾ ਅਗਲੇਰਾ ਪੜਾਅ ਜਵਾਨੀ ਦਾ ਆਉਂਦਾ ਹੈ। ਕੁੜੀ/ਮੁੰਡੇ ਦੇ ਜਵਾਨ ਹੋਣ ’ਤੇ ਉਹਨਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਖਪਤ ਸਭਿਆਚਾਰ ਦਾ ਪ੍ਰਭਾਵ ਵਿਆਹ ਪ੍ਰਥਾ ਉੱਤੇ ਵੀ ਦਿੱਖਦਾ ਹੈ। ਵਿਆਹ ਦੀਆਂ ਰੀਤਾਂ ਦੇ ਵਿੱਚ ਨਵੀਆਂ ਰੀਤਾਂ ਸ਼ਾਮਿਲ ਹੋ ਗਈਆਂ ਹਨ। ਪਹਿਲਾਂ ਵਿਆਹ ਦੇ ਕਾਰਡ ਸਾਧਾਰਨ ਬਣਾਏ ਜਾਂਦੇ ਸਨ। ਹੁਣ ਵਿਆਹ ਦੇ ਕਾਰਡਾਂ ਦੇ ਵਿੱਚ ਵੀ ਭਿੰਨਤਾ ਆ ਗਈ ਹੈ। ਬਜ਼ਾਰ ਦੇ ਵਿੱਚ ਵਿਆਹ ਦਾ ਕਾਰਡ ਮਹਿੰਗੇ ਤੋਂ ਮਹਿੰਗਾ ਮਿਲਦਾ ਹੈ। ਮਨੁੱਖ ਆਪਣੀ ਹੈਸੀਅਤ ਦੇ ਮੁਤਾਬਿਕ ਵਿਆਹ ਦਾ ਕਾਰਡ ਬਣਾਉਂਦਾ ਹੈ। ਅਸਲ ਦੇ ਵਿੱਚ ਵਿਆਹ ਦੇ ਕਾਰਡ ਰਾਹੀਂ ਲੋਕ ਆਪਣੇ ਰੁਤਬੇ ਨੂੰ ਦਰਸਾਉਂਦੇ ਹਨ। ਵਿਆਹ ਦੇ ਕਾਰਡ ਵਿੱਚ ਲੋਕ ਸੋਨੇ ਦਾ ਸਿੱਕਾ ਜਾਂ ਚਾਂਦੀ ਦਾ ਸਿੱਕਾ ਲਗਾ ਕੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਭੇਜਦੇ ਹਨ। “ਭਾਰਤੀ ਵਿਆਹ ਸਭ ਤੋਂ ਮਹਿੰਗੇ ਹਨ। ਭਾਰਤੀ ਵਿਆਹ ਉਦਯੋਗ ਲਗ-ਪਗ 50 ਅਰਬ ਡਾਲਰ ਹੈ। ਹਰੇਕ ਸਾਲ 20% ਦਰ ਦੇ ਵਿੱਚ ਵਾਧਾ ਹੁੰਦਾ ਹੈ।” *(www.quora.com, Indian marriages are costly? )*

ਲੋਕ ਵਿਆਹ ਆਪਣੀ ਸਮਰੱਥਾ ਦੇ ਮੁਤਾਬਿਕ ਕਰਦੇ ਹਨ। ਅਮੀਰਾਂ ਦੇ ਵਿਆਹ ਦੇ ਵਿੱਚ ਦਿਖਾਵਾ ਦੇਖਣ ਨੂੰ ਮਿਲਦਾ ਹੈ। ਸਮਾਜ ਦੇ ਵਿੱਚ ਨਵਾਂ ਪ੍ਰਚਲਣ ਅਮੀਰ ਹੀ ਪੈਦਾ ਕਰਦੇ ਹਨ।





**Figure 2.3 : ਵਿਆਹ ਖਰਚ ਦੀ ਝਲਕ**

ਅਮੀਰ ਵਰਗ ਹੀ ਵਿਆਹ ਦੇ ਕਾਰਡ ਉਪਰ ਦਿਖਾਵਾ ਕਰਦਾ ਹੈ। ਸਾਧਾਰਨ ਵਰਗ ਦੇ ਵਿਆਹ ਦੇ ਕਾਰਡ ਵੀ ਸਾਧਾਰਨ ਹੀ ਹੁੰਦੇ ਹਨ। ਭਾਰਤ ਦੇ ਵਿੱਚ ਜ਼ਿਆਦਾ ਲੋਕ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹਨ। ਉਹਨਾਂ ਦੇ ਲਈ ਵਿਆਹ ਦਾ ਖਰਚਾ ਕਰਨਾ ਔਖਾ ਹੋ ਜਾਂਦਾ ਹੈ। ਵਿਆਹ ਦੇ ਕਾਰਡ ਉਪਰ ਫ਼ਾਲਤੂ ਖਰਚਾ ਨਹੀਂ ਕਰਨਾ ਚਾਹੀਦਾ ਕਿਉਂਕਿ ਲੋਕ ਕਾਰਡ ਨੂੰ ਸਿਰਫ਼ ਇੱਕ ਵਾਰ ਹੀ ਦੇਖਦੇ ਹਨ। ਫਿਰ ਕਾਰਡ ਇੱਦਾਂ ਹੀ ਪਏ ਰਹਿੰਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ 'ਇੰਨੇ ਖਰਚੇ ਦਾ ਕੋਈ ਫ਼ਾਇਦਾ ਨਹੀ ਹੈ।' *(ਅਮਨਦੀਪ ਕੌਰ .ਅਸਿਸਟੈਂਟ ਪ੍ਰੋਫੈਸਰ. ਐੱਸ.ਡੀ ਗਰਲਜ਼ ਕਾਲਜ. ਬਠਿੰਡਾ)*

ਵਿਆਹ ਕੁਝ ਘੰਟਿਆਂ ਦੀ ਖੇਡ ਕਹਿ ਸਕਦੇ ਹਾਂ, ਕਿਉਂਕਿ ਵਿਆਹ ਦਾ ਸਮਾਗਮ ਕੁਝ ਚਾਰ ਕੁ ਘੰਟਿਆ ਦੇ ਵਿੱਚ ਸਮਾਪਤ ਹੋ ਜਾਂਦਾ ਹੈ। ਵਿਆਹ ਦਾ ਕਾਰਡ ਵੀ ਪੜ੍ਹ ਕੇ ਰੱਖ ਦਿੰਦੇ ਹਨ। ਇਹ ਸ਼ਗਨਾਂ ਵਾਲਾ ਕਾਰਡ ਕੂੜੇ-ਦਾਨ ਦੇ ਵਿੱਚ ਜਾਂ ਜਲ ਪ੍ਰਵਾਹ ਕਰ ਦਿੰਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ," ਦੇਖਾ-ਦੇਖੀ ਦੀ ਦੌੜ ਨੇ ਹਰ ਇਨਸਾਨ ਨੂੰ ਵਿਆਹ ਦੇ ਕਾਰਡ ਉਪਰ ਫ਼ਾਲਤੂ ਖਰਚੇ ਕਰਨ ਲਈ ਮਜਬੂਰ ਕਰ ਦਿੱਤਾ ਹੈ। " *(ਡਾ. ਪਰਮਿੰਦਰ ਕੋਰ. ਅਸਿਸਟੈਂਟ ਪ੍ਰੋਫੈਸਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)*

ਇਹ ਸਹੀ ਕਿਹਾ ਹੈ, ਦੇਖਾ-ਦੇਖੀ ਹੀ ਪੰਜਾਬੀਆਂ ਨੇ ਆਪਣੇ ਖਰਚੇ ਵਧਾਏ ਹਨ। ਖ਼ੁਸ਼ੀ ਦੇ ਹਰ ਕਾਰਜ ਖ਼ਰਚੀਲੇ ਖ਼ਰਚਿਆਂ ਨਾਲ ਹੀ ਪੂਰੇ ਕੀਤੇ ਜਾਂਦੇ ਹਨ। ਲੋਕਾਂ ਨੂੰ ਖ਼ੁਸ਼ ਕਰਨ ਦੇ ਲਈ ਖਰਚਾ ਕਰਨਾ

ਸਹੀ ਨਹੀਂ ਹੈ। ਮਨੁੱਖ ਮਾਨਸਿਕ ਅਤੇ ਸਰੀਰਕ ਬੋਝ ਹੇਠਾਂ ਦੱਬ ਜਾਂਦਾ ਹੈ। ਮੱਧ ਵਰਗ ਤਾਂ ਘਰ ਦੇ ਵਿੱਚ ਪ੍ਰੋਗਰਾਮ ਕਰਨ ਦੇ ਲਈ ਕਰਜ਼ੇ ਦੇ ਬੋਝ ਹੇਠਾਂ ਦੱਬ ਜਾਂਦੇ ਹਨ। ਸਖ਼ਤ ਮਿਹਨਤ ਕਰਨ ਤੋਂ ਬਾਅਦ ਵੀ ਕਰਜ਼ਿਆਂ ਨੂੰ ਚੁਕਾਉਣ ਦੇ ਅਸਮਰਥ ਮਹਿਸੂਸ ਕਰਦਾ ਹੈ। ਡਾ. ਦਰਿਆ ਨਾਲ ਹੋਈ ਮੁਲਕਾਤ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ,

"ਕਈ ਰੀਤਾਂ-ਰਸਮਾਂ ਸਮਾਜ ਦੇ ਵਿੱਚ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ। ਫਿਰ ਕਈ ਵਾਰ ਉਹ ਰਸਮਾਂ ਖ਼ਤਮ ਵੀ ਹੋ ਜਾਂਦੀਆ ਹਨ। ਵਾਰ-ਵਾਰ ਦੁਹਰਾਏ ਜਾਣ ਕਰਕੇ ਰਸਮ ਦਾ ਰੂਪ ਧਾਰਨ ਕਰ ਲੈਂਦੀ ਹੈ। ਜਿਵੇਂ ਕਿ ਤੇਲ ਦਾ ਚੋਇਆ ਜਾਣਾ, ਇਸ ਨੂੰ ਵਿਆਹ ਦੇ ਸ਼ਗਨਾਂ ਵਿੱਚ, ਨਵੇਂ ਮਹਿਮਾਨ ਦੇ ਆਉਣ ਤੇ, ਦਿਨ ਦਿਹਾੜੇ ਤੇ ਘਰ ਦੇ ਬਰੂਹਾਂ ਉੱਤੇ ਚੋਇਆ ਜਾਂਦਾ ਸੀ। ਇਹ ਰਸਮ ਦੇ ਵਿੱਚੋਂ ਪੈਦਾ ਹੋਈ ਹੈ। ਪੁਰਾਤਨ ਘਰਾਂ ਦੇ ਦਰਵਾਜ਼ੇ ਲਕੜੀ ਦੇ ਸਨ। ਮੀਂਹ/ ਬਰਸਾਤ ਜਾਂ ਨਮੀ ਦੇ ਕਾਰਨ ਅੜ ਜਾਂਦੇ ਸਨ। ਉਹਨਾਂ ਦੇ ਕਿੱਲ, ਕਬਜ਼ਿਆਂ ਦੇ ਵਿੱਚ ਸਰ੍ਹੋਂ ਦਾ ਤੇਲ ਪਾਇਆ ਜਾਂਦਾ ਸੀ। ਸਮੇਂ ਦੇ ਨਾਲ ਦਰਵਾਜ਼ਿਆ ਦੀ ਬਣਤਰ ਬਦਲ ਗਈ ਹੈ। ਪਰ ਤੇਲ ਪਾਉਣ ਦੀ ਰੀਤ ਅਜੇ ਵੀ ਕਾਇਮ ਹੈ। ਰਸਮਾਂ ਵਾਰ ਵਾਰ ਦੁਹਰਾਈਆਂ ਜਾਣ ਕਰਕੇ ਰਸਮਾ, ਕਈ ਵਾਰੀ ਸਮੇਂ ਨਾਲ ਬਦਲ ਜਾਂਦੀਆਂ ਹਨ ਜਾਂ ਰਸਮਾਂ ਦੇ ਵਿੱਚੋਂ ਮਨਫ਼ੀ ਹੋ ਜਾਂਦੀਆਂ ਹਨ। "(ਚਿੰਤਕ)

ਵਿਸ਼ਵੀਕਰਨ ਦੇ ਦੌਰ ਦੇ ਵਿੱਚ ਵਿਆਹ ਪ੍ਰਬੰਧ ਦੇ ਵਿੱਚ ਵੀ ਤਬਦੀਲੀ ਆਈ ਹੈ। ਕਈ ਦਿਨਾਂ ਦੇ ਵਿਆਹ ਇੱਕ ਦਿਨ ਦੇ ਵਿੱਚ ਬਦਲ ਗਏ ਹਨ।ਘਰ ਤੋਂ ਨਿਕਲ ਕੇ ਪੈਲਸਾਂ ਦਾ ਅੰਗ ਬਣ ਗਏ ਹਨ। ਰੀਸੈਪਸ਼ਨ ਸਮੇਂ ਦੀ ਹੀ ਦੇਣ ਹੈ। ਰੀਤਾਂ ਰਸਮਾਂ ਦੀ ਜ਼ਰੂਰਤ ਹੈ ਕਿਉਂਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਸਭਿਆਚਾਰ ਦੇ ਵਿੱਚ ਭਰਾਤਰੀ ਭਾਵ ਹੁੰਦਾ ਹੈ ਉਸ ਦਾ ਕੋਈ ਸਭਿਆਚਾਰ ਨਹੀਂ ਹੁੰਦਾ। ਉਹ ਪਸ਼ੂ ਬਰਾਬਰ ਮੰਨਿਆ ਜਾਂਦਾ ਹੈ। ਸਮੂਹ ਨਾਲ ਜੁੜੇ ਹੋਏ ਹਾਂ, ਸਮੂਹ ਦੀਆਂ ਰੀਤਾਂ ਨੂੰ ਸਮੂਹ ਹੀ ਮਾਨਤਾ ਦੇਵੇਗਾ। "ਵਿਆਹ ਦੇ ਕਾਰਡ ਤੋਂ ਬਾਅਦ ਵਿਆਹ ਦੀਆਂ ਰਸਮਾਂ ਦੇ ਵਿੱਚ ਅਸਰ ਦਿਖਾਈ ਦਿੰਦਾ ਹੈ। ਵਿਆਹ ਦੀ ਸ਼ੁਰੂਆਤ ਮੰਗਣੀ ਦੇ ਨਾਲ ਹੁੰਦੀ ਹੈ। ਮੰਗਣੀ ਦੀ ਰਸਮ ਰੋਕੇ ਤੋਂ ਪਿੱਛੋਂ ਕੀਤੀ ਜਾਂਦੀ ਹੈ। ਇਸ ਰਸਮ ਦਾ ਅਰਥ ਹੈ, ਜਾਣੀ ਲੜਕੇ ਨੂੰ ਲੜਕੀ ਵਾਲਿਆਂ ਵੱਲੋਂ ਆਪਣੇ ਲਈ ਮੰਗਣਾ ਕਿ ਸਾਡਾ ਹੋ ਗਿਆ।

ਵਰਤਮਾਨ ਸਮੇਂ ਦੇ ਵਿੱਚ ਮੰਗਣੀ ਸਰੂਪ ਪਰਿਵਰਤਿਤ ਹੋ ਗਿਆ ਹੈ। ਪਹਿਲਾ ਮੰਗਣੀ ਵਿੱਚ ਕੁੜੀ ਵਾਲਿਆਂ ਵੱਲੋਂ ਜਾ ਕੇ ਮੁੰਡੇ ਨੂੰ ਸ਼ਗਨ ਲਗਾਇਆ ਜਾਂਦਾ ਸੀ। ਅੱਜਕੱਲ੍ਹ ਕੁੜੀ ਤੇ ਮੁੰਡੇ ਨੂੰ ਇਕੱਠੇ ਹੀ ਸ਼ਗਨ ਲਾਇਆ ਜਾਂਦਾ ਹੈ। ਹੋਟਲਾਂ ਜਾਂ ਪੈਲੇਸਾਂ ਦੇ ਵਿੱਚ ਸ਼ਗਨ ਲਗਾਇਆ ਜਾਂਦਾ ਹੈ। ਵਿਆਹ ਜਿੰਨਾ ਖਰਚਾ ਮੰਗਣੀਆਂ ਦੇ ਉੱਪਰ ਕਰ ਜਾਂਦੇ ਹਨ। ਵਿਆਹ ਤੋਂ ਪਹਿਲਾਂ, bangles ceremony, pre-wedding, photo shoot, ਆਦਿ ਨਵੇਂ ਰਿਵਾਜ ਬਣ ਗਏ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ 'ਨੌਜਵਾਨ ਵਰਗ ਦੀ ਨਵੀਂ ਸੋਚ ਨੇ ਰਸਮਾਂ ਰਿਵਾਜ਼ਾਂ ਦਾ ਰੂਪ ਬਦਲ ਦਿੱਤਾ ਹੈ।' *(ਡਾ.ਪਰਮਿੰਦਰ ਕੌਰ. ਅਸਿਸਟੈਂਟ ਪ੍ਰੋਫੈਸਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)*

**ਕ)** **Bangles Ceremony**, : ਅੱਜ ਕੱਲ੍ਹ ਇਹ ਰਸਮ ਹਰ ਇੱਕ ਕੁੜੀ ਦੇ ਵੱਲੋਂ ਕੀਤੀ ਜਾਂਦੀ ਹੈ। ਵਿਆਹ ਹੋਣ ਤੋਂ ਕੁਝ ਦਿਨ ਪਹਿਲਾਂ ਇਹ ਰਸਮ ਕੀਤੀ ਜਾਂਦੀ ਹੈ। ਕੁੜੀ ਦੀਆਂ ਸਹੇਲੀਆਂਭੈਣਾਂ ਲਾਲ ਤੇ ਹਰੇ ਰੰਗ ਦੀਆਂ ਚੂੜੀਆਂ ਲੈ ਕੇ ਆਉਂਦੀਆਂ ਹਨ। ਡਾ. ਅਮਰਜੀਤ ਸਿੰਘ. ਦੇ ਕਥਨ ਹਨ ਕਿ " ਮਿਥੇ ਹੋਏ ਦਿਨ ਇਕੱਠੀਆਂ ਹੁੰਦੀਆਂ ਹਨ ਤੇ ਇੱਕ ਪਰਾਤ ਦੇ ਵਿੱਚ ਕੱਚੀ ਲੱਸੀ ਤੇ ਫੁੱਲ ਦੀਆਂ ਪੱਤੀਆਂ ਪਾਕੇ ਚੂੜੀਆਂ ਨੂੰ ਸ਼ੁੱਧ ਕਰਕੇ ਵਿਆਹ ਵਾਲੀ ਕੁੜੀ ਦੇ ਪਾ ਦਿੱਤੀਆਂ ਜਾਂਦੀਆ ਹਨ। ਇਸ ਰੀਤ ਪਿੱਛੇ ਮਿੱਥ ਕੰਮ ਕਰਦੀ ਹੈ ਕਿ ਕੁੜੀ ਜਿੰਨਾ ਕੱਚ ਹੰਡਾਵੇਗੀ ਉਸ ਲਈ ਉਨਾਂ ਹੀ ਸ਼ੁਭ ਸਮਝਿਆ ਜਾਵੇਗਾ। " *(ਡਾ. ਅਮਰਜੀਤ ਸਿੰਘ. ਵਿਆਹ ਦੀਆਂ ਰਹੁ-ਰੀਤਾਂ 100)*

ਵਿਆਹ ਵਾਲੀ ਕੁੜੀ ਦੇ ਲਈ ਤੋਹਫ਼ੇ ਵੀ ਲੈ ਕੇ ਆਉਂਦੀਆਂ ਹਨ। ਵੱਡੇ ਲੋਕ ਇਸ ਫੰਕਸ਼ਨ ਨੂੰ ਵਧੇਰੇ ਵੱਡੇ ਪੱਧਰ ਉਪਰ ਕਰਦੇ ਹਨ। ਆਧੁਨਿਕ ਦੌਰ ਦੇ ਵਿੱਚ ਲੋਕ ਵਧੇਰੇ ਮਾਡਰਨ ਹੋ ਗਏ ਹਨ। ਪੁਰਾਤਨ ਸਮੇਂ ਦੇ ਵਿੱਚ ਕੁੜੀ ਮੁੰਡੇ ਦਾ ਇੱਕ ਦੂਜੇ ਨੂੰ ਮਿਲਣਾ ਵਰਜਿਤ ਕੀਤਾ ਜਾਂਦਾ ਸੀ। ਮਾਡਰਨ ਸਮੇਂ ਦੇ ਨਾਲ ਲੋਕਾਂ ਦੀ ਸੋਚ ਵੀ ਬਦਲ ਗਈ ਹੈ। ਨਵੇਂ ਢੰਗਾਂ ਨੇ ਵਿਆਹ ਦੇ ਪੁਰਾਣੇ ਰਿਵਾਜ਼ ਦੇ ਵਿੱਚ ਨਵੇਂ ਰਿਵਾਜ਼ਾਂ ਦਾ ਚਲਨ ਕੀਤਾ ਹੈ। ਵਿਆਹ ਵਰਗੀ ਪਵਿੱਤਰ ਪ੍ਰਥਾ ਨੂੰ ਮਹਿੰਗੀ ਬਣਾ ਕੇ ਰੱਖ ਦਿੱਤਾ ਹੈ। pre-wedding photo shoot ਦੇ ਲਈ ਕੁੜੀ ਮੁੰਡੇ ਭਿੰਨ-ਭਿੰਨ ਸਟਾਇਲਾਂ ਦੇ ਵਿੱਚ ਫੋਟੂਆਂ ਖਿਚਾਉਂਦੇ ਹਨ।," pre-wedding, ਅਤੇ post wedding photo shoot, ਦਾ ਰੁਝਾਨ ਕੁਝ ਕੁ ਸਾਲਾਂ ਤੋਂ ਹੋਇਆ ਹੈ। ਪੱਛਮ ਤੋਂ

ਮਹਾਂਨਗਰਾਂ ਦੇ ਵਿੱਚ ਫਿਰ ਹੌਲੀ-ਹੌਲੀ ਸਾਰੇ ਪਾਸੇ ਵਿਸਤ੍ਰਿਤ ਹੁੰਦਾ ਚਲਾ ਗਿਆ। pre-wedding post-wedding photoshot ਦੇ ਵਿੱਚ ਭਾਰਤੀ/ ਪੰਜਾਬੀ ਅਤੇ ਪੱਛਮੀ ਤਰੀਕੇ ਨਾਲ ਤਸਵੀਰਾਂ ਖਿਚਵਾਈਆਂ ਜਾਂਦੀਆ ਹਨ। ਇਹਨਾਂ ਫੋਟੋ ਦੇ ਲਈ ਲੁਧਿਆਣਾ ਵਿੱਚ ਥਾਂਦੀ ਫਾਰਮ, ਖ਼ੁਸ਼ੀਆਂ ਦਾ ਵਿਹੜਾ, ਆਲਮਗੀਰ ਸਾਹਿਬ ਵਿੱਚ ਗਰੈਂਡ ਲੋਕੇਸ਼ਨ, ਮੋਗਾ ਦੇ ਰਾਮਾ ਪਿੰਡ ਵਿੱਚ ਪਰੰਪਰਾਗਤ ਘਰਾਂ ਦੇ ਰੂਪ ਵਿੱਚ ਸਟੂਡੀਉ ਬਣੇ ਹੋਏ ਹਨ ਜਿੱਥੇ pre-wedding, post-wedding photoshot ਹੁੰਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ," ਮੈਰਿਜ ਪੈਲੇਸਾਂ ਦੇ ਵਿੱਚ ਵੱਡੀਆਂ-ਵੱਡੀਆਂ ਤਸਵੀਰਾਂ ਲੱਗੀਆਂ ਹੁੰਦੀਆਂ ਹਨ। ਇਹ ਤਸਵੀਰਾਂ ਮੈਰਿਜ ਪੈਲੇਸਾਂ ਦੇ ਮੇਨ ਦੁਆਰ ਉਤੇ ਲੱਗੀਆਂ ਹੁੰਦੀਆਂ ਹਨ ਜਿਸ ਨੂੰ ਅਣਦੇਖਿਆ ਕੋਈ ਕਰ ਹੀ ਨਹੀਂ ਸਕਦਾ। ਹਰ ਇੱਕ ਦਾ ਆਕਰਸ਼ਿਕ ਹੋਣਾ ਸੁਭਾਵਿਕ ਹੀ ਹੈ।" *(ਮਨਦੀਪ ਕੌਰ, ਸੰਗਰੂਰ, ਨਵੀ ਵਿਆਹੀ ਜੋੜੀ)*

ਪੈਲੇਸ ਦੇ ਵਿੱਚ ਆਪਣੀਆਂ ਫੋਟੂਆਂ ਸਕਰੀਨ ਤੇ ਲਗਾ ਕੇ ਲੋਕਾਂ ਨੂੰ ਆਪਣੀਆਂ ਖਿੱਚੀਆਂ ਫੋਟੂਆਂ ਨੂੰ ਦਿਖਾਉਂਦੇ ਹਨ। ਫੋਟੋਗ੍ਰਾਫਰ ਪੈਸੇ ਵੀ ਜ਼ਿਆਦਾ ਲੈਂਦੇ ਹਨ। ਫਿਰ ਫੇਸਬੁੱਕ ਤੇ ਆਪਣਾ ਪੇਜ ਬਣਾ ਕੇ ਲੋਕਾਂ ਨੂੰ ਬੁੱਕ ਕਰਨ ਲਈ ਕਹਿੰਦੇ ਹਨ। ਨਵੇਂ ਰਿਵਾਜ਼ਾਂ ਨੇ ਵਿਆਹ ਵਰਗੀ ਸਾਦੀ ਪ੍ਰਥਾ ਨੂੰ ਅਤਿ ਦੀ ਮਹਿੰਗੀ ਬਣਾ ਦਿੱਤਾ ਹੈ। ਡਾ. ਪਰਮਜੀਤ ਜੱਜ ਨਾਲ ਹੋਈ ਮੁਲਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਕਿ, "ਕਈ ਵਿਆਹ ਅਟੈਂਡ ਕੀਤੇ ਹਨ। ਵਿਆਹ ਵਾਲੇ ਦਿਨ ਮੁੰਡੇ ਵਾਲੇ ਇੱਕ ਹੀ ਰੰਗ ਦੇ ਕੱਪੜੇ ਪਾਉਂਦੇ ਹਨ। ਕੁੜੀ ਵਾਲੇ ਹਰ ਫੰਕਸ਼ਨ ਲਈ ਇੱਕੋ ਹੀ ਰੰਗ ਦੇ ਕੱਪੜੇ ਪਾਉਂਦੇ ਹਨ। ਸਾਡੇ ਵੇਲੇ ਵਿਆਹ ਵਿੱਚ ਗੁਲਗਲੇ ਬਣਾਉਂਦੇ ਫਿਰ ਵਿਆਹ ਹੋ ਜਾਂਦਾ ਸੀ। ਅੱਜ ਦੇ ਵਕਤ ਰਿੰਗ ਸੈਰੇਮਨੀ, ਬੈਂਗਲ ਸੈਰੇਮਨੀ, ਰੀਸ਼ੈਪਨ ਆਦਿ ਆ ਗਏ ਹਨ। ਸਾਡੇ ਕੋਲ ਪੈਸੇ ਜ਼ਿਆਦਾ ਆ ਗਏ ਹਨ ਜਿਸ ਨਾਲ ਵਸਤਾਂ ਦੀ ਖਪਤ ਵੱਧ ਗਈ ਹੈ। ਪੱਛਮ ਵਿਆਹ ਨੂੰ ਬਦਲੇਗਾ ਪਰ ਇਹ ਜ਼ਰੂਰ ਕਹਿੰਦੇ ਇਹ ਰੰਗ ਪਾਉ। ਵਿਆਹਾਂ ਦੇ ਵਿੱਚ ਲੱਖਾਂ ਰੁਪਇਆਂ ਦੇ ਕੱਪੜੇ ਪਾਉਂਦੇ ਹਨ। ਵਿਆਹ ਵਾਲੀ ਕੁੜੀ ਦੇ ਮੂੰਹ ਤੇ ਮੇਕਐਪ ਕੀਤਾ ਹੁੰਦਾ ਹੈ। ਕੁੜੀਆਂ ਵਿਆਹ ਤੋਂ ਪਹਿਲਾਂ ਸੋਹਣੀਆਂ ਲੱਗਦੀਆਂ ਹਨ ਤੇ ਵਿਆਹ ਵਾਲੇ ਦਿਨ ਬਿਲਕੁਲ ਸੋਹਣੀਆਂ ਨਹੀਂ ਲੱਗਦੀਆਂ। ਫਿਰ ਮੈਨੂੰ ਇਹ ਦੱਸਿਆ ਗਿਆ ਕਿ ਤੁਹਾਡੇ ਸੋਹਣੇ ਲੱਗਣ ਲਈ ਮੇਕਐਪ ਨਹੀਂ ਕੀਤਾ ਸਗੋਂ ਫੋਟੋ

ਸੋਹਣੀ ਆਏ ਤਾਂ ਕਰਕੇ ਕੀਤਾ ਗਿਆ ਹੈ। ਮੇਕਐਪ ਦਾ ਖਰਚ ਇੱਕ ਲੱਖ ਰੁਪਿਆ ਹੈ। ਨਾਈ ਦਾ ਰਿਵਾਜ ਖਤਮ ਹੋ ਗਿਆ । ਰਸਮੋ-ਰਿਵਾਜ ਖਤਮ ਹੋ ਚਲੇ ਹਨ।ਫੋਟੋਗ੍ਰਾਫਰ ਨੂੰ ਕੌਣ ਦੱਸਦਾ ਹੈ ਕਿ ਕੀ ਕੀ ਕਰਨਾ ਹੈ।ਫੋਟੋਗ੍ਰਾਫਰ ਨੂੰ ਸਭ ਕੁਝ ਪਤਾ ਹੁੰਦਾ ਹੈ। ਲਾਵਾਂ ਹੁੰਦਿਆਂ ਜੇ ਫੋਟੋਗ੍ਰਾਫਰ ਬੋਲੇ ਰੁਕ ਜਾਵੋ ਤਾਂ ਮੁੰਡਾ ਕੁੜੀ ਰੁਕ ਜਾਂਦੇ ਹਨ। ਇਹੋ ਜਿਹਾ ਹਾਲ ਹੋਇਆ ਪਿਆ ਹੈ। ਤੁਸੀ ਪੈਸਾ ਖ਼ਰਚਦੇ ਹੋ ਤਾਂ ਇਹ ਕੁਝ ਹੁੰਦਾ ਹੈ। ਜੇ ਤੁਸੀ ਪੈਸਾ ਖਰਚਣਾ ਬੰਦ ਕਰ ਦੇਵੋ ਤਾਂ ਇਹ ਸਭ ਕੁਝ ਬੰਦ ਹੋ ਜਾਵੇਗਾ।" *(ਚਿੰਤਕ)*

ਵਿਆਹ ਦੀਆਂ ਛੋਟੀਆਂ ਛੋਟੀਆਂ ਰਸਮਾਂ ਨੂੰ ਇੱਕ ਇੱਕ ਦਿਨ ਦਾ ਫੰਕਸ਼ਨ ਬਣਾ ਕੇ ਰੱਖ ਦਿੱਤਾ ਹੈ। ਮਹਿੰਦੀ ਦੀ ਰਸਮ, ਲੇਡੀ ਸੰਗੀਤ ਆਦਿ ਨੂੰ ਇੱਕ ਇੱਕ ਦਿਨ ਦਾ ਫੰਕਸ਼ਨ ਬਣਾ ਦਿੱਤਾ ਹੈ। ਅਮੀਰ ਵਿਅਕਤੀਆਂ ਨੇ ਹੀ ਵਿਆਹਾਂ ਦੀਆਂ ਰਸਮਾਂ ਨੂੰ ਬਦਲਿਆ ਹੈ। ।ਲੇਡੀ ਸੰਗੀਤ ਜਿਹੀ ਪ੍ਰਥਾ ਹੈ, ਜਿਸ ਤੋਂ ਬਿਨ੍ਹਾ ਵਿਆਹ ਅਧੂਰੇ ਮੰਨੇ ਜਾਂਦੇ ਸਨ। ਕੁੜੀ ਹੋਵੇ ਜਾਂ ਮੁੰਡਾ ਲੇਡੀ ਸੰਗੀਤ ਅਹਿਮ ਅੰਗ ਸਨ। ਘਰ ਦੀਆਂ ਔਰਤਾਂ ਇਕੱਠੀਆਂ ਹੋ ਕੇ ਸੁਹਾਗ, ਘੋੜੀਆਂ ਗਾਉਂਦੀਆਂ ਸਨ। ਵਿਆਹ ਵਾਲੇ ਘਰ ਦੇ ਵਿੱਚ ਲੇਡੀ ਸੰਗੀਤ ਦੋ ਜਾਂ ਤਿੰਨ ਦਿਨ ਚਲਦਾ ਰਹਿੰਦਾ ਸੀ।

ਇਹ ਪਰੰਪਰਾ ਮੁੱਢ ਕਦੀਮ ਤੋਂ ਹੀ ਵਿਆਹ ਸ਼ਾਦੀਆਂ ਦਾ ਅੰਗ ਰਹੀ ਹੈ। ਇਹਨਾਂ ਤੋਂ ਬਿਨ੍ਹਾਂ ਵਿਆਹ ਸ਼ਾਦੀ ਅਧੂਰੇ ਮੰਨੇ ਜਾਂਦੇ ਹਨ। ਵਿਆਹ ਤੋਂ ਕੁਝ ਦਿਨ ਪਹਿਲਾਂ ਗਾਉਣ ਤੋਂ ਵਿਆਹ ਦੀ ਸ਼ੁਰੂਆਤ ਹੋ ਜਾਂਦੀ ਸੀ। ਸੁਹਾਗ, ਘੋੜੀਆਂ, ਸਿੱਠਣੀਆਂ, ਛੰਦਾਂ, ਆਦਿ ਨਾਲ ਮਾਹੌਲ ਗੂੰਜ ਉੱਠਦਾ ਸੀ। ਬਦਲਦੇ ਸਮੇਂ ਨੇ ਲੋਕ ਗਾਇਕਾਂ ਦਾ ਸਰੂਪ ਹੀ ਪਰਿਵਰਤਿਤ ਕਰ ਦਿੱਤਾ ਹੈ।ਘੋੜੀਆਂ, ਸੁਹਾਗ, ਛੰਦ, ਵਿਆਹਾਂ ਦੇ ਵਿੱਚ ਸੁਣਨ ਨੂੰ ਨਹੀਂ ਮਿਲਦੇ ਹਨ।ਪਰੰਪਰਾਗਤ ਮਾਧਿਅਮ ਇਸਨੂੰ folkmedia, ਦੇ ਵਜੋਂ ਜਾਣਿਆ ਜਾਂਦਾ ਹੈ। ਜਨ ਮਾਧਿਅਮ ਨੂੰ mass media, ਵਿਚ ਤਬਦੀਲ ਹੋ ਕੇ ਸਾਧਾਰਨ ਪੇਸ਼ਕਾਰੀ ਜਿਵੇਂ ਸੁਹਾਗ, ਘੋੜੀਆਂ ਆਦਿ ਦੀ ਨਵੀਨ ਪੇਸ਼ਕਾਰੀ ਰਾਹੀਂ ਜਨ ਸਾਧਾਰਨ ਨੂੰ ਆਪਣੇ ਨਾਲ ਜੋੜਨ ਦਾ ਯਤਨ ਕਰ ਰਹੇ ਹਨ। ਇਹ ਗੱਲ ਕਰਨੀ ਜ਼ਰੂਰੀ ਬਣਦੀ ਹੈ ਕਿ ਲੋਕ ਗੀਤ ਜਿੰਨੇ ਸਰਲ ਤੇ ਸਾਦਗੀ ਵਿੱਚ ਚਲਦੇ ਸਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਅਨੁਸਾਰ "ਅਜੋਕੇ ਮਾਧਿਅਮ ਉਸ ਸੁਹਜ ਤੇ ਸਾਦਗੀ ਤੋਂ ਕੋਹਾਂ ਦੂਰ ਰੌਲ਼ੇ ਰੱਪੇ ਦੇ ਯੁੱਗ

ਵਿਚ ਆਪਣਾ ਪ੍ਰਚਾਰ ਪ੍ਰਾਪੇਗੰਡੇ ਦੀ ਨੀਤੀ ਤਹਿਤ ਕਰ ਰਹੇ ਹਨ। " *(ਪ੍ਰੀਤੀ. ਖੋਜ. ਵਿਦਿਆਰਥਣ ਗੁਰੂ ਨਾਨਕ ਦੇਵ ਯੂਨੀਵਰਸਿਟੀ)*

**ਖ)** **ਲੇਡੀ ਸੰਗੀਤ** : ਇਸ ਦਾ ਰੁਝਾਨ ਖ਼ਤਮ ਹੋਣ ਦੇ ਕਿਨਾਰੇ ਖੜ੍ਹਾ ਹੈ। ਲੋਕ ਗੀਤ ਜੀਵਨ ਦਾ ਅਨਿੱਖੜਵਾਂ ਅੰਗ ਸੀ। ਹੁਣ ਇਹ ਲੋਕਾਂ ਦੇ ਮਨਾਂ ਦੇ ਵਿਚੋਂ ਨਿਕਲਦੇ ਜਾਂਦੇ ਹਨ। ਬਹੁਤ ਹੀ ਘੱਟ ਲੋਕ ਹਨ,ਜਿਨ੍ਹਾਂ ਨੂੰ ਲੋਕ ਗੀਤ ਯਾਦ ਹਨ। ਟੀ.ਵੀ ਕੰਪਿਊਟਰ ਉੱਤੇ ਗੀਤ ਲਾ ਕੇ ਨੱਚਣਾ ਪਸੰਦ ਕਰਦੇ ਹਨ। ਵਿਆਹਾਂ ਦੇ ਵਿਚ ਆਮ ਡੀ.ਜੇ ਜਾਂ ਕੰਪਿਊਟਰ ਉੱਤੇ ਗੀਤ ਲਾ ਕੇ ਲੇਡੀ ਸੰਗੀਤ ਕੀਤਾ ਜਾਂਦਾ ਹੈ। ਮੰਡੀ ਦੀ ਧਾਰਨਾ ਤਹਿਤ ਲੋਕ ਗੀਤਾਂ ਦੇ ਮਾਧਿਅਮ ਵੀ ਬਦਲ ਗਏ ਹਨ। ਜਿੱਥੇ ਪਰੰਪਰਾਗਤ ਸੰਚਾਰ ਮਾਧਿਅਮ ਲੋਕਲ ਰੂਪ ਦੇ ਵਿਚ ਸਾਕਾਰ ਹੁੰਦੇ ਹੋਏ ਵੀ ਉੱਥੇ ਸੰਸਕ੍ਰਿਤਕ ਜੜ੍ਹਾਂ ਦੇ ਨਾਲ ਜੁੜੇ ਰਹਿੰਦੇ ਹਨ ਉੱਥੇ ਅਜੋਕਾ ਮੀਡੀਆ ਗਲੋਬਲ ਪੱਧਰ ਤੇ ਵਿਚਰਦਾ ਆਪਣੇ ਪਰੰਪਰਾਗਤ ਵਰਤਾਰਿਆਂ ਤੇ ਸ੍ਰਿਸਟਾਚਾਰ ਤੋਂ ਕੋਹਾਂ ਪਰ੍ਹੇ ਵਿਚਰਦਾ ਪ੍ਰਤੀਤ ਹੁੰਦਾ ਹੈ। ਇਹ ਧਾਰਨਾ ਟੀ.ਵੀ ਚੈਨਲਾਂ ਦੁਆਰਾ ਪੈਦਾ ਕੀਤੀ ਜਾ ਰਹੀ ਹੈ। "ਅੱਜ ਉਤਪਾਦਕ, ਮੰਡੀ, ਬਜ਼ਾਰ, ਮੀਡੀਆ ਸਾਡੀਆਂ ਸਭਿਆਚਾਰਕ ਕਦਰਾਂ ਕੀਮਤਾਂ ਤੇ ਮੁੱਲਾਂ ਦੀ ਵੱਖਰੇ ਤੇ ਨਿਵੇਕਲੇ ਢੰਗਾਂ ਨਾਲ ਪਹਿਚਾਣ ਸਥਾਪਿਤ ਕਰ ਰਹੇ ਹਨ।" (ਸਤਿੰਦਰ ਕੌਰ ਰੰਧਾਵਾ. ਸਭਿਆਚਾਰ ਤੇ ਨਵ-ਪਰਿਪੇਖ *11)*

ਵਿਆਹਾਂ ਦੇ ਵਿੱਚ ਆਮ ਡੀ.ਜੇ ਉੱਤੇ ਗੀਤ ਵੱਜਦੇ ਸੁਣਦੇ ਹਨ। ਵਿਆਹਾਂ ਦੇ ਵਿੱਚ ਦੇਰ ਰਾਤ ਤੱਕ ਡੀ.ਜੇ ਵੱਜਦਾ ਰਹਿੰਦਾ ਹੈ। ਡੀ.ਜੇ ਦੇ ਨਾਲ ਧੁਨੀ ਪ੍ਰਦੂਸ਼ਣ ਹੁੰਦਾ ਹੈ। ਵਿਆਹਾਂ ਦੇ ਵਿੱਚ ਡੀ.ਜੇ ਦੇ ਕਰਕੇ ਲੜਾਈਆਂ ਵੀ ਹੁੰਦੀਆਂ ਹਨ। ਲੋਕਾਂ ਨੇ ਮੰਡੀ ਦੇ ਪ੍ਰਭਾਵ ਹੇਠ ਜੀਵਨ ਦੀਆਂ ਕਦਰਾਂ ਨੂੰ ਬਦਲ ਲਿਆ। ਸੁਹਾਗ ਜਾਂ ਘੋੜੀਆਂ ਗਾ ਕੇ ਇਸਤਰੀਆਂ ਆਪਣੇ ਮਨ ਦੀ ਤਰਜਮਾਨੀ ਕਰਦੀਆਂ ਸਨ। ਅਜੋਕੇ ਸਮੇਂ ਵਿੱਚ ਮਨ ਦੀ ਤਰਜਮਾਨੀ ਲਈ ਟੀ.ਵੀ, ਕੰਪਿਊਟਰ ਮਨ ਦੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਇਹਨਾਂ ਉੱਤੇ ਲੱਗੇ ਗੀਤਾਂ ਉੱਤੇ ਨੱਚ ਟੱਪ ਲੈਂਦੇ ਹਨ। "ਮਾਈਕਰੋਸੌਫਟ ਦੇ ਕਰਤਾ ਬਿਲ ਗੇਟਸ ਪੁਰਾਣੇ ਰੂਪਾਂ ਦੇ ਬਦਲਣ ਬਾਰੇ ਗੱਲ ਕਰਦਿਆਂ ਲਿਖਦੇ ਹਨ: ਸਾਡਾ ਉਦਯੋਗ ਲੋਕਾਂ ਦੀ ਰਹਿਣ-ਸਹਿਣ ਦੀ ਪੱਧਤੀ ਨੂੰ ਪਰਿਵਰਤਿਤ ਕਰ ਦੇਵੇਗਾ।ਜਿਸ ਤਰ੍ਹਾ ਉਹ ਸਿੱਖਦੇ ਹਨ ਤੇ ਜਿਸ ਤਰ੍ਹਾ ਨਾਲ ਉਹ ਆਪਣਾ ਮੰਨਰੋਜਨ ਕਰਦੇ ਹਨ ਉਸ ਤਰੀਕੇ ਵਿਚ ਬਦਲਾਵ ਆਵੇਗਾ।" *(ਹਰਜਿੰਦਰ ਕੌਰ ਸੋਹਲ. ਪੰਜਾਬੀ ਗਾਇਕੀ ਦਾ ਬਦਲਦਾ ਸਰੂਪ 17)*

ਇਸ ਤੋਂ ਸਪਸ਼ੱਟ ਹੈ ਕਿ ਨਵੀਆਂ ਤਕਨੀਕਾਂ ਨੇ ਮਨੁੱਖ ਨੂੰ ਸਲੀਕੇ ਦੇ ਵਿੱਚ ਰਹਿਣਾ ਭੁਲਾ ਦਿੱਤਾ ਹੈ। ਆਮ ਪੰਜਾਬੀ ਵਿਆਹਾਂ ਦੇ ਵਿੱਚ ਲੜਾਈਆਂ ਹੁੰਦੀਆਂ ਦੇਖੀਆਂ ਗਈਆਂ ਹਨ ਜਿਸ ਦਾ ਕਾਰਨ ਡੀ.ਜੇ ਹੀ ਹੈ। ਜਿੱਥੇ ਪੰਜਾਬੀ ਵਿਆਹ ਪਿਆਰ ਤੇ ਸਭਿਆਚਾਰਕ ਸਾਂਝ ਦਾ ਪ੍ਰਤੀਕ ਰਹੇ ਹਨ। ਵਿਆਹ ਸ਼ਾਦੀ ਹੀ ਪੰਜਾਬੀਆਂ ਦੇ ਮੇਲ-ਮਿਲਾਪ ਦਾ ਕੇਂਦਰ ਹੁੰਦੇ ਸੀ। ਹੁਣ ਵੀ ਇਹ ਮੇਲ-ਮਿਲਾਪ ਦਾ ਕੇਂਦਰ ਹੀ ਹਨ, ਪਰ ਮਾਨਵ ਆਪ ਹੀ ਆਪਣੀ ਸਾਂਝ ਨੂੰ ਸ਼ਾਨੋ-ਸ਼ੌਕਤ ਦੇ ਵਿੱਚ ਪੈ ਕੇ ਖ਼ਤਮ ਕਰ ਰਿਹਾ ਹੈ। ਵਿਆਹਾਂ ਦੇ ਵਿੱਚ ਚਲਦੇ ਡੀ.ਜੇ ਗਾਇਕੀ ਨੇ ਪਰੰਪਰਾਗਤ ਸਰੂਪ ਨੂੰ ਦਰ ਕਿਨਾਰੇ ਕਰ ਰੱਖਿਆ ਹੈ। ਪਰੰਪਰਾਗਤ ਗਾਇਕੀ ਦੇ ਵਿੱਚ ਜੀਵਨ ਨੂੰ ਕਾਇਮ ਰੱਖਿਆ ਜਾਂਦਾ ਸੀ। ਹਰ ਕੋਈ ਆਪਣੀਆਂ ਜੜ੍ਹਾਂ ਦੇ ਨਾਲ ਜੁੜਿਆ ਮਹਿਸੂਸ ਕਰਦਾ ਸੀ।ਵਸਤਾਂ ਦੀ ਹੋੜ ਨੇ ਇਸ ਦੀ ਜੀਵੰਤ ਹੋਂਦ ਨੂੰ ਤੋੜ ਕੇ ਰੱਖ ਦਿੱਤਾ ਹੈ। ਖਪਤ ਦਾ ਪ੍ਰਭਾਵ ਅੰਸ਼ਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਪੁਰਾਤਨ ਸਰੂਪ ਲਗਭਗ ਖਤਮ ਹੋਣ ਦੇ ਬਰਾਬਰ ਹਨ। ਜਨ ਸਾਧਾਰਨ ਅਸਲ ਦੇ ਵਿੱਚ ਨਵੇਂ ਮਾਧਿਅਮ ਦੁਆਰਾ ਵਰਤਾਰਿਆਂ ਦਾ ਪੁਨਰ ਉਤਪਾਦਨ ਕਰਦੇ ਹਨ। ਇਹ ਪੂੰਜੀਵਾਦੀ ਯੁੱਗ ਸਭਿਆਚਾਰ ਹੈ, ਜਿਸ ਦੇ ਵਿੱਚ ਆਮ ਲੋਕਾਂ ਨੂੰ ਵਸਤੂ ਦੇ ਵਿੱਚ ਬਦਲ ਦਿੱਤਾ ਹੈ। ਇਹ ਕਰਨ ਦੇ ਵਿੱਚ ਮਲਟੀਮੀਡੀਆ ਵਿਸ਼ੇਸ਼ ਯੋਗਦਾਨ ਨਿਭਾ ਰਿਹਾ ਹੈ।

ਪੂੰਜੀਵਾਦੀ ਦੁਆਰਾ ਉਤਪਤੀ ਅਖੌਤੀ ਲੋਕਤੰਤਰ ਅਵਸਥਾ ਵਿਚ ਬੁੱਧੀਜੀਵੀਆਂ ਤੋਂ ਇਲਾਵਾ ਮਾਸ ਮੀਡੀਆ ਤੇ ਲੋਕ ਸੰਪਰਕ ਉਦਯੋਗ ਅਜਿਹੇ ਮਾਧਿਅਮ ਹਨ, ਇਹਨਾਂ ਦੇ ਰਾਹੀਂ ਲੋਕ ਮਨ ਉੱਤੇ ਨਿਯੰਤਰਨ ਕੀਤਾ ਜਾਂਦਾ ਹੈ। ਪੂੰਜੀਵਾਦੀ ਲੋਕਤੰਤਰ ਮੁੱਠੀ ਭਰ ਸਾਧਨ ਸੰਪੰਨ ਲੋਕਾਂ ਦੀ ਹਿੱਤ ਪੂਰਤੀ ਦਾ ਰਾਜਕੀ ਪ੍ਰਬੰਧ ਹੈ ਜਿਵੇਂ ਕਿ ਇਸਦਾ ਸਿਧਾਂਤਕਾਰ ਐਡਵਰਡ ਬਰਨੇਜ਼ ਕਹਿੰਦਾ ਹੈ ਕਿ “ਜਨਤਾ ਦੇ ਵਿਚਾਰਾਂ ਅਤੇ ਆਦਤਾਂ ਨੂੰ ਚੇਤੰਨ ਤੇ ਬੁੱਧੀਮਤਾ ਭਰਪੂਰ ਤਰੀਕੇ ਨਾਲ ਕਾਬੂ ਵਿਚ ਰੱਖਣ ਦੀ ਲੋੜ ਹੈ। ਇਸ ਲਈ ਬੁੱਧੀਮਾਨ ਘੱਟ ਗਿਣਤੀਆਂ ਨੂੰ ਪਰਜਾਤੰਤਰ ਦੀ ਨਿਰੰਤਰ ਅਤੇ ਯੋਜਨਾਬੱਧ ਵਰਤੋਂ ਕਰਨੀ ਚਾਹੀਦੀ ਹੈ। ਪੂੰਜੀਵਾਦ ਦੇ ਅੰਤਰਗਤ ਇਸ ਪ੍ਰਚਾਰ ਤੰਤਰ ਦੁਆਰਾ ਲੋਕਾਂ ਦੀ ਸਹਿਮਤੀ ਪ੍ਰਾਪਤ ਕੀਤੀ ਜਾਂਦੀ ਹੈ ਇਸ ਤੋਂ ਇਲਾਵਾ ਮੁਕਤੀ ਦੇ ਪ੍ਰਯੋਗ ਰਾਹੀਂ ਵੀ ਸਹਿਮਤੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।” *(ਹਰਜਿੰਦਰ ਕੌਰ ਸੋਹਲ. ਪੰਜਾਬੀ ਗਾਇਕੀ ਦਾ ਬਦਲਦਾ ਸਰੂਪ 154 )*

ਇਸ ਤੋਂ ਸਪਸ਼ੱਟ ਹੈ ਕਿ ਪੂੰਜੀਪਤੀ ਹੀ ਪ੍ਰਚਾਰ ਨੂੰ ਪੈਦਾ ਕਰਦੇ ਹਨ। ਇਸ ਨੂੰ ਹੌਲੀ ਹੌਲੀ ਪੂਰਾ ਸਮਾਜ ਗ੍ਰਹਿਣ ਕਰ ਲੈਂਦਾ ਹੈ। ਪੁਰਾਤਨ ਸਮੇਂ ਦੇ ਵਿੱਚ ਵਿਆਹ ਘਰਾਂ ਦੇ ਵਿੱਚ ਹੀ ਕੀਤੇ ਜਾਂਦੇ ਸਨ। ਨਵੇਂ ਦੌਰ ਦੇ ਵਿੱਚ ਨਵੇ ਪ੍ਰਚਲਣ ਆ ਗਏ। ਵਿਆਹਾਂ ਦੇ ਵਿੱਚ ਸਭਿਆਚਾਰਕ ਗਰੁੱਪ ਆਪਣੇ ਨਾਚ ਗਾਣੇ ਨੂੰ ਪੇਸ਼ ਕਰਦੇ ਹਨ।ਇਹ ਗਰੁੱਪ ਪੰਜਾਬੀ ਪਹਿਰਾਵੇ ਦੇ ਵਿੱਚ ਨਜ਼ਰ ਆਉਂਦੇ ਹਨ। ਇਹ ਗਰੁੱਪ ਭੜਕੀਲੇ ਤੇ ਅਸ਼ਲੀਲ ਗਾਣਿਆਂ ਦੇ ਉੱਤੇ ਨੱਚਦੇ ਹਨ। ਇਹ ਪੰਜਾਬੀ ਸਮਾਜ ਨੂੰ ਸ਼ਰਮਸਾਰ ਕਰਦਾ ਹੈ। ਲੋਕਾਂ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਦਾ ਹੈ। ਅਜੋਕੇ ਵਿਆਹਾਂ ਦੇ ਵਿੱਚ ਸਭਿਆਚਾਰਕ ਗਰੁੱਪ ਲੱਚਰਤਾ ਨੂੰ ਬੜ੍ਹਾਵਾ ਦਿੰਦੇ ਹਨ।

ਡਾ. ਹਰਮੀਤ ਕੌਰ ਭੁੱਲਰ ਦੇ ਵਿਚਾਰਾਂ ਅਨੁਸਾਰ,

> ਪੰਜਾਬ ਤੇ ਪੰਜਾਬੀ ਲੋਕ ਜੋ ਕਿ ਆਪਣੀ ਵੱਖਰੀ ਪਛਾਣ ਦੇ ਕੁਝ ਖਾਸ ਚਿੰਨ੍ਹਾਂ/ ਲੱਛਣਾਂ ਕਰਕੇ ਬਹੁਤ ਚਰਚਿਤ ਹਨ, ਉਨ੍ਹਾਂ ਦੇ ਵਿੱਚੋਂ ਪੰਜਾਬ ਦੀਆਂ ਭੂਗੋਲਿਕ ਪਰਸਥਿਤੀਆਂ , ਪੰਜਾਬੀਆਂ ਦਾ ਸੁਭਾਅ, ਖਾਣ-ਪੀਣ, ਪ੍ਰਾਹੁਣਚਾਰੀ ਵਰਗੇ ਲੱਛਣ ਨਜ਼ਰ ਅੰਦਾਜ਼ ਨਹੀਂ ਕੀਤੇ ਜਾ ਸਕਦੇ ਉੱਥੇ ਪੰਜਾਬੀਆਂ ਦਾ ਲੋਕ ਨਾਚ ਭੰਗੜਾ ਤੇ ਗਿੱਧਾ ਵੀ ਅੱਖੋਂ ਪਰੋਖੇ ਨਹੀਂ ਕੀਤੇ ਜਾ ਸਕਦੇ। ਆਧੁਨਿਕ ਸਮੇਂ ਜਿੱਥੇ ਆਧੁਨਿਕਤਾ ਤੇ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਹਰੇਕ ਵਸਤ/ਵਰਤਾਰਾ ਮੰਡੀ ਦੀਆਂ ਨੀਤੀਆਂ ਵਿਚ ਖਚਿਤ ਹੋ ਰਿਹਾ ਹੈ ਉਥੇ ਲੋਕ ਨਾਚ ਇਸ ਵਿਚ ਵੀ ਸ਼ਾਮਿਲ ਹਨ। ਇਹ ਗਰੁੱਪ ਆਪਣੇ ਨਾਮ ਤੋਂ ਜੋ ਦਰਸਾਉਂਦੇ ਹਨ ਉਸਦਾ ਭਾਵ ਹੈ ਕਿ ਇਹ ਸਭਿਆਚਾਰਕ ਕਦਰਾਂ-ਕੀਮਤਾਂ ਤਹਿਤ ਆਪਣੇ ਪ੍ਰੋਗਰਾਮ ਵਿਚ ਪ੍ਰਦਰਸ਼ਨ ਕਰਦੇ ਹੋਣਗੇ। ਇਹ ਸੱਚ ਹੈ ਜਾਂ ਨਹੀ ਇਸ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਹ ਦੱਸਣਾ ਬਣਦਾ ਹੈ ਕਿ ਇਨ੍ਹਾਂ ਗਰੁੱਪਾਂ ਵੱਲੋਂ ਸਟੇਜ ਉੱਪਰ ਜੋ ਸਮਾਨ ਰੱਖਿਆ ਹੁੰਦਾ ਹੈ ਉਹ ਜ਼ਰੂਰ ਸਭਿਆਚਾਰਕ ਹੈਰੀਟੇਜ਼ ਵਿੱਚ ਰੱਖੇ ਸਮਾਨ ਵਰਗਾ ਅਭਾਸ ਕਰਵਾਉਂਦਾ ਹੈ। ਉਨ੍ਹਾਂ ਦਾ ਮਕਸਦ ਸਭਿਆਚਾਰਕ ਕਦਰਾਂ- ਕੀਮਤਾਂ ਨੂੰ ਧਿਆਨ

> ਵਿੱਚ ਰੱਖਣਾ ਨਹੀ ਬਲਕਿ ਵੱਧ ਤੋਂ ਵੱਧ ਪੈਸਾ ਕਮਾਉਣਾ ਹੁੰਦਾ ਹੈ। ਉਹਨਾਂ ਦੇ ਨਾਚ ਦੇ ਦੌਰਾਨ ਕਿਸ ਪ੍ਰਕਾਰ ਵੱਧ ਤੋਂ ਵੱਧ ਸੁੱਟ ਕੀਤੀ ਜਾਣੀ ਹੈ, ਉਹਨਾਂ ਦਾ ਧਿਆਨ ਇਸ ਗੱਲ ਵੱਲ ਹੀ ਹੁੰਦਾ ਹੈ।

*(ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਵੰਗਾਰਾਂ 106)*

ਗ) **ਸਭਿਆਚਾਰਕ ਗਰੁੱਪ** - ਵਿਆਹ ਘਰਾਂ ਤੋਂ ਨਿਕਲ ਕੇ ਮੈਰੇਜ ਪੈਲੇਸਾਂ ਦਾ ਹਿੱਸਾ ਬਣ ਕੇ ਰਹਿ ਗਏ ਹਨ। ਵਿਆਹਾਂ ਦੇ ਵਿੱਚ ਸਭਿਆਚਾਰਕ ਗਰੁੱਪ ਆਪਣੇ ਨਾਚ ਗਾਣੇ ਨੂੰ ਪੇਸ਼ ਕਰਦੇ ਹਨ। ਇਹ ਗਰੁੱਪ ਪੰਜਾਬੀ ਪਹਿਰਾਵੇ ਦੇ ਵਿੱਚ ਨਜ਼ਰ ਆਉਂਦੇ ਹਨ। ਇਹ ਗਰੁੱਪ ਭੜਕੀਲੇ ਤੇ ਅਸ਼ਲੀਲ ਗਾਇਆਂ ਦੇ ਉੱਤੇ ਨੱਚਦੇ ਹਨ । ਉਹਨਾਂ ਦੀ ਲੱਚਰਤਾ ਸਰੀਰਕ ਮੁਦਰਾਵਾਂ ਦੇ ਰੂਪ ਵਿੱਚ ਅਤੇ ਗੀਤਾਂ ਦੇ ਬੋਲਾਂ ਦੇ ਰਾਹੀਂ ਜ਼ਿਆਦਾ ਝਲਕਦੀ ਮਿਲਦੀ ਹੈ। ਵਿਆਹਾਂ-ਸ਼ਾਦੀਆਂ ਦੇ ਵਿੱਚ ਇਸਤਰੀ ਕਲਾਕਾਰ ਜ਼ਿਆਦਾ ਹੁੰਦੀਆਂ ਹਨ। ਇਸਤਰੀ ਨੂੰ ਨਜ਼ਰਬੰਦ ਰੱਖਣਾ ਤੇ ਫਿਰ ਵਿਆਹ-ਸ਼ਾਦੀਆਂ ਦੇ ਵਿੱਚ ਉਹਨਾਂ ਦੇ ਨਾਲ-ਨਾਲ ਖਹਿ ਖਹਿ ਕੇ ਨੱਚਣਾ ਮਰਦਾਂ ਦੇ ਦੋਹਰੇ ਵਤੀਰੇ ਦੇ ਸਰੂਪ ਨੂੰ ਪੇਸ਼ ਕਰਦੇ ਹਨ। ਪੰਜਾਬੀ ਸਭਿਆਚਾਰ ਦੇ ਵਿੱਚ ਏਨੀ ਬੇਸ਼ਰਮੀ ਹੁਣ ਤੱਕ ਦੇਖਣ ਨੂੰ ਨਹੀਂ ਮਿਲੀ। ਇਸੇ ਬੇਸ਼ਰਮੀ ਨੇ ਮਾਨਵ ਨੂੰ ਮਾਡਰਨ ਬਣਾ ਦਿੱਤਾ ਹੈ। ਮਾਡਰਨ ਮਨੁੱਖ ਸੋਚ ਤੋਂ ਬਣਦਾ ਹੈ,ਪਰੰਤੂ ਅਜੋਕਾ ਮਾਨਵ ਪੱਛਮ ਤੋਂ ਪ੍ਰਭਾਵਿਤ ਹੋ ਕੇ ਮਾਡਰਨ ਬਣਦਾ ਹੈ। "ਪੱਛਮੀ ਸਭਿਅਤਾ ਦੀ ਭੇਂਟ ਚੜ੍ਹ ਚੁੱਕੇ ਪੰਜਾਬ ਦੇ ਸਭਿਆਚਾਰ ਦੀ ਨਵੀਂ ਤਸਵੀਰ ਪੰਜਾਬ ਦੇ ਅੱਜ ਕੱਲ੍ਹ ਸਭਿਆਚਾਰ ਦੇ ਗੁਰੱਪਾਂ ਰਾਹੀਂ ਵੇਖਣ ਨੂੰ ਮਿਲਦੀ ਹੈ, ਜਿਸ ਦੁਆਰਾ ਰੱਜ ਕੇ ਪੰਜਾਬੀ ਬੋਲੀ ਅਤੇ ਪੰਜਾਬੀਅਤ ਦਾ ਜਲੂਸ ਆਏ ਦਿਨ ਪੰਜਾਬ ਦੀ ਬਹਾਦਰ ਕੌਮ ਦੇ ਮੋਜੂਦਾ ਵਾਰਸਾਂ ਵੱਲੋਂ ਕੱਢਿਆ ਜਾਂਦਾ ਹੈ।' ਗ਼ਜ਼ਨੀ ਬਜ਼ਾਰ ਅੰਦਰ ਟਕੇ ਟਕੇ ਤੇ ਵਿਕਦੀਆਂ ਹਿੰਦੂ ਬਹੂ ਬੇਟੀਆਂ ਨੂੰ ਛਡਾਉਣ ਦਾ ਦਾਅਵਾ ਕਰਦੇ ਨੇ ਸਿੱਖ, ਜਦੋਂ ਮਨੁੱਖ ਦੇ ਕੋਲ ਪੈਸਿਆਂ ਦੀ ਕਮੀ ਹੋਵੇ ਅਤੇ ਘਰ-ਪਰਿਵਾਰ ਦੀ ਜ਼ਿੰਮੇਵਾਰੀਆਂ ਹੋਣ ਸਹੀ ਗਲਤ ਵੀ ਭੁੱਲ ਜਾਂਦਾ ਹੈ। ਜਿਨ੍ਹਾਂ ਵਿੱਚੋਂ ਬਹੁਤੀਆਂ ਦੇ ਮਾਂ ਬਾਪ ਨੂੰ ਉਨ੍ਹਾਂ ਦੁਆਰਾ ਕੀਤੇ ਜਾਂਦੇ ਧੰਦੇ ਦੀ ਥੋੜ੍ਹੀ ਬਹੁਤ ਖ਼ਬਰ ਵੀ ਹੁੰਦੀ ਹੈ ਪ੍ਰੰਤੂ ਉਨ੍ਹਾਂ ਨੂੰ ਕੋਈ ਰੋਕ ਟੋਕ ਨਹੀਂ ਕੀਤੀ ਜਾਂਦੀ।" *(ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਵੰਗਾਰਾਂ 110)*

ਸਭਿਆਚਾਰ ਮਨੁੱਖ ਦੀ ਪਹਿਚਾਣ ਚਿੰਨ੍ਹ ਹੈ। ਇਸ ਨੂੰ ਦਾਗ ਨਹੀ ਲਾਉਣਾ ਚਾਹੀਦਾ । ਵੱਧਦੀ ਹੋਈ ਮਹਿੰਗਾਈ ਨੇ ਮਨੁੱਖ ਨੂੰ ਬੇਸ਼ਰਮ ਕੀਤਾ ਹੈ। ਉਹ ਹਰ ਕੰਮ ਕਰਨ ਦੇ ਲਈ ਤਿਆਰ ਹੈ ਜਿਸ ਨਾਲ ਉਸ ਦਾ ਗੁਜ਼ਾਰਾ ਹੋ ਸਕੇ। ਇਸ ਪ੍ਰਭਾਵ ਹੇਠ ਸਭਿਆਚਾਰ ਸ਼ਰਮਸਾਰ ਹੋ ਜਾਂਦਾ ਹੈ। ਇਹਨਾਂ ਗਰੁੱਪਾਂ ਦਾ ਨਾਮ ਸਭਿਆਚਾਰਕ ਗਰੁੱਪ ਰੱਖਿਆ ਜਾਂਦਾ ਹੈ। ਇਹਨਾਂ ਦੇ ਵਿੱਚ ਸਭਿਆਚਾਰ ਦੀ ਕੋਈ ਵੀ ਗੱਲਬਾਤ ਨਜ਼ਰ ਨਹੀਂ ਆਉਂਦੀ । ਵਿਆਹ-ਸ਼ਾਦੀਆਂ ਦੇ ਵਿੱਚ ਸਭਿਆਚਾਰਕ ਗਰੁੱਪ ਬੁਲਾਉਣੇ ਨਹੀਂ ਚਾਹੀਦੇ। ਇਹਨਾਂ ਗਰੁੱਪਾਂ ਦਾ ਸ਼ਰਮਨਾਕ ਨ੍ਰਿਤ ਹੁੰਦਾ ਹੈ।'ਪੰਜਾਬੀ ਸਭਿਆਚਾਰ ਵਿੱਚ ਕਿਤੇ ਵੀ ਸਟੇਜਾਂ ਉੱਪਰ ਕੁੜੀਆਂ ਨਚਾਉਣ, ਉਨ੍ਹਾਂ ਦੇ ਸੌਦੇ ਕਰਨ ਤੇ ਉਨ੍ਹਾਂ ਦੇ ਨੱਚਦੀਆਂ ਉੱਪਰੋਂ ਨੋਟ ਵਾਰਨ ਦੀ ਕੋਈ ਪਿਰਤ ਨਜ਼ਰੀਂ ਨਹੀਂ ਪੈਂਦੀ। ਅੱਜ ਕੱਲ੍ਹ ਇਹੀ ਪੰਜਾਬੀ ਸਭਿਆਚਾਰ ਦਾ ਅਹਿਮ ਹਿੱਸਾ ਬਣ ਰਿਹਾ ਹੈ।' *(ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਵੰਗਾਰਾਂ 111)*

ਵਿਆਹਾਂ ਦੇ ਵਿੱਚ ਭੜਕੀਲੇ ਗਾਣਿਆਂ ਨੂੰ ਚਲਾਇਆ ਜਾਂਦਾ ਹੈ। ਉਹਨਾਂ ਗਾਣਿਆਂ ਦੇ ਵਿੱਚ ਪੰਜਾਬੀ ਜਵਾਨੀ, ਪੰਜਾਬੀ ਮਾਣ ਨੂੰ ਵੱਖਰੇ ਰੂਪ ਵਿੱਚ ਪੇਸ਼ ਕੀਤਾ ਜਾਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬੀ ਗੀਤਾਂ ਦੇ ਸ਼ਰਾਬੀ, ਲੜਾਈਆਂ, ਲੰਡੀਆਂ ਜੀਪਾਂ ਅਤੇ ਅਥਾਹ ਪੈਸੇ ਦਾ ਜ਼ਿਕਰ ਮਿਲਦਾ ਹੈ। ਪੰਜਾਬੀ ਗੀਤਾਂ ਦੇ ਵਿੱਚ ਪੰਜਾਬੀ ਜਵਾਨੀ ਨੂੰ ਅਲੱੜ ਅਯਾਸ਼ ਤੇ ਵਿਹਲੜ ਦਿਖਾਇਆ ਜਾਂਦਾ ਹੈ। ਪੰਜਾਬੀ ਵੀ ਉਹਨਾਂ ਗੀਤਾਂ ਦੇ ਅਰਥਾਂ ਨੂੰ ਜਾਣੇ ਬਿਨ੍ਹਾਂ ਗੀਤਾਂ ਉੱਤੇ ਝੂਮਦੇ ਨਜ਼ਰ ਆਉਂਦੇ ਹਨ। ਉਹਨਾਂ ਗੀਤਾਂ ਉੱਤੇ ਨੱਚਣ ਦੇ ਨਾਲ ਨਾਲ ਆਪਣੇ ਬੇਫਜ਼ੂਲ ਪੈਸੇ ਇੱਕ- ਦੂਜੇ ਉੱਤੇ ਵਾਰ ਵਾਰ ਸੁੱਟਦੇ ਹਨ। ਅਜਿਹਾ ਕਰਕੇ ਪੰਜਾਬੀ ਆਪਣੇ ਅਮੀਰਪੁਣੇ ਦਾ ਦਿਖਾਵਾ ਕਰਦੇ ਹਨ। ਵੀਰਪਾਲ ਕੌਰ ਦੀ ਧਾਰਨਾ ਹੈ ਕਿ,

> ਪੂੰਜੀਵਾਦੀ ਸਭਿਆਚਾਰ ਨੇ ਪੰਜਾਬੀ ਸਮਾਜ ਨੂੰ ਪੈਸਾ ਕੇਂਦਰਿਤ ਬਣਾਇਆ ਹੈ। ਲਾਲਚ ਅਸੂਲਾਂ ਤੇ ਹਾਵੀ ਹੋ ਗਿਆ ਹੈ। ਮਿਹਨਤ ਦੀ ਕਮਾਈ ਖਾ ਕੇ ਵੀ ਸਬਰ ਸੰਤੋਖ ਨਾਲ ਗੁਜ਼ਾਰਾ ਕਰਨ ਵਾਲੀ ਪੰਜਾਬੀ ਕੌਮ ਆਰਥਕ ਲਾਲਸਾਵਾਂ ਦੇ ਲਈ ਆਪਣੇ ਇਖ਼ਲਾਕ ਤੋਂ ਡਿੱਗਣ ਲੱਗ ਪਈ। ਸਮਕਾਲੀ ਪੰਜਾਬੀ ਸਮਾਜ ਦੀ ਇਸ ਤਸਵੀਰ ਨੂੰ ਗੀਤਕਾਰ ਨੇ “ਇਹ ਪੈਸਾ ਕਾਂ ਬਨੇਰੇ ਦਾ” ਕਦੇ ਏਸ ਬਨੇਰੇ ਤੇ ਕਦੇ ਓਸ ਬਨੇਰੇ ਤੇ”, “ਜੇ ਪੈਸੇ ਕੋਲ

> ਜੁਗਨੀਏ ਨੀ ਤਾਂ ਦੁਨੀਆ ਗੋਲ ਜੁਗਨੀਏ ਨੀ," ਮੇਰਾ ਦੇਸ਼ ਬੇਕਦਰੀ ਬੰਦਿਆ ਦੀ ਪੱਥਰਾਂ ਨੂੰ ਹੁੰਦੇ ਸਜ਼ਦੇ ਨੇ, ਇਹ ਦੁਨੀਆ ਚੰਦਰੇ ਸਾਕ ਜਿਹੀ ਚੁੱਪ ਚਾਪ ਨਿਭਾਉਂਦਾ ਰਹਿ ਸੱਜਣਾ, ਫੋਕੀਆਂ, ਲਿਹਾਜ਼ਾਂ ਬਸ ਰਹਿ ਗਈਆਂ ਪਿਆਰ ਫੰਗ ਲਾ ਕੇ ਕਿਤੇ ਦੂਰ ਗਿਆ, ਇਥੇ ਹਰ ਬੰਦਾ ਰੱਬ ਦੇ ਜੁਆਈ ਵਰਗਾ ਆਦਿ ਗੀਤਾਂ ਰਾਹੀਂ ਪੇਸ਼ ਕੀਤਾ ਹੈ। ਜੋ ਸਮਾਜਕ ਸੱਚ ਨਾਲ ਜੁੜੇ ਹੋਣ ਕਾਰਨ ਸਰੋਤਿਆਂ ਨੂੰ ਸੁਹਜਮਈ ਲੱਗਦੇ ਹਨ।
>
> (ਪੰਜਾਬੀ ਗੀਤਕਾਰੀ ਵਿੱਚ ਸਭਿਆਚਾਰਕ ਰੂਪਾਂਤਰਣ 228)

**ਘ) ਮੈਰਿਜ ਪੈਲਸ -** ਵਿਆਹ ਸਾਦਗੀ ਦੇ ਪ੍ਰਤੀਕ ਸਨ। ਪੰਜਾਬੀ ਵਿਆਹਾਂ ਦੇ ਵਿੱਚ ਕੋਈ ਦਿਖਾਵਾ ਦੇਖਣ ਨੂੰ ਨਹੀਂ ਮਿਲਦਾ ਸੀ। ਅਜੋਕੇ ਵਿਆਹ ਦੇ ਵਿੱਚ ਸਾਦਗੀ ਘੱਟ ਤੇ ਦਿਖਾਵੇ ਜ਼ਿਆਦਾ ਹੋ ਗਏ ਹਨ।ਵਿਆਹਾਂ ਦੇ ਵਿੱਚ ਵਸਤਾਂ ਦਾ ਦਿਖਾਵਾ ਵਧੇਰੇ ਹੋ ਗਿਆ ਹੈ। ਇੱਕ ਦੂਜੇ ਤੋਂ ਵੱਧ ਕੇ ਮਹਿੰਗੇ ਕੱਪੜੇ ਪਾਏ ਹੁੰਦੇ ਹਨ।ਅਸਲ ਦੇ ਵਿੱਚ ਰਿਸ਼ਤੇਦਾਰਾਂ ਦੇ ਵਿੱਚ ਇੱਕ ਦੂਜੇ ਨਾਲੋਂ ਉੱਚਾ ਉੱਠਣ ਦੀ ਦੌੜ ਲੱਗੀ ਹੁੰਦੀ ਹੈ। ਪੰਜਾਬੀ ਵਿਆਹਾਂ ਦੇ ਵਿੱਚ ਫਜ਼ੂਲ ਖ਼ਰਚ ਕੁਝ ਘੰਟਿਆਂ ਦੇ ਵਿੱਚ ਹੀ ਕਰ ਦਿੱਤਾ ਜਾਂਦਾ ਹੈ। ਪੰਜਾਬੀ ਆਪਣੀ ਫੋਕੀ ਵਾਹ ਵਾਹ ਦੇ ਲਈ ਲੱਖਾਂ ਰੁਪਏ ਰੋੜ੍ਹ ਦਿੰਦੇ ਹਨ। ਅਜਿਹੇ ਫਜ਼ੂਲ ਖਰਚਿਆਂ ਦੇ ਚਰਚੇ ਕੁਝ ਘੰਟਿਆਂ ਤੱਕ ਹੀ ਹੁੰਦੇ ਹਨ ਪਰੰਤੂ ਇਹਨਾਂ ਦੇ ਪ੍ਰਭਾਵ ਸਥਾਈ ਹੁੰਦੇ ਹਨ। ਅੱਜ ਕੱਲ੍ਹ ਪੰਜਾਬੀਆਂ ਦੇ ਪੰਜ ਤੋਂ ਸੱਤ ਪ੍ਰੋਗਰਾਮ ਹੁੰਦੇ ਹਨ। ਇਹਨਾਂ ਪ੍ਰੋਗਰਾਮਾਂ ਦੇ ਵਿੱਚ ਬੇਹਿਸਾਬਾ ਪੈਸਾ ਵਿਖਾਵੇ 'ਤੇ ਬਰਬਾਦ ਕੀਤਾ ਜਾਂਦਾ ਹੈ।

ਡਾ. ਸਰਬਜੀਤ ਸਿੰਘ ਦੀ ਧਾਰਨਾ ਹੈ ਕਿ,

> ਮੈਰਿਜ ਪੈਲਸ ਦੀ ਸਜਾਵਟ 'ਤੇ ਲੱਖਾਂ ਰੁਪਏ ਖਰਚ ਕਰਦੇ ਹਨ।ਕੈਟਿਰੰਗ ਵਾਲੇ 1000 ਤੋਂ 5000 ਤੱਕ ਪੈਸਾ ਵਸੂਲਦੇ ਹਨ। ਲੱਖਾਂ ਰੁਪਏ ਦਾ ਭੋਜਨ ਬਰਬਾਦ ਹੋ ਕੇ ਰੂੜੀ ਉੱਤੇ ਸੁੱਟਿਆ ਜਾਂਦਾ ਹੈ।
>
> *(ਸਾਦੇ ਵਿਆਹ ਤੇ ਸਾਦੇ ਭੋਗ 29)*





**Figure 2.4 : ਵਿਆਹ ਇੱਕ ਵਪਾਰ ਦਾ ਰੂਪ**

ਲੋਕ ਮਹਿੰਗੇ ਗਹਿਣੇ ਤੇ ਕੱਪੜਿਆਂ ਦਾ ਦਿਖਾਵਾ ਵਿਆਹ ਸ਼ਾਦੀਆਂ ਦੇ ਵਿੱਚ ਕਰਦੇ ਹਨ।ਵਿਆਹਾਂ ਦੇ ਵਿੱਚ ਨਵੀਆਂ ਨਵੀਆਂ ਵਸਤਾਂ ਪਹਿਨ ਕੇ ਜਾਣ ਦੀ ਆਦਤ ਹੈ।ਵੱਡੇ ਲੋਕ ਵਿਆਹ ਦੇ ਸਮੇਂ ਘਰ ਦੀ ਸਜਾਵਟ ਫੁੱਲ-ਪੱਤੇ ਲਗਾ ਕੇ ਕਰਦੇ ਹਨ। ਘਰ ਦੀ ਸਜਾਵਟ ਲਈ ਵੱਖੋ-ਵੱਖਰੀਆਂ ਵਸਤਾਂ ਨੂੰ ਵਰਤਿਆ ਜਾ ਸਕੇ। ਘਰ ਆਉਣ ਵਾਲੇ ਮਹਿਮਾਨਾਂ ਨੂੰ ਆਕਰਸ਼ਿਤ ਕਰਦੇ ਹਨ। ਵਿਆਹ ਦੇ ਵਿੱਚ ਜਿੰਨੇ ਫੰਕਸ਼ਨ ਉੱਨੇ ਹੀ ਕੱਪੜੇ ਤਿਆਰ ਕੀਤੇ ਜਾਂਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਵਿਆਹ ਇੱਕ ਸਮਾਜਕ ਪ੍ਰਥਾ ਹੈ ਇਸ ਵਿਚ ਵਿਅਰਥ ਦੇ ਦਿਖਾਵੇ ਕਰਨ ਦੀ ਬਜਾਇ ਸਾਦੇ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ ।" *(ਪ੍ਰੀਤੀ. ਖੋਜ ਵਿਦਿਆਰਥੀ. ਗੁਰੂ ਨਾਨਕ ਦੇਵ ਯੂਨੀਵਰਸਿਟੀ)*

ਸਮਾਜ ਦੀ ਵਰਗ ਵੰਡ ਅਸਾਵੀਂ ਹੈ। ਹਰ ਇੱਕ ਪਰਿਵਾਰ ਦੀ ਸਥਿਤੀ ਇੱਕੋ ਜਿਹੀ ਨਹੀਂ ਹੁੰਦੀ ਹੈ ਕਿ ਉਹ ਵਾਧੂ ਦਿਖਾਵੇ ਦੀ ਮਾਰ ਨੂੰ ਸਹਿ ਸਕੇ। ਅਸਾਵੀਂ ਵੰਡ ਹੋਣ ਦੇ ਕਾਰਨ ਕਿਸੇ ਨਾ ਕਿਸੇ ਨੂੰ ਖ਼ਰਚਿਆਂ

ਦੀ ਮਾਰ ਨੂੰ ਝੱਲਣਾ ਪੈਂਦਾ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ “ਚਾਦਰ ਵੇਖ ਕੇ ਪੈਰ ਪਸਾਰਨ ਅਖਾਣ ਵਾਂਗ ਹਰ ਵਿਅਕਤੀ ਨੂੰ ਆਪਣੇ ਆਰਥਕ ਪੱਧਰ ਨੂੰ ਦੇਖਦੇ ਹੋਏ ਆਪਣਾ ਤੇ ਆਪਣੇ ਪਰਿਵਾਰ ਦੇ ਲਈ ਕੰਡੇ ਨਹੀਂ ਬੀਜਣੇ ਚਾਹੀਦੇ।” *(ਪਰਮਿੰਦਰ ਕੌਰ. (ਡਾ.). ਅਸਿਸਟੈਂਟ ਪ੍ਰੋਫੈਸਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)*

ਪਹਿਲਾਂ ਵਿਆਹ ਘਰ ਦੇ ਵਿੱਚ ਹੀ ਕਰ ਲਏ ਜਾਂਦੇ ਸਨ। ਰਿਸ਼ਤੇਦਾਰਾਂ ਅਤੇ ਬਰਾਤੀਆਂ ਦੀ ਸੇਵਾ ਵਿੱਚ ਕੋਈ ਕਸਰ ਨਹੀ ਛੱਡੀ ਜਾਦੀ ਸੀ। ਵਰਤਮਾਨ ਸਮੇਂ ਦੇ ਵਿੱਚ ਘਰ ਵਿਆਹ ਕਰਨ ਦਾ ਰਿਵਾਜ਼ ਹੀ ਖਤਮ ਹੋ ਗਿਆ ਹੈ। ਘਰਾਂ ਦੇ ਵਿੱਚ ਸ਼੍ਰੀ ਗੁਰੁ ਗ੍ਰੰਥ ਸਾਹਿਬ ਦਾ ਪਾਠ ਹੀ ਕੀਤਾ ਜਾਂਦਾ ਹੈ। ਬਾਕੀ ਸਾਰੇ ਫੰਕਸ਼ਨਾਂ ਦੇ ਲਈ ਪੈਲਸ ਬੁੱਕ ਹੁੰਦਾ ਹੈ। ਡਾ. ਕੰਵਰ ਜਸਵਿੰਦਰਪਾਲ ਸਿੰਘ ਅਨੁਸਾਰ, “ਵੱਡੇ ਵੱਡੇ ਮੈਰਿਜ ਪੈਲਸਾਂ ਵਿੱਚ ਜਾ ਕੇ ਵਿਆਹ ਕਰਨ ਨਾਲ ਜਿੱਥੇ ਲੋਕਾਂ ਦੀ ਆਰਥਕਤਾ ਨੂੰ ਢਾਹ ਲੱਗੀ ਉੱਥੇ ਪਰਿਵਾਰਾਂ ਦੇ ਵਿੱਚ ਨਵੀ ਕਿਸਮ ਦੀਆਂ ਤਰੇੜਾਂ ਵੀ ਪੈਦਾ ਹੋਈਆਂ ਹਨ।”*(ਵਿਸ਼ਵ ਪੰਜਾਬੀ ਸਾਹਿਤ. ਸਭਿਆਚਾਰ ਅਤੇ ਭਾਸ਼ਾ 68)*

ੲ) **ਮਕਾਨਕੀ ਰਿਸ਼ਤੇ :-** ਯੂ-ਟਿਊਬ ਕਮਾਈ ਦਾ ਇੱਕ ਸਾਧਨ ਬਣ ਰਿਹਾ ਹੈ। ਲੋਕ ਯੂ-ਟਿਊਬ ਉੱਤੇ ਅਕਾਊਂਟ ਬਣਾਉਂਦੇ ਹਨ।“ਆਪਣੀ ਰਚਨਾਮਕ ਸੋਚ ਬਦੌਲਤ ਕਮਾਈ ਕਰਨ ਤੇ ਨਾਮ ਕਮਾਉਣ ਦਾ ਵਧੀਆ ਸਾਧਨ ਹੈ,ਯੂ-ਟਿਊਬ। ਡਿਜੀਟਲ ਯੁੱਗ ਵਿੱਚ ਆਪਣਾ ਹੁਨਰ ਦੁਨੀਆਂ ਸਾਹਮਣੇ ਲਿਆਉਣ ਲਈ ਸਭ ਤੋਂ ਵੱਡਾ ਵੀਡੀਉ ਪਲੇਟਫਾਰਮ ਯੂ-ਟਿਊਬ ਹੀ ਹੈ। ਸੱਤ ਸਾਲ ਦੇ ਬੱਚੇ ਰਿਆਨ ਦੀ ਸਾਲ 2017 ਦੀ ਕਮਾਈ ਲਗਭਗ 71 ਕਰੋੜ ਦਰਜ ਕੀਤੀ ਗਈ। ਇਹ ਅਮਰੀਕੀ ਬੱਚਾ ਮਾਰਚ 2015 ਤੋਂ ਹੁਣ ਤੱਕ ਹਰ ਹਫ਼ਤੇ ਯੂ-ਟਿਊਬ ਚੈਨਲ ‘ ਟੁਆਏ ਰਿਵਿਊ ’ਤੇ ਖਿਡੌਣਿਆਂ ਦੀ ਸਮੀਖਿਆ ਕਰਦਾ ਹੈ।” *(ਮਨਦੀਪ ਕੌਰ. ਰੁਜ਼ਗਾਰ ਦੇ ਮੌਕਿਆਂ ਨਾਲ ਭਰਪੂਰ ਯੂ-ਟਿਊਬ. ਪੰਜਾਬੀ ਟ੍ਰਿਬਿਊਨ. 23 ਮਈ 2018)*

ਇਸ ਦੌਰ ਨੇ ਅਜੀਬ ਚਲਨ ਪੈਦਾ ਕੀਤਾ ਹੈ। ਪਹਿਲਾਂ ਮਨੁੱਖ ਇੱਕ ਦਾਇਰੇ ਦੇ ਵਿੱਚ ਰਹਿੰਦਾ ਸੀ। ਹੁਣ ਮਨੁੱਖ ਆਪਣੇ ਨਿੱਜ ਤੋਂ ਨਿਕਲ ਕੇ ਸੋਸ਼ਲ ਮੀਡੀਆ ਦੇ ਦਾਇਰੇ ਦੇ ਵਿੱਚ ਆ ਚੁੱਕਾ ਹੈ ਜਿੱਥੇ ਮਨੁੱਖ ਨੇ

ਆਪਣੇ ਨਿੱਜ ਨੂੰ ਸਮੂਹਿਕ ਬਣਾ ਦਿੱਤਾ ਹੈ। ਜਿੱਥੇ ਮਨੁੱਖ ਆਪਣੇ ਜੀਵਨ ਦੀ ਮਾਰਕੀਟਿੰਗ ਕਰ ਰਿਹਾ ਹੈ। ਉਹ ਆਪਣੇ ਰਹਿਣੀ-ਬਹਿਣੀ, ਖਾਣਾ ਬਣਾਉਣ ਦੇ ਤਰੀਕੇ, ਛੋਟੇ ਤੋਂ ਛੋਟੇ ਤਜ਼ਰਬੇ ਲੋਕਾਂ ਦੇ ਨਾਲ ਸਾਂਝਾ ਕਰਦਾ ਦਿਖਾਈ ਦਿੰਦਾ ਹੈ। ਯੂ-ਟਿਊਬ ਦੇ ਉੱਤੇ ਅਨੇਕਾਂ ਭਾਂਤ ਦੀਆਂ ਵੀਡੀਉ ਅਤੇ vloggers ਮਿਲ ਜਾਣਗੇ। ਜਿਹੜੇ ਮਕਾਨਕੀ ਰਿਸ਼ਤਿਆਂ ਦੀ ਇੱਕ ਰੂਪ-ਰੇਖਾ ਨੂੰ ਸਾਕਾਰ ਕਰਦੇ ਹਨ। ਯੂ-ਟਿਊਬ ਉੱਤੇ ਹਰ ਭਾਂਤ ਦੀ ਵੀਡੀਉ ਮਿਲ ਜਾਵੇਗੀ। ਵਿਆਹ -ਸ਼ਾਦੀਆਂ ਉੱਤੇ ਯਾਦਗਾਰ ਰੱਖਣ ਲਈ ਫ਼ੋਟੋ ਤੇ ਵੀਡੀਉ ਬਣਾਈ ਜਾਂਦੀ ਹੈ। ਇਸ ਦਾ ਮਕਸਦ ਹੁੰਦਾ ਹੈ ਕਿ ਜਦੋਂ ਦਿਲ ਕੀਤਾ ਦੇਖ ਲਿਆ ਜਾ ਸਕੇ। ਮੁੰਡੇ ਕੁੜੀ ਦੇ ਵਿਆਹ ਦੀਆਂ ਅਨੇਕਾਂ ਰਸਮਾਂ ਬਣ ਗਈਆਂ ਹਨ। ਮੁੰਡੇ ਕੁੜੀ ਦੇ ਵੱਲੋਂ ਆਪਣੀਆਂ ਫੋਟੋਆਂ ਜਾਂ ਵੀਡੀਉ ਨੂੰ ਬਲੌਗ ਬਣਾ ਕੇ ਯੂ-ਟਿਊਬ ਉੱਤੇ ਦਿਖਾਇਆ ਜਾਂਦਾ ਹੈ। ਜਿੱਥੇ ਉਹਨਾਂ ਦੇ ਵੱਲੋ ਛੋਟੀ ਤੋਂ ਛੋਟੀ ਜਾਣਕਾਰੀ ਦਿੱਤੀ ਜਾਂਦੀ ਹੈ। ਜਿਵੇਂ ਕਿ ਵਿਆਹ ਦੀ ਸਜਾਵਟ ਤੋਂ ਲੈ ਕੇ ਵਿਆਹ ਦੀਆਂ ਰਸਮਾ ਤੱਕ। ਯੂ-ਟਿਊਬ ਉੱਤੇ ਅਨੇਕਾਂ ਬਲੌਗ ਮਿਲ ਜਾਂਦੇ ਹਨ। ਜਿਵੇਂ ਕਿ punjabi home cooking, pind Punjab de, punjabi corner, Mandeep vlogs. The Punjab. ਆਦਿ ਕਰਕੇ ਚੈਨਲ ਮਿਲ ਜਾਂਦੇ ਹਨ।

ਸਮੇਂ ਦੇ ਪਰਿਵਰਤਨ ਨੇ ਮਨੁੱਖੀ ਰਿਸ਼ਤਿਆਂ ਨੂੰ ਖੋਰਾ ਹੀ ਲਗਾਇਆ ਹੈ। ਪਹਿਲਾਂ ਰਿਸ਼ਤੇ ਨਾਈ ਜੋੜਦਾ ਸੀ। ਵਰਤਮਾਨ ਦੇ ਰਿਸ਼ਤੇ ਆਈਲੈਟਸ ਦੇ ਕਾਰਨ ਜੁੜਦੇ ਜਾਂ ਜੋੜੇ ਜਾਂਦੇ ਹਨ। ਪੰਜਾਬ ਦਾ ਹਰ ਨੌਜਵਾਨ ਕੁੜੀ/ਮੁੰਡਾ ਹਰ ਕੋਈ ਚੰਗੇਰੇ ਭੱਵਿਖ ਦੀ ਤਲਾਸ਼ ਵਿੱਚ ਹੁੰਦਾ ਹੈ। ਵਿਆਹ ਦੇ ਅਰਥਾਂ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਵਿੱਚ ਆਈਲੈਟਸ ਦਾ ਬਹੁਤ ਵੱਡਾ ਹੱਥ ਹੈ। 12 ਵੀਂ ਜਮਾਤ ਪਾਸ ਕਰਨ ਵਾਲੇ ਨਾਲ ਹੀ ਆਈਲੈਟਸ ਦੀ ਤਿਆਰੀ ਕਰਨ ਲੱਗ ਪੈਂਦੇ ਹਨ। ਜਿਨ੍ਹਾਂ ਦੇ ਕੋਲੋਂ ਆਈਲੈਟਸ ਦੇ ਵਿੱਚ ਚੰਗੇ ਨੰਬਰ ਨਹੀਂ ਆਉਂਦੇ ਤਾਂ ਉਹ ਵਿਆਹ ਦਾ ਸਹਾਰਾ ਲੈਂਦੇ ਹਨ। ਜਿਸ ਕੁੜੀ ਜਾਂ ਮੁੰਡੇ ਦੇ ਆਈਲੈਟਸ ਦੇ ਵਿੱਚੋਂ 7ਜਾਂ 8 ਬੈਂਡ ਆ ਜਾਂਦੇ ਹਨ  ਮੁੰਡੇ ਵਾਲੇ ਉਸ ਕੁੜੀ ਤੱਕ ਪਹੁੰਚ ਕਰ ਲੈਂਦੇ ਹਨ। ਜਗਬੀਰ ਕੌਰ ਦੀ ਧਾਰਨਾ ਦੇ ਅਨੁਸਾਰ, 'ਪੁੱਤਾਂ ਨੂੰ ਬਾਹਰਲੇ ਦੇਸ਼ਾਂ 'ਚ ਭੇਜਣ ਲਈ ਉਤਾਵਲੇ ਮਾਪੇ 'ਆਈਲੈਟਸ'ਵਾਲੀ ਨੂੰਹ ਭਾਲਦੇ ਹਨ। ਹੁਣ ਤਾ ਰਿਸ਼ਤਾ ਲੱਭਣ ਵੇਲੇ ਪਹਿਲੀ ਸ਼ਰਤ ਹੀ ਆਈਲੈਟਸ ਹੀ ਰੱਖੀ ਜਾਂਦੀ ਹੈ।" *(ਆਈਲੈਟਸ ਵਾਲੀਆਂ ਨੂੰਹਾਂ ਬਣੀਆਂ ਪਹਿਲੀ ਪਸੰਦ. ਪੰਜਾਬੀ ਟ੍ਰਿਬਿਊਨ)*

ਅੱਜ ਤੋਂ 7-8 ਸਾਲ ਪਹਿਲਾਂ ਮਾਪੇ ਆਪਣੇ ਮੁੰਡੇ ਜਾਂ ਕੁੜੀ ਦੇ ਲਈ ਬਾਹਰਲੇ ਜੋੜੇ ਭਾਲਦੇ ਸਨ। ਬਾਹਰਲੀ ਕੁੜੀ/ਮੁੰਡੇ ਨਾਲ ਆਪਣੇ ਬੱਚਿਆਂ ਦੇ ਰਿਸ਼ਤੇ ਕਰ ਲਏ ਜਾਂਦੇ ਸਨ। ਐਨ.ਆਰ.ਆਈ ਮੁੰਡੇ-ਕੁੜੀਆਂ ਬਾਹਰੋਂ ਆਉਂਦੇ ਅਤੇ ਵਿਆਹ ਕਰਵਾ ਕੇ ਲੈ ਜਾਂਦੇ ਸਨ। ਪਰੰਤੂ ਆਈਲੈਟਸ ਨੇ ਨਵਾਂ ਚਲਨ ਪੈਦਾ ਕਰ ਦਿੱਤਾ ਹੈ। ਰਿਸ਼ਤੇ ਵਿਚੋਲਾ ਹੀ ਕਰਵਾਉਂਦਾ ਸੀ। ਨਾਈ ਦੀ ਥਾਂ ਵਿਆਹ ਵਾਲੀ ਵੈਬਸਾਇਟਾਂ ਨੇ ਲੈ ਲਈ ਹੈ ਜਿਨ੍ਹਾਂ ਦੁਆਰਾ ਰਿਸ਼ਤੇ ਕਰਵਾਏ ਜਾਂਦੇ ਹਨ। ਅਜੋਕੇ ਵਿਚੋਲੇ ਦਾ ਨਵਾਂ ਸਰੂਪ ਅਖ਼ਬਾਰਾਂ ਦੇ ਰਾਹੀਂ ਦੇਖਣ ਨੂੰ ਮਿਲਦਾ ਹੈ। ਵੱਖੋ- ਵੱਖਰੀਆਂ ਅਖ਼ਬਾਰਾਂ ਦੇ ਵਿੱਚ ਰਿਸ਼ਤਿਆਂ ਦੇ ਇਸ਼ਤਿਹਾਰ ਦੇਖਣ ਨੂੰ ਮਿਲ ਜਾਣਗੇ।ਜਿਨ੍ਹਾਂ ਦੇ ਵਿੱਚ ਲਿਖਿਆ ਹੁੰਦਾ ਹੈ ਕਿ ਆਈਲੈਟਸ ਵਾਲੀ ਲੜਕੀ ਚਾਹੀਦੀ ਹੈ। ਕੁੜੀ ਨੂੰ ਬਾਹਰ ਭੇਜਣ ਦਾ ਪੂਰਾ ਖ਼ਰਚਾ ਮੁੰਡੇ ਵਾਲੇ ਕਰਨਗੇ। ਇਨ੍ਹਾਂ ਦੇ ਵਿੱਚ ਕੁਝ ਹੀ ਦਿੱਖਦੇ ਹਨ ਜਿਹੜੇ ਮੁੰਡੇ ਦੀ ਭਾਲ ਕਰਦੇ ਹੋਣ, ਜ਼ਿਆਦਾਤਰ ਮੁੰਡੇ ਵਾਲੇ ਹੀ ਕੁੜੀ ਦੀ ਭਾਲ ਕਰਦੇ ਹਨ। ਮੁੰਡੇ ਵੱਲੋਂ ਲੋੜੀਂਦੇ ਨੰਬਰ ਨਾ ਪ੍ਰਾਪਤ ਕਾਰਨ, ਮੁੰਡੇ ਵਾਲਿਆਂ ਵੱਲੋਂ ਇਹ ਸ਼ਰਤ ਰੱਖੀ ਜਾਂਦੀ ਹੈ। "ਕੁਝ ਅਜਿਹੇ ਕੇਸ ਵੀ ਹਨ, ਜਿਨ੍ਹਾਂ ਵਿਚ ਆਈਲੈਟਸ ਦੀ ਕੋਚਿੰਗ ਲੈਣ ਵਾਲੀ ਜਾਂ ਪੜ੍ਹੀ-ਲਿਖੀ ਨੂੰਹ ਲਿਆਂਦੀ ਜਾਂਦੀ ਹੈ ਤੇ ਵਿਆਹ ਤੋ ਬਾਅਦ ਉਹ ਟੈਸਟ ਦੇ ਵਿੱਚੋਂ ਪੂਰੇ ਬੈਂਡ ਨਹੀ ਲੈ ਪਾਉਂਦੀ ਜਾਂ ਕੁਝ ਤਕਨੀਕੀ ਕਾਰਨਾਂ ਕਰਕੇ ਵੀਜ਼ਾ ਨਹੀ ਲੱਗਦਾ ਤਾਂ ਘਰਾਂ 'ਚ ਝਗੜੇ ਸ਼ੁਰੂ ਹੋ ਜਾਂਦੇ ਹਨ ਤੇ ਅਜਿਹੇ ਮਾਮਲਿਆਂ 'ਚ ਘਰੇਲੂ ਹਿੰਸਾ ਦੇ ਕੇਸ ਵੀ ਦਰਜ ਹੋਏ ਹਨ।' *(ਆਈਲੈਟਸ ਵਾਲੀਆਂ ਨੂੰਹਾਂ ਬਣੀਆਂ ਪਹਿਲੀ ਪਸੰਦ. ਪੰਜਾਬੀ ਟ੍ਰਿਬਿਊਨ)*

ਅਜਿਹੇ ਰਿਸ਼ਤਿਆਂ ਦੇ ਵਿੱਚ ਸੁੱਖ ਘੱਟ ਤੇ ਦੁੱਖ ਵੱਧ ਮਿਲਦਾ ਹੈ ਕਿਉਂਕਿ ਇਹਨਾਂ ਰਿਸ਼ਤਿਆਂ ਦੇ ਪਿੱਛੇ ਲਾਲਚ ਦੀ ਭਾਵਨਾ ਦਿਲ ਵਿੱਚ ਭਰੀ ਹੁੰਦੀ ਹੈ।"ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਾਬਕਾ ਚੈਅਰਪਰਸਨ ਪਰਮਜੀਤ ਕੋਰ ਲਾਂਡਲਾ ਨੇ ਕਿਹਾ ਕਿ ਮੁੰਡੇ ਵਾਲੇ ਪਹਿਲਾਂ ਦਾਜ ਦਾ ਲਾਲਚ ਕਰਦੇ ਸਨ ਪਰ ਹੁਣ ਆਈਲੈਟਸ ਦਾ ਲਾਲਚ ਕਰਦੇ ਹਨ। ਉਨ੍ਹਾਂ ਲੜਕੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਪੜ੍ਹੀਆਂ-ਲਿਖੀਆਂ ਧੀਆਂ ਨੂੰ ਬਿਨ੍ਹਾਂ ਸੋਚੇ ਸਮਝੇ ਅਜਿਹੇ ਮੁੰਡਿਆਂ ਨਾਲ ਨਾ ਵਿਆਹੁਣ, ਜੋ ਭਾਸ਼ਾ ਟੈਸਟ ਪਾਸ ਕਰਨ ਦੇ ਕਾਬਲ ਵੀ ਨਾ ਹੋਣ ਕਿਉਂਕਿ ਅਜਿਹੇ ਰਿਸ਼ਤਿਆਂ 'ਚ ਮੁੰਡੇ-ਕੁੜੀ ਦੀ ਸੋਚ ਨਾ ਮਿਲਣ

ਕਾਰਨ ਅਣਬਣ ਸ਼ੁਰੂ ਹੋ ਜਾਂਦੀ ਹੈ, ਜਿਸ ਕਾਰਨ ਵਿਆਹ ਸਫ਼ਲ ਨਹੀ ਹੁੰਦੇ।" *(ਪੁੱਤਾਂ ਨੂੰ ਵਿਦੇਸ਼ ਭੇਜਣ ਲਈ ਕਾਹਲੇ ਮਾਪੇ ਭਾਲਦੇ ਆਈਲੈਟਸ ਵਾਲੀਆਂ ਨੂੰਹਾਂ. ਪੰਜਾਬੀ ਨੈਸ਼ਨਲ)*

ਦੋਵੇਂ ਧਿਰਾਂ ਆਪਣੀ ਮਰਜ਼ੀ ਦੇ ਨਾਲ ਆਪਣੇ ਕੁੜੀ-ਮੁੰਡੇ ਦੀ ਜ਼ਿੰਦਗੀ ਤਬਾਹ ਕਰਦੇ ਹਨ। ਸਿਰਫ਼ ਬਾਹਰਲੇ ਦੇਸ਼ ਜਾਣ ਦੇ ਲਾਲਚ ਵਿੱਚ ਕੁੜੀ ਦਾ ਨਕੰਮੇ ਮੁੰਡੇ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ। ਬਾਹਰਲੇ ਦੇਸ਼ਾਂ ਦੇ ਵਿੱਚ ਜਾਣ ਦੀ ਕਾਮਨਾ ਸਦਾ ਪੰਜਾਬੀਆਂ ਦੇ ਵਿੱਚ ਰਹੀ ਹੈ। ਇਹ ਕਾਮਨਾ ਇੰਨੀ ਪ੍ਰਬਲ ਹੋ ਗਈ ਹੈ ਕਿ ਮਾਪੇ ਆਪ ਹੀ ਆਪਣੇ ਬੱਚਿਆਂ ਦਾ ਨੁਕਸਾਨ ਕਰ ਬੈਠਦੇ ਹਨ। ਪਰਮਜੀਤ ਸਿੰਘ ਰਾਮਗੜ੍ਹੀਆ ਦੇ ਅਨੁਸਾਰ, "ਆਈਲੈਟਸ ਦੇ ਨਾਲ ਤੇ ਕੁੜੀ ਵਾਲਿਆਂ ਵਲੋਂ , ਮੁੰਡੇ ਵਾਲਿਆਂ ਤੋਂ ਮੋਟੀ ਰਕਮ ਲੈ ਕੇ ਆਪਣੀ ਧੀ ਨੂੰ ਦੇਣਾ ਕਿਥੋਂ ਤੀਕ ਵਾਜਿਬ ਹੈ? ਜਾਂ ਜੇ ਲੜਕਾ ਬਾਹਰ ਹੈ ਤਾਂ ਕੁੜੀ ਵਾਲਿਆਂ ਤੋਂ ਮੂੰਹ ਮੰਗਵੀ ਰਾਸ਼ੀ ਲਗਵਾਉਣੀ ਜਾਂ ਲੈਣੀ ਵੀ ਆਪਣੇ ਆਪ ਵਿੱਚ ਇੱਕ ਪ੍ਰਸ਼ਨ ਚਿੰਨ੍ਹ ਹੈ। ਅੱਜ ਰਿਸ਼ਤਿਆਂ ਦੇ ਵਿੱਚ ਅਪਣੱਤ ਦੀ ਬਜਾਏ, ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਪੈਸਾ ਲੈਣਾ ਜਾਂ ਦੇਣਾ ਦੋਵੇ ਧਿਰਾਂ ਦੇ ਲਈ ਮਾੜਾ ਰੁਝਾਨ ਹੈ।"*(ਆਈਲੈਟਸ ਦੇ ਨਾਮ 'ਤੇ ਰਿਸ਼ਤਿਆਂ ਦਾ ਘਾਣ. ਪੰਜਾਬੀ ਟ੍ਰਿਬਿਉਨ)*

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਮੰਡੀ ਦੇ ਪ੍ਰਭਾਵ ਹੇਠ ਰਸਮਾਂ-ਰਿਵਾਜ ਮਹਿੰਗੇ ਤੇ ਖਰਚੀਲੇ ਹੋ ਗਏ ਹਨ। ਪੁਰਾਤਨ ਰਸਮ ਰਿਵਾਜ ਦੇ ਵਿੱਚ ਨਵੇਂ- ਨਵੇਂ ਰਿਵਾਜਾਂ ਨੇ ਥਾਂ ਲੈ ਲਈ ਹੈ। ਵਰਤਮਾਨ ਸਮੇਂ ਦੇ ਵਿੱਚ ਉਹਨਾਂ ਦਾ ਹੀ ਚਲਨ ਹੋ ਰਿਹਾ ਹੈ।

**ਅ) ਤਿਉਹਾਰ** :- ਪੰਜਾਬ ਦਾ ਸਭਿਆਚਾਰ ਵਿਸ਼ਾਲ ਹੈ। ਇਸ ਵਿਸ਼ਾਲ ਸਭਿਆਚਾਰ ਦੀ ਵਿਸ਼ੇਸ਼ਤਾ ਵੇਖਿਆਂ ਹੀ ਬਣਦੀ ਹੈ। ਪੰਜਾਬੀ ਖੁੱਲ੍ਹ ਕੇ ਜਿਉਂਦੇ ਹਨ। ਮੁੱਢ ਕਦੀਮ ਤੋਂ ਪੰਜਾਬੀ ਨੱਚਣ ਟੱਪਣ ਦੇ ਸ਼ੌਕੀਨ ਰਹੇ ਹਨ। ਪੰਜਾਬੀ ਆਪਣੇ ਚਾਵਾਂ ਨੂੰ ਮੇਲਿਆਂ ਅਤੇ ਤਿਉਹਾਰਾਂ ਦੇ ਰਾਹੀਂ ਪੂਰਾ ਕਰਦੇ ਹਨ। ਮਨੁੱਖ ਦੀ ਸੰਸਕ੍ਰਿਤਕ ਨੁਹਾਰ ਮੇਲਿਆਂ ਅਤੇ ਤਿਉਹਾਰਾਂ ਦੇ ਵਿਚੋਂ ਨਜ਼ਰੀਂ ਪੈਂਦੀ ਹੈ। ਹਰ ਸਮਾਜ ਦੇ ਵਿੱਚ ਵਿਭਿੰਨ ਵਿਭਿੰਨ ਤਿਉਹਾਰ ਮਨਾਏ ਜਾਂਦੇ ਹਨ। ਭਾਰਤ ਦੀ ਵਸੋਂ ਅਣਗਿਣਤ ਹੋਣ ਕਰਕੇ, ਇਥੇ ਹਰ ਰੋਜ਼ ਕੋਈ ਨਾ ਕੋਈ ਤਿਉਹਾਰ ਜ਼ਰੂਰ ਮਨਾਇਆ ਜਾਂਦਾ ਹੈ। ਪੰਜਾਬੀ ਖਾਣ-ਪੀਣ ਪੱਖੋਂ ਨਹੀਂ ਸਗੋਂ ਖ਼ੁਸ਼ੀ ਮਨਾਉਣ ਲਈ ਵੀ

ਅੱਗੇ ਰਹਿੰਦੇ ਹਨ। ਪੰਜਾਬੀਆਂ ਨੂੰ ਖ਼ੁਸ਼ੀ ਮਨਾਉਣ ਦੇ ਲਈ ਕੋਈ ਦਿਨ ਤਿਉਹਾਰ ਦੀ ਕੋਈ ਲੋੜ ਨਹੀ ਹੁੰਦੀ, ਪਰ ਜੇ ਕੋਈ ਦਿਨ ਤਿਉਹਾਰ ਆ ਹੀ ਜਾਵੇ ਤਾਂ ਇਹਨਾਂ ਦੀਆਂ ਖ਼ੁਸ਼ੀਆਂ ਨੂੰ ਦੇਖਿਆ ਹੀ ਜਾ ਸਕਦਾ ਹੈ।ਉਸ ਦਿਨ ਨੱਚਦੇ ਟੱਪਦੇ ਲੁੱਡੀਆਂ ਪਾਉਂਦੇ ਨਜ਼ਰੀ ਆਉਂਦੇ ਹਨ। ਸਾਰੇ ਤਿਉਹਾਰ ਸਮੂਹਿਕ ਤੌਰ 'ਤੇ ਮਨਾਏ ਜਾਂਦੇ ਹਨ। ਪੰਜਾਬ ਦੇ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਸ਼ੁਰੂ ਹੁੰਦਾ ਹੈ। ਪੰਜਾਬ ਦੇ ਵਿੱਚ ਤਿਉਹਾਰਾਂ ਦਾ ਕਾਫ਼ਲਾ ਚੇਤ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਪੰਜਾਬ ਦੇ ਤਿਉਹਾਰ ਜਿਵੇਂ ਕਿ ਵਿਸਾਖੀ, ਰੱਖੜੀ, ਦੁਸਹਿਰਾ ਦੀਵਾਲੀ ਆਦਿ ਵਿਸ਼ੇਸ਼ ਤੌਰ ਤੇ ਮਨਾਏ ਜਾਂਦੇ ਹਨ।

ਇਹ ਵਿਚਾਰਧਾਰਕ ਅਤੇ ਪਦਾਰਥਕ ਆਦਾਨ-ਪ੍ਰਦਾਨ ਦਾ ਕੇਂਦਰ ਬਣਦੇ ਹਨ। ਮਨੁੱਖੀ ਮਨ ਦੀ ਆਪਸੀ ਸਾਂਝ ਦਾ ਪ੍ਰਤੀਕ ਬਣਦੀ ਹੈ। ਇਹ ਸਾਂਝ, ਭਾਵੁਕ, ਮਾਨਸਿਕ ਅਤੇ ਪਦਾਰਥਾਂ ਉਪਰ ਆਧਾਰਿਤ ਹੁੰਦੀ ਹੈ। ਹਰ ਇੱਕ ਤਿਉਹਾਰ ਦਾ ਆਪਣਾ ਇਤਿਹਾਸਿਕ ਪਿਛੋਕੜ ਹੈ। ਇਹਨਾਂ ਤਿਉਹਾਰਾਂ ਤੇ ਪੰਜਾਬੀਆਂ ਦਾ ਇਕੱਠ ਦੇਖਣ ਨੂੰ ਮਿਲਦਾ ਹੈ। ਪੰਜਾਬ ਦਾ ਹਰ ਦਿਨ ਤਿਉਹਾਰ ਵਾਲਾ ਹੀ ਹੁੰਦਾ ਹੈ ਇੱਥੇ ਕੋਈ ਨਾ ਕੋਈ ਦਿਨ ਤਿਉਹਾਰ ਮਨਾਇਆ ਹੀ ਜਾਂਦਾ ਹੈ ਜਿੱਥੇ ਪੰਜਾਬੀਆਂ ਦਾ ਚੋਖਾ ਇਕੱਠ ਦੇਖਣ ਨੂੰ ਮਿਲਦਾ ਹੈ। ਵਿਸ਼ੇਸ਼ ਕਰਕੇ ਤਿਉਹਾਰਾਂ ਦੇ ਦਿਨਾਂ ਵਿੱਚ ਖਾਸ ਵਸਤੂਆਂ ਦਾ ਸੇਵਨ ਕਰਨਾ ਜ਼ਰੂਰੀ ਤੇ ਸ਼ੁੱਭ ਸ਼ਗੁਨ ਸਮਝਿਆ ਜਾਂਦਾ ਹੈ। ਹਰੇਕ ਤਿਉਹਾਰ ਦੀ ਵਿਸ਼ੇਸ਼ ਤਸਵੀਰ ਹੈ। ਇਹ ਰਸਮਾਂ ਇੱਕ ਦੂਜੇ ਨਾਲੋਂ ਭਿੰਨ ਹੁੰਦੀਆਂ ਹਨ। "ਮੇਲਿਆਂ ਤੇ ਤਿਉਹਾਰਾਂ ਦੇ ਜਨਮ ਤੇ ਵਿਕਾਸ ਬਾਰੇ ਜੇਕਰ ਵਿਗਿਆਨਕ ਢੰਗ ਨਾਲ ਦੇਖੀਏ ਤਾਂ ਇਹ ਤੱਤ ਨਿੱਖਰ ਕੇ ਸਾਹਮਣੇ ਆਉਂਦਾ ਹੈ ਕਿ ਇਹ ਮਨੁੱਖ ਦੀ ਸਵੈ-ਰੱਖਿਆ ਤੇ ਸਰੀਰਕ ਅਰੋਗਤਾ ਦੀ ਲੋੜ ਤੋਂ ਜਨਮੇਂ ਹਨ।" *(ਗੁਰਦਿਆਲ ਸਿੰਘ ਫੁੱਲ ਪੰਜਾਬੀ ਸਭਿਆਚਾਰ: ਇੱਕ ਦ੍ਰਿਸ਼ਟੀਕੋਣ 46)*

ਮਨੁੱਖ ਦੀ ਮੁਸ਼ੱਕਤ ਨਾਲ ਭਰੀ ਜ਼ਿੰਦਗੀ ਇਹਨਾਂ ਦਿਨਾਂ ਦੇ ਮਨੋਰੰਜਨ ਨਾਲ ਜੀਵਨ ਤਰੋ-ਤਾਜ਼ਾ ਹੋ ਜਾਂਦੀ ਹੈ। ਇਹਨਾਂ ਦੇ ਰਾਹੀਂ ਸਭਿਆਚਾਰ ਦੀ ਰੂਪ-ਰੇਖਾ ਵਿਦਮਾਨ ਹੁੰਦੀ ਹੈ। ਪੰਜਾਬ ਦੇ ਵਿੱਚ ਪਿੰਡਾਂ ਦੀ ਗਿਣਤੀ ਅਧਿਕ ਹੈ। ਪਿੰਡਾਂ ਦੇ ਲੋਕ ਦੇਸੀ ਮਹੀਨੇ ਦੇ ਮੁਤਾਬਿਕ ਕਾਰਜ ਕਰਦੇ ਹਨ। ਦੇਸੀ ਮਹੀਨਾ ਚੇਤ ਤੋਂ ਸ਼ੁਰੂ ਹੁੰਦਾ ਹੈ। ਇਸ ਦਿਨ ਨੂੰ ਨਵਾਂ ਸੰਮਤ ਕਿਹਾ ਜਾਂਦਾ ਹੈ ਅਤੇ ਇਹ ਦਿਨ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਂਦਾ ਹੈ। "ਬਾਹਰੋਂ ਛੋਲਿਆਂ ਦੀਆਂ ਟਾਟਾਂ ਦਾ ਛੋਟੂਆਂ, ਕਣਕਾਂ ਦੀਆਂ ਬੱਲੀਆਂ ਤੇ ਛੋਲਿਆਂ ਦੇ ਬੂਟੇ ਪੁੱਟ ਕੇ

ਹੋਲ਼ਾਂ ਭੁੰਨ ਕੇ ਚੜ੍ਹਦੇ ਵਰ੍ਹੇ ਦਾ 'ਅੰਨ ਨਵਾਂ ਕੀਤਾ ਜਾਂਦਾ ਹੈ। ਇਸ ਦਿਨ ਭੁੰਨੀ ਹੋਈ ਕਣਕ ਦਾ ਮਿੱਠਾ ਦਲ਼ੀਆਂ ਦੁੱਧ ਵਿੱਚ ਪਾ ਕੇ ਖਾਂਦੇ ਹਨ। ਸਰਦੇ ਪੁਜਦੇ ਘਰੀਂ ਖੀਰ, ਕੜਾਹ ਵੀ ਕਰ ਲਿਆ ਜਾਂਦਾ ਹੈ। ਨਵਾਂ ਸਾਲ ਜੋ ਨਾਉਣਾ ਹੁੰਦਾ ਹੈ।"*(ਹਰਮੀਤ ਕੌਰ ਭੁੱਲਰ. ਪੰਜਾਬੀ ਸਭਿਆਚਾਰਕ ਵਾਰਤਕ: ਸਿਧਾਂਤ ਤੇ ਵਿਹਾਰ 137)*

**ੳ) ਵਰਤ:-** ਸਾਰੇ ਤਿਉਹਾਰ ਆਪਣੀ ਵੱਖਰੀ ਸੁਤੰਤਰ ਹੋਂਦ ਰੱਖਦੇ ਹਨ। ਅਜੋਕੇ ਪਦਾਰਥਵਾਦੀ/ਭੌਤਿਕ ਯੁੱਗ ਵਿੱਚ ਤਿਉਹਾਰਾਂ ਦੇ ਰੂਪ ਪਰਿਵਰਤਿਤ ਹੋ ਚੁੱਕੇ ਹਨ। ਵਰਤ ਰੱਖਣ ਵਾਲੇ ਨੂੰ ਵਰਤੀ ਕਿਹਾ ਜਾਂਦਾ ਹੈ। ਵਰਤ ਰੱਖਣ ਵਾਲਾ ਆਪਣੇ ਇਸ਼ਟ ਨੂੰ ਪੂਜਣ ਦੇ ਲਈ ਅਰਾਧਨਾ ਕਰਦਾ ਹੈ। ਉਹ ਸਾਰਾ ਦਿਨ ਭੁੱਖਾ ਪਿਆਸਾ ਰਹਿੰਦਾ ਹੈ। ਉਹ ਆਪਣੀ ਦੇਹ ਕਸ਼ਟ ਦੇ ਵਿੱਚ ਰੱਖ ਕੇ ਆਪਣੇ ਇਸ਼ਟ ਨੂੰ ਪ੍ਰਸ਼ੰਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਭਾਰਤੀ ਸਭਿਅਤਾ ਦੇ ਵਿੱਚ ਭਿੰਨ ਭਿੰਨ ਵਰਤ ਰੱਖਣ ਨੂੰ ਮਿਲ ਜਾਂਦੇ ਹਨ। ਹਰ ਉਮਰ ਦੇ ਵਿਅਕਤੀ ਵਰਤ ਰੱਖ ਸਕਦੇ ਹਨ, ਭਾਵੇਂ ਉਹ ਬੱਚਾ, ਬੁੱਢਾ, ਜਵਾਨ ਹੀ ਕਿਉਂ ਨਾ ਹੋਵੇ। ਹਿੰਦੂ ਧਰਮ ਦੇ ਵਿੱਚ ਹਰ ਦਿਨ ਕੋਈ ਨਾ ਕੋਈ ਵਰਤ ਆਉਂਦਾ ਰਹਿੰਦਾ ਹੈ। ਆਮ ਤੌਰ ਤੇ ਵਰਤ ਆਤਮਾ ਦੀ ਸ਼ੁੱਧੀ ਜਾਂ ਸਰੀਰਕ ਤੰਦਰੁਸਤੀ ਲਈ ਰੱਖਿਆ ਜਾਂਦਾ ਹੈ। ਡਾਕਟਰ ਵਰਤ ਰੱਖਣ ਤੋਂ ਮਨ੍ਹਾ ਕਰਦੇ ਹਨ ਕਿਉਂਕਿ ਇਹ ਸਿਹਤ ਦੇ ਪੱਖ ਤੋਂ ਮਾਨਵ ਦੇ ਲਈ ਠੀਕ ਨਹੀਂ ਹਨ। ਮਾਨਵ ਆਪਣੇ ਵਿਸ਼ਵਾਸ ਦੇ ਆਧਾਰ ਉੱਤੇ ਵਰਤ ਰੱਖਦਾ ਆ ਰਿਹਾ ਹੈ। ਇਹ ਵਰਤਾਰਾ ਸਦੀਆਂ ਤੋਂ ਚਲਦਾ ਆ ਰਿਹਾ ਹੈ। ਮੰਡੀਕਰਨ ਦੇ ਦੌਰ ਦੇ ਵਿੱਚ ਹਰ ਵਰਤਾਰਾ ਬੜੀ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ। ਭਾਰਤੀ ਸਭਿਆਚਾਰ ਦੇ ਵਿੱਚ ਕਰਵਾ ਚੌਥ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਭਾਰਤੀ ਸਭਿਆਚਾਰ ਦੇ ਵਿੱਚ ਹਰੇਕ ਵਿਆਹੁਤਾ ਇਸਤਰੀ ਆਪਣੇ ਪਤੀ ਦੀ ਲੰਮੇਰੀ ਉਮਰ ਦੇ ਲਈ ਕਰਵਾ ਚੌਥ ਦਾ ਵਰਤ ਰੱਖਦੀ ਹੈ। ਕਿਹਾ ਜਾਂਦਾ ਹੈ ਕਿ "ਇਸਤਰੀ ਆਪਣੇ ਪਤੀ ਦੀ ਲੰਮੇਰੀ ਉਮਰ ਲਈ ਵਰਤ ਰੱਖ ਕੇ ਪੁੰਨ ਹਾਸਿਲ ਕਰਦੀ ਹੈ। ਇਹ ਵਰਤ ਸੁਹਾਗਣਾਂ ਰੱਖਦੀਆਂ ਹਨ। ਇਹ ਵਰਤ ਗ਼ੌਰੀ ਮਾਤਾ ਨੂੰ ਖ਼ੁਸ਼ ਕਰਨ ਦੇ ਲਈ ਰੱਖਿਆ ਜਾਂਦਾ ਹੈ। ਲੋਕ ਧਾਰਨਾ ਹੈ ਕਿ ਇਸ ਵਰਤ ਦਾ ਫਲ, ਸੁਹਾਗ ਦੀ ਲੰਮੀ ਉਮਰ ਹੈ।" *(ਰੁਪਿੰਦਰ ਕੌਰ. ਲੋਕਧਾਰਾ ਸਮੱਗਰੀ ਤੇ ਪੇਸ਼ਕਾਰੀ 57)*

ਇਹ ਵਰਤ ਕੱਤਕ ਦੇ ਮਹੀਨੇ ਵਿੱਚ ਆਉਂਦਾ ਹੈ। ਕਰਵਾ ਦਾ ਅਰਥ ਪਾਣੀ ਦਾ ਭਰਿਆ ਕੁੱਜਾ ਜਾਂ ਘੜਾ ਹੈ। ਇਹ ਨਿਰਜਲ ਵਰਤ ਹੈ। ਇਸ ਵਰਤ ਦੇ ਵਿੱਚ ਸੂਰਜ ਚੜ੍ਹਨ ਤੋਂ ਪਹਿਲਾ ਅੰਨ, ਫਲ, ਮਿਠਾਈ ਆਦਿ ਖਾ ਲੈਣੀ ਹੁੰਦੀ ਹੈ। "ਰਾਤ ਨੂੰ ਜਦੋਂ ਵਰਤ ਖੋਲ੍ਹਦੀਆਂ ਹਨ ਔਰਤਾਂ ਪਾਣੀ ਕਰੁਏ ਦੇ ਵਿੱਚ ਪੀਂਦੀਆਂ ਹਨ। ਕਰੁਏ ਦੇ ਕਾਰਨ ਹੀ ਇਸ ਵਰਤ ਦਾ ਨਾਂ ਕਰਵਾ ਚੌਥ ਪਿਆ ਹੈ।" *(ਰੁਪਿੰਦਰ ਕੌਰ. ਲੋਕਧਾਰਾ ਸਮੱਗਰੀ ਤੇ ਪੇਸ਼ਕਾਰੀ 58)*

ਪਹਿਲਾਂ ਪਾਣੀ ਦੇ ਲਈ ਮਿੱਟੀ ਦੇ ਭਾਂਡੇ ਦੀ ਵਰਤੋਂ ਹੁੰਦੀ ਸੀ। ਫਿਰ ਮਿੱਟੀ ਦੇ ਬਰਤਨ ਤੋਂ ਧਾਤਾਂ ਦੇ ਬਰਤਨ ਦੀ ਵਰਤੋਂ ਹੋਣ ਲੱਗ ਪਈ ਸੀ। ਨਵ-ਵਿਆਹੁਤਾ ਇਸਤਰੀ ਆਪਣਾ ਪਹਿਲਾ ਵਰਤ ਆਪਣੇ ਪੇਕੇ ਜਾ ਕੇ ਰੱਖਦੀ ਹੈ। ਸਹੁਰੇ ਘਰ ਜਾਣ ਸਮੇਂ ਕੱਪੜੇ, ਬਰਤਨ ਆਦਿ ਹੋਰ ਸਾਮਾਨ ਲੈ ਕੇ ਜਾਂਦੀਆ ਹਨ। ਜਿਹੜੀਆਂ ਇਸਤਰੀਆਂ ਆਪਣਾ ਵਰਤ ਸਹੁਰੇ ਘਰ ਵਿੱਚ ਹੀ ਰੱਖਦੀਆ ਹਨ ਉਹਨਾਂ ਦੇ ਪੇਕੇ ਘਰ ਹੀ ਸਾਮਾਨ ਦੇ ਜਾਂਦੇ ਸਨ।

ਭੇਜੀਂ ਨੀ ਮਾਈ ਮੈਨੂੰ ਮਿੱਠਾ ਸੰਧਾਰਾ,
ਛੋਲਿਆ ਦੀ ਰੋਟੀ ਇੱਕ ਲੂਣ ਕਰਾਰਾ।

*(ਸੁਖਦੀਪ ਕੌਰ. ਵਿਸ਼ਵੀਕਰਨ ਪੰਜਾਬੀ ਸਭਿਆਚਾਰਕ ਪਰਿਵਰਤਨ 26)*

ਵਰਤਮਾਨ ਸਮੇਂ ਦੇ ਵਿੱਚ ਕਰਵਾ ਚੌਥ ਦਾ ਵਰਤ ਨੂੰ ਸ਼ੋਕੀਆ ਜਾਂ ਫ਼ੈਸ਼ਨ ਦੇ ਤੌਰ ਤੇ ਮਨਾਇਆ ਜਾਣ ਲੱਗ ਪਿਆ ਹੈ। ਅਜੋਕੀ ਕੋਈ ਵੀ ਇਸਤਰੀ ਆਪਣੇ ਪਤੀ ਦੀ ਲੰਮੀ ਉਮਰ ਦੀ ਕਾਮਨਾ ਲਈ ਨਹੀਂ ਸਗੋਂ ਫ਼ੈਸ਼ਨ ਦੇ ਤੌਰ ਤੇ ਮਨਾਉਂਦੀ ਹੈ। ਇਸ ਦਿਨ ਨਵਾਂ ਸੂਟ, ਫ਼ੈਸ਼ਨ ਦੀਆਂ ਭਾਂਤ ਭਾਂਤ ਦੀਆਂ ਵਸਤਾਂ ਪਹਿਨਦੀਆਂ ਹਨ। ਬਿਊਟੀ ਪਾਰਲਰ ਉਪਰ ਕਈ ਤਰ੍ਹਾਂ ਦੀਆ ਛੋਟਾਂ ਦਿੱਤੀਆ ਜਾਂਦੀਆ ਹਨ ਜਿਵੇਂ ਕਿ ਕਿਸੇ ਪੈਕਜ ਦੇ ਨਾਲ ਮਹਿੰਦੀ ਫ਼ਰੀ ਆਦਿ। ਇਹਨਾਂ ਤੋਂ ਇਲਾਵਾ ਟੀ.ਵੀ ਅਤੇ ਸੰਚਾਰ ਦੇ ਸਾਧਨ ਦੇ ਰਾਹੀਂ ਜ਼ਿਆਦਾ ਪ੍ਰੋਤਸਾਹਨ ਦਿੱਤਾ ਜਾਂਦਾ ਹੈ। ਦਿਖਾਵੇ ਦੇ ਤੌਰ ਤੇ ਫੇਸਬੁੱਕ ਉਪਰ ਵੀ ਆਪਣੀਆਂ ਫੋਟੋ ਪਾ ਦਿੰਦੇ ਹਨ। ਇਸਤਰੀਆਂ ਵੀ ਸੱਜ-ਧੱਜ ਕੇ Whatsaap, Youtube ਉੱਤੇ ਆਪ ਹੀ ਸਟੇਟਸ ਪਾ ਕੇ ਜਾਂ ਵੀਡੀਉ ਬਣਾ ਲੋਕਾਂ ਦੇ ਨਾਲ ਦਿਨ ਬੀਤਣ ਦੇ ਬਾਰੇ ਸਾਂਝੀਆਂ ਕਰਦੀਆਂ ਹਨ।

ਇਹ ਭਾਂਤ ਭਾਂਤ ਦੇ ਪਾਖੰਡ ਮਨੁੱਖੀ ਭਾਵਨਾ ਭੜਕਾਉਂਦੇ ਹਨ। ਇਹ ਵਰਤ ਨਿੱਜੀ ਤੇ ਪਰਿਵਾਰਿਕ ਸਾਂਝ ਨਾਲ ਸੰਬੰਧਿਤ ਹੈ, ਪਰ ਇਸ ਵਰਤ ਨੂੰ ਨਿੱਜੀ ਭਾਵਨਾ ਦੀ ਥਾਂ ਸਮੂਹਿਕ ਭਾਵਨਾ ਨਾਲ ਜੋੜਿਆ ਜਾਂਦਾ ਹੈ। ਅਕਸਰ ਇਹ ਧਿਆਨ ਕੇਂਦਰਿਤ ਕਰਨ ਦੇ ਲਈ ਅਖ਼ਬਾਰਾਂ ਦੇ ਰਾਹੀਂ ਜਾਂ ਕਿਸੇ ਹੋਰ ਜ਼ਰੀਏ ਦੇ ਰਾਹੀਂ ਗਾਹਕ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ ਕਰਦੇ ਹਨ। ਸਰਘੀ ਦੀ ਬਣੀ ਬਣਾਈ ਹੋਈ ਥਾਲੀ ਬਜ਼ਾਰ ਵਿੱਚੋ ਮਿਲ ਜਾਂਦੀ ਹੈ। ਪਹਿਲਾਂ ਸਰਘੀ ਦਾ ਸਾਰਾ ਸਮਾਨ ਇਕੱਲਾ ਇਕੱਲਾ ਇਕੱਠਾ ਕਰਨਾ ਪੈਂਦਾ ਸੀ। ਹੁਣ ਉਪਭੋਗਤਾ ਉਹੀ ਸਾਮਾਨ ਤਿਆਰ ਕਰਦਾ ਹੈ, ਜਿਸ ਨੂੰ ਬਜ਼ਾਰ ਦੇ ਵਿੱਚ ਆਸਾਨੀ ਨਾਲ ਵੇਚਿਆ ਜਾ ਸਕੇ। ਮਸ਼ੀਨੀਕਰਨ ਨੇ ਇਹ ਕੰਮ ਹੋਰ ਆਸਾਨ ਕਰ ਦਿੱਤਾ ਹੈ। ਮੰਡੀ ਸਮਾਜ ਦੇ ਮਤਲਬ ਦੀ ਹਰ ਵਸਤ ਨੂੰ ਆਪਣੇ ਮਤਲਬ ਲਈ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੀ ਹੈ। "ਲਿਪਸਟਿਕ, ਪਾਊਡਰ, ਪਰਫਿਊਮ, ਮਸਕਰਾ, ਖ਼ੁਸ਼ਬੂਦਾਰ ਰੰਗ ਗੋਰਾ ਕਰਨ ਵਾਲੇ ਸਾਬਣਾਂ ਦੀ ਵਰਤੋਂ ਅਤੇ ਬਿਊਟੀ ਪਾਰਲਰ ਵਿੱਚ ਜਾ ਕੇ ਫੈਸ਼ੀਅਲ, ਮੈਡੀਕਿਊਰ, ਪੈਡੀਕਿਊਰ ਕਰਵਾਉਣਾ ਪੰਜਾਬੀ ਸਭਿਆਚਾਰ ਦਾ ਹਿੱਸਾ ਨਹੀਂ ਹੈ, ਸਗੋਂ ਵਿਸ਼ਵੀ ਸਰੋਕਾਰਾਂ ਦੀ ਦੇਣ ਹੈ।" *(ਸਤਿੰਦਰ ਕੌਰ ਰੰਧਾਵਾ, ਸਭਿਆਚਾਰ ਤੇ ਨਵ-ਪਰਿਪੇਖ 71)*

ਪੁਰਾਤਨ ਸਮੇਂ ਦੇ ਵਿੱਚ ਇੰਨੀਆਂ ਸੁੱਖ- ਸਹੂਲਤਾਂ ਉਪਲੱਬਧ ਨਹੀਂ ਸਨ। ਫਿਰ ਵੀ ਵਰਤ ਰੱਖੇ ਜਾਂਦੇ ਸਨ।ਅਜੋਕੇ ਸਮੇਂ ਦੇ ਵਿੱਚ ਮਲਟੀਮੀਡੀਆ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਇਹਨਾਂ ਦੇ ਰਾਹੀਂ ਧਰਮ ਨਾਲ ਵੈੱਬਸਾਈਟਾਂ ਉਪਲੱਬਧ ਹਨ ਜਿਨ੍ਹਾਂ ਦੇ ਹਰ ਦੇਵੀ-ਦੇਵਤਿਆਂ ਦੇ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਇਹਨਾਂ ਰਾਹੀਂ ਪਹਿਲਾਂ ਹੀ ਆਪਣੇ ਭੱਵਿਖ ਨੂੰ ਦੇਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਸ ਨਾਲ ਸੰਬੰਧਿਤ ਸਾਰੇ ਕਰਮ-ਕਾਂਡਾਂ ਨੂੰ ਪੂਰਾ ਕੀਤਾ ਜਾਂਦਾ ਹੈ। ਇਸੇ ਤਰ੍ਹਾ ਹੀ ਕਰਵਾ ਚੌਥ ਦੀ ਵਰਤ ਦੇ ਨਾਲ ਸੰਬੰਧਿਤ ਜਾਣਕਾਰੀ ਇੰਟਰਨੈੱਟ ਉੱਤੇ ਮਿਲ ਜਾਂਦੀ ਹੈ।

ਡਾ. ਮਨਦੀਪ ਕੌਰ ਢੀਂਗਰਾ ਦੇ ਵਿਚਾਰਾਂ ਅਨੁਸਾਰ,

> ਜੇਕਰ ਗਹੁ ਨਾਲ ਵੇਖਿਆ ਜਾਵੇ ਤਾ ਮੀਡੀਆ ਇਸ ਦੇ ਵਿੱਚ ਅਹਿਮ ਰੋਲ ਅਦਾ ਕਰਦਾ ਹੈ ਜਿਵੇਂ ਕਿ ਕਰਵਾ ਚੌਥ ਦੇ ਵਰਤ ਵੇਲੇ ਸਾਰਾ ਦਿਨ ਟੀ.ਵੀ ਚੈਨਲਾਂ ਤੇ ਸਿੱਧਾ ਪ੍ਰਸਾਰਣ

ਵਿਖਾਇਆ ਜਾਂਦਾ ਹੈ ਕਿ ਕਿਵੇਂ ਸੁਹਾਗਣ ਔਰਤਾਂ ਸੱਜ-ਧੱਜ ਕੇ ਇਸ ਦਿਨ ਨੂੰ ਬਤੀਤ ਕਰ ਰਹੀਆਂ ਹੁੰਦੀਆਂ ਹਨ। ਉਹ ਚੰਨ ਨਿਕਲਣ ਦੀ ਉਡੀਕ ਵਿਚ ਛੱਤ ਤੇ ਚੜ੍ਹ ਜਾਂਦੀਆਂ ਹਨ ਜਿਸ ਨੂੰ ਮੀਡੀਆ ਵਾਲਿਆਂ ਵਲੋਂ ਲਾਈਵ ਪੇਸ਼ ਕੀਤਾ ਜਾਂਦਾ ਹੈ। ਮੰਦਿਰਾਂ ਦੇ ਵਿੱਚ ਇਸ ਦਿਨ ਕਾਫੀ ਭੀੜ ਹੁੰਦੀ ਹੈ। ਅੱਜ ਕੱਲ੍ਹ ਕਥਾ ਪੜ੍ਹਨ ਵਾਲੀ ਭ੍ਰਿਉਰੀ ਨੂੰ ਇਸ ਦਿਨ ਕਾਫ਼ੀ ਮੁਨਾਫ਼ਾ ਹੋ ਜਾਂਦਾ ਹੈ, ਕਿਉਂਕਿ ਇਸ ਦਿਨ ਦਾਨ ਵਜੋਂ ਕਾਫ਼ੀ ਸਾਰਾ ਚੜ੍ਹਾਵਾ ਉਸ ਨੂੰ ਹੋ ਜਾਂਦਾ ਹੈ। ਜਿਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਹ ਵਰਤ ਵਪਾਰ ਬਣ ਕੇ ਰਹਿ ਗਏ ਹਨ।

*(ਪੰਜਾਬੀ ਸਭਿਆਚਾਰ ਦੀਆ ਪ੍ਰਮੁੱਖ ਵੰਗਾਰਾਂ 31)*





**Figure 2.5 : ਪੇਜ ਭਾਵਨਾਵਾਂ ਦੀ ਵਿਕਰੀ**

ਮੰਡੀ ਨੇ ਹਰ ਤਿਉਹਾਰ ਨੂੰ ਵਿਕਰੀ ਦਾ ਹਿੱਸਾ ਬਣਾਇਆ ਹੈ। ਕਰਵਾਚੌਥ ਨੂੰ ਮੰਡੀ ਦੀ ਵਿਕਰੀ ਦਾ ਅੰਗ ਬਣਾ ਲਿਆ ਹੈ। ਬਜ਼ਾਰ ਦੇ ਵਿੱਚ ਕਰਵਾਚੌਥ ਦੇ ਵਕਤ ਰੌਣਕਾਂ ਲੱਗੀਆਂ ਹੁੰਦੀਆਂ ਹਨ। ਬਿਊਟੀ ਪਾਰਲਰ ਦੇ ਵਿੱਚ ਇਸਤਰੀਆਂ ਦੇ ਲਈ ਭਾਂਤ-ਭਾਂਤ ਦੇ ਆਫ਼ਰ ਲੱਗੇ ਹੁੰਦੇ ਹਨ। ਕਰਵਾ ਚੌਥ ਦੇ ਵਰਤ ਦੇ ਵਿੱਚ ਵਰਤੀ ਜਾਂਦੀ ਸਮੱਗਰੀ ਨੂੰ ਵਿਸ਼ੇਸ਼ ਬਣਾ ਕੇ ਵੇਚਿਆ ਜਾਂਦਾ ਹੈ  ਪਰੰਤੂ ਇਹ ਵਰਤ ਭਾਵਨਾਵਾਂ ਦੇ ਨਾਲ ਸੰਬੰਧਿਤ ਹੈ ਇਸ ਨੂੰ ਵਿਕਰੀ ਦਾ ਹਿੱਸਾ ਨਹੀਂ ਬਣਨ ਦੇਣਾ ਚਾਹੀਦਾ। ਕਰਵਾ ਚੌਥ ਭਾਰਤੀ ਪਰੰਪਰਾ ਤੋਂ

ਚਲਿਆ ਆ ਰਿਹਾ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ "ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ ਇਹ ਜ਼ਰੂਰੀ ਨਹੀਂ ਕਿ ਹਰ ਔਰਤ ਫ਼ੈਸ਼ਨ ਦੇ ਤੌਰ 'ਤੇ ਹੀ ਵਰਤ ਰੱਖੇ , ਇਸ ਲਈ ਇਸ ਨੂੰ ਫ਼ੈਸ਼ਨ ਨਾਲ ਜੋੜਿਆ ਜਾਣਾ ਗਲਤ ਹੋਵੇਗਾ।" *(ਪ੍ਰੀਤੀ. ਖੋਜ ਵਿਦਿਆਰਥੀ. ਗੁਰੂ ਨਾਨਕ ਦੇਵ ਯੂਨੀਵਰਸਿਟੀ. ਪ੍ਰਸ਼ਨਾਵਲੀ)*

ਪਰੰਤੂ ਸਾਰੀਆਂ ਨਹੀਂ ਬਹੁਤ ਸਾਰੀਆਂ ਦੀ ਭਾਵਨਾਵਾਂ ਵੀ ਜੁੜੀਆਂ ਹਨ। ਇਹ ਭਾਵਨਾਤਮਿਕ ਵਰਤ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ," ਅੱਜ ਕੱਲ੍ਹ ਦੀ ਚਕਾਚੌਂਧ ਵਿੱਚ ਦਿਖਾਵੇ ਕਰਕੇ ਸਾਰੇ ਤਿਉਹਾਰ ਫ਼ੈਸ਼ਨ ਦੇ ਤੌਰ ਤੇ ਮਨਾਏ ਜਾਂਦੇ ਹਨ ਪਰ ਗਰੀਬ ਬੰਦੇ ਦੇ ਲਈ ਰੋਜ਼ਾਨਾ ਲੋੜਾਂ ਵੀ ਬੜੀਆਂ ਮੁਸ਼ਕਿਲਾਂ ਨਾਲ ਪੂਰੀਆਂ ਹੁੰਦੀਆਂ ਹਨ।" *(ਡਾ. ਪਲਵਿੰਦਰ ਕੌਰ. ਅਸਿਸਟੈਂਟ ਪ੍ਰੋਫੈਸਰ . ਭਾਈ ਆਸਾ ਸਿੰਘ ਕਾਲਜ . ਬਠਿੰਡਾ)*

**ਅ) ਦੀਵਾਲੀ :-** ਭਾਰਤੀ ਸਭਿਆਚਾਰ ਵਿੱਚ ਦਿਵਾਲੀ ਦੀ ਵਿਸ਼ੇਸ਼ ਮਹੱਤਤਾ ਹੈ। ਹਰ ਧਰਮ ਆਪੋ-ਆਪਣੀ ਸ਼ਰਧਾ ਦੇ ਅਨੁਸਾਰ ਮਨਾਉਂਦਾ ਹੈ। ਦੀਵਾਲੀ ਦੇ ਲਈ ਹਰੇਕ ਧਰਮ ਵਿੱਚ ਕੋਈ ਨਾ ਕੋਈ ਮਿੱਥ ਜ਼ਰੂਰ ਮੌਜੂਦ ਹੈ, ਜਿਸ ਦੇ ਆਧਾਰ ਤੇ ਮਨਾਉਂਦੇ ਹਨ। ਹਿੰਦੂ ਧਰਮ ਦੇ ਵਿੱਚ ਸ੍ਰੀ ਰਾਮ ਚੰਦਰ ਜੀ 14 ਸਾਲਾਂ ਦਾ ਬਨਵਾਸ ਕੱਟ ਕੇ ਵਾਪਸ ਆਏ ਸਨ। ਸਿੱਖ ਧਰਮ ਦੇ ਵਿੱਚ ਛੇਵੀਂ ਪਾਤਸ਼ਾਹੀ ਸ੍ਰੀ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਨੂੰ ਨਾਲ ਲੈ ਕੇ ਰਿਹਾ ਹੋਏ ਸਨ। ਇਸ ਖ਼ੁਸ਼ੀ ਦੇ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ। "ਇਸ ਦਿਨ ਦੇ ਲਈ ਪੰਜਾਬੀਆਂ ਦੇ ਵਿੱਚ ਇੱਕ ਕਹਾਵਤ ਮਸ਼ਹੂਰ ਹੈ, ਦਾਲ ਰੋਟੀ ਘਰ ਦੀ ਦੀਵਾਲੀ ਅੰਬਰਸਰ ਦੀ। ਲਕਸ਼ਮੀ ਮਾਤਾ ਦੀਆਂ ਮੂਰਤੀਆਂ ਜ਼ਿਆਦਾ ਵਿਕਦੀਆ ਹਨ, ਕਿਉਂਕਿ ਇਸ ਦਿਨ ਮੰਨਿਆ ਜਾਂਦਾ ਹੈ, ਮਾਂ ਲਕਸ਼ਮੀ ਘਰ ਵਿੱਚ ਆਉਂਦੀ ਹੈ।" *(Over the year how Diwali Celebrations have changed for the worse. www.newsmobile.com )*

ਦੀਵਾਲੀ ਦੇ ਮੌਕੇ ਉੱਤੇ ਲਕਸ਼ਮੀ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ। ਘਰਾਂ ਦੇ ਦਰਵਾਜ਼ੇ ਪੂਰੀ ਰਾਤ ਖੁੱਲ੍ਹੇ ਰੱਖੇ ਜਾਂਦੇ ਹਨ ਤਾਂ ਜੋ ਮਾਤਾ ਨੂੰ ਘਰ ਵਿੱਚ ਆਉਣ ਦੀ ਕੋਈ ਦਿੱਕਤ ਨਾ ਹੋਵੇ। ਘਰਾਂ ਦੀ ਚੰਗੀ ਤਰ੍ਹਾ ਸਾਫ਼ ਸਫ਼ਾਈ ਕਰਾਈ ਜਾਂਦੀ ਹੈ। ਘਰਾਂ ਨੂੰ ਰੰਗ ਰੋਗਨ ਵੀ ਕਰਾਇਆ ਜਾਂਦਾ ਹੈ। ਸ਼ਰਾਬ ਪੀਣ ਵਾਲੇ ਇਸ

ਦਿਨ ਜੂਆ ਖੇਡਦੇ ਤੇ ਸ਼ਰਾਬ ਪੀਂਦੇ, ਲੜਾਈਆਂ ਲੜਦੇ ਵੀ ਦੇਖੇ ਜਾਂਦੇ ਹਨ। ਦੀਵਾਲੀ ਵਾਲੇ ਦਿਨ ਸਭ ਦੇ ਘਰ ਰੁਸ਼ਨਾਏ ਹੁੰਦੇ ਹਨ। ਘਰਾਂ ਦੇ ਵਿੱਚ ਦੀਵੇ ਜਗਾਏ ਜਾਂਦੇ ਹਨ। ਅਜੋਕੇ ਦੌਰ ਦੇ ਵਿੱਚ ਮਿੱਟੀ ਦੇ ਦੀਵੇ ਦਾ ਅਸਤਿਤਵ ਖ਼ਤਮ ਹੁੰਦਾ ਜਾ ਰਿਹਾ ਹੈ। ਦੀਵੇ ਦੀ ਥਾਂ ਬਿਜਲੀ ਦੀਆਂ ਰੰਗ-ਬਰੰਗੀਆਂ ਲਾਈਟਾਂ ਨੇ ਲੈ ਲਈ ਹੈ। ਹਰ ਇੱਕ ਘਰ ਦੇ ਵਿੱਚ ਬਿਜਲੀ ਦੀਆਂ ਲਾਈਟਾਂ ਦੀ ਰੋਸ਼ਨੀ ਦੇਖਣ ਨੂੰ ਮਿਲਦੀ ਹੈ। ਲੰਮੇ ਸਮੇਂ ਤੋਂ ਦੀਵਾਲੀ ਨੂੰ ਮਨਾਉਣ ਦੇ ਤਰੀਕੇ ਬਦਲਦੇ ਜਾ ਰਹੇ ਹਨ। " ਦੀਵਾਲੀ ਦੇ ਤਿਉਹਾਰ ਦੇ ਵਿੱਚ ਉਹਨਾਂ ਲੋਕਾਂ ਦਾ ਵਾਧਾ ਹੋਇਆ ਹੈ, ਜਿਹੜੇ ਪਟਾਕੇ ਜ਼ਿਆਦਾ ਚਲਾਉਂਦੇ ਹਨ। ਜ਼ਿਆਦਾ ਪਟਾਕੇ ਚਲਾਉਣ ਦੇ ਕਰਕੇ ਹੱਥ ਸਾੜਨ ਤੇ ਹੋਰ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ।" *(Five ways in which Diwali has changed'. www.hindustanbuisnesline.com,nov 12. 2015)*

ਦੀਵਾਲੀ ਦੇ ਤਿਉਹਾਰ ਉੱਤੇ ਪਟਾਕੇ ਬਹੁਤ ਚਲਦੇ ਤੇ ਬਜ਼ਾਰ ਦੇ ਵਿੱਚ ਥਾਂ ਥਾਂ ਉਪਰ ਪਟਾਕਿਆਂ ਦੀਆਂ ਦੁਕਾਨਾਂ ਲੱਗੀਆਂ ਮਿਲ ਜਾਂਦੀਆਂ ਹਨ। ਬੱਚੇ ਜਾਂ ਵੱਡਿਆਂ ਨੂੰ ਪ੍ਰਭਾਵਿਤ ਕਰਨ ਦੇ ਲਈ ਕਾਰਟੂਨ ਜਾਂ ਹੀਰੋ ਦੀ ਫੋਟੋ ਲਗਾ ਦਿੱਤੀ ਜਾਂਦੀ ਹੈ। ਮੁਰਗ਼ਾ ਛਾਪ ਪਟਾਕੇ ਬਹੁਤ ਸਮੇਂ ਤੋਂ ਬਜ਼ਾਰ ਦੇ ਵਿੱਚ ਵਿਕ ਰਹੇ ਹਨ। ਬੱਚਿਆ ਦਾ ਧਿਆਨ ਲਿਆਉਣ ਦੇ ਲਈ ਛੋਟਾ ਭੀਮ ਦਾ ਕਾਰਟੂਨ ਤੇ ਵੱਡਿਆ ਦਾ ਧਿਆਨ ਕੇਂਦਰਿਤ ਕਰਨ ਦੇ ਲਈ ਸਲਮਾਨ, ਆਦਿ ਹੀਰੋ ਦੀ ਤਸਵੀਰ ਲਗਾ ਦਿੱਤੀ ਜਾਂਦੀ ਹੈ, ਜਿਸ ਨੂੰ ਦੇਖ ਕੇ ਚੀਜ਼ ਦੀ ਵਿਕਰੀ ਕਰਨੀ ਸੌਖੀ ਹੋ ਜਾਂਦੀ ਹੈ।

ਦੀਵਾਲੀ ਮੌਕੇ ਬਜ਼ਾਰ ਭਰੇ ਹੋਏ ਮਿਲਦੇ ਹਨ। ਇਸ ਦਿਨ ਲੋਕ ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਮਠਿਆਈ ਤੋਹਫ਼ੇ ਵਜੋਂ ਦਿੰਦੇ ਹਨ। ਦੀਵਾਲੀ ਦੇ ਮੌਕੇ 'ਤੇ ਬਜ਼ਾਰ ਵਿੱਚ ਬਣੀ ਬਣਾਈ ਹੋਈ ਮਠਿਆਈ ਬਜ਼ਾਰ ਵਿੱਚੋ ਪੈਕਟ ਦੇ ਰੂਪ ਵਿਚ ਮਿਲ ਜਾਂਦੀ ਹੈ। ਲੋਕ ਉਹਨਾਂ ਪੈਕਟਾਂ ਨੂੰ ਹੀ ਖਰੀਦ ਕੇ ਤੋਹਫ਼ੇ ਵਜੋਂ ਦੇ ਦਿੰਦੇ ਹਨ। ਘਰ ਦੇ ਵਿੱਚ ਮਠਿਆਈ ਬਣਾਉਣ ਦਾ ਰਿਵਾਜ ਹੀ ਖਤਮ ਹੋ ਗਿਆ ਹੈ। ਤਿਉਹਾਰ ਵੀ ਰਿਸ਼ਤਿਆਂ ਦੀ ਬਨਾਵਟ ਦੀ ਤਰ੍ਹਾਂ ਬਨਾਵਟੀ ਹੁੰਦੇ ਜਾ ਰਹੇ ਹਨ। ਇਹਨਾਂ ਤਿਉਹਾਰਾਂ ਦੀ ਮਿਠਾਸ ਵਿੱਚ ਫਿਕ ਪੈ ਰਹੀ ਹੈ। ਘਰਾਂ ਦੇ ਵਿੱਚ ਮਠਿਆਈਆਂ ਬਣਾਉਣੀਆਂ ਬੰਦ ਹੋ ਗਈਆਂ ਹਨ। ਮੂਰਤੀ ਦੀ ਵਿਕਰੀ, ਘਰ ਦੀ ਰੋਸ਼ਨੀ ਦਾ ਸਾਮਾਨ ਆਦਿ ਜ਼ੋਸ ਵਿਚ ਵਿਕ ਜਾਂਦਾ ਹੈ। ਅਕਸਰ ਖਾਸ ਮੌਕਿਆਂ ਉਪਰ ਇਕੱਠੇ ਹੋਣ

ਤੇ ਮਿਲਣ ਦੀ ਤਾਂਘ 'ਚ ਰਹਿੰਦੇ ਸਨ। ਰਿਸ਼ਤਿਆਂ ਵਿਚਲੀ ਤਾਂਘ ਵੀ ਮਿਟਦੀ ਜਾ ਰਹੀ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, 'ਨੌਕਰੀ ਪੇਸ਼ਾ ਔਰਤਾਂ ਤੇ ਰੁਝੇਵਿਆਂ ਭਰੀ ਜ਼ਿੰਦਗੀ ਨੇ ਘਰ ਵਿੱਚ ਬਣਾਈਆਂ ਵਸਤਾਂ ਦੀ ਥਾਂ ਬਜ਼ਾਰੀ ਵਸਤਾਂ ਨੂੰ ਦੇ ਦਿੱਤੀ ਹੈ।' *(ਡਾ. ਪਲਵਿੰਦਰ ਕੌਰ. ਅਸਿਸਟੈਂਟ ਪ੍ਰੋਫੈਸਰ . ਭਾਈ ਆਸਾ ਸਿੰਘ ਕਾਲਜ . ਬਠਿੰਡਾ )*

**ੲ) ਤੀਆਂ ਦਾ ਤਿਓਹਾਰ**- ਸਾਵਣ ਦੇ ਮਹੀਨੇ ਦੇ ਵਿੱਚ ਤੀਆਂ ਦਾ ਮੇਲਾ ਮਨਾਇਆ ਜਾਂਦਾ ਹੈ। ਤੀਆਂ ਦਾ ਤਿਉਹਾਰ ਇਸਤਰੀ ਦੇ ਮਨ ਦੇ ਚਾਵਾਂ ਦੇ ਨਾਲ ਸੰਬੰਧਿਤ ਹੈ। ਤੀਆਂ ਦੇ ਅਰਥ ਤੀਜ ਤੋਂ ਹਨ। ਇਹ ਤਿਉਹਾਰ ਸਾਵਣ ਸੁਦੀ ਤਿੰਨ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਰਹਿੰਦਾ ਹੈ। ਪੁੰਨਿਆ ਵਾਲੇ ਦਿਨ ਬਲ੍ਹੋ ਪੈਂਦੀ ਹੈ। ਇਸ ਦਿਨ ਸਾਰੀਆਂ ਕੁੜੀਆਂ ਆਉਂਦੀਆਂ ਹਨ। ਸੰਸਕ੍ਰਿਤ ਗ੍ਰੰਥ ਵਿਚ ਇਸ ਤਿਉਹਾਰ ਨੂੰ ਤ੍ਰਿਤੀਯ ਕਿਹਾ ਗਿਆ ਹੈ। ਵਿਆਹ ਤੋਂ ਬਾਅਦ ਪਹਿਲੀਆਂ ਤੀਆਂ ਇਸਤਰੀ ਆਪਣੇ ਪੇਕੇ ਘਰ ਵਿੱਚ ਹੀ ਮਨਾਉਂਦੀ ਹੈ। ਭਰਾ ਆਪਣੀ ਭੈਣ ਨੂੰ ਲੈਣ ਜਾਂਦਾ ਹੈ। ਵਿਆਹੁਤਾ ਤੇ ਕੁਆਰੀਆਂ ਕੁੜੀਆਂ ਇਕੱਠੀਆਂ ਹੋ ਕੇ ਬਚਪਨ, ਜਵਾਨੀ ਦੀਆ ਗੱਲਾਂ ਨੂੰ ਯਾਦ ਕਰਦੀਆਂ ਹਨ। ਇਨ੍ਹਾਂ ਦਿਨਾਂ ਦੇ ਵਿੱਚ ਇਸਤਰੀਆ ਰੰਗ-ਬਰੰਗੇ ਕੱਪੜੇ ਪਹਿਨਦੀਆਂ ਹਨ। ਤੀਆਂ ਆਮ ਤੌਰ ਤੇ ਪਿੰਡੋਂ ਬਾਹਰ ਪਿੱਪਲ ਦੇ ਦਰਖ਼ਤ ਹੇਠ ਲੱਗਦੀਆਂ ਹਨ। ਪਿੱਪਲ ਦੇ ਦਰਖ਼ਤ ਉੱਤੇ ਪੀਂਘਾਂ ਪਾਈਆਂ ਹੁੰਦੀਆਂ ਹਨ।

ਰੁੱਤ ਸਾਉਣ ਦੀ ,

ਦਿਨ ਗਿੱਧੇ ਦੇ ਆਏ

ਕੁੜੀਆਂ ਰਲ ਕੇ ਆਈਆਂ ।

ਨੱਚਣ ਕੁੱਦਣ ਖ਼ੁਸ਼ੀ ਮਨਾਵਣ ਵੱਡਿਆਂ ਘਰਾਂ ਦੀਆਂ ਜਾਈਆਂ।

ਤੀਆਂ ਦੇ ਤਿਉਹਾਰ ਦੇ ਅਰਥ ਪਰਿਵਰਤਨ ਹੋ ਗਏ ਹਨ। ਅਜੋਕੇ ਸਮੇ ਵਿੱਚ ਤੀਆਂ ਕਾਲਜਾਂ ਜਾਂ ਕਲੱਬਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਕਾਲਜਾਂ ਤੇ ਕਲੱਬਾਂ ਦੇ ਵਿੱਚ ਹੀ ਤੀਆਂ ਦਾ ਤਿਉਹਾਰ ਆਯੋਜਿਤ ਕੀਤਾ ਜਾਂਦਾ ਹੈ ਜਿੱਥੇ ਔਰਤਾਂ ਪੀਂਘਾਂ ਝੂਟਦੀਆ, ਗਿੱਧਾ ਪਾਉਂਦੀਆਂ ਹਨ। ਮਹਿੰਦੀ ਲਗਾਉਣ

ਵਾਲਾ ਬੁਲਾਇਆ ਜਾਂਦਾ ਹੈ ਅਤੇ ਹਾਰ-ਸ਼ਿੰਗਾਰ ਦਾ ਸਾਮਾਨ ਖਰੀਦਣ ਦੇ ਲਈ ਛੋਟੀਆਂ-ਛੋਟੀਆਂ ਦੁਕਾਨਾਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਖਾਣ ਪੀਣ ਦੀਆਂ ਵੀ ਦੁਕਾਨਾਂ ਲੱਗਦੀਆਂ ਹਨ। ਪਹਿਲਾਂ ਤੀਆਂ ਭੈਣਾਂ, ਸਹੇਲੀਆਂ, ਦਰਾਣੀਆਂ, ਜਠਾਣੀਆਂ ਇਕੱਠੇ ਮਿਲ ਕੇ ਮਨਾਉਂਦੀਆਂ ਸਨ। ਹੁਣ ਦਿਖਾਵੇ ਦੇ ਰਿਸ਼ਤੇ ਰਹਿ ਗਏ ਹਨ, ਇਸਤਰੀਆਂ ਦਿਖਾਵੇ ਵਾਲੇ ਰਿਸ਼ਤਿਆਂ ਦੇ ਨਾਲ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਜਿਹੜੇ ਕਦੇ ਵੀ ਸਥਾਈ ਨਹੀ ਹੁੰਦੇ ਸਗੋਂ ਚਿਰ ਸਥਾਈ ਹੀ ਹੁੰਦੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਫੋਕ ਗੀਤ ਗਾਉਣ ਦੇ ਲਈ ਫੋਕ ਗਾਇਕ ਨੂੰ ਬੁਲਾਇਆ ਜਾਂਦਾ ਹੈ। ਜਨ-ਜੀਵਨ ਤੇਜ਼ੀ ਨਾਲ ਬਦਲ ਰਿਹਾ ਹੈ। ਰਿਸ਼ਤਿਆਂ ਦੇ ਤੌਰ ਤਰੀਕੇ ਵੀ ਉਨੀ ਹੀ ਤੇਜ਼ੀ ਨਾਲ ਬਦਲ ਰਹੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਤੀਆਂ ਦਾ ਤਿਉਹਾਰ ਸਭਿਆਚਾਰ ਦਾ ਅੰਗ ਹੈ, ਇਸ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।" *(ਪ੍ਰੀਤੀ. ਖੋਜ ਵਿਦਿਆਰਥੀ. ਗੁਰੂ ਨਾਨਕ ਦੇਵ ਯੂਨੀਵਰਸਿਟੀ. ਪ੍ਰਸ਼ਨਾਵਲੀ)*

ਤੀਆਂ ਦੇ ਤਿਉਹਾਰ ਬਾਰੇ ਪੀੜ੍ਹੀ ਨੂੰ ਜਾਣਕਾਰ ਹੋਣਾ ਚਾਹੀਦਾ ਹੈ। ਇਸ ਤੋਂ ਸਪਸ਼ਟ ਹੈ ਕਿ ਤਾਂ ਹੀ ਇਸ ਦੀ ਹੋਂਦ ਜੀਵੰਤ ਰਹਿ ਸਕਦੀ ਹੈ। ਇਹ ਤਿਉਹਾਰ ਮਨ ਦੀਆ ਭਾਵਨਾਵਾਂ ਦੇ ਨਾਲ ਸੰਬੰਧਿਤ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, 'ਅੱਜ ਕੱਲ੍ਹ ਦੀ ਤੇਜ਼ ਰਫ਼ਤਾਰ ਜ਼ਿੰਦਗੀ ਨੇ ਮਨ ਪ੍ਰਚਾਵੇ ਦੇ ਬਦਲਦੇ ਸੰਚਾਰ ਸਾਧਨਾਂ ਨੇ ਤੀਆਂ ਦੇ ਤਿਉਹਾਰ ਦੀ ਤਸਵੀਰ ਬਦਲ ਦਿੱਤੀ ਹੈ।" *(ਡਾ. ਪਲਵਿੰਦਰ ਕੌਰ. ਅਸਿਸਟੈਂਟ ਪ੍ਰੋਫੈਸਰ . ਭਾਈ ਆਸਾ ਸਿੰਘ ਕਾਲਜ . ਬਠਿੰਡਾ)*

**ਸ)** **ਬਸੰਤ ਦਾ ਤਿਉਹਾਰ** :- ਬਸੰਤ ਦੇ ਆਉਣ ਨਾਲ ਨਵੀਂ ਬਹਾਰ ਆਉਂਦੀ ਹੈ। ਫੁੱਲਾਂ ਨੂੰ ਨਵੇਂ ਪੁੰਗਾਰੇ ਨਿਕਲ ਆਉਂਦੇ ਹਨ। ਪੰਜਾਬ ਵਿੱਚ ਇਹ ਤਿਉਹਾਰ ਥਾਂ ਥਾਂ ਤੇ ਧੂਮ ਧਾਮ ਦੇ ਨਾਲ ਮਨਾਇਆ ਜਾਂਦਾ ਹੈ। ਪੰਜਾਬ ਦੇ ਵਿੱਚ ਛੇਹਰਟਾ ਤੇ ਪਟਿਆਲਾ ਦੀ ਬਸੰਤ ਪੰਚਮੀ ਮਸ਼ਹੂਰ ਹੈ। ਬਸੰਤ ਪੰਚਮੀ ਤੇ ਲੋਕ ਪਤੰਗ ਉਡਾਉਂਦੇ ਹਨ। ਪਤੰਗਬਾਜ਼ੀ ਦੇ ਥਾਂ ਥਾਂ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਬਜ਼ਾਰ ਦੇ ਵਿੱਚ ਮੁਕਾਬਲੇ ਦਾ ਗੜ੍ਹ ਬਣਿਆ ਹੁੰਦਾ ਹੈ। ਪਤੰਗ ਵਾਲੀ ਡੋਰ ਨੂੰ ਕੱਚ ਲਾ ਕੇ ਵੇਚਿਆ ਜਾਂਦਾ ਹੈ। ਜਿੱਥੇ ਵੀ ਡੋਰ ਟੁੱਟ ਕੇ ਰਹਿ ਜਾਂਦੀ ਹੈ, ਉੱਥੇ ਪੰਛੀਆਂ ਤੇ ਇਨਸਾਨਾਂ ਦੇ ਵੀ ਹੱਥ ਕੱਟੇ ਜਾਂਦੇ ਹਨ। ਤੇਜ਼ੀ ਦੇ ਦੌਰ ਵਿੱਚ ਹਰ ਕੋਈ ਅੱਗੇ

ਲੰਘਣਾ ਚਾਹੁੰਦਾ ਹੈ। ਜ਼ਿਆਦਾ ਤੋਂ ਜ਼ਿਆਦਾ ਕਮਾਉਣ ਦੇ ਚੱਕਰ ਵਿੱਚ ਹਰ ਕੋਈ ਗਲਤ ਕੰਮ ਕਰਨ ਦੇ ਲਈ ਤਿਆਰ ਹੋ ਜਾਂਦਾ ਹੈ। ਇਸ ਦਿਨ ਸਭ ਦੇ ਘਰਾਂ ਦੇ ਵਿੱਚ ਗੀਤ ਉੱਚੀ ਵੱਜਦੇ ਹਨ। ਲੋਕ ਸਾਰਾ ਦਿਨ ਘਰਾਂ ਦੀ ਛੱਤ ਉੱਪਰ ਹੀ ਚੜ੍ਹੇ ਰਹਿੰਦੇ ਹਨ। ਭਾਰਤੀ ਸਭਿਆਚਾਰ ਦੇ ਵਿੱਚ ਹਰੇਕ ਤਿਉਹਾਰ ਮਹੱਤਵ ਦਾ ਧਾਰਨੀ ਹੈ। ਹੋਲੀ ਦਾ ਤਿਉਹਾਰ ਹਿੰਦੂ ਤੇ ਸਿੱਖ ਧਰਮ ਦੇ ਵਿੱਚ ਮਨਾਇਆ ਜਾਂਦਾ ਹੈ। ਪੰਜਾਬ ਦੇ ਵਿੱਚ ਅਨੰਦਪੁਰ ਦਾ ਤਿਉਹਾਰ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ।

ਮੈਨੂੰ ਰੰਗ ਨਾ ਪਸੰਦ ਕੋਈ ਮਾਹੀ ਵਾਲੇ ਰੰਗ ਤੋਂ ਬਿਨ੍ਹਾ,

ਦਿਨ ਰੰਗਾਂ ਦਾ ਪਿਆਰਾ ਅੱਜ ਆਇਆ,

ਹਿੰਦੂ ਸਿੱਖ ਖੇਡੇ ਰਲਕੇ।

**ਹ)** **ਹੋਲੀ** - ਹੋਲੀ ਦੇ ਦਿਨਾਂ ਵਿੱਚ ਰੰਗ ਬਿਰੰਗੀਆਂ ਪਿਚਕਾਰੀਆਂ ਦੀ ਭਰਮਾਰ ਦੇਖਣ ਨੂੰ ਮਿਲਦੀ ਹੈ। ਬਜ਼ਾਰ ਦੇ ਵਿੱਚ ਮਾਨਵ ਬ੍ਰਾਂਡ ਆਧਾਰਿਤ ਜੀਵਨ ਜਿਊਣ ਨੂੰ ਤਰਜੀਹ ਦੇਣ ਲੱਗ ਪਿਆ ਹੈ। ਇਹ ਜੀਵਨ ਦਿਖਾਵਾ ਮਾਤਰ ਹੀ ਸੀਮਿਤ ਰਹਿ ਗਿਆ ਹੈ। "ਹੋਲੀ ਦੇ ਤਿਉਹਾਰ ਸਮੇਂ ਪਿਚਕਾਰੀਆਂ ਨੂੰ ਬਹੁਤ ਸਾਰੇ ਐਨੀਮੇਟਿਡ ਕਾਰਟੂਨ ਦੀ ਸ਼ਕਲ ਦਿੱਤੀ ਜਾਂਦੀ ਹੈ। ਬੱਚੇ ਆਪਣੇ ਪਸੰਦੀਦਾ ਕਾਰਟੂਨ ਵਾਲੀ ਪਿਚਕਾਰੀ ਖ੍ਰੀਦਦੇ ਹਨ।" *(ਡਾ. ਹਰਮੀਤ ਕੌਰ ਭੁੱਲਰ. ਈ-ਲੋਕਧਾਰਾ 98)*

ਰੰਗਾਂ ਦੇ ਉੱਪਰ ਭਾਂਤ ਭਾਂਤ ਦੀਆ ਤਸਵੀਰਾਂ ਬਣਾਈਆਂ ਹੋਈਆ ਮਿਲ ਜਾਂਦੀਆਂ ਹਨ। ਤਿਉਹਾਰਾਂ ਦੇ ਦਿਨਾਂ ਵਿੱਚ ਦੁਕਾਨਦਾਰ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਚਾਹੁੰਦਾ ਹੈ। ਜਿਸ ਦੇ ਕਾਰਨ ਬਜ਼ਾਰ ਦੇ ਵਿੱਚ ਮਿਲਾਵਟੀ ਰੰਗ ਵੀ ਵਿਕ ਜਾਂਦੇ ਹਨ। ਮਿਲਾਵਟੀ ਰੰਗ ਦੇ ਕਾਰਨ ਕਈ ਵਾਰੀ ਮਨੁੱਖ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ। ਅਮੀਰ ਲੋਕ ਆਪਣੇ ਘਰਾਂ ਦੇ ਵਿੱਚ ਹੋਲੀ ਪਾਰਟੀ ਰੱਖਦੇ ਹਨ। ਉਹ ਲੋਕ ਆਪਣੇ ਪਰਿਵਾਰਾਂ ਦਾ ਸਟੇਟਸ ਦਿਖਾਉਣ ਦੇ ਲਈ ਵੱਡੇ ਵੱਡੇ ਲੋਕਾਂ ਨੂੰ ਸੱਦਦੇ ਹਨ, ਆਪਣੇ ਘਰਾਂ ਦੇ ਵਿੱਚ ਕਾਰਡ ਰਾਹੀਂ ਇੰਟਰੀ ਦਿੰਦੇ ਹਨ। ਸਾਧਾਰਨ ਆਦਮੀ ਨਹੀਂ ਜਾ ਸਕਦਾ। ਇੱਕ ਤਾਂ ਗਰੁੱਪਵਾਦ ਨੂੰ ਵਾਧਾ ਕਰਦਾ ਹੈ ਅਤੇ ਦੂਸਰਾ ਆਪਣੀ ਅਮੀਰੀ ਦਾ ਦਿਖਾਵਾ ਕਰਦੇ ਹਨ।

ਹੋਲੀ ਦੇ ਨਾਲ ਸੰਬੰਧਿਤ ਟੀ.ਵੀ ਉੱਤੇ ਭਿੰਨ ਭਿੰਨ ਵਿਗਿਆਪਨ ਦਿਖਾਏ ਜਾਂਦੇ ਹਨ ਜਿਨ੍ਹਾਂ ਦੇ ਵਿੱਚ ਆਪਸੀ ਪਿਆਰ ਅਤੇ ਸਨੇਹ ਦੀ ਭਾਵਨਾ ਨੂੰ ਦਿਖਾਇਆ ਜਾਂਦਾ ਹੈ। ਅਜਿਹਾ ਹੀ surf excel ਦੇ ਵਿਗਿਆਪਨ ਦੇ ਵਿੱਚ ਦਿਖਾਇਆ ਗਿਆ ਹੈ ਕਿ ਛੋਟੀ ਲੜਕੀ ਆਪਣੇ ਦੋਸਤ ਨੂੰ ਮਸਜਿਦ ਪਹੁੰਚਾਉਣ ਲਈ ਸਾਰੇ ਰੰਗ ਆਪਣੇ ਉੱਤੇ ਪਾ ਲੈਂਦੀ ਹੈ, ਤਾਂ ਜੋ ਉਸ ਦਾ ਦੋਸਤ ਰੰਗ ਤੋਂ ਬੱਚ ਸਕੇ। ਇਸੇ ਹੀ ਭਾਂਤ ਦੇ ਹੋਰ ਵਿਗਿਆਪਨ ਵੀ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਟੀ.ਵੀ ਉੱਤੇ ਪ੍ਰਸਾਰਿਤ ਕੀਤਾ ਜਾਂਦਾ ਹੈ।

ਤਿਉਹਾਰਾਂ ਦੇ ਦਿਨਾਂ ਦੇ ਵਿੱਚ ਇਸ਼ਤਿਹਾਰਾਂ ਦੀ ਬਾਰਿਸ਼ ਹੁੰਦੀ ਹੈ। ਅਖ਼ਬਾਰਾਂ ਰਾਹੀਂ ਅਤੇ ਅਖ਼ਬਾਰਾਂ ਤੋਂ ਬਿਨ੍ਹਾ ਵੀ ਇਸ਼ਤਿਹਾਰ ਵੰਡੇ ਜਾਂਦੇ ਹਨ। ਬਜ਼ਾਰ ਦੇ ਵਿੱਚ ਆਉਣ ਵਾਲੀ ਨਵੀਂ ਵਸਤ ਦਾ ਪਤਾ ਵੀ ਇਸ਼ਤਿਹਾਰ ਦੇ ਰਾਹੀਂ ਲੱਗਦਾ ਹੈ। ਧਰਤੀ ਉੱਤੇ ਮਨਾਏ ਜਾਂਦੇ ਤਿਉਹਾਰਾਂ ਨਾਲ ਇਸ਼ਤਿਹਾਰਾਂ ਨੂੰ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਭਾਰਤ ਵਿੱਚ ਹਰ ਦਿਨ ਤੇ ਤਿਉਹਾਰ ਮਨਾਏ ਜਾਂਦੇ ਹਨ। ਭਾਰਤ ਦੇ ਕਈ ਤਿਉਹਾਰ, ਵੱਡੇ ਅਤੇ ਛੋਟੇ ਹਨ। ਇਹਨਾਂ ਇਸ਼ਤਿਹਾਰਾਂ ਨੂੰ ਸੋਹਣੇ ਅਤੇ ਸੂਖਮ ਰੂਪ ਦੇ ਵਿੱਚ ਪੇਸ਼ ਕੀਤਾ ਜਾਂਦਾ ਹੈ। ਵਿਗਿਆਪਨ ਦੇ ਨਾਲ ਦਰਸ਼ਕਾਂ ਦੀ ਮਾਤਰਾ ਵੀ ਸਾਹਮਣੇ ਆਉਂਦੀ ਹੈ। ਹਰ ਘੰਟੇ ਵਿਗਿਆਪਨ ਦੀ ਦਰ ਵੱਧਦੀ ਹੈ ।ਇਸ ਨਾਲ ਉਹਨਾਂ ਦੇ ਗਾਹਕਾਂ ਦੀ ਦਰ ਵਿੱਚ ਹਰ ਘੰਟੇ ਵਾਧਾ ਹੁੰਦਾ ਹੈ। ਟੀ.ਵੀ ਜਾਂ ਯੂ-ਟਿਊਬ ਉੱਤੇ ਦਿਖਾਏ ਜਾਣ ਵਾਲੇ ਪ੍ਰੋਗਰਾਮਾਂ ਦੇ ਵਿੱਚ 36% ਪ੍ਰੋਗਰਾਮਾਂ ਦੇ ਵਿੱਚ ਵਸਤਾਂ ਦੀ ਵਿਕਰੀ ਦੇ ਇਸ਼ਤਿਹਾਰ ਦਿਖਾਏ ਜਾਂਦੇ ਹਨ। ਭਾਰਤ ਦੇ ਵਿੱਚ ਸਤੰਬਰ ਤੋਂ ਲੈ ਕੇ ਦਸੰਬਰ ਤੱਕ ਤਿਉਹਾਰ ਦਾ ਸੀਜ਼ਨ ਚੱਲਦਾ ਹੈ। ਇਹਨਾਂ ਮਹੀਨਿਆਂ ਦੇ ਵਿੱਚ ਵਪਾਰੀਆਂ ਦੇ ਵੱਲੋਂ ਵਪਾਰ ਕੀਤਾ ਜਾਂਦਾ ਹੈ। ਇਹਨਾਂ ਮਹੀਨਿਆਂ ਦੇ ਵਿੱਚ ਆਉਣ ਵਾਲੇ ਤਿਉਹਾਰਾਂ ਲਈ ਇੱਕ-ਦੂਜੇ ਲਈ ਤੋਹਫ਼ੇ ਖ਼ਰੀਦੇ ਜਾਂਦੇ ਹਨ। ਇਹਨਾਂ ਦਿਨਾਂ ਦੇ ਵਿੱਚ ਵਸਤਾਂ ਉੱਤੇ ਛੋਟ ਦਿੱਤੀ ਹੁੰਦੀ ਹੈ। ਇਹਨਾਂ ਦਾ ਸੰਚਾਲਨ ਵੀ ਹਰ ਭਾਸ਼ਾ ਦੇ ਵਿੱਚ ਕੀਤਾ ਜਾਂਦਾ ਹੈ ਜਿਸ ਨੂੰ ਹਰ ਕੋਈ ਸਮਝ ਸਕੇ। ਇਸ ਤੋਂ ਬਿਨ੍ਹਾਂ ਆਉਣ ਵਾਲੇ ਤਿਉਹਾਰਾਂ ਦੀ ਸੇਲ ਲਈ ਪਹਿਲਾਂ ਹੀ ਟੀ.ਵੀ ਅਤੇ ਇੰਟਰਨੈੱਟ ਉੱਤੇ ਪ੍ਰੋਮੋ ਆਉਂਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਇਸ਼ਤਿਹਾਰਬਾਜ਼ੀ ਲੋਕਾਂ ਦੇ ਲਈ ਵਧੀਆਂ ਹੁੰਦੇ ਹਨ। *(ਅੰਸ਼ਦੀਪ ਕੌਰ ਬਰਾੜ, ਲੈਕਚਰਾਰ, ਭਾਈ ਆਸਾ ਸਿੰਘ ਗਰਲਜ਼ ਕਾਲਜ, ਬਠਿੰਡਾ)*

ਵਿਗਿਆਪਨ ਚਮਕ-ਦਮਕ ਨਾਲ ਪੇਸ਼ ਹੁੰਦੇ ਹਨ। ਇਹ ਮਨੁੱਖੀ ਸੋਚ ਅਤੇ ਮਾਨਸਿਕਤਾ ਉੱਤੇ ਵਾਰ ਕਰਦੇ ਹਨ। ਮਨੁੱਖ ਜਿੰਨਾ ਚਾਹੇ ਕੋਸ਼ਿਸ਼ ਕਰੇ, ਇਹਨਾਂ ਵਿਗਿਆਪਨਾਂ ਤੋਂ ਬੱਚ ਨਹੀ ਸਕਦਾ ਹੈ। ਵਸਤਾਂ ਦਾ ਆਕਰਸ਼ਣ ਉਹਨਾਂ ਦੇ ਜ਼ਿਹਨ ਵਿੱਚ ਬੈਠ ਜਾਂਦਾ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਅਕਰਸ਼ਿਤ ਕਰਨਾ ਉਹਨਾਂ ਦੀ ਡਿਊਟੀ ਹੈ, ਅਕਰਸ਼ਿਤ ਹੋਣਾ ਜਾਂ ਨਾ ਹੋਣਾ ਸਾਡੀ ਸੋਚ ਤੇ ਨਿਰਭਰ ਕਰਦਾ ਹੈ।" *(ਗੁਰਪ੍ਰੀਤ ਕੌਰ. ਲਾਇਬ੍ਰੇਰਰੀਅਨ ਭਾਈ ਆਸਾ ਸਿੰਘ ਗਰਲਜ਼ ਕਾਲਜ . ਬਠਿੰਡਾ)*

**ਕ)** **ਰੱਖੜੀ -**ਰੱਖੜੀ ਦਾ ਤਿਉਹਾਰ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਹੈ। ਭੈਣ ਭਰਾ ਦੇ ਰੱਖੜੀ ਬੰਨ੍ਹਦੀ ਹੈ। ਰੱਖੜੀ ਸ਼ਬਦ ਰੱਖ ਦੇ ਅਰਥਾਂ ਵਿੱਚ ਆਉਂਦਾ ਹੈ। ਇਹ ਤਿਉਹਾਰ ਫ਼ਰਜ਼ਾਂ ਦਾ ਸੰਬੰਧ ਹੈ। ਇਹ ਭੈਣ ਭਰਾ ਦੇ ਪਿਆਰ ਨੂੰ ਬਿਆਨ ਕਰਦਾ ਹੈ। ਭੈਣ ਭਰਾ ਦੇ ਰੱਖੜੀ ਬੰਨ੍ਹਦੀ ਹੈ। ਭਰਾ ਆਪਣੀ ਭੈਣ ਨੂੰ ਸਮਰਥਾ ਦੇ ਅਨੁਸਾਰ ਪੈਸਾ ਜਾਂ ਗਹਿਣੇ ਦਿੰਦਾ ਹੈ। ਇਸ ਤਿਉਹਾਰ ਨੂੰ ਰਕਸ਼ਾ ਬੰਧਨ ਵੀ ਕਿਹਾ ਜਾਂਦਾ ਹੈ। ਇਹ ਤਿਉਹਾਰ ਹਰ ਸਾਵਣ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੇ ਨਾਲ ਅਨੇਕਾਂ ਕਥਾਵਾਂ ਪ੍ਰਚਲਿਤ ਹਨ।

ਅੱਜ ਦਿਨ ਰੱਖੜੀ ਦਾ ਆਇਆ,

ਵੀਰ ਵੇ ਤੇਰੇ ਬੰਨ੍ਹਾ ਰੱਖੜੀ।

ਸਮੇਂ ਦੇ ਬਦਲਦੇ ਪ੍ਰਸੰਗ ਵਿਚ ਇਹ ਤਿਉਹਾਰ ਵੀ ਆਪਣੇ ਭਾਵ ਬਦਲਦਾ ਜਾ ਰਿਹਾ ਹੈ। ਬੀਰਤਾ ਦੇ ਸੰਦਰਭ ਨਾਲ ਜੋੜਿਆ ਇਹ ਤਿਉਹਾਰ ਹੁਣ ਸਿਰਫ਼ ਇਕ ਰਸਮ ਜਿਹਾ ਬਣ ਗਿਆ ਹੈ। ਮੰਡੀ ਦੇ ਦੌਰ ਨੇ ਰਿਸ਼ਤਿਆਂ ਨੂੰ ਵਰਤਣਾ ਤੱਕ ਨਹੀਂ ਛੱਡਿਆ, ਸਗੋਂ ਵਸਤਾਂ ਦੀ ਵਿਕਰੀ ਲਈ ਪ੍ਰਚਾਰ ਕੀਤਾ ਹੈ ਜਿਸ ਦੇ ਰਾਹੀਂ ਗਾਹਕ ਨੂੰ ਅਕਰਸ਼ਿਤ ਕਰਕੇ ਵਸਤਾਂ ਨੂੰ ਵੇਚਿਆ ਜਾਂਦਾ ਹੈ। ਰੱਖੜੀ ਦੇ ਉੱਪਰ ਕਾਰਟੂਨ ਬਣੇ ਹੋਏ ਮਿਲ ਜਾਂਦੇ ਹਨ। ਜਿਨ੍ਹਾਂ ਨੂੰ ਖਰੀਦਣ ਦੀ ਲਾਲਸਾ ਖ਼ਰੀਦਦਾਰ ਦੇ ਮਨ ਵਿਚ ਵੀ ਉਤਪੰਨ ਹੁੰਦੀ ਹੈ। ਬੱਚਿਆ ਨੂੰ ਤਾਂ ਕਾਰਟੂਨ ਮਨਭਾਉਂਦੇ ਲੱਗਦੇ ਹਨ। ਟੀ.ਵੀ ਦੇ ਉਪਰ ਭਾਂਤ ਭਾਂਤ ਦੇ ਕਾਰਟੂਨ ਦੇ ਪ੍ਰੋਗਰਾਮ

ਚਲਦੇ ਰਹਿੰਦੇ ਹਨ। ਕਾਰਟੂਨਾਂ ਦੀਆਂ ਤਸਵੀਰਾਂ ਰੱਖੜੀਆਂ ਦੇ ਉੱਪਰ ਬਣਾਈਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਰੱਖੜੀਆਂ ਲਈ ਬਣੀਆਂ ਬਣਾਈਆਂ ਥਾਲੀਆਂ ਮਿਲ ਜਾਂਦੀਆਂ ਹਨ। "ਟੀ.ਵੀ ਉਪਰ ਰੱਖੜੀ ਦੇ ਤਿਉਹਾਰ ਲਈ ਵੱਖੋ-ਵੱਖਰੇ ਵਿਗਿਆਪਨ ਚਲਦੇ ਹਨ। ਹਰ ਸ਼ੁੱਭ ਕੰਮ ਕਰਨ ਦੇ ਲਈ 'ਡੇਅਰੀ ਮਿਲਕ ਚਾਕਲੇਟ' ਨੂੰ ਸ਼ੁੱਭ ਮੰਨਿਆ ਜਾਂਦਾ ਹੈ ਤੇ ਉਹ ਵੀ ਸਿਰਫ਼ ਡੇਅਰੀ ਮਿਲਕ ਚਾਕਲੇਟ ਨਾਲ ਹੀ ਕੀਤਾ ਜਾਂਦਾ ਹੈ ।" *(ਡਾ. ਹਰਮੀਤ ਕੌਰ ਭੁੱਲਰ. ਈ-ਲੋਕਧਾਰਾ 97)*

ਡੇਅਰੀ ਮਿਲਕ ਦੀ ਐਡ ਵੀ ਟੀ.ਵੀ ਉਪਰ ਆਉਂਦੀ ਰਹਿੰਦੀ ਹੈ। ਜਿਨ੍ਹਾਂ ਦੇ ਵਿੱਚ ਦਿਖਾਇਆ ਜਾਂਦਾ ਹੈ ਕਿ ਡੇਅਰੀ ਮਿਲਕ ਜ਼ਿਆਦਾ ਸਸਤੀ ਦਿਖਾਈ ਗਈ ਹੈ। ਦੂਸਰਾ ਇਹ ਦਿਖਾਇਆਂ ਗਿਆ ਹੈ ਕਿ ਇਹ ਚਾਕਲੇਟ ਇੰਨੀ ਮਹਿੰਗੀ ਨਹੀਂ ਹੈ ਆਮ ਵਿਅਕਤੀ ਖ਼ਰੀਦ ਸਕਦਾ ਹੈ। ਇਹਨਾਂ ਉਤਪਾਦਕਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਦੂਸਰੀਆਂ ਮਠਿਆਈਆਂ ਜਿਵੇਂ ਬਰਫੀ, ਲੱਡੂ ਆਦਿ ਨਾਲੋ ਚਾਕਲੇਟ ਜ਼ਿਆਦਾ ਮਠਿਆਈ ਸਹੀ ਹੈ। ਜਿਸ ਤੋਂ ਬਿਨ੍ਹਾ ਹਰ ਸਭਿਆਚਾਰਕ ਰਸਮ ਅਧੂਰੀ ਹੈ। ਪੰਜਾਬੀ ਸਭਿਆਚਾਰ ਦੇ ਵਿੱਚ ਪੱਛਮੀ ਤਿਉਹਾਰ ਵੀ ਮਨਾਏ ਜਾਣ ਲੱਗ ਪਏ ਹਨ। ਪੰਜਾਬ ਵਿੱਚ ਹੀ ਨਹੀਂ ਭਾਰਤ ਦੇ ਵਿੱਚ ਵੈਲਨਟਾਈਨ ਡੇ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਹਰ ਸਾਲ 14 ਫਰਵਰੀ ਨੂੰ ਮਨਾਇਆ ਜਾਂਦਾ ਹੈ। "ਪੰਜਾਬ ਦੇ ਮੇਲੇ, ਤਿੱਥ, ਤਿਉਹਾਰ ਰੂਪਾਂਤਰਿਤ ਹੋ ਕੇ ਪੱਛਮੀ ਸਭਿਆਚਾਰ ਦੀ ਲਪੇਟ ਵਿੱਚ ਆਣ ਕੇ ਦਮ ਤੋੜ ਰਹੇ ਹਨ ਅਤੇ ਫਾਦਰਜ਼ ਡੇ, ਮਦਰਜ਼ ਡੇ, ਚਿਲਡਰਨ ਡੇ, ਵੈਲਨਟਾਇਨ ਡੇ, ਹੱਗ ਡੇ, ਕਿਸ ਡੇ ਅਤੇ ਟੈਡੀ ਬੀਅਰ ਡੇ ਆਦਿ ਪੰਜਾਬੀ ਸਮਾਜ ਸਭਿਆਚਾਰ ਦਾ ਹਿੱਸਾ ਬਣ ਕੇ ਵਿਕਾਸ ਕਰ ਰਹੇ ਹਨ।" *(ਸੁਖਦੀਪ ਕੌਰ. ਵਿਸ਼ਵੀਕਰਨ ਤੇ ਪੰਜਾਬੀ ਸਭਿਆਚਾਰ 37)*

ਪੰਜਾਬੀ ਸਭਿਆਚਾਰ ਦੇ ਵਿਚ ਵੈਲਨਟਾਈਨ ਡੇ ਦਾ ਤਿਉਹਾਰ ਇੰਨੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ, ਇਸ ਦੀ ਬਜਾਇ ਬਾਕੀ ਤਿਉਹਾਰ ਘੱਟ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਇਸ ਤੋਂ ਹਫ਼ਤਾ ਪਹਿਲਾਂ ਹੀ ਬਜ਼ਾਰ ਦਾ ਮਾਹੌਲ ਬੜਾ ਸਰਗਰਮ ਰਹਿੰਦਾ ਹੈ। ਇਸ ਦੇ ਨਾਲ ਸਬੰਧਿਤ ਭਾਂਤ-ਭਾਂਤ ਦੀਆਂ ਵਸਤਾਂ ਬਜ਼ਾਰ ਦੇ ਵਿੱਚ ਵਿੱਕਦੀਆਂ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਵੇਲਨਟਾਈਨ

ਡੇ ਨੂੰ ਪੂਰਨ ਤੌਰ ਤੇ ਗਲਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਇਨਸਾਨਾਂ ਨੂੰ ਪਿਆਰ ਮੁਹੱਬਤ ਨਾਲ ਰਹਿਣ ਦਾ ਸੰਕੇਤ ਦਿੰਦਾ ਹੈ। ਪਰ ਅਜੋਕੇ ਨੌਜਵਾਨ ਇਸ ਨੂੰ ਗਲਤ ਤਰੀਕੇ ਦੇ ਨਾਲ ਮਨਾਉਂਦੇ ਹਨ। ਇਸ ਲਈ ਸਾਡੀ ਭਾਰਤੀ ਪਰੰਪਰਾ ਦੇ ਵਿਰੁੱਧ ਹੈ। *(ਪ੍ਰੀਤੀ.ਖੋਜ ਵਿਦਿਆਰਥੀ.ਗੁਰੂ ਨਾਨਕ ਦੇਵ ਯੂਨੀਵਰਸਿਟੀ. ਪ੍ਰਸ਼ਨਾਵਲੀ)*

ਵਪਾਰ ਅਜੋਕੇ ਸਾਮਰਾਜੀ ਵਿਸ਼ਵ ਅਰਥਚਾਰੇ ਦਾ ਸਿਖਰਲਾ ਡੰਡਾ ਹੈ। ਕੁਦਰਤ ਦੀਆਂ ਕੁਲ ਦਾਤਾਂ ਅਤੇ ਮਨੁੱਖ ਦੀਆਂ ਸਿਰਜਨਾਂਵਾਂ ਇਸਦੀ ਵਲ੍ਹੇਟ ਵਿੱਚ ਆ ਗਈਆਂ ਹਨ। ਇਹੀ ਨਹੀਂ ਖ਼ੁਦ ਮਨੁੱਖ ਵੀ ਮੰਡੀ ਦਾ ਮਾਲ ਬਣ ਕੇ ਰਹਿ ਗਿਆ ਹੈ। ਉਹ ਟੁਕੜਿਆਂ ਵਿਚ ਵੀ ਵਿਕਦਾ ਹੈ, ਅਤੇ ਸਾਲਮ ਸਬੂਤਾਂ ਵਿੱਚ ਵੀ। ਇਸ ਤੋਂ ਇਲਾਵਾ ਉਸ ਦੀਆਂ ਕੁਲ ਕਦਰਾਂ ਕੀਮਤਾਂ ਅਤੇ ਆਪਸੀ ਰਿਸ਼ਤੇ ਮੰਡੀ ਦੇ ਨਿਯਮਾਂ ਦੇ ਅਨੁਸਾਰ ਢਾਂਚੇ ਵਿੱਚ ਢਲਦੇ ਜਾ ਰਹੇ ਹਨ। ਇਹ ਸਭਿਆਚਾਰ ਦਾ ਹਿੱਸਾ ਨਹੀਂ ਹੈ, ਪਰ ਫਿਰ ਵੀ ਵਪਾਰੀ ਵਸਤਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਵੇਚ ਕੇ, ਜਨਤਾ ਉਪਰ ਮਾਨਸਿਕ ਦਬਦਬਾ ਪਾਉਣ ਦੀ ਕੋਸ਼ਿਸ਼ ਕਰਦੇ ਹਨ।ਵਸਤਾਂ ਦੇ ਆਕਰਸ਼ਣ ਵਿੱਚ ਜਨਤਾ ਵੱਖਰੀ ਰੀਤ ਵੱਲ ਦੌੜੀ ਚਲੀ ਜਾਂਦੀ ਹੈ। ਟੀ.ਵੀ, ਇੰਟਰਨੈੱਟ, ਫੇਸਬੁੱਕ ਨੇ ਇਸ ਨਵੀਂ ਰੀਤ ਨੂੰ ਹੋਰ ਵਧਾਵਾ ਦਿੱਤਾ ਹੈ। "ਵਿਗਿਆਪਨ ਦੇ ਰਾਹੀਂ ਵਸਤਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕੀਤਾ ਜਾਂਦਾ ਹੈ ਕਿ ਬੇਲੋੜੀਆਂ ਚੀਜ਼ਾਂ ਵੀ ਜ਼ਰੂਰੀ ਲੱਗਣ ਲੱਗ ਪੈਂਦੀਆਂ ਹਨ। ਬਹੁਤੀ ਵਾਰ ਬਿਨ੍ਹਾਂ ਵਰਤਿਆਂ ਹੀ ਇਹ ਵਸਤਾਂ ਰਿਵਾਜ ਤੋਂ ਬਾਹਰ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਬੋਦਰੀ ਲਾਰਦ ਗਿਜ਼ਮੋ ਦਾ ਨਾਮ ਦਿੰਦਾ ਹੈ।" *(ਡਾ. ਹਰਮੀਤ ਕੌਰ ਭੁੱਲਰ. ਈ -ਲੋਕਧਾਰਾ 109)*

ਇਸ ਤੋਂ ਸਾਫ਼ ਹੈ ਕਿ ਖਪਤ ਸਭਿਆਚਾਰ ਦੇ ਪ੍ਰਭਾਵ ਤੋਂ ਰਸਮ ਰਿਵਾਜ ਤੇ ਤਿਉਹਾਰ ਅਛੂਤੇ ਨਾ ਰਹਿ ਸਕੇ। ਇਹ ਵੀ ਠੀਕ ਹੈ ਕਿ ਪਰਿਵਤਨ ਜ਼ਰੂਰੀ ਹੈ। ਮਨੁੱਖ ਨੂੰ ਆਪਣੇ ਅਸਲ ਨੂੰ ਨਹੀਂ ਭੁੱਲਣਾ ਚਾਹੀਦਾ।

## 2.4 ਖਪਤ ਸਭਿਆਚਾਰ ਅਤੇ ਸੋਸ਼ਲ ਮੀਡੀਆ ਦਾ ਸਮਾਜ ਉੱਤੇ ਪ੍ਰਭਾਵ

ਵਰਤਮਾਨ ਸਮੇਂ ਦੇ ਵਿੱਚ ਸੋਸ਼ਲ ਮੀਡੀਆ ਨੂੰ ਮਨੁੱਖੀ ਜੀਵਨ ਅੰਗ ਵੀ ਕਹਿ ਸਕਦੇ ਹਾਂ। ਇਸ ਨੂੰ Floating Media ਵੀ ਕਹਿ ਲਿਆ ਜਾਂਦਾ ਹੈ। ਇਹ ਪੂਰੇ ਸੰਸਾਰ ਨੂੰ ਜੋੜੀ ਰੱਖਦਾ ਹੈ। ਇਸੇ ਦੇ ਸਿਸਟਮ ਦੇ

ਵਿੱਚੋਂ ਖਰਾਬੀ ਹੋ ਜਾਵੇ ਤਾਂ ਇਹ ਮਾਨਵ ਨੂੰ ਸੰਸਾਰ ਨਾਲੋਂ ਤੋੜ ਵੀ ਦਿੰਦਾ ਹੈ। ਮਨੁੱਖ ਨੂੰ ਸਹੂਲਤ ਦੇਣ ਦੇ ਨਾਲ ਤਨਾਉ ਗ੍ਰਸਤ ਵੀ ਕਰਦੇ ਹਨ। ਇਸ ਦਾ ਅਸਰ ਸਮਾਜ ਉੱਤੇ ਪੈਂਦਾ ਦਿਖਾਈ ਦਿੰਦਾ ਹੈ। ਬੇਸ਼ੱਕ ਇਹ ਖ਼ਜ਼ਾਨਾ ਭਰਪੂਰ ਹੈ, ਇਸਦੇ ਕੋਲ ਮਨੁੱਖ ਦੀ ਹਰ ਸਮੱਸਿਆ ਦਾ ਹੱਲ ਮੋਜੂਦ ਹੀ ਹੁੰਦਾ ਹੈ।

ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫਾਰਮ ਹੈ, ਜਿਹੜਾ ਨਵੇਂ ਤੇ ਪੁਰਾਣੇ ਰਿਸ਼ਤਿਆਂ ਨੂੰ ਲੱਭਣ ਜਾਂ ਜੋੜਨ-ਤੋੜਨ ਦਾ ਕੰਮ ਕਰਦਾ ਹੈ। ਇਹ ਮਨੁੱਖੀ ਪ੍ਰਤਿਭਾ ਨੂੰ ਪੂਰੀ ਦੁਨੀਆਂ ਦੇ ਅੱਗੇ ਲਿਆ ਦਿੰਦਾ ਹੈ। ਇਸ ਦੀ ਸਹਾਇਤਾ ਨਾਲ ਮਨੁੱਖ ਨੂੰ ਪ੍ਰੋਤਸਾਹਨ ਵੀ ਮਿਲਦਾ ਹੈ। ਬਜ਼ਾਰ ਦਾ ਵਰਤਾਰਾ ਦਿਨੋਂ ਦਿਨ ਬਦਲਦਾ ਜਾਂਦਾ ਹੈ। ਨਵੀਂ ਤੋਂ ਨਵੀਂ ਵਸਤ ਬਜ਼ਾਰ ਦੇ ਵਿੱਚ ਆਉਂਦੀ ਰਹਿੰਦੀ ਹੈ ਜਿਸ ਨੂੰ ਸੋਸ਼ਲ ਮੀਡੀਆ ਦੇ ਰਾਹੀਂ ਵੇਚਿਆ ਜਾਂਦਾ ਹੈ ਜਿਵੇਂ ਫੇਸਬੁੱਕ ਜਾਂ ਟੀਵੀਟਰ, ਵਲੋਗ ਆਦਿ। ਇਹ ਕਮਾਈ ਦਾ ਸੌਖਾ ਤੇ ਆਸਾਨ ਸਾਧਨ ਹੈ। ਖਪਤਕਾਰ ਨੂੰ ਭਰਮਾਉਣ ਦੇ ਲਈ ਵਪਾਰੀ ਆਪਣੇ ਹੱਥਕੰਡੇ ਵਰਤਦਾ ਰਹਿੰਦਾ ਹੈ। ਇਵੇਂ ਹੀ ਟੀ:ਵੀ, ਅਖ਼ਬਾਰਾਂ ਦੇ ਵਿੱਚ ਵਸਤਾਂ ਦੀ ਪ੍ਰਸਤੁਤੀ ਲਗਾਤਾਰ ਹੁੰਦੀ ਰਹਿੰਦੀ ਹੈ। ਵਸਤਾਂ ਦੇ ਪ੍ਰਤੀ ਆਕਰਸ਼ਣ ਦਾ ਸਿਲਸਿਲਾ ਚਲਦਾ ਹੀ ਰਹਿੰਦਾ ਹੈ ਅਤੇ ਚਲਦਾ ਹੀ ਰਹੇਗਾ।




**Figure 2.6 : ਸੋਸ਼ਲ ਮੀਡੀਆ ਪ੍ਰਚਾਰਕ**

ਉਦਯੋਗਪਤੀ ਵੱਲੋਂ ਪੈਦਾ ਕੀਤੀਆਂ ਜਾ ਰਹੀਆਂ ਬੇਲੋੜੀਆਂ ਵਸਤਾਂ ਨੂੰ ਜੀਨ ਬੋਦਰੀ ਲਾਰਦ 'ਗਿਜ਼ਮੋ ਸ਼ਬਦ ਦਾ ਪ੍ਰਯੋਗ ਕਰਦਾ ਹੈ।"ਗਿਜ਼ਮੋ ਅਜਿਹੀ ਮਸ਼ੀਨ ਦਾ ਨਾਂ ਹੈ, ਜਿਸ ਦੇ ਅਰਥ ਆਪਣੀ ਅਰਥਹੀਣ ਕਾਰਜਵਿਧੀ ਨਾਲ ਹੀ ਸਪੱਸਟ ਹੋ ਜਾਂਦੇ ਹਨ। ਗਿਜ਼ਮੋ ਇਕ ਮਸ਼ੀਨ ਹੈ ਜੋ ਬਨਾਵਟੀ ਤੌਰ ਤੇ ਜਾਂ ਕਾਰਜਵਿਧੀ ਦੇ ਆਧਾਰ ਤੇ ਕਪਟੀ ਕਹੀ ਜਾ ਸਕਦੀ ਹੈ।" (*The System of Object 123)*

ਇਸ ਤੋਂ ਸਪਸ਼ਟ ਹੈ ਕਿ ਉਦਯੋਗਪਤੀ ਅਜਿਹੀ ਹੀ ਵਸਤਾਂ ਨੂੰ ਜਨਮ ਦੇ ਰਹੇ ਹਨ। "ਅਜਿਹੀਆਂ ਵਸਤਾਂ ਜੋ ਅਨਿਸ਼ਚਿਤ ਦੇ ਅਰਥਾਂ ਦੀਆਂ ਧਾਰਨੀ ਹਨ ਜੋ ਨਾਂਵਾਂ ਤੋਂ ਬਿਨ੍ਹਾਂ ਹਨ ਜਾਂ ਜਿਨ੍ਹਾਂ ਨੂੰ ਕੋਈ ਹੋਰ ਨਾਂ ਨਹੀ ਦਿੱਤਾ ਜਾ ਸਕਦਾ।" *(Jean Baudrillard. The System Of Object 123)*

ਗਿਜ਼ਮੋ ਵਿਅਕਤੀ ਨੂੰ ਵਸਤਾਂ ਦੇ ਜਾਲ ਦੇ ਘੇਰੇ ਵਿੱਚ ਫ਼ਸਾ ਲੈਂਦਾ ਹੈ। ਇਹ ਵਸਤਾਂ ਨੂੰ ਵਿਸ਼ਿਸ਼ਟ ਰੂਪ ਦੇ ਵਿੱਚ ਪੇਸ਼ ਕਰਦਾ ਹੈ। ਇਹ ਇਕ ਭਾਂਤ ਦਾ ਭਰਮ ਸਿਰਜਦੀਆਂ ਹਨ। ਇਹ ਵਸਤਾਂ ਲੋੜੀਂਦੀ ਵਸਤ ਦੀ ਥਾਂ 'ਤੇ ਗੈਰ ਜ਼ਰੂਰੀ ਵਸਤ ਬਣ ਕੇ ਰਹਿ ਜਾਂਦੀਆ ਹਨ। ਘਰਾਂ ਦੇ ਵਿੱਚ ਆਮ ਵਸਤਾਂ ਦੇਖਣ ਨੂੰ ਮਿਲ ਜਾਂਦੀਆਂ ਹਨ। ਇਕੋ ਹੀ ਭਾਂਤ ਦੀਆਂ ਵਸਤਾਂ ਦੀ ਖ਼ਰੀਦਦਾਰੀ, ਵਸਤਾਂ ਨੂੰ ਕੂੜ ਰੂਪ ਵਿੱਚ ਘਰ ਦੀ ਸਜਾਵਟ ਦਾ ਹਿੱਸਾ ਬਣਾ ਲੈਂਦੇ ਹਨ। ਅਰਥਾਤ ਜ਼ਰੂਰਤ ਨਾ ਹੋਣ ਦੇ ਬਾਵਜੂਦ ਵੀ ਰੱਖੀਆਂ ਜਾਂਦੀਆਂ ਹਨ। ਗਿਜ਼ਮੋ ਇੱਕ ਵਰਤਾਰੇ ਦਾ ਸਿਰਜਣ ਕਰਦਾ ਹੈ ਕਿ ਉਸ ਦੁਆਰਾ ਪੈਦਾ ਕੀਤੀਆਂ ਵਸਤਾਂ ਵਿਅਕਤੀ ਦੀ ਹਰ ਲੋੜ ਨੂੰ ਪੂਰਾ ਕਰਦੀਆਂ ਹਨ। ਗਿਜ਼ਮੋ ਦੇ ਸ਼ਬਦਿਕ ਅਰਥ ਮਸ਼ੀਨ ਹਨ ਪਰ ਇਹ ਅਸਲ ਮਸ਼ੀਨ ਨਹੀਂ ਹੈ। ਇਹਨਾਂ ਦੋਵਾਂ ਦੇ ਅਰਥਾਂ ਦੇ ਵਿੱਚ ਭਿੰਨਤਾ ਪਾਈ ਜਾਂਦੀ ਹੈ। ਮਸ਼ੀਨ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਗਿਜ਼ਮੋ ਝੂਠ ਦਾ ਵਰਤਾਰਾ ਹੈ। ਇਹ ਕਲਪਨਾ ਉੱਤੇ ਸਿਰਜਿਤ ਹੈ।





**Figure 2.7 : ਸੋਸ਼ਲ ਮੀਡੀਆ ਅਸੰਤੁਸ਼ਟਤਾ ਦਾ ਮਾਧਿਅਮ**

ਗਿਜ਼ਮੋ ਦੇ ਦੁਆਰਾ ਵਸਤਾਂ ਦੀ ਪੈਦਾਵਾਰ ਮਾਨਵ ਨੂੰ ਸਮਾਜਕ ਤੇ ਆਰਥਕ ਤੌਰ ਤੇ ਖ਼ੁਸ਼ਹਾਲ ਬਣਾਉਣ ਦਾ ਚਿੰਨ੍ਹ ਨਹੀਂ ਸਗੋਂ ਇਹ ਪੂੰਜੀਪਤੀਆਂ ਦੇ ਆਰਥਕ ਸਾਧਨਾਂ ਉੱਤੇ ਕਬਜ਼ੇ ਦਾ ਪ੍ਰਤੀਕ ਹੈ। ਇਹ ਵੱਧ ਤੋਂ ਵੱਧ ਵਸਤਾਂ ਪੈਦਾ ਕਰਕੇ ਉਪਭੋਗੀ ਮਨ ਵਿੱਚ ਉੱਚੀ ਸਥਿਤੀ ਦਾ ਭਰਮ ਬਿਠਾ ਦਿੰਦਾ ਹੈ। ਇਹ ਵਰਤਾਰਾ ਵੇਤਨ ਤੋਂ ਅਵਚੇਤਨ ਤੱਕ ਅਸਰ ਕਰਦਾ ਹੈ। ਇਹ ਅਜਿਹੀਆਂ ਵਸਤਾਂ ਦੀ ਪੈਦਾਵਾਰ ਕਰਦਾ ਹੈ, ਜਿਹੜੀਆਂ ਵਿਅਕਤੀ ਦੇ ਮਨ ਨੂੰ ਵਧੇਰੇ ਲੁਭਾ ਸਕਣ। ਗਿਜ਼ਮੋ ਵਿਅਕਤੀ ਦੇ ਘਰ ਤੇ ਜੀਵਨ ਦੇ ਵਿੱਚ ਵਸਤੂ ਨੂੰ ਅਤਿ ਜ਼ਰੂਰੀ ਕਰ ਦਿੰਦਾ ਹੈ ਫਿਰ ਖਪਤਕਾਰ ਵਸਤੂ ਦੀ ਵਰਤੋਂ ਕਰੇ ਜਾਂ ਨਾ ਕਰੇ। ਬੋਦਰੀ ਲਾਰਦ ਸਭਿਆਚਾਰ ਉਦਯੋਗ ਨੂੰ ਗਿਜ਼ਮੋ ਦੇ ਰਾਹੀਂ ਸਪਸ਼ੱਟ ਕਰਦਾ ਹੈ। ਉੱਥੇ ਹੀ ਹਰਬਰਟ ਮਾਰਕਿਊਸ ਆਪਣੀ ਪੁਸਤਕ ਦੇ ਵਨ ਡੀਮੈਨਸੀਨਲ ਮੈਨ ਵਿਚ ਇਸਨੂੰ ਬੇਲੋੜੀਆਂ ਵਸਤਾਂ ਦੇ ਰਾਹੀਂ ਪਰਿਭਾਸ਼ਿਤ ਕਰਦਾ ਹੈ। "ਗ਼ੈਰ ਜ਼ਰੂਰਤਾਂ ਅਸਲ ਜ਼ਰੂਰਤਾਂ ਨੂੰ ਲਿਤਾੜਦੀਆਂ ਵਿਅਕਤੀ ਦੇ ਮਨ ਤੇ ਗ਼ਲਬਾ ਪਾਉਂਦੀਆਂ ਹਨ। ਅਸਲ ਵਿਚ ਗ਼ੈਰ ਜ਼ਰੂਰਤਾਂ ਖਪਤਕਾਰ ਦੀਆਂ ਇੱਛਾਵਾਂ ਦੀ ਪੂਰਤੀ ਦਾ ਭਰਮ ਸਿਰਜਦੀਆਂ ਹਨ ਜੋ ਅਸਥਾਈ ਹੁੰਦੀਆਂ ਹਨ ਅਤੇ ਖਪਤਕਾਰ ਦੇ ਅੰਦਰ ਅਸੰਤੁਸ਼ਟਤਾ ਭਰਮਦੀਆਂ ਹਨ।" (*One Dimension Man 5)*

ਇਹਨਾਂ ਬੇਲੋੜੇ ਖ਼ਰਚਿਆਂ ਨੇ ਮਾਨਵ ਨੂੰ ਵਸਤਾਂ ਦੇ ਜਾਲ ਵਿੱਚ ਫ਼ਸਾ ਦਿੱਤਾ ਹੈ। ਪੰਜਾਬੀ ਖੁਲ੍ਹੇ ਸੁਭਾਅ ਦੇ ਹੋਣ ਕਰਕੇ ਖ਼ਰਚੇ ਵੀ ਖੁਲ੍ਹੇ ਹੀ ਕਰਦੇ ਹਨ। ਇਹਨਾਂ ਖ਼ਰਚਿਆਂ ਨੇ ਮਾਨਵੀ ਰਿਸ਼ਤਿਆਂ ਨੂੰ ਵੀ ਆਪਣੀ ਲਪੇਟ ਦੇ ਵਿੱਚ ਲੈ ਲਿਆ ਹੈ। ਵਪਾਰੀ ਵਸਤੂ ਨੂੰ ਬਜ਼ਾਰ ਦੇ ਵਿੱਚ ਸ੍ਰੇਸ਼ਠ ਸਿੱਧ ਕਰਦੇ ਹਨ। ਵਸਤੂ ਦੇ ਚੰਗੇ ਜਾਂ ਮਾੜੇ ਬਾਰੇ ਪ੍ਰਚਾਰ ਕਰਦੇ ਹਨ। ਵਿਅਕਤੀ ਬਜ਼ਾਰ ਦੇ ਜਾਲ ਦੇ ਵਿੱਚ ਫਸਿਆ ਵਸਤ ਨੂੰ ਖਰੀਦਣ ਦੇ ਲਈ ਮਜਬੂਰ ਹੋ ਜਾਂਦਾ ਹੈ। "ਖਪਤਕਾਰ ਜੋ ਪੂੰਜੀਪਤੀ ਦੇ ਸਭਿਆਚਾਰ ਉਦਯੋਗ ਤੋਂ ਅਣਜਾਣ ਹੁੰਦਾ ਹੈ। ਹਰ ਵਸਤੂ ਨੂੰ ਆਧੁਨਿਕ ਲੋਕਾਂ ਦੀ ਕਤਾਰ ਦੇ ਵਿੱਚ ਖੜ੍ਹਾ ਕਰਨ ਲਈ ਉਤੇਜਿਤ ਹੁੰਦਾ ਹੈ। ਚੀਜ਼ਾਂ ਦੀ ਚਮਕ ਦਮਕ ਉੱਤੇ ਨਹੀਂ ਡੁੱਬਣਾ ਚਾਹੀਦਾ। ਬੇਲੋੜੇ ਖ਼ਰਚਿਆਂ ਉੱਤੇ ਕੰਟਰੋਲ ਕਰਨਾ ਚਾਹੀਦਾ ਹੈ।"*( ਐਡਰਨੋ. ਕਲਚਰ ਇੰਡਸਟਰੀ 105)*

ਮਨੁੱਖੀ ਚੇਤਨਾ ਦੇ ਵਿੱਚ ਭਰਮ ਸਿਰਜ ਦਿੰਦਾ ਹੈ। Fetishism ਜਿਸ ਦਾ ਅਰਥ ਵਸਤੂ ਹੀ ਸਭ ਕੁਝ ਹੈ।





**Figure 2.8 : ਸੋਸ਼ਲ ਮੀਡੀਆ ਸਭਿਆਚਾਰਕ ਉਦਯੋਗ ਦੇ ਰੂਪ ਵਿੱਚ ਪੇਸ਼**

ਵਪਾਰੀ ਆਪਣੀ ਮਾਰਕਿਟ ਨੂੰ ਸਥਾਪਿਤ ਰੱਖਦਾ ਹੈ ਅਤੇ ਆਪਣੀ ਮਾਰਕਿਟ ਨੂੰ ਬਣਾਈ ਰੱਖਣ ਦਾ ਇਕੋ-ਇਕ ਫ਼ਾਰਮੂਲਾ ਵਸਤੂ ਹੈ ਜਿਸਨੂੰ ਉਹ ਸਭ ਕੁਝ ਪੇਸ਼ ਕਰਦਾ ਹੈ। ਜਿਵੇਂ ਉਸ ਦੁਆਰਾ ਪੇਸ਼ ਕੀਤੀ ਵਸਤੂ ਨੂੰ ਵਿਅਕਤੀ ਦੇ ਜੀਵਨ ਦਾ ਆਧਾਰ ਪੇਸ਼ ਕਰਦਾ ਜਾਂ ਮਨੁੱਖੀ ਜੀਵਨ ਨੂੰ ਵਸਤੂ ਦੇ ਬਿਨ੍ਹਾਂ ਅਧੂਰਾ ਮੰਨਦਾ ਹੈ। ਉਦਯੋਗ ਭਰਮ ਦੀ ਪ੍ਰਕਿਰਿਆ ਰਾਹੀਂ ਆਪਣੇ ਉਦਯੋਗ ਨੂੰ ਦੂਸਰੇ ਮੁਲਕਾਂ ਤੱਕ ਪਹੁੰਚਾ ਦਿੰਦਾ ਹੈ। ਇਹ ਭਰਮ ਆਨੰਦ ਮਈ ਜ਼ਿੰਦਗੀ ਸਿਰਜਦਾ ਹੈ, ਉਹ ਸੱਚ ਨਹੀਂ ਹੈ। ਐਡਰਨੋ ਇਸਦੀ ਸਚਾਈ ਨੂੰ ਸਪੱਸ਼ਟ ਕਰਦਾ ਹੈ ਕਿ "ਸਭਿਆਚਾਰ ਉਦਯੋਗ ਨਾ ਹੀ ਅਨੰਦਮਈ ਜ਼ਿੰਦਗੀ ਲਈ ਨਿਰਦੇਸ਼ ਦਿੰਦਾ ਜਾਂ ਗਾਈਡ ਕਰਦਾ ਹੈ ਨਾ ਹੀ ਨੈਤਿਕ ਜ਼ਿੰਮੇਵਾਰੀਆਂ ਦੀ ਕਲਾ ਹੀ ਸਿਖਾਉਂਦਾ ਹੈ....ਸਗੋਂ ਆਪਣੇ ਲਾਭ ਜਾਂ ਹਿੱਤਾਂ ਦੀ ਹੀ ਪੂਰਤੀ ਕਰਨ ਲਈ ਠੁੰਡ ਮਾਰਨ ਵਾਂਗ ਉਪਦੇਸ਼ ਜ਼ਰੂਰ ਦਿੰਦਾ ਹੈ। " *(ਕਲਚਰ ਇੰਡਸਟਰੀ 105)*

ਵਪਾਰੀ ਨਵੀਨ ਵਸਤਾਂ ਦੀ ਪੈਦਾਵਾਰ ਮਨੁੱਖ ਉੱਤੇ ਥੋਪ ਰਿਹਾ ਹੈ। ਮਨੁੱਖ ਬਜ਼ਾਰ ਦੀ ਹਰ ਨਵੀਨ ਵਸਤੂ ਨੂੰ ਖਰੀਦਣ ਦਾ ਚਾਹਵਾਨ ਹੈ। ਉਹ ਆਪਣੇ ਆਪ ਨੂੰ ਬਦਲਦੇ ਹੋਏ ਸਮਾਜ ਨਾਲ ਮੇਚਣਾ ਚਾਹੁੰਦਾ

ਹੈ। ਪਰੰਤੂ ਹਰ ਮਨੁੱਖ ਦੀ ਸੋਚ ਸੁਪਨਾ ਬਣ ਕੇ ਹੀ ਰਹਿ ਜਾਂਦੀ ਹੈ। 21ਵੀਂ ਸਦੀ ਵਿੱਚ ਰਿਸ਼ਤੇ ਵੀ ਮੰਡੀ ਦਾ ਹਿੱਸਾ ਬਣ ਕੇ ਉਹਨਾਂ ਵਿਚਲੀ ਪਿਆਰ ਭਾਵਨਾ ਖਤਮ ਹੋ ਗਈ ਹੈ। ਰਿਸ਼ਤੇ ਵੀ ਮਤਲਬ ਤੱਕ ਹੀ ਸੀਮਿਤ ਰਹਿ ਗਏ ਹਨ। ਇਸੇ ਤਰ੍ਹਾਂ ਸੋਸ਼ਲ ਮੀਡੀਆ ਦਾ ਗਲਬਾ ਮਾਨਵ ਉੱਤੇ ਆਪਣਾ ਘਰ ਕਰ ਰਿਹਾ ਹੈ।

ਸੋਸ਼ਲ ਮੀਡੀਆ (Amazon Prime, Zee Plus, NETFLIX, Alt Balji) ਰਿਸ਼ਤਿਆਂ ਦੀ ਉਲਟੀ ਹੀ ਤਸਵੀਰ ਪੇਸ਼ ਕਰਦੇ ਹਨ। ਪਰਿਵਾਰਾਂ ਦੇ ਵਿਚਲੀ ਸਾਂਝ ਨੂੰ ਟੀ.ਵੀ ਉੱਤੇ ਦਿਖਾਏ ਜਾਂਦੇ ਪ੍ਰੋਗਰਾਮ ਨੇ ਕੰਢੇ ਉੱਤੇ ਖੜ੍ਹਾ ਕਰ ਦਿੱਤਾ ਹੈ। ਟੀ.ਵੀ/ ਸੋਸ਼ਲ ਮੀਡੀਆ ਉੱਤੇ ਅਣਗਿਣਤ ਪ੍ਰੋਗਰਾਮ ਆਉਂਦੇ ਹਨ। ਇਹਨਾਂ ਪ੍ਰੋਗਰਾਮਾਂ ਦਾ ਇੰਨਾ ਪ੍ਰਭਾਵ ਪੈਂਦਾ ਹੈ ਕਿ ਓਨਾ ਪ੍ਰਭਾਵ ਦੋਸਤ ਜਾਂ ਕਰੀਬੀ ਰਿਸ਼ਤਿਆਂ ਦਾ ਮਨੁੱਖ ਉੱਤੇ ਨਹੀਂ ਪੈਂਦਾ। ਸੋਸ਼ਲ ਮੀਡੀਆ ਨੇ ਰਿਸ਼ਤਿਆਂ ਦੀ ਸ਼ਾਖ ਨੂੰ ਬਰਬਾਦ ਕਰ ਦਿੱਤਾ ਹੈ।" ਜਿਹੜੀਆਂ ਘਟਨਾਵਾਂ ਨੂੰ ਸੋਸ਼ਲ ਮੀਡੀਆ ਉੱਤੇ ਦਿਖਾਇਆ ਜਾਂਦਾ ਹੈ। ਇੰਨ-ਬਿੰਨ ਸਮਾਨਾਂਤਰ ਘਟਨਾਵਾਂ ਸਮਾਜ ਦੇ ਵਿੱਚ ਵਾਪਰ ਜਾਂਦੀਆਂ ਹਨ। ਅਸਲ ਜ਼ਿੰਦਗੀ ਦੇ ਵਿੱਚ ਪਰ-ਕਾਲਪਨਿਕ ਵਸਤਾਂ ਨੂੰ ਥਾਂ ਨਹੀ ਦੇਣੀ ਚਾਹੀਦੀ। " *(ਡਾ.ਰਣਜੀਤ ਜੌਹਲ. ਮੀਡੀਆ ਅਤੇ ਪੰਜਾਬੀ ਸਭਿਆਚਾਰ 256)*

ਪਰਿਵਾਰ ਦਾ ਮੁੱਖ ਅੰਗ ਬੱਚੇ ਹੁੰਦੇ ਹਨ। ਬੱਚੇ ਪਹਿਲਾਂ ਸਿੱਖਿਆ ਮਾਂ-ਬਾਪ ਤੋਂ ਲੈਂਦੇ ਹਨ। ਪਰੰਤੂ ਅੱਜਕੱਲ੍ਹ ਸਿੱਖਿਆ ਟੀ.ਵੀ ਤੋਂ ਗ੍ਰਹਿਣ ਕਰਦੇ ਹਨ। ਮਾਪਿਆਂ ਦੀ ਘਰ ਦੇ ਵਿੱਚ ਭੂਮਿਕਾ ਨਾ ਮਾਤਰ ਹੋਣ ਕਰਕੇ, ਬੱਚਿਆਂ ਦਾ ਧਿਆਨ ਟੀ.ਵੀ ਵੱਲ ਜਾਂਦਾ ਹੈ। ਬੱਚਿਆਂ ਦਾ ਹਿੰਸਾਤਮਿਕ ਵਤੀਰਾ ਟੀ.ਵੀ ਦੇ ਪ੍ਰੋਗਰਾਮਾਂ ਦਾ ਹੀ ਨਤੀਜਾ ਹੈ। ਇਸੇ ਤਰ੍ਹਾਂ ਪਰਿਵਾਰ ਦੇ ਬਾਕੀ ਜੀਅ ਵੀ ਇਸੇ ਭਾਂਤ ਦਾ ਵਤੀਰਾ ਕਰਦੇ ਹਨ। 'ਰਿਸ਼ਤਿਆਂ ਦੀ ਟੁਟ-ਭੱਜ, ਵਿਆਹ, ਬਾਹਰੇ ਸੰਬੰਧ, ਘਰਾਂ ਦਾ ਸਾਜ਼ਿਸ਼ੀ ਮਾਹੌਲ, ਬਹੁਤੇ ਪ੍ਰੋਗਰਾਮਾਂ ਦੇ ਵਿੱਚ ਔਰਤ ਜਾਂ ਮਰਦ ਦਾ ਭੜਕੀਲੇ ਅੰਦਾਜ਼ ਵਿਚ ਚਲ ਚਿੱਤਰਾਂ ਦੇ ਕੇਂਦਰਾਂ ਦੇ ਵਿੱਚ ਹੋਣਾ ਸਭ ਕੁਝ ਨੂੰ ਬੱਚਾ, ਬਿਨ੍ਹਾਂ ਰੋਕ-ਟੋਕ ਦੇ ਦੇਖਦਾ ਹੈ ਤਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅੱਗੇ ਜਾ ਕੇ ਉਸਦਾ ਸਮਾਜਕ ਵਿਹਾਰ ਕਿਹੋ ਜਿਹਾ ਹੋਵੇਗਾ।" *(ਡਾ.ਰਣਜੀਤ ਜੌਹਲ. ਮੀਡੀਆ ਅਤੇ ਪੰਜਾਬੀ ਸਭਿਆਚਾਰ 256)*

ਰੀਐਲਟੀ ਸ਼ੋਅ ਜੋ ਮਨੁੱਖ ਦਾ ਟੇਲੈਂਟ ਵਧਾਉਂਦੇ ਹਨ, ਪਰ ਵਧੇਰੇ ਕਰਕੇ ਇਹ ਪਰਿਵਾਰਕ ਮੈਂਬਰਾਂ ਦਾ ਅਕਸ ਵਿਗਾੜ ਦਿੰਦੇ ਹਨ। ਰੀਐਲਟੀ ਸ਼ੋਅ ਦੇ ਵਿੱਚ ਭੜਕੀਲੇ ਕੱਪੜੇ ਪਾ ਕੇ ਪ੍ਰਦਰਸ਼ਨ ਕੀਤਾ ਜਾਂਦਾ ਹੈ। ਦੇਖਣ ਵਾਲਿਆਂ ਦੀ ਭਾਵਨਾ ਨੂੰ ਉਕਸਾਇਆ ਜਾਂਦਾ ਹੈ। ਉਨ੍ਹਾਂ ਦੀ ਪੇਸ਼ਕਾਰੀ ਦੌਰਾਨ ਕੈਮਰਾ ਵਾਰ ਵਾਰ ਪੇਸ਼ਕਾਰ ਦੇ ਉੱਤੇ ਜਾਂਦਾ ਹੈ। ਸੋਸ਼ਲ ਮੀਡੀਆ/ਟੀ.ਵੀ ਉੱਤੇ ਨਾਚ, ਵਰਗੇ ਹੋਰ ਰੀਐਲਟੀ ਸ਼ੋਅ ਦਿਖਾਏ ਜਾਂਦੇ ਹਨ। ਅਜਿਹਾ ਇਨ੍ਹਾਂ ਨਾਚਾਂ ਨੂੰ ਪਰਿਵਾਰਿਕ ਅਤੇ ਸਮਾਜਕ ਮਾਨਤਾ ਦਿਵਾਉਣ ਲਈ ਕੀਤਾ ਜਾਂਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਸੋਸ਼ਲ ਮੀਡੀਆ ਹਰ ਭਾਂਤ ਦੇ ਪ੍ਰੋਗਰਾਮਾਂ ਨੂੰ ਦਿਖਾਉਣ ਤੋਂ ਗੁਰੇਜ਼ ਨਹੀਂ ਕਰਦਾ । ਸੋਸ਼ਲ ਮੀਡੀਆ ਅਸ਼ਲੀਲ਼ ਤੇ ਉਕਸਾਊ ਭਾਵਨਾਵਾਂ ਦਾ ਪ੍ਰਚਾਰ ਕਰਦਾ ਹੈ। ਟੀ.ਵੀ ਦੇ ਵਿੱਚ ਦਿਖਾਏ ਜਾਂਦੇ ਪ੍ਰੋਗਰਾਮਾਂ ਦੇ ਵਿੱਚ ਰਿਸ਼ਤਿਆਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। "ਮਨੁੱਖ ਨੂੰ ਸੁਪਨਸ਼ੀਲ ਸੰਸਾਰ ਦੇ ਵਿੱਚ ਜਿਊਣ ਦੀ ਰੀਤ ਪੈਦਾ ਕਰਦਾ ਜਾ ਰਿਹਾ ਹੈ। ਇਹ ਸੱਚਾਈ ਹੈ ਕਿ ਟੀ.ਵੀ ਵਿੱਚ ਦਿਖਾਏ ਜਾਂਦੇ ਪ੍ਰੋਗਰਾਮਾਂ ਦੇ ਵਿੱਚ ਮਨੁੱਖ ਨੂੰ ਸੁਪਨੇ ਦਿਖਾਏ ਜਾਂਦੇ ਹਨ।ਬਹੁਤ ਸਾਰੀਆਂ ਵਸਤਾਂ ਜਿਨ੍ਹਾਂ ਨੂੰ ਅਸੀਂ ਆਪਣੀ ਅਸਲ ਜ਼ਿੰਦਗੀ ਵਿਚ ਕਦੇ ਵੇਖਿਆ ਵੀ ਨਹੀਂ ਹੁੰਦਾ ਉਸ ਸੰਬੰਧੀ ਵਿਸ਼ਵਾਸ਼ ਮੀਡੀਏ ਸੰਦੇਸ਼ ਰਾਹੀਂ ਸਾਡੇ ਤੱਕ ਪਹੁੰਚਦੇ ਹਨ।" *(w.. James potter. Media Affects 42)*

ਇਹ ਮਨੁੱਖ ਨੂੰ ਸੁਖੀ ਸੰਸਾਰ ਦੇ ਵਿੱਚ ਲੈ ਤਾਂ ਜਾਂਦੇ ਹਨ ਪਰੰਤੂ ਇਸਦੇ ਨਤੀਜੇ ਉਲ਼ਟ ਨਿਕਲਦੇ ਹਨ। ਨੌਜਵਾਨਾਂ ਦੇ ਸੁਪਨੇ ਪੂਰੇ ਨਾ ਹੋਣ ਤੇ ਉਹਨਾਂ ਦੇ ਵਿੱਚ ਹੀਣ ਭਾਵਨਾ ਪੈਦਾ ਹੁੰਦੀ ਹੈ। ਇਸ ਦਾ ਸਿੱਟਾ ਆਤਮ ਹੱਤਿਆ, ਕਤਲ ਵਰਗੀਆਂ ਘਟਨਾਵਾਂ ਹੁੰਦੀਆਂ ਹਨ। ਇਸ ਦਾ ਸਮਾਜਕ ਮੁੱਲਾਂ ਦੇ ਨਾਲ ਕੋਈ ਸਰੋਕਾਰ ਨਹੀ ਹੈ। ਹਰ ਹੀਲੇ ਆਪਣਾ ਪ੍ਰਚਾਰ ਜਾਂ ਫ਼ਾਇਦਾ ਇਹਨਾਂ ਦਾ ਮੂਲ ਮਕਸਦ ਹੈ। ਪੈਸਾ ਕਮਾਉਣ ਦੇ ਨਾਲ ਹੈ ਇਹ ਆਪਣੇ ਮਕਸਦ ਦੀ ਪੂਰਤੀ ਦੇ ਲਈ ਉਪਭੋਗਤਾ ਨੂੰ ਵਸਤੂ ਦੇ ਲਈ ਮੋਹਿਤ ਕਰਦਾ ਹੈ। ਉਪਭੋਗਤਾ ਬਨਾਵਟੀ ਸੁਹਜ ਸੁਆਦ ਦਾ ਗ਼ੁਲਾਮ ਹੈ। ਉਹ ਉਸੇ ਤਰ੍ਹਾ ਹੀ ਕਰਦਾ ਹੈ ਜਿਵੇਂ ਸੋਸ਼ਲ ਮੀਡੀਆ ਉਸਨੂੰ ਸਿਖਾਉਂਦਾ ਹੈ। ਸੋਸ਼ਲ ਮੀਡੀਆ ਮਨੁੱਖ ਦੇ ਸੁਪਨਿਆਂ ਨੂੰ ਪੂਰਾ ਕਰਦਾ ਹੈ। ਕੋਈ ਵੀ ਆਪਣੇ ਟੇਲੈਂਟ ਦੀ ਵੀਡੀਉ ਬਣਾ ਕੇ ਸੋਸ਼ਲ ਮੀਡੀਆ ਉੱਤੇ ਪਾ ਦਿੰਦੇ ਹਨ। ਉਹ ਲੋਕ ਸਮਾਜ ਦੇ ਵਿੱਚ ਮਸ਼ਹੂਰ ਹੋ ਜਾਂਦੇ ਹਨ। ਵਰਤਮਾਨ ਸਮੇਂ ਦੇ ਵਿੱਚ Tiktok, Instagarm ਬਹੁਤ ਮਸ਼ਹੂਰ ਹਨ। ਇਹਨਾਂ ਦੀ ਵਰਤੋਂ ਨਾਲ ਆਮ ਮਨੁੱਖ ਦੇ ਹੀਰੋ/ ਹੀਰੋਇਨ ਬਣਨ ਦਾ ਸੁਪਨਾ ਪੂਰਾ ਹੋ ਜਾਂਦਾ ਹੈ।





**Figure 2.9 : ਮਨੁੱਖ ਵਿਕ ਰਿਹਾ**

ਰਵਿੰਦਰ ਰਵੀ ਦੀ ਕਵਿਤਾ ਸੋਸ਼ਲ ਮੀਡੀਆ ਸੰਬੰਧੀ ਧਾਰਨਾ ਪ੍ਰਸਤੁਤ ਕਰਦੀ ਹੈ।

ਸੋਸ਼ਲ ਮੀਡੀਆ ਨੇ

ਸਾਡੀ ਬੋਲੀ 'ਚ ਸੰਜਮ

ਪ੍ਰਗਟਾਅ ਚ ਅਨੁਸ਼ਾਸ਼ਨ

ਸ਼ਬਦਾ ਚ ਆਕਾਸ਼

ਕਲਪਨਾ 'ਚ ਖੰਭ, ਪਰਬਤ ਅੰਬਰਸਾਰ

ਤੇ ਅਰਥਾਂ ਦੀ ਗਹਿਰਾਈ ਭਰ ਦਿੱਤੀ ਹੈ!!!

ਫ਼ੇਸਬੁੱਕ ਦੇ ਵੇਖੋ ਅਵੇਖੋ

ਮਿੱਤਰਾਂ ਤੱਕ ਪਹੁੰਚਣ ਲਈ

ਫ਼ੇਸਬੁੱਕ ਦੀ ਕਲਚਰ ਨੇ,

ਜ਼ਿੰਦਗੀ ਕੀ ਦੀ ਕੀ ਕਰ ਦਿੱਤੀ!!! (ਫ਼ੇਸਬੁੱਕ *21)*

ਸੋਸ਼ਲ ਮੀਡੀਆ ਦੇ ਪ੍ਰਭਾਵ ਹੇਠ ਮਨੁੱਖ ਦੇ ਦਿਖਾਵੇ ਦੀ ਪ੍ਰਵਿਰਤੀ ਨੂੰ ਤੇਜ਼ ਕੀਤਾ ਹੈ ਜਿਵੇਂ ਕਿ ਕੋਈ ਕਿਸੇ ਵਸਤ ਨੂੰ ਸੋਸ਼ਲ ਮੀਡੀਆ (ਫ਼ੇਸਬੁੱਕ ਜਾਂ ਯੂ ਟਿਊਬ ) ਉੱਤੇ ਦਿਖਾ ਰਿਹਾ ਹੋਵੇ, ਉਸ ਨੂੰ ਦੂਜੇ ਵੀ ਦੇਖ ਰਹੇ ਹੋਣਗੇ। ਅਰਥਾਤ ਮਨੁੱਖੀ ਸੋਚਣ ਸ਼ਕਤੀ ਨੂੰ ਆਪਣੇ ਕਾਬੂ ਕਰਨ ਦੇ ਵਿੱਚ ਲੱਗੇ ਹੁੰਦੇ ਹਨ। ਸੋਸ਼ਲ ਮੀਡੀਆ ਨੇ ਮਨੁੱਖ ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੀ ਖੁੱਲ੍ਹ ਦਿੱਤੀ ਹੈ। ਵਿਚਾਰਾਂ ਨੂੰ ਫੇਸਬੁੱਕ ਜਾਂ ਟੀਵੀਟਰ ਉੱਤੇ ਸਾਂਝਾ ਕਰਦੇ ਹਨ। ਸੋਸ਼ਲ ਮੀਡੀਆ ਉੱਤੇ ਬੁੱਧੀਜੀਵੀ ਸਮਾਜ ਦੀ ਅਗਵਾਈ ਵੀ ਕਰਦੇ ਹਨ। ਜਿਵੇਂ ਕਿ ਡਾ.ਪਾਲੀ ਭੁਪਿੰਦਰ ਸਿੰਘ, ਬਲਤੇਜ ਪੰਨੂੰ ਆਦਿ ਆਪਣੇ ਸਵੰਦੇਨਸ਼ੀਲ ਵਿਚਾਰਾਂ ਰਾਹੀਂ ਲੋਕਾਂ ਦੀ ਸੋਚ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਡਾ. ਰਵੇਲ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਸੋਸ਼ਲ ਮੀਡੀਏ ਦੇ ਦੋ ਪੱਖ ਹਨ, ਸਾਕਾਰਾਤਮਕ ਅਤੇ ਨਾਕਾਰਾਤਮਕ। ਅਸੀਂ ਇਸ ਦੇ ਆਦੀ ਹੋ ਗਏ ਹਾਂ ਤੇ ਲਾਈ ਲੱਗ ਬਣਦੇ ਜਾ ਰਹੇ ਹਾਂ। ਅਸੀਂ ਅਫਵਾਹਾਂ ਤੇ ਯਕੀਨ ਕਰਦੇ ਹਾਂ ਅਤੇ ਉਹਨਾਂ ਦੀ ਪੁਸ਼ਟੀ ਤੱਕ ਨਹੀਂ ਕਰਦੇ। ਜੋ ਕੁਝ ਆ ਰਿਹਾ ਹੈ ਉਹ ਬਿਨ੍ਹਾਂ ਐਡਿਟ ਦੇ ਆ ਰਿਹਾ ਹੈ। ਕੋਈ ਵੀ ਆਪਣੀ ਮਰਜ਼ੀ ਦੇ ਨਾਲ ਕੁਝ ਵੀ ਪਾ ਦਿੰਦਾ ਹੈ ਉਸ ਤੇ ਕੋਈ ਵੀ ਲਗਾਮ ਨਹੀਂ ਹੈ। ਸਾਕਾਰਾਤਮਕ ਪੱਖ ਹੈ ਕਿ ਸਾਨੂੰ ਕੁਝ ਕੁ ਮਿੰਟਾਂ ਦੇ ਵਿੱਚ ਜਾਣਕਾਰੀ ਮਿਲ ਜਾਂਦੀ ਹੈ। ਬਹੁਤ ਵਾਰੀ ਸੂਚਨਾ ਸਹੀ ਵੀ ਹੁੰਦੀ ਹੈ। ਤੁਸੀਂ ਜਿਹੜੀ ਜਾਣਕਾਰੀ ਸੋਸ਼ਲ ਮੀਡੀਆ ਤੋਂ ਲੈਂਦੇ ਹੋ, ਉਹ ਤੁਹਾਡੇ ਉੱਤੇ ਹੈ, ਉਸਨੂੰ ਤੁਸੀਂ ਕਿਵੇਂ ਲੈਂਦੇ ਹੋ। ਤੁਸੀਂ ਕਿਸੇ ਨੂੰ ਮਿਲਣਾ ਹੈ, ਉਸ ਕੋਲ ਚਲ ਕੇ ਜਾਂਦੇ ਹੋ। ਉਹ ਤਹਾਨੂੰ ਵਕਤ ਨਹੀਂ ਦਿੰਦਾ। ਇਸ ਸੋਸ਼ਲ਼ ਮੀਡੀਆ ਦੇ ਰਾਹੀਂ ਮਿੰਟਾਂ ਦੇ ਵਿੱਚ ਵੀਡੀਉ ਦੇ ਰਾਹੀਂ ਇੰਟਰਵਿਊ ਕਰ ਸਕਦੇ ਹੋ।" (ਚਿੰਤਕ)

ਉਹਨਾਂ ਵਿਚਾਰਾਂ ਦੇ ਪ੍ਰਭਾਵ ਹਾਂ-ਪੱਖੀ ਜਾਂ ਨਾ-ਪੱਖੀ ਹੋ ਸਕਦੇ ਹਨ। ਲੋਕ ਇੱਕ ਦੂਜੇ ਦੇ ਵਿਚਾਰਾਂ ਉੱਤੇ ਕੁਮੈਂਟਸ ਕਰਦੇ ਹਨ। ਮਨੁੱਖ ਆਪਣੇ ਵਿਚਾਰਾਂ ਨੂੰ ਸੋਸ਼ਲ ਮੀਡੀਆ ਉੱਤੇ ਸਾਂਝਾ ਕਰਨ ਤੋਂ ਪਹਿਲਾਂ ਇੱਕ ਵਾਰ ਨਹੀ ਸੋਚਦੇ। ਸੋਸ਼ਲ ਮੀਡੀਆ ਉੱਤੇ ਚੰਗੇ ਪਰਿਵਾਰਾਂ ਦੀ ਪਰਵਰਿਸ਼ ਦਾ ਘਾਣ ਹੁੰਦਾ ਹੈ। ਸੋਸ਼ਲ ਮੀਡੀਆ (ਫੇਸਬੁੱਕ ਜਾਂ ਟੀਵੀਟਰ) ਉੱਤੇ ਇੱਕ–ਦੂਜੇ ਨੂੰ ਬਲੌਕ ਕਰਨ ਤੋਂ ਬਾਅਦ ਮਾਰਨ ਤੱਕ ਦੀਆਂ ਧਮਕੀਆਂ ਵੀ ਦਿੰਦੇ ਹਨ। ਸੋਸ਼ਲ਼ ਮੀਡੀਆ ਨੇ ਸਮਾਜ ਦੇ ਵਿਰੋਧ ਵਿੱਚ ਧਾਰਨਾਵਾਂ ਨੂੰ ਤੇਜ਼ ਕੀਤਾ ਹੈ। ਸੋਸ਼ਲ ਮੀਡੀਆ ਦੇ ਉੱਤੇ ਜਾਤ-ਪਾਤ, ਰੰਗ, ਧਰਮ ਆਦਿ ਪੱਖਾਂ ਉੱਤੇ ਟਿੱਪਣੀਆਂ ਦੇਖਣ ਨੂੰ ਮਿਲ

ਜਾਣਗੀਆਂ। ਸੋਸ਼ਲ ਮੀਡੀਆ ਵੱਖ ਵੱਖ ਲੋਕਾਂ ਦੇ ਨਾਲ ਜੋੜਣ ਦਾ ਕੰਮ ਕਰਦਾ ਹੈ, ਇਸਨੂੰ ਨਾ ਪੱਖੀ ਸੋਚ ਦੇ ਲਈ ਨਹੀਂ ਵਰਤਣਾ ਚਾਹੀਦਾ ਹੈ।

ਡਾ. ਸੰਤੋਖ ਸਿੰਘ ਸੁਖੀ ਦੀ ਧਾਰਨਾ ਹੈ ਕਿ,

> ਇਕ ਹੋਰ ਅਜੀਬ ਵਰਤਾਰਾ ਪੈਦਾ ਕੀਤਾ ਹੈ, ਉਹ ਸਾਹਮਣੇ ਬੈਠੇ ਵਿਅਕਤੀ ਨੂੰ ਨਜ਼ਰ ਅੰਦਾਜ਼ ਕਰਨਾ ਤੇ ਦੂਰ ਬੈਠੇ ਵਿਅਕਤੀ ਸਾਈਟ ’ਤੇ ਆਪਣਾ ਚਿਹਰਾ ਪੇਸ਼ ਕਰਨਾ। ਸਥਿਤੀ ਇਹ ਬਣੀ ਹੋਈ ਹੈ ਕਿ ਜੋ ਸਾਹਮਣੇ ਬੈਠਾ ਹੈ ਉਸ ਵੱਲ ਪਿੱਠ ਕਰਨਾ ਹੈ ਤੇ ਜੋ ਪਿੱਠ ਕਰੀ ਬੈਠਾ ਉਸ ਦੇ ਸਾਹਮਣੇ ਹੋਣਾ ਹੈ (ਇੱਕ ਮਿੱਤਰ ਨਾਲ ਸੰਵਾਦ ’ਤੇ ਉੱਭਰੀ ਗੱਲ) ਇਹ ਅਜੀਬ ਕਿਸਮ ਦੀ ਪਿਆਸ ਹੈ, ਜਿਸ ਨਾਲ ਮਨੁੱਖ ਸਹੀ ਸਰੋਤਾਂ ਵੱਲ ਨਹੀਂ ਜਾ ਰਿਹਾ ।
>
> (ਸੋਸ਼ਲ ਮੀਡੀਆ ਅਤੇ ਮਨੁੱਖ. ਕੈਨੇਡੀਅਨ ਪੰਜਾਬੀ ਟਾਈਮਜ਼)

ਕਈ ਵਾਰੀ ਸੋਸ਼ਲ ਮੀਡੀਆ ਉੱਤੇ ਘਟਨਾਵਾਂ ਵੀ ਵਾਇਰਲ ਹੋ ਜਾਂਦੀਆਂ ਹਨ ਜਿਨ੍ਹਾਂ ਦਾ ਮਾਨਵ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। ਸੁਰਜੀਤ ਦੀ ਕਹਾਣੀ ਆਇਲਨ ਅਤੇ ਐਵਨ ਦੇ ਵਿੱਚ ਪਰਵਾਸ ਅਤੇ ਆਵਾਸ ਦੀ ਸਮੱਸਿਆ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਦੇ ਨਾਲ ਤਕਨੀਕੀ ਸਾਧਨਾਂ ਦੀ ਵਰਤੋਂ ਨਾਲ ਆਪਣੀਆਂ ਵੇਦਨਾਵਾਂ ਨੂੰ ਗਲੋਬਲ ਪੱਧਰ ਉਤੇ ਪੇਸ਼ ਕਰਦਾ ਹੈ। ਜਿਸ ਨੂੰ ਲੱਖਾਂ-ਕਰੋੜਾਂ ਲੋਕ ਦੇਖ ਕੇ ਆਪਣੀ ਸਦਭਾਵਨਾ ਦੀ ਪ੍ਰਸਤੁਤੀ ਕਰਦੇ ਹਨ।

> ਕੋਈ ਵੀ ਸੋਸ਼ਲ ਸਾਈਟ ਖੋਲ੍ਹ ਕੇ ਵੇਖਦੀ-ਫੇਸਬੁੱਕ, ਟਵੀਟਰ, ਗੂਗਲ ਅਤੇ ਹੋਰ ਮੀਡੀਆ ਹਰ ਪਾਸੇ ਵਾਇਰਲ ਹੋਈ ਉਹ ਤਸਵੀਰ ਦਿਖਾਈ ਦਿੰਦੀ। ਤੱਟ ‘ਤੇ ਮੂਧੀ ਪਈ ਨਿੱਕੇ ਜਿਹੇ ਬੱਚੇ ਦੀ ਲਾਸ਼ ਮਨੁੱਖਤਾ ਦਾ ਮੂੰਹ ਚਿੜਾਉਂਦੀ ਰਹੀ। ਕਿਸੇ ਨੇ ਇਸ ਤਸਵੀਰ ਹੇਠਾਂ ਇਕ ਹੋਰ ਕੈਪਸ਼ਨ ਜੜ ਦਿੱਤੀ, “ ਕਹਿੰਦੇ ਨੇ ਇਕ ਤਸਵੀਰ ਮਿਲੀਅਨ ਡਾਲਰ ਦੀ ਹੁੰਦੀ ਏ, ਇਹ ਤਸਵੀਰ ਟਰਿਲੀਅਨ ਡਾਲਰ ਦੀ ਏ।
>
> *(ਪਾਰਲੇ ਪੁੱਲ 39)*

ਸੋਸ਼ਲ ਮੀਡੀਆ ਦੀ ਵਰਤੋਂ ਪੈਸੇ ਦੇ ਕੇ ਕੀਤੀ ਜਾਂਦੀ ਹੈ। ਜਿਵੇਂ ਕਿ ਫੋਨ ਦੇ ਵਿੱਚ ਡਾਟਾ ਪੈਕ ਪਾਉਂਦੇ ਹਾਂ। ਜਿਸ ਦੇ ਨਾਲ ਫੇਸ ਬੁੱਕ ਜਾਂ ਟੀਵੀਟਰ ਆਦਿ ਚਲਦੇ ਹਨ। ਉਹਨਾਂ ਦੀ ਦੁਰਵਰਤੋਂ ਦੇ ਨਾਲ ਸਮਾਜ ਉੱਤੇ ਪ੍ਰਭਾਵ ਪੈਂਦਾ ਹੈ। ਇਸ ਦੀ ਵਰਤੋਂ ਮਾਨਵ ਦੇ ਹੱਥ ਵਿੱਚ ਹੁੰਦੀ ਹੈ ਕਿ ਇਸ ਦੀ ਵਰਤੋਂ ਕਿਵੇਂ ਤੇ ਕਦੋਂ ਤੱਕ ਕਰਨੀ ਹੈ। ਸੋਸ਼ਲ ਮੀਡੀਆ ਮਨੁੱਖ (ਪਰਿਵਾਰ ਜਾਂ ਰਿਸ਼ਤਿਆਂ) ਦੇ ਉੱਤੇ ਗਹਿਰਾ ਪ੍ਰਭਾਵ ਪਾ ਰਿਹਾ ਹੈ। ਰੋਜ਼ਾਨਾ ਲੱਖਾਂ ਜਾਂ ਕਰੋੜਾਂ ਲੋਕ ਘੰਟਿਆ ਬੱਧੀ ਫੇਸਬੁੱਕ ਜਾਂ ਟੀਵੀਟਰ ਨੂੰ ਚਲਾਉਂਦੇ ਹਨ। ਮਾਨਵ ਇੰਨਾ ਸਮਾਂ ਆਪਣੇ ਪਰਿਵਾਰ ਨਾਲ ਨਹੀਂ ਬਤੀਤ ਕਰਦਾ ਜਿੰਨਾ ਸਮਾਂ ਉਸ ਦਾ ਫੇਸਬੁੱਕ ਜਾਂ ਟੀਵੀਟਰ ਉੱਤੇ ਲੱਗਦਾ ਹੈ। ਪਹਿਲਾਂ ਸੋਸ਼ਲ ਮੀਡੀਆ ਦਾ ਪ੍ਰਭਾਵ ਸਿਰਫ਼ ਨੌਜਵਾਨ ਵਰਗ ਤੱਕ ਹੀ ਸੀਮਿਤ ਸੀ। ਹੁਣ ਇਸਦਾ ਪ੍ਰਭਾਵ ਹਰ ਉਮਰ ਤੇ ਦਿਖਾਈ ਦਿੰਦਾ ਹੈ। ਸੋਸ਼ਲ ਮੀਡੀਆ ਪਰਿਵਾਰਾਂ ਤੋਂ ਦੂਰ ਕਰ ਰਿਹਾ ਹੈ ਅਤੇ ਨਾਲ ਹੀ ਮਾਨਵ ਦੇ ਇਕੱਲੇਪਣ ਦਾ ਇਲਾਜ ਬਣ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਮਨੁੱਖ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਮਾਨਵ ਆਪਣੇ ਮਨ ਪਰਚਾਵੇ ਲਈ ਸੋਸ਼ਲ ਮੀਡੀਆ ਨੂੰ ਚਲਾਉਂਦਾ ਹੈ। ਉੱਥੇ ਵੀ ਅਨੇਕਾਂ ਗਲਤ ਧਾਰਨਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਠੀਕ ਹੋਣ ਦੇ ਬਜਾਇ ਹੋਰ ਬਿਮਾਰ ਹੋ ਜਾਂਦਾ ਹੈ। ਇਸ ਨੂੰ ਪਲੱਗ ਇਨ ਡਰੱਗ ਨਾਂ ਦੀ ਬਿਮਾਰੀ ਵੀ ਕਿਹਾ ਜਾਂਦਾ ਹੈ।

ਸੋਸ਼ਲ ਮੀਡੀਆ ਦੀ ਪਹੁੰਚ ਕਾਰਪੋਰੇਟ ਮੀਡੀਆ ਨਾਲੋਂ ਵਧੇਰੇ ਅਤੇ ਆਸਾਨ ਹੈ। ਇਹ ਆਸਾਨੀ ਦੇ ਨਾਲ ਸਮਾਜ ਦੇ ਵਿੱਚ ਪੁੱਜ ਜਾਂਦਾ ਹੈ। ਜਿਵੇਂ ਕਿ WhatsApp, Facebook, Snapchat, Instagram ਆਦਿ ਦੇ ਰਾਹੀਂ ਬਿਨ੍ਹਾਂ ਕਿਸੇ ਰੋਕ-ਟੋਕ ਤੋਂ ਵਿਚਾਰਾਂ ਦਾ ਪ੍ਰਚਾਰ ਕਰਦਾ ਹੈ। ਫੇਸਬੁੱਕ ਜੋਗੀ ਕਵਿਤਾ ਦੇ ਰਾਹੀਂ ਚਲ ਰਹੇ ਵਰਤਮਾਨ ਵਤੀਰੇ ਦੀ ਪੇਸ਼ਕਾਰੀ ਕੀਤੀ ਗਈ ਹੈ। ਹਰ ਕੋਈ ਫੇਸਬੁੱਕ ਦੀ ਸਹੀ ਜਾਂ ਗਲਤ ਵਰਤੋਂ ਕਰ ਰਿਹਾ ਹੈ, ਮਾਨਵ ਆਪਣੇ ਮਨ ਪ੍ਰਚਾਵੇ ਲਈ ਕਰ ਰਿਹਾ ਹੈ।

ਫੇਸਬੁੱਕ ਦਾ ਇਸ਼ਕ ਅਨੋਖਾ,
ਬੁੱਢੜਾ ਵੀ ਰਾਂਝਾ ਬਣ ਜਾਵੇ।
ਸੁੰਦਰਤਾ ਜਦ ਸਿਰ ਚੜ੍ਹ ਬੋਲੇ,

ਧੀ ਵਰਗੀ, ਮਹਿਬੂਬ ਬਣਾਵੇ।

ਟਿੱਪਣੀ ਵਿੱਚ ਭੈਣ ਜੀ ਆਖ,

ਸੁਪਨੇ ਦੇ ਵਿੱਚ ਸੇਜ ਹੰਢਾਵੇ।

ਬਹੁ- ਅਰਥੇ ਸ਼ਬਦਾਂ ਦੀ ਵਰਤੋਂ

ਫੁੱਲ ਵਿੱਚ ਗੰਦੀ ਨਜ਼ਰ ਛਪਾਵੇ।

ਇਸ ਜੋਗੀ ਦਾ ਕੈਸਾ ਜੋਗ?

ਤਸਵੀਰਾਂ ਨਾਲ ਨੇਤਰ-ਭੋਗ!!! (ਫੇਸਬੁੱਕ ਕਵਿਤਾ *30)*

ਸੋਸ਼ਲ ਮੀਡੀਆ ਡਰ ਨੂੰ ਪੈਦਾ ਕਰ ਰਿਹਾ ਹੈ। ਕਿਸੇ ਦੇ ਅਕਾਊਂਟ ਨੂੰ ਹੈਕ ਕਰ ਲੈਣਾ ਜਾਂ ਨਕਲੀ ਅਕਾਊਂਟ ਬਣਾ ਕੇ ਕੁੜੀ/ਮੁੰਡੇ ਨੂੰ ਬਦਨਾਮ ਜਾਂ ਲੁੱਟਣ ਦੀਆਂ ਬਹੁਤ ਘਟਨਾਵਾਂ ਹੁੰਦੀਆਂ ਹਨ। ਇਸ ਦੇ ਬਹੁਤੇ ਜ਼ਰੀਏ WhatsApp, Facebook ਬਣਦੇ ਹਨ। ਜਿਨ੍ਹਾਂ ਉੱਤੇ ਵੀਡੀਉ ਵਾਇਰਲ ਕਰਨ ਦਾ ਡਰ ਪੈਦਾ ਕੀਤਾ ਜਾਂਦਾ ਹੈ।ਸੋਸ਼ਲ ਮੀਡੀਆ ਦੀ ਦੁਰਵਰਤੋਂ ਵੀ ਕੀਤੀ ਜਾਂਦੀ ਹੈ, ਕਈ ਵਾਰ ਅਣਮਨੁੱਖੀ ਘਟਨਾਵਾਂ ਵੀ ਵਾਪਰ ਜਾਂਦੀਆ ਹਨ। ਸੋਸ਼ਲ ਮੀਡੀਆ (ਐਪਾਂ) ਹਰ ਇਕ ਦੀ ਲੋਕੇਸ਼ਨ ਦੀ ਜਾਣਕਾਰੀ ਰੱਖਣੀ ਚਾਹੀਦੀ ਹੈ ਤਾਂ ਜੋ ਕੋਈ ਅਣਸੁੱਖਾਵੀ ਘਟਨਾ ਨੂੰ ਰੋਕਿਆ ਜਾ ਸਕੇ। ਜਿਵੇਂ ਕਿ ਇਸੇ ਸੰਬੰਧੀ ਜਸਕਰਨ ਸਿੰਘ ਨੇ ਆਪਣੇ ਲੇਖ ਵਿੱਚ ਕਿਹਾ, ਇਸੇ ਸਾਲ ਦੀ 15 ਮਾਰਚ ਨੂੰ ਨਿਊਜ਼ੀਲੈਂਡ ਦੇ ਕ੍ਰਾਈਸਟ ਚਰਚ ਵਿੱਚ 28 ਸਾਲਾ ਇਕ ਸਿਰ ਫਿਰੇ ਨੌਜਵਾਨ ਨੇ ਉੱਥੇ ਦੀਆਂ 2 ਮਸੀਤਾਂ ਵਿਚ ਅੰਨ੍ਹੇਵਾਹ ਗੋਲੀਬਾਰੀ ਕਰਕੇ ਇਸ ਦਾ ਫੇਸਬੁੱਕ ਤੇ ਸਿੱਧਾ ਪ੍ਰਸਾਰਨ ਕੀਤਾ ਸੀ। ਇਸ ਹਮਲੇ ਵਿੱਚ 51 ਵਿਅਕਤੀਆ ਦੀ ਮੌਤ ਹੋ ਗਈ ਸੀ ਤੇ 49 ਜਖ਼ਮੀ ਹੋਏ ਸਨ। ਮਗਰੋਂ ਉਥੋਂ ਦੀ ਸਰਕਾਰ ਨੇ ਇਸ ਨੂੰ ਅੱਤਵਾਦੀ ਹਮਲਾ ਕਰਾਰ ਦਿੱਤਾ ਸੀ ਇਸ ਘਟਨਾ ਦਾ ਸਿੱਧਾ ਪ੍ਰਸਾਰਨ ਹੋਣ ਨਾਲ ਫੇਸਬੁੱਕ ਦੀ ਕਾਰਗੁਜ਼ਾਰੀ ’ਤੇ ਕਈ ਸਵਾਲ ਖੜ੍ਹੇ ਹੋਏ ਸਨ। ਇਸੇ ਤਰ੍ਹਾਂ ਨੌਜਵਾਨ ਸੋਸ਼ਲ ਮੀਡੀਆ ਦੀ ਵਰਤੋਂ ਦਾ ਕੋਈ ਸਮਾਂ ਸਥਾਨ ਨਿਸਚਿਤ ਨਹੀਂ ਕਰਦੇ । ਕਈ ਕਈ ਘੰਟੇ ਮੋਬਾਈਲ ਤੇ ਕੰਪਿਊਟਰ ਦੀ ਬੇਲੋੜੀ ਵਰਤੋਂ ਨਾਲ ਨਿਗ੍ਹਾ ਤੇ ਦਿਮਾਗ ‘ਤੇ ਵੀ ਉਲਟ ਅਸਰ ਪੈਂਦਾ ਹੈ। *(ਸੋਸ਼ਲ ਮੀਡੀਆ ਦੇ ਨੌਜਵਾਨ ਪੀੜ੍ਹੀ ਤੇ ਪ੍ਰਭਾਂਵ.*

*https://punjabitribune,ca?p+847&amp)*

ਸਾਈਬਰ ਕ੍ਰਾਇਮ ਦੀ ਭੂਮਿਕਾ ਸੋਸ਼ਲ ਮੀਡੀਆ ਉੱਤੇ ਬਹੁਤ ਖ਼ਤਰਨਾਕ ਹੁੰਦੀ ਜਾ ਰਹੀ ਹੈ। ਇਹ ਮਨੁੱਖ ਦੇ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦਾ ਹੈ। ਸਰਕਾਰ ਦੇ ਦੁਆਰਾ ਇੱਕ ਵੈੱਬਸਾਈਟ ਬਣਾਈ ਗਈ ਹੈ। ਜਿਸ ਦੇ ਵਿੱਚ ਸੁਰੱਖਿਆ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਗਈ ਹੈ। ਜਿਸ ਦੇ ਵਿੱਚ ਆਪਣੇ ਕੰਪਿਊਟਰ ਨੂੰ ਸੁਰੱਖਿਅਤ ਰੱਖਣ ਦੇ ਬਾਰੇ ਜਾਣਕਾਰੀ ਤੇ ਨਾਲ ਹੀ ਸਾਈਬਰ ਕ੍ਰਾਇਮ ਦੇ ਵਿੱਚ ਸ਼ਕਾਇਤ ਕਰਨ ਦੀ ਜਾਣਕਾਰੀ ਦਿੱਤੀ ਗਈ ਹੈ। ਸੋਸ਼ਲ ਮੀਡੀਆ ਦਾ ਬੁਰਾ ਪ੍ਰਭਾਵ 16ਤੋਂ 20 ਸਾਲ ਦੇ ਬੱਚਿਆ ਉੱਤੇ ਵਧੇਰੇ ਪੈਂਦਾ ਹੈ। ਬੱਚੇ ਪੜ੍ਹਾਈ ਦੇ ਵਿੱਚ ਸਹਾਇਤਾ ਦੇ ਲਈ ਇੰਟਰਨੈੱਟ ਦੀ ਵਧੇਰੇ ਵਰਤੋਂ ਕਰਦੇ ਹਨ। ਸੋਸ਼ਲ ਮੀਡੀਆ ਉੱਤੇ ਜਾ ਕੇ ਅਸ਼ਲੀਲ ਵੀਡੀਉ ਦੇਖਦੇ ਜਾਂ Netflix, Amazon Prime ਉੱਤੇ ਜਾ ਕੇ ਅਸ਼ਲੀਲ ਫਿਲਮਾਂ ਨੂੰ ਦੇਖਦੇ। ਇਸ ਦੇ ਮਨੁੱਖ ਤੇ ਮਾਰੂ ਪ੍ਰਭਾਵ ਪੈਂਦੇ ਹਨ। ਸੋਸ਼ਲ ਮੀਡੀਆ ਮਨੁੱਖੀ ਜ਼ਿਹਨ ਉੱਤੇ ਭਾਰੂ ਹੁੰਦਾ ਜਾ ਰਿਹਾ ਹੈ। ਇਸਦੇ ਨਤੀਜੇ ਖ਼ਤਰਨਾਕ ਹੀ ਹਨ, ਜਿਵੇਂ ਕਿ ਮਨੁੱਖ ਦਾ ਭਾਵੁਕ ਹੋ ਕੇ ਸੋਸ਼ਲ ਮੀਡੀਆ ਉੱਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨੀ ਜਾਂ ਕਿਸਾਨ ਜਾਂ ਆਮ ਇਨਸਾਨ ਦਾ ਲਾਈਵ ਹੋ ਕੇ ਖ਼ੁਦਕੁਸ਼ੀ ਕਰਨ ਆਦਿ ਕਾਰਨ ਜ਼ਿੰਮੇਵਾਰ ਹਨ। ਮਨੁੱਖੀ ਹੋਂਦ ਫੇਸਬੁੱਕ, ਟੀਵੀਟਰ, ਯੂ-ਟਿਊਬ ਤੇ ਇੰਸਟਾਗਰਾਮ ਦੇ ਆਲੇ ਦੁਆਲੇ ਕੇਂਦਰਿਤ ਹੋ ਕੇ ਰਹਿ ਗਈ ਹੈ। ਇਹ ਮਾਨਵ ਨੂੰ ਭਾਵਨਾਤਮਿਕ ਪੱਖੋਂ ਕੰਮਜ਼ੋਰ ਕਰ ਰਿਹਾ ਹੈ। ਸੋਸ਼ਲ ਮੀਡੀਆ ਦੇ ਉੱਤੇ ਰਿਸ਼ਤੇ ਬਣਾ ਕੇ ਤੋੜੇ ਜਾਂਦੇ ਹਨ। ਰਿਸ਼ਤਿਆਂ ਦੇ ਵਿੱਚ ਉੱਥਲ-ਪੱਥਲ ਦਾ ਕਾਰਨ ਵੀ ਸੋਸ਼ਲ ਮੀਡੀਆ ਹੀ ਹੈ।

ਸਮਾਜਕ ਪੱਖ ਦੇ ਨਾਲ ਸੰਬੰਧਿਤ ਸਵਾਲਾਂ ਦੇ ਜਵਾਬਾਂ ਨੂੰ ਜਾਨਣ ਦੇ ਲਈ ਪੰਜਾਬ ਦੇ ਪੰਜ ਜ਼ਿਲ੍ਹਿਆਂ (ਜਲੰਧਰ, ਅੰਮ੍ਰਿਤਸਰ, ਲੁਧਿਆਣਾ,ਪਟਿਆਲਾ, ਬਠਿੰਡਾ) ਦੇ ਵਿੱਚੋਂ ਡਾਟਾ ਭਰਵਾਇਆ ਗਿਆ ਹੈ। ਜਿਨ੍ਹਾਂ ਦੇ ਵਿੱਚ ਜਵਾਬ ਕਰਤਾ ਦੇ ਦੁਆਰਾ ਸਹੀ, ਪੂਰਨ ਸਹੀ, ਪੂਰਨ ਗਲਤ, ਗਲਤ ਦੇ ਉੱਤੇ ਹਾਮੀ ਭਰੀ ਹੋਈ ਹੈ। ਇਸ ਦੇ ਨਾਲ ਜਵਾਬ ਕਰਤਾ ਦੇ ਦੁਆਰਾ ਸੁਝਾਅ ਵੀ ਦਿੱਤੇ ਹੋਏ ਹਨ। ਜਿਨ੍ਹਾਂ ਦੀ ਵਰਤੋਂ ਵੱਖੋ-ਵੱਖਰੇ ਆਧਿਆਇ ਦੇ ਵਿੱਚ ਕੀਤੀ ਗਈ ਹੈ। ਇਹ ਸੈਂਪਲ ਲੈਣ ਦੇ ਲਈ ਰੈਂਡਮ ਤਕਨੀਕ ਦੀ ਵਰਤੋਂ ਕੀਤੀ ਗਈ। ਜ਼ਿਲ੍ਹਿਆਂ ਦੀ ਜਨਸੰਖਿਆ ਦੇ ਆਧਾਰ ਉੱਤੇ ਕੁਝ ਸੈਂਪਲ ਚੁਣ ਲਏ ਗਏ। ਇਨ੍ਹਾਂ ਨੂੰ ਸਕੂਲ਼ ਅਤੇ ਕਾਲਜਾਂ ਤੋਂ ਇਲਾਵਾ ਚਿੰਤਕਾਂ ਦੇ ਕੋਲੋਂ ਵੀ ਭਰਵਾਇਆ ਗਿਆ। ਇਸ ਦੇ ਨਾਲ ਨਵ-ਵਿਆਹੇ ਹੋਏ ਜੋੜਿਆ

ਦੇ ਕੋਲੋਂ ਵੀ ਭਰਵਾਇਆ ਗਿਆ। ਇਸ ਇਕੱਤਰ ਕੀਤੇ ਹੋਏ ਡਾਟੇ ਦਾ Mean, Median, Mode ਕੱਢਿਆ ਗਿਆ । ਹੇਠਾਂ ਇਸ ਦਾ ਨਤੀਜਾ ਦਿੱਤਾ ਗਿਆ ਹੈ। ਹੇਠਾਂ ਦਿੱਤੇ ਡਾਟੇ ਦੇ ਵਿੱਚ ਸਮਾਜਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਦੇ ਰਾਹੀਂ ਡਾਟੇ ਦੇ ਅੰਤਰ ਨੂੰ ਸਪੱਸ਼ਟ ਕੀਤਾ ਗਿਆ ਹੈ।

**Table 2.2 : ਡਾਟਾ**

| | Mean | Median | Mode | Std. Deviation |
|---|---|---|---|---|
| Social | 74.13 | 75.00 | 72 | 7.847 |
| Economic | 39.99 | 41.00 | 42 | 5.863 |
| Political | 6.71 | 7.00 | 8 | 1.471 |

**Table 2.3 : ਸਮਾਜਕ ਪੱਖ**

| District | Social | | | |
|---|---|---|---|---|
| | Mean | Median | Mode | Std. Deviation |
| Jalandhar | 76.84 | 78.00 | 80 | 7.076 |
| Amritsar | 73.51 | 73.00 | 72 | 5.798 |
| Ludhiana | 67.33 | 70.00 | 60 | 9.260 |
| Patiala | 73.44 | 74.00 | 69 | 9.062 |
| Bathinda | 75.81 | 77.00 | 80 | 5.382 |





**Figure 2.10 : ਸਮਾਜਕ ਪੱਖ**

ਹੇਠਾਂ ਦਿੱਤੇ ਚਿੱਤਰ ਦੇ ਰਾਹੀਂ ਸ਼ਹਿਰਾਂ ਦੇ ਵਿੱਚ ਇਕੱਤਰ ਕੀਤੇ ਡਾਟੇ ਦੇ ਅੰਕੜੇ ਸਪੱਸ਼ਟ ਹੁੰਦੇ ਹਨ।





**Figure 2.11 : ਸ਼ਹਿਰਾਂ ਦੇ ਪੱਖਾਂ ਤੋਂ %**

**ਸਿੱਟੇ** :

1. ਖਪਤਵਾਦੀ ਸਭਿਆਚਾਰ ਦੇ ਪ੍ਰਭਾਵ ਹੇਠ ਪਰਿਵਾਰ ਇਕਹਿਰੇ ਤੋਂ ਇਕਹਿਰੇ ਰਹਿ ਗਏ ਹਨ। ਜਿਸ ਦਾ ਕਾਰਨ ਪ੍ਰੋਫੈਸ਼ਨਲ ਜ਼ਿੰਮੇਵਾਰੀਆਂ ਮੁੱਖ ਕਾਰਨ ਹੈ।
2. ਪੰਜਾਬੀ ਰਿਸ਼ਤੇ ਆਪਣੇ ਨਾਂ ਤੋਂ ਜਾਣੇ ਜਾਂਦੇ ਸਨ, ਪਰ ਇਹ ਰਿਸ਼ਤੇ ਪੱਛਮੀਕਰਨ ਦੇ ਪ੍ਰਭਾਵ ਹੇਠ ਅੰਕਲ ਅੰਟੀਆਂ ਵਾਲੇ ਹੀ ਬਣਦੇ ਜਾ ਰਹੇ ਹਨ।
3. ਪੰਜਾਬੀ ਤਿਉਹਾਰ ਅਤੇ ਰਸਮ-ਰਿਵਾਜ ਉਪਭੋਗਤਾ ਦੀ ਭੇਂਟ ਚੜ੍ਹ ਰਹੇ ਹਨ, ਜਿਸ ਕਾਰਨ ਇਹ ਮਹਿੰਗੇ ਹੋ ਰਹੇ ਹਨ।
4. ਪੰਜਾਬੀਆਂ ਨੇ ਪੱਛਮੀਕਰਨ ਦੇ ਪ੍ਰਭਾਵ ਹੇਠ ਦੇਖਾ-ਦੇਖੀ ਰਸਮਾਂ-ਰਿਵਾਜਾਂ ਦੇ ਵਿੱਚ ਬਦਲਾਅ ਲਿਆਂਦਾ ਹੈ।
5. ਮਾਨਵ ਸੋਸ਼ਲ ਮੀਡੀਆ ਦੀ ਜਕੜ ਵਿੱਚ ਆਪ ਹੀ ਫ਼ਸਦਾ ਜਾ ਰਿਹਾ ਹੈ।

### ਅਧਿਆਇ ਤੀਸਰਾ

# ਪੰਜਾਬ ਦੇ ਆਰਥਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ

# ਪੰਜਾਬ ਦੇ ਆਰਥਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ

ਆਰਥਕਤਾ ਇੱਕ ਸੰਸਥਾ ਹੈ, ਜਿਹੜੀ ਵਸਤੂਆਂ ਦੇ ਆਦਾਨ-ਪ੍ਰਦਾਨ ਅਤੇ ਉਹਨਾਂ ਦੇ ਉਤਪਾਦਨ ਅਤੇ ਖਪਤ ਦੇ ਨਾਲ ਸੰਬੰਧਿਤ ਹੈ। ਸਮਾਜ ਦੇ ਵਿੱਚ ਮਨੁੱਖ ਦੀ ਆਰਥਕਤਾ ਹੀ ਸਹੀ ਸਥਿਤੀ ਨੂੰ ਬਿਆਨ ਕਰਦੀ ਹੈ। ਪੂੰਜੀ ਇਕੱਠੀ ਕਰਨਾ, ਜਾਇਦਾਦ ਬਣਾਉਣਾ ਆਰਥਕਤਾ ਦਾ ਹੀ ਹਿੱਸਾ ਹੈ। ਪੂੰਜੀ ਦੇ ਉੱਤੇ ਮਨੁੱਖ ਦਾ ਸਾਰਾ ਸੰਸਾਰ ਖੜ੍ਹਾ ਹੁੰਦਾ ਹੈ। ਸਮਾਜ ਦੀ ਖ਼ੁਸ਼ਹਾਲੀ ਦਾ ਪਤਾ, ਉਸ ਦੇ ਮਜ਼ਬੂਤ ਆਰਥਕ ਸਥਿਤੀ ਤੋਂ ਲੱਗਦਾ ਹੈ। ਮਨੁੱਖ ਦੀਆਂ ਅਸੀਮ ਇੱਛਾਵਾਂ ਹਨ, ਜਿਨ੍ਹਾਂ ਨੂੰ ਪੂਰਾ ਕਰਨ ਦੇ ਲਈ ਪੂੰਜੀ ਦੀ ਲੋੜ ਹੁੰਦੀ ਹੈ। ਆਰਥਕ ਸਥਿਤੀ ਦੇ ਰਾਹੀਂ ਹੀ ਘਾਟੇ ਅਤੇ ਵਾਧੇ ਨੂੰ ਦੇਖਿਆ ਜਾਂਦਾ ਹੈ। ਆਰਥਕ ਪੱਖ ਦੇ ਵਿੱਚ ਉਤਪਾਦਨ, ਉਪਭੋਗ, ਬੱਚਤ, ਨਿਵੇਸ਼ ਆਦਿ ਨੂੰ ਪਰਖਿਆ ਜਾਂਦਾ ਹੈ।

ਕਾਰਲ ਮਾਰਕਸ ਦੀ ਧਾਰਨਾ ਹੈ ਕਿ,

> ਮਨੁੱਖ ਜਾਤੀ ਹੀ ਇੱਕੋ ਜੀਵ ਹੈ ਜਿਨ੍ਹਾਂ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਖ਼ੁਰਾਕ ਦੇ ਉਤਪਾਦਨ 'ਤੇ ਪੂਰਾ ਕੰਟਰੋਲ ਪ੍ਰਾਪਤ ਕਰ ਲਿਆ ਹੈ। ਮਨੁੱਖੀ ਉੱਨਤੀ ਦੇ ਮਹਾਨ ਯੁੱਗ, ਘੱਟ ਜਾਂ ਵੱਧ ਸਿੱਧੀ ਤਰ੍ਹਾਂ, ਉਪਜੀਵਕਾਂ ਦੇ ਵਧਣ ਨਾਲ ਇੱਕ-ਮਿਕ ਕੀਤੇ ਗਏ ਹਨ।

(ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ 8)

## 3.1 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਅਜੋਕਾ ਉਦਯੋਗਿਕ ਜੀਵਨ

**ਅਜੋਕਾ ਉਦਯੋਗਿਕ ਜੀਵਨ :**

ਉਦਯੋਗ ਮਨੁੱਖੀ ਵਿਕਾਸ ਦਾ ਸਫ਼ਲ ਨਤੀਜਾ ਹੈ। ਉਦਯੋਗ ਦੇ ਲਈ ਕਾਰੋਬਾਰ ਜਾਂ ਵਪਾਰ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਦੋਂ ਉਤਪਾਦਨ ਦੇ ਵਿੱਚ ਵਸਤੂ ਦੇ ਰੂਪ ਵਿੱਚ ਪੂੰਜੀ ਦੀ ਪ੍ਰਾਪਤੀ ਹੋਵੇ ਉਸ ਨੂੰ ਕਾਰੋਬਾਰ ਕਹਿ ਸਕਦੇ ਹਾਂ। ਉਦਯੋਗ ਅਜਿਹੀ ਥਾਂ ਹੈ, ਜਿੱਥੇ ਵਸਤਾਂ ਨੂੰ ਖਰੀਦਿਆ ਅਤੇ ਵੇਚਿਆ ਜਾ ਸਕੇ।

ਭਾਰਤ ਦੇ ਵਿੱਚ ਉਦਯੋਗ ਦੇ ਕਈ ਕਾਰਖ਼ਾਨੇ ਉਪਲੱਬਧ ਹਨ। ਭਾਰਤ ਵੀ ਆਪਣੇ ਉਦਯੋਗਿਕ ਵਿਕਾਸ ਦੇ ਵਿੱਚ ਆਪਣੀਆਂ ਪੁਲਾਘਾਂ ਪੁੱਟ ਰਿਹਾ ਹੈ। ਉਦਯੋਗ ਭਿੰਨ ਭਿੰਨ ਭਾਂਤ ਦੇ ਪਾਏ ਜਾਂਦੇ ਹਨ ਜਿਨ੍ਹਾਂ ਦੀ ਆਪਣੀ ਮਹੱਤਤਾ ਹੈ। ਉਦਯੋਗ ਤਿੰਨ ਪ੍ਰਕਾਰ ਦੇ ਪਾਏ ਜਾਂਦੇ ਹਨ।

- ਧਾਤਾਂ ਦੇ ਨਾਲ ਸੰਬੰਧਿਤ ਉਦਯੋਗ
- ਰਸਾਇਣਿਕ ਪਦਾਰਥਾਂ ਦੇ ਨਾਲ ਸੰਬੰਧਿਤ ਉਦਯੋਗ
- ਰਵਾਇਤੀ ਵਸਤਾਂ ਦੇ ਨਾਲ ਸੰਬੰਧਿਤ ਉਦਯੋਗ

ਉਦਯੋਗ ਦੇ ਪੈਮਾਨੇ ਦੇ ਵੀ ਆਪਣੇ ਆਧਾਰ ਹਨ। ਉਦਯੋਗ ਛੋਟੇ ਜਾਂ ਵੱਡੇ ਹੋ ਸਕਦੇ ਹਨ। ਇਹਨਾਂ ਦੇ ਵੱਡੇ ਜਾਂ ਛੋਟੇ ਹੋਣ ਦਾ ਆਕਾਰ ਪੂੰਜੀ ਉੱਤੇ ਨਿਰਭਰ ਕਰਦਾ ਹੈ। ਉਦਯੋਗ ਨੂੰ ਵੱਡੇ ਪੈਮਾਨੇ ਉੱਤੇ ਜਾਂ ਵਿਕਸਿਤ ਕਰਨ ਦੇ ਲਈ ਵਸਤੂ ਦੇ ਜ਼ਿਨਸ ਦੇ ਰੂਪ ਵਿੱਚ ਪੈਸੇ ਲਏ ਜਾਂਦੇ ਹਨ। ਭਾਰਤ ਦੇ ਵਿੱਚ ਵਿਕਸਿਤ ਕੰਪਨੀਆ ਨੇ ਇੱਥੋਂ ਦੇ ਲੋਕਾਂ ਨੂੰ ਹੀ ਨਹੀਂ ਸਗੋਂ ਦੇਸ਼ ਨੂੰ ਤਾਕਤਵਾਰ ਬਣਾਉਣ ਦੇ ਵਿੱਚ ਆਪਣਾ ਹਿੱਸਾ ਪਾਇਆ ਹੈ। ਉਦਯੋਗਿਕ ਨੀਤੀ ਦੇ ਸਦਕਾ ਹੀ ਪੂੰਜੀ ਅਤੇ ਸਾਧਨਾਂ ਨੂੰ ਸਮੇ ਸਮੇਂ ’ਤੇ ਵਧਾਇਆ ਜਾ ਸਕਦਾ ਹੈ। ਉਦਯੋਗਿਕ ਨੀਤੀਆਂ ਸਰਕਾਰਾਂ ਦੇ ਦੁਆਰਾ ਹੀ ਨਿਹਿਤ ਹੁੰਦੀਆ ਹਨ। ਉਦਯੋਗ ਦੋ ਭਾਂਤ ਦੇ ਹੋ ਸਕਦੇ ਹਨ।

- ਨਿੱਜੀ ਉਦਯੋਗ
- ਸਰਕਾਰੀ ਉਦਯੋਗ

ਨਿੱਜੀ ਉਦਯੋਗਾਂ ਦੇ ਵਿੱਚ ਮਲਕੀਅਤ ਵਿਅਕਤੀਗਤ ਹੁੰਦੀ ਹੈ, ਉਹ ਆਪਣੇ ਕਰਮਚਾਰੀਆਂ ਨੂੰ ਮਨ-ਮਰਜ਼ੀ ਦੇ ਮੁਤਾਬਿਕ ਤਨਖ਼ਾਹ ਦੇ ਸਕਦਾ ਹੈ। ਨਿੱਜੀ ਕਾਰੋਬਾਰ ਦੇ ਵਿੱਚ ਫੈਸਲੇ ਵੀ ਨਿੱਜੀ ਹੀ ਹੁੰਦੇ ਹਨ। ਸਮੂਹਿਕ ਕਾਰੋਬਾਰਾਂ ਦੇ ਵਿੱਚ ਮਲਕੀਅਤ ਸਰਕਾਰ ਦੇ ਹੱਥਾਂ ਵਿੱਚ ਹੁੰਦੀ ਹੈ। ਕਾਰੋਬਾਰ ਸੰਬੰਧੀ ਫੈਸਲੇ ਸਮੂਹਿਕ ਹੁੰਦੇ ਹਨ। ਸਰਕਾਰੀ ਕਾਰੋਬਾਰਾਂ ਦੇ ਵਿੱਚ ਕਰਮਚਾਰੀਆਂ ਦੇ ਹਿੱਤਾਂ ਨੂੰ ਸਰਕਾਰ ਦੇ ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ। ਨਿੱਜੀਕਰਨ ਦੀ ਪ੍ਰਕਿਰਿਆ ਦੇ ਵਿੱਚ ਵਧੇਰੇ ਉਦਯੋਗ ਵੀ ਨਿੱਜੀ

ਸੰਸਥਾਵਾਂ ਦੇ ਵਿੱਚ ਬਦਲਦੇ ਜਾ ਰਹੇ ਹਨ। ਡਾ. ਅੰਮ੍ਰਿਤ ਦੀ ਧਾਰਨਾ ਹੈ ਕਿ "ਪੈਦਾਵਾਰੀ ਸੰਬੰਧਾਂ 'ਚ ਸਭ ਤੋਂ ਅਹਿਮ ਪੈਦਾਵਾਰ ਦੇ ਸਾਧਨਾਂ (ਕੱਚਾ ਮਾਲ, ਜ਼ਮੀਨ, ਪਾਣੀ ਦੇ ਸ੍ਰੋਤ, ਫੈਕਟਰੀਆਂ, ਦਸਤਕਾਰੀਆਂ ਆਦਿ) ਦੀ ਮਾਲਕੀ ਹੁੰਦੀ ਹੈ। ਮਨੁੱਖ ਜਿਹੜੀ ਤਾਕਤ ਦੀ ਵਰਤੋਂ ਕਰਕੇ ਕੁਦਰਤ ਨਾਲ ਸੰਘਰਸ਼ ਕਰਦਾ ਹੈ, ਉਸ ਤਾਕਤ ਨੂੰ ਪੈਦਾਵਾਰੀ ਤਾਕਤ ਕਹਿੰਦੇ ਹਨ। ਪੈਦਾਵਾਰੀ ਤਾਕਤਾਂ ਦੇ ਵਿੱਚ ਮਨੁੱਖ ਖ਼ੁਦ ਅਤੇ ਉਸਦੇ ਸੰਦ ਸ਼ਾਮਿਲ ਹੁੰਦੇ ਹਨ। ਪੈਦਾਵਾਰੀ ਤਾਕਤਾਂ ਦਾ ਹਰ ਵਿਕਾਸ ਜਿਸ ਦੇ ਵਿੱਚ ਮਨੁੱਖ ਦੁਆਰਾ ਵਰਤੇ ਜਾਂਦੇ ਸੰਦਾਂ ਦਾ ਵਿਕਾਸ ਤੇ ਮਨੁੱਖ ਦਾ ਖ਼ੁਦ ਦਾ ਵਿਕਾਸ ਸ਼ਾਮਿਲ ਹੈ, ਮਨੁੱਖ ਦੇ ਕੁਦਰਤ ਨਾਲ ਸੰਘਰਸ਼ ਦੌਰਾਨ ਪੈਦਾਵਾਰੀ ਤਾਕਤਾਂ ਨੂੰ ਹੋਰ ਬਿਹਤਰ ਬਣਾਉਂਦਾ ਜਾਂਦਾ ਹੈ।" (ਯੁੱਗ ਕਿਵੇਂ ਬਦਲਦੇ ਹਨ 12)

ਭਾਰਤ ਦੇ ਵਿੱਚ ਪਹਿਲਾਂ ਵੀ ਤੇ ਹੁਣ ਵੀ ਘਰੇਲੂ ਉਦਯੋਗਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਭਾਰਤ ਆਪਣੇ ਘਰੇਲੂ ਉਦਯੋਗ ਦੇ ਸਦਕਾ ਹੀ ਪੂਰੇ ਵਿਸ਼ਵ ਦੇ ਵਿੱਚ ਤੀਸਰੇ ਸਥਾਨ ਉੱਤੇ ਹੈ। ਭਾਰਤ ਲਗਾਤਾਰ ਹੀ ਆਪਣੇ ਵਪਾਰ ਨੂੰ ਪ੍ਰਫੁੱਲਤ ਕਰਨ ਦੇ ਵਿੱਚ ਲੱਗਾ ਹੋਇਆ ਹੈ। ਪਰਿਵਾਰ ਵੀ ਉਦਯੋਗੀਕਰਨ ਦੇ ਵਿਕਸਿਤ ਹੋਣ ਦੇ ਅਸਰ ਤੋਂ ਅਛੁੱਟ ਨਾ ਰਹਿ ਸਕੇ। ਵੱਡੇ ਵੱਡੇ ਸ਼ਹਿਰਾਂ ਦੇ ਵਿੱਚ ਉਦਯੋਗਿਕ ਕੇਂਦਰ ਸਥਾਪਿਤ ਕੀਤੇ ਗਏ। ਗਰੀਬੀ ਦੇ ਵਿੱਚ ਜੀਵਨ ਬਸਰ ਕਰਨ ਵਾਲਿਆਂ ਦੇ ਲਈ ਅਤਿ ਮਹੱਤਵਪੂਰਨ ਮੌਕੇ ਸਨ। ਭਾਰਤ ਦੀ ਵਧੇਰੇ ਵਸੋਂ ਖੇਤੀ ਪ੍ਰਧਾਨ ਰਹੀ ਹੈ। ਖਾਸ ਕਰਕੇ ਪੰਜਾਬ ਦੀ ਵੱਸੋਂ ਖੇਤੀ ਪ੍ਰਧਾਨ ਰਹੀ ਹੈ। ਪਿੰਡਾਂ ਤੋਂ ਸ਼ਹਿਰਾਂ ਵੱਲ ਦਾ ਸਫ਼ਰ ਪਰਿਵਰਤਨ ਦੇ ਵੱਲ ਪਹਿਲਾ ਕਦਮ ਸੀ। ਵਿਅਕਤੀ ਨੂੰ ਸ਼ਹਿਰਾਂ ਨੇ ਨੌਕਰੀ ਦੇ ਨਾਲ ਜੀਵਨ ਨੂੰ ਪਰਿਵਰਤਨ ਦੀ ਲਹਿਰ ਵੱਲ ਲਗਾ ਦਿੱਤਾ। ਸ਼ਹਿਰ ਦਾ ਜੀਵਨ ਪਿੰਡਾਂ ਦੇ ਜੀਵਨ ਨਾਲੋਂ ਭਿੰਨ ਸੀ ਜਿਵੇਂ ਕਿ ਪਿੰਡਾਂ ਦੇ ਵਿੱਚ ਰੋਟੀ ਪਕਾਉਣ ਦੇ ਲਈ ਚੁੱਲ੍ਹੇ ਦਾ ਇਸ਼ਤੇਮਾਲ ਕੀਤਾ ਜਾਂਦਾ ਸੀ। ਸ਼ਹਿਰੀ ਜੀਵਨ ਦੇ ਵਿੱਚ ਗੈਸ ਸਿਲੰਡਰ ਅਤੇ ਵਿਭਿੰਨ ਵਸਤਾਂ ਮਿਲਣੀਆਂ ਸ਼ੁਰੂ ਹੋ ਗਈਆਂ। ਮਨੁੱਖੀ ਜੀਵਨ ਆਸਾਨ ਬਨਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਜੀਵਨ ਵਿਵਸਥਾ ਨੂੰ ਹਰ ਕੋਈ ਧਾਰਨ ਕਰਨ ਦਾ ਚਾਹਵਾਨ ਹੋ ਗਿਆ। ਪਿੰਡਾਂ ਦੇ ਵਿੱਚ ਰਹਿਣ ਵਾਲੇ ਮਾਨਵ ਸਾਧਾਰਨ ਜੀਵਨ ਜਿਊਂਦੇ ਸਨ। ਸ਼ਹਿਰਾਂ ਦਾ ਜੀਵਨ ਮਹਿੰਗਾ ਤੇ ਚਮਕ ਦਮਕ ਵਾਲਾ ਸੀ।

ਪਰਿਵਾਰਾਂ ਦੀ ਉਪਜੀਵਕਾ ਖੇਤੀਬਾੜੀ ਦੀ ਥਾਂ ਨੌਕਰੀ ਨੇ ਲੈ ਲਈ ਸੀ। ਮਨੁੱਖ ਨੂੰ ਨੌਕਰੀ ਕਰਨ ਲਈ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਣਾ ਪੈਂਦਾ ਸੀ।ਉਹਨਾਂ ਨੇ ਆਪਣਾ ਰੈਣ ਬਸੇਰਾ ਆਪਣੇ ਪਰਿਵਾਰਾਂ ਤੋਂ ਵੱਖਰਾ ਕਰ ਲਿਆ ਅਤੇ ਪਰਿਵਾਰਾਂ ਦਾ ਹਰ ਜੀਅ ਕਮਾਉਣ ਲੱਗ ਪਿਆ ਸੀ। ਇਸ ਤੋਂ ਮਨੁੱਖੀ ਜੀਵਨ ਸ਼ੈਲੀ ਦੇ ਵਿੱਚ ਪਰਿਵਰਤਨ ਦੀ ਲੜੀ ਸ਼ੁਰੂ ਹੁੰਦੀ ਹੈ। ਵੱਡੀਆ-ਵੱਡੀਆ ਕੰਪਨੀਆਂ ਨੇ ਛੋਟੀਆਂ ਛੋਟੀਆਂ ਕੰਪਨੀਆਂ ਨੂੰ ਆਪਣੇ ਦਬਦਬੇ ਹੇਠ ਰੱਖਿਆ ਹੋਇਆ ਹੈ। ਇਹ ਸਿਲਸਿਲਾ ਚਾਲੂ ਹੀ ਹੈ। ਵੱਡੇ ਕਾਰਪੋਰੇਟ ਸੈਕਟਰ ਦੇ ਵਿੱਚ ਵੱਡੀਆਂ ਕੰਪਨੀਆਂ ਦਾ ਮੁਨਾਫ਼ੇ ਦਾ ਆਧਾਰ ਬਣਦਾ ਜਾ ਰਿਹਾ ਹੈ ਜਿਵੇਂ Airtel ਦੇ ਵਿੱਚ Vodafone ਮਿਲ ਗਈ ਹੈ। ਕਾਰੋਪਰੇਟ ਸੈਕਟਰ ਦੇ ਵਿੱਚ ਇੱਕ-ਦੂਜੇ ਤੋਂ ਅੱਗੇ ਲੰਘਣ ਲਈ ਕਈ ਢੰਗ ਤਰੀਕੇ ਵਰਤਦੇ ਹਨ। ਇਸੇ ਤਰ੍ਹਾਂ ਹੀ ਜੀਉ ਕੰਪਨੀ ਦੇ ਵੱਲੋਂ 3ਜ਼ੀ ਦੀ ਥਾਂ 4ਜ਼ੀ ਨੂੰ ਲਾਂਚ ਕੀਤਾ ਗਿਆ। ਇਸ ਕੰਪਨੀ ਨੇ ਸਿਮ ਨੂੰ ਬਹੁਤ ਸਸਤਾ ਵੇਚਿਆ ਜਾਂ ਕਈ ਨਵੇਂ ਫੋਨਾਂ ਦੇ ਨਾਲ ਫ੍ਰੀ ਦੇ ਵਿੱਚ ਵੇਚਿਆ। ਇਸ ਕੰਪਨੀ ਨੇ ਸਾਲ ਤੱਕ ਫੋਨ ਦਾ ਡਾਟਾ ਫਰੀ ਦਿੱਤਾ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਲੋਕਾਂ ਨੇ ਜੀਉ ਸਿਮ ਨੂੰ ਖਰੀਦਿਆ। ਬਹੁਤ ਸਾਰੇ ਲੋਕਾਂ ਦੇ ਖਰੀਦ ਲੈਣ ਤੋਂ ਬਾਅਦ ਜੀਉ ਕੰਪਨੀ ਨੇ ਆਪਣੇ ਡਾਟਾ ਪੈਕ ਮਹਿੰਗੇ ਕਰ ਦਿੱਤੇ। ਇਸ ਕੰਪਨੀ ਦੀ ਮਾਰਕੀਟਿੰਗ ਦਾ ਪ੍ਰਭਾਵ ਬਾਕੀ ਕੰਪਨੀਆ ਉੱਤੇ ਵੀ ਪਿਆ।

ਵੱਡੀਆ ਕੰਪਨੀਆਂ ਦੇ ਪ੍ਰਭਾਵ ਤੋਂ ਬਚਣ ਲਈ ਛੋਟੀਆ ਕੰਪਨੀਆਂ/ਦੁਕਾਨਾਂ ਨੇ ਵਿੱਚ ਦਾ ਰਸਤਾ ਲੱਭ ਲਿਆ ਹੈ। ਛੋਟੀਆ ਕੰਪਨੀਆ ਆਪਣੀ ਵੈਬਸਾਈਟ/ਆਨਲਾਈਨ ਵਪਾਰ ਕਰ ਰਹੀਆ ਹਨ। ਛੋਟੇ ਵਪਾਰੀ ਇਸ ਦੀ ਵਧੇਰੇ ਵਰਤੋਂ ਕਰ ਰਹੇ ਹਨ ਕਿਉਂਕਿ ਆਨਲਾਈਨ ਐਪ ਵਧੇਰੇ ਪ੍ਰਚਲਿਤ ਹਨ। ਵੱਖੋ-ਵੱਖਰੇ vloggers ਆਪਣੇ ਯੂ-ਟਿਊਬ ਫੇਸਬੁੱਕ ਆਦਿ ਪੇਜਾਂ ਦੇ ਰਾਹੀਂ ਲਾਈਵ ਹੋ ਕੇ ਵੱਖੋ ਵੱਖਰੀਆਂ ਚੀਜ਼ਾ ਦੀ ਜਾਣਕਾਰੀ ਦਿੰਦੇ ਜਿਵੇਂ ਕੱਪੜੇ, ਜੁੱਤੀਆਂ ਜਾਂ ਖਾਣਾ ਹੀ ਆਦਿ। Wholesale Market, Aman sandhu Boutique, MTG VLOGS, ਆਦਿ ਛੋਟੇ ਵਪਾਰੀਆ ਦੇ ਪ੍ਰਚਾਰਕ ਬਣਦੇ ਹਨ। ਉਹਨਾਂ vloggers ਦੇ ਪੇਜ ਉੱਤੇ ਪੇਡ ਪਰਮੋਸ਼ਨ ਦੀ ਜਾਣਕਾਰੀ ਦਿੱਤੀ ਹੁੰਦੀ ਹੈ। ਵਰਤਮਾਨ ਸਮੇਂ ਦੇ ਵਿੱਚ ਪੰਜਾਬ ਦੇ ਵੱਡੇ ਸ਼ਹਿਰਾਂ ਦੇ ਵਿੱਚ ਜਿਵੇਂ ਕਿ ਅੰਮ੍ਰਿਤਸਰ Servegage ਨਾਂ ਦੀ ਕੰਪਨੀ ਸ਼ੁਰੂ ਕੀਤੀ ਗਈ ਹੈ। ਜਿਸ ਦੇ ਵਿੱਚ ਛੋਟੇ ਤੇ ਵੱਡੇ ਵਰਕਰ ਸਾਰੇ ਰਜਿਸਟਰ ਹਨ, ਜਿਨ੍ਹਾਂ ਨੂੰ ਕਾਲ ਕਰਕੇ ਬੁਲਾਇਆ ਜਾ ਸਕਦਾ ਹੈ। ਹੌਲੀ ਹੌਲੀ

ਸਾਰੇ ਪੱਖ ਡਿਜੀਟਲ ਦੁਨੀਆ ਨਾਲ ਜੁੜ ਰਹੇ ਹਨ। ਵਰਤਮਾਨ ਸਮੇਂ ਦੇ ਵਿੱਚ Meesho ਕਮਾਈ ਦਾ ਬਹੁਤ ਵਧੀਆ ਸਾਧਨ ਹੈ ਜਿਸ ਦੀ ਮਦਦ ਨਾਲ ਹਰ ਕੋਈ ਘਰ ਬੈਠਿਆਂ ਹੀ ਕਮਾ ਸਕਦਾ ਹੈ।

ਆਨਲਾਈਨ ਮਾਰਕੀਟਿੰਗ ਦੇ ਵਿੱਚ 5 ਐਪ ਸਿਖ਼ਰ ਦੇ ਮਦਦਗਾਰ ਸਾਬਿਤ ਹੋਏ ਹਨ। ਅੱਜ ਤੇਜ਼ੀ ਦੇ ਯੁੱਗ ਦੇ ਵਿੱਚ ਹਰ ਕੋਈ ਆਪਣਾ ਵਪਾਰ ਸੋਸ਼ਲ ਮੀਡੀਆ ਦੇ ਨਾਲ ਜੋੜ ਰਿਹਾ ਹੈ। ਸੋਸ਼ਲ ਮੀਡੀਆ ਦੇ ਮਦਦ ਨਾਲ ਦੁਕਾਨ ਗਾਹਕਾਂ ਦੇ ਘਰ ਤੱਕ ਪਹੁੰਚਣ ਲੱਗ ਪਈ ਹੈ ਜਿਸ ਨਾਲ ਹਰ ਇੱਕ ਦਾ ਫਾਇਦਾ ਤੇ ਨੁਕਸਾਨ ਦੋਵੇਂ ਹੋਏ ਹਨ। ਛੋਟੇ ਵਪਾਰੀਆਂ ਦੇ ਲਈ ਵੱਡੇ ਉਦਯੋਗਾਂ ਦੇ ਪ੍ਰਭਾਵ ਕਾਰਨ ਉਦਯੋਗ ਨੂੰ ਚਲਾਉਣਾ ਮੁਸ਼ਕਿਲ ਜਾਪਦਾ ਸੀ। ਉਹਨਾਂ ਦੇ ਬਰਾਬਰ ਮਾਰਕਿਟਿੰਗ ਕਰਨ ਲਈ ਸੋਸ਼ਲ ਮੀਡੀਆ ਤੋਂ ਸਸਤਾ ਰਸਤਾ ਕੋਈ ਨਹੀਂ ਹੋ ਸਕਦਾ ਹੈ ਜਿਵੇਂ ਕਿ ਫੇਸਬੁੱਕ, ਲਿੰਕਡਿਨ, ਇੰਸਟਾਗ੍ਰਾਮ, ਯੂ-ਟਿਊਬ, ਪਿੰਟਰੈਸਟ ਆਦਿ। ਵਰਤਮਾਨ ਸਮੇਂ ਦੇ ਵਿੱਚ ਮੀਡੀਆ ਉਹ ਕੁਝ ਪਰੋਸ ਰਿਹਾ ਹੈ,ਜੋ ਲੋਕਾਂ ਨੂੰ ਚੰਗਾ ਲੱਗਦਾ ਜਾਂ ਲੋਕ ਮਗਰ ਲੱਗ ਜਾਂਦੇ ਹਨ। ਲੋਕ ਵੀ ਉਹਨਾਂ ਦਾ ਅਨੁਸਰਨ ਕਰਕੇ ਚੀਜ਼ਾਂ/ਵਿਚਾਰਾਂ ਨੂੰ ਸੋਸ਼ਲ ਮੀਡੀਆ ਉੱਤੇ ਟਰੈਂਡ ਕਰਨ ਲੱਗ ਜਾਂਦੇ । ਡਾਂ.ਹੀਰਾ ਸਿੰਘ ਦੀ ਧਾਰਨਾ ਹੈ ਕਿ, ਅੱਜ ਦੇ ਦੌਰ ਵਿੱਚ ਮੀਡੀਏ ਦਾ ਸੱਚ ਇਹ ਹੈ ਕਿ ਇਹ ਇਕ ਕਾਰਪੋਰੇਟ ਬਜ਼ਾਰ/ਬਿਜਨੈਸ ਦਾ ਰੂਪ ਧਾਰ ਚੁੱਕਾ ਹੈ। ਹੁਣ ਲੋਕ ਹਿੱਤ ਵਿਚ ਚੱਲਣ ਵਾਲੀਆਂ ਲਹਿਰਾਂ ਤਕਰੀਬਨ ਖਤਮ ਹੋ ਚੁੱਕੀਆਂ ਹਨ ਤਾਂ ਕਿ ਵਪਾਰਕ ਘਰਾਣਿਆਂ ਨੇ ਮੀਡੀਆ ਦੇ ਰਾਹੀਂ ਸਨਸਨੀ ਫੈਲਾ ਕੇ ਲੋਕਾਂ ਦੀ ਭਾਵਨਾਤਮਿਕ ਲੁੱਟ ਕਰਨੀ ਸ਼ੁਰੂ ਕਰ ਦਿੱਤੀ ਹੈ। ਕਾਰੋਬਾਰੀ ਲੋਕਾਂ ਨੇ ਆਪਣੇ ਸਮਾਨ ਦੀ ਵਿਕਰੀ ਲਈ ਮੀਡੀਆ ਨੂੰ ਪ੍ਰਮੁੱਖਤਾ ਦਿੱਤੀ। ਅੱਜ ਦਾ ਅਖ਼ਬਾਰ ਪਾਠਕਾਂ ਦੇ ਪੈਸਿਆਂ ਨਾਲ ਨਹੀ ਚਲਦਾ ਬਲਕਿ ਇਸ਼ਤਿਹਾਰਾਂ ਦੀ ਕਮਾਈ ਕਰਕੇ ਚੱਲਦਾ ਹੈ। ਸੋ ਅਖ਼ਬਾਰਾਂ ਵਾਲੇ ਵੀ ਉਹ ਹੀ ਖ਼ਬਰਾਂ ਲਗਾਉਣਗੇ ਜੋ ਉਹਨਾਂ ਦੇ ਹਾਕਮਾਂ ਦੇ ਹੱਕ ਵਿਚ ਜਾਣਗੀਆਂ ਬਾਕੀ ਤੇ ਸੈਂਸਰ ਲੱਗ ਜਾਵੇਗਾ। ਲੋਕਾਂ ਦੇ ਵਿੱਚ ਆਪਣੀ ਥਾਂ ਬਣਾਈ ਰੱਖਣ ਲਈ ਕਈ ਵਾਰ ਲੋਕ ਹਿੱਤ ਦੀਆ ਖ਼ਬਰਾਂ ਨੂੰ ਪ੍ਰਸਾਰਿਤ ਕਰਨਾ ਮੀਡੀਆ ਦੀਆਂ ਮਜਬੂਰੀਆਂ ਵੀ ਬਣ ਜਾਂਦੀਆ ਹਨ। *(ਵਰਤਮਾਨ ਸਮੇਂ ਦੇ ਵਿੱਚ ਮੀਡੀਆ ਦੀ ਭੂਮਿਕਾ. www.miarab.com)*

## 3.2 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਮਨੁੱਖੀ ਜੀਵਨ ਸ਼ੈਲੀ ਵਿੱਚ ਪਰਿਵਰਤਨ

ਮਨੁੱਖੀ ਜੀਵਨ ਕੁਦਰਤ ਦੀ ਦਾਤ ਹੈ। ਮਨੁੱਖ ਪ੍ਰਮਾਤਮਾ ਦੇ ਦਿੱਤੇ ਹੋਏ ਜੀਵਨ ਨੂੰ ਮਾਣ ਰਿਹਾ ਹੈ। ਸਮਾਜ ਦੇ ਬਣਾਏ ਗਏ ਨਿਯਮਾਂ ਦੇ ਅਨੁਸਾਰੀ ਹੋ ਕੇ ਜੀਵਨ ਜਿਉਂਦਾ ਪਿਆ ਹੈ। ਮਨੁੱਖ ਦੇ ਅਜੋਕੇ ਜੀਵਨ ਜਿਊਣ ਦੇ ਢੰਗਾਂ ਵਿੱਚ ਬਹੁਤ ਵੱਡਾ ਅੰਤਰ ਆ ਗਿਆ ਹੈ। ਮਨੁੱਖ ਜਨਮ ਤੋਂ ਹੀ ਸਭਿਆਚਾਰ ਦੇ ਵਿੱਚ ਰਹਿ ਰਿਹਾ ਹੈ। ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਮਨੁੱਖੀ ਜੀਵਨ ਢੰਗ ਵੀ ਤਬਦੀਲ ਹੋ ਗਿਆ ਹੈ। ਸਮਾਜ ਦੇ ਸ਼ੁਰੂਆਤੀ ਦੌਰ ਵਿੱਚ ਜੰਗਲੀ ਜੀਵਾਂ ਵਾਲਾ ਜੀਵਨ ਬਤੀਤ ਕਰਦਾ ਸੀ। ਮਾਨਵ ਦੇ ਅੰਦਰ ਸਮੋਈ ਚੇਤਨਾ, ਮਾਨਵ ਨੂੰ ਬਾਕੀ ਜੀਵਾਂ ਨਾਲੋਂ ਅੱਡ ਕਰਦੀ ਹੈ। ਇਸੇ ਤੀਖਣ ਬੁੱਧੀ ਕਰਕੇ ਮਨੁੱਖ ਨੂੰ ਇੱਕ ਚੇਤੰਨ ਪ੍ਰਾਣੀ ਕਿਹਾ ਜਾਂਦਾ ਹੈ। ਮਨੁੱਖ ਦੀ ਚੇਤਨਤਾ ਨੇ ਅਹਿਸਾਸ ਕਰਵਾਇਆ ਕਿ ਉਹ ਜਿਹੜਾ ਜੀਵਨ ਜਿਉਂਦਾ ਹੈ, ਉਹ ਸਭਿਅਕ ਨਹੀ ਹੈ। ਜੀਵਨ ਬਸਰ ਕਰਨ ਲਈ ਮੁੱਢਲੀਆਂ ਲੋੜਾਂ ਦੀ ਪੂਰਤੀ ਕੀਤੀ ਹੈ। ਮਨੁੱਖ ਨੇ ਭੋਜਨ ਪਕਾਉਣ ਦੇ ਲਈ ਅਗਨੀ ਦੀ ਖੋਜ ਕੀਤੀ ਅਤੇ ਪੱਥਰਾਂ ਦੀ ਰਗੜ ਨਾਲ ਅਗਨੀ ਪੈਦਾ ਕੀਤੀ। ਇਹ ਮਨੁੱਖ ਦੀ ਪ੍ਰਥਮ ਖੋਜ ਸੀ। ਇਸ ਤੋਂ ਬਾਅਦ ਮਨੁੱਖ ਨੇ ਆਪਣੀਆਂ ਲੋੜਾਂ ਦੇ ਅਨੁਸਾਰ ਇੱਕ ਤੋਂ ਬਾਅਦ ਇੱਕ ਖੋਜ ਕੀਤੀ। ਇਹਨਾਂ ਖੋਜਾਂ ਨੇ ਮਨੁੱਖੀ ਜੀਵਨ ਨੂੰ ਸਥਿਰ ਤੇ ਵਿਕਸਿਤ ਬਣਾਈ ਰੱਖਿਆ ਹੈ।

ਡਾ. ਸਤਿੰਦਰ ਕੌਰ ਰੰਧਾਵਾ ਦੀ ਧਾਰਨਾ ਹੈ ਕਿ,

> ਉਸ ਦੀ ਚੇਤਨਾਮੂਲਕ ਜੈਵਿਕ ਜਟਿਲਤਾ, ਮਨੁੱਖ ਦੇ ਲਈ ਇਕੋ ਵੇਲੇ ਵਰਦਾਨ ਵੀ ਤੇ ਸਰਾਪ ਵੀ ਹੈ। ਮਨੁੱਖ ਦੀ ਨਿਆਰੀ ਦਿਮਾਗੀ ਸੂਝ-ਬੂਝ ਅਤੇ ਸੋਚਣ ਸ਼ਕਤੀ ਨੇ ਹੀ ਦਰਅਸਲ ਉਸ ਨੂੰ ਉਲਝਾਉਣ ਦੇ ਨਾਲ-ਨਾਲ ਆਪਣੀ ਜੈਵਿਕ ਹੋਂਦ ਨੂੰ ਉੱਚੇਰਾ ਉੱਠਣ, ਕੁੱਝ ਕਰ ਗੁਜ਼ਰਨ ਅਤੇ ਨਿਰੰਤਰ ਵਿਕਾਸਸ਼ੀਲ ਰਹਿਣ ਦੀ ਪ੍ਰੇਰਨਾ ਅਤੇ ਤਾਕਤ ਪ੍ਰਦਾਨ ਕਰਦੀ ਹੈ।

*(ਸਭਿਆਚਾਰ ਤੇ ਪੰਜਾਬੀ ਸਭਿਆਚਾਰ ਨਵ-ਪਰਿਪੇਖ 15)*

ਮਾਨਵ ਨੇ ਨਵੀਆਂ-ਨਵੀਆਂ ਕਾਢਾਂ ਕੱਢ ਕੇ ਸਮਾਜ ਨੂੰ ਵਿਕਾਸਸ਼ੀਲ ਬਣਾਉਣ ਦੇ ਵਿੱਚ ਪੂਰਾ ਸਹਿਯੋਗ ਦਿੱਤਾ ਹੈ। ਪਰਿਵਰਤਨ ਸਮਾਜ ਦਾ ਨਿਯਮ ਹੈ।ਸਦੀਆਂ ਤੋਂ ਇਹ ਪਰਿਵਰਤਨ ਲਗਾਤਾਰ ਚਲਦਾ ਰਹਿੰਦਾ ਹੈ ਜਿਵੇਂ ਕਿ ਸਿੰਧੂ ਘਾਟੀ ਦੀ ਸਭਿਅਤਾ, ਮਿਸਰ ਆਦਿ ਨੇ ਪਰਿਵਰਤਨ ਨੂੰ ਅਪਣਾਇਆ। ਸਮਾਜ ਦੇ ਵਿੱਚ ਸਭਿਆਚਾਰ ਦਾ ਕਦੇ ਅੰਤ ਨਹੀ ਹੁੰਦਾ ਸਗੋਂ ਨਵੇਂ ਸਰੂਪ ਵਿੱਚ ਪੇਸ਼ ਹੁੰਦਾ ਹੈ। ਇਸੇ ਤਰ੍ਹਾਂ ਹੀ ਮਨੁੱਖ ਪਹਿਲਾਂ ਸਾਦਾ ਜੀਵਨ ਬਤੀਤ ਕਰਦਾ ਸੀ। 21 ਵੀਂ ਸਦੀ ਦੇ ਵਿੱਚ ਮਨੁੱਖ ਦਾ ਜੀਵਨ ਤਕਨੀਕੀ ਬਣ ਗਿਆ ਹੈ। ਇਸੇ ਦੌਰ ਦੇ ਵਿੱਚ ਮਾਨਵ ਦੀ ਤਰੱਕੀ ਨੇ ਜੀਵਨ ਜਿਊਣ ਦੇ ਤੌਰ-ਤਰੀਕਿਆਂ ਨੂੰ ਪੂਰਨ ਤੌਰ 'ਤੇ ਬਦਲ ਕੇ ਰੱਖ ਦਿੱਤਾ ਹੈ।

**ੳ) ਆਧੁਨਿਕੀਕਰਣ ਦਾ ਪ੍ਰਭਾਵ** : 21 ਵੀਂ ਸਦੀ ਨੂੰ ਤਕਨੀਕਾਂ ਦਾ ਦੌਰ ਕਹਿ ਸਕਦੇ ਹਾਂ। ਸਮਾਜ ਉੱਨਤੀ ਦੀ ਦਿਸ਼ਾ ਵੱਲ ਜਾ ਰਿਹਾ ਹੈ। ਸਮਾਜ ਆਪਣੀ ਪੁਰਾਤਨਤਾ ਨਾਲ ਜੁੜਿਆ ਰਹਿੰਦਾ ਹੈ। ਬਦਲਾਵ ਕੁਦਰਤ ਦਾ ਨੇਮ ਹੈ। ਇਸ ਤੋਂ ਕੋਈ ਵੀ ਅਛੁੱਟ ਨਹੀ ਰਹਿ ਸਕਦਾ ਹੈ। ਇਹ ਸਮਾਜ ਦੇ ਨਿਰੰਤਰ ਅਤੇ ਵਿਕਾਸਸ਼ੀਲਤਾ ਵਾਲੇ ਪੱਖ ਨੂੰ ਪੇਸ਼ ਕਰਦਾ ਹੈ। ਸਿਰਫ਼ ਸਮਾਜ ਦੇ ਨੇਮਾਂ ਜਿਵੇਂ ਪ੍ਰਥਾਵਾਂ, ਰੀਤਾਂ ਆਦਿ ਵਕਤ ਦੀ ਮੰਗ ਨੂੰ ਲੈ ਕੇ ਤਬਦੀਲ ਹੋ ਜਾਂਦੀਆ ਹਨ। ਡਾ. ਗੁਰਦੇਵ ਸਿੰਘ ਦੀ ਧਾਰਨਾ ਹੈ ਕਿ "ਸ਼ੁਰੂ ਵਿਚ ਸਮਾਜ ਦੀ ਉਤਪਤੀ ਹੁੰਦੀ ਹੈ ਅਤੇ ਜਦੋਂ ਸਮਾਜ ਪੁਰਾਣਾ ਹੋ ਜਾਂਦਾ ਹੈ ਅਤੇ ਨਵਾਂ ਸਮਾਜ ਜਨਮ ਲੈਂਦਾ ਹੈ। ਇਸ ਤਰ੍ਹਾਂ ਸਮਾਜ ਦੇ ਵਿੱਚ ਰਹਿੰਦੇ ਹੋਏ ਮਨੁੱਖ ਦੇ ਵਿਚਾਰ, ਕਦਰਾਂ-ਕੀਮਤਾਂ, ਪ੍ਰਥਾਵਾਂ, ਲੋਕ ਰੀਤੀਆਂ ਆਦਿ ਸਮੇਂ ਦੇ ਨਾਲ ਟੁੱਟ ਕੇ ਖਤਮ ਹੋ ਜਾਂਦੇ ਹਨ, ਅਤੇ ਨਵੀਆਂ ਰੀਤੀਆਂ, ਪ੍ਰਥਾਵਾਂ, ਲੋਕ ਵਿਹਾਰ ਜਨਮ ਲੈਂਦੇ ਹਨ।" *(ਸਭਿਆਚਾਰ ਦਾ ਫ਼ਲਸਫ਼ਾ 99)*

ਇਸ ਤੋਂ ਸਪੱਸ਼ਟ ਹੈ ਕਿ ਸਭਿਆਚਾਰ ਦੇ ਜਿਊਣ ਵਤੀਰੇ ਸਮੇਂ ਦੇ ਨਾਲ ਬਦਲਦੇ ਰਹਿੰਦੇ ਹਨ। ਅਜੋਕੇ ਸਭਿਆਚਾਰ ਨੂੰ ਪਦਾਰਥਵਾਦੀ ਕਹਿਣਾ ਕੋਈ ਗਲਤ ਗੱਲ ਨਹੀ ਹੋਵੇਗੀ, ਕਿਉਂਕਿ ਮਨੁੱਖ ਦਾ ਕੇਂਦਰੀ ਧੁਰਾ ਵਸਤਾਂ ਹੀ ਬਣ ਗਈਆਂ ਹਨ। ਸ਼ਹਿਰਾਂ ਦੇ ਵਿਕਸਿਤ ਹੋਣ ਨਾਲ ਮਾਨਵ ਨੇ ਪਿੰਡਾਂ ਤੋਂ ਸ਼ਹਿਰਾਂ ਤੱਕ ਦਾ ਸਫ਼ਰ ਤੈਅ ਕੀਤਾ। ਸ਼ਹਿਰੀਕਰਨ ਨੇ ਮਨੁੱਖ ਨੂੰ ਹਰ ਪ੍ਰਕਾਰ ਦੀਆਂ ਸੁੱਖ-ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਸ਼ਹਿਰਾਂ ਦੇ ਵਿੱਚ ਵੱਡੇ ਵੱਡੇ ਕਾਰਖਾਨੇ ਲੱਗੇ ਹੋਏ ਹਨ। ਇਹਨਾਂ ਨੇ ਮਨੁੱਖ ਨੂੰ ਯੋਗਤਾ ਦੇ

ਅਨੁਸਾਰ ਨੌਕਰੀ ਪ੍ਰਦਾਨ ਕੀਤੀ। "ਆਧੁਨਿਕੀਕਰਨ ਦਾ ਮੁੱਖ ਉਦੇਸ਼ ਮਨੁੱਖੀ ਭਲਾਈ ਹੈ ਅਤੇ ਉਸਦਾ ਚੰਦ ਤੇ ਅਨੇਕਾਂ ਵਾਰੀ ਪਹੁੰਚਣਾ ਆਧੁਨਿਕੀਕਰਨ ਦਾ ਹੀ ਸਿੱਟਾ ਹੈ। ਇਸ ਆਧੁਨਿਕੀਕਰਨ ਕਰਕੇ ਹੀ ਮਨੁੱਖੀ ਸਭਿਅਤਾ ਅਤੇ ਸਭਿਆਚਾਰ ਬਹੁਤ ਉਚਾਈਆਂ ਤੇ ਪਹੁੰਚ ਗਿਆ ਹੈ। ਆਧੁਨਿਕੀਕਰਨ ਦੇ ਨਾਲ ਮਨੁੱਖ ਨੂੰ ਆਪਣੀ ਹੋਂਦ ਬਚਾ ਕੇ ਰੱਖਣ ਦੀ ਲੋੜ ਪੈ ਰਹੀ ਹੈ, ਕਿਉਂਕਿ ਮਨੁੱਖ ਵਿਗਿਆਨ ਦੇ ਯੁੱਗ ਵਿਚ ਕਦਰਾਂ-ਕੀਮਤਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ।" *(ਡਾ. ਗੁਰਦੇਵ ਸਿੰਘ. ਸਭਿਆਚਾਰ ਦਾ ਫ਼ਲਸਫ਼ਾ 99)*

ਪੰਜਾਬੀ ਜੀਵਨ ਸਿੱਧਾ ਸਾਦਾ ਸੀ। ਪੰਜਾਬੀ ਲੋਕਾਂ ਦੇ ਜੀਵਨ ਦੇ ਵਿੱਚ ਟੇਢਾਪਣ ਨਹੀ ਸੀ। ਪੰਜਾਬੀ ਸਰੀਰਕ ਸਡੌਲਤਾ ਤੋਂ ਪੂਰੇ ਸੰਸਾਰ ਦੇ ਵਿੱਚ ਪ੍ਰਸਿੱਧ ਹਨ। ਪੰਜਾਬੀ ਮਿਹਨਤ ਕਰਨ ਤੋਂ ਪਿੱਛੇ ਨਹੀ ਹੱਟਦਾ। ਉਦਯੋਗੀਕਰਨ ਦੀ ਵਿਵਸਥਾ ਨੇ ਜੀਵਨ ਸ਼ੈਲੀ ਨੂੰ ਤਬਦੀਲ ਕਰ ਦਿੱਤਾ ਹੈ। ਉਦਯੋਗ ਦਾ ਵਰਤਾਰਾ ਨਵੀਆਂ ਕਾਢਾਂ ਕੱਢਦਾ ਰਹਿੰਦਾ ਹੈ। ਵਪਾਰੀ ਆਪਣੀ ਵਸਤ ਨੂੰ ਵੇਚਣ ਦੇ ਲਈ ਤੱਤਪਰ ਰਹਿੰਦਾ ਹੈ। ਖਪਤਕਾਰ ਨੂੰ ਲੁਭਾਉਣ ਦੇ ਲਈ ਅਖ਼ਬਾਰ, ਵਿਗਿਆਪਨ, ਟੀ:ਵੀ ਆਦਿ ਜ਼ਰੀਏ ਨੂੰ ਵਰਤਦਾ ਹੈ। ਉਦਯੋਗੀਕਰਨ ਉਹ ਹੀਲਾ-ਵਸੀਲਾ ਵਰਤਣ ਦੇ ਲਈ ਹੁਸ਼ਿਆਰ ਰਹਿੰਦਾ ਹੈ, ਜਿਸ ਨਾਲ ਬਜ਼ਾਰ ਦੇ ਵਿੱਚ ਉਸਦੀ ਸ਼ਾਖ ਬਣੀ ਰਹੇ। ਖਪਤਕਾਰਾਂ ਦੇ ਵਿੱਚ ਪੈਦਾ ਕੀਤਾ ਵਿਸ਼ਵਾਸ਼ ਬਰਕਰਾਰ ਰਹੇ। ਇਹ ਵਰਤਾਰਾ ਨਿੰਰਤਰ ਗਤੀਸ਼ੀਲ ਰਹਿਣ ਵਾਲਾ ਹੈ।

ਵਪਾਰੀ ਇੱਕ ਤੋਂ ਬਾਅਦ ਇੱਕ ਵਸਤ ਨੂੰ ਪੈਦਾ ਕਰ ਰਹੇ ਹਨ। ਇਹ ਆਮ ਜੀਵਨ ਨੂੰ ਭੁਲੇਖੇ ਦੇ ਵਿੱਚ ਪਾ ਕੇ ਵਸਤੂ ਪ੍ਰਤੀ ਕੇਂਦਰਿਤ ਕਰਨ ਦੀ ਯੋਜਨਾ ਵਿੱਚ ਸਫਲ ਹੋ ਰਹੇ ਹਨ। ਮਾਨਵ ਵਸਤ ਪ੍ਰਤੀ ਹੀ ਕੇਂਦਰਿਤ ਹੁੰਦਾ ਜਾ ਰਿਹਾ ਹੈ। ਜੀਵਨ ਮੁੱਲਾਂ ਨੂੰ ਦਰ ਕਿਨਾਰੇ ਕਰ ਕੇ, ਇਹਨਾਂ ਨੂੰ ਸਭ ਕੁਝ ਸਮਝ ਰਿਹਾ ਹੈ। ਸਮਾਜ ਪਹਿਲਾਂ ਤੋਂ ਹੀ ਦੋ ਭਾਗਾਂ ਦੇ ਵਿੱਚ ਵੰਡਿਆ ਹੋਇਆ ਹੈ। ਅਮੀਰ ਤੇ ਗਰੀਬ ਵਰਗ ਦਾ ਸੰਕਟ ਸਮੇਂ ਦੇ ਨਾਲ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਪੈਸੇ ਦੀ ਅਸਾਵੀਂ ਵੰਡ ਨੇ ਪਾੜੇ ਨੂੰ ਹੋਰ ਡੂੰਘਾ ਕੀਤਾ ਹੈ। ਕੁਝ ਵੱਧਦੀ ਹੋਈ ਮਹਿੰਗਾਈ ਨੇ ਗਰੀਬ ਵਰਗ ਦੀਆਂ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ ਹਨ। ਗਰੀਬ ਵਰਗ ਨੂੰ ਆਪਣੇ ਦਾਇਰੇ ਦੇ ਵਿੱਚ ਰਹਿਣਾ ਪੈਂਦਾ ਹੈ। ਹਰ ਚੀਜ਼ ਪ੍ਰਾਪਤ ਕਰਨ ਦੇ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਅਮੀਰ ਹਰ ਵਸਤ ਸੋਖਿਆਂ ਹੀ ਪ੍ਰਾਪਤ ਕਰ ਲੈਂਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ

ਅਨੁਸਾਰ,"ਪੂੰਜੀਵਾਦੀ ਯੁੱਗ ਦੇ ਵਿੱਚ ਅਮੀਰ ਹੋਰ ਅਮੀਰ ਹੋ ਰਿਹਾ ਹੈ ਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ।" (*ਪਲਵਿੰਦਰ ਕੌਰ. ਅਸਿਸਟੈਂਟ ਪ੍ਰੋਫੈਸਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ*)

ਬੇਸ਼ੱਕ ਉਦਯੋਗੀਕਰਨ ਵੱਲੋਂ ਸਮਾਜਕ ਤੇ ਆਰਥਕ ਪੱਖਾਂ ਨੂੰ ਵਿਸਥਾਰਿਤ ਤੇ ਨਿਰਪੱਖ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਦਯੋਗੀਕਰਨ ਦੀ ਇਸ ਕੋਸ਼ਿਸ਼ ਨੂੰ ਵਿਕਾਸ ਜਾਂ ਬਦਲਾਅ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਗੱਲ ਤੋਂ ਮਨੁਕਿਰ ਨਹੀ ਹੋਇਆ ਜਾ ਸਕਦਾ ਕਿ ਉਦਯੋਗੀਕਰਨ ਨੇ ਬਜ਼ਾਰ ਨੂੰ ਵਸਤਾਂ ਦੇ ਭੰਡਾਰ ਨਾਲ ਭਰ ਦਿੱਤਾ ਹੈ। ਵਸਤਾਂ ਨੂੰ ਵੇਚਣ ਦੇ ਲਈ ਸਭਿਆਚਾਰ ਨੂੰ ਇਸਤੇਮਾਲ ਕੀਤਾ ਹੈ। ਵਸਤਾਂ ਦੀ ਪੈਦਾਵਾਰ ਨੇ ਸਭਿਆਚਾਰ ਨੂੰ ਬਦਲਾਵ ਦੇਣ ਦੇ ਨਾਲ ਨਾਲ ਵਿਗਠਨ ਵੱਲ ਵੀ ਤੋਰਿਆ ਹੈ। ਉਦਯੋਗੀਕਰਨ ਦੇ ਮਾਲਕ ਪੂੰਜੀਪਤੀ ਹਨ। ਪੂੰਜੀਪਤੀਆਂ ਨੇ ਵਸਤਾਂ ਨੂੰ ਮਨੁੱਖ ਦੇ ਆਕਰਸ਼ਣ ਦਾ ਕੇਂਦਰ ਬਣਾ ਦਿੱਤਾ ਹੈ।

"ਡਾ.ਨੀਤੂ ਅਰੋੜਾ ਦਾ ਪੰਜਾਬੀ ਸਮਾਜ ਦੀ ਬਦਲ ਰਹੀ ਜੀਵਨ ਸ਼ੈਲੀ ਸੰਬੰਧੀ ਕਥਨ ਹੈ ਕਿ,

> ਸਮਕਾਲ ਦੇ ਵਿੱਚ ਤਾਂ ਅਸੀਂ ਸੰਘਰਸ਼ ਨੂੰ ਬੜੇ ਪ੍ਰਤੱਖ ਰੂਪ ਵਿੱਚ ਦੇਖ ਸਕਦੇ ਹਾਂ। ਸੰਸਥਾਗਤ ਰਿਸ਼ਤਿਆਂ ਦੇ ਖਿਲਾਫ ਮਨੁੱਖ ਘਰੋਂ ਬਾਹਰ ਰਿਸ਼ਤੇ ਸਿਰਜ ਰਿਹਾ ਹੈ। ਮਨੁੱਖ ਦਾ ਦੋਸਤੀ ਅਤੇ ਪਿਆਰ ਦੇ ਰਿਸ਼ਤੇ ਵਿੱਚ ਬੱਝਣਾ, ਖ਼ੂਨ ਅਤੇ ਵਿਆਹ ਅਧਾਰਿਤ ਰਿਸ਼ਤਿਆਂ ਖਿਲਾਫ ਮਨੁੱਖੀ ਅਸੰਤੁਸ਼ਟਤਾ ਦਾ ਪ੍ਰਗਟਾਵਾ ਹੁੰਦਾ ਹੈ। ਘਰ ਦੇ ਵਿੱਚ ਹੀ ਮਨੁੱਖ ਨੂੰ ਜ਼ਿੰਦਾ ਦਬਾਇਆ ਜਾਂਦਾ ਹੈ, ਓਨਾ ਜ਼ਿਆਦਾ ਉਹ ਘਰੋਂ ਬਾਹਰਲੇ ਸੰਬੰਧਾਂ ਵਿੱਚ ਆਪਣੀ ਜ਼ਿੰਦਗੀ ਤਲਾਸ਼ ਰਿਹਾ ਹੈ।

*(ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ 21)*

ਮਨੁੱਖੀ ਜੀਵਨ ਸ਼ੈਲੀ ਨੂੰ ਬਦਲਣ ਦੇ ਵਿੱਚ ਮੀਡੀਆ, ਅਖ਼ਬਾਰਾਂ ਤੇ ਵਿਗਿਆਪਨਾਂ ਨੇ ਵੀ ਆਪਣਾ ਰੋਲ ਨਿਭਾਇਆ ਹੈ, ਕਿਉਂਕਿ ਜੋ ਉਹਨਾਂ 'ਤੇ ਦਿਖਾਇਆ ਜਾਂਦਾ ਸੀ। ਮਨੁੱਖ ਨੇ ਇੰਨ ਬਿੰਨ ਜੀਵਨ ਵਿੱਚ ਧਾਰ ਲਿਆ ਸੀ। ਸਮਾਜ ਦੇ ਵਿੱਚ ਸਭ ਤੋਂ ਜ਼ਿਆਦਾ ਪ੍ਰਚਾਰ ਇਹਨਾਂ ਦੇ ਦੁਆਰਾ ਹੀ ਹੋ ਰਿਹਾ ਹੈ।ਸੰਸਾਰ ਦੇ ਕੋਨੇ

ਕੋਨੇ ਦੀਆਂ ਖ਼ਬਰਾਂ ਨੂੰ ਕੱਢ ਕੇ ਲਿਆਉਂਦੇ ਹਨ। ਮਾਨਵ ਇਹਨਾਂ ਦੇ ਦੁਆਰਾ ਪੇਸ਼ ਸੂਚਨਾ ਨੂੰ ਆਪਣੇ ਜੀਵਨ ਨਾਲ ਜੋੜ ਕੇ ਦੇਖਦਾ ਹੈ। ਵਸਤਾਂ ਨੂੰ ਮਾਨਵ ਦੀ ਜ਼ਿੰਦਗੀ ਨਾਲ ਜੋੜ ਕੇ ਦਿਖਾਇਆ ਜਾਂਦਾ ਹੈ। ਇਹਨਾਂ ਨੂੰ ਪ੍ਰਚਾਰਨ ਦੇ ਤਰੀਕੇ ਅਨੋਖੇ ਹੋ ਗਏ ਹਨ। ਵੱਡੇ ਵੱਡੇ ਉਦਯੋਗਾਂ ਅਤੇ ਮੀਡੀਆ ਦੇ ਮਾਲਕ ਪੂੰਜੀਪਤੀ ਹਨ। ਉਹ ਮੀਡੀਆ ਅਤੇ ਵਿਗਿਆਪਨਾਂ ਦੀ ਵਰਤੋਂ ਆਪਣੇ ਹਿੱਤਾਂ ਦੇ ਅਨੁਸਾਰ ਹੀ ਕਰਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ,'ਜੀਵਨ ਸ਼ੈਲੀ ਸਾਧਾਰਨ ਹੀ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਕਾਇਮ ਰੱਖਦੀ ਹੈ।' (ਅਮਨਦੀਪ ਕੌਰ.(ਲੈਕਚਰਾਰ). ਭਾਈ ਆਸਾ ਸਿੰਘ. ਗੋਨਿਆਣਾ ਮੰਡੀ. ਬਠਿੰਡਾ)

**ਅ) ਦੇਸੀ ਵਸਤਾਂ ਦੀ ਥਾਂ ਵਿਦੇਸ਼ੀ ਵਸਤਾਂ** ; ਭਾਰਤ ਦੇ ਵਿੱਚ ਸਵਦੇਸ਼ੀ ਵਸਤਾਂ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਪੰਜਾਬੀ ਆਪਣੇ ਘਰਾਂ ਦੇ ਵਿੱਚ ਹੀ ਤਿਆਰ ਵਸਤਾਂ ਦੀ ਵਰਤੋਂ ਕਰਦੇ ਸਨ ਜਿਵੇਂ ਕਿ ਕੱਪੜਾ, ਉੱਨ ਆਦਿ ਹੋਰ ਵਸਤਾਂ ਦੀ ਵਰਤੋਂ ਹੁੰਦੀ ਸੀ। ਭਾਰਤ ਦੇ ਗੁਲਾਮ ਹੋਣ ਕਾਰਨ ਕੱਚੇ ਮਾਲ ਨੂੰ ਵਿਦੇਸ਼ 'ਚ ਭੇਜਿਆਂ ਜਾਂਦਾ ਸੀ। ਅੰਗਰੇਜ਼ ਉਹਨਾਂ ਵਸਤਾਂ ਨੂੰ ਮਹਿੰਗੇ ਭਾਅ ਉੱਤੇ ਭਾਰਤ ਦੇ ਵਿੱਚ ਵੇਚਦੇ ਸਨ। ਅਮੀਰ ਵਰਗ ਹੀ ਇਹਨਾਂ ਮਹਿੰਗੀਆਂ ਵਸਤਾਂ ਨੂੰ ਖਰੀਦ ਸਕਦਾ ਸੀ। ਪੰਜਾਬ ਦੇ ਵਿੱਚ 90% ਵਰਗ ਖੇਤੀ ਕਰਦਾ ਸੀ। ਛਿਮਾਹੀ ਦੇ ਬਾਅਦ ਹੀ ਫ਼ਸਲ ਦੀ ਕੀਮਤ ਹੱਥ ਲੱਗਦੀ ਸੀ। ਉਹਨਾਂ ਦਾ ਇਹਨਾਂ ਕੀਮਤੀ ਵਸਤਾਂ ਨੂੰ ਖਰੀਦਣਾ ਔਖਾ ਸੀ। ਹੌਲੀ ਹੌਲੀ ਇਹ ਪ੍ਰਚਾਰ ਵੱਧਣ ਲੱਗਾ। ਮਾਨਵ ਦੇ ਹਾਲਤਾਂ ਦੇ ਵਿੱਚ ਬਦਲਾਵ ਆਉਣ ਦੇ ਨਾਲ ਵਸਤਾਂ ਜੀਵਨ ਦਾ ਅੰਗ ਬਣ ਗਈਆ ਹਨ। ਜਿਵੇਂ ਰਜਾਈ ਤੇ ਤਲਾਈ ਦੀ ਥਾਂ ਗੱਦਿਆ ਨੇ ਲੈ ਲਈ ਹੈ। ਰਜਾਈ ਦੀ ਥਾਂ ਕੰਬਲਾਂ ਨੇ ਲੈ ਲਈ ਹੈ।

ਦੇਸੀ ਵਸਤਾਂ ਦੀ ਥਾਂ ਤੇ ਜ਼ਿਆਦਾ ਵਿਦੇਸ਼ੀ ਵਸਤਾਂ ਹੀ ਵਿਕਦੀਆਂ ਹਨ। ਇਹਨਾਂ ਦੇ ਪ੍ਰਚਾਰ ਦਾ ਮਾਧਿਅਮ ਸੋਸ਼ਲ ਮੀਡੀਆ ਹੈ। ਆਧੁਨਿਕਤਾ ਦੇ ਯੁਗ ਵਿਚ ਹਰ ਘਰ ਦੇ ਵਿੱਚ ਟੀ:ਵੀ ਤੇ ਮੋਬਾਇਲ ਮੌਜੂਦ ਹਨ। ਉਹਨਾਂ ਵਸਤਾਂ ਦੇ ਪ੍ਰਤੀ ਸੂਚਨਾਵਾਂ ਪ੍ਰਾਪਤ ਕਰਨਾ ਆਸਾਨ ਹੋ ਗਿਆ ਹੈ। ਇਹਨਾਂ ਵਸਤਾਂ ਦੇ ਪ੍ਰਚਾਰ ਦਾ ਬੋਲਬਾਲਾ ਬਜ਼ਾਰ ਉੱਤੇ ਭਾਰੂ ਹੋ ਗਿਆ ਹੈ। ਮੀਡੀਏ ਦੁਆਰਾ ਵਿਦੇਸ਼ੀ ਵਸਤਾਂ ਪ੍ਰਚਾਰਨ ਕਾਰਨ ਅੱਜ ਦੇ ਸਮੇਂ ਵਿਸ਼ਵ ਦੇ ਨੌਜਵਾਨ ਵਰਗ ਦਾ ਅੰਦਾਜ਼ ਪੂਰੀ ਤਰ੍ਹਾਂ ਪੱਛਮੀ ਦਿੱਖ ਦੇ ਸਭਿਆਚਾਰ ਉੱਤੇ ਅਧਾਰਿਤ ਹੋ ਗਿਆ ਹੈ।

**ੲ) ਇਸ਼ਤਿਹਾਰ ਵਾਲੇ ਹੋਡਿੰਗਾਂ ਦਾ ਪ੍ਰਭਾਵ** : ਵਸਤਾਂ ਨੂੰ ਵੇਚਣ ਲਈ ਮਾਲਕ ਵੱਖੋ-ਵੱਖਰੇ ਹੱਥਕੰਡੇ ਅਪਣਾਉਂਦੇ ਹਨ। ਇੱਕੋ ਹੀ ਭਾਂਤ ਦੀਆਂ ਅਨੇਕਾਂ ਵਸਤਾਂ ਬਜ਼ਾਰ ਦੇ ਵਿੱਚ ਉਪਲਬਧ ਹਨ। ਵੱਖੋ ਵੱਖਰੀਆਂ ਕੰਪਨੀਆਂ ਦੀ ਇੱਕੋ ਹੀ ਭਾਂਤ ਦੀਆਂ ਤਿਆਰ ਵਸਤਾਂ ਨੂੰ ਲੈ ਕੇ, ਉਹਨਾਂ ਦੇ ਵਿਚਕਾਰ ਮੁਕਾਬਲਾ ਚਲਦਾ ਰਹਿੰਦਾ ਹੈ। ਉਹਨਾਂ ਵਸਤਾਂ ਦੀ ਵਿਕਰੀ ਦੇ ਲਈ ਭਿੰਨ ਭਿੰਨ ਇਸ਼ਤਿਹਾਰ, ਟੀ,ਵੀ ਉੱਤੇ ਦਿੱਤੇ ਜਾਂਦੇ ਹਨ। ਇਸ਼ਤਿਹਾਰਾਂ ਨੂੰ ਦੀਵਾਰਾਂ ਉੱਤੇ ਲਗਾਇਆ ਜਾਂਦਾ ਹੈ। ਪੂਰੇ ਸ਼ਹਿਰਾਂ ਦੇ ਵਿੱਚ ਥਾਂ-ਥਾਂ ਉੱਤੇ ਇਸ਼ਤਿਹਾਰਾਂ ਨੂੰ ਲਗਾਇਆ ਜਾਂਦਾ ਹੈ। ਇਹਨਾਂ ਨੂੰ ਅਣਦੇਖਿਆਂ ਕੋਈ ਕਰ ਨਾ ਸਕੇ ਅਤੇ ਦੇਖਿਆਂ ਬਿਨ੍ਹਾਂ ਕੋਈ ਰਹਿ ਨਾ ਸਕੇ। ਵੱਡੇ-ਵੱਡੇ ਸ਼ਹਿਰਾਂ ਜਿਵੇਂ ਕਿ ਲੁਧਿਆਣਾ, ਜਲੰਧਰ, ਆਦਿ ਦੇ ਵਿੱਚ ਹੋਡਿੰਗ ਲੱਗੇ ਆਮ ਦੇਖੇ ਜਾ ਸਕਦੇ ਹਨ। ਖਪਤਕਾਰ ਇਹਨਾਂ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਰਹਿ ਹੀ ਨਹੀ ਸਕਦਾ। ਇਹਨਾਂ ਦੀ ਬਨਾਵਟ ਨੂੰ ਦੇਖ ਕੇ ਖਪਤਕਾਰ ਦੇ ਵਿੱਚ ਵਸਤ ਨੂੰ ਖਰੀਦਣ ਦੀ ਚਾਹ ਪੈਦਾ ਹੁੰਦੀ ਹੈ ਜਿਵੇਂ ਕਿ ਇੱਕ ਤਸਵੀਰ ਦੇ ਰੂਪ ਵਿੱਚ ਬਹੁਤ ਵੱਡੇ ਆਕਾਰ ਦੇ ਵਿੱਚ ਰਸਤੇ ਦੇ ਵਿਚਕਾਰ ਜਾਂ ਚੌਕ ਦੇ ਵਿੱਚ ਲੱਗੇ ਹੁੰਦੇ ਹਨ। ਫਿਲਮ ਦਾ ਹੋਡਿੰਗ ਜਾਂ ਜੁੱਤੀਆਂ/ ਦੁਕਾਨ ਦੇ ਆਫ਼ਰਾਂ ਦੇ ਹੋਡਿੰਗ ਲੱਗੇ ਹੁੰਦੇ ਹਨ।

ਵਪਾਰੀ ਆਪਣੀ ਵਸਤਾਂ ਦੇ ਪ੍ਰਚਾਰ ਲਈ ਸਭਿਆਚਾਰ ਨੂੰ ਇੱਕ ਮਾਧਿਅਮ ਬਣਾਉਂਦਾ ਹੈ। ਸਭਿਆਚਾਰ ਇੱਕ ਅਜਿਹਾ ਮਾਧਿਅਮ ਹੈ, ਜਿਹੜੀ ਆਮ ਲੋਕਾਂ ਦੀ ਜੀਵਨ ਵਿਵਸਥਾ ਹੁੰਦੀ ਹੈ। ਉਹਨਾਂ ਦੇ ਦਿਲਾਂ ਦੇ ਬਹੁਤ ਕਰੀਬ ਹੁੰਦੀ ਹੈ। ਇਸ ਲਈ ਪੂੰਜੀਪਤੀਆਂ ਨੇ ਵਸਤਾਂ ਨੂੰ ਸਭਿਆਚਾਰ ਦੇ ਨਾਲ ਜੋੜ ਦਿੱਤਾ ਹੈ। ਇਹ ਵਸਤਾਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਮ ਜੀਵਨ ਨੂੰ ਕੇਂਦਰਿਤ ਕਰ ਦਿੰਦੀਆ ਹਨ। ਸੋਸ਼ਲ ਮੀਡੀਆ ਦੇ ਰਾਹੀਂ ਪ੍ਰਮੁੱਖ ਤੇ ਮੁੱਖ ਸਭਿਆਚਾਰ ਨੂੰ ਚੁਣਿਆ ਜਾਂਦਾ ਹੈ। ਸਭਿਆਚਾਰ ਦੇ ਰਾਹੀਂ ਵਾਪਾਰੀਆਂ ਦਾ ਹਰ ਘਰ ਤੱਕ ਪੁੱਜਣ ਦਾ ਸੁਪਨਾ ਪੂਰਾ ਹੋ ਜਾਂਦਾ ਹੈ। ਵਸਤਾਂ ਦੇ ਰਾਹੀਂ ਅਸਲ ਦੇ ਵਿੱਚ ਪੱਛਮੀ ਦੇਸ਼ਾਂ ਦੇ ਸਭਿਆਚਾਰ ਨੂੰ ਪਸਾਰਿਆ ਜਾਂਦਾ ਹੈ ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੂਸਰੇ ਦੇਸ਼ਾਂ ਦੇ ਸਭਿਆਚਾਰ ਨੂੰ ਨਿਗੁਣਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਇਸਦੇ ਪ੍ਰਭਾਵ ਨੂੰ ਰੋਕਣਾ ਚਾਹੀਦਾ ਹੈ।" *(ਅਮਨਦੀਪ ਕੌਰ. ਅਸਿਸਟੈਂਟ ਪ੍ਰੋਫੈਸਰ. ਐੱਸ. ਐੱਸ. ਗਰਲਜ਼ ਕਾਲਜ. ਬਠਿੰਡਾ)*

ਪੱਛਮੀ ਦੇਸ਼ਾਂ ਨੇ ਆਪਣੀਆਂ ਵਸਤਾਂ ਦੇ ਰਾਹੀਂ ਆਪਣੇ ਸਭਿਆਚਾਰ ਨੂੰ ਉੱਚ ਦਰਜੇ ਦਾ ਦਿਖਾਇਆ ਹੈ। ਪੰਜਾਬੀ ਸਭਿਆਚਾਰ ਦੇ ਵਿੱਚ ਵਸਤ ਦੀ ਖਪਤ ਦਾ ਪਸਾਰਾ ਹੁੰਦਾ ਦਿਖਾਈ ਦਿੰਦਾ ਹੈ। ਪੰਜਾਬ ਆਪਣੇ ਪਰੰਪਰਾਗਤ ਚਲੇ ਆ ਰਹੇ ਪੀੜ੍ਹੀ ਦਰ ਪੀੜ੍ਹੀ ਸਭਿਆਚਾਰ ਤੋਂ ਮਸ਼ਹੂਰ ਹੈ। ਪੰਜਾਬੀ ਆਪਣੀਆਂ ਪਰੰਪਰਿਕ ਜੜ੍ਹਾਂ ਤੋਂ ਵੱਖ ਹੁੰਦਾ ਜਾ ਰਿਹਾ ਹੈ। ਨਵੀਂ ਪੀੜ੍ਹੀ ਆਪਣੇ ਪੁਰਾਣੇ ਸਭਿਆਚਾਰ ਦੇ ਬਾਰੇ ਬਹੁਤ ਘੱਟ ਪੱਧਰ ਉੱਪਰ ਜਾਣੂ ਹੈ। ਖਪਤ ਸਭਿਆਚਾਰ ਨੂੰ ਪੰਜਾਬੀਆਂ ਦੇ ਦੁਆਰਾ ਜਾਣੇ-ਅਣਜਾਣੇ ਦੇ ਵਿੱਚ ਅਪਣਾਇਆ ਜਾ ਰਿਹਾ ਹੈ। ਸੁਭਾਵਿਕ ਹੈ ਕਿ ਹਰ ਵਿਅਕਤੀ ਸਮੇਂ ਦਾ ਹਾਣੀ ਬਣ ਕੇ ਚੱਲਣਾ ਚਾਹੁੰਦਾ ਹੈ। ਹਰ ਵਿਅਕਤੀ ਹਰ ਪ੍ਰਕਾਰ ਦੀ ਸੁੱਖ-ਸਹੂਲਤ ਰੱਖਣਾ ਚਾਹੁੰਦਾ ਹੈ। ਇਸ ਤਰ੍ਹਾਂ ਪੂੰਜੀਪਤੀਆਂ ਦੇ ਮਾਇਆ ਜਾਲ ਦੇ ਵਿੱਚ ਆਉਣਾ ਸੁਭਾਵਿਕ ਹੀ ਹੈ।

ਮਾਨਵ ਦੇ ਰੋਜ਼ਾਨਾ ਦੇ ਜੀਵਨ ਵਿੱਚ ਦੌੜ-ਭੱਜ ਹੈ। ਇਸ ਦੌੜ ਭੱਜ ਤੋਂ ਬਚਣ ਦੇ ਲਈ ਅਜਿਹੀਆਂ ਵਸਤਾਂ ਖਰੀਦਦਾ ਹੈ ਜਿਸ ਨਾਲ ਉਸ ਦਾ ਵਕਤ ਘੱਟ ਤੋਂ ਘੱਟ ਖ਼ਰਾਬ ਹੋ ਸਕੇ।ਜਿਵੇਂ ਮਾਰਕਿਟ ਦੇ ਵਿੱਚ ਕਾਰਾਂ ਦੇ ਵੱਖਰੇ ਬ੍ਰਾਂਡ ਦੇ ਸ਼ੋਅ ਰੂਮ ਉਪਲੱਬਧ ਹਨ। ਕਾਰਾਂ ਆਪਣੀ ਤੇਜ਼ ਰਫ਼ਤਾਰ ਨਾਲ ਘੱਟ ਵਕਤ ਲਗਾ ਕੇ ਮੰਜ਼ਿਲ ਉੱਤੇ ਪਹੁੰਚਾ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਅੱਜ ਹਰ ਘਰ ਦੇ ਵਿੱਚ ਕਾਰ ਮੋਜੂਦ ਹੈ। ਪੂੰਜੀਪਤੀ ਪੂੰਜੀ ਦੇ ਵਾਧੇ ਲਈ ਵਸਤਾਂ ਦਾ ਸੰਸਾਰ ਸਿਰਜ ਰਹੇ ਹਨ। ਵਸਤਾਂ ਨੇ ਮਾਨਵੀ ਜੀਵਨ ਢੰਗ ਆਪਣੇ ਅਧੀਨ ਕਰਨਾ ਸ਼ੁਰੂ ਕਰ ਦਿੱਤਾ ਹੈ। ਮਾਨਵ ਮਸ਼ੀਨੀ ਜੀਵਨ ਜਿਊਂਦਾ ਪਿਆ ਹੈ। ਮਾਨਵ ਵਸਤਾਂ ਨੂੰ ਆਪਣੀ ਸਹੂਲਤ ਦੇ ਅਨੁਸਾਰ ਖਰੀਦਦਾ ਹੈ। ਮਨੁੱਖ ਉਪਰ ਬ੍ਰਾਂਡ ਦਾ ਅਸਰ ਜ਼ਿਆਦਾ ਦਿਖਾਈ ਦਿੰਦਾ ਹੈ। ਖਾਸ ਕੰਪਨੀਆਂ ਨੇ ਆਪਣੀ ਵਸਤੂ ਨੂੰ ਚਿੰਨ੍ਹਾਂ ਦੇ ਨਾਲ ਸੰਬੰਧਿਤ ਕੀਤਾ ਹੈ। ਇਹਨਾਂ ਦੀ ਆਕਰਸ਼ਣ ਹੀ ਖਪਤਕਾਰ ਨੂੰ ਵਸਤੂ ਲੈਣ ਦੇ ਲਈ ਪ੍ਰੇਰਿਤ ਕਰਦੀ ਹੈ। ਇਹ ਚਿੰਨ੍ਹ ਖਪਤਕਾਰ ਦੇ ਮਨ ਅੰਦਰ ਘਰ ਕਰਕੇ ਬੈਠ ਜਾਂਦੇ ਹਨ।

ਇਹਨਾਂ ਵਸਤਾਂ ਨੂੰ ਖਰੀਦਣ ਲਈ ਪ੍ਰੇਰਿਤ ਕਰਨ ਤੋਂ ਪਹਿਲਾਂ ਖਪਤਕਾਰ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਇਹਨਾਂ ਚਿੰਨ੍ਹਾਂ ਨੂੰ ਅੰਗਰੇਜ਼ੀ ਦੇ ਵਿੱਚ ਬ੍ਰਾਂਡ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ।

ਇਹ ਚਿੰਨ੍ਹ ਨੂੰ ਪਹਿਲਾਂ ਹੀ ਵਪਾਰਕ ਕੰਪਨੀਆਂ ਦੇ ਵੱਲੋਂ ਰਜਿ: ਕੀਤਾ ਹੁੰਦਾ ਹੈ ਤਾਂ ਜੋ ਹੋਰ ਕੰਪਨੀਆਂ ਉਹਨਾਂ ਦੇ ਚਿੰਨ੍ਹ ਦੀ ਗਲਤ ਵਰਤੋਂ ਨਾ ਕਰ ਸਕਣ। ਅਜੋਕੇ ਖਪਤ ਦਾ ਪਸਾਰਾ ਬਰੈਂਡ ਦੇ ਆਲੇ ਦੁਆਲੇ ਹੀ ਘੁੰਮ ਰਿਹਾ ਹੈ। ਕੋਈ ਵੀ ਕੰਪਨੀ ਆਪਣੀ ਵਸਤ ਨੂੰ ਬਜ਼ਾਰ ਦੇ ਵਿੱਚ ਪੇਸ਼ ਕਰਦੀ ਹੈ, ਉਸ ਵਸਤ ਦੇ ਨਾਲ ਆਪਣੇ ਖਾਸ ਟ੍ਰੇਡ ਮਾਰਕ ਜਾਂ ਚਿੰਨ੍ਹ ਨੂੰ ਜੋੜ ਕੇ ਹੀ ਉਤਾਰਦੀ ਹੈ। ਉਹਨਾਂ ਬਰੈਂਡ ਦੀ ਤਸਵੀਰ ਪਹਿਲਾਂ ਹੀ ਖਪਤਕਾਰ ਦੇ ਅੱਖਾਂ ਵਿੱਚ ਵਸੀ ਹੁੰਦੀ ਹੈ। ਵਸਤ ਨੂੰ ਬਜ਼ਾਰ ਦੇ ਵਿੱਚ ਉਤਾਰਣ ਤੋਂ ਪਹਿਲਾਂ ਵਸਤ ਦਾ ਪ੍ਰਚਾਰ ਕੀਤਾ ਜਾਂਦਾ ਹੈ। ਵਸਤ ਦੀ ਪ੍ਰਾਪਤ ਜਾਂ ਖ਼ਰੀਦ ਦੀ ਇੱਛਾ ਪਹਿਲਾਂ ਹੀ ਖਪਤਕਾਰ ਦੇ ਮਨ ਵਿੱਚ ਉਤਪੰਨ ਹੋ ਜਾਂਦੀ ਹੈ।

**ਸ) ਬਰੈਂਡ ਦਾ ਪ੍ਰਭਾਵ** : ਵਾਪਾਰੀਆਂ ਨੇ ਸਮਾਜ ਵਿੱਚ ਬਰੈਂਡ ਦੇ ਦੀਵਾਨੇ ਪੈਦਾ ਕੀਤੇ ਹਨ। ਮਨੁੱਖੀ ਮਾਨਸਿਕਤਾ ਬਰੈਂਡ ਦੇ ਪ੍ਰਤੀ ਇੱਕ ਮਾਲਾ ਦੇ ਮਣਕੇ ਵਾਂਗ ਪਰੋਈ ਹੋਈ ਹੈ, ਮਨੁੱਖ ਆਪਣੇ ਵਿਅਕਤੀਤਵ ਦਾ ਪ੍ਰਗਟਾਵਾ ਵੀ ਬਰੈਂਡ ਦੇ ਦਾਇਰੇ ਅੰਦਰ ਰਹਿ ਕੇ ਕਰਦਾ ਹੈ। ਮਾਨਵ ਦੇ ਅੰਦਰ ਬਰੈਂਡ ਪ੍ਰਤੀ ਸੰਤੁਸ਼ਟਤਾ ਹੈ। ਬਰੈਂਡ ਤੋਂ ਬਿਨ੍ਹਾਂ ਸਾਧਾਰਨ ਵਸਤੂ ਨੂੰ ਧਾਰਨ ਕਰਨਾ ਮਾਨਵ ਦੇ ਅੰਦਰ ਹੀਣ ਭਾਵਨਾ ਨੂੰ ਪੈਦਾ ਕਰਦਾ ਹੈ। ਬਰੈਂਡ ਦਾ ਸਮਾਨ ਜਿਵੇਂ ਜੁੱਤੀਆਂ, ਕੱਪੜੇ, ਕਾਰਾਂ, ਆਦਿ ਨੂੰ ਖਰੀਦਣ ਦੀ ਤਰਜੀਹ ਦਿੰਦਾ ਹੈ। ਬਰੈਂਡ ਤੋਂ ਬਿਨ੍ਹਾ ਮਨੁੱਖੀ ਸਥਿਤੀ ਅਪਾਹਜ ਵਰਗੀ ਪ੍ਰਤੀਤ ਹੁੰਦੀ ਹੈ।





**Figure 3.1 : ਬਰੈਂਡ ਮਾਨਵ ਦੇ ਮਨ ਵਿੱਚ ਬੈਠ ਗਿਆ**

ਪੂੰਜੀਪਤੀ ਦਾ ਮੁੱਖ ਉਦੇਸ਼ ਪੈਸਾ ਪ੍ਰਾਪਤੀ ਹੀ ਹੈ। ਇਸ ਗੱਲ ਤੋਂ ਕੋਈ ਵੀ ਮਨੁਕਿਰ ਨਹੀ ਹੋ ਸਕਦਾ ਹੈ ਕਿ, ਪੈਸਾ ਵਪਾਰੀਆਂ ਦੀ ਉਪਜੀਵਕਾ ਹੈ। ਸਧਾਰਨ ਪੱਧਰ ਦੇ ਵਪਾਰੀ ਅਤੇ ਵਿਸ਼ਵ ਕੰਪਨੀਆਂ ਦੇ ਮਾਲਕਾਂ ਦੇ ਵਪਾਰ ਕਰਨ ਦੇ ਢੰਗਾਂ ਵਿੱਚ ਫ਼ਰਕ ਹੈ। ਸਧਾਰਨ ਵਪਾਰੀ ਨਾਲੋਂ ਵਿਸ਼ਵ ਕੰਪਨੀਆਂ ਦੀ ਵਿਕਰੀ ਜ਼ਿਆਦਾ ਹੁੰਦੀ ਹੈ। ਵਿਸ਼ਵ ਕੰਪਨੀਆਂ ਨੇ ਆਪਣੀਆਂ ਵਸਤਾਂ ਨੂੰ ਇੱਕ ਦੁਲਹਨ ਦੀ ਤਰ੍ਹਾਂ ਪੇਸ਼ ਕੀਤਾ ਹੈ। ਉਹ ਹਰ ਇੱਕ ਦੀ ਅੱਖਾਂ ਦਾ ਕੇਂਦਰ ਬਣ ਜਾਂਦੀ ਹੈ। ਮਾਨਵ ਨੂੰ ਸਧਾਰਨ ਵਸਤ ਦਾ ਰੰਗ, ਢੰਗ, ਡਿਜ਼ਾਇਨ ਇੰਨਾ ਪ੍ਰਭਾਵਿਤ ਨਹੀ ਕਰਦਾ ਜਿੰਨਾ ਕਿ ਬਰੈਂਡ ਦੇ ਮਾਲਕਾਂ ਦੁਆਰਾ ਘੜੇ ਹੋਏ ਡਿਜ਼ਾਇਨ ਪ੍ਰਭਾਵਿਤ ਕਰਦੇ ਹਨ। ਪੰਜਾਬੀਆਂ ਦੇ ਵਿੱਚ ਵੀ ਬਰੈਂਡ ਦਾ ਅਸਰ ਦਿਖਾਈ ਦਿੰਦਾ ਹੈ।

ਹਰ ਵਰਗ ਦੇ ਵਿੱਚ ਬਰੈਂਡ ਦੇ ਪ੍ਰਤੀ ਭਾਵਨਾਵਾਂ ਮਿਲ ਜਾਣਗੀਆਂ। ਮਾਨਵ ਕੋਈ ਵੀ ਵਸਤੂ ਖਰੀਦਣ ਦਾ ਚਾਹਵਾਨ ਹੋਵੇ, ਪਰੰਤੂ ਉਸ ਦੀ ਤਰਜੀਹ ਬਰੈਂਡ ਨੂੰ ਹੀ ਹੋਵੇਗੀ। ਮਾਨਵ ਦੀ ਅਜੋਕੀ ਮਾਨਸਿਕ ਬਿਰਤੀ ਦੀ ਸਪੱਸ਼ਟਤਾ "ਜੀਨ ਬੋਦਰੀ ਲਾਰਦ"ਦੀ ਪਰਿਭਾਸ਼ਾ ਰਾਹੀਂ ਪ੍ਰਗਟ ਹੁੰਦੀ ਹੈ। "ਉਹ ਕਾਰ ਦੀ ਬਹੁਤ ਹੀ ਖ਼ੂਬਸੂਰਤ ਉਦਾਹਰਨ ਪੇਸ਼ ਕਰਦਾ ਹੈ, ਕਿ ਇਕ ਕਾਰ ਦੀ ਬਨਾਵਟ ਜਾਂ ਉਸ ਅੰਦਰ ਵਰਤਿਆ ਗਿਆ ਸਮਾਨ ਜੋ ਕਾਰ ਨੂੰ ਆਵਾਜ਼ ਦਿੰਦਾ ਹੈ, ਕੋਈ ਅਹਿਮੀਅਤ ਨਹੀ ਰੱਖਦਾ ਜਿੰਨੀ ਉਸ ਕਾਰ ਦੀ ਕਿਸਮ, ਰੰਗ ਜਾਂ ਉਸ ਕਾਰ ਨਾਲ ਜੁੜੀ ਸਮਾਜਕ ਪ੍ਰਤਿਸ਼ਠਤਾ ਮਹੱਤਵ ਰੱਖਦੀ ਹੈ।" *(The System of Object 3)*

ਵਪਾਰੀ ਵਰਗ ਵਲੋਂ ਸਿਰਜੇ ਗਏ ਇਸ ਵਰਤਾਰੇ ਵਿੱਚ ਵਸਤ ਆਪਣੀ ਪ੍ਰਮੁੱਖਤਾ ਆਪ ਨਹੀ ਦੱਸਦੀ ਸਗੋਂ ਉਸ ਵਸਤ ਦੀ ਵਿਸ਼ੇਸ਼ਤਾ ਜਾਂ ਪ੍ਰਮੁੱਖਤਾ ਬਰੈਂਡ ਦੇ ਵੱਲੋਂ ਨਿਰਧਾਰਿਤ ਕੀਤੀ ਗਈ ਹੁੰਦੀ ਹੈ। ਪੂੰਜੀਪਤੀ ਨੂੰ ਮਾਰਕਿਟ ਦਾ ਪੂਰਨ ਗਿਆਨ ਹੁੰਦਾ ਹੈ। ਮਾਰਕਿਟ ਦੀ ਪਲ-ਪਲ ਦੀ ਖ਼ਬਰ ਪੂੰਜੀਪਤੀ ਦੇ ਕੋਲ ਹੁੰਦੀ ਹੈ। ਮਾਰਕਿਟ ਦਾ ਪੂਰਾ ਜ਼ਾਇਜ਼ਾ ਲੈ ਕੇ ਹੀ ਆਪਣੀ ਵਸਤ ਨੂੰ ਮਾਰਕਿਟ ਦੇ ਵਿੱਚ ਉਤਾਰਦਾ ਹੈ। ਉਹ ਆਪਣੀ ਵਸਤ ਦੇ ਨਾਲ ਬਰੈਂਡ ਨਾਂ ਦਾ ਮਾਰਕਾ ਸਿਰਫ ਲਾਭ ਪ੍ਰਾਪਤੀ ਦੇ ਲਈ ਜੋੜਦਾ ਹੈ। ਵੱਧ ਤੋਂ ਵੱਧ ਪੂੰਜੀ ਕਮਾਉਣਾ ਉਹਨਾਂ ਦਾ ਮੂਲ ਮਕਸਦ ਹੁੰਦਾ ਹੈ। ਹਰ ਪ੍ਰਕਾਰ ਦੀ ਵਸਤ ਨੂੰ ਬਰੈਂਡ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਵਸਤ ਨੂੰ ਖਪਤਕਾਰ ਦੀ ਪ੍ਰਤਿਸ਼ਠਤਾ ਨਾਲ ਜੋੜ ਕੇ ਪੇਸ਼ ਕਰਦਾ ਹੈ। ਇਸੇ ਬਿਰਤੀ ਦੇ

ਕਾਰਨ ਖਪਤਕਾਰ ਹਰ ਪ੍ਰਕਾਰ ਦੀ ਵਸਤ ਦੇ ਨਾਲ ਆਪਣੀ ਪ੍ਰਤਿਸ਼ਠਤਾ ਨੂੰ ਜੋੜਦਾ ਹੈ। ਫਿਰ ਹੀ ਉਸ ਵਸਤ ਨੂੰ ਖਰੀਦਣ ਦੀ ਉਚੇਚ ਕਰਦਾ ਹੈ  ਜਿਵੇਂ ਕਿ ਪੰਜਾਬੀਆਂ ਦੇ ਹਰ ਘਰ ਦੇ ਵਿੱਚ ਕਾਰ ਮੋਜੂਦ ਹੈ। ਮਹਿੰਗੀਆਂ ਵਸਤਾਂ ਦਾ ਘਰ ਦੇ ਵਿੱਚ ਹੋਣਾ, ਉਹਨਾਂ ਦੀ ਉੱਚੀ ਪ੍ਰਤਿਸ਼ਠਤਾ ਦਾ ਪ੍ਰਤੀਕ ਹੈ।





**Figure 3.2 : ਬਰੈਂਡ ਪ੍ਰਤਿਸ਼ਠਤਾ ਦਾ ਪ੍ਰਤੀਕ**

ਬਜ਼ਾਰ ਹਰ ਪ੍ਰਕਾਰ ਦੀ ਵਸਤ ਨਾਲ ਭਰਿਆ ਪਿਆ ਹੈ। ਇਹ ਬਰੈਂਡ ਮਨੁੱਖ ਦੀ ਲੋੜ ਨੂੰ ਤਾਂ ਪੂਰਾ ਕਰਦੇ ਹਨ। ਪਰ ਇਹ ਨਾਲ ਨਾਲ ਬੇਹਿਸਾਬ ਲੋੜਾਂ ਨੂੰ ਪੈਦਾ ਕਰਦੇ ਹਨ। ਖਪਤਕਾਰ ਨੂੰ ਬਰੈਂਡ ਵਸਤਾਂ ਦੇ ਮਾਇਆ ਜਾਲ ਦੇ ਵਿੱਚ ਫਸਾਇਆ ਜਾ ਰਿਹਾ ਹੈ। ਮਾਨਵ ਅਣਜਾਣ ਪੁਣੇ ਦੇ ਵਿੱਚ ਫਸਦਾ ਚਲਾ ਜਾ ਰਿਹਾ ਹੈ। ਖਪਤਕਾਰ ਦੇ ਘਰਾਂ ਦੇ ਵਿੱਚ ਲੋੜ ਨਾਲੋਂ ਬੇਫਜ਼ੂਲ ਵਸਤਾਂ ਹੋਣਗੀਆਂ, ਇਹ ਵਸਤ ਉਸ ਨੇ ਬਰੈਂਡ ਦੇ ਪ੍ਰਭਾਵ ਹੇਠਾਂ ਖਰੀਦੀਆਂ ਹਨ।

ਬਰੈਂਡ ਦੇ ਪ੍ਰਭਾਵ ਅਧੀਨ ਮਨੁੱਖੀ ਜ਼ਿਹਨ ਦੀ ਅਵਸਥਾ ਨੀਵੀਂ ਹੁੰਦੀ ਜਾ ਰਹੀ ਹੈ। ਮਨੁੱਖ ਦੀ ਪਹਿਚਾਣ ਵੀ ਬਰੈਂਡ ਵਸਤਾਂ ਤੋਂ ਕਰਨ ਲੱਗ ਪਏ ਹਨ। ਸਮਾਜ ਦੇ ਵਿੱਚ ਦੋ ਤਰ੍ਹਾਂ ਦੇ ਵਰਗ ਦੇਖਣ ਨੂੰ ਮਿਲਦੇ ਹਨ। ਇੱਕ ਉਹ ਜਿਹੜੇ ਮਨੁੱਖੀ ਮਾਨਵਤਾ ਨੂੰ ਤਰਜੀਹ ਦਿੰਦੇ ਹਨ। ਦੂਸਰੇ ਉਹ ਜਿਨ੍ਹਾਂ ਦੇ ਲਈ ਪੈਸਾ ਹੀ ਇਮਾਨ ਹੋ ਗਿਆ ਹੈ। ਇਹਨਾਂ ਨੂੰ ਸਧਾਰਨ ਤੇ ਖਾਸ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਖਪਤ ਸਭਿਆਚਾਰ ਨੇ ਮਨੁੱਖ ਅੰਦਰ ਅਹਿਸਾਸ ਕੁੱਟ ਕੁੱਟ ਕੇ ਭਰ ਦਿੱਤਾ ਹੈ। ਮਾਨਵ ਦੇ ਮਾਨਵਵਾਦੀ ਹੋਣ ਨਾਲੋਂ

ਬਰੈਂਡਿਡ ਹੋਣਾ ਜ਼ਰੂਰੀ ਹੋ ਗਿਆ ਹੈ। ਮਨੁੱਖ ਦੀਆਂ ਸਮੂਹਿਕ ਭਾਵਨਾਵਾਂ ਨੂੰ ਦਬਾ ਕੇ ਸਵੈ ਕੇਂਦਰਿਤ ਭਾਵਨਾਵਾਂ ਨੂੰ ਜਾਗ੍ਰਿਤ ਕੀਤਾ ਹੈ। ਮਨੁੱਖ ਨੇ ਆਪਣੇ ਘਰ ਨੂੰ ਨਹੀ ਸਗੋਂ ਆਪਣੇ ਮਨ ਦੀ ਚੇਤਨਾ ਨੂੰ ਵੀ ਬਰੈਂਡ ਨਾਲ ਲੈਸ ਕਰ ਲਿਆ ਹੈ। ਉਹਨਾਂ ਦੇ ਘਰਾਂ ਦੇ ਵਿੱਚ ਵੀ ਵਿਦੇਸ਼ੀ ਵਸਤਾਂ ਦੀ ਸ਼ਮੂਲੀਅਤ ਆਮ ਹੋ ਗਈ ਹੈ।

**ਸਧਾਰਨ ਮਨੁੱਖ** → **ਦੇਸੀ ਵਸਤਾਂ( ਨਾਨ ਬਰੈਂਡਿਡ ਵਸਤਾਂ)**

**ਖਾਸ ਮਨੁੱਖ** → **ਬਰੈਂਡਿਡ ਵਸਤਾਂ**

**Figure 3.3 : ਸਾਧਾਰਨ ਨਾਲੋ ਬਰੈਂਡ ਨੂੰ ਤਰਜੀਹ**

ਆਮ ਮਾਨਵ ਦੇ ਵਿਦੇਸ਼ੀ ਜਾਂ ਬਰੈਂਡਿਡ ਵਸਤਾਂ ਨੂੰ ਖਰੀਦਣ ਦੇ ਕਰਕੇ ਹੀ ਪੂੰਜੀਪਤੀ ਦੀ ਆਰਥਕ ਵਿਵਸਥਾ ਮਜ਼ਬੂਤ ਹੁੰਦੀ ਹੈ। ਪੂੰਜੀਪਤੀ ਵਿਕਸਿਤ ਦੇਸ਼ਾਂ ਦੇ ਵਸਨੀਕ ਹਨ।ਜਿਨ੍ਹਾਂ ਦੇ ਪੂਰਵਜ ਸਦਾ ਗੁਲਾਮ ਮੁਲਕਾਂ 'ਤੇ ਰਾਜ ਕਰਦੇ ਰਹੇ ਹਨ। ਉਹਨਾਂ ਦੀ ਗ਼ੁਲਾਮੀ ਮਾਨਵ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਪੀੜਤ ਕਰਦੀ ਸੀ। ਇਹ ਪੂੰਜੀਪਤੀ ਆਪਣੀਆਂ ਵਸਤਾਂ ਦੇ ਰਾਹੀਂ ਅਵਿਕਸਿਤ ਦੇਸ਼ਾਂ ਦੇ ਸਭਿਆਚਾਰ ਨੂੰ ਗੁਲਾਮ ਬਣਾ ਕੇ , ਉੱਥੋਂ ਦੇ ਵਸਨੀਕਾਂ ਨੂੰ ਮਾਨਸਿਕ ਤੌਰ 'ਤੇ ਗੁਲਾਮ ਬਣਾ ਰਹੇ ਹਨ। ਮਾਨਵ ਇਹਨਾਂ ਵਸਤਾਂ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਸਭਿਅਕ ਮਾਨਵ ਸਮਝਣ ਲੱਗ ਪੈਂਦਾ ਹੈ। ਉਦਾਹਰਨ ਦੇ ਤੌਰ 'ਤੇ ਹਰ ਦਿਨ ਕੋਈ ਨਾ ਕੋਈ ਤਿਉਹਾਰ ਆਉਂਦਾ ਰਹਿੰਦਾ ਹੈ ਅਤੇ Myntra, Amazone, Flipkart, Snadeal, Ajio, Nykaa Fashion ਦੇ ਵੱਲੋਂ ਭਿੰਨ –ਭਿੰਨ ਬਰੈਂਡ ਨੂੰ ਸਸਤਾ ਦਿਖਾ ਕੇ ਵੇਚਿਆ ਜਾਂਦਾ ਹੈ। ਜਿਸ ਦੇ ਪ੍ਰਭਾਵ ਹੇਠ ਮਨੁੱਖ ਵੀ ਉਹਨਾਂ ਵਸਤਾਂ ਨੂੰ ਆਫਰਾਂ ਦੇ ਰਾਹੀਂ ਲੈਣ ਦੀ ਕੋਸ਼ਿਸ਼ ਕਰਦਾ ਹੈ।

ਬਲਵੀਰ ਪਰਵਾਨਾ ਨੇ ਆਪਣੀ ਸੰਪਾਦਿਤ ਪੁਸਤਕ ਦੇ ਵਿੱਚ ਧਾਰਨਾ ਦਿੱਤੀ ਹੈ ਕਿ ਅਜੋਕੇ ਉਤਾਪਦਨ ਦੇ ਬਾਰੇ ਰੌਬਿਨਜ਼ ਸਪੱਸ਼ਟ ਰੂਪ ਵਿਚ "ਵਸਤਾਂ ਦੀ ਸਾਡੇ ਵੱਲੋ ਕੀਤੀ ਜਾਂਦੀ 'ਖਪਤ' ਸਾਡੇ ਸਭਿਆਚਾਰ ਉੱਤੇ ਨਿਰਭਰ ਕਰਦੀ ਹੈ। ਅਜੋਕੀ ਸਰਮਾਏਦਾਰੀ ਸਿਰਫ ਵਸਤਾਂ ਅਤੇ ਸੇਵਾਵਾਂ ਦੇ

ਉਤਾਪਦਨ ਅਤੇ ਵਿਕਰੀ ਦੇ ਸਿਰ 'ਤੇ ਚਲਦੀ ਹੈ ਅਤੇ ਅਸੀਂ ਜਿੰਨੀਆਂ ਜ਼ਿਆਦਾ ਵਸਤਾਂ ਪੈਦਾ ਕਰਦੇ ਹਾਂ, ਜਿੰਨੀਆਂ ਜ਼ਿਆਦਾ ਵਸਤਾਂ ਖ਼੍ਰੀਦਦੇ ਹਾਂ ਉਨ੍ਹੀਂ ਜ਼ਿਆਦਾ ਤਰੱਕੀ ਅਤੇ ਖ਼ੁਸ਼ਹਾਲੀ ਹੁੰਦੀ ਹੈ। ਆਰਥਕ ਵਾਧੇ ਦਾ ਸਭ ਤੋਂ ਮਹੱਤਵਪੂਰਨ 'ਮਾਪ ਗਰੌਸ ਨੈਸ਼ਨਲ' ਹੈ, ਕਿਸੇ ਵੀ ਸਮਾਜ ਵੱਲੋਂ ਇਕ ਸਾਲ ਵਿਚ ਪੈਦਾ ਕੀਤੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਦਾ ਕੁਲ ਜੋੜ ਹੈ। ਇਹ ਖਪਤ ਸਮਾਜ ਦੀ ਕਾਮਯਾਬੀ ਦਾ ਮਾਪ ਹੈ।" *(ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ 24)*

ਇਹ ਤਾਂ ਸਪਸ਼ੱਟ ਹੈ ਕਿ ਇਕ ਕੰਪਨੀ, ਜਿਸ ਦੇ ਦੁਆਰਾ ਬਰੈਂਡਿਡ ਕੱਪੜੇ ਤਿਆਰ ਕਰਦੀ ਹੈ ਉਹ ਕੰਪਨੀਆਂ ਆਪਣੇ ਕੱਪੜਿਆਂ ਦੇ ਨਾਲ ਜੁੱਤੀਆਂ, ਘੜੀਆਂ, ਪਰਸਾਂ, ਬੈਲਟਾਂ ਆਦਿ ਨੂੰ ਬਜ਼ਾਰ ਦੇ ਵਿੱਚ ਉਤਾਰਦੀਆਂ ਹਨ। ਕੰਪਨੀ ਆਪਣੇ ਬਰੈਂਡ ਨੂੰ ਪੱਕੇ ਤੌਰ ਤੇ ਮੰਡੀ ਵਿੱਚ ਸਥਾਪਿਤ ਕਰਨ ਲਈ ਅਜਿਹੇ ਢੰਗ ਅਪਣਾਉਂਦੀ ਹੈ। ਲੋਕਾਂ ਨੂੰ ਇੱਕ ਹੀ ਬਰੈਂਡ ਦੀਆਂ ਅਨੇਕਾਂ ਵਸਤਾਂ ਖਰੀਦਣ ਦੇ ਲਈ ਪ੍ਰੇਰਿਤ ਕਰਦੀ ਹੈ। ਭਰਵਾਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, 'ਜ਼ਿਆਦਾ ਕੀਮਤੀ ਵਸਤਾਂ ਅਤੇ ਬ੍ਰਾਂਡ ਕਾਰਨ ਇਹਨਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।' *(ਅਮਨਦੀਪ ਕੌਰ. ਅਸਿਸਟੈਂਟ ਪ੍ਰੋਫੈਸਰ. ਐੱਸ. ਐੱਸ. ਗਰਲਜ਼ ਕਾਲਜ. ਬਠਿੰਡਾ)*

ਉਦਾਹਰਨ ਦੇ ਤੌਰ 'ਤੇ -

| **ਬਰੈਂਡ ਵਸਤਾਂ** | **ਦੇਸ਼** |
|---|---|
| ਬੀ.ਐਮ. ਡਬਲ ਯੂ | ਜਰਮਨੀ ( 1917) |
| ਮਰਸਡੀਜ਼ | ਜਰਮਨੀ (1926) |
| ਪੋਰਚ | ਜਰਮਨੀ (1931) |
| ਔਡੀ | ਜਰਮਨੀ (1932) |
| ਫੋਰਡ | ਅਮਰੀਕਾ (1903 |
| ਹਮਰ | ਅਮਰੀਕਾ (!992) |

ਨਿਸ਼ਾਨ ਜਾਪਾਨ (1933)

ਹੋਂਡਾ ਜਾਪਾਨ (1946)

ਇਹਨਾਂ ਗੱਡੀਆਂ ਦੇ ਵਿਚੋਂ ਸਭ ਤੋਂ ਜ਼ਿਆਦਾ ਪਸੰਦ ਕਰਨ ਵਾਲੀਆਂ ਗੱਡੀਆਂ ਦੇ ਵਿੱਚ ਬੀ. ਐਮ. ਡਬਲਯੂ, ਫੋਰਡ ਸ਼ਾਮਿਲ ਹਨ। ਇਹ ਗੱਡੀਆਂ ਦੇ ਨਾਮ-ਚੀਨ ਅਮੀਰਾਂ ਦੇ ਕੋਲ ਹੀ ਪਾਈਆਂ ਜਾਂਦੀਆਂ ਹਨ। ਮਾਰੂਤੀ ਹੀ ਇੱਕ ਅਜਿਹੀ ਕੰਪਨੀ ਹੈ, ਜੋ ਭਾਰਤੀ ਕੰਪਨੀ ਹੈ। " ਪਿਛਲੇ "50-60" ਸਾਲਾਂ ਦੇ ਦੌਰਾਨ ਦੁਨੀਆਂ ਭਰ ਵਿੱਚ ਕਾਰਾਂ ਦੀ ਗਿਣਤੀ ਵਿਚ ਹੋਏ ਵਾਧੇ ਦੇ ਅੰਕੜੇ ਦੇਖੀਏ ਤਾਂ ਖਪਤ ਸਭਿਆਚਾਰ ਦੇ ਪਸਾਰ ਦੀ ਤਸਵੀਰ ਹੋਰ ਸਪੱਸ਼ਟ ਹੋ ਜਾਂਦੀ ਹੈ। ਸੰਨ 1950 ਵਿਚ ਅਮਰੀਕਾ ਵਿਚ ਰਜਿਸਟਰਡ ਕਾਰਾਂ ਦੀ ਗਿਣਤੀ 4 ਕਰੋੜ 90 ਲੱਖ ਸੀ। ਬੇਸ਼ੱਕ ਕੁਝ ਸਾਲ ਪਹਿਲਾਂ ਤੱਕ ਕਾਰਾਂ ਦੀ ਇਸ ਤਰ੍ਹਾਂ ਦੀ ਵਰਤੋਂ ਪੱਛਮ ਦੇ ਅਮੀਰ ਮੁਲਕਾਂ ਤੱਕ ਹੀ ਸੀਮਿਤ ਸੀ, ਪਰ ਹੁਣ ਕਾਰਾਂ ਦੀ ਗਿਣਤੀ ਵਿਕਾਸਸ਼ੀਲ ਦੇਸ਼ਾਂ ਵਿਚ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ।" *(ਬਲਬੀਰ ਪਰਵਾਨਾ. ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ 11)*

**ਘੜੀਆਂ ਦੇ ਬਰੈਂਡ**

ਰਾਡੋ ਮਾਰਕ ਜੇਕੋਬਸ

ਟੋਮੀ ਡੀਜ਼ਲ

ਸਵਿਸ

**ਔਰਤਾਂ ਦੇ ਪਰਸਾਂ ਦੇ ਬਰੈਂਡ**

ਚੈਨਲ ਪਰਾਦਾ

ਹਰਮਸ ਹੀਲਡੇ ਪਲੈਡੀਅਨ

ਫੰਡੀ ਲੁਈਸ ਵੀਯੁਟਨ

ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਬਹੁਤਾ ਬ੍ਰਾਂਡ ਦੇ ਮਗਰ ਨਹੀ ਲੱਗਣਾ ਚਾਹੀਦਾ ਹੈ।" *(ਅਮਨਦੀਪ ਕੌਰ. ਅਸਿਸਟੈਂਟ ਪ੍ਰੋਫੈਸਰ. ਐੱਸ. ਐੱਸ. ਗਰਲਜ਼ ਕਾਲਜ. ਬਠਿੰਡਾ)*

ਭਾਰਤ ਦੇ ਵਿੱਚ ਵਿਕਣ ਵਾਲੀਆਂ ਵਸਤਾਂ ਭਾਵੇਂ ਕਾਰ, ਪਰਸ, ਘੜੀਆਂ ਆਦਿ ਵਿਦੇਸ਼ੀ ਹੀ ਹਨ। ਇਹਨਾਂ ਦੀ ਵਿਕਰੀ ਹੱਦ ਤੋਂ ਵੱਧ ਹੈ। ਇਹਨਾਂ ਵਸਤਾਂ ਦੀ ਨਕਲ ਤਿਆਰ ਹੋ ਕੇ ਬਜ਼ਾਰਾਂ ਦੇ ਵਿੱਚ ਵਿਕ ਰਹੀ ਹੈ। ਇਹਨਾਂ ਵਸਤਾਂ ਦੀ ਵਰਤੋਂ ਕਰਨ ਵਾਲੇ ਨੀਚੇ ਦਰਜੇ ਦੇ ਗ਼ਰੀਬ ਹਨ। ਟੀ:ਵੀ ਉੱਤੇ ਵਿਗਿਆਪਨ ਆਉਣ ਕਾਰਨ ਦੋਵੇਂ ਵਰਗ ਹੀ ਖਿੱਚੇ ਜਾਂਦੇ ਹਨ। ਸਿਰਫ਼ ਫ਼ਰਕ ਇੰਨਾ ਹੈ ਕਿ ਗ਼ਰੀਬ ਕੋਲ ਖਰੀਦਣ ਦੀ ਸਮਰੱਥਾ ਨਹੀ ਹੁੰਦੀ ਤੇ ਉਹ ਇਹਨਾਂ ਵਸਤਾਂ ਦੀ ਨਕਲ ਪਾ ਕੇ ਆਪਣੇ ਮਨ ਦੀ ਤਮੰਨਾ ਨੂੰ ਪੂਰਾ ਕਰਦੇ ਹਨ। "ਲੋਕ ਸਦੀਆਂ ਤੋਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਵਸਤਾਂ/ਸੇਵਾਵਾਂ ਦਾ ਇਸਤੇਮਾਲ ਕਰਦੇ ਆਏ ਹਨ, ਪਰ ਖਪਤਕਾਰ ਸਭਿਆਚਾਰ ਦੀ ਸ਼ੁਰੂਆਤ 1950ਵਿਆਂ ਵਿੱਚ ਮੰਨੀ ਜਾਂਦੀ ਹੈ ਅਤੇ ਉਸ ਸਮੇਂ ਤੋ ਲੈ ਕੇ ਹੁਣ ਤੱਕ ਇਸ ਨਾਟਕੀ ਪੱਧਰ ਦਾ ਪਸਾਰ ਹੋਇਆ ਹੈ।"*(ਬਲਬੀਰ ਪਰਵਾਨਾ. ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ 11)*

ਬਰੈਂਡ ਬੇਸ਼ੱਕ ਕਿਸੇ ਵੀ ਕੰਪਨੀ ਦਾ ਹੋਵੇ, ਉਹਨਾਂ ਵਸਤਾਂ ਨੂੰ ਵਿਦੇਸ਼ੀ ਚਿੰਨ੍ਹ ਨਾਲ ਸਜਾਇਆ ਜਾਂਦਾ ਹੈ। ਭਾਰਤ ਦੇ ਵਿੱਚ ਵਿਕਣ ਵਾਲੇ ਜ਼ਿਆਦਾ ਬਰੈਂਡ ਵਿਦੇਸ਼ੀ ਹੀ ਹਨ। ਇਹਨਾਂ ਨੂੰ ਵੇਚਣ ਵਾਲੇ ਵਿਕਸਿਤ ਦੇਸ਼ ਦੇ ਹੀ ਮਾਲਕ ਹਨ ,ਜਿਵੇਂ ਕਿ ਅਮਰੀਕਾ, ਕੈਨੇਡਾ, ਚੀਨ ਆਦਿ । ਇਹਨਾਂ ਦੇਸ਼ਾਂ ਦੀਆਂ ਵਸਤਾਂ ਨੂੰ ਖਰੀਦ ਕੇ ਆਪਣੇ ਦੇਸ਼ ਦਾ ਧੰਨ ਉਹਨਾਂ ਦੇਸ਼ਾਂ ਨੂੰ ਭੇਜ ਰਹੇ ਹਾਂ। ਪੰਜਾਬੀ ਕਿਸੇ ਨਾ ਕਿਸੇ ਤਰੀਕੇ ਆਪਣੇ ਸ਼ਾਨੋ-ਸ਼ੌਕਤ ਦਾ ਦਿਖਾਵਾ ਕਰ ਹੀ ਜਾਂਦੇ ਹਨ। ਅਮੀਰ ਵਰਗ ਵੱਡੀਆਂ ਵੱਡੀਆਂ ਗੱਡੀਆਂ ਦੇ ਸ਼ੌਕੀਨ ਹਨ। ਪੰਜਾਬ ਦੇ ਵਿੱਚ ਅਮੀਰ ਵਰਗ ਹੀ ਦਿਖਾਵੇ ਲਈ ਗੱਡੀਆਂ ਰੱਖਦਾ ਹੈ। "ਲੁਧਿਆਣਾ ਇੱਕ ਅਜਿਹਾ ਸ਼ਹਿਰ ਹੈ, ਜਿੱਥੇ ਸਭ ਤੋਂ ਵੱਧ ਮਰਸਡੀਜ਼ ਕਾਰਾਂ ਦੀ ਵਿਕਰੀ ਹੋਈ ਹੈ। ਪੰਜਾਬੀਆਂ ਦਾ ਮੁੱਖ ਮੰਤਵ ਹੈ, ਜੇ ਤੁਹਾਡੇ ਕੋਲ ਕੁਝ ਹੈ ਉਹ ਦਿਖਾਉਣ ਲਈ ਹੈ, ਤਾਂ ਉਸ ਨੂੰ ਦਿਖਾਉ। ਕਾਰਾਂ ਕੰਪਨੀਆਂ ਦੇ ਨਿਰਮਾਤਾ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹਨ, ਉਹ ਹਰ ਮਹਿੰਗੀ ਤੋਂ ਮਹਿੰਗੀ ਕਾਰਾਂ ਦੇ ਸ਼ੋਅਰੂਮ ਲਗਾਉਣ ਦੇ ਲਈ ਤਤਪਰ

ਹਨ।" *(Vikas Kahol. Punjabi's love to share flaunt their cars. 29. Sept 2010. www.indiatoday)*

ਪੰਜਾਬੀ ਬਰੈਂਡ ਦੇ ਪਿੱਛੇ ਭੱਜਦੇ ਭੱਜਦੇ ਆਪਣੇ ਮਨ ਦੀ ਸੁੰਦਰਤਾ ਨੂੰ ਗੁਆ ਬੈਠੇ ਹਨ। ਪੰਜਾਬੀਆਂ ਦੇ ਮਨ ਅੰਦਰ ਹੀ ਨਹੀ ਸਗੋਂ ਬਾਹਰੀ ਸੁੰਦਰਤਾ ਨੇ ਨਕਲੀ ਬਣਾਉਟੀਪਨ ਦਾ ਰੂਪ ਧਾਰਨ ਕਰ ਲਿਆ ਹੈ। ਉਹਨਾਂ ਦੇ ਵਿੱਚ ਆਪਣੇ ਆਪ ਨੂੰ ਉੱਚਾ ਦਿਖਾਉਣ ਲਈ ਵਿਦੇਸ਼ੀ ਵਸਤਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਾਨਵ ਦੀ ਮਾਨਸਿਕਤਾ ਗਿਰ ਚੁੱਕੀ ਹੈ। ਹਰ ਵਰਗ ਦੀ ਜ਼ੁਬਾਨ ਉੱਤੇ ਬਰੈਂਡ ਦਾ ਨਾਂ ਛਾਇਆ ਹੋਇਆ ਹੈ ਭਾਵੇ ਬੱਚਾ, ਜਵਾਨ ਜਾਂ ਬੁੱਢਾ ਹੀ ਕਿਉਂ ਨਾ ਹੋਵੇ। ਉਹਨਾਂ ਦਾ ਪਹਿਰਾਵਾ ,ਮਹਿੰਗੀ ਗੱਡੀ ਆਦਿ ਨੌਜਵਾਨ ਵਰਗ ਦੇ ਸੁਪਨੇ ਬਣ ਗਏ ਹਨ। ਇਹ ਪੀੜ੍ਹੀ ਇਹਨਾਂ ਵਰਤਾਰਿਆਂ ਦੇ ਪਿੱਛੇ ਲੁਕੇ ਹੋਏ ਉਹਨਾਂ ਅਣਜਾਣਿਆਂ ਦਾ ਚਿਹਰਾ ਨਾ ਤਾਂ ਦੇਖਣਾ ਚਾਹੁੰਦੀ ਹੈ ਅਤੇ ਨਾਂ ਹੀ ਅਸਲੀਅਤ ਦੇ ਪਹਿਲੂਆਂ ਨੂੰ ਸਮਝਣਾ ਚਾਹੁੰਦੀ ਹੈ। ਉਦਾਹਰਨ ਦੇ ਤੌਰ ਤੇ ਕੁੜਤਾ ਪਜਾਮਾ ਪੰਜਾਬੀਆ ਦੇ ਪਰੰਪਰਾਗਤ ਪਹਿਰਾਵੇ ਦਾ ਹਿੱਸਾ ਰਿਹਾ ਹੈ। "ਪੰਜਾਬ ਦੇ ਵਿੱਚ ਨਵੇਂ ਸ਼ੌਕੀਨ ਮੁੰਡਿਆਂ ਵਿੱਚ ਕੈਜ਼ੂਅਲ ਫੈਸ਼ਨ ਦਾ ਅਸਰ ਵੱਧਦਾ ਜਾ ਰਿਹਾ ਹੈ। ਕਮੀਜ਼ ਦੇ ਪੈਂਟਾਂ ਨਾਲੋਂ ਡੀਜਾਈਨਰ ਕਿਸਮ ਦੀਆਂ ਟੀ- ਸ਼ਰਟਾਂ ਅਤੇ ਜੀਨ ਤੇ ਕਾਰਗੋ ਪੈਟਾਂ ਦਾ ਰਿਵਾਜ ਵੱਧਦਾ ਚਲਾ ਜਾ ਰਿਹਾ ਹੈ। ਅੱਜ ਕੱਲ੍ਹ ਕੁੜੀਆਂ ਨੇ ਫੈਸ਼ਨ ਦੇ ਵਿੱਚ ਡੀਜਾਈਨਰ ਪੈਂਟਾਂ/ਜੀਨ ਤੇ ਟਾਪ ਪਾਉਣੇ ਸ਼ੁਰੂ ਕਰ ਦਿੱਤੇ ਹਨ।" *(ਵਿਸ਼ਵੀਕਰਨ ਦੇ ਦੌਰ ਅੰਦਰ ਪੰਜਾਬੀਅਤ ਤੇ ਪੰਜਾਬੀ ਸਭਿਆਚਾਰ ਨੂੰ ਲੱਗ ਰਹੀ ਢਾਅ ਚਿੰਤਾ ਦਾ ਵਿਸ਼ਾ. ਪੰਜਾਬ ਕੇਸਰੀ)*

ਉਹਨਾਂ ਦੁਆਰਾ ਵੇਚੀਆਂ ਜਾਂਦੀਆਂ ਵਸਤਾਂ ਦੇ ਨਾਲ ਵਿਕਾਸਸ਼ੀਲ ਦੇਸ਼ਾਂ ਦੇ ਉਦਯੋਗਾਂ ਨੂੰ ਨੁਕਸਾਨ ਪਹੁੰਚਦਾ ਹੈ। ਵਿਕਸਿਤ ਦੇਸ਼ ਆਪਣੀਆਂ ਵਸਤਾਂ ਅਤੇ ਬਰੈਂਡਿਡ ਦੀ ਚਕਾਚੌਂਧ ਵਿਕਾਸਸ਼ੀਲ ਦੇਸ਼ਾਂ ਦੇ ਵਸਨੀਕਾਂ ਉੱਤੇ ਪਾ ਕੇ ਆਪਣੀ ਮੰਡੀ ਦਾ ਵਿਸਥਾਰ ਕਰਦੇ ਹਨ। ਆਮ ਵਰਗ ਉਹਨਾਂ ਦੀ ਸੋਚਣੀ ਨੂੰ ਸਮਝਣ ਦੇ ਵਿੱਚ ਅਸਮਰੱਥ ਜਾਪਦਾ ਲੱਗਦਾ ਹੈ। " ਉਦਯੋਗੀਕਰਨ ਅਤੇ ਸੰਚਾਰ ਕ੍ਰਾਂਤੀ ਦੇ ਆਉਣ ਨਾਲ ਮਨੁੱਖੀ ਜੀਵਨ ਅਤੇ ਸਭਿਆਚਾਰ ਦੇ ਵਿੱਚ ਵੱਡੇ ਪੱਧਰ ਤੇ ਤਬਦੀਲੀ ਵਾਪਰੀ ਹੈ। Reimund Kvideland ਦੇ ਅਨੁਸਾਰ: ਪਿਛਲੇ ਇਕ ਡੇਢ ਦਹਾਕੇ ਦੌਰਾਨ ਹੋਏ ਤਕਨੀਕੀ ਆਵਿਸ਼ਕਾਰਾਂ ਨਾਲ ਸਾਡੀ ਰੋਜ਼ਾਨਾ ਦੀ

ਜ਼ਿੰਦਗੀ ਅਤੇ ਸਾਡੇ ਕੰਮ ਕਰਨ ਦੇ ਹਲਾਤ ਵਿਚ ਸੁਧਾਰ ਅਤੇ ਬਦਲਾਅ ਆਇਆ ਹੈ।" *(ਉਤਰ-ਆਧੁਨਿਕਤਾ ਅਤੇ ਈ- ਲੋਕਧਾਰਾ 8)*

**ਹ)** **ਸਟੇਟਸ** : ਮਾਨਵ ਜੀਵਨ ਦਾ ਕੋਈ ਪਹਿਲੂ ਖਪਤ ਸਭਿਆਚਾਰ ਦੇ ਪ੍ਰਭਾਵ ਤੋਂ ਅਛੂਤਾ ਨਹੀ ਰਹਿ ਸਕਿਆ ਹੈ। ਮਨੁੱਖੀ ਜੀਵਨ ਦਾ ਰੁਤਬਾ ਵੀ ਇਸ ਪੱਖ ਤੋਂ ਅਣਛੂਹਿਆ ਨਹੀ ਰਹਿ ਸਕਿਆ ਹੈ। ਪੰਜਾਬੀ ਆਪਣੇ ਰੁਤਬੇ ਲਈ ਪਹਿਲਾਂ ਹੀ ਜਾਣੇ ਜਾਂਦੇ ਹਨ। ਉਹ ਆਪਣੇ ਰੁਤਬੇ ਲਈ "ਮਰ-ਮਿਟਣ" ਲਈ ਤਿਆਰ ਰਹਿੰਦੇ ਹਨ। ਰੁਤਬੇ ਨੂੰ ਅੰਗਰੇਜ਼ੀ ਦੇ ਵਿਚ 'ਸਟੇਟਸ' ਕਿਹਾ ਜਾਂਦਾ ਹੈ। 20 ਵੀਂ ਸਦੀ ਦੇ ਵਿੱਚ ਪ੍ਰਭਾਵਸ਼ਾਲੀ ਸ਼ਬਦ ਵਜੋਂ ਉਭਰ ਕੇ ਸਾਹਮਣੇ ਆਇਆ। "ਸਟੇਟਸ ਸ਼ਬਦ ਲੈਟਿਨ ਭਾਸ਼ਾ ਦੇ ਸ਼ਬਦਾਂ ਤੋਂ Condition, State, Estate ਤੋਂ ਜਿਉਂ ਦਾ ਤਿਉਂ ਆਪਣਾ ਲਿਆ ਗਿਆ। 18 ਵੀਂ ਸਦੀ ਦੇ ਵਿਚ ਸਟੇਟਸ ਨੂੰ ਅਧਿਕਾਰ, ਕਰਤੱਵ, ਕਾਬਲੀਅਤ, ਜਾਂ ਸਮਰੱਥ ਬਣਾਉਣ ਵਜੋਂ ਵੀ ਵਰਤਿਆ ਗਿਆ ਸੀ। ਸਮਾਜਕ ਤੌਰ ਤੇ ਸਟੇਟਸ ਸ਼ਬਦ ਗ਼ੁਲਾਮੀ ਤੋਂ ਮੁਕਤੀ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਸੀ।" *(Raymond William. Keywords Vocabulary A Of Culture And Society 251)*

ਇਹ ਸ਼ਬਦ ਵਿਅਕਤੀ ਦੇ ਮਾਣ- ਸਨਮਾਣ ਲਈ ਵਰਤਿਆਂ ਜਾਂਦਾ ਹੈ। ਸਟੇਟਸ ਜਾਂ ਰੁਤਬਾ ਉਹ ਸ਼ਬਦ ਹੈ, ਜੋ ਕਿਸੇ ਵਿਅਕਤੀਆਂ ਦੀਆਂ ਸਮਾਜਕ, ਆਰਥਕ ਤੇ ਰਾਜਨੀਤਿਕ ਜ਼ਿੰਮੇਵਾਰੀਆਂ ਨੂੰ ਦਰਸਾਉਂਦਾ ਹੈ। ਹਰ ਇੱਕ ਵਿਅਕਤੀ ਦਾ ਨਿੱਜੀ ਪੱਧਰ ਉੱਤੇ ਆਪਣਾ ਇੱਕ ਰੁਤਬਾ ਹੈ। "ਸਟੇਟਸ ਸਿੰਬਲ ਸਰਵਵਿਆਪਕ ਤੌਰ 'ਤੇ ਸਮਾਜਕ ਪਹਿਚਾਣ ਦੇ ਦਰਜੇ ਨੂੰ ਸਥਾਪਿਤ ਕਰਦਾ ਹੈ।" *(Jean Baudrillard. The System Of Object 212)*

ਸਮਾਜ ਦੇ ਵਿੱਚ ਵਿਅਕਤੀ ਦਾ ਰੁਤਬਾ ਉਸ ਦੀਆਂ ਨੈਤਿਕ ਜ਼ਿੰਮੇਵਾਰੀਆਂ ਤੇ ਕਦਰਾਂ-ਕੀਮਤਾਂ ਦਾ ਪ੍ਰਤੀਕ ਬਣਦਾ ਹੈ। ਵਰਤਮਾਨ ਦੇ ਵਿੱਚ 'ਸਟੇਟਸ ਦੀ ਅਸਲੀਅਤ ਕੁਝ ਹੋਰ ਹੈ। ਖਪਤ ਸਭਿਆਚਾਰ ਦੇ ਵਿੱਚ ਮਨੁੱਖ ਦਾ ਵਿਅਕਤੀਤਵ ਕਦਰਾਂ ਕੀਮਤਾਂ ਦੇ ਨਾਲ ਨਹੀ ਸਗੋਂ ਪਦਾਰਥ ਨਾਲ ਜੁੜਿਆ ਹੋਇਆ ਪੇਸ਼ ਹੁੰਦਾ ਹੈ। ਇਸ ਵਰਤਾਰੇ ਦੇ ਵਿਚ ਮਨੁੱਖੀ ਇਮਾਨ ਪਦਾਰਥਾਂ ਦੇ ਆਲੇ-ਦੁਆਲੇ ਕੇਂਦਰਿਤ ਰਹਿ ਗਿਆ ਹੈ। ਇਹ ਵਰਤਾਰਾ ਵਸਤਾਂ ਨੂੰ ਉਪਭੋਗੀ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ। ਵਸਤ ਜਾਂ ਪਦਾਰਥ ਹੀ ਵਿਅਕਤੀ

ਦੇ ਰੁਤਬੇ ਨੂੰ ਬਿਆਨ ਕਰਦੇ ਹਨ ਨਾ ਕਿ ਉਸ ਦੀ ਸਮਾਜ ਦੇ ਵਿੱਚ ਨੈਤਿਕ ਕਦਰਾਂ-ਕੀਮਤਾਂ ਦੇ ਕਰਕੇ ਬਣੀ ਸ਼ਾਖ ਪਹਿਚਾਣ ਦਿੰਦੀ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ 'ਖਪਤ ਸਭਿਆਚਾਰ ਦੇ ਕਾਰਨ ਕਦਰਾਂ-ਕੀਮਤਾਂ ਉੱਤੇ ਪ੍ਰਭਾਵ ਤਾ ਪੈਦਾ ਹੈ, ਪਰ ਜਲਦੀ ਨਾਲ ਕੋਈ ਸਭਿਆਚਾਰ ਖ਼ਤਮ ਨਹੀ ਹੁੰਦਾ ਹੈ।' *(ਪਰਮਜੀਤ ਕੌਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)*

ਇਹ ਤਾਂ ਸਪੱਸ਼ਟ ਹੈ ਕਿ ਵਿਅਕਤੀ ਦੀ ਪਹਿਲ ਵਸਤ ਹੋ ਗਈ ਹੈ। ਮਾਨਵ ਦੇ ਕੋਲ਼ ਜਿੰਨੀਆਂ ਵਸਤਾਂ ਜਾਂ ਪਦਾਰਥ ਹੋਣਗੇ ਓਨਾ ਹੀ ਉਸ ਦਾ ਉੱਚਾ ਰੁਤਬਾ ਹੋਵੇਗਾ। ਇਸ ਉੱਚੇ ਰੁਤਬੇ ਦਾ ਸੰਸਾਰ ਹਰ ਪੱਧਰ ਨੂੰ ਆਪਣੇ ਤਰਫ਼ ਆਕਰਸ਼ਿਤ ਕਰਦਾ ਹੈ। ਵਸਤਾਂ ਦੀ ਵਰਤੋਂ ਕਰਨ ਵਾਲੇ ਵਿਅਕਤੀ ਜਾਂ ਪਰਿਵਾਰਾਂ ਦੇ ਵਿਚਕਾਰ ਖਪਤ ਬਜ਼ਾਰ ਦੇ ਨਾਲ ਗੂੜਾ ਸੰਬੰਧ ਪੈ ਗਿਆ ਹੈ। ਬੱਚਤ ਕਰਨ ਦੀ ਬਜਾਏ ਵਸਤਾਂ ਖਰੀਦ ਦੀ ਪ੍ਰਵਿਰਤੀ ਵਧੇਰੇ ਹੋਣ ਕਾਰਨ ਖਪਤ ਬਜ਼ਾਰ ਅਧਿਕ ਸਰਗਰਮ ਰਹਿੰਦਾ ਹੈ। ਇਹਨਾਂ ਕਾਰਨਾਂ ਦੇ ਕਰਕੇ ਬਜ਼ਾਰ ਦੀ ਆਰਥਕ ਵਿਵਸਥਾ ਮਜ਼ਬੂਤ ਹੁੰਦੀ ਹੈ। ਮਨੱਖੀ ਜੀਵਨ ਸ਼ੈਲੀ ਇਸ ਗੱਲ ਉੱਤੇ ਵੀ ਨਿਰਭਰ ਕਰਦੀ ਹੈ ਕਿ ਮਾਨਵ ਨੂੰ ਕਿਹੜੀ ਵਸਤੂ ਕਿੱਥੋਂ ਤੇ ਕਿਉਂ ਖ਼ਰੀਦਣੀ ਚਾਹੀਦੀ ਹੈ। ਖਪਤ ਸਭਿਆਚਾਰ ਮਾਨਵ ਨੂੰ ਆਪਣੇ ਜੀਵਨ ਦੇ ਪ੍ਰਤੀ ਵਧੇਰੇ ਉਚੇਚ ਪ੍ਰਦਾਨ ਕਰ ਰਿਹਾ ਹੈ। ਬਜ਼ਾਰ ਦੇ ਵਿੱਚ ਲੋੜ ਨਾਲੋਂ ਵੱਧ ਤੇ ਭਿੰਨਤਾ ਭਰਪੂਰ ਵਸਤਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਡਾ. ਪਰਮਜੀਤ ਜੱਜ ਨਾਲ ਹੋਈ ਮੁਲਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ,"ਪੰਜਾਬੀਆਂ ਦੀ ਮਾਨਸਿਕਤਾ ਬਦਲੀ ਨਹੀ ਸਿਰਫ਼ ਬਾਹਰੀ ਰੂਪ ਹੀ ਬਦਲਿਆ ਹੈ। ਪੰਜਾਬ ਦਾ ਨੌਜਵਾਨ ਮਿਰਜ਼ੇ ਦਾ ਸ਼ਿਕਾਰ ਹੈ। ਮਿਰਜ਼ਾ ਜਿਹੜਾਂ ਬੱਘੀ ਤੇ ਸੀ, ਹੁਣ ਉਹ ਹੀ ਮਿਰਜ਼ਾ ਵੱਡੀਆਂ-ਵੱਡੀਆਂ ਗੱਡੀਆਂ ਉੱਤੇ ਆਉਂਦਾ ਹੈ। ਇਹੋ ਖਪਤ ਦਾ ਪੈਟਰਨ ਹੈ ਉਹੋ ਹੀ ਚਲ ਰਿਹਾ ਹੈ। ਸਾਡੇ ਸਮਾਜ ਨੇ ਇਸਨੂੰ ਸਵੀਕਾਰ ਵੀ ਕੀਤਾ ਹੈ।" *(ਚਿੰਤਕ)*

ਅੱਜ ਦੇ ਮਾਨਵ ਦੀ ਪ੍ਰਵਿਰਤੀ ਵੱਧ ਤੋਂ ਵੱਧ ਉੱਚਾ ਉੱਠਣ ਤੇ ਉੱਚਾ ਦਿਖਾਉਣ ਦੀ ਹੈ। ਵਸਤਾਂ ਦੇ ਰਾਹੀਂ ਮਨੁੱਖ ਆਪਣੀ ਅਮੀਰੀ ਤੇ ਉੱਚੇ ਰੁਤਬੇ ਦਾ ਪ੍ਰਗਟਾਵਾ ਕਰਦਾ ਹੈ। ਬਜ਼ਾਰ ਇਸੇ ਗੱਲ ਦਾ ਫ਼ਾਇਦਾ ਉਠਾਉਂਦਾ ਹੈ। ਮਨੁੱਖ ਭਰਮ ਭੁਲੇਖੇ ਦੇ ਵਿੱਚ ਪਾ ਕੇ ਵਸਤਾਂ ਵੇਚ ਲੈਂਦੇ ਹਨ। ਹੁਣ ਪੂਰਾ ਸਮਾਜ ਹੀ ਇਸੇ

ਪ੍ਰਵਿਰਤੀ ਦੇ ਅਨੁਸਾਰ ਜੀਅ ਰਿਹਾ ਹੈ। ਪਹਿਲਾਂ ਮਾਨਵ ਦੀ ਕਦਰ ਉਸ ਦੇ ਸਮਾਜ ਲਈ ਕੀਤੇ ਗਏ ਕੰਮ ਤੋਂ ਕੀਤੀ ਜਾਂਦੀ ਸੀ। ਅਜੋਕੀ ਪਹਿਚਾਣ ਪੈਸੇ ਦੇ ਸਹਾਰੇ ਹੋ ਗਈ ਹੈ। ਪੰਜਾਬੀ ਕਹਾਵਤ "ਜਿਸ ਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ"ਹੈ। ਸਮਾਜ ਵਿੱਚ ਮਾਨਵ ਦਾ ਰੁਤਬਾ ਪੈਸੇ ਦੇ ਸਹਾਰੇ ਹੋ ਗਿਆ ਹੈ।

ਡਾ: ਰਜਿੰਦਰਪਾਲ ਸਿੰਘ ਦੇ ਅਨੁਸਾਰ,

> ਇਹ ਸਿਸਟਮ ਅਸਲ ਵਿਚ ਮੁਨਾਫ਼ੇ ਉਪਰ ਆਧਾਰਿਤ ਹੈ। ਇਹ ਢੰਗ ਨਾਲ ਮੁਨਾਫ਼ਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੁਨਾਫ਼ੇ ਦੇ ਲਈ 'ਵਿਅਕਤੀ'ਨੂੰ ਵਸਤ ਦੇ ਤੌਰ ਤੇ ਵੇਚਣਾ ਕੋਈ ਹੈਰਾਨੀਜਨਕ ਗੱਲ ਨਹੀ ਹੈ।

*(ਉਤਰ-ਆਧੁਨਿਕਤਾ 34)*





**Figure 3.4 : ਸਟੇਟਸ ਨੂੰ ਦਿਖਾਉਣ ਲਈ ਵਸਤਾਂ**

ਦਰਸ਼ਨ ਸਿੰਘ ਗਿਆਨੀ ਨੇ ਰਿਸ਼ਤਿਆਂ ਨੂੰ ਅਹਿਮੀਅਤ ਦਰਸਾਉਂਦੇ ਹੋਏ ਇਕਾਂਗੀ ਆੜ੍ਹ ਦੇ ਵਿੱਚ ਕਿਹਾ ਹੈ ਕਿ,

"ਅਸਲ ਦੇ ਵਿੱਚ ਇਹ ਮਸ਼ੀਨੀ ਦੇਸ਼ ਹੈ, ਮਨੁੱਖੀ ਹਿਰਦੇ ਵੀ ਮਸ਼ੀਨੀ ਪੁਰਜ਼ਿਆਂ ਵਾਗ ਹੋ ਗਏ ਜਾਪਦੇ ਹਨ।" (*ਨਿਮਾਣੀ ਗਊਆਂ 108)*

ਖਪਤ ਸਮਾਜ ਮਾਨਵ ਨੂੰ ਹੀ ਕੇਂਦਰ ਦੇ ਵਿੱਚ ਰੱਖ ਕੇ ਚਲਦਾ ਹੈ। ਖਪਤ ਸਮਾਜ ਮਾਸ ਮੀਡੀਆ ਦੇ ਰਾਹੀਂ ਇਸ ਵਰਤਾਰੇ ਨੂੰ ਹੋਰ ਵਧਾ ਰਿਹਾ ਹੈ। ਵਪਾਰੀਆਂ ਦੇ ਵਲੋਂ ਵਸਤਾਂ ਨੂੰ ਚਿੰਨ੍ਹ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਜਿਵੇਂ ਕਿ ਵਸਤਾਂ ਨੂੰ ਤਿਉਹਾਰਾਂ ਆਦਿ ਦੇ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਚਿੰਨ੍ਹ ਮੁੱਲ ਵਿਵਸਥਾ ਦੇ ਵਿੱਚ ਖਪਤਕਾਰ ਦੀ ਆਪਣੀ ਇੱਛਾ ਸ਼ਕਤੀ ਦਾ ਕੋਈ ਮਹੱਤਵ ਨਹੀ ਹੁੰਦਾ। ਇਸ ਵਿਵਸਥਾ ਦੇ ਅਨੁਸਾਰ ਵਸਤ ਦੀ ਇੱਛਾ ਸ਼ਕਤੀ ਬਣਾਈ ਜਾਂਦੀ ਹੈ। ਮਾਨਵ ਦੇ ਰੁਤਬੇ ਨੂੰ ਚਿੰਨ੍ਹ ਦੇ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਸਰਮਾਏਦਾਰਾਂ ਨੇ ਚਿੰਨ੍ਹਾਂ ਦੇ ਰਾਹੀਂ ਮਨੁੱਖ ਨੂੰ ਨਿੱਜੀ ਗ਼ੁਲਾਮ ਬਣਾ ਕੇ ਰੱਖਿਆ ਹੈ। ਉਹਨਾਂ ਨੇ ਮਨੁੱਖ ਦੀ ਮਾਨਸਿਕਤਾ ਵਿੱਚ ਸਮਾ ਦਿੱਤਾ ਹੈ ਕਿ ਵਸਤ ਰੂਪ ਚਿੰਨ੍ਹ ਹੀ ਸਮਾਜ ਦੇ ਵਿੱਚ ਵਿਅਕਤੀ ਦੇ ਰੁਤਬੇ ਨੂੰ ਉੱਚਾ ਚੁੱਕ ਸਕਦੇ ਹਨ।

ਡਾ: ਰਾਜਿੰਦਰਪਾਲ ਸਿੰਘ ਬਰਾੜ ਦੇ ਅਨੁਸਾਰ,

> ਅੱਜ ਵਰਤੋਂ ਵਾਲੀ ਸੰਦਰਭਗਤ ਕੀਮਤ ਖਤਮ ਹੋ ਗਈ ਹੈ ਅਤੇ ਇਸ ਨੇ ਸੰਰਚਨਾਤਮਿਕ ਕੀਮਤ ਨੂੰ ਥਾਂ ਦੇ ਦਿੱਤੀ ਹੈ।......... ਹੁਣ ਸੰਰਚਨਾ ਤਹਿਤ ਕੀਮਤ ਕਿਸੇ ਅਸਲ ਦੀ ਥਾਂ ਤੇ ਨਹੀ ਸਗੋਂ ਹੁਣ ਕੀਮਤ ਸਾਪੇਖਕ, ਆਮ ਵਟਾਂਦਰਾ ਜੋੜ-ਤੋੜ ਨਕਲ ਬਣ ਗਈ ਹੈ।

*(ਉਤਰ- ਆਧੁਨਿਕਤਾ 13)*

ਇਸ ਦੇ ਪ੍ਰਭਾਵ ਹੇਠ ਮਾਨਵ ਹਰ ਉਹ ਵਸਤੂ ਆਪਣੇ ਘਰ ਰੱਖਣਾ ਚਾਹੁੰਦਾ ਹੈ ਜਿਸ ਦੇ ਰਾਹੀਂ ਉਸਦੀ ਸ਼ਖ਼ਸੀਅਤ ਜਾ ਰੁਤਬੇ ਨੂੰ ਚਾਰ ਚੰਨ ਲੱਗ ਸਕਣ। ਪੂੰਜੀਵਾਦ ਨੇ ਮਾਨਵ ਦੀ ਸੋਚਣੀ ਤੇ ਰਹਿਣੀ-ਬਹਿਣੀ 'ਤੇ ਅਜਿਹਾ ਅਸਰ ਕੀਤਾ ਹੈ ਹਰ ਕੋਈ ਵਸਤਾਂ ਨੂੰ ਹੀ ਪਹਿਲ ਦੇਣ ਲੱਗ ਪਿਆ ਹੈ। ਪੂੰਜੀਵਾਦ ਆਪਣੇ ਸੰਕਲਪਾਂ ਦੀ ਪੂਰਤੀ ਲਈ ਵਿਲੱਖਣ ਵਾਤਾਵਰਨ ਸਿਰਜ ਰਿਹਾ ਹੈ। ਜਿਨ੍ਹਾਂ ਦੇ ਰਾਹੀਂ ਉਹ ਆਪਣੇ ਉਦੇਸ਼ਾਂ ਦੀ ਪੂਰਤੀ ਕਰਨ ਦੇ ਨਾਲ ਨਾਲ ਆਪ ਹੋਰ ਅਮੀਰ ਹੋ ਰਹੇ ਹਨ। ਉਦਾਹਰਨ ਦੇ ਤੌਰ 'ਤੇ ਕਰਜ਼ੇ ਲੈ ਕੇ ਵੱਡੀਆ ਵੱਡੀਆ ਕੋਠੀਆ ਬਣਾ ਰਿਹਾ ਹੈ ਜਾਂ ਜ਼ਮੀਨਾਂ ਨੂੰ ਗਹਿਣੇ ਰੱਖ ਕੇ ਆਲੀਸ਼ਾਨ ਕੋਠੀਆ ਪਾਉਣ ਦੇ ਸੁਪਨੇ ਲੈ ਰਿਹਾ ਹੈ।

ਗੈਲਬਰੈਥ ਦੇ ਅਨੁਸਾਰ:

> ਵਸਤਾਂ ਦਾ ਉਤਪਾਦਨ ਉਹਨਾਂ ਜ਼ਰੂਰਤਾਂ/ ਚਾਹਤਾਂ ਦੀ ਪੂਰਤੀ ਕਰਦਾ ਹੈ ਜਿਹੜੀਆਂ ਜ਼ਰੂਰਤਾਂ/ਚਾਹਤਾਂ ਇਹਨਾਂ ਵਸਤਾਂ ਦੀ ਖਪਤ ਪੈਦਾ ਕਰਦੀ ਹੈ ਜਾਂ ਇਹਨਾਂ ਵਸਤਾਂ ਦੇ ਉਤਪਾਦਕ ਜੋੜ ਲਾਉਂਦਾ ਹੈ। ਉਤਾਪਦਨ ਹੋਰ ਜ਼ਰੂਰਤਾਂ/ ਚਾਹਤਾਂ ਪੈਦਾ ਕਰਦਾ ਹੈ ਅਤੇ ਹੋਰ ਉਤਾਪਦਨ ਲਈ ਲੋੜ ਪੈਦਾ ਕਰਦਾ ਹੈ।
>
> *(ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ 25)*

**ਕ) ਮਾਸ ਮੀਡੀਆ**: ਖਪਤ ਸਭਿਆਚਾਰ ਨੇ ਆਪਣੇ ਪ੍ਰਚਾਰ ਦੇ ਲਈ ਮਾਸ ਮੀਡੀਆ ਨੂੰ ਹਥਿਆਰ ਬਣਾਇਆ ਹੈ। ਮਾਸ ਮੀਡੀਆ ਦੇ ਅੰਤਰਗਤ ਸੰਚਾਰ ਦੇ ਸਾਧਨ ਆਉਂਦੇ ਹਨ। ਇਹ ਸੰਚਾਰ ਦੇ ਰਾਹੀਂ ਆਪਣੇ ਮੈਸੇਜ ਪੂਰੇ ਸੰਸਾਰ ਦੇ ਵਿੱਚ ਪਹੁੰਚਾਉਂਦਾ ਹੈ ਜਿਵੇ ਕਿ ਟੀ:ਵੀ, ਮੋਬਾਇਲ, ਵਿਗਿਆਪਨ, ਕੰਪਿਊਟਰ ਆਦਿ। ਇਹਨਾਂ ਦੇ ਰਾਹੀਂ ਵਸਤਾਂ ਨੂੰ ਪ੍ਰਚਾਰਨਾ ਸੌਖਾ ਹੋ ਗਿਆ ਹੈ। ਵਸਤਾਂ ਦਾ ਵਧੇਰੇ ਪ੍ਰਚਾਰ ਇਹਨਾਂ ਦੇ ਰਾਹੀਂ ਹੀ ਹੋ ਰਿਹਾ ਹੈ। ਵੱਡੀਆਂ- ਵੱਡੀਆਂ ਕੰਪਨੀਆਂ ਦੇ ਸ਼ੋਅ ਰੂਮ ਹਰ ਸ਼ਹਿਰ ਦੇ ਵਿੱਚ ਮਿਲ ਜਾਣਗੇ ਜਿਵੇਂ ਪੂਮਾ(Puma). ਐਡੀਦਾਸ (Adidas). (Nike) ਨਾਇਕ ਆਦਿ। ਕੰਪਨੀਆਂ ਦੇ ਹਰ ਦਿਨ-ਤਿਉਹਾਰ ’ਤੇ ਕੋਈ ਨਾ ਕੋਈ ਆਫ਼ਰ ਲੱਗੇ ਮਿਲ ਜਾਣਗੇ। ਸਰਮਾਏਦਾਰਾਂ ਨੇ ਹਰ ਭਾਂਤ ਦੇ ਸ਼ੋਅ ਰੂਮ ਖੋਲ੍ਹੇ ਹੋਏ ਹਨ। ਉਹਨਾਂ ਤੇ 50% ਜਾਂ 30% ਆਫ਼ਰ ਲੱਗੇ ਹੁੰਦੇ ਹਨ। ਹੇਠਲੇ ਪੱਧਰ ਦੇ ਲਈ ਮਹਿੰਗੀਆਂ ਵਸਤਾਂ ਖ਼ਰੀਦਣੀਆਂ ਆਸਾਨ ਨਹੀ ਹਨ। ਉਹ ਇਹਨਾਂ ਆਫ਼ਰ ਤੋਂ ਆਕਰਸ਼ਿਤ ਹੋ ਜਾਂਦਾ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, “ਵਸਤਾਂ ਉਪਰ ਲੱਗੇ ਆਫ਼ਰ ਕਾਰਨ ਅਸੀ ਆਕਰਸ਼ਿਤ ਤਾਂ ਹੁੰਦੇ ਹਾਂ ਪਰ ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਜਿਸ ਵਸਤ ਤੇ ਆਫ਼ਰ ਲੱਗਾ ਹੈ। ਉਸ ਵਸਤ ਦੀ ਜ਼ਰੂਰਤ ਹੈ, ਕਈ ਵਾਰ ਆਫ਼ਰ ਦੇ ਕਾਰਨ ਹੀ ਵਸਤ ਨੂੰ ਖਰੀਦ ਲੈਂਦੇ ਹਾਂ। ਪਰ ਬਾਅਦ ਦੇ ਵਿੱਚ ਉਹ ਸਾਡੇ ਕੰਮ ਨਹੀ ਆਉਂਦੀਆਂ।“ (ਪਰਮਜੀਤ ਕੌਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)

ਹੇਠਲਾ ਵਰਗ ਮਹਿੰਗੀਆਂ ਵਸਤਾਂ ਸਿਰਫ਼ ਸੇਲ ਤੇ ਹੀ ਖਰੀਦ ਸਕਦਾ ਹੈ। ਦਰਮਿਆਨੇ ਵਰਗ ਦੀ ਕਮਾਈ ਇੰਨੀ ਹੁੰਦੀ ਹੈ ਕਿ ਉਹ ਆਪਣੇ ਤਨਖ਼ਾਹ ਨਾਲ ਸ਼ੌਕ ਪੂਰੇ ਕਰ ਸਕਣ। ਸਿਰਫ਼ ਸੇਲ ਹੀ ਇਕ

ਅਜਿਹਾ ਮੌਕਾ ਹੈ, ਜਿੱਥੇ ਉਹ ਆਪਣੀ ਮਨਪਸੰਦ ਬਰੈਂਡਿਡ ਵਸਤ ਨੂੰ ਖਰੀਦ ਸਕਦਾ ਹੈ। ਇਸ ਸੇਲ ਦੇ ਵਿਚ ਆਮ ਵਰਗ ਜਾਣੇ ਜਾਂ ਅਣਜਾਣੇ ਦੇ ਵਿਚ ਕਈ ਵਾਰ ਠੱਗਿਆ ਵੀ ਜਾ ਸਕਦਾ ਹੈ ਅਤੇ ਕਈ ਵਾਰੀ ਠੱਗੀ ਵਾਪਰ ਵੀ ਜਾਂਦੀ ਹੈ।





**Figure 3.5 : ਵਸਤਾਂ ਦੀ ਵਿਕਰੀ ਸੇਲ 'ਤੇ**

ਪੰਜਾਬੀ ਵੀ ਵਸਤਾਂ ਦੇ ਪ੍ਰਤੀ ਆਕਰਸ਼ਿਤ ਹੋ ਰਹੇ ਹਨ। ਉਹਨਾਂ ਦਾ ਆਕਰਸ਼ਣ ਸੁਭਾਵਕ ਹੀ ਹੈ। ਬਜ਼ਾਰ ਦੇ ਵਿੱਚ ਦੁਕਾਨਾਂ ਦੇ ਬਾਹਰ ਵੀ ਸੇਲ ਦੇ ਵੱਡੇ ਵੱਡੇ ਹੋਡਿੰਗ ਲੱਗੇ ਹੁੰਦੇ ਹਨ। ਰੋਜ਼ਾਨਾ ਅਖ਼ਬਾਰ ਹਰ ਇੱਕ ਦੇ ਘਰ ਵਿਚ ਆਉਂਦਾ ਹੈ। ਉਸ ਦੇ ਵਿੱਚ ਸੇਲ ਦੇ ਨਮੂਨੇ ਭੇਜੇ ਜਾਂਦੇ ਹਨ। ਉਹਨਾਂ ਨਮੂਨਿਆਂ ਦੇ ਵਿੱਚ ਸੇਲ 50% ਦੀ ਛੋਟ ਦੱਸੀ ਹੁੰਦੀ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਵਸਤਾਂ ਉੱਤੇ ਲੱਗੇ ਆਫ਼ਰ 'ਤੇ ਆਕਰਸ਼ਿਤ ਨਹੀ ਹੋਣਾ ਚਾਹੀਦਾ ਕਿਉਂਕਿ ਜ਼ਰੂਰੀ ਨਹੀ ਕਿ ਆਫ਼ਰ 'ਚ ਲੱਗੀ ਹਰ ਵਸਤ ਚੰਗੀ ਹੀ ਨਿਕਲੇ। ਕਈ ਵਾਰ ਚੀਜ਼ ਹਲਕੀ ਵੀ ਨਿਕਲਦੀ ਹੈ।" *(ਬਲਜਿੰਦਰ ਕੌਰ. ਖੋਜ ਵਿਦਿਆਰਥੀ. ਗੁਰੂ ਨਾਨਕ ਦੇਵ ਯੂਨੀਵਰਸਿਟੀ)*

ਅਜੋਕਾ ਵਰਤਾਰਾ ਮਨੁੱਖ ਨੂੰ ਕਠਪੁਤਲੀ ਬਣਾ ਰਿਹਾ ਹੈ। ਮਾਨਵ ਪੂੰਜੀਪਤੀਆਂ ਦੇ ਹੱਥ ਦੀ ਕਠਪੁਤਲੀ ਬਣ ਕੇ ਨੱਚ ਰਿਹਾ ਹੈ। ਹਰ ਇੱਕ ਦੁਕਾਨ ਦੇ ਉੱਤੇ ਸਟੇਚਊ (ਬੁੱਤ) ਮੋਜੂਦ ਹਨ, ਇਹਨਾਂ ਸਟੇਚਊ ਨੂੰ ਸੋਹਣੇ ਕੱਪੜੇ ਪਾ ਕੇ ਸਜਾਇਆ ਜਾਂਦਾ ਹੈ ਅਰਥਾਤ ਇੱਕ ਦੁਲਹਨ ਦੀ ਭਾਂਤੀ ਹੋਵੇ। ਇਹਨਾਂ

ਸਟੇਚਊ ਨੂੰ ਦੇਖਿਆਂ ਬਗੈਰ ਰਹਿ ਹੀ ਨਹੀ ਸਕਦਾ। ਸੋ ਹਰ ਵਰਗ ਦਾ ਅਕਰਸ਼ਣ ਸੁਭਾਵਿਕ ਹੀ ਹੈ। ਅਮੀਰ ਵਰਗ ਹਰ ਕੀਮਤੀ ਵਸਤ ਨੂੰ ਕਿਸੇ ਵੀ ਵਕਤ ਖਰੀਦ ਸਕਦਾ ਹੈ। ਪਰੰਤੂ ਸਿਰਫ਼ ਦਰਮਿਆਨਾ ਵਰਗ ਹੀ ਹਰ ਪ੍ਰਕਾਰ ਦੀ ਕੀਮਤੀ ਵਸਤ ਨੂੰ ਸੇਲ ਦੇ ਵਿੱਚ ਹੀ ਖਰੀਦਣ ਦੀ ਸਮਰੱਥਾ ਰੱਖਦਾ ਹੈ। ਇਹ ਮਾਨਵ ਦੇ ਲਈ ਛਲਾਵਾ ਦ੍ਰਿਸ਼ਟੀ ਸਿਰਜ ਰਿਹਾ ਹੈ। ਇਸ ਅਕਰਸ਼ਣ ਦੇ ਚੱਕਰ ਵਿੱਚ ਮਨੁੱਖ ਭਰਮ ਭੁਲੇਖਿਆਂ ਦੇ ਵਿੱਚ ਫਸਿਆ ਰਹਿੰਦਾ ਹੈ।

ਬੋਦਰੀ ਲਾਰਦ ਖਪਤ ਦੇ ਵਰਤਾਰੇ ਨੂੰ ਡਿਜ਼ਨੀਲੈਂਡ ਦੇ ਛਲਾਵੇ ਦੇ ਰੂਪ ਵਿੱਚ ਪ੍ਰਸਤੁਤ ਕਰਦਾ ਹੈ। ਉਸਦੇ ਅਨੁਸਾਰ,"ਡਿਜ਼ਨੀਲੈਂਡ ਜੋ ਦਿਖਾ ਰਿਹਾ ਹੈ, ਉਹ ਸੱਚ ਹੈ, ਜੋ ਡਿਜ਼ਨੀਲੈਂਡ ਦੇ ਆਲੇ-ਦੁਆਲੇ ਲਾਜ ਏਂਜਲਜ਼ ਜਾਂ ਅਮਰੀਕਾ ਹੈ ਉਹ ਉਨਾ ਸੱਚ ਨਹੀ ਜਿਨ੍ਹਾਂ ਡਿਜ਼ਨੀਲੈਂਡ ਸੱਚ ਹੈ।" *(Simulacraand Simulation 13)*

ਮਨੁੱਖ ਇਸੇ ਭਾਂਤ ਦੇ ਛਲਾਵਿਆਂ ਦੇ ਵਿੱਚ ਅਕਸਰ ਆ ਜਾਂਦਾ ਰਿਹਾ ਹੈ। ਵਪਾਰੀ ਵਰਗ ਏਦਾਂ ਦੇ ਛਲਾਵੇ ਸਿਰਜਦਾ ਰਹਿੰਦਾ ਹੈ। ਇਸ ਦੇ ਰਾਹੀਂ ਉਹਨਾਂ ਦਾ ਵਪਾਰ ਚਲਦਾ ਹੈ। ਪੰਜਾਬ ਦੇ ਵਿੱਚ 'ਸਾਡਾ ਪਿੰਡ, 'ਰੰਗਲਾ ਪੰਜਾਬ ਹਵੇਲੀ, ਆਦਿ ਵੀ ਇਸੇ ਹੀ ਭਾਂਤ ਦਾ ਹਿੱਸਾ ਹੈ। ਇਹ ਪੰਜਾਬੀ ਸਭਿਆਚਾਰ ਦੀ ਜੀਵਨ ਸ਼ੈਲੀ ਨੂੰ ਤਾਂ ਪੇਸ਼ ਕਰਦਾ ਹੈ। ਅਸਲੀਅਤ ਵਿੱਚ ਇਹ ਵੀ ਮੰਡੀ ਦਾ ਹੀ ਇੱਕ ਰੂਪ ਹੈ। ਜਿੱਥੇ ਲੋਕ ਆਪਣੇ ਪੁਰਾਤਨ ਰਹਿਣੀ-ਬਹਿਣੀ ਨੂੰ ਦੇਖਣ ਜਾਂਦੇ ਹਨ। ਰੰਗਲਾ ਪੰਜਾਬ ਹਵੇਲੀ ਜਲੰਧਰ ਵਿਖੇ ਸਥਿਤ ਹੈ, ਇਹ ਅੰਤਰਰਾਸ਼ਟਰੀ ਸੜਕ 'ਤੇ ਬਣਿਆ ਹੋਇਆ ਹੈ। ਇਹ ਅੰਤਰਰਾਸ਼ਟਰੀ ਸੜਕ ਉੱਤੇ ਹੋਣ ਕਰਕੇ ਲੋਕ ਅਕਸਰ ਰੁਕ ਕੇ ਜਾਂਦੇ ਹਨ। ਵਪਾਰੀਆਂ ਵਲੋਂ ਖਪਤਕਾਰ ਨੂੰ ਅਕਰਸ਼ਣ ਦੇ ਵਿੱਚ ਫਸਾਉਣ ਦੇ ਢੰਗ ਤਰੀਕੇ ਆਉਂਦੇ ਹਨ। ਵਪਾਰੀ ਵਰਗ ਹਰ ਭਾਂਤ ਦਾ ਵਪਾਰ ਕਰਦਾ ਹੈ, ਜਿਸ ਦੇ ਰਾਹੀਂ ਆਮ ਜੀਵਨ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਬਣਾਇਆ ਜਾਂਦਾ ਰਹੇਗਾ। '

**ਖ) ਮੋਬਾਇਲ ਫੋਨਾਂ ਦਾ ਪ੍ਰਭਾਵ** : ਮੋਬਾਇਲ ਫੋਨਾਂ ਨੇ ਵੀ ਮਨੁੱਖੀ ਜੀਵਨ ਨੂੰ ਅਧਿਕ ਪ੍ਰਭਾਵਿਤ ਕੀਤਾ ਹੈ। ਆਧੁਨਿਕ ਵਕਤ ਦੀਆ ਨਵੀਆਂ ਤਕਨੀਕਾਂ ਦੇ ਵਿਚੋਂ ਇੱਕ ਹੈ। ਸੰਸਾਰ ਦਾ ਹਰ ਵਿਅਕਤੀ ਮੋਬਾਇਲ ਫ਼ੋਨ ਦੀ ਵਰਤੋਂ ਕਰ ਰਿਹਾ ਹੈ ਭਾਵੇਂ ਉਹ ਬੱਚੇ, ਬੁੱਢੇ, ਜਵਾਨ ਅਰਥਾਤ ਹਰ ਉਮਰ ਦੇ ਵਿਅਕਤੀ ਦੇ ਕੋਲ

ਫ਼ੋਨ ਮੋਜੂਦ ਹੈ। ਇੱਕ ਦੂਜੇ ਦੇ ਨਾਲ ਸੰਚਾਰ ਕਰਨ ਦੇ ਲਈ ਫ਼ੋਨ ਦੀ ਵਰਤੋਂ ਹੁੰਦੀ ਹੈ। ਤਕਨੀਕ ਪੜਾਅ ਦਰ ਪੜਾਅ ਤਬਦੀਲੀ ਹੁੰਦੀ ਰਹਿੰਦੀ ਹੈ। ਇਹਨਾਂ ਤਕਨੀਕਾਂ ਦੇ ਪ੍ਰਭਾਵ ਚੰਗੇ ਦੇ ਨਾਲ ਮੰਦੇ ਵੀ ਦੇਖਣ ਨੂੰ ਮਿਲਦੇ ਹਨ। "ਭਾਰਤ ਦੇ ਵਿੱਚ ਪਹਿਲਾ ਮੋਬਾਇਲ ਫ਼ੋਨ 31 ਜੁਲਾਈ 1995 ਨੂੰ ਲਾਂਚ ਕੀਤਾ ਗਿਆ।" *(www.news18.com)*

ਵਰਤਮਾਨ ਸਥਿਤੀ ਦੇ ਅਨੁਸਾਰ ਹਰ ਵਿਅਕਤੀ ਦੇ ਕੋਲ ਮੋਬਾਇਲ ਫ਼ੋਨ ਮੋਜੂਦ ਹੈ। ਅੱਜ ਮੋਬਾਇਲ ਦੀ ਵਰਤੋਂ ਇੰਟਰਨੈੱਟ, ਚੈਟ, ਫੋਟੋ ਜਾਂ ਕੁਝ ਦੇਖਣ ਦੇ ਲਈ ਕੀਤੀ ਜਾਂਦੀ ਹੈ।ਲੋਕ ਹਰ ਵਕਤ ਮੋਬਾਇਲ ਦੀ ਵਰਤੋਂ ਕਰ ਰਹੇ ਹਨ, ਜਿਵੇਂ ਕਿ ਟੀ:ਵੀ ਦੇਖਦੇ ਹੋਏ, ਰਸੋਈ ਦੇ ਵਿੱਚ ਕੰਮ ਕਰਦੇ ਹੋਏ, ਕਾਰ ਚਲਾਉਂਦੇ ਹੋਏ। ਅਜਿਹਾ ਕੋਈ ਵਕਤ ਨਹੀ ਹੋਵੇਗਾ ਜਦੋਂ ਕੋਈ ਮੋਬਾਇਲ ਉੱਤੇ ਨਾ ਲੱਗਿਆ ਹੋਵੇ। ਬੇਸ਼ੱਕ ਇਹ ਬਹੁਤ ਕੰਮ ਦੀ ਵਸਤ ਹੈ। ਮੋਬਾਇਲ ਦੀ ਬੇਲੋੜੀ ਵਰਤੋਂ ਨੇ ਮਨੁੱਖੀ ਜੀਵਨ ਉੱਤੇ ਅਸਰ ਪਾਇਆ ਹੈ। ਸਮਾਜ ਦੇ ਵਿੱਚ ਮੋਬਾਇਲ ਫੋਨਾਂ ਦੀਆਂ ਅਨੇਕਾਂ ਕੰਪਨੀਆਂ ਮਿਲ ਜਾਣਗੀਆਂ। ਮਾਰਕੀਟ ਦੇ ਵਿੱਚ 1000 ਤੋਂ ਲੈ ਕੇ 50,000 ਤੱਕ ਦੇ ਮੋਬਾਇਲ ਫ਼ੋਨ ਵਿਕਦੇ ਹਨ। ਕੰਪਨੀਆਂ ਖਪਤਕਾਰ ਨੂੰ ਸਸਤੇ ਤੋਂ ਸਸਤਾ ਮੋਬਾਇਲ ਫ਼ੋਨ ਵੇਚਦੀਆਂ ਹਨ।

ਫ਼ੋਨ ਮਨੁੱਖੀ ਜੀਵਨ ਸ਼ੈਲੀ ਦਾ ਵਿਭਿੰਨ ਅੰਗ ਬਣ ਗਿਆ ਹੈ। ਮਨੁਕਿਰ ਨਹੀ ਹੋਇਆ ਜਾ ਸਕਦਾ ਕਿ ਇਹ ਸਮੇਂ ਦੀ ਲੋੜ ਨੂੰ ਪੂਰਾ ਕਰਦਾ ਹੈ। ਇਹ ਹਰ ਚੰਗੇ ਜਾਂ ਮਾੜੇ ਵਕਤ ਦੇ ਵਿੱਚ ਕੰਮ ਆਉਂਦਾ ਹੈ। ਅੱਜ ਦੀ ਸਚਾਈ ਇਹ ਹੈ ਕਿ ਮੋਬਾਇਲ ਫ਼ੋਨ ਮਾਨਵ ਦੇ ਲਈ ਇੱਕ ਫ਼ੈਸ਼ਨ ਬਣ ਗਿਆ ਹੈ। ਮਾਨਵ ਨਵੀਂ ਤੋਂ ਨਵੀਂ ਮੋਬਾਇਲ ਦੀਆਂ ਤਕਨੀਕਾਂ ਨੂੰ ਵਰਤਣਾ ਚਾਹੁੰਦਾ ਹੈ। ਇਸ ਦੀ ਜ਼ਿਆਦਾ ਵਰਤੋਂ ਦੇ ਨਾਲ ਮਨੁੱਖੀ ਪੂੰਜੀ ਵੀ ਬਰਬਾਦ ਹੁੰਦੀ ਹੈ।

ਮੋਹਨ ਗਿੱਲ ਦੀ ਕਵਿਤਾ ਸੈਲਫੀ ਦੇ ਰਾਹੀਂ ਮਨੁੱਖ ਜੀਵਨ ਤਣਾਉ ਦੇ ਵਿੱਚ ਗੁਜ਼ਰਨ ਦਾ ਜ਼ਿਕਰ ਮਿਲਦਾ ਹੈ,

ਹੁਣ ਥਾਂ

ਆਪਣੀ ਫੋਟੋ ਵੀ

ਆਪ ਖਿੱਚਦਾ ਹੈ

*ਕਿੰਨਾ ਇਕੱਲਾ*

*ਹੋ ਗਿਆ ਹੈ ਆਦਮੀ।* (*https://www.punjabi-kavita.com/Punjabi-Poetry-Mohan-Gill.php#Mohan1*

ਮੋਬਾਇਲ ਫੋਨਾਂ ਦੀ ਜ਼ਿਆਦਾ ਵਰਤੋਂ ਨਾਲ ਮਾਨਵ ਦੇ ਨਾਲ ਮਾਨਵਤਾ ਵਾਲਾ ਸੰਬੰਧ ਖਤਮ ਹੋਣ ਦੇ ਕਿਨਾਰੇ ਖੜਾ ਹੈ। ਪਰਿਵਾਰਿਕ ਮੈਂਬਰ, ਦੋਸਤ ਮਿੱਤਰ ਆਦਿ ਕੋਈ ਵੀ ਹੋਵੇ ਸਭ ਦੇ ਹੱਥਾਂ ਵਿੱਚ ਮੋਬਾਇਲ ਜ਼ਰੂਰ ਹੋਵੇਗਾ। ਕਿਸੇ ਵੀ ਭਾਂਤ ਦੀ ਚਰਚਾ ਹੁੰਦੀ ਹੋਵੇ ਮਨੁੱਖ ਦਾ ਧਿਆਨ ਮੋਬਾਇਲ ਫ਼ੋਨ ਉੱਤੇ ਹੀ ਹੋਵੇਗਾ। ਉਹਨਾਂ ਦੇ ਘਰਾਂ ਦੇ ਵਿੱਚ ਟੀ:ਵੀ, ਐਲ .ਸੀ.ਡੀ, ਮੋਬਾਇਲ ਫੋਨ ਆਦਿ ਮੋਜੂਦ ਹੋਣਗੇ। ਇਹਨਾਂ ਅਤਿ-ਆਧੁਨਿਕ ਤਕਨੀਕਾਂ ਉੱਤੇ ਘੁੰਮਦੀਆਂ ਤਸਵੀਰਾਂ ਤਾਂ ਨਜ਼ਰ ਆਉਂਦੀਆਂ ਹੋਣਗੀਆਂ। ਸਮਾਜ ਦੇ ਵਿੱਚ ਮਾਨਵ ਇਕੱਲਤਾ ਦਾ ਸ਼ਿਕਾਰ ਜ਼ਿਆਦਾ ਹੋ ਰਿਹਾ ਹੈ। ਇਸ ਦੇ ਸਿੱਟੇ ਜ਼ਿਆਦਾਤਰ ਹਾਨੀਕਾਰਕ ਹੀ ਨਿਕਲੇ ਹਨ।"ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ ਤਕਨੀਕ ਦਾ ਸਹੀ ਉਪਯੋਗ ਕੀਤਾ ਜਾ ਰਿਹਾ ਹੈ, ਪਰ ਜ਼ਿਆਦਾ 'ਸਾਈਬਰ ਕ੍ਰਾਈਮ' ਵਿਚ ਇਸ ਦੀ ਭੂਮਿਕਾ ਜ਼ਿਆਦਾ ਖ਼ਤਰਨਾਕ ਹੈ।"(ਸੰਦੀਪ ਕੌਰ. ਖੋਜ ਵਿਦਿਆਰਥੀ. ਗੁਰੂ ਨਾਨਕ ਦੇਵ ਯੂਨੀਵਰਸਿਟੀ)

ਵਰਤਮਾਨ ਪੀੜ੍ਹੀ ਸੰਚਾਰ ਸਾਧਨਾਂ ਦੀ ਵਰਤੋਂ ਕਰਕੇ ਸੰਸਾਰ ਵਿੱਚ ਗੁੰਮ ਹੋ ਰਹੀਆ ਹਨ ਪਰ ਇਹ ਨਾਲ ਹੀ ਆਪਣਿਆਂ ਤੋਂ ਦੂਰ ਜਾ ਰਹੀਆਂ ਹਨ। ਉਹਨਾਂ ਨੂੰ ਮੋਬਾਇਲ, ਲੈਪਟਾਪ ਦੀਆਂ ਦੁਨੀਆਂ ਅਸਲ ਲੱਗਦੀਆਂ ਹਨ, ਵਰਤਮਾਨ ਤੋ ਕੋਹਾਂ ਦੂਰ ਜਾ ਰਹੇ ਹਨ। ਇਸੇ ਪ੍ਰਸੰਗ ਨੂੰ ਜਸਬੀਰ ਰਾਣਾ ਦੀ ਕਹਾਣੀ 'ਖ਼ਤ ਲਈ ਸ਼ੁਕਰੀਆ' ਹੈ,

> ਜੇਕਰ ਤੁਸੀ ਕੁਝ ਵੇਖਣਾ ਈ ਐ......ਕਿਤਾਬ ਪੜ੍ਹ ਕੇ ਭਗਤ ਸਿੰਘ ਦੀ ਫੋਟੋ ਵੇਖੋਂ.........! ਗਦਰੀ ਬਾਬਿਆਂ ਦਾ ਇਤਿਹਾਸ ਵੇਖੋਂ.......! ਉਨ੍ਹਾਂ ਦੀਆਂ ਕਿਤਾਬਾਂ ਪੜ੍ਹੋ! ਖਤ ਪੜ੍ਹੋ!..... ਇਹ ਨੀਲੀ ਫਿਲਮਾਂ ਦੇਖਣ ਵਾਲੀ ਕਦੇ ਇਨਕਲਾਬ ਨਹੀਂ ਕਰ ਸਕਦੀ!...ਇਨਕਲਾਬ ਖ਼ੂਨ ਮੰਗਦਾ ਹੈ।

*(ਬਿੱਲੀਆਂ ਅੱਖਾਂ ਦਾ ਜਾਦੂ 96)*

**ਗ) ਵਿਗਿਆਪਨਾਂ ਦਾ ਪ੍ਰਭਾਵ** : ਇਹ ਤਕਨੀਕਾਂ ਮਾਨਵ ਦੇ ਅੰਦਰ ਨੂੰ ਖੋਖਲਾ ਕਰਕੇ, ਨਿੱਜ ਦੇ ਪ੍ਰਤੀ ਪ੍ਰੇਰਿਤ ਕਰ ਰਹੀਆਂ ਹਨ। ਇਹਨਾਂ ਨਵੀਨ ਤਕਨੀਕਾਂ ਦੇ ਨਾਲ ਇੰਟਰਨੈੱਟ ਦੀ ਸੁਵਿਧਾਵਾਂ ਵੀ ਉਪਲਬਧ ਹੁੰਦੀਆਂ ਹਨ। ਮਾਨਵ ਸਹਿਜ ਸੁਭਾਵਿਕ ਹੀ ਉਤੇਜਿਤ ਹੋ ਕੇ ਗਲਤ ਜਾਂ ਮਾੜੇ ਰਾਹ ਪੈ ਰਿਹਾ ਹੈ। ਹਰ ਨਵੀਨ ਤਕਨੀਕ ਦੀ ਅਖ਼ਬਾਰਾਂ, ਟੀ:ਵੀ ਆਦਿ ਰਾਹੀਂ ਮਸ਼ਹੂਰੀ ਕੀਤੀ ਜਾਂਦੀ ਹੈ। ਟੀ:ਵੀ ਉੱਤੇ ਅਣਗਿਣਤ ਵਿਗਿਆਪਨ ਆਉਂਦੇ ਹਨ। ਉਹ ਵਿਗਿਆਪਨ ਮਸ਼ਹੂਰ ਫ਼ਿਲਮ ਜਾਂ ਟੀ:ਵੀ ਐਕਟਰਾਂ ਦੁਆਰਾ ਨਿਭਾਏ ਗਏ ਹੁੰਦੇ ਹਨ। ਐਕਟਰ ਮਾਨਵੀ ਜੀਵਨ ਨੂੰ ਆਪਣੇ ਅਭਿਨੈ ਰਾਹੀਂ ਪ੍ਰਸਤੁਤ ਕਰਦੇ ਹਨ। ਭਿੰਨ ਭਿੰਨ ਵਸਤਾਂ ਦੇ ਵਿਗਿਆਪਨ ਉਹਨਾਂ ਦੁਆਰਾ ਨਿਭਾਏ ਜਾਂਦੇ ਹਨ। ਪੂੰਜੀਵਾਦੀ ਮਾਨਵ ਨੂੰ ਪ੍ਰਭਾਵਿਤ ਕਰਨ ਦੇ ਲਈ ਐਕਟਰਾਂ ਨੂੰ ਚੁਣਦੇ ਹਨ। ਉਹਨਾਂ ਨੂੰ ਦੇਖ ਕੇ ਮਾਨਵ ਜਲਦੀ ਹੀ ਪ੍ਰਭਾਵਿਤ ਹੋ ਜਾਂਦਾ ਹੈ, ਵਸਤ ਭਾਵੇਂ ਚੰਗੀ ਹੋਵੇ ਜਾਂ ਮੰਦੀ ਵਿਅਕਤੀ ਉਸ ਨੂੰ ਜ਼ਰੂਰ ਖਰੀਦਦਾ ਹੈ। ਲੋਕ ਮਨ ਉਹਨਾਂ ਦੇ ਵਿਚੋਂ ਆਪਣੇ ਆਪ ਨੂੰ ਲੱਭਦਾ ਹੈ। ਵਿਗਿਆਪਨ ਦੇ ਰਾਹੀਂ ਮਾਨਵ ਨੂੰ ਉਪਭੋਗੀ ਬਣਾਇਆ ਜਾ ਰਿਹਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਮਾਨਵ ਖ਼ੁਦ ਵੀ ਉਪਭੋਗੀ ਬਣ ਕੇ ਖ਼ੁਸ਼ ਹੁੰਦਾ ਹੈ। ਪੂੰਜੀਵਾਦ ਨੇ ਮਾਨਵ ਜ਼ਰੂਰਤ ਨੂੰ 'ਹੌਬੀ'ਦੇ ਵਿੱਚ ਤਬਦੀਲ ਕਰ ਦਿੱਤਾ ਹੈ। ਮੀਡੀਆ ਵਸਤਾਂ ਦੀ ਵਧੇਰੇ ਮਾਰਕੀਟਿੰਗ ਕਰਕੇ ਵਸਤ ਨੂੰ ਮੰਡੀ ਦੀ ਹਰਮਨ ਪਿਆਰੀ ਵਸਤ ਬਣਾ ਦਿੰਦਾ ਹੈ। ਉਦਾਹਰਨ ਦੇ ਤੌਰ ਤੇ ਟੀ.ਵੀ ਜਾਂ ਫੇਸਬੁੱਕ ਲਕਸ ਦੇ ਵਿਗਿਆਪਨ ਨੂੰ ਮਾਧੁਰੀ ਤੋਂ ਲੈ ਕੇ ਪ੍ਰਣੀਤੀ ਚੋਪੜਾ ਨੂੰ ਕਰਦੇ ਦਿਖਾਇਆ ਜਾਂਦਾ ਹੈ। ਲਕਸ ਦੀ ਵਿਕਰੀ ਦੇ ਲਈ ਸੋਨੇ ਨੂੰ ਮੁਫ਼ਤ ਦੇ ਵਿੱਚ ਵੰਡਿਆ ਜਾਂਦਾ ਹੈ ਤਾਂ ਜੋ ਲੋਕ ਵੱਧ ਤੋਂ ਵੱਧ ਸਾਬਣ ਨੂੰ ਖਰੀਦਣ ਅਤੇ ਉਹਨਾਂ ਦੀ ਵਸਤੂ ਦੀ ਵਿਕਰੀ ਵਧੇਰੇ ਹੋਵੇ।

ਉਦਯੋਗਿਕ ਦੇ ਵਿੱਚ ਉੱਨਤੀ ਆਉਣ ਦੇ ਸਿੱਟੇ ਵਜੋਂ ਵਿਗਿਆਪਨਾਂ ਦੀ ਮਸ਼ਹੂਰੀ ਜ਼ਿਆਦਾ ਹੋਈ ਹੈ। ਮਾਨਵ ਨੂੰ ਵਸਤਾਂ ਦੀ ਲੋੜ ਤਾਂ ਪਹਿਲਾਂ ਵੀ ਹੁੰਦੀ ਸੀ।ਲੋੜ ਦੀ ਪੂਰਤੀ ਦੇ ਲਈ ਵਸਤਾਂ ਦਾ ਉਤਪਾਦਨ ਕੀਤਾ ਜਾਂਦਾ ਸੀ। ਕੰਪਨੀਆਂ ਧੜਾਧੜ ਵਸਤਾਂ ਦਾ ਉਤਪਾਦਨ ਕਰ ਰਹੀਆਂ ਹਨ। ਵਿਗਿਆਪਨਾਂ ਦੇ ਰਾਹੀਂ ਵਸਤਾਂ ਅਕਰਸ਼ਿਤ ਬਣਾ ਕੇ ਲੋਕ ਮਨ ਦੇ ਵਿੱਚ ਧੁਰ ਅੰਦਰ ਤੱਕ ਉਤਾਰਿਆਂ ਜਾਂਦਾ ਹੈ। ਕੰਪਨੀ ਮਾਨਵ

ਅੰਦਰ ਵਸਤ ਦੀ ਭੁੱਖ ਨੂੰ ਵਧਾਉਂਦੀ ਹੈ। ਉਹਨਾਂ ਵਸਤਾਂ ਨੂੰ ਚਿੰਨ੍ਹ ਦੇ ਰੂਪ ਵਿਚ ਮਨ ਵਿਚ ਵਸਾਇਆ ਜਾਂਦਾ ਹੈ।





**Figure 3.6 : ਹੀਰੋ ਹੀਰੋਇਨ ਦੇ ਦੁਆਰਾ ਵਿਕਰੀ**

ਉਦਯੋਗਪਤੀ ਵਿਗਿਆਪਨ ਦੇ ਵਰਤਾਰੇ ਦੇ ਰਾਹੀਂ ਇੱਕ ਭ੍ਰਾਂਤੀ ਦੀ ਸਿਰਜਣਾ ਕਰਦੇ ਹਨ। ਦਰਸ਼ਕ ਇਹਨਾਂ ਵਰਤਾਰਿਆਂ ਦੀ ਚਕਾਚੌਂਧ ਦੇ ਵਿੱਚ ਗੁੰਮ ਹੋ ਜਾਂਦਾ ਹੈ। ਕੰਪਨੀਆਂ ਲੋਕ ਨਾਇਕ ਨੂੰ ਆਪਣਾ ਪ੍ਰਤੀਨਿਧ ਬਣਾ ਕੇ ਪੇਸ਼ ਕਰਦੀਆਂ ਹਨ ਕਿ ਉਹਨਾਂ ਦੇ ਵਸਤ ਦੀ ਵਿਕਰੀ ਹੋ ਸਕੇ। ਸ਼ੁਰੂਆਤ ਤੋਂ ਹੀ ਲੋਕ ਨਾਇਕ ਦਾ ਕਹਿਣਾ ਲੋਕ ਮਨ ਮੰਨਦਾ ਆਇਆ ਹੈ। ਜੋ ਲੋਕ ਨਾਇਕ ਕਰਦਾ ਹੈ ਉਸੇ ਹੀ ਭਾਂਤ ਲੋਕ ਮਨ ਕਰਦਾ ਹੈ। ਵਰਤਮਾਨ ਦੇ ਵਿੱਚ ਲੋਕ ਨਾਇਕ ਵੀ ਵਿਕਦੇ ਹਨ। ਇਹ ਲੋਕ ਮਨ ਦੀ ਪ੍ਰਤੀਨਿਧ ਕਰਨ ਦੀ ਬਜਾਏ, ਆਪਣੇ ਆਪੇ ਨੂੰ ਮੰਡੀ ਦੇ ਵਿਚ ਵੇਚ ਰਿਹਾ ਹੈ। ਅਜਿਹਾ ਕਰਕੇ ਉਹ ਖਪਤ ਸਭਿਆਚਾਰ ਨੂੰ ਵਧਾਵਾ ਦੇ ਰਿਹਾ ਹੈ। ਇਹਨਾਂ ਤਕਨੀਕਾਂ ਦਾ ਹਾਂ-ਪੱਖੀ ਅਤੇ ਨਾਂ-ਪੱਖੀ ਪ੍ਰਭਾਵ ਪਿਆ ਹੈ। ਇਹਨਾਂ ਦੀ ਵਰਤੋਂ ਆਪਣੇ ਹੱਥ ਦੇ ਵਿੱਚ ਹੁੰਦੀ ਹੈ, ਕਿਵੇਂ ਇਹਨਾਂ ਦੀ ਵਰਤੋਂ ਕਰਨੀ ਹੈ। ਕਿਸ ਹੱਦ ਤੱਕ

ਵਰਤਣਾ ਚਾਹੀਦਾ ਹੈ। ਇਹਨਾਂ ਦੇ ਨਾਲ ਮਾਨਵ ਦੇ ਸਾਰੇ ਕੰਮ ਸੌਖੇ ਜ਼ਰੂਰ ਹੋ ਗਏ ਹਨ ਜਿਵੇਂ ਕਿ ਸਿੱਖਿਆ ਦੇ ਖੇਤਰ ਦੇ ਵਿੱਚ ਸਮਾਰਟ ਕਲਾਸ ਰੂਮ ਬਣਾ ਦਿੱਤੇ ਗਏ ਹਨ। ਜਿਸ ਨਾਲ ਬੱਚਿਆਂ ਦਾ ਪੜ੍ਹਣਾ ਅਤੇ ਪੜ੍ਹਾਉਣਾ ਸੌਖਾ ਹੋ ਗਿਆ ਹੈ।ਉੱਥੇ ਹੀ ਅਤਿ ਆਧੁਨਿਕ ਤਕਨੀਕਾਂ ਨੇ ਸਮਾਜ ਨੂੰ ਪ੍ਰਭਾਵ ਹੇਠ ਵੀ ਲਿਆ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਇਹਨਾਂ ਚੀਜ਼ਾਂ ਤੋਂ ਥੋੜ੍ਹਾ ਗੁਰੇਜ਼ ਕਰਨਾ ਚਾਹੀਦਾ ਹੈ। ਜ਼ਰੂਰਤ ਅਨੁਸਾਰ ਹੀ ਵਰਤੋਂ ਹੋਵੇ।" *(ਅਮਨਦੀਪ ਕੌਰ. ਅਸਿਸਟੈਂਟ ਪ੍ਰੋਫੈਸਰ.. ਐੱਸ. ਡੀ ਗਰਲਜ਼ ਕਾਲਜ, ਬਠਿੰਡਾ)*

ਜਦੋਂ ਵਰਤੋਂ ਸੰਭਾਲ ਕੇ ਨਾ ਹੋਵੇ, ਉਸ ਦਾ ਅਸਰ ਸਮਾਜ ਤੇ ਹੀ ਪੈਂਦਾ ਹੈ। ਸਮਾਜ ਦੇ ਵਿੱਚ ਅਕਸਰ ਉਹ ਘਟਨਾਵਾਂ ਸੁਣਨ ਨੂੰ ਮਿਲ ਜਾਂਦੀਆ ਹਨ ਜਿਹੜੀਆਂ ਇਹ ਤਕਨੀਕਾਂ ਦੀ ਵਰਤੋਂ ਕਰਕੇ ਹੀ ਵਾਪਰਦੀਆਂ ਹਨ। ਜਿਵੇਂ ਫ਼ੋਨ ਤੇ ਫੋਟੋ ਖਿੱਚਦੇ ਹੋਏ ਜਾਂ ਫ਼ੋਨ ਦੇ ਕਰਕੇ ਬੱਚਿਆ ਦੀਆਂ ਅੱਖਾਂ ਉੱਤੇ ਬੁਰਾ ਅਸਰ ਪੈਣ ਕਰਕੇ ਅੱਖਾਂ ਖ਼ਰਾਬ ਹੋਣ ਬਾਰੇ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ,"ਮੋਬਾਇਲ ਫ਼ੋਨ ਬੱਚਿਆਂ ਤੋਂ ਜਿੰਨਾ ਹੋ ਸਕੇ ਦੂਰ ਰੱਖਣਾ ਚਾਹੀਦਾ ਹੈ।" *(ਕੁਲਵਿੰਦਰ ਕੌਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)*

ਇਹਨਾਂ ਤਕਨੀਕਾਂ ਦਾ ਅਸਰ ਜ਼ਿਆਦਾ ਬੱਚਿਆਂ ਤੇ ਪਿਆ ਹੈ। ਇਸ ਦਾ ਵੀ ਇੱਕ ਕਾਰਨ ਹੈ ਕਿ ਰੁਝੇਵਿਆਂ ਦੇ ਕਰਕੇ ਬੱਚਿਆਂ ਦੇ ਵੱਲ ਮਾਪੇ ਧਿਆਨ ਨਹੀ ਦੇ ਪਾਉਂਦੇ ਹਨ। ਸਚਾਈ ਇਹ ਹੈ ਕਿ ਮਾਪੇ ਵਧੇਰੇ ਕਰਕੇ ਨੌਕਰੀ ਪੇਸ਼ੇ ਵਾਲੇ ਹਨ। ਉਹਨਾਂ ਦੇ ਕੋਲ ਇੰਨਾ ਵਕਤ ਨਹੀ ਹੈ ਕਿ ਉਹ ਆਪਣੇ ਬੱਚਿਆ ਦੇ ਵੱਲ ਧਿਆਨ ਦੇ ਸਕਣ। ਮਾਪੇ ਆਪਣੇ ਬੱਚਿਆਂ ਦੇ ਨਾਲ ਸੰਪਰਕ ਰੱਖਣ ਦੇ ਲਈ ਮੋਬਾਇਲ ਫ਼ੋਨ ਲੈ ਕੇ ਦੇ ਦਿੰਦੇ ਹਨ। ਬੱਚੇ ਆਪਣੇ ਆਪ ਵਿੱਚ ਹੀ ਗੁੰਮ ਹੋ ਕੇ ਰਹਿ ਜਾਂਦੇ ਹਨ। ਮੋਬਾਇਲ ਕਰਕੇ ਦਿਮਾਗੀ ਬਿਮਾਰੀ ਵੀ ਲੱਗ ਜਾਂਦੀ ਹੈ। ਭਰਵਾਈ ਹੋਈ ਪ੍ਰਸ਼ਨਾਵਲੀ ਕਥਨ ਅਨੁਸਾਰ, "ਹਾਂ, ਇਹ ਇੱਕ ਬਿਮਾਰੀ ਹੈ। ਜਿੱਥੇ ਇਸ ਦੇ ਫ਼ਾਇਦੇ ਵੀ ਹਨ, ਉਨਾ ਹੀ ਨੁਕਸਾਨ ਪਰ ਸਾਨੂੰ ਇਨ੍ਹਾਂ ਗੈਜਟ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। " *(ਗੁਰਪ੍ਰੀਤ ਕੌਰ. ਲਾਇਬ੍ਰੇਰਰੀਅਨ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ )*

ਮਨੁੱਖ ਜੀਵਨ ਸਾਧਾਰਨ ਹੀ ਰਹਿਣਾ ਚਾਹੀਦਾ ਹੈ। ਮਨੁੱਖ ਜੀਵਨ ਵਸਤਾਂ ਦੀ ਖਪਤ ਵਿੱਚ ਲੁਪਤ ਹੋ ਕੇ ਆਪਣਾ ਅਸਤਿਤਵ ਗੁਵਾ ਬੈਠੇਗਾ। ਬੇਸ਼ੱਕ ਲੋੜ ਕਾਢ ਦੀ ਮਾਂ ਹੈ। ਜੀਵਨ ਜਿਊਣ ਦੇ ਲਈ ਅਨੇਕਾਂ ਲੋੜਾਂ ਦੀ ਪੂਰਤੀ ਵਸਤਾਂ ਨਾਲ ਹੀ ਪੂਰੀ ਹੁੰਦੀ ਹੈ। ਇਹਨਾਂ ਦੀ ਵਰਤੋਂ ਮਨੁੱਖ ਦੇ ਹੱਥ ਵਿੱਚ ਹੁੰਦੀ ਹੈ।

ਘ) **ਖਾਣ ਪੀਣ ਉੱਤੇ ਪ੍ਰਭਾਵ: -** ਪੰਜਾਬੀ ਪਰੰਪਰਾਗਤ ਖਾਣ-ਪੀਣ ਉੱਤੇ ਪੱਛਮ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਪੰਜਾਬ ਦੇ ਮੱਖਣ ਸਾਗ ਲੱਸੀ ਮੱਕੀ ਦੀ ਰੋਟੀ, ਦਾਲ ਉੱਤੇ ਬਜ਼ਾਰੀ ਭੋਜਨ ਦੀ ਵਧੇਰੇ ਪ੍ਰਧਾਨਤਾ ਹੋ ਗਈ ਹੈ। ਪੀਜ਼ਾ, ਬਰਗਰ, ਮੌਮਸ ਆਦਿ ਦੀ ਜੀਵਨ ਦਾ ਹਿੱਸਾ ਬਣ ਗਈ ਹੈ। ਪੱਛਮੀ ਖਾਣੇ ਦੇ ਰੈਸਟੋਰੈਂਟ ਜਿਵੇਂ ਕਿ ਪੀਜ਼ਾ ਹੱਟ, ਡੌਮੀਨੋਜ ਆਦਿ ਬਹੁਤ ਪਾਏ ਜਾਣਗੇ। ਉਦਾਹਰਨ ਦੇ ਤੌਰ 'ਤੇ ਅਮੀਰ ਖਾਨ ਦੇ ਦੁਆਰਾ ਕੋਕਾ-ਕੋਲਾ ਦਾ ਵਿਗਿਆਪਨ ਕੀਤਾ ਗਿਆ ਸੀ। ਜਿਸ ਦੇ ਵਿੱਚ ਖੂਹ ਦੇ ਵਿੱਚੋਂ ਕੋਕਾ-ਕੋਲਾ ਕੱਢਿਆ ਗਿਆ ਸੀ। ਇਸ ਵਿਗਿਆਪਨ ਦੇ ਰਾਹੀਂ ਖੂਹ ਦੇ ਠੰਢੇ ਪਾਣੀ ਨਾਲੋਂ ਕੋਕਾ ਕੋਲਾ ਨੂੰ ਵਧੇਰੇ ਠੰਢਾ ਦਸਿਆ ਗਿਆ ਹੈ। ਇਸੇ ਤਰ੍ਹਾਂ ਹੀ ਫਾਰਚੂਨ ਬਰੈਂਡ ਦੇ ਵੱਲੋਂ ਖਿਚੜੀ ਦਾ ਪੈਕਟ ਕੱਢਿਆ ਗਿਆ। ਇਸ ਦੇ ਰਾਹੀਂ ਪੰਜਾਬੀ ਮਨ ਉੱਤੇ ਵਾਰ ਕੀਤਾ ਗਿਆ ਹੈ, ਖਿਚੜੀ ਨਾਲ ਸੰਬੰਧਿਤ ਸਮਾਨ ਘਰ ਵਿੱਚ ਤਿਆਰ ਕਰਨ ਦੀ ਲੋੜ ਨਹੀ ਬਜ਼ਾਰ ਤੋਂ ਹੀ ਬਣਾਇਆ ਹੋਇਆ ਮਿਲ ਜਾਵੇਗਾ। ਵਿਦੇਸ਼ੀ ਵਸਤਾਂ ਦੀ ਵਿਕਰੀ ਤੋਂ ਕੰਪਨੀਆਂ ਹਜ਼ਾਰਾਂ ਰੁਪਏ ਕਮਾ ਰਹੀਆ ਹਨ। ਪੰਜਾਬੀ ਰਹਿਣ –ਸਹਿਣ ਨੂੰ ਕਹਾਣੀਆਂ ਦੇ ਵਿੱਚ ਚਿਤਰਿਆ ਹੋਇਆ ਮਿਲ ਜਾਂਦਾ ਹੈ ਅਜਮੇਰ ਸਿੱਧੂ ਸ਼ਾਇਦ ਰੰਮੀ ਮੰਨ ਜਾਏ ਕਹਾਣੀ ਦੇ ਵਿੱਚ ਪੰਜਾਬੀ ਖਾਣ-ਪੀਣ ਨਾਲੋਂ ਪੱਛਮੀ ਖਾਣੇ ਨੂੰ ਦਰਸਾਇਆ ਗਿਆ ਹੈ ਕਿ,

> ਦੱਸ ਭਲਾ ਪਿਜ਼ੇ ਤੇ ਕੋਕ ਦਾ ਕੀ ਮੇਲ? ਚਾਹ ਜਾਂ ਗਰਮ
> ਦੁੱਧ ਨਾਲ ਹੀ ਇਦਾਂ ਦੀ ਚੀਜ਼ ਪਚਾਈ ਜਾ ਸਕਦੀ ਆਂ।
> ਮੈ ਕੋਕ ਪੀਣ ਤੋਂ ਡਰਾਂ ਮੁੰਡਾ/ਕੁੜੀ ਬੀਅਰ ਦੇ ਗਲਾਸ ਭਰ ਭਰ ਪੀਣ
> ਲੱਗੇ ਹੋਏ?

*(ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ 33)*

**ਙ) ਪਰੰਪਰਾਗਤ ਪਹਿਰਾਵਾ** : ਪੰਜਾਬ ਦਾ ਜੀਵਨ ਪਰੰਪਰਾਗਤ ਸ਼ੈਲੀ ਦਾ ਅਹਿਮ ਅੰਗ ਰਿਹਾ ਹੈ। ਪੱਛਮ ਦੇ ਪ੍ਰਭਾਵ ਹੇਠ ਇਹਨਾਂ ਦੀ ਵਰਤੋਂ ਘੱਟ ਗਈ ਸੀ। ਵਰਤਮਾਨ ਸਿਸਟਮ ਫਿਰ ਪਰੰਪਰਾਗਤ ਪਹਿਰਾਵੇ ਨੂੰ ਜੀਵਨ ਸ਼ੈਲੀ ਦਾ ਇੱਕ ਵਿਭਿੰਨ ਅੰਗ ਬਣਾ ਰਹੇ ਹਨ। ਜਿਵੇਂ ਕਿ ਫੁੱਲਕਾਰੀ, ਪੰਜਾਬੀ ਜੁੱਤੀ ਆਦਿ ਨੂੰ ਲੋਕਪ੍ਰਿਯ ਬਣਾਉਣ ਦੇ ਲਈ ਫੇਸਬੁੱਕ, ਇੰਸਟਾਗ੍ਰਾਮ ਉੱਤੇ *(Punjabi-jutti, Taurjuttis, rubbpunjabijuttiasr, fulkari-amritsari, fulkaripunjabi, raj-udyog,)* ਵੇਚਿਆ ਜਾਂਦਾ ਹੈ। ਲੋਕ ਵੀ ਪੇਜ ਉੱਤੇ ਮੈਸੇਜ ਪਾ ਕੇ ਆਨਲਾਈਨ ਫੁਲਕਾਰੀ ਤੇ ਪੰਜਾਬੀ ਜੁੱਤੀ ਮੰਗਵਾ ਲੈਂਦੇ ਹਨ। ਫੁਲਕਾਰੀ ਤੇ ਪੰਜਾਬੀ ਜੁੱਤੀ ਨੂੰ ਸਟਾਈਲ ਦੀ ਤਰ੍ਹਾਂ ਵੱਖੋ-ਵੱਖਰੇ ਢੰਗਾਂ ਨਾਲ ਵਰਤੋਂ ਕਰਦੇ ਹਨ। ਪਰੰਪਰਾਗਤ ਵਸਤ ਦਾ ਨਵੀਨੀਕਰਨ ਕਰਕੇ ਵੇਚਿਆ ਜਾਂਦਾ ਹੈ ਜਿਵੇਂ ਕਿ ਫੁਲਕਾਰੀ ਸੂਟ, ਕੁੜਤਾ, ਜੈਕਟ,ਆਦਿ। ਪੰਜਾਬੀ ਜੁੱਤੀ ਨੂੰ ਜ਼ੀਨ ਪੈਂਟ ਦੇ ਨਾਲ ਬੂਟਾਂ ਦੀ ਥਾਂ ਪਾਇਆ ਜਾਂਦਾ ਹੈ।

ਪ੍ਰੋ. ਹਰਜਿੰਦਰ ਸਿੰਘ ਦੀ ਧਾਰਨਾ ਹੈ ਕਿ,

> ਟੀ.ਵੀ ਚੈਨਲਾਂ, ਫਿਲਮਾਂ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਪ੍ਰਸਾਰੇ ਤੇ ਪ੍ਰਚਾਰੇ ਜਾ ਰਹੇ ਪਹਿਰਾਵਿਆਂ ਨੇ ਪੰਜਾਬੀ ਸਭਿਆਚਾਰ ਦੇ ਮੂਲ ਪਹਿਰਾਵਿਆਂ ਦਾ ਮੁਹਾਂਦਰਾ ਬਦਲ ਦਿੱਤਾ ਹੈ।

*(ਪੰਜਾਬੀ ਸਭਿਆਚਾਰ ਅਤੇ ਸਾਹਿਤ ਦੇ ਸੰਚਾਰ ਮਾਧਿਅਮ: ਗਲੋਬਲੀ ਪਰਿਪੇਖ 42)*

**ਚ) ਬਾਹਰੀ ਦਿਖਾਵਾ :-** ਪੰਜਾਬੀਆਂ ਦੇ ਵਿੱਚ ਬਾਹਰੀ ਦਿਖਾਵੇ ਨੂੰ ਵਧੇਰੇ ਮਹੱਤਵ ਦਿੱਤਾ ਜਾਣਾ ਸ਼ੁਰੂ ਹੋ ਗਿਆ ਹੈ। ਕਿਸਾਨਾਂ ਦੇ ਵੱਲੋਂ ਜ਼ਮੀਨਾਂ ਕੰਪਨੀਆਂ ਨੂੰ ਵੇਚ ਦਿੱਤੀਆ ਜਾਂਦੀਆਂ ਹਨ। ਉਹਨਾਂ ਜ਼ਮੀਨਾਂ ਦੇ ਉੱਤੇ ਪਲਾਟ ਕੱਟੇ ਜਾਂਦੇ ਹਨ। ਮਹਿੰਗੀਆਂ ਵਸਤਾਂ ਖਰੀਦ ਕੇ ਪੈਸਾ ਬਹੁਤ ਜਲਦੀ ਖ਼ਤਮ ਹੋ ਜਾਂਦਾ ਫਿਰ ਜ਼ਰੂਰਤਾਂ ਨਾ ਪੂਰੀਆ ਹੋਣ ਕਾਰਨ, ਮਨੁੱਖ ਵੱਲੋਂ ਖ਼ੁਦਕੁਸ਼ੀ ਤੱਕ ਕੀਤੀ ਜਾਂਦੀ ਹੈ।

**ਛ) ਪਰਵਾਸ ਦੀ ਧਾਰਨਾ** : ਸਟੱਡੀ ਵੀਜ਼ੇ ਦੇ ਜਦੋਂ ਤੋਂ ਬੰਨ੍ਹ ਖੁੱਲ੍ਹੇ ਹਨ ਉਦੋਂ ਤੋਂ ਪੰਜਾਬ ਦੇ ਪਿੰਡਾਂ ਦੇ ਮੁੰਡੇ ਵਿਦੇਸ਼ਾਂ ਦੇ ਸੁਪਨੇ ਵੇਖਣ ਲੱਗ ਪਏ ਹਨ। "ਇਕੱਲੇ ਪਾਸਪੋਰਟਾਂ ਦੀ ਗੱਲ ਕਰੀਏ ਤਾਂ ਪੰਜਾਬੀਆਂ ਨੇ ਪਹਿਲੀ ਜਨਵਰੀ 2014 ਤੋਂ ਅਗਸਤ 2019 ਤੱਕ (ਪੌਣੇ ਛੇ ਵਰ੍ਹਿਆਂ) ਤੱਕ ਕਰੀਬ 914.45 ਕਰੋੜ ਰੁਪਏ ਖਰਚੇ ਹਨ।" *(ਪੰਜਾਬ 'ਚ ਪਾਸਪਰੋਟ ਬਣਾਉਣ ਲਈ ਰੋਜ਼ਾਨਾ 56 ਲੱਖ ਰੁਪਏ ਖਰਚ ਰਹੇ ਹਨ, ਪੰਜਾਬੀ. 3 ਅਕੂਤਬਰ 2019.www.desipunjab.ca.in)*

ਪੰਜਾਬ ਦੇ ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਪੰਜਾਬ ਦੀ ਆਰਥਕ ਮੰਦਹਾਲੀ ਨੇ ਪੰਜਾਬ ਦੇ ਲੋਕਾਂ ਨੂੰ ਦੂਸਰੇ ਦੇਸ਼ਾਂ ਦੇ ਵੱਲ ਰੁਖ਼ ਕਰਨ ਲਈ ਮਜ਼ਬੂਰ ਕੀਤਾ ਹੈ। ਦੂਸਰਾ ਪੰਜਾਬ ਦੇ ਉਹ ਲੋਕ ਵੀ ਜਿਹੜੇ ਆਰਥਕ ਤੌਰ 'ਤੇ ਖ਼ੁਸ਼ਹਾਲ ਹਨ, ਉਹ ਵੀ ਦੂਸਰੇ ਦੇਸ਼ ਦਾ ਰੁਖ਼ ਕਰ ਰਹੇ ਹਨ। ਜਿਸ ਦਾ ਅਸਰ ਪੰਜਾਬ ਦੀ ਆਰਥਕਤਾ ਉੱਤੇ ਪਿਆ ਹੈ।

ਜਿਸ ਗੱਲ ਦੀ ਪੁਸ਼ਟੀ ਡਾ. ਸਾਧੂ ਸਿੰਘ ਕਰਦੇ ਹਨ:-

> ਉੱਥੋਂ ਦੇ ਸੁੱਖ ਆਰਾਮਾਂ ਤੇ ਖਪਤਕਾਰੀ ਸਭਿਆਚਾਰ ਦੀ ਆਦਤ ਤੇ ਦੇਸ਼ ਅੰਦਰ ਸਿਆਸੀ-ਆਰਥਕ ਭ੍ਰਿਸ਼ਟਾਚਾਰ ਵੀ ਉਨ੍ਹਾਂ ਨੂੰ ਇਥੇ ਪਰਤਣੋਂ ਰੋਕਦਾ ਹੈ। ਸਿੱਟੇ ਵਜੋਂ ਉਨ੍ਹਾਂ ਦੀ ਹਾਲਤ ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ, ਵਾਲੀ ਹੋ ਜਾਂਦੀ ਹੈ ਤੇ ਪਰਵਾਸੀ ਸਾਹਿਤ ਦਾ ਮੂਲ਼ ਮੁੱਦਾ ਬਣ ਕੇ ਰਹਿ ਜਾਂਦਾ ਹੈ ਇਹ ਮਿੱਠੀ ਕੈਦ ਦਾ ਦੁਖ਼ਾਤ।

*(ਪਰਵਾਸੀ ਪੰਜਾਬੀ ਸਾਹਿਤ ਦੇ ਮੂਲ ਮੁੱਦੇ 20)*

ਇਸ ਤੋਂ ਸਪਸ਼ੱਟ ਹੈ ਕਿ ਅਜੋਕੇ ਪੰਜਾਬੀ ਆਪਣੇ ਜੀਵਨ ਨੂੰ ਉੱਚਾ ਚੁੱਕਣ ਦੀ ਖ਼ਾਤਿਰ ਪਰਵਾਸ ਧਾਰਨ ਕਰਦੇ ਹਨ। ਪਰਵਾਸ ਇੱਕ ਉਹਨਾਂ ਦਾ ਸ਼ੌਕ ਹੀ ਬਣ ਕੇ ਰਹਿ ਗਿਆ ਹੈ।ਪਰਵਾਸੀ ਪਰਾਈ ਧਰਤੀ ਤੇ ਜਾ ਕੇ ਚੰਗੇਰੇ ਜੀਵਨ ਦੀ ਕਾਮਨਾ ਕਰਦੇ ਹਨ। ਪੰਜਾਬੀ ਸਾਹਿਤ ਦੇ ਵਿੱਚ ਵੀ ਖਪਤਵਾਦੀ ਵਤੀਰੇ ਦੀਆਂ ਝਲਕਾਂ ਮਿਲਦੀਆਂ ਹਨ। ਇਸ ਸੰਬੰਧੀ ਮੋਹਨ ਗਿੱਲ ਨਾਲ ਹੋਈ ਮੁਲਾਕਾਤ ਦੇ ਵਿੱਚੋਂ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਜਿਸ ਤਰ੍ਹਾਂ ਅਸੀਂ ਵੀ ਆਪਣੇ ਸਮੇਂ ਦੇ ਵਿੱਚ ਪਰਵਾਸ ਲਿਆ ਹੈ।ਕੋਈ ਆਪਣੀ

ਜਨਮ –ਭੂਮੀ ਨੂੰ ਜਾਣ- ਬੁੱਝ ਕੇ ਨਹੀ ਛੱਡਦਾ। ਕਿਸੇ ਵਿਅਕਤੀ ਕੋਲੋਂ ਸੱਚ ਪੁੱਛੋ ਤਾਂ ਉਹ ਪਰਵਾਸ ਧਾਰਨ ਨਹੀਂ ਕਰਨਾ ਚਾਹੁੰਦਾ। ਜਿਸ ਵਾਤਾਵਰਣ ਦੇ ਵਿੱਚ ਰਹਿ ਰਹੇ ਹਾਂ ਉਸਦੇ ਮੁਤਾਬਕ ਨਹੀਂ ਹੁੰਦਾ। ਇੱਕ ਆਪਣੇ ਰੁਜ਼ਗਾਰ ਲਈ/ਡਿਗਰੀ ਦੇ ਮੁਤਾਬਕ ਰੁਜ਼ਗਾਰ ਨਹੀਂ ਮਿਲਦੇ ਤਾਂ ਚਾਹੁੰਦੇ ਹਾਂ ਕਿ ਅਸੀ ਜਿੱਥੇ ਜਾਵਾਂਗੇ ਉੱਥੇ ਰੋਜ਼ਗਾਰ ਯੋਗਤਾ ਦੇ ਮੁਤਾਬਕ ਮਿਲ ਸਕੇ। ਫਿਰ ਪਰਵਾਸ ਦੇ ਵਿੱਚ ਵੀ ਤਾਂ ਹੀ ਆਉਂਦਾ ਹੈ। ਜਨਮ ਦੇਣ ਵਾਲੀ ਧਰਤੀ ਉਹਦੇ ਵਾਤਾਵਰਣ ਦੇ ਅਨੁਕੂਲ ਨਹੀਂ ਹੋਵੇਗੀ। ਮੈ ਤਹਾਨੂੰ ਸੱਚ ਦੱਸਦਾ, ਜੇ ਮੈਨੂੰ ਪੰਜਾਬ ਦੇ ਵਿੱਚ ਕੈਨੇਡਾ ਵਰਗਾ ਮਾਹੌਲ ਮਿਲ ਜਾਵੇ ਤਾਂ ਮੈ ਇੱਕ ਦਿਹਾੜੀ ਨਹੀ ਲਾਵਾਂਗਾ ਅਗਲੇ ਦਿਨ ਹੀ ਪੰਜਾਬ ਚਲਾ ਜਾਵਾਂਗਾ। ਇੱਕ ਤਾਂ ਅਸੀਂ ਇੱਥੇ ਸੁਰਖਿਅਤ ਮਹਿਸੂਸ ਕਰਦੇ ਹਾਂ, ਦੂਸਰਾ ਇੱਥੇ ਕੰਮ ਕਰਵਾਉਣ ਦੇ ਲਈ ਰਿਸ਼ਵਤ ਨਹੀ ਦੇਣੀ ਪੈਂਦੀ, ਨਾ ਹੀ ਸਾਨੂੰ ਕੋਈ ਵੱਡਾ ਬੰਦਾ ਲੱਭਣ ਦੀ ਲੋੜ ਹੈ। ਸੋ ਇਹਨਾਂ ਚੀਜ਼ਾ ਦੇ ਕਰਕੇ ਭੱਵਿਖ ਸੁਖਾਵਾਂ ਬਣਾਉਣ ਲਈ ਬਾਹਰ ਆਉਂਦੇ ਹਾਂ।" (*ਚਿੰਤਕ)*

ਅਵਤਾਰ ਬਿਲਿੰਗ ਦਰਸ਼ਨ ਧੀਰ ਆਦਿ ਸਾਹਿਤਕਾਰਾਂ ਦੀਆਂ ਰਚਨਾਂਵਾ ਦੇ ਵਿੱਚ ਪਰਵਾਸੀ ਜੀਵਨ ਦੀ ਵੇਦਨਾ ਅਤੇ ਔਖੀਆਂ ਸਥਿਤੀਆਂ ਦਾ ਵੇਰਵਾ ਮਿਲਦਾ ਹੈ। ਪਰਵਾਸ ਜਾਣ ਦੀ ਕਾਮਨਾ ਦੇ ਵਿੱਚ ਮਨੁੱਖ ਹਰ ਗਲਤ ਢੰਗ ਦੇ ਨਾਲ ਪਰਵਾਸ ਜਾਣਾ ਚਾਹੁੰਦਾ ਹੈ। ਇਸ ਦੇ ਲਈ ਏਜੰਟਾਂ ਦੇ ਚੱਕਰਾਂ ਵਿੱਚ ਆ ਜਾਂਦਾ ਹੈ। ਏਜੰਟ ਮਾਨਵ ਨੂੰ ਪੈਸੇ ਲੈ ਕੇ ਠੱਗ ਲੈਂਦੈ ਜਾਂ ਸਹੀ ਦੇਸ਼ ਭੇਜਣ ਦੀ ਬਜਾਇ ਗਲਤ ਦੇਸ਼ ਭੇਜ ਦਿੱਤਾ ਜਾਂਦਾ ਹੈ ਜਿੱਥੇ ਉਹ ਪੁਲੀਸ ਦੇ ਹੱਥ ਫੜਿਆ ਜਾਣਾ ਜਾਂ ਹੋਰ ਘਟਨਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਜਤਿੰਦਰ ਹਾਂਸ ਦੀ ਕਹਾਣੀ ਰਾਹੀਂ ਏਜੰਟ ਦੇ ਹੱਥੋਂ ਠੱਗੀ ਦਾ ਸ਼ਿਕਾਰ ਤੇ ਪਰੇਸ਼ਾਨੀ ਨੂੰ ਫਿਲਹਾਲ ਕਹਾਣੀ ਦੇ ਰਾਹੀਂ ਚਿਤਰਿਆ ਹੋਇਆ ਹੈ ਕਿ,

> ਸੁੱਖੀ ਗਿੱਚੀ ਖੁਰਕਦਾ, ਡੋਕੀ ਸ਼ਬਦ ਦੀ ਵਿਆਖਿਆ ਕਰਨ ਲੱਗਾ......., ਡੋਕੀ ਜਾਣੀ ਗਧਾ। ਓ ਭਰਾਵੋਂ! ਮੰਨੋ ਚਾਹੇ ਨਾ ਮੰਨੋ, ਗਧਾ ਸਭ ਤੋਂ ਮਿਹਨਤੀ ਜਾਨਵਰ ਆ। ਜੇ ਦੁਨੀਆ 'ਚ ਮਿਹਨਤ ਦੀ ਕਦਰ ਹੁੰਦੀ ਤਾਂ ਗਧਾ ਸਭ ਤੋਂ ਇੱਜ਼ਤਦਾਰ ਹੁੰਦਾ। ਆਪਾਂ ਮਿਹਨਤੀ ਜਾਨਵਰ ਬੰਦੇ ਆ। ਦਸਾਂ ਨਹੁੰਆਂ ਦੀ ਕਿਰਤ ਕਰਨ ਚਲੇ ਆ। ਆਪਣੀ ਇੱਜ਼ਤ ਦੇਖਲੋ, ਜਿਹੜੇ ਦੇਸ਼ ਅਸੀਂ ਜਾਣਾ, ਵੜਨਾ ਉਥੇ ਚੋਰੀ ਆ। ਜੇ ਆਪਣੇ ਲੀਡਰਾਂ

> ਦੇਸ਼ ’ਚੋਂ ਲੁੱਟਿਆ ਪੈਸਾ ਜਮ੍ਹਾ ਕਰਾਉਣਾ ਜਾਣਾ ਹੁੰਦਾ ਜਾਂ ਕੋਈ ਮਾੜਾ ਕੰਮ ਕਰਨ ਜਾਣਾ ਹੁੰਦਾ, ਤਾਂ ਸਿੱਧੇ ਜਹਾਜ਼ ਰਾਹੀਂ ਜਾਣਾ ਸੀ।

*(ਕੂਰੇ 100)*

ਸਿਮਰਨ ਧਾਰੀਵਾਲ ਦੇ ਕਹਾਣੀ –ਸੰਗ੍ਰਹਿ ਵਿੱਚ ਘੁੰਮਣਘੇਰੀਆਂ ਦੇ ਰਾਹੀਂ ਪਰਵਾਸ ਦੀ ਚੇਤਨਾ ਉਜਾਗਰ ਹੁੰਦੀ ਹੈ। ਪੰਜਾਬ ਦੇ ਬੇਰੁਜ਼ਗਾਰ ਨੌਜਵਾਨ ਪਰਵਾਸ ਜਾ ਕੇ ਆਪਣਾ ਭੱਵਿਖ ਸੁਧਾਰਨ ਦੀ ਕੋਸ਼ਿਸ਼ ਕਰਦੇ ਹਨ, ਪਰੰਤੂ ਏਜੰਟਾਂ ਦੇ ਹੱਥੋਂ ਧੋਖਾਧੜੀ ਦੇ ਸ਼ਿਕਾਰ ਹੋ ਜਾਂਦੇ ਹਨ।

> ਪਰ ਬਾਪੂ ਦਾ ਦਾਅ ਪੁੱਠਾ ਪੈ ਗਿਆ। ਰਾਜੀਵ ਸੇਠੀ ਧੋਖੇ ਬਾਜ਼ ਨਿਕਲਿਆ। ਮੇਰੇ ਵਰਗੇ ਚਾਰ ਮੁੰਡੇ ਹੋਰ ਵੀ ਸਨ। ਸਾਨੂੰ ਦਿੱਲੀ ਬਿਠਾਕੇ ਉਹ ਮੁੜ ਨਾ ਆਇਆ। ਪਰ ਜਦੋਂ ਜੇਬਾਂ ਖਾਲੀ ਹੋਣ ਲੱਗੀਆਂ ਸਾਨੂੰ ਮਜ਼ਬੂਰੀ ਵੱਸ ਘਰਾਂ ਨੂੰ ਪਰਤਣਾ ਪਿਆ। ਮੈਨੂੰ ਬੇਰੰਗ ਮੁੜਿਆ ਦੇਖ ਕੇ ਬਾਪੂ ਦੇ ਹੋਸ਼ ਉੱਡ ਗਏ।

*(ਆਸ ਅਜੇ ਬਾਕੀ ਹੈ 23)*

ਪੰਜਾਬੀ ਸਿੱਖਿਆ ਨੂੰ ਆਧਾਰ ਬਣਾ ਕੇ ਵਿਦੇਸ਼ੀ ਧਰਤੀ ਉੱਤੇ ਰੁਜ਼ਗਾਰ ਦੀ ਕਾਮਨਾ ਨਾਲ ਜਾਂਦੇ ਅਤੇ ਉੱਥੇ ਦੀਆਂ ਔਖੀਆਂ ਔਕੜਾਂ ਨੂੰ ਭੁੱਲ ਕੇ ਭਵਿੱਖ ਦੇ ਸੁਪਨਾ ਅੱਖਾਂ ਵਿੱਚ ਸਮਾ ਕੇ ਲੱਖਾਂ ਲੋਕ ਵਿਦੇਸ਼ੀ ਧਰਤੀ ਉੱਤੇ ਜਾਂਦੇ ਹਨ। ਦਵਿੰਦਰ ਕੌਰ ਦੀ ਕਵਿਤਾ ਚਿੜੀਆਂ ਦਾ ਚੰਬਾ ਦੇ ਰਾਹੀਂ ਵਿਦੇਸ਼ ਗਏ ਪੰਜਾਬੀਆਂ ਦੇ ਰੁਜ਼ਗਾਰ ਦੀ ਤਲਾਸ਼ ਨੂੰ ਪ੍ਰਗਟ ਕਰਦੇ ਹਨ

> ਹਰ ਸਾਲ ਦੇਸੋਂ ਉੱਡਦਾ ਹੈ
> ਚਿੜੀਆਂ ਦੀਆਂ ਚੁੰਝਾਂ ਵਿਚ
> ਸਰਟੀਫ਼ਿਕੇਟਾਂ ਦੇ ਨਾਲ ਨਾਲ
> ਮਾਵਾਂ ਦੀਆਂ ਦੁਆਵਾਂ ਦਾ
> ਨਿੱਕਾ ਜਿਹਾ ਸੰਸਾਰ ਵੀ ਬੱਝਾ ਹੁੰਦਾ ਹੈ

ਤਲਾਸ਼ਦਾ ਹੈ ਇਹ ਚੰਬਾ

ਨਰਸਿੰਗ ਹੋਮਾਂ ਦੀਆਂ ਵੇਕੈਂਸੀ ਲਿਸਟਾਂ....

*(ਸਫ਼ਰ 20-21)*

ਵਰਤਮਾਨ ਨੌਜਵਾਨ ਸਿੱਖਿਆ ਨੂੰ ਆਧਾਰ ਬਣਾ ਕੇ ਜੀਵਨ ਖੁਸ਼ਹਾਲ ਬਣਾਉਣ ਦੇ ਚਾਹਵਾਨ ਹੁੰਦੇ ਹਨ। ਇਸ ਸੰਬੰਧੀ ਮੋਹਨ ਗਿੱਲ ਨਾਲ ਹੋਈ ਮੁਲਾਕਾਤ ਤੋਂ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਜਿਹੜੇ ਸੂਝਵਾਨ ਨੌਜਵਾਨ ਨੂੰ ਆਪਣੇ ਵਿੱਦਿਆ ਦੇ ਪ੍ਰਤੀ ਗਿਆਨ ਤਾਂ ਹੈ ਪਰ ਗੱਲ ਆਉਂਦੀ ਹੈ ਕਿ ਬਾਹਰ ਜਾਣ ਦੇ ਲਈ ਕੀ ਰਸਤਾ ਅਪਣਾਉਂਦੇ ਹਨ। ਉਹ ਗਿਆਨ ਟਰੈਵਲ ਏਜੰਟਾਂ ਦੇ ਕੋਲ ਹੈ। ਉਹ ਬੱਚਿਆਂ ਨੂੰ ਉਹ ਗਿਆਨ ਦੇ ਵਿੱਚ ਕਲੈਰਿਟੀ ਨਹੀਂ ਹੁੰਦੀ। ਬਾਹਰ ਭੇਜਣ ਵਾਲੇ ਲੋਕ ਇਹ ਸੋਚਦੇ ਹਨ ਕਿ ਇਹਨਾਂ ਨੂੰ ਕਿਸੇ ਵੀ ਤਰ੍ਹਾਂ ਪ੍ਰੇਸ਼ਾਨ ਕਰ ਸਕਣ। ਪੈਸੇ ਲੈਕੇ ਜਾਂ ਇਹਨਾਂ ਨੂੰ ਇਸ ਤਰ੍ਹਾਂ ਭੇਜਿਆ ਜਾਵੇ ਕਿ ਸਾਡਾ ਕੋਈ ਖਰਚ ਨਾ ਹੋਵੇ। ਇਹ ਬੱਚਿਆਂ ਨੂੰ ਸੁਪਨੇ ਦਿਖਾਉਂਦੇ ਹਨ। ਬੱਚਿਆਂ ਦੇ ਕੋਲ ਕਿਤਾਬੀ ਗਿਆਨ ਜਾਂ ਉਹਨਾਂ ਨੇ ਜੋ ਕੁਝ ਪੜ੍ਹਿਆ ਉਸਦਾ ਗਿਆਨ ਹੁੰਦਾ ਹੈ । ਉਹਨਾਂ ਨੂੰ ਬਾਹਰ ਦੇ ਨਿਯਮਾਂ ਦਾ ਗਿਆਨ ਨਹੀਂ ਹੁੰਦਾ । ਇਹ ਜਿਹੜੇ ਲੋਕ ਹਨ, ਉਹਨਾਂ ਮਾਸੂਮ ਲੋਕਾਂ ਨੂੰ ਤੰਗ/ਪ੍ਰੇਸ਼ਾਨ ਕਰ ਦਿੰਦੇ ਹਨ।" (ਚਿੰਤਕ)

ਆਤਮਜੀਤ ਦੇ ਨਾਟਕ ਕੈਮਲੂਪਸ ਦੀਆਂ ਮੱਛੀਆਂ ਦੇ ਵਿੱਚ ਪਰਵਾਸ ਧਾਰਨ ਕਰਨ ਭਾਰਤੀ ਤੇ ਪੱਛਮੀ ਆਦਤਾਂ ਦਾ ਸਮੇਲ ਦੀ ਪੇਸ਼ਕਾਰੀ ਕੀਤੀ ਹੈ। ਪੰਜਾਬੀਆਂ ਦੇ ਪਰਿਵਾਰਾਂ ਦੇ ਪਰਿਵਾਰ ਪਰਵਾਸੀ ਹੋ ਚੁੱਕੇ ਹਨ। ਉਹਨਾਂ ਦੇ ਬੱਚੇ ਇੱਕ ਤਰ੍ਹਾਂ ਨਾਲ ਅੰਗਰੇਜ਼ਾਂ ਵਰਗਾ ਹੀ ਵਿਹਾਰ ਕਰਨ ਦੇ ਆਦੀ ਹੋ ਜਾਂਦੇ ਹਨ।

"ਇਹ ਮੁਲਕਾਂ ਦਾ ਕਸੂਰ ਨਹੀ, ਆਪਣਾ ਆਂ। ਆਪਣਾ ਸੰਸਾਰ ਸੀ ਜੁੜੇ ਰਹਿਣ ਦਾ।।ਆਪਾਂ ਜੁੜ ਕੇ ਜੀਂਦੇ ਸੀ, ਇਹ ਟੁੱਟ ਕੇ ਜੀਂਦੇ ਆ। ਆਪਾਂ ਏਸ ਫਰਕ ਨੂੰ ਨਹੀਂ ਸਮਝਿਆ। ਦੋ ਦੋ ਮੰਗਣ ਦੀ ਕੋਸ਼ਿਸ਼ ਕੀਤੀ ਤੇ ਨਾਲੇ ਮੰਗੀਆ ਚੋਪੜੀਆਂ। ਘਰ ਦੇ ਬੂਹਿਉਂ ਬਾਹਰ ਅੰਗਰੇਜ਼ ਹੋਣਾਂ ਚਾਹੁੰਦੇ ਰਹੇ ਤੇ ਅੰਦਰ ਦੇਸੀ। ਅਸਾਂ ਹਮੇਸ਼ਾ ਇਹੋ ਸੋਚਿਆਂ ਪਈ ਸਾਡੇ ਨਿਆਣੇ ਪੜ੍ਹਨ ਤਾਂ ਪੱਛਮੀ ਰੋਜ਼.ਰੋਟੀ ਖਾਣ

ਤਾਂ ਪੂਰਵੀ; ਬੋਲਣ ਅੰਗੇਰਜ਼ੀ ਵਿੱਚ ਤੇ ਸੋਚਣ ਪੰਜਾਬੀ। ਕਮਾਈ ਹੋਵੇ ਡਾਲਰਾਂ ਦੀ ਤੇ ਖਰਚਾ ਹੋਵੇ ਰੁਪਈਆਂ ਦਾ। ਜੈਗ ਸਿਹਾਂ ਆਪਾਂ ਹੈ ਤਾਂ ਬੰਦੇ, ਕੰਪਿਊਟਰ ਤਾਂ ਹੈ ਨਹੀਂ, ਪਈ ਫਲਾਪੀ ਬਦਲ ਕੇ ਕੰਮ ਚਲਾ ਲਿਆ। (ਕੈਮਲੂਪਸ ਦੀਆਂ ਮੱਛੀਆਂ *82-83)*

ਡਾਲਰ ਕਮਾਉਣ ਦੀ ਚਾਹਤ ਹੀ ਪਰਵਾਸ ਧਾਰਨ ਕਰਵਾਉਂਦੀ ਹੈ। ਪਰਵਾਸ ਜਾ ਕੇ ਮਨੁੱਖ 20ਘੰਟੇ ਡਾਲਰ ਇਕੱਠੇ ਕਰਨ ਲਈ ਕੰਮ ਕਰਦਾ ਹੈ। ਡਾਲਰਾਂ ਦੇ ਨਾਲ ਹੀ ਮਨੁੱਖੀ ਸੋਚ ਵੀ ਬੱਝ ਜਾਂਦੀ ਹੈ।

ਡਾਲਰਾਂ ਤੋਂ ਪਰ੍ਹਾਂ ਵੀ ਕੁਝ ਹੋਣ ਨੂੰ ਜੀਅ ਕਰਦਾ ਏ।
ਹਸਦੇ ਹਸਦੇ ਥੱਕ ਗਏ, ਹੁਣ ਰੋਣ ਨੂੰ ਜੀਅ ਕਰਦਾ ਏ। (ਕੈਮਲੂਪਸ ਦੀਆਂ ਮੱਛੀਆਂ 70)

ਪਾਲੀ ਭੁਪਿੰਦਰ ਦੇ ਨਾਟਕ ਚੰਦਨ ਦੇ ਉਹਲੇ ਦੇ ਵਿੱਚ ਪਰਵਾਸ ਧਾਰਨ ਲਈ ਰਿਸ਼ਤਿਆਂ ਨੂੰ ਵੀ ਦਾਅ ਉੱਤੇ ਲਗਾਇਆ ਜਾਂਦਾ ਹੈ।

“ਅੱਜ ਕੱਲ੍ਹ ਉਹ ਚੰਦਨ ਦੇ ਥੱਲੇ,
ਸਾਜ਼ਿਸ਼ਾਂ ਦੇ ਝੱਖੜ ਝੁੱਲੇ,
ਸਰੇ ਬਜ਼ਾਰ ਚੰਦਨ ਵਿਕਦਾ,
ਕੋਈ ਵੀ ਕੁਝ ਨਾ ਬੋਲਦਾ,
ਇਹ ਚੰਦਨ ਤਾਂ ਹੀ ਡੋਲਦਾ,
ਇਹ ਚੰਦਨ ਤਾਂ ਹੀ ਡੋਲਦਾ। (ਚੰਦਨ ਦੇ ਉਹਲੇ 64)

ਪੰਜਾਬੀਆਂ ਨੇ ਪਰਾਈ ਧਰਤੀ ਉੱਤੇ ਵਾਸ ਕਰਨ ਲਈ ਮੁਸੀਬਤਾਂ ਨੂੰ ਝੱਲਿਆ ਹੈ, ਬੇਸ਼ੱਕ ਪੰਜਾਬੀ ਉਹਨਾਂ ਧਰਤੀਆਂ ਤੇ ਰਾਜ ਕਰਦੇ ਪਏ ਹਨ। ਪੰਜਾਬੀਆਂ ਦੀ ਜੀਵਨ ਸ਼ੈਲੀ ਦਾ ਜ਼ਰੂਰੀ ਅੰਗ ਬਣ ਗਿਆ ਹੈ। ਬਾਹਰਲੇ ਦੇਸ਼ ਜਾਣ ਜਾਂ ਬਾਹਰਲੇ ਦੇਸ਼ਾਂ ਤੋਂ ਆਉਣਾ ਇੱਕ ਵੱਖਰੇ ਰੁਤਬੇ ਦਾ ਪ੍ਰਤੀਕ ਬਣ ਗਿਆ ਹੈ। ਉਪਰੋਕਤ ਚਰਚਾ ਤੋਂ ਸਪਸ਼ੱਟ ਹੈ ਕਿ ਮਾਨਵ ਦਾ ਜਿਊਣ ਵਤੀਰਾ ਹੀ ਬਦਲ ਗਿਆ ਹੈ ਸਭ ਵਿਖਾਵੇ ਭਰਪੂਰ ਹੀ ਰਹਿ ਗਿਆ ਹੈ।

## 3.3 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਲ਼ੋਕ ਧੰਦਿਆਂ ਦਾ ਬਦਲਦਾ ਅਸਤਿਤਵ

ਸਭਿਆਚਾਰ ਦੇ ਵਿੱਚ ਲੋਕ ਧੰਦਿਆਂ ਦਾ ਆਪਣਾ ਵਿਸ਼ੇਸ ਸਥਾਨ ਹੈ। ਲੋਕ ਧੰਦੇ ਉਹ ਧੰਦੇ ਹਨ, ਜਿਸ ਨੂੰ ਲੋਕ ਆਪਣੇ ਹੱਥਾਂ ਦੇ ਨਾਲ ਕਰਦੇ ਹਨ। ਮਾਨਵ ਆਪਣੇ ਸਾਰੇ ਕਾਰਜਾਂ ਨੂੰ ਆਪਣੇ ਹੱਥਾਂ ਦੀ ਮੁਸ਼ੱਕਤ ਦੇ ਨਾਲ ਪੂਰਨ ਕਰਦਾ ਹੈ ਉਦਾਹਰਨ ਦੇ ਤੌਰ 'ਤੇ ਖੇਤਾਂ ਦੇ ਵਿੱਚ ਹੱਲ ਚਲਾਉਣਾ, ਆਦਿ। ਹੱਥਾਂ ਦੇ ਦੁਆਰਾ ਪੂਰੇ ਹੋਣ ਵਾਲੇ ਕੰਮ ਲੋਕ ਧੰਦਿਆਂ ਦੇ ਖੇਤਰ ਵਿੱਚ ਆਉਂਦੇ ਹਨ। ਧੰਦੇ ਜਾਂ ਕਿੱਤੇ ਉਪਜੀਵਕਾ ਦਾ ਉਹ ਸਾਧਨ ਹੈ ਜਿਸ ਦੇ ਵਿੱਚ ਮਸ਼ੀਨਾਂ ਦੀ ਵਰਤੋਂ ਨਹੀ ਕੀਤੀ ਜਾਂਦੀ। ਲੋਕ ਧੰਦੇ ਦੇ ਵਿੱਚ ਹੱਥਾਂ ਦੇ ਰਾਹੀਂ ਕਾਰਜ ਹੁੰਦਾ ਹੈ। ਲੋਕ ਧੰਦੇ ਪੀੜ੍ਹੀ ਦਰ ਪੀੜ੍ਹੀ ਚਲਦੇ ਰਹਿੰਦੇ ਹਨ। ਧੰਦਿਆਂ ਦੇ ਰਾਹੀਂ ਮਾਨਵ ਆਪਣੇ ਪਰਿਵਾਰ ਲਈ ਪੈਸੇ ਅਤੇ ਭੋਜਨ ਦਾ ਪ੍ਰਬੰਧ ਕਰਦਾ ਹੈ ਜਿਵੇਂ ਲੁਹਾਰ, ਤਰਖਾਣ, ਸੁਨਿਆਰ, ਠਠਿਆਰ, ਜੁਲਾਹੇ, ਬਾਜੀਗਰ, ਝੀਉਰ ਆਦਿ। ਸਮੇਂ ਦੇ ਬਦਲਾਅ ਨਾਲ ਪੀੜ੍ਹੀ ਤੋਂ ਚਲੇ ਆ ਰਹੇ ਕਿੱਤੇ ਤਬਦੀਲ ਹੋ ਗਏ। ਅੱਜ ਦਾ ਮਾਨਵ ਆਪਣੀ ਮਨ ਮਰਜ਼ੀ ਦੇ ਕਿੱਤੇ ਨੂੰ ਅਪਣਾਉਂਦਾ ਹੈ। ਲੋਕ ਧੰਦਿਆਂ ਦਾ ਖੇਤਰ ਸੀਮਿਤ ਤੇ ਨਿਸ਼ਚਿਤ ਸੀ। ਇਹਨਾਂ ਧੰਦਿਆਂ ਨੂੰ ਅਪਣਾਉਣ ਵਾਲੇ ਬਹੁਤ ਘੱਟ ਲੋਕ ਰਹਿ ਗਏ ਹਨ ਜਾਂ ਇਹਨਾਂ ਧੰਦਿਆਂ ਦਾ ਅਸਤਿਤਵ ਖ਼ਤਰੇ ਦੇ ਵਿੱਚ ਦਿਖਾਈ ਦਿੰਦਾ ਹੈ।

**ਕਿੱਤੇ:-** ਕਿੱਤੇ ਦੇ ਸ਼ਬਦੀ ਅਰਥ ਵਿਸ਼ਾਲ ਹਨ। ਕਿੱਤੇ ਦਾ ਅਰਥ ਹੱਥ ਧੰਦੇ ਜਾਂ ਸ਼ਿਲਪ ਤੋਂ ਵੀ ਲਿਆ ਜਾਂਦਾ ਹੈ। ਜਦੋਂ ਕੋਈ ਕਾਰੀਗਰ ਕਿਸੇ ਵਸਤ ਦਾ ਨਿਰਮਾਣ ਕਰਦਾ ਹੈ। ਉਸ ਨੂੰ ਬਣਾਉਣ ਦੀ ਪ੍ਰਕਿਰਿਆ ਨੂੰ ਸ਼ਿਲਪ ਕਿਹਾ ਜਾਂਦਾ ਹੈ। ਪਰੰਤੂ ਕਿੱਤਾ ਸ਼ਿਲਪ ਦੀ ਸੀਮਿਤ ਸੀਮਾ ਤੋਂ ਅਗਾਂਹ ਲੰਘ ਕੇ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਲੋਕ ਕਿੱਤਿਆਂ ਦੀ ਆਪਣੀ ਭਿੰਨਤਾ ਹੈ। ਲੋਕ ਕਿੱਤੇ ਦੋ ਤਰ੍ਹਾ ਦੇ ਪਾਏ ਜਾਂਦੇ ਹਨ। ਇੱਕ ਕਿੱਤੇ ਉਹ ਜਿਨ੍ਹਾਂ ਦੇ ਵਿੱਚ ਕਿਸੇ ਨਾ ਕਿਸੇ ਸਮੱਗਰੀ ਦੀ ਵਰਤੋਂ ਹੁੰਦੀ ਹੈ। ਇਕ ਕਿੱਤੇ ਉਹ ਜਿਨ੍ਹਾਂ ਦੇ ਵਿੱਚ ਸਰੀਰਕ ਮੁਦਰਾਵਾਂ ਦੀ ਵਰਤੋਂ ਹੁੰਦੀ ਹੈ ਜਿਵੇਂ ਕਿ ਬਾਜੀਗਰ ਬਾਜੀ ਪਾ ਕੇ ਆਪਣੀ ਸਰੀਰਕ ਮੁਦਰਾਵਾਂ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦਾ ਹੈ। ਇਹ ਬਾਜ਼ੀਗਰਾਂ ਦਾ ਕਿੱਤਾ ਤਾਂ ਹੈ, ਪਰ ਬਾਜ਼ੀਗਰਾਂ ਦੇ ਕਿੱਤੇ ਨੂੰ ਲੋਕ ਕਿੱਤਿਆਂ ਦੀ ਸੂਚੀ ਵੀ ਨਹੀ ਸਗੋਂ ਲੋਕ ਕਲਾ ਦੇ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

ਲੋਕ ਕਿੱਤੇ ਪਿਤਾ-ਪੁਰਖੀ ਕਿੱਤੇ ਰਹੇ ਹਨ। ਪੀੜ੍ਹੀ ਦਰ ਪੀੜ੍ਹੀ ਪਰਿਵਾਰਾਂ ਦਾ ਕਿੱਤਾ ਇੱਕ ਹੀ ਰਿਹਾ ਹੈ। ਕਿੱਤਾ ਆਪ ਮੁਹਾਰੇ ਪਰਿਵਾਰ ਦੇ ਵਿਚੋਂ ਸਿਖ ਜਾਂਦਾ ਰਿਹਾ ਹੈ। ਮਾਨਵ ਬਿਨ੍ਹਾਂ ਕਿਸੇ ਵਿੱਦਿਅਕ ਸਿਖਲਾਈ ਦੇ ਸਿੱਖ ਲੈਂਦੇ ਰਹੇ ਹਨ। ਕਿੱਤਿਆਂ ਦੇ ਵਿੱਚ ਸ਼ਾਗਿਰਦੀ ਦੀ ਪਰੰਪਰਾ ਵੀ ਰਹੀ ਹੈ।ਉਹਨਾਂ ਦੇ ਕੋਲੋਂ ਸਿੱਖ ਕੇ ਆਪਣੀ ਉਪਜੀਵਕਾ ਦਾ ਸਾਧਨ ਬਣਾ ਲੈਂਦੇ ਰਹੇ ਹਨ। ਲੋਕ ਕਿੱਤੇ ਮਨੁੱਖ ਦੀ ਰੋਜ਼ੀ-ਰੋਟੀ ਦਾ ਮਾਧਿਅਮ ਹੋਣ ਦੇ ਨਾਲ ਨਾਲ , ਉੱਥੇ ਲੋਕ ਮਨ ਦੀ ਸੁਹਜ ਤ੍ਰਿਪਤੀ ਦਾ ਸਾਧਨ ਬਣਦੇ ਹਨ। ਕਿੱਤੇ ਉਪਜੀਵਕਾ ਕਮਾਉਣ ਦਾ ਇੱਕ ਰਾਹ ਹੈ। ਕੋਈ ਵੀ ਕਿੱਤੇ ਨੂੰ ਤਾਂ ਹੀ ਗ੍ਰਹਿਣ ਕਰਦਾ ਹੈ ਕਿ ਉਹ ਧਨ ਕਮਾ ਸਕੇ। ਮਾਨਵ ਆਪਣੀਆਂ ਬਣਾਈਆਂ ਵਸਤਾਂ ਨੂੰ ਦੂਜਿਆਂ ਨੂੰ ਵੇਚਦਾ ਹੈ ਤਾਂ ਜੋ ਉਸ ਨੂੰ ਧਨ ਦੀ ਪ੍ਰਾਪਤੀ ਹੋ ਸਕੇ। ਪਿਛਲੇ ਸਮਿਆਂ ਦੇ ਵਿੱਚ ਧਨ ਗਿਣੇ ਹੋਏ ਵਿਅਕਤੀਆਂ ਦੇ ਕੋਲ ਸੀ । ਕਿੱਤਾਕਾਰ ਨੂੰ ਆਪਣੀ ਬਣੀ ਹੋਈ ਵਸਤ ਦੇ ਬਦਲੇ ਧਨ ਨਹੀ ਸਗੋਂ ਜਿਨਸ ਦੇ ਰੂਪ ਵਿੱਚ ਕੋਈ ਨਾ ਕੋਈ ਸਮੱਗਰੀ ਪ੍ਰਾਪਤ ਹੁੰਦੀ ਸੀ। ਪਿੰਡਾਂ ਦੇ ਵਿੱਚ ਕਿੱਤੇਕਾਰਾਂ ਨੂੰ ਹਾੜੀ, ਸਾਉਣੀ ਹੀ ਅਨਾਜ ਦੇ ਰੂਪ ਵਿੱਚ ਇਵਜ਼ਾਨਾ ਮਿਲਦਾ ਸੀ। ਪੰਜਾਬ ਦਾ ਲੋਕ ਕਿੱਤਾ ਖੇਤੀਬਾੜੀ ਹੀ ਰਿਹਾ ਹੈ। ਬੇਸ਼ੱਕ ਪੰਜਾਬ ਦੇ ਲੋਕ ਖੇਤੀਬਾੜੀ ਹੀ ਕਰਦੇ ਪਰੰਤੂ ਨਾਲ ਨਾਲ ਹੋਰ ਕੰਮਾਂ ਦੇ ਵਿੱਚ ਵੀ ਮੁਹਾਰਤ ਹਾਸਿਲ ਹੈ ਜਿਨ੍ਹਾਂ ਨੂੰ ਆਪਣੀ ਲੋੜ ਦੀ ਪੂਰਤੀ ਲਈ ਕਰਦੇ ਸਨ। ਇਨ੍ਹਾਂ ਕੰਮਾਂ ਦਾ ਸੰਬੰਧ ਕੇਵਲ ਘਰੇਲੂ ਜੀਵਨ ਨਾਲ ਹੈ। ਇਹ ਨਾ ਤਾ ਕਿਸੇ ਕਿੱਤੇ ਨਾਲ ਸੰਬੰਧਿਤ ਹੈ, ਨਾ ਹੀ ਉਪਜੀਵਕਾ ਕਮਾਉਣ ਦੇ ਲਈ ਸੰਬੰਧ ਰੱਖਦੇ ਹਨ। ਖ਼ੁਸ਼ੀਆਂ ਦੇ ਮੌਕਿਆਂ ਉੱਤੇ ਲੈਣ-ਦੇਣ ਦੀ ਭਾਵਨਾ ਕਰਕੇ ਕੀਤਾ ਜਾਂਦਾ ਸੀ।

ਸਮਾਜ ਸਭਿਆਚਾਰ ਦੀ ਭੂਗੋਲਿਕ ਪਰਸਥਿਤੀ ਹੀ ਕਿੱਤਿਆਂ ਨੂੰ ਰੂਪਮਾਨ ਕਰਦੀ ਹੈ  ਜਿਵੇਂ ਕਿ ਪਥਰੀਲੀ ਧਰਤੀ ਉੱਤੇ ਪੱਥਰ ਦੀਆਂ ਮੂਰਤੀਆਂ ਬਣਾਈਆਂ ਜਾਣ ਲੱਗੀਆਂ। ਸਮੁੰਦਰ ਦੇ ਕੰਢੇ ਉੱਤੇ ਮੱਛੀ ਪਾਲਣ ਦਾ ਕਿੱਤਾ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਵੱਖ-ਵੱਖ ਕਿੱਤੇ ਭੂਗੋਲਿਕ ਸਥਿਤੀ ਦੇ ਅਨੁਸਾਰੀ ਹੋ ਕੇ ਚਲਦੇ ਹਨ। ਪੰਜਾਬ ਦੇ ਲੋਕ ਕਿੱਤੇ ਪੰਜਾਬ ਦੇ ਵਿੱਚੋ ਮਿਲਣ ਵਾਲੀ ਕੱਚੀ ਸਮੱਗਰੀ ਨਾਲ ਹੀ ਬਣਦੇ ਹਨ। ਕੱਚੀ ਸਮੱਗਰੀ ਦੀ ਸੂਚੀ ਇਸ ਤਰ੍ਹਾ ਹੈ:-

- ਧਰਤੀ ( ਮਿੱਟੀ, ਸੀਮਿੰਟ, ਚੂਨਾ)
- ਧਾਤਾਂ
- ਰੂੰ
- ਲੱਕੜ
- ਚਮੜਾ
- ਕਾਗ਼ਜ਼
- ਫੁਟਕਲ

ਇਹ ਕੱਚੀ ਸਮੱਗਰੀ ਕਿਸੇ ਨਾ ਕਿਸੇ ਵਸਤ ਦਾ ਰੂਪ ਧਾਰਨ ਕਰ ਜਾਂਦੀ ਹੈ। ਆਧੁਨਿਕ ਸਮਾਜ ਦੇ ਤਬਦੀਲ ਹੋਣ ਤੋਂ ਪਹਿਲਾਂ ਇਹਨਾਂ ਕਿੱਤੇਕਾਰਾਂ ਦੀ ਪੂਰੀ ਅਹਿਮੀਅਤ ਸੀ। ਸਮੇਂ ਦੇ ਚੱਕਰ ਬਦਲਣ ਨਾਲ ਇਹਨਾਂ ਦੇ ਹਾਲਾਤ ਵੀ ਬਦਲ ਗਏ। ਇਹ ਵਸਤਾਂ ਵਰਤੋਂ ਦੇ ਵਿੱਚ ਤਾਂ ਮੁੱਲਵਾਨ ਹੁੰਦੀਆਂ ਸਨ। ਇਹਨਾਂ ਵਿਚਲੀ ਸੁਹਜਤਾ ਤੇ ਸੁੰਦਰਤਾ ਸਮੋਈ ਹੁੰਦੀ ਸੀ। ਘਰਾਂ ਦੀ ਵਰਤੋਂ ਦਾ ਸਾਮਾਨ ਕਿੱਤੇਕਾਰਾਂ ਕੋਲੋਂ ਖ਼ਰੀਦ ਕੇ ਇਵਜ਼ ਵਜੋਂ ਅਨਾਜ ਜਾਂ ਕੋਈ ਚੀਜ਼ ਦੇ ਦਿੱਤੀ ਜਾਂਦੀ ਸੀ। ਇਹ ਕਿੱਤੇ ਆਪਣੇ ਸਮੇਂ ਦੀ ਆਰਥਕ ਵਿਵਸਥਾ ਦਾ ਵਿਭਿੰਨ ਅੰਗ ਰਹੇ ਹਨ। ਪਿੰਡਾਂ ਤੇ ਕਸਬਿਆਂ ਦੇ ਵਿੱਚ ਸਾਰੇ ਹੀ ਕਿੱਤਾਕਾਰ ਮੋਜੂਦ ਰਹਿੰਦੇ ਸਨ। ਇਸ ਕਾਰਨ ਉਹਨਾਂ ਦੀਆਂ ਲੋੜਾਂ ਪਿੰਡਾਂ ਦੇ ਵਿੱਚ ਹੀ ਪੂਰੀਆਂ ਹੋ ਜਾਂਦੀਆਂ ਸਨ। ਲੋਕ ਸਧਾਰਨ ਜੀਵਨ ਢੰਗ ਜਿਊਣ ਵਾਲੇ ਸਨ। ਇਸ ਕਰਕੇ ਉਹਨਾਂ ਦੀਆਂ ਵਿਸ਼ੇਸ਼ ਲੋੜਾਂ ਨਹੀ ਸਨ।

ੳ) **ਪੱਛਮੀ ਸੰਸਕ੍ਰਿਤੀ ਦਾ ਪ੍ਰਭਾਵ** : ਸਭਿਆਚਾਰ ਸਰਬ ਸਾਂਝ ਦੀ ਭਾਈਵਾਲੀ ਮੁੱਖ ਕਾਰਨ ਹੈ। ਇਹਨਾਂ ਕਿੱਤਿਆਂ ਦੇ ਵਿੱਚ ਵੀ ਸਰਬ ਸਾਂਝਾ ਗੁਣ ਵਿਦਮਾਨ ਹੈ। ਭਾਈਚਾਰਕ ਸਾਂਝਾਂ ਹੋਣ ਕਾਰਨ ਹਰ ਇੱਕ ਨੂੰ ਇੱਕ ਦੂਜੇ ਦੀ ਲੋੜ ਪੈਂਦੀ ਰਹਿੰਦੀ ਹੈ। ਕਿੱਤੇ ਪਦਾਰਥਿਕ ਲੋੜਾਂ ਦੀ ਉਪਜ ਹੈ। ਕਿੱਤਾਕਾਰ ਅਤੇ ਗਾਹਕਾਂ ਦੀ ਆਪਣੀ ਸਾਂਝ ਦੁਵੱਲੀ ਹੈ। ਉਹਨਾਂ ਦੀ ਆਪਸੀ ਸਾਂਝ ਪੁਸ਼ਤ ਦਰ ਪੁਸ਼ਤ ਚਲਦੀ ਰਹੀ ਹੈ। ਭਾਰਤ ਦੇ ਵਿੱਚ ਉਦਯੋਗ ਵਿਵਸਥਾ ਪੱਛਮੀ ਮਾਡਲ ਦੇ ਅਨੁਸਾਰੀ ਹੋਈ ਹੈ। ਪੱਛਮ ਦੇ ਮਾਡਲ ਨੂੰ ਇਨ ਬਿਨ ਸਾਕਾਰ

ਕੀਤਾ ਗਿਆ ਹੈ। ਉਦਯੋਗੀਕਰਨ ਵਿਕਾਸ ਦੀ ਦ੍ਰਿਸ਼ਟੀ ਅਮਾਨਵੀ ਹੈ। ਭਾਰਤ ਮੂਲ ਤੋਂ ਹੀ ਪਰੰਪਰਾਗਤ ਰਿਹਾ ਹੈ। ਭਾਰਤ ਦੇ ਵਿੱਚ ਖੇਤੀ ਤੇ ਹੀ ਸਮਾਜਕ ਕਾਰਜਾਂ ਦੇ ਲਈ ਮੂਲ ਆਧਾਰ ਸਨ। ਪਰੰਤੂ ਨਵੀਨ ਤਕਨੀਕਾਂ ਦੇ ਆਪਣੇ ਊਰਜਾ ਸਰੋਤ ਸਨ, ਜਿਨ੍ਹਾਂ ਨੂੰ ਸਮਾਜਕ ਨੇਮਾਂ ਦੇ ਅਨੁਸਾਰ ਅਪਣਾਇਆ ਨਹੀ ਗਿਆ ਹੈ। ਪੱਛਮੀ ਸੰਸਕ੍ਰਿਤੀ ਦੇ ਅਨੁਰੂਪ ਹੀ ਗ੍ਰਹਿਣ ਕੀਤੇ ਗਏ ਹਨ। ਪੱਛਮੀ ਮਾਡਲ ਦੇ ਅਨੁਸਾਰੀ ਹੋ ਕੇ ਚੱਲਣ ਨਾਲ ਪਰੰਪਰਾਗਤ ਵਿਵਸਥਾ ਨੂੰ ਧੱਕਾ ਲੱਗਾ ਹੈ। ਪੰਜਾਬ ਦੇ ਵਿੱਚ ਕਿੱਤਿਆਂ ਨੂੰ ਤਬਦੀਲੀ ਕਰਨ ਦਾ ਕਾਰਜ ਬ੍ਰਿਟਿਸ਼ ਸਰਕਾਰ ਦੇ ਆਉਣ ਤੋਂ ਬਾਅਦ ਹੀ ਹੋਇਆ ਹੈ। ਉਹਨਾਂ ਨੇ ਸਿੱਖਿਆ ਦੇ ਨਾਲ ਉਦਯੋਗਾਂ ਦਾ ਵਿਕਾਸ ਕੀਤਾ। ਲੋਕਾਂ ਦਾ ਰੁੱਖ ਪਿੰਡ ਤੋਂ ਸ਼ਹਿਰ ਦੀ ਤਰਫ਼ ਹੋਇਆ। ਚੰਗੇਰੀ ਕਮਾਈ ਦੇ ਲਈ ਉਹਨਾਂ ਨੇ ਆਪਣੇ ਜੱਦੀ ਪੁਸ਼ਤੀ ਕਿੱਤੇ ਛੱਡ ਦਿੱਤੇ। ਉਹਨਾਂ ਕਿੱਤਿਆਂ ਦੇ ਵਿੱਚ ਕਮਾਈ ਘੱਟ ਹੁੰਦੀ ਸੀ ਵੱਡੇ ਟੱਬਰਾਂ ਦੇ ਢਿੱਡ ਭਰਨੇ ਔਖੇ ਹੋ ਗਏ ਸਨ।

ਪੰਜਾਬ ਦੇ ਵਿੱਚ ਸਰਸਰੀ ਨਜ਼ਰ ਮਾਰਿਆਂ ਤਾਂ ਪਤਾ ਲੱਗਦਾ ਹੈ ਕਿ ਲੋਕ ਕਿੱਤਿਆਂ ਦੇ ਨਾਲ ਸੰਬੰਧਿਤ ਕਾਰੀਗਰ ਨਵੀਨ ਕਿੱਤਿਆਂ ਨੂੰ ਗ੍ਰਹਿਣ ਕਰ ਚੁੱਕੇ ਹਨ। ਉਦਯੋਗੀਕਰਨ ਨੇ ਮਾਨਵ ਨੂੰ ਨਵੀਨ ਵਸੀਲੇ ਤਾਂ ਦਿੱਤੇ ਪਰ ਨਾਲ ਹੀ ਪੀੜ੍ਹੀ ਦਰ ਪੀੜ੍ਹੀ ਚਲੇ ਆ ਰਹੇ ਕਿੱਤਿਆਂ ਦੇ ਅਸਤਿਤਵ ਨੂੰ ਖ਼ਤਰੇ ਦੇ ਵਿੱਚ ਪਾ ਦਿੱਤਾ ਹੈ। 21 ਵੀਂ ਸਦੀ ਦੇ ਦੌਰ ਦੇ ਵਿੱਚ ਮਾਨਵ ਵਧੇਰੇ ਉਹਨਾਂ ਕਿੱਤਿਆਂ ਦੇ ਵੱਲ ਵਧਿਆ ਹੈ ਜਿਨ੍ਹਾਂ ਤੋਂ ਉਸਦਾ ਜੀਵਨ ਸੁਖਾਲਾ ਹੋਇਆ ਹੈ। ਉਦਯੋਗੀਕਰਨ ਨੇ ਸ਼ਹਿਰਾਂ ਨੂੰ ਵਸਾਇਆ ਤੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ। ਵੱਡੀਆਂ ਵੱਡੀਆਂ ਕੰਪਨੀਆਂ ਦੇ ਆਗਮਨ ਨੇ ਛੋਟੇ ਦਰਜੇ ਦੇ ਕਿੱਤਿਆਂ ਨੂੰ ਨਿਗੁਣਾ ਬਣਾ ਦਿੱਤਾ ਹੈ। ਉਦਾਹਰਨ ਦੇ ਤੌਰ 'ਤੇ ਕੁੜੀ ਨੂੰ ਦਾਜ ਦੇ ਵਿੱਚ ਦਿੱਤਾ ਜਾਣ ਵਾਲਾ ਸੰਦੂਕ ਤਰਖਾਣ ਦੀ ਹੁਨਰ ਤੇ ਕਾਰੀਗਰੀ ਦਾ ਪਤਾ ਲੱਗਦਾ ਹੈ। ਸਮਾਂ ਪਾ ਕੇ ਇਹ ਦਾਦੀ ਨਾਨੀ ਦੀਆਂ ਕਹਾਣੀਆਂ ਦਾ ਹਿੱਸਾ ਬਣ ਕੇ ਰਹਿ ਗਿਆ ਹੈ।

**ਅ) ਧੰਦਿਆਂ ਦੇ ਵਿੱਚ ਪਰਿਵਰਤਨ** : ਪਿੰਡਾਂ ਦੇ ਵਿੱਚ ਖੇਤੀਬਾੜੀ ਦੇ ਧੰਦੇ ਨਾਲ ਹੋਰ ਵੀ ਕਾਰੀਗਰ ਜੁੜੇ ਹੁੰਦੇ ਸਨ। ਹੁਣ ਉਹਨਾਂ ਕਾਰੀਗਰਾਂ ਦੀ ਨੁਹਾਰ ਹੀ ਬਦਲ ਗਈ ਹੈ। ਝੀਊਰ ਘਰ ਘਰ ਜਾ ਕੇ ਪਾਣੀ

ਦੀ ਵੰਡ ਦਾ ਕੰਮ ਕਰਦਾ ਸੀ। ਘਰਾਂ ਦੇ ਵਿੱਚ ਨਲਕੇ ਤੇ ਮੋਟਰਾਂ ਲੱਗਣ ਨਾਲ ਉਸ ਦੀ ਜ਼ਰੂਰਤ ਨਹੀ ਰਹੀ। ਦਾਣੇ ਭੁੰਨਣ ਵਾਲੀਆਂ ਭੱਠੀਆਂ ਦਾ ਨਾਮੋ-ਨਿਸ਼ਾਨ ਹੀ ਖਤਮ ਹੋ ਗਿਆ ਹੈ। ਉਹਨਾਂ ਭੱਠੀਆਂ ਉੱਤੇ ਲੱਗਣ ਵਾਲੀ ਮਹਿਫ਼ਲ ਵੀ ਖ਼ਤਮ ਹੋ ਗਈ ਹੈ। ਹੁਣ ਦੇ ਮਾਨਵ ਦਾ ਵਕਤ ਕੀਮਤੀ ਹੋ ਗਿਆ ਹੈ। ਉਸ ਕੋਲ ਇੰਨਾ ਵਕਤ ਨਹੀ ਹੈ। ਨਵੀਨ ਤਕਨੀਕ ਨੇ ਮਨੁੱਖ ਦਾ ਧਿਆਨ ਲੋਕ ਧੰਦਿਆਂ ਤੋ ਹਟਾ ਕੇ ਨਵੀਨ ਧੰਦਿਆਂ ਦੀ ਤਰਫ਼ ਕਰ ਦਿੱਤਾ ਹੈ।

ਹਰਭਜਨ ਹਲਵਾਰਵੀ ਦੇ ਕਥਨ ਅੁਨਸਾਰ,

> ਪੰਜਾਬ ਦੇ ਵਿੱਚ ਹੋਰ ਸੂਬਿਆਂ ਦੇ ਮੁਕਾਬਲੇ ’ਤੇ ਸ਼ਹਿਰੀਕਰਨ ਦੀ ਰਫ਼ਤਾਰ ਸਭ ਤੋਂ ਤੇਜ਼ ਹੋਣ ਤੋਂ ਜਿੱਥੇ ਸੂਬੇ ਦੀ ਖ਼ੁਸ਼ਹਾਲੀ ਬਾਰੇ ਅਨੁਮਾਨ ਲੱਗਦਾ ਹੈ, ਉੱਥੇ ਇਹ ਰੁਝਾਨ ਇਸ ਗੱਲ ਦਾ ਵੀ ਸੂਚਕ ਹੈ ਕਿ ਪੇਂਡੂ ਖੇਤਰਾਂ ਵਿਚ ਰੋਜ਼ਗਾਰ ਤੇ ਭਰੋਸੇਯੋਗ ਸਾਧਨ ਨਾ ਹੋਣ ਕਰਕੇ ਪੇਂਡੂ ਵਸੋਂ ਦਾ ਕਾਫੀ ਵੱਡਾ ਹਿੱਸਾ ਰੁਜ਼ਗਾਰ ਦੀ ਤਲਾਸ਼ ਵਿਚ ਸ਼ਹਿਰਾਂ ਵੱਲ ਜਾ ਰਿਹਾ ਹੈ। ਜ਼ਮੀਨਾਂ ਦੀ ਵੰਡ ਹੋਣ ਉਪਰੰਤ ਵਾਹੀ ਯੋਗ ਜ਼ਮੀਨ ਦੇ ਟੁਕੜੇ ਏਨੇ ਵੱਡੇ ਨਹੀ ਰਹੇ ਕਿ ਇਨ੍ਹਾਂ ਵਿਚੋਂ ਸਾਰੇ ਪਰਿਵਾਰ ਦੇ ਖਰਚੇ ਪੂਰੇ ਹੋ ਸਕਣ। ਬਹੁਤੇ ਪੜ੍ਹੇ ਲਿਖੇ ਲੋਕਾਂ ਦੀ ਖੇਤੀਬਾੜੀ ਵਿਚ ਉਂਜ ਹੀ ਦਿਲਚਸਪੀ ਨਹੀ ਰਹੀ ਅਤੇ ਉਹ ਨੌਕਰੀਆਂ ਦੀ ਤਲਾਸ਼ ਵਿਚ ਲਗਾਤਾਰ ਸ਼ਹਿਰਾਂ ਵੱਲ ਆ ਰਹੇ ਹਨ।

*(ਅਜੋਕਾ ਅਰਥ ਚਾਰਾ: ਤੱਥ ਤੇ ਪ੍ਰਭਾਵ 64)*

ਨਵੇਂ ਧੰਦਿਆਂ ਦੇ ਆਮਦ ਨੇ ਪੁਰਾਤਨ ਧੰਦਿਆਂ ਦੇ ਭੱਵਿਖ ਨੂੰ ਧੁੰਦਲਾ ਕਰ ਦਿੱਤਾ ਸੀ। ਨਵੀਨ ਧੰਦੇ ਕੋਈ ਵੀ ਤੇ ਆਪਣੀ ਯੋਗਤਾ ਦੇ ਅਨੁਸਾਰ ਕਰ ਸਕਦਾ ਸੀ। ਪੁਰਾਤਨ ਧੰਦੇ ਪੀੜ੍ਹੀਆਂ ਤੋਂ ਹੀ ਚਲੇ ਆ ਰਹੇ ਸਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ,"ਸਮੇਂ ਦੇ ਅਨੁਸਾਰ ਬਦਲਾਵ ਵੀ ਜ਼ਰੂਰੀ ਹੈ। ਮਸ਼ੀਨਾਂ ਨਾਲ ਇਨਸਾਨਾਂ ਦਾ ਕੰਮ ਸੌਖਾ ਹੋ ਗਿਆ।" *(ਰਤਿੰਦਰ ਕੋਰ ਅਸਿਸਟੈਂਟ ਪ੍ਰੋਫੈਸਰ. ਐੱਸ. ਐੱਸ ਡੀ ਗਰਲਜ਼. ਕਾਲਜ ਬਠਿੰਡਾ)*

ਉਦਯੋਗੀਕਰਨ ਨੇ ਸਮਾਜ ਨੂੰ ਨਵੀਂਆਂ ਲੀਹਾਂ ਤੇ ਪਾਇਆ ਹੈ। ਉਦਯੋਗੀਕਰਨ ਨੇ ਸ਼ਹਿਰਾਂ ਨੂੰ ਵਸਾਇਆ। ਡਾ. ਜਸਵਿੰਦਰ ਸਿੰਘ ਦੀ ਧਾਰਨਾ ਹੈ ਕਿ 'ਪੰਜਾਬ ਦਾ ਭਾਵੇਂ ਸਹੀ ਅਰਥਾਂ ਦੇ ਵਿੱਚ ਉਦਯੋਗੀਕਰਨ ਨਹੀ ਹੋਇਆ, ਪਰ ਮਸ਼ੀਨੀਕਰਨ ਵੱਡੇ ਪੈਮਾਨੇ 'ਤੇ ਹੋਇਆ ਹੈ।' *(ਪੰਜਾਬੀ ਸਭਿਆਚਾਰ : ਪਛਾਣ ਚਿੰਨ੍ਹ 192)*

ੲ) **ਕਿੱਤਾ ਵਰਗ** : ਇਸ ਦੇ ਕਾਰਨ ਹੀ ਉਤਪਾਦਨ ਵਿਧੀ ਦਾ ਖਾਸਾ ਵੀ ਤਬਦੀਲ ਹੋ ਗਿਆ। ਇਹ ਪੰਜਾਬ ਦੇ ਪ੍ਰਚਲਿਤ ਲੋਕ ਧੰਦਿਆਂ ਦੇ ਤਬਦੀਲ ਹੋਣ ਦਾ ਪ੍ਰਥਮ ਕਾਰਨ ਹੈ। 21 ਵੀਂ ਸਦੀ ਪੜ੍ਹਿਆਂ ਲਿਖਿਆਂ ਦਾ ਜ਼ਮਾਨਾ ਹੈ। ਇਨਸਾਨ ਦੇ ਅੰਦਰ ਕੁਝ ਕਰ ਦਿਖਾਉਣ ਦੀ ਕਾਮਨਾ ਭਰੀ ਪਈ ਹੈ। ਅੱਜ ਦੇ ਸਮੇਂ ਵਿੱਚ ਕੋਈ ਡਾਕਟਰ, ਅਧਿਆਪਕ, ਇੰਜੀਨੀਅਰ, ਆਦਿ ਕਿੱਤਿਆਂ ਨੂੰ ਅਪਣਾਉਂਦੇ ਹਨ। ਪੁਰਾਣੇ ਕਿੱਤਿਆਂ ਨੂੰ ਧਾਰਨ ਕਰਨ ਦੀ ਗੱਲ ਤਾਂ ਬਹੁਤ ਦੂਰ ਦੀ ਰਹਿ ਗਈ ਹੈ। ਪੁਰਾਣੇ ਕਿੱਤੇ ਅਤੇ ਨਵੀਨ ਕਿੱਤਿਆਂ ਦੇ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਪੈ ਗਿਆ ਹੈ। ਪੁਰਾਣੇ ਕਿੱਤੇ ਜ਼ਿਆਦਾ ਹੱਥਾਂ ਦੇ ਰਾਹੀਂ ਕੀਤੇ ਜਾਂਦੇ ਸਨ। ਨਵੀਨ ਕਿੱਤੇ ਮਸ਼ੀਨਾਂ ਦੇ ਮਾਧਿਅਮ ਰਾਹੀਂ ਕੀਤੇ ਜਾਂਦੇ ਹਨ। ਜਿਸ ਨਾਲ ਮਨੁੱਖ ਦਾ ਕੰਮ ਆਸਾਨ ਤੇ ਸੌਖਾ ਹੋ ਗਿਆ ਹੈ। ਕੰਮ ਵਕਤ ਤੋਂ ਪਹਿਲਾਂ ਸਮਾਪਤ ਹੋ ਜਾਂਦਾ ਹੈ। ਵੱਡੀਆਂ ਕੰਪਨੀਆਂ ਦੇ ਆ ਜਾਣ ਨਾਲ ਛੋਟੇ ਧੰਦਿਆਂ ਦਾ ਨਿਸ਼ਾਨ ਹੀ ਖ਼ਤਮ ਕਰ ਦਿੱਤਾ ਹੈ। ਮਸ਼ੀਨੀਕਰਨ ਨੇ ਜੀਵਨ ਦੀ ਰਫ਼ਤਾਰ ਨੂੰ ਅਧਿਕ ਗਤੀਸ਼ੀਲ ਕਰ ਦਿੱਤਾ ਹੈ।

ਅਜੋਕੇ ਸਮੇਂ ਦੇ ਵਿੱਚ ਮਾਨਵ ਨੂੰ ਹਰ ਪ੍ਰਕਾਰ ਦਾ ਕੰਮ ਕਰਨ ਨੂੰ ਮਿਲ ਜਾਂਦਾ ਹੈ। ਉਸ ਕੰਮ ਦੇ ਅਨੁਸਾਰ ਮਨੁੱਖ ਨੂੰ ਤਨਖ਼ਾਹ ਮਿਲ ਜਾਂਦੀ ਹੈ। ਮਾਨਵ ਦੀ ਮਾਨਸਿਕਤਾ ਵੀ ਅਜਿਹੇ ਕੰਮਾਂ ਨੂੰ ਭਾਲਦੀ ਹੈ, ਜਿਸ ਨਾਲ ਉਸ ਨੂੰ ਜ਼ਿਆਦਾ ਖੇਚਲ ਨਾ ਕਰਨੀ ਪਵੇ। ਮਸ਼ੀਨਾਂ ਦੇ ਆ ਜਾਣ ਦੇ ਨਾਲ ਕੰਮ ਕਰਨੇ ਸੌਖੇ ਹੋ ਗਏ ਸਨ। ਪਹਿਲਾਂ ਸਾਰਾ ਕਾਰਜ ਹੱਥਾਂ ਦੇ ਨਾਲ ਕੀਤਾ ਜਾਂਦਾ ਸੀ ਜਿਵੇਂ ਕਿ ਧਾਤਾਂ ਨੂੰ ਢਾਲ ਕੇ ਆਕਾਰ ਹੀ ਦੇਣਾ ਹੋਵੇ। ਭਾਵੇਂ ਉਹ ਧਾਤ ਸੋਨਾ. ਚਾਂਦੀ, ਤਾਂਬਾ, ਲੋਹਾ ਆਦਿ ਹੀ ਹੋਵੇ। ਇਹਨਾਂ ਨੂੰ ਆਕਾਰ ਹੱਥਾਂ ਦੀ ਪ੍ਰਕਿਰਿਆ ਨਾਲ ਦਿੱਤਾ ਜਾਂਦਾ ਹੈ। ਆਧੁਨਿਕ ਯੁੱਗ ਦੇ ਵਿੱਚ ਮਸ਼ੀਨਾਂ ਦੇ ਰਾਹੀਂ ਧਾਤਾਂ ਨੂੰ ਢਾਲਿਆਂ ਜਾਂਦਾ

ਹੈ। ਵਸਤਾਂ ਨੂੰ ਬਣਾਇਆ ਵੀ ਮਸ਼ੀਨਾਂ ਦੇ ਰਾਹੀਂ ਜਾਂਦਾ ਹੈ। ਭਾਰਤ ਦੇ ਵਿੱਚ ਉਦਯੋਗਿਕ ਕ੍ਰਾਂਤੀ ਬ੍ਰਿਟਿਸ਼ ਸਰਕਾਰ ਦੇ ਆਗਮਨ ਤੋਂ ਬਾਅਦ ਹੀ ਹੋਈ ਹੈ। ਮਸ਼ੀਨਾਂ ਨੇ ਮਨੁੱਖੀ ਮਜ਼ਦੂਰੀ ਨੂੰ ਮਸ਼ੀਨ ਦੇ ਵਿੱਚ ਤਬਦੀਲ ਕਰ ਦਿੱਤਾ। ਇਸ ਨੇ ਮਨੁੱਖੀ ਸੋਚ ਢੰਗ ਦੇ ਨਾਲ ਮਨੁੱਖੀ ਆਪੇ ਨੂੰ ਬਦਲ ਦਿੱਤਾ ਹੈ।

ਸਮਾਜ ਦੇ ਵਿੱਚ ਵਸਤਾਂ ਦਾ ਨਿਰਮਾਣ ਹੋਰ ਚੰਗੇਰੇ ਪੱਧਰ ਉੱਪਰ ਹੋਣ ਲੱਗ ਪਿਆ ਸੀ। ਨਵੀਆਂ ਊਰਜਾ ਸ਼ਕਤੀਆਂ ਦਾ ਵਿਕਾਸ ਹੋਇਆ ਜਿਸ ਨਾਲ ਮਸ਼ੀਨ ਨੂੰ ਚਲਾਇਆ ਜਾ ਸਕੇ। ਉਹਨਾਂ ਊਰਜਾ ਸ਼ਕਤੀਆਂ ਦੇ ਵਿੱਚ ਪਾਣੀ, ਭਾਫ਼, ਬਿਜਲੀ, ਗੈਸ ਆਦਿ ਸ਼ਾਮਿਲ ਹਨ। ਉਦੋਯਗੀਕਰਨ ਦੇ ਕਾਰਨ ਹੀ ਨਵੀਆਂ ਸਹੂਲਤਾਂ ਪ੍ਰਾਪਤ ਹੋਈਆਂ ਜਿਵੇਂ ਕਿ ਯਾਤਰਾ ਦੇ ਸਾਧਨ, ਸੜਕਾਂ, ਟੈਲੀਫ਼ੋਨ, ਰੇਲ ਗੱਡੀ, ਰੇਡੀਉ, ਟੈਲੀਗ੍ਰਾਮ, ਆਦਿ। ਇਸ ਦੇ ਆਗਮਨ ਨਾਲ ਭਾਰਤ ਦੇ ਵਿੱਚ ਮਜ਼ਦੂਰੀ ਨੂੰ ਵੰਡਿਆ ਗਿਆ ਸੀ। ਪਹਿਲਾਂ ਜਾਤ ਦੇ ਅਨੁਸਾਰ ਹੀ ਕੰਮ ਕਰਨ ਨੂੰ ਮਿਲਦੇ ਸਨ। ਉਹ ਕੰਮ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਕਰਦੀ ਸੀ। ਮਾਨਵ ਨੂੰ ਨਵੇਂ ਮੌਕੇ ਮਿਲਣ ਕਰਕੇ ਉਹਨਾਂ ਨੇ ਪੀੜ੍ਹੀ ਤੋਂ ਚਲੇ ਆ ਰਹੇ ਧੰਦਿਆਂ ਨੂੰ ਛੱਡ ਕੇ ਨਵੀਨ ਧੰਦੇ ਧਾਰਨ ਕਰਨ ਦਾ ਫ਼ੈਸਲਾ ਲਿਆ। "Economic Times ਦੀਆ ਸਤਰਾਂ ਤੋਂ ਸਪਸ਼ੱਟ ਹੁੰਦਾ ਹੈ ਕਿ: "The export of information technology and other hitech jobs to India, China and Brazil and manufacturings jobs to countries like Mexico is shaking faith in globalization even amongst its fervent advocates. " *(ਡਾ.ਭੀਮ ਇੰਦਰ ਸਿੰਘ. ਵਿਸ਼ਵੀਕਰਨ ਵਿਸ਼ਲੇਸ਼ਣ ਤੇ ਵਿਵੇਚਨ 16)*

ਇਸ ਤੋਂ ਸਪੱਸ਼ਟ ਹੈ ਕਿ ਮਨੁੱਖ ਨੂੰ ਮੌਕੇ ਮਿਲਣੇ ਸ਼ੁਰੂ ਹੋ ਗਏ ਸਨ। ਤਰੱਕੀ ਦੀ ਰਾਹ ਉੱਤੇ ਪੁਰਾਣਿਆਂ ਧੰਦਿਆਂ ਉੱਤੇ ਕੰਮ ਕਰਨਾ ਮੁਸ਼ਕਿਲ ਤੇ ਨਾ ਮੁਮਕਿਨ ਜਾਪਦਾ ਹੈ। ਪੁਰਾਣੇ ਧੰਦੇ ਦਾ ਅਸਤਿੱਤਵ ਜੀਵੰਤ ਰਹਿੰਦਾ ਦਿਖਾਈ ਨਹੀ ਦਿੰਦਾ ਹੈ। ਇਹ ਸਿਰਫ਼ ਕਹਾਣੀਆਂ ਜਾਂ ਕਿਤਾਬਾਂ ਦਾ ਹਿੱਸਾ ਬਣ ਕੇ ਰਹਿ ਗਿਆ ਹੈ। ਸਿੱਖਿਆ ਦੇ ਪ੍ਰਸਾਰ ਉਪਰੰਤ ਮਾਨਵ ਨੂੰ ਖ਼ੁਸ਼ਹਾਲੀ ਨਜ਼ਰ ਆਈ। ਆਸਮਾਨ ਦੇ ਉੱਚੀਆਂ ਬੁਲੰਦੀਆਂ ਨੂੰ ਛੂਹਣ ਲੱਗ ਪਏ ਸਨ। ਪੁਰਾਤਨ ਧੰਦੇ ਜਾਤ ਉੱਪਰ ਆਧਾਰਿਤ ਸਨ। ਡਾ. ਹਰਮੀਤ ਕੌਰ ਭੁੱਲਰ ਦੀ ਧਾਰਨਾ ਹੈ ਕਿ "ਹਰੇਕ ਜਾਤ ਦਾ ਆਪਣਾ ਕਸਬਾ ਹੈ,ਜਿਸ ਨਾਲ ਉਨ੍ਹਾਂ ਦੀ ਪਛਾਣ ਬੱਝੀ ਹੋਈ

ਹੈ। ਹਰ ਇੱਕ ਕਾਰੀਗਰ ਆਪਣੇ ਕੰਮ ਨੂੰ ਬਿਹਤਰ ਸਮਝਦਾ ਅਤੇ ਕਲਾ ਦੇ ਉਤਮ ਜੌਹਰ ਦਿਖਾਉਂਦਾ ਹੈ। ਸਿਰਜਣ ਸ਼ਕਤੀ ਹਰ ਇੱਕ ਕੋਲ ਮੋਜੂਦ ਹੈ, ਕੋਈ ਉਸ ਨੂੰ ਕਿੰਝ ਸਾਹਮਣੇ ਲਿਆਉਂਦਾ ਹੈ? ਇਹ ਉਸ ਉਪਰ ਨਿਰਭਰ ਹੈ।" *(ਪੰਜਾਬੀ ਸਭਿਆਚਾਰ ਵਾਰਤਕ: ਸਿਧਾਂਤ ਤੇ ਵਿਹਾਰ 110)*

ਨਵੀਨ ਤਕਨੀਕ, ਨਵੀਨ ਸੋਚ, ਨਵੀਨ ਸੰਦਾਂ ਨੇ ਪਰੰਪਰਾਗਤ ਧੰਦਿਆਂ ਦਾ ਰੂਪ ਹੀ ਬਦਲ ਦਿੱਤਾ। ਕਈ ਧੰਦੇ ਅਜਿਹੇ ਸਨ, ਜਿਹੜੇ ਸਭਿਆਚਾਰਕ ਆਰਥਕ ਧਰਾਤਲ ਦਾ ਜ਼ਰੂਰੀ ਹਿੱਸਾ ਸਨ। ਇਹ ਧੰਦੇ ਬਿਲਕੁਲ ਹੀ ਅਲੋਪ ਹੋ ਚੁੱਕੇ ਹਨ। ਪਿੰਡਾਂ ਦੇ ਅਹਿਮ ਕਿੱਤੇ ਲੁਹਾਰ, ਤਰਖਾਣ, ਮੋਚੀ, ਨਾਈ ਆਦਿ। ਇਹਨਾਂ ਨੂੰ ਆਪਣੇ ਪਰੰਪਰਾਗਤ ਕਿੱਤੇ ਛੱਡ ਕੇ ਦੂਜੇ ਕਿੱਤੇ ਤੇ ਕੰਮ ਕਰਨਾ ਪੈ ਰਿਹਾ ਹੈ ਜਾਂ ਇਹਨਾਂ ਨੂੰ ਖੇਤਾਂ ਦੇ ਮਜ਼ਦੂਰ ਬਣਨਾ ਪੈ ਗਿਆ ਹੈ। ਜਿਸ ਕਰਕੇ ਖੇਤਾਂ ਦੇ ਮਜ਼ਦੂਰਾਂ ਦੀ ਗਿਣਤੀ ਦੇ ਵਿੱਚ ਵਾਧਾ ਹੋਇਆ ਹੈ। ਦੂਜਾ ਕੰਮ ਦੀ ਭਾਲ ਵਿੱਚ ਘਰੋਂ ਬੇਘਰ ਵੀ ਹੋਣਾ ਪੈ ਗਿਆ ਹੈ। ਖੇਤੀ ਪੰਜਾਬ ਦਾ ਮੂਲ ਕਿੱਤਾ ਹੈ। ਖੇਤੀ ਕਰਨ ਦੇ ਪਰੰਪਰਾਗਤ ਸੰਦ ਵੀ ਤਬਦੀਲ ਹੋ ਗਏ। "ਜਿਵੇਂ ਕਿ ਬਲਦਾਂ ਦੀ ਥਾਂ ਟਰੈਕਟਰ, ਹੱਲਾਂ ਦੀ ਥਾਂ ਟਿਲਰ-ਡਿਸਕਾਂ, ਗੱਡੇ ਦੀ ਥਾਂ ਟਰਾਲੀ, ਖੂਹ ਟਿੰਡਾਂ ਦੀ ਥਾਂ 'ਤੇ ਮੋਟਰ ਇੰਜਣ, ਫ਼ਸਲਾਂ ਦੇ ਲਈ ਕੀਟ-ਨਾਸ਼ਕ ਦਵਾਈਆਂ, ਕੱਚੇ ਮਕਾਨ ਦੀ ਥਾਂ ਤੇ ਪੱਕੇ ਮਕਾਨ, ਦੀਵੇ ਲੈਂਪਾਂ ਦੀ ਥਾਂ ' ਤੇ ਬਿਜਲੀ ਬਲਬ, ਧੁਲਾਈ ਮਸ਼ੀਨਾਂ, ਆਦਿ ਆ ਗਈਆ ਹਨ।" *(ਡਾ. ਜਸਵਿੰਦਰ ਸਿੰਘ .ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ 190)*

ਬਦਲਾਵ ਦੀ ਝਲ਼ਕ ਹੇਠਾਂ ਦਿੱਤੀਆਂ ਕਾਵਿ ਸਤਰਾਂ ਦੇ ਵਿੱਚੋਂ ਵੀ ਦੇਖਣ ਨੂੰ ਮਿਲਦੀਆਂ ਹਨ ਜਿਵੇ ਕਿ,

ਖੂਹ ਟੋਭਿਆਂ ਤੇ ਮਿਲਣੇ ਰਹਿ ਗਏ, ਔਤਰੇ ਲਵਾ ਲਏ ਨਲਕੇ।
ਹੁਣ ਕੋਈ ਮੁਟਿਆਰ ਆਪਣੇ ਬਾਬਲ ਨੂੰ ਇਹ ਨਹੀ ਕਹਿੰਦੀ:
-ਨੌਕਰ ਨਾ ਦਈ ਬਾਬਲਾ, ਹਾਲੀ ਪੁੱਤ ਬਥੇਰੇ.... "

*(ਡਾ. ਜਸਵਿੰਦਰ ਸਿੰਘ. ਪੰਜਾਬੀ ਸਭਿਆਚਾਰ : ਪਛਾਣ ਚਿੰਨ੍ਹ 190)*

ਸ) **ਮਸ਼ੀਨੀਕਰਨ ਦਾ ਪ੍ਰਭਾਵ** : ਇਸ ਤੋਂ ਸਪਸ਼ਟ ਹੈ ਕਿ ਉਦਯੋਗੀਕਰਨ ਦੇ ਆਗਮਨ ਨੇ ਹਰ ਜਾਤ ਨੂੰ ਕੰਮ ਕਰਨ ਦੇ ਬਰਾਬਰ ਮੌਕੇ ਪ੍ਰਦਾਨ ਕੀਤੇ। ਇਹਨਾਂ ਹਾਲਤਾਂ ਦੇ ਵਿੱਚ ਸੁਭਾਵਿਕ ਹੈ ਕਿ ਹਰ ਜਾਤ ਨੇ ਨਵੀਨ ਧੰਦਿਆਂ ਨੂੰ ਅਪਣਾਉਣ ਦੀ ਪਹਿਲ ਕਦਮੀ ਕੀਤੀ ਹੈ। ਮਸ਼ੀਨਾਂ ਦੇ ਨਾਲ ਤਿਆਰ ਮਾਲ ਦੀ ਜ਼ਿਆਦਾ ਵਿਕਰੀ ਹੁੰਦੀ ਹੈ। ਮਾਲ ਨੂੰ ਤਿਆਰ ਕਰਨਾ ਵੀ ਆਸਾਨ ਹੁੰਦਾ ਹੈ। ਪੰਜਾਬ ਦੇ ਵਿੱਚ ਉਦਯੋਗੀਕਰਨ ਦੀਆਂ ਬਹੁਤ ਕੰਪਨੀਆਂ ਖੁੱਲ੍ਹ ਚੁੱਕੀਆ ਹਨ। ਇਹਨਾਂ ਦੇ ਸ਼ੁਰੂ ਹੋਣ ਨਾਲ ਆਮ ਨਿਵਾਸੀਆਂ ਨੂੰ ਨੌਕਰੀਆਂ ਮਿਲੀਆਂ ਤੇ ਉਹਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦੇ ਮੌਕੇ ਵੀ ਮਿਲੇ।ਇਹ ਵੀ ਠੀਕ ਹੈ, ਇਸ ਬਦਲਾਅ ਨੇ ਪੁਰਾਣੇ ਢੰਗ ਤਰੀਕੇ ਬਦਲ ਕੇ ਰੱਖ ਦਿੱਤੇ ਹਨ। ਪੰਜਾਬ ਵਿਚਲੇ ਸਭਿਆਚਾਰਕ ਰੂਪਾਂਤਰਨ ਦੇ ਸਾਰ ਪਿੱਛੇ ਮੱਧਯੁਗੀ ਵਿਚ ਪਨਪੀ ਸਿੱਖ ਲਹਿਰ ਦਾ ਅਸਰ ਵੀ ਹਾਜ਼ਰ ਹੈ, ਜਿਸਨੇ ਕੱਟੜ ਜਾਤਪਾਤਵਾਦੀ ਪ੍ਰਬੰਧ ਨੂੰ ਮੁਕਾਬਲਤਨ ਢਿੱਲਾ ਕੀਤਾ ਅਤੇ ਮਨੁੱਖੀ ਸ਼ਖ਼ਸੀਅਤ ਦਾ ਪੁਨਰ-ਨਿਰਮਾਣ ਕੀਤਾ। ਪੰਜਾਬ ਦੇ ਵਿੱਚ ਇਹ ਪਰਿਵਰਤਨ ਲਗਪਗ ਇੱਕ ਸਦੀ ਦੇ ਬਾਅਦ ਵਿੱਚ ਆਇਆ। ਬਾਕੀ ਰਾਜਾਂ ਦੇ ਵਿੱਚ ਸਭਿਆਚਾਰਕ ਰੂਪਾਂਤਰਨ ਪਹਿਲਾਂ ਹੀ ਹੋ ਚੁੱਕਾ ਸੀ। ਪੰਜਾਬ ਜੀਵਨ ਢੰਗਾਂ ਉੱਤੇ ਝਾਤ ਪਾਈ ਜਾਏ ਤਾ ਪਤਾ ਚਲਦਾ ਹੈ ਕਿ ਮੱਧ ਭਾਰਤ ਦੇ ਵਿੱਚ ਪਰਿਵਰਤਨ ਦੀ ਰਫ਼ਤਾਰ ਤੇਜ਼ ਸੀ।

ਪੂੰਜੀਵਾਦੀ ਸਿਸਟਮ ਤੇ ਨਵੀਨ ਸੰਦਾਂ, ਤਕਨਾਲੋਜੀ ਨੂੰ ਪੰਜਾਬੀਆਂ ਨੇ ਬਾਕੀ ਰਾਜਾਂ ਦੇ ਲੋਕਾਂ ਨਾਲੋ ਜਲਦੀ ਗ੍ਰਹਿਣ ਕੀਤਾ। ਇਹ ਤਬਦੀਲੀ ਛੋਟੇ ਤੋਂ ਛੋਟੇ ਪੱਧਰ ਉਪਰ ਵਾਪਰੀ। ਇਹ ਬਦਲਾਅ ਸੰਦਾਂ ਜਾਂ ਮਸ਼ੀਨਾਂ ਦਾ ਨਹੀ ਸਗੋਂ ਪੰਜਾਬ ਦੇ ਨਿਰੋਲ ਪਰੰਪਰਾਗਤ ਮੁਹਾਂਦਰੇ ਦਾ ਸਰੂਪ ਹੀ ਬਦਲ ਦਿੱਤਾ ਜਿਵੇਂ ਕਿ ਚਰਖਾ ਆਮ ਘਰਾਂ ਦੇ ਵਿੱਚ ਪਾਇਆ ਜਾਂਦਾ ਸੀ। ਚਰਖਾ ਕੱਤ ਕੇ ਕੱਪੜੇ ਨੂੰ ਤਿਆਰ ਕੀਤਾ ਜਾਂਦਾ ਸੀ। ਇਸ ਦੌਰ ਦੇ ਵਿੱਚ ਨਾ ਚਰਖਾ ਰਹਿ ਗਿਆ ਤੇ ਨਾ ਹੀ ਚਰਖੇ ਨੂੰ ਕੱਤਣ ਵਾਲੇ ਰਹਿ ਗਏ ਹਨ। ਇਸ ਦੇ ਬਾਰੇ ਸੂਬਾ ਸਿੰਘ ਦਾ ਕਥਨ ਹੈ ਕਿ,

> ਕੱਪੜਿਆਂ ਦੀਆਂ ਮਿੱਲਾਂ ਨੇ ਤ੍ਰਿੰਝਣ ਹੂੰਝ ਛੱਡੇ ਨੇ, ਹੁਣ ਨਾ ਚਰਖੇ ਦਾ ਬੈੜ ਖ਼ਰਾਬ ਹੁੰਦਾ ਹੈ, ਨਾ ਮਾਹਲ ਟੁੱਟਦੀ ਹੈ, ਨਾ ਚਰਮਖਾਂ ਨਿਕਲ ਨਿਕਲ ਜਾਂਦੀਆਂ ਹਨ। ਨਾ ਹੀ ਚਰਖੇ ਦੀਆਂ ਘੂਕਾਂ ਹਨ ਕਿ ਉਹਨਾਂ ਬਾਰੇ ਕੋਈ ਲੋਕ ਕਵੀ ਇਹ ਕਹੇ ਕਿ-ਜੋਗੀ ਉਤਰ ਪਹਾੜੋਂ

> ਆਇਆ, ਚਰਖੇ ਦੀ ਘੂਕ ਸੁਣ ਕੇ। ਨਾ ਹੀ ਹੁਣ ਕੋਈ ਬੁੱਲੇ ਸ਼ਾਹ ਹੋ ਸਕਦਾ ਹੈ ਜੋ ਚਰਖੇ ਥਾਈ ਰੂਹਾਨੀ ਰਮਜ਼ਾਂ ਸਮਝਾਏ।
>
> *(ਅਲੋਪ ਹੋ ਰਹੇ ਚੇਟਕ 36)*

ਇਸ ਤੋਂ ਸਪੱਸ਼ਟ ਹੈ ਕਿ ਚਰਖਾ ਇਕ ਸਭਿਆਚਾਰਕ ਪ੍ਰਤੀਕ ਹੈ ਪਰੰਤੂ ਚਰਖਾ ਕਹਾਣੀ ਜਾਂ ਕਵਿਤਾਵਾਂ ਦਾ ਅੰਸ਼ ਮਾਤਰ ਬਣ ਕੇ ਰਹਿ ਗਿਆ ਹੈ। ਇਸ ਦੀ ਵਰਤੋਂ ਨਾਂਹ ਦੇ ਬਰਾਬਰ ਹੈ। ਕੱਪੜੇ ਦੀਆਂ ਮਿਲਾਂ ਦੇ ਸ਼ੁਰੂ ਹੋਣ ਨਾਲ ਇਸ ਦਾ ਅਸਤਿਤਵ ਹੀ ਖ਼ਤਮ ਹੋ ਗਿਆ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਮਨੁੱਖ ਨੂੰ ਆਪਣੇ ਪੀੜ੍ਹੀ ਦਰ ਪੀੜ੍ਹੀ ਚਲੇ ਆ ਰਹੇ ਧੰਦਿਆਂ ਨੂੰ ਬਚਾਉਣਾ ਚਾਹੀਦਾ ਹੈ।" *(ਗੁਰਲੀਨ ਕੌਰ. ਅਸਿਸਟੈਂਟ ਪ੍ਰੋਫੈਸਰ. ਭਾਈ ਆਸਾ ਸਿੰਘ ਗਰਲਜ਼ ਕਾਲਜ . ਬਠਿੰਡਾ)*

ਪੰਜਾਬੀ ਪੇਂਡੂ ਸਭਿਆਚਾਰ ਦੇ ਵਿੱਚ ਸਾਂਝ ਸਮੋਈ ਹੋਈ ਸੀ। ਇਹ ਸਾਂਝ ਅਲੋਪ ਹੋ ਗਈ ਹੈ। ਪੇਂਡੂ ਧੰਦੇ ਜਿਵੇਂ ਕਿ ਝੀਊਰ, ਨਾਈ, ਬਾਜੀਗਰ, ਤਰਖਾਣ, ਮੋਚੀ , ਲੁਹਾਰ ਆਦਿ ਆਪਣੀ ਸੁਤੰਤਰ ਹੋਂਦ ਗੁਆ ਚੁੱਕੇ ਹਨ। ਨਵੀਨ ਉਤਪਾਦਨ ਪ੍ਰਣਾਲੀ ਦੇ ਵਿੱਚ ਜਜ਼ਬ ਹੋਣ ਦੀ ਤ੍ਰਾਸਦੀ ਨੂੰ ਭੋਗ ਰਹੇ ਹਨ। ਨਵੇਂ ਉਤਪਾਦਨ ਦੇ ਨਾਲ ਨਵੇ ਢੰਗ ਵੀ ਆਏ ਹਨ। ਪੰਜਾਬ ਦੇ ਵੱਖ-ਵੱਖ ਰਾਜਾਂ ਦੇ ਵਿੱਚ ਕੱਪੜੇ, ਖੰਡ, ਆਦਿ ਹੋਰ ਕਾਰਖ਼ਾਨੇ ਖੁੱਲ੍ਹ ਗਏ। ਇਹਨਾਂ ਨੇ ਪੰਜਾਬ ਨੂੰ ਖ਼ੁਸ਼ਹਾਲ ਤਾਂ ਬਣਾਇਆ ਪਰ ਨਾਲ ਹੀ ਮੰਦਹਾਲੀ ਵੀ ਦਿੱਤੀ। ਡਾ:ਰਣਜੀਤ ਸਿੰਘ ਘੁੰਮਣ ਅਨੁਸਾਰ " ਹਰਾ ਇਨਕਲਾਬ ਪੰਜਾਬ ਦੇ ਵਿੱਚ ਭਾਰਤ ਦੇ ਬਾਕੀ ਰਾਜਾਂ ਦੇ ਨਾਲੋਂ ਜ਼ਿਆਦਾ ਕਾਮਯਾਬ ਹੋਇਆ ਹੈ।" *(ਪੰਜਾਬ ਦੀ ਆਰਥਕਤਾ 212)*

ਮਸ਼ੀਨੀਕਰਨ ਨੇ ਪੁਰਾਤਨ ਧੰਦਿਆਂ ਨੂੰ ਅਲੋਪ ਹੋਣ ਦੇ ਲਈ ਮਜਬੂਰ ਕਰ ਦਿੱਤਾ ਹੈ। ਮਸ਼ੀਨੀਕਰਨ ਨੇ ਮਾਨਵ ਨੂੰ ਉੱਨਤੀ ਦਿੱਤੀ ਹੈ। ਸਮਾਜ ਦੀ ਆਰਥਕ ਵਿਵਸਥਾ ਨੂੰ ਤਾਕਤਵਰ ਕੀਤਾ ਹੈ। ਪੁਰਾਤਨ ਤੌਰ ਤਰੀਕਿਆਂ ਤੇ ਡੂੰਘਾ ਵਾਰ ਕਰ ਦਿੱਤਾ ਹੈ। ਉਹ ਫਿਰ ਖੜ੍ਹੇ ਹੋਣ ਦੀ ਹਿੰਮਤ ਨਹੀ ਕਰ ਸਕਦੇ ਹਨ। ਮਸ਼ੀਨੀਕਰਨ ਨੇ ਮਨੁੱਖ ਨੂੰ ਮਸ਼ੀਨ ਦੀ ਥਾਂ 'ਤੇ ਖੜਾ ਕਰ ਦਿੱਤਾ ਹੈ। ਮਸ਼ੀਨੀਕਰਨ ਨੇ ਰੋਜ਼ਗਾਰ ਦੇਣ ਦੇ ਨਾਲ ਨਾਲ ਪੂੰਜੀ ਦੇ ਵਿੱਚ ਵੀ ਵਾਧਾ ਕੀਤਾ। ਪਿੰਡਾਂ ਦੇ ਰਹਿਣ ਵਾਲੇ 80% ਲੋਕ ਸ਼ਹਿਰਾਂ ਦੇ ਵਿੱਚ

ਆ ਕੇ ਵੱਸ ਗਏ ਹਨ। ਸ਼ਹਿਰਾਂ ਦੇ ਵਿੱਚ ਬਰਾਬਰ ਜੀਵਨ ਬਸਰ ਕਰਨ ਦਾ ਮੌਕਾ ਮਿਲਿਆ। ਪੁਰਾਤਨ ਧੰਦੇ ਪੀੜ੍ਹੀ ਉਪਰ ਆਧਾਰਿਤ ਸਨ। ਉਦਯੋਗੀਕਰਨ ਨੇ ਮਾਨਵ ਨੂੰ ਯੋਗਤਾ ਦੇ ਅਨੁਸਾਰ ਨੌਕਰੀਆਂ ਦਿੱਤੀਆਂ। ਪਿੰਡਾਂ ਦੇ ਵਿੱਚ ਜੀਵਨ ਬਸਰ ਜਾਤ ਦੇ ਅਨੁਸਾਰ ਹੁੰਦਾ ਸੀ ਅਰਥਾਤ ਜਾਤ ਦੇ ਅਨੁਸਾਰੀ ਹੋ ਕੇ ਹੀ ਘਰ ਤੇ ਧੰਦੇ ਨਿਸ਼ਚਿਤ ਸਨ। ਮਸ਼ੀਨੀਕਰਨ ਨੇ ਜੀਵਨ ਨੂੰ ਵੀ ਮਸ਼ੀਨ ਹੀ ਬਣਾ ਦਿੱਤਾ ਹੈ। ਪੈਸੇ ਦੀ ਭੁੱਖ ਵਧ ਗਈ ਹੈ। ਮਸ਼ੀਨਾਂ ਦੇ ਨਾਲ ਧੜਾਧੜ ਮਾਲ ਤਿਆਰ ਕੀਤਾ ਜਾਂਦਾ ਹੈ। ਇਸਦੀ ਖਰੀਦਦਾਰੀ ਵੀ ਵਧੇਰੇ ਹੁੰਦੀ ਹੈ। ਇਸ ਸੰਬੰਧੀ ਡਾ. ਰਵੇਲ ਸਿੰਘ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਸਭ ਕਝ ਇਸੇ ਬਜ਼ਾਰਵਾਦ ਦਾ ਹਿੱਸਾ ਹੈ। ਉਹਨਾਂ ਨੇ ਸਮਾਜ ਨੂੰ ਇਦਾਂ ਦਾ ਬਣਾ ਦਿੱਤਾ ਹੈ ਕਿ ਸਭ ਕੁਝ ਦੀ ਮਾਰਕੀਟਿੰਗ ਹੋ ਰਹੀ ਹੇ। ਮਾਰਕੀਟਿੰਗ ਦੇ ਵਿੱਚ ਅਜਿਹਾ ਸਮਾਜ ਬਣਾਉਣ ਦੇ ਲਈ ਇਹਨਾਂ ਦੀਆਂ ਆਪਣੀਆਂ ਨੀਤੀਆਂ ਹਨ। ਇਸ ਕਰਕੇ ਧੰਦੇ ਦੀ ਵੀ ਮਾਰਕੀਟਿੰਗ ਹੋ ਰਹੀ ਹੈ। ਉਹਨਾਂ ਨੇ ਖਪਤ ਸਮਾਜ ਦੀ ਸਿਰਜਣਾ ਕੀਤੀ ਉਹਨਾਂ ਨਾਲ ਭਾਵਨਾਤਮਕ ਅਤੇ ਹੇਰਵੇ ਦੇ ਨਾਲ ਸਭ ਕੁਝ ਖਰੀਦਿਆ ਹੈ।" (ਚਿੰਤਕ)

ਪੰਜਾਬ ਦੇ ਵਿੱਚ ਉਦਯੋਗ ਪਟਿਆਲਾ, ਲੁਧਿਆਣਾ, ਜਲੰਧਰ ਵਰਗੇ ਵੱਡੇ ਸ਼ਹਿਰਾਂ ਦੇ ਵਿੱਚ ਪਾਇਆ ਜਾਂਦਾ ਹੈ। ਇਹਨਾਂ ਸ਼ਹਿਰਾਂ ਦੀ ਆਬਾਦੀ ਬਾਕੀ ਸ਼ਹਿਰਾਂ ਦੇ ਨਾਲੋਂ ਜ਼ਿਆਦਾ ਹੈ। ਇਹਨਾਂ ਦੇ ਵਿੱਚ ਹਰ ਭਾਂਤ ਦੇ ਉਦਯੋਗ ਚਲਦੇ ਹਨ ਜਿਵੇਂ ਕਿ ਕੱਪੜਾ, ਖਾਣੇ ਦੀਆਂ ਮਿੱਲਾਂ, ਰਸਾਇਇਕ ਪਦਾਰਥਾਂ ਆਦਿ ਨੂੰ ਤਿਆਰ ਕੀਤਾ ਜਾਂਦਾ ਹੈ। । ਪੁਰਾਤਨ ਧੰਦਿਆਂ ਦੀ ਸੀਮਾ ਨਿਸ਼ਚਿਤ ਸੀ। ਕਾਰੀਗਰ ਇੱਕੋ ਹੀ ਤਰ੍ਹਾਂ ਦੇ ਧੰਦੇ ਕਰਦੇ ਸਨ। ਆਧੁਨਿਕ ਦੌਰ ਦੇ ਵਿੱਚ ਕੰਮ ਦੀ ਭਿੰਨਤਾ ਮਿਲਦੀ ਹੈ, ਜਿਵੇ ਕਿ ਤੇਲ ਦੀਆਂ ਮਿਲਾਂ , ਪੱਥਰਾਂ ਨੂੰ ਤੋੜਨਾ, ਲੇਬਲਿੰਗ, ਪੈਕਿੰਗ, ਆਦਿ ਕੰਮ।

| ਪੁਰਾਤਨ ਧੰਦੇ | ਆਧੁਨਿਕ ਧੰਦੇ |
|---|---|
| ↓ | ↓ |
| ਬਾਜੀਗਰ ਝੀਊਰ, ਲੁਹਾਰ ਕਾਰਖ਼ਾਨਿਆਂ ਦੇ ਕਾਰੀਗਰ | ਅਧਿਆਪਕ, ਡਾਕਟਰ |

**Figure 3.7 : ਧੰਦਿਆ ਦਾ ਬਦਲਦੇ ਰੂਪ**

ਡਾ. ਪਰਮਜੀਤ ਜੱਜ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, ਸਮਾਜ ਦੇ ਵਿੱਚ ਤਬਦੀਲੀ ਪਹਿਲਾਂ ਤਕੀਨਕੀ ਸਾਧਨਾਂ ਦੇ ਵਿੱਚ ਆਉਂਦੀ ਹੈ।ਇਸ ਵਿੱਚ ਮਟੀਰੀਅਲ ਕਲਚਰ ਅਤੇ ਉਤਪਾਦਨ ਆਉਂਦਾ ਹੈ। ਸਾਡੇ ਕਲਚਰ ਮੁੱਲਾਂ ਦੇ ਵਿੱਚ ਬਦਲਾਅ ਬਹੁਤ ਸਲੋਅ ਹੁੰਦਾ ਹੈ। ਸੋ ਇਸ ਕਰਕੇ ਟਾਈਮ ਲੱਗਦਾ ਹੈ।ਇਸ ਪ੍ਰੋਸੀਜਰ ਨੂੰ ਸਮਝਣ ਦੇ ਲਈ ਸਮਾਜ ਨੂੰ ਸਮਝਣਾ ਪੈਂਦਾ ਹੈ। ਜੇ ਪੂੰਜੀਵਾਦੀ ਸਮਾਜ ਨਾ ਹੋਵੇ ਤਾਂ ਕੋਈ ਹੋਰ ਸਮਾਜ ਹੋਵੇ ਜਿਵੇਂ ਕਿ ਬਸਤੀਵਾਦੀ, ਜਾਗੀਰਦਾਰੀ, ਕਬੀਲਾ ਸਮਾਜ ਹੋ ਸਕਦਾ ਹੈ। ਪੁਰਾਣੇ ਸਮਾਜ ਤੇ ਨਵੇਂ ਸਮਾਜ ਦੇ ਵਿੱਚ ਫ਼ਰਕ ਸਿਰਫ ਇੰਨਾ ਹੈ ਕਿ ਸਿੱਖਿਆ ਦਾ ਫ਼ਰਕ ਸੀ। ਜਦੋਂ ਵੀ ਕੋਈ ਚੀਜ਼ ਪੈਦਾ ਹੁੰਦੀ ਹੈ ਉਹਨਾਂ ਦੇ ਲਈ ਮਜ਼ਦੂਰਾਂ ਦੀ ਲੋੜ ਤਾਂ ਪੈਦੀ ਹੀ ਹੈ। ਮਜ਼ਦੂਰਾਂ ਦਾ ਖਰਚਾ ਕੱਢਕੇ ਟੋਟਲ ਮੁਨਾਫ਼ਾ ਵੇਚਣ ਵੇਲੇ ਹੰਦਾ ਹੈ। ਮਜ਼ਦੂਰੀ ਅਗਲੇ 20 ਸਾਲ ਤੱਕ ਵੱਧ ਸਕਦੀ ਹੈ। 1975 ਦੇ ਵਿੱਚ ਸਾਡੇ ਪਿੰਡ ਦਿਹਾੜੀ ਤੇ ਲੜਾਈ ਹੋਈ ਸੀ। ਪੰਜ ਰੁਪਏ ਦਿਹਾੜੀ ਸੀ ਉਹ ਸਾਢੇ ਪੰਜ ਰੁਪਏ ਕਰਨ ਲਈ ਕਹਿੰਦੇ ਸਨ। ਪ੍ਰੋਬਲਮ ਇੱਥੇ ਹੈ ਕਿ ਕਿਸੇ ਵੀ ਚੀਜ਼ ਦੀ ਕੀਮਤ ਕਿਵੇਂ ਤੈਅ ਹੋ ਸਕਦੀ ਹੈ। ਪਰ ਯੂਨਿਟ ਦੇ ਵਿੱਚ ਕਿੰਨੀ ਪੈਦਾਵਾਰ ਹੋਈ ਹੈ। ਜੇ ਮੈ 150 ਕਰ ਦੇਵਾ ਤਾਂ ਆਲੇ-ਦੁਆਲੇ ਵੀ ਰੌਲਾ ਪੈ ਜਾਵੇਗਾ। ਮਜ਼ਦੂਰੀ ਨੂੰ ਗਿਣਿਆ ਜਾ ਸਕਦਾ ਹੈ। ਮਸ਼ੀਨਰੀ ਦਾ ਆਪਣਾ ਮਹੱਤਵ ਹੈ, ਇਹ ਕੀਮਤ ਨਿਰਧਾਰਿਤ ਕਰਦੀ ਹੈ, ਤੇ ਘੱਟ ਕੀਮਤ ਦੇ ਵਿੱਚ ਵਧੀਆ ਚੀਜ਼ ਤਿਆਰ ਕੀਤੀ ਜਾਂਦੀ ਹੈ। ਪੂੰਜੀਵਾਦੀ ਸਮਾਜ ਦੇ ਵਿੱਚ ਲਗਾਤਾਰ ਨਵੀਆਂ ਚੀਜਾਂ ਆ ਰਹੀਆਂ ਹਨ। ਸਮਾਜ ਦੇ ਵਿੱਚ ਘੱਟ ਕੀਮਤ ਤੇ ਸਾਮਾਨ ਵੇਚਿਆ ਗਿਆ ਤੇ ਫਿਰ ਵੀ ਚਲੇ। ਮਾਰਕੀਟਿੰਗ ਵਿੱਚ ਜੋਰ ਬਣਾਉਣ ਲਈ ਘੱਟ ਕੀਮਤ ਤੇ ਸਮਾਨ ਵੇਚਿਆ ਜਾਂਦਾ ਹੈ, ਜਿਸ ਨਾਲ ਪ੍ਰੋਫਿਟ ਹੀ ਹੁੰਦਾ ਹੈ। ਨਵਾਂ ਸਿਸਟਮ ਲਗਾਤਾਰ ਪ੍ਰੋਫਿਟ ਕਰੀ ਜਾਂਦਾ ਤੇ ਉਸਦੀ ਕੀਮਤ ਘੱਟ ਜਾਂਦੀ ਹੈ। ਜਿਸ ਦਾ ਅਸਰ ਸਭਿਆਚਾਰ ਦੇ ਉੱਤੇ ਪੈਂਦਾ ਹੈ। ਅੱਜ ਦਾ ਸਰਮਾਏਦਾਰ ਲੋਕਾਂ ਨੂੰ ਸਮਝਾਉਂਦਾ ਹੈ ਕਿ ਨਵੀਂ ਚੀਜ਼ ਖਰੀਦੋਗੇ ਤਾਂ ਘਰ ਚਲੇਗਾ। ਜਿੰਨੀ ਵਿਗਿਆਪਨ ਲਗਾਤਾਰ ਹੁੰਦੀ ਹੈ, ਉਹਦਾ ਮਤਲਬ ਹੈ ਕਿ ਤੁਸੀ ਲਗਾਤਾਰ ਖਰੀਦੀ ਜਾਵੋਗੇ।" (ਚਿੰਤਕ)

ਮਾਨਵ ਦੇ ਕੰਮ ਪਹਿਲਾ ਵਾਲੇ ਹੀ ਹਨ, ਪਰੰਤੂ ਉਹਨਾਂ ਸਾਰੇ ਕੰਮਾਂ ਨੂੰ ਮਸ਼ੀਨਾਂ ਦੇ ਨਾਲ ਕੀਤਾ ਜਾਣ ਲੱਗ ਪਿਆ ਹੈ। ਮਿੱਟੀ ਦੇ ਬਰਤਨ ਨੂੰ ਹੱਥਾਂ ਦੇ ਨਾਲ ਤਿਆਰ ਕੀਤਾ ਜਾਂਦਾ ਸੀ। ਹੁਣ ਇਹੀ ਕੰਮ

ਮਸ਼ੀਨਾਂ ਦੇ ਨਾਲ ਕੀਤਾ ਜਾਂਦਾ ਹੈ ਜਿਵੇਂ ਕਿ ਸਟੈਨਲ ਸਟੀਲ, ਪਲਾਸਟਿਕ ਆਦਿ ਦੇ ਬਰਤਨ ਤਿਆਰ ਕੀਤੇ ਜਾਣ ਲੱਗ ਪਏ ਹਨ। ਮਾਨਵ ਦੇ ਕੋਲ ਪੈਸੇ ਘੱਟ ਸਨ। ਮਨੁੱਖ ਕਦਰਾਂ ਕੀਮਤਾਂ ਦੇ ਨਾਲ ਭਰਿਆ ਹੋਇਆ ਸੀ। ਅਜੋਕੀ ਅਰਥ ਵਿਵਸਥਾ ਨੇ ਮਨੁੱਖ ਵਿੱਚ ਬੇਚੈਨ, ਬੇਈਮਾਨ, ਲਾਲਚ ਵਰਗੇ ਗੁਣ ਭਰ ਦਿੱਤੇ ਹਨ। ਉਹਨਾਂ ਦੇ ਵਿੱਚ ਪੈਸੇ ਦੀ ਭੁੱਖਮਰੀ ,ਜਾਇਜ਼ ਨਜਾਇਜ਼ ਢੰਗ ਦੇ ਨਾਲ ਪੈਸੇ ਕਮਾਉਣ, ਉੱਚੀ ਪਦਵੀ ਨੂੰ ਹਾਸਿਲ ਕਰਨਾ ਹੀ ਮੂਲ ਮੁੱਦਾ ਬਣਦਾ ਜਾ ਰਿਹਾ ਹੈ। ਪਦਾਰਥਵਾਦੀ ਸੰਸਾਰ ਨੇ ਮਨੁੱਖ ਦੀ ਨੈਤਿਕਤਾ ਨੂੰ ਖੋਹ ਲਿਆ ਹੈ। ਪਹਿਲਾਂ ਰੋਜ਼ਗਾਰ ਦੇ ਵਸੀਲੇ ਘੱਟ ਸਨ। ਮਾਨਵ ਦੀ ਮਾਨਵਤਾ ਬਰਕਰਾਰ ਸੀ। ਪੰਜਾਬੀ ਭਾਈਚਾਰੇ ਦੇ ਵਿੱਚ ਸਰਬ ਸਾਂਝ ਦਾ ਗੁਣ ਵਿਦਮਾਨ ਸੀ। ਇੱਕ ਦੂਜੇ ਦੀ ਲੋੜ ਪੈਂਦੀ ਰਹਿੰਦੀ ਸੀ। ਕਿੱਤੇ ਭਾਵੇਂ ਪਦਾਰਥਕ ਲੋੜਾਂ ਨੂੰ ਪੂਰਾ ਕਰਦੇ ਹਨ। ਧੰਦੇ ਮਾਨਵੀ ਮੇਲ ਦੀ ਭੂਮਿਕਾ ਨਿਭਾਉਂਦੇ ਹਨ। ਵਪਾਰੀਆਂ ਦਾ ਗਾਹਕਾਂ ਦੇ ਘਰਾਂ ਦੇ ਵਿੱਚ ਆਉਣਾ ਜਾਣਾ ਲੱਗਾ ਰਹਿੰਦਾ ਸੀ। ਇਹ ਵਪਾਰ ਦੇ ਨਾਲੋਂ ਸਮਾਜਕ ਸਾਂਝ ਦਾ ਪ੍ਰਤੀਕ ਸੀ। ਵਪਾਰ ਦੇ ਵਿੱਚ ਪਰਿਵਰਤਨ ਨਾਲ ਇਹ ਸਾਂਝ ਵੀ ਸਮਾਪਤ ਹੋ ਗਈ। ਅਜੋਕਾ ਵਪਾਰ ਲੈਣ ਦੇਣ ਤੱਕ ਹੀ ਸੀਮਿਤ ਰਹਿ ਗਿਆ ਹੈ। 'ਪ੍ਰੋ. ਜੀਤ ਸਿੰਘ ਜੋਸ਼ੀ ਦੀ ਧਾਰਨਾ ਹੈ ਕਿ, "ਦਸਤਕਾਰੀ ਤੇ ਨਵੇਂ ਧੰਦੇ ਅਤੇ ਢੰਗਾਂ ਨਾਲ ਉਦਯੋਗਿਕ ਧੰਦੇ ਵਿਕਾਸ ਕਰਨ ਲੱਗੇ।" *(ਸਭਿਆਚਾਰ ਸਿਧਾਂਤ ਤੇ ਵਿਹਾਰ 127)*

ਉਦਯੋਗੀਕਰਨ ਦੇ ਵਿੱਚ ਬਦਲਾਵ ਅਮੀਰ ਲੋਕਾਂ ਦੇ ਮੁਤਾਬਿਕ ਹੀ ਹੁੰਦਾ ਹੈ। ਇਹ ਧੰਦੇ ਨਿੱਜੀ ਹੋ ਕੇ ਰਹਿ ਗਏ ਹਨ। ਜਿਹੜਾ ਉਹਨਾਂ ਦੇ ਹਿੱਤ ਦੇ ਅਨੁਸਾਰ ਹੋਵੇ ਤੇ ਬਾਕੀਆਂ ਨੂੰ ਇਸ ਦਾ ਨੁਕਸਾਨ ਝੱਲਣਾ ਪੈਂਦਾ ਹੈ। ਇਸ ਤਰ੍ਹਾ ਆਧੁਨਿਕ ਤਕਨੀਕਾਂ ਨੇ ਮਨੁੱਖ ਦਾ ਮਨੁੱਖ ਦੇ ਨਾਲ, ਮਨੁੱਖ ਦਾ ਪ੍ਰਕਿਰਤੀ ਦੇ ਨਾਲ ਸਾਂਝ ਨੂੰ ਘਟਾਇਆ ਹੈ। ਇਸ ਸਿਸਟਮ ਨੇ ਪੁਰਾਤਨ ਧੰਦਿਆਂ ਦੇ ਕਾਰੀਗਰਾਂ ਦੇ ਲਈ ਰੋਜ਼ੀ ਰੋਟੀ ਦਾ ਸੰਕਟ ਪੈਦਾ ਕਰ ਦਿੱਤਾ ਹੈ। ਮਸ਼ੀਨੀਕਰਨ ਨੇ ਕਿਰਤੀ ਵਰਗ ਨੂੰ ਗਹਿਰੀ ਢਾਹ ਲਾਈ ਹੈ। ਮਸ਼ੀਨਾਂ ਉੱਤੇ ਕੰਮ ਕਰਦਾ ਬੰਦਾ ਮਸ਼ੀਨ ਬਣ ਕੇ ਰਹਿ ਗਿਆ ਹੈ। ਪੈਸਾ ਕਮਾਉਣ ਲਈ ਹਰ ਹਾਲਾਤ ਨਾਲ ਸਮਝੌਤਾ ਕਰਕੇ ਮਸ਼ੀਨ ਵਰਗੀ ਜ਼ਿੰਦਗੀ ਜਿਉਣ ਦੇ ਲਈ ਮਜਬੂਰ ਹੈ। ਪੰਜਾਬੀ ਭਾਈਚਾਰੇ ਦੇ ਵਿੱਚ ਹੱਥਾਂ ਦੇ ਨਾਲ ਕੰਮ ਕਰਨਾ ਮਨਫ਼ੀ ਹੋ ਗਿਆ ਹੈ। ਸਰਸਰੀ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲਗਭਗ ਸਾਰੇ ਹੀ ਪੁਰਾਤਨ ਧੰਦੇ ਲੁਪਤ ਹੋ ਚੁਕੇ ਹਨ। ਜਿਹੜੇ ਬਚੇ ਵੀ ਹਨ, ਉਹਨਾਂ ਉੱਤੇ ਵੀ ਮੰਡੀ ਦਾ ਰੰਗ ਚੜ੍ਹਨ ਲੱਗ ਪਿਆ ਹੈ।

ਖਪਤ ਸਭਿਆਚਾਰ ਨੇ ਪੂਰੇ ਸੰਸਾਰ ਨੂੰ ਮੰਡੀ ਹੀ ਬਣਾ ਦਿੱਤਾ ਹੈ। ਇਹ ਮੰਡੀ ਦੇ ਵਿੱਚ ਆਪਣੀਆਂ ਵਸਤਾਂ ਨੂੰ ਵੇਚ ਰਿਹਾ ਹੈ ਤੇ ਮਾਲਾ ਮਾਲ ਹੋ ਰਿਹਾ ਹੈ।

ਇਸ ਸੰਬੰਧੀ ਡਾ .ਰਵੇਲ ਸਿੰਘ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਰੋਜ਼ਮਰਾ ਦੇ ਧੰਦਿਆਂ ਦੀ ਵੀ ਮਾਰਕੀਟਿੰਗ ਹੋ ਰਹੀ ਹੈ। ਫਾਇਦਾ ਤਾਂ ਹੈ, ਪਰ ਤਹਾਨੂੰ ਲੱਗਦਾ ਕਿ ਤਹਾਡਾ ਫਾਇਦਾ ਹੋ ਰਿਹਾ ਹੈ। ਪਰ ਉਹ ਫਾਇਦਾ ਮਾਲ ਵੇਚਣ ਵਾਲੇ ਦਾ ਹੋ ਰਿਹਾ ਹੈ। ਵਸਤੂ ਪੈਦਾ ਕਰਨ ਵਾਲੇ ਨੂੰ ਉਹੀ ਕੁਝ ਹੀ ਦੇ ਰਿਹਾ ਹੈ। ਤੁਹਾਡੀ ਚੀਜ਼ 10 ਰੁਪਏ ਦੀ ਖਰੀਦ ਕੇ ਡੱਬਿਆਂ ਦੇ ਵਿੱਚ ਬੰਦ ਕਰਕੇ 2000 ਰੁਪਏ ਦੀ ਵੇਚ ਰਿਹਾ ਹੈ। ਪੈਦਾ ਕਰਨ ਵਾਲੇ ਨੂੰ ਕੁਝ ਨਹੀ ਮਿਲਿਆਂ ਉਹਨੂੰ ਸਿਰਫ 10 ਰੁਪਏ ਹੀ ਮਿਲਣਗੇ। ਅਜਿਹਾ ਕਰਕੇ ਸਾਨੂੰ ਮਨਸੂਈ ਜਿਹੀ ਖੁਸ਼ੀ ਦੇ ਦਿੱਤੀ। ਕਿਸਾਨੀ ਅੰਦੋਲਨ ਚਲ ਰਿਹਾ ਹੈ। ਹਰ ਇਕ ਦੀ ਆਪੋ- ਆਪਣੀ ਰਾਇ ਹੈ। ਜਿਵੇਂ ਕਿ ਅਡਾਨੀ ਨੇ ਹਿਮਾਚਲ ਦੇ ਵਿੱਚ ਜਾ ਕੇ ਸੇਬ 22-25 ਰੁਪਏ ਤੱਕ ਖਰੀਦਆ ਅਤੇ ਦੋ ਤਿੰਨ ਸਾਲ ਲਗਾਤਾਰ ਖਰੀਦਿਆ। ਉਸੇ ਸੇਬ ਨੂੰ ਮਹਿੰਗਾ ਕਰਕੇ ਵੇਚ ਰਿਹਾ ਹੈ। ਹੁਣ ਸੇਬ ਹਿਮਾਚਲ ਦੇ ਵਿੱਚ 8 ਰੁਪਏ ਵਿਕਿਆ। ਛੋਟੇ ਵਪਾਰੀ ਨੂੰ 8 ਰੁਪਏ ਤੋਂ ਵੱਧ ਨਹੀ ਮਿਲੇ। ਜਿਹੜਾ ਸੇਬ 22-25 ਰੁਪਏ ਦੇ ਵਿੱਚ ਮੰਡੀ ਦੇ ਵਿੱਚ ਵਿਕਦਾ ਸੀ ਉਹੀ ਸੇਬ ਅਡਾਨੀ 7 ਰੁਪਏ ਦੇ ਵਿੱਚ ਖਰੀਦ ਰਿਹਾ ਹੈ। ਉਹ ਇਕ ਇਜ਼ਾਰੇਦਾਰੀ ਬਣਾਉਂਦੇ ਹਨ। ਇਸੇ ਤਰ੍ਹਾਂ ਵੀ ਲੋਕ ਧੰਦੇ ਵੀ ਮਾਰਕੀਟਿੰਗ ਦਾ ਹਿੱਸਾ ਬਣ ਗਏ। ਹਲਦੀ ਤੁਹਾਡੀ ਹੈ। ਗੋਰੇ ਤਾਂ ਹਲਦੀ ਦੀ ਵਰਤੋਂ ਨਹੀ ਕਰਦੇ। ਪਰ ਉਹਨਾਂ ਨੇ ਹਲਦੀ ਆਪਣੇ ਨਾਂ ਰਜਿਸਟਰਡ ਕਰਵਾ ਲਈ। ਤੁਹਾਡੀ ਵਸਤ 10 ਰੁਪਏ ਦੀ ਉਥੇ ਜਾ ਕੇ 2000 ਰੁਪਏ ਦੀ ਵਿਕਣੀ। ਮਸਲਾ ਸਿਰਫ ਲੇਬ ਪੈਕਿੰਗ ਦਾ ਹੀ ਹੈ ਪਰ ਇਹ ਕੰਮ ਉਹਨਾਂ ਨੂੰ ਆਉਂਦਾ ਹੈ। ਉਹਨਾਂ ਦੇ ਕੋਲ ਭਰਮਾਉਣ ਦੇ ਬਹੁਤ ਤਰੀਕੇ ਹਨ।" *(ਚਿੰਤਕ)*

ਹ) **ਸ਼ਾਪਿੰਗ ਮਾਲ** : ਆਧੁਨਿਕਕਰਨ ਨੇ ਮਾਲ ਵੇਚਣ ਦੇ ਨਵੇਂ ਢੰਗ ਤਰੀਕੇ ਪ੍ਰਦਾਨ ਕੀਤੇ ਹਨ। ਪੂੰਜੀਪਤੀਆਂ ਨੇ ਬਜ਼ਾਰ ਦੇ ਵਿੱਚ ਸ਼ਾਪਿੰਗ ਮਾਲ ਦਾ ਇੱਕ ਸੰਕਲਪ ਪੇਸ਼ ਕੀਤਾ ਹੈ। ਸ਼ਾਪਿੰਗ ਮਾਲ ਦੇ ਵਿੱਚ ਦੁਕਾਨਾਂ ਦਾ ਇੱਕ ਥਾਂ ਹੁੰਦਾ ਹੈ। ਇਹ ਇੱਕ ਅਜਿਹੀ ਥਾਂ ਹੈ, ਜਿੱਥੇ ਹਰ ਭਾਂਤ ਦੀ ਵਸਤ ਮਿਲ ਜਾਂਦੀ ਹੈ।

ਭਾਵੇਂ ਉਹ ਬਰੈਂਡਿਡ ਕੱਪੜੇ, ਜੁੱਤੀਆਂ, ਖਾਣ-ਪੀਣ ਦੀਆਂ ਦੁਕਾਨਾਂ ਹੀ ਨਾ ਹੋਣ। ਸ਼ਾਪਿੰਗ ਮਾਲ ਦੇ ਰਾਹੀਂ ਪੱਛਮੀ ਸਭਿਅਤਾ ਨੂੰ ਬੜ੍ਹਾਵਾ ਦਿੱਤਾ ਜਾਂਦਾ ਹੈ। ਪੰਜਾਬ ਦੇ ਵਿੱਚ 70-80 ਦੇ ਕਰੀਬ ਸ਼ਾਪਿੰਗ ਮਾਲ ਮਿਲ ਜਾਣਗੇ। ਇਹਨਾਂ ਦੇ ਵਿਚੋਂ ਅੰਮ੍ਰਿਤਸਰ, ਬਠਿੰਡਾ, ਲੁਧਿਆਣਾ, ਪਟਿਆਲਾ, ਜਲੰਧਰ ਵਰਗੇ ਸ਼ਹਿਰਾਂ ਦੇ ਵਿੱਚ ਜ਼ਿਆਦਾ ਸ਼ਾਪਿੰਗ ਮਾਲ ਮਿਲ ਜਾਣਗੇ। ਸ਼ਾਪਿੰਗ ਮਾਲ ਨੂੰ ਬਹੁ-ਵਸਤ ਕੇਂਦਰ ਵੀ ਕਿਹਾ ਜਾ ਸਕਦਾ ਹੈ। ਮਾਲ ਇੱਕ ਅਜਿਹੀ ਵਿਵਸਥਾ ਹੈ, ਜਿੱਥੇ ਹਰ ਲੋੜੀਂਦੀ ਵਸਤ ਮੋਜੂਦ ਹੁੰਦੀ ਹੈ। ਮਾਲ ਦੇ ਵਿੱਚ ਹਰ ਪ੍ਰਕਾਰ ਦੀ ਦੁਕਾਨ ਮਿਲ ਜਾਂਦੀ ਹੈ। ਮਾਲ ਦੇ ਵਿੱਚ ਆਉਣ ਜਾਣ ਦੇ ਰਸਤੇ ਵੱਖੋ-ਵੱਖਰੇ ਰੱਖੇ ਹੁੰਦੇ ਹਨ। ਮਨੁੱਖ ਨੂੰ ਮਾਲ ਦੇ ਅੰਦਰ ਆਉਣ ਲੱਗਿਆਂ ਵਕਤ ਨਿਕਲਣ ਦਾ ਪਤਾ ਹੀ ਨਾ ਚਲ ਸਕੇ। ਮਾਲ ਦੇ ਵਿੱਚ ਕਿਤੇ ਵੀ ਘੜੀ ਨਹੀ ਲੱਗੀ ਹੁੰਦੀ ਹੈ। ਇਸਦੀ ਸਿੱਧੀ ਚੋਟ ਆਮ ਵਿਅਕਤੀ ਦੀ ਮਾਨਸਿਕਤਾ ਉੱਤੇ ਲੱਗਦੀ ਹੈ। ਛੋਟੀ ਵਸਤ ਲੈਣ ਦੇ ਲਈ ਮਾਲ ਦੇ ਅੰਦਰ ਆਏ ਅਤੇ ਬੇਲੋੜੀਆਂ ਵਸਤਾਂ ਨੂੰ ਖਰੀਦ ਕੇ ਮਾਲ ਦੇ ਵਿੱਚੋ ਜਾ ਸਕੇ। ਮਾਲ ਕਲਚਰ ਨੇ ਕਿਰਤੀ ਵਰਗ ਤੇ ਛੋਟੇ ਵਪਾਰੀ ਨੂੰ ਢਾਹ ਲਾਈ ਹੈ। ਪੰਜਾਬ ਦੇ ਇਹਨਾਂ ਮਾਲਾਂ ਦੇ ਵਿੱਚ ਜ਼ਿਆਦਾ ਨੌਜਵਾਨ ਵਰਗ ਹੀ ਜਾਂਦਾ ਹੈ ਜਿਨ੍ਹਾਂ ਦੇ ਵਿੱਚ ਬਰੈਂਡ ਨੂੰ ਲੈ ਕੇ ਆਕਰਸ਼ਣ ਭਰਿਆ ਹੁੰਦਾ ਹੈ। ਇਹਨਾਂ ਮਾਲਾਂ ਦੇ ਵਿੱਚ ਪੱਛਮੀ ਵਸਤਾਂ ਦੇ ਸਾਰੇ ਬਰੈਂਡ ਮਿਲ ਜਾਂਦੇ ਹਨ। ਆਮ ਨੌਜਵਾਨ ਵਰਗ ਦੀ ਮਾਨਸਿਕਤਾ ਦੇ ਵਿੱਚ ਬਰੈਂਡ ਕੀੜੇ ਦੀ ਤਰ੍ਹਾਂ ਸਮੋਇਆ ਹੋਇਆ ਹੈ।

ਵਪਾਰੀ ਵਰਗ ਆਪਣੇ ਲਾਭ ਨੂੰ ਹੀ ਤਰਜੀਹ ਦਿੰਦੇ ਹਨ। ਉਹਨਾਂ ਦੇ ਲਈ ਸਮਾਜਕ ਕਦਰਾਂ ਕੀਮਤਾਂ ਦਾ ਕੋਈ ਮੁੱਲ ਨਹੀ ਹੈ। ਮਜ਼ਦੂਰ ਵਰਗ ਨੂੰ ਆਪਣੇ ਨੀਚੇ ਰੱਖਦੇ ਹਨ। ਕੰਪਨੀਆਂ ਨੇ ਲੋਕਾਂ ਨੂੰ ਨੌਕਰੀ ਦੇ ਕੇ ਆਪਣਾ ਦਬਦਬਾ ਬਣਾ ਰੱਖਿਆ ਹੈ। ਉਦਯੋਗਿਕ ਵਿਕਾਸ ਅਤੇ ਤਕਨਾਲੋਜੀ ਦੀ ਉੱਨਤੀ ਕਾਰਨ ਅਤੇ ਸਾਡੇ ਮੁਲਕ ਦੇ ਕੁਝ ਉਦਯੋਗਪਤੀਆਂ ਦੀ ਨਕਲੀ ਰੁਚੀ ਅਤੇ ਗੈਰ ਮਿਆਰੀ ਉਤਪਾਦਨ ਕਾਰਨ ਹੋਇਆ ਹੈ। “ਪੱਛਮੀ ਮੁਲਕਾਂ ਦੀਆਂ ਵਸਤਾਂ ਵਧੇਰੇ ਉਪਯੋਗੀ, ਹੰਢਣਸਾਰ ਅਤੇ ਸੁਵਿਧਾਜਨਕ ਹੋਣ, ਪਰ ਸਵੈ- ਹੀਣਤਾ ਭਾਵ ਵਿਚੋਂ ਉਪਜੀ ਵਿਦੇਸ਼ੀ ਮਾਲ ਪ੍ਰਤੀ ਉਲਾਰ ਰੁਚੀ ਨਿਸਚੈ ਹੀ ਵਿਕਰਾਲ ਸਭਿਆਚਾਰਕ ਸੰਕਟ ਦੀ ਸੂਚਕ ਹੈ।” *(ਡਾ. ਜਸਵਿੰਦਰ ਸਿੰਘ . ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ 198)*

ਆਰਥਕ ਮੰਦਵਾੜੇ ਦੇ ਕਾਰਨ ਭਾਰਤੀਆਂ ਦੇ ਵਿੱਚ ਪ੍ਰਵਾਸ ਦੀ ਰੁਚੀ ਉਤਪੰਨ ਹੋਈ ਹੈ। ਬੇਰੁਜ਼ਗਾਰੀ ਤੇ ਗਰੀਬੀ ਨੇ ਪ੍ਰਵਾਸ ਕਰਨ ਲਈ ਮਜਬੂਰ ਕੀਤਾ ਹੈ। ਛੋਟੇ ਪੱਧਰ ਦੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਹੋਣ ਕਾਰਨ ਗ਼ੁਲਾਮਾਂ ਦੀ ਤਰ੍ਹਾਂ ਹੀ ਜੀਵਨ ਬਸਰ ਕਰਨ ਲਈ ਮਜਬੂਰ ਹੋ ਜਾਂਦੇ ਹਨ। ਵਪਾਰ ਦੇ ਵਿੱਚ ਛੋਟੇ ਵਪਾਰੀ ਜਾਂ ਨੌਕਰ ਨੂੰ ਵੱਡੇ ਵਪਾਰੀਆਂ ਹੇਠ ਕੰਮ ਕਰਨਾ ਪੈਂਦਾ ਹੈ। ਪੂੰਜੀ ਦੀ ਅਸਾਵੀਂ ਵੰਡ ਨੇ ਅਮੀਰ ਤੇ ਗ਼ਰੀਬ ਦੇ ਪਾੜੇ ਵਿੱਚ ਵਾਧਾ ਕੀਤਾ ਹੈ। ਮਾਲ ਕਲਚਰ ਨੇ ਛੋਟੀਆਂ ਦੁਕਾਨਾਂ ਨੂੰ ਬੰਦ ਹੀ ਕਰ ਦਿੱਤਾ ਹੈ। ਮਾਲ ਦੇ ਪ੍ਰਭਾਵ ਹੇਠ ਦੇਸੀ ਵਸਤਾਂ ਦੀ ਵਿਕਰੀ ਘੱਟ ਹੁੰਦੀ ਹੈ। ਸ਼ਾਪਿੰਗ ਮਾਲ ਦੇ ਵਿੱਚ ਵਿਦੇਸ਼ੀ ਵਸਤਾਂ ਦੀ ਵਿਕਰੀ ਵਧੇਰੇ ਹੁੰਦੀ ਹੈ। ਇਹ ਵਸਤਾਂ ਦੇਸੀ ਵਸਤਾਂ ਨਾਲੋਂ ਜ਼ਿਆਦਾ ਮਹਿੰਗੀਆਂ ਹੁੰਦੀਆਂ ਹਨ।

**ਕ) ਮਾਸ ਮੀਡੀਆ ਦਾ ਧੰਦਿਆਂ ਉੱਤੇ ਪ੍ਰਭਾਵ** :- ਮਾਸ ਮੀਡੀਆ ਸੰਚਾਰ ਦਾ ਨਵਾਂ ਸਾਧਨ ਹੈ। ਮਾਸ ਮੀਡੀਆ ਵੀਹਵੀਂ ਸਦੀ ਦੀ ਦੇਣ ਹੈ। ਇਸ ਦੇ ਵਿੱਚ ਟੀ:ਵੀ, ਇੰਟਰਨੈੱਟ, ਮੋਬਾਇਲ ਫ਼ੋਨ ਆਦਿ ਆ ਜਾਂਦੇ ਹਨ ਮੀਡੀਆ ਦੇ ਨਵੇਂ ਰੂਪ ਵੈਟਸਐਪ, ਫੇਸ ਬੁੱਕ, ਟਵੀਟਰ, ਆਦਿ ਆ ਗਏ ਹਨ। "ਅੱਜ ਮਾਸ ਮੀਡੀਆ ਜ਼ਿੰਦਗੀ ਨੂੰ ਆਦੇਸ਼ ਦਿੰਦਾ ਭਰਮ ਦੀ ਟੈਕਸਟ ਦਰਸ਼ਕਾਂ ਦੇ ਸਾਹਮਣੇ ਪੇਸ਼ ਕਰਦਾ ਹੈ, ਜੋ ਓਸਨੂੰ ਆਪਣੇ ਨਾਲੋਂ ਵੀ ਵੱਧ ਸੱਚ ਲੱਗਦੀ ਹੈ।" *(ਡਾ ਜਸਵਿੰਦਰ ਸਿੰਘ .ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ 198)*





**Figure 3.8 : ਸੰਚਾਰ ਮਾਧਿਅਮ ਕਮਾਈ ਦਾ ਸਾਧਨ**

ਮਾਸ ਮੀਡੀਆ ਨੇ ਸੰਚਾਰ ਦੇ ਖੇਤਰ ਵਿੱਚ ਸਫਲਤਾਵਾਂ ਦੇ ਝੰਡੇ ਗੱਡ ਦਿੱਤੇ ਹਨ। ਮੀਡੀਆ ਇੰਨਾ ਕੁਝ ਕਰ ਕੇ ਵਿਖਾ ਚੁੱਕਾ ਹੈ ਜਿਸ ਦੇ ਬਾਰੇ ਮਨੁੱਖ ਸੋਚ ਵੀ ਨਹੀ ਸਕਦਾ ਹੈ। ਮੀਡੀਆ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਮੀਡੀਆ ਹਰ ਥਾਂ ਉੱਤੇ ਪਹੁੰਚ ਕਰ ਸਕਦਾ ਹੈ। ਸਾਇੰਸ ਨੇ ਅਜਿਹਾ ਉਪਕਰਨ ਸਮਾਜ ਨੂੰ ਸਮਾਰਟ ਫ਼ੋਨ ਦੇ ਰੂਪ ਵਿੱਚ ਦਿੱਤਾ ਹੈ। "ਸਮਾਰਟ ਫ਼ੋਨ ਨੂੰ ਜੇਕਰ ਜਾਦ ਦੀ ਡੱਬੀ ਜਾਂ ਕਹਾਵਤ ਦੇ ਅਨੁਸਾਰ ਇਹ ਕਹਿ ਲਿਆ ਜਾਵੇ ਸਮਾਰਟ ਫੋਨ ਇੱਕ ਅਜਿਹਾ ਜਿੰਨ ਹੈ, ਜਿਸ ਨੂੰ ਆਵਾਜ਼ ਮਾਰੋ ਤਾਂ ਸੈਕਿੰਡਾਂ ਵਿੱਚ ਉਹ ਦੁਨੀਆ ਭਰ ਦੀ ਸ਼ੈਅ ਸਕਰੀਨ ਉੱਪਰ ਤੁਹਾਡੇ ਸਾਹਮਣੇ ਪੇਸ਼ ਕਰ ਦੇਵੇਗਾ।" *(Eoin Deverevx .Understanding The Media 22)*

**ਖ) ਮੋਬਾਇਲ ਦੀ ਵਰਤੋਂ** :- ਸ਼ੁਰੂਆਤੀ ਦੌਰ ਦੇ ਵਿੱਚ ਇੰਟਰਨੈੱਟ ਦੀ ਸਹੂਲਤ ਸਿਰਫ ਕੰਪਿਊਟਰ ਉੱਤੇ ਹੀ ਮਿਲਦੀ ਸੀ। ਨਵੀਆਂ ਤਕਨੀਕਾਂ ਦੇ ਆਉਣ ਨਾਲ ਇੰਟਰਨੈੱਟ ਦੀ ਵਰਤੋਂ ਮੋਬਾਇਲ, ਆਈ ਪੈਡ, ਟੈਬਲਿਟ ਉੱਪਰ ਵੀ ਹੋਣ ਲੱਗ ਪਈ। ਮੋਬਾਇਲ ਕੰਪਨੀਆਂ ਨੇ ਸਸਤੇ ਤੇ ਮਹਿੰਗੇ ਦੋਵੇਂ ਭਾਂਤ ਦੇ ਮੋਬਾਇਲ ਫੋਨਾਂ ਨੂੰ ਬਜ਼ਾਰ ਦੇ ਵਿੱਚ ਉਤਾਰਿਆ ਹੈ। ਹਰ ਜੇਬ ਦੇ ਵਿੱਚ ਮੋਬਾਇਲ ਫ਼ੋਨ ਮਿਲੇਗਾ। ਮੋਬਾਈਲਾਂ ਦੇ ਵਿੱਚ ਹਰ ਭਾਂਤ ਦੀ ਐਪਲੀ-ਕੇਸ਼ਨਜ਼ ਆਉਣ ਲੱਗ ਪਈਆ ਹਨ। ਮੋਬਾਇਲ ਫੋਨਾਂ ਦੇ ਵਿੱਚ ਆਡੀਓ-ਵੀਡੀਉ, ਮੈਸਿਜ, ਫ਼ਿਲਮਾਂ, ਗੇਮਾਂ, ਸ਼ਾਪਿੰਗ ਐਪ ਮਿਲ ਜਾਣਗੇ। ਮੋਬਾਇਲ ਦੇ ਰਾਹੀਂ ਵਪਾਰ ਕੀਤਾ ਜਾਂਦਾ ਹੈ। ਇਸ ਨੇ ਛੋਟੀਆਂ ਦੁਕਾਨਾਂ ਦੇ ਸ਼ੋਅ ਰੂਮਾਂ ਦੀ ਵਿਕਰੀ ਘਟਾ ਦਿੱਤੀ ਹੇ। "ਇਸ ਤੋਂ ਇਲਾਵਾ ਦਫ਼ਤਰਾਂ/ਫ਼ੈਕਟਰੀਆਂ ਦੇ ਕੰਮ-ਕਾਜ ਨੂੰ ਇਸ ਨਵੀਨ ਤਕਨਾਲੋਜੀ ਨੇ ਪ੍ਰਭਾਵਿਤ ਕੀਤਾ ਹੈ। ਅੱਜ ਤਕਰੀਬਨ ਸਾਰੇ ਦਫ਼ਤਰਾਂ/ਫ਼ੈਕਟਰੀਆਂ ਦੇ ਵਿੱਚ ਸਮਾਜਕ ਨੈੱਟਵਰਕਿੰਗ ਵੈਬੱਸਾਇਟਸ ਉੱਪਰ ਰੋਕ ਲਗਾ ਦਿੱਤੀ ਹੈ। ਇੰਟਰਨੈੱਟ ਦੀ ਵਰਤੋਂ ਨੇ ਉਤਪਾਦਨ ਸਮਰੱਥਾ ਨੂੰ ਬੁਰੀ ਤਰ੍ਹਾ ਪ੍ਰਭਾਵਿਤ ਕੀਤਾ ਹੈ।" *(ਡਾ. ਭੁਪਿੰਦਰ ਸਿੰਘ ਬੱਤਰਾ. ਮੀਡੀਆਂ ਦਾ ਮਾਇਆਜਾਲ 156)*

ਇਸ ਤੋਂ ਸਪੱਸ਼ਟ ਹੈ ਕਿ ਮੋਬਾਇਲ ਨੇ ਛੋਟੇ ਤੇ ਵੱਡੇ ਉਤਪਾਦਨ ਉਪਰ ਅਸਰ ਕੀਤਾ ਹੈ। ਮੋਬਾਇਲ ਫ਼ੋਨ ਦੇ ਵਿੱਚ ਨਵੇਂ ਨਵੇਂ ਐਪ ਆਉਂਦੇ ਰਹਿੰਦੇ ਹਨ। ਵਪਾਰੀਆਂ ਨੇ ਮੋਬਾਇਲ ਦੇ ਰਾਹੀਂ ਵਪਾਰ ਕਰਨਾ ਸ਼ੁਰੂ ਕੀਤਾ ਹੈ ਐਮਾਜੋਨ. ਫਲਿਪਕਾਰਡ ਅਤੇ ਹੋਰ ਸ਼ਾਪਿੰਗ ਐਪ ਨੇ ਬਜ਼ਾਰ ਦਾ ਨਵੀਨੀਕਰਨ ਕਰ

ਦਿੱਤਾ ਹੈ। ਇਹਨਾਂ ਐਪਾਂ ਦੇ ਰਾਹੀਂ ਕੱਪੜੇ, ਜੁੱਤੀਆਂ,ਅਤੇ ਹੋਰ ਜ਼ਰੂਰਤ ਦਾ ਸਾਮਾਨ ਮੰਗਵਾ ਸਕਦੇ ਹਾਂ। ਇਹ ਐਪ ਮਨੁੱਖ ਨੂੰ ਘਰ ਬੈਠਿਆਂ ਹੀ ਬਜ਼ਾਰ ਦਾ ਚੱਕਰ ਲਗਾ ਦਿੰਦੇ ਹਨ। ਇਹਨਾਂ ਐਪਾਂ ਦੇ ਵਿੱਚ ਹਰ ਰੇਂਜ ਦੀ ਵਸਤ ਮਿਲ ਜਾਂਦੀ ਹੈ। ਮਨੁੱਖ ਨੂੰ ਪ੍ਰਭਾਵਿਤ ਕਰਨ ਦੇ ਲਈ ਆਫ਼ਰ ਵੀ ਦਿੰਦੇ ਰਹਿੰਦੇ ਹਨ। ਕਾਰੋਬਾਰ ਆਪਣੇ ਵਿਕਰੀ ਗਲੋਬ ਕਰਨ ਦੇ ਆਨਲਾਈਨ ਐਪ ਬਣਾਉਂਦੇ ਹਨ। ਇਹਨਾਂ ਐਪ ਦੇ ਰਾਹੀਂ ਵਪਾਰ ਦੀਆਂ ਛੋਟੀਆਂ ਕੰਪਨੀਆਂ ਖੁੱਲ ਗਈਆਂ ਹਨ ਜਿਹੜੀਆਂ ਵਧੇਰੇ ਤੇਜ਼ ਹੋ ਰਹੀਆ ਹਨ। ਇੰਟਰਨੈੱਟ ਦੁਨੀਆਂ ਭਰ ਦੇ ਵਿੱਚ ਗਾਹਕਾਂ ਨੂੰ ਵਸਤਾਂ ਵੇਚਣ ਦੀ ਸਹੂਲਤ ਪ੍ਰਦਾਨ ਕਰਦਾ ਹੈ। ਕੰਪਨੀਆਂ ਆਪਣੇ ਸ਼ੋਅ ਰੂਮ ਤੋਂ ਇਲਾਵਾ ਵੈਬਪੇਜ ਜਾਂ ਐਪ ਬਣਾ ਕੇ ਵਸਤਾਂ ਨੂੰ ਵੇਚਣ ਦਾ ਮਾਧਿਅਮ ਬਣਾ ਰਹੀਆਂ ਹਨ। ਬਹੁਤੇ ਵਪਾਰੀ ਇਕੱਲੇ ਆਨਲਾਈਨ ਕਾਰੋਬਾਰ ਸ਼ੁਰੂ ਕਰਦੇ ਹਨ।

**ਗ) ਆਨਲਾਈਨ ਸ਼ਾਪਿੰਗ** : ਆਨਲਾਈਨ ਸ਼ਾਪਿੰਗ ਆਈ.ਟੀ. ਉਦਯੋਗ ਨੂੰ ਵਧੇਰੇ ਪ੍ਰਭਾਵਿਤ ਕਰਦਾ ਹੈ। ਆਨਲਾਈਨ ਸ਼ਾਪਿੰਗ ਦੇ ਲਈ ਵੈੱਬ ਪੇਜ ਨੂੰ ਡਿਜ਼ਾਈਨ ਕਰਨਾ ਪੈਂਦਾ ਹੈ। ਇਹ ਵਿਵਸਥਾ ਨੌਕਰੀਆਂ ਵੀ ਦਿੰਦੀ ਹੈ। ਐਪ ਆਪਣੇ ਇਸ਼ਤਿਹਾਰਬਾਜ਼ੀ ਦੇ ਰਾਹੀਂ ਆਪਣੀ ਸੇਲ ਬਣਾਉਂਦੇ ਹਨ। ਤਿਉਹਾਰਾਂ ਜਾਂ ਵਿਸ਼ੇਸ਼ ਦਿਨਾਂ ਉੱਤੇ ਸੇਲ ਲਗਾ ਦਿੰਦੇ ਹਨ।

ਇਹਨਾਂ ਦੇ ਕੋਲ ਗਾਹਕਾਂ ਦੀ ਲਾਈਨ ਲੱਗੀ ਹੁੰਦੀ ਹੈ। ਆਨਲਾਈਨ ਹੋਰ ਸੇਵਾਵਾਂ ਨੂੰ ਵਰਤਣ ਦੀ ਸਹੂਲਤ ਦਿੰਦਾ ਹੈ। ਸਸਤਾ ਸਾਮਾਨ ਤੇ ਹੋਰ ਵਸਤਾਂ ਉੱਤੇ ਪੈਸੇ ਖ਼ਰਚ ਕੇ ਆਪਣਾ ਪੈਸਾ ਬਚਾ ਸਕਦੇ ਹਨ। ਆਨਲਾਈਨ ਖ਼ਰੀਦਦਾਰੀ ਮਨੁੱਖ ਦਾ ਸਮਾਂ ਬਚਾ ਦਿੰਦਾ ਹੈ। ਆਨਲਾਈਨ ਖ਼ਰੀਦਦਾਰੀ ਦੇ ਵਿੱਚ ਬਜਟ ਨੂੰ ਸੈੱਟ ਕਰਕੇ ਖ਼ਰੀਦਦਾਰੀ ਕੀਤੀ ਜਾ ਸਕਦੀ ਹੈ। ਇੱਕ ਉਹਨਾਂ ਨੂੰ ਵਸਤਾਂ ਦੀ ਸਹੀ ਕੀਮਤ ਦਾ ਪਤਾ ਲੱਗ ਜਾਂਦਾ ਹੈ। ਦੂਸਰਾ ਵਸਤ ਸਟਾਕ ਦੇ ਵਿੱਚ ਹੈ ਜਾਂ ਨਹੀ ਇਸ ਦੇ ਬਾਰੇ ਵੀ ਨਾਲ ਹੀ ਜਾਣਕਾਰੀ ਮਿਲ ਜਾਂਦੀ ਹੈ। ਬਜ਼ਾਰਾਂ ਦੇ ਭੀੜ ਭੜੱਕੇ ਤੋਂ ਬੱਚ ਜਾਂਦਾ ਹੈ। ਬਜ਼ਾਰ ਦੇ ਵਿੱਚ ਜਾ ਕੇ ਸਮਾਂ ਬਰਬਾਦ ਨਹੀ ਕਰਨਾ ਪੈਂਦਾ ਹੈ। ਵਸਤਾਂ ਦੀ ਹੋਮ ਡਿਲਿਵਰੀ ਵੀ ਘਰਾਂ ਤੱਕ ਪਹੁੰਚ ਜਾਂਦੀ ਹੈ। ਉਹਨਾਂ ਵਸਤਾਂ ਨੂੰ ਮੋੜਨ ਦੇ ਲਈ ਦਸਾਂ ਦਿਨਾਂ ਦਾ ਅੰਤਰਾਲ ਦਿੱਤਾ ਹੁੰਦਾ ਹੈ। ਜ਼ਿਆਦਾਤਰ ਲੋਕ ਆਨਲਾਈਨ ਸ਼ਾਪਿੰਗ ਪਸੰਦ ਕਰਦੇ ਹਨ।

ਇਸ ਦੇ ਵਿੱਚ ਇੱਕ ਵਸਤ ਨਾਲ ਸੰਬੰਧਿਤ ਅਨੇਕਾਂ ਵਿਭਿੰਨਤਾਵਾਂ ਮਿਲ ਜਾਂਦੀਆਂ ਹਨ। ਕਈ ਵਾਰ ਇੱਕ ਵਸਤ ਨਾਲ ਦੂਜੀ ਫ਼ਰੀ ਮਿਲ ਜਾਂਦੀ ਹੈ। ਵਸਤ ਖਰੀਦਣ ਵੇਲੇ ਉਸ ਵਸਤ ਨਾਲ ਸੰਬੰਧਿਤ ਰੀਵਿਊ ਵੀ ਮਿਲ ਜਾਂਦੇ ਹਨ। ਜਿਸ ਕਰਕੇ ਵਸਤ ਨੂੰ ਖਰੀਦਣਾ ਸੌਖਾ ਹੋ ਜਾਂਦਾ ਹੈ। ਇੱਕ ਵਸਤ ਨਾਲ ਦੂਜੀ ਵਸਤ ਦੀ ਤੁਲਨਾ ਦੀ ਚੋਣ ਵੀ ਮਿਲ ਜਾਂਦੀ ਹੈ। ਖਪਤਕਾਰ ਤੁਲਨਾ ਕਰਕੇ ਵਧੀਆ ਵਸਤ ਨੂੰ ਖਰੀਦ ਸਕੇ। ਇੰਟਰਨੈੱਟ ਦੀ ਦੁਨੀਆਂ ਨੇ ਮਨੁੱਖ ਨੂੰ ਪੂਰੇ ਵਿਸ਼ਵ ਦਾ ਸਫ਼ਰ ਕਰਾ ਦਿੱਤਾ ਹੈ। ਵਪਾਰ ਦਾ ਮਾਧਿਅਮ ਫੇਸਬੁੱਕ ਤੇ ਟਵੀਟਰ ਵੀ ਬਣੇ ਹਨ। ਇਹਨਾਂ ਉੱਤੇ ਆਪਣੇ ਪੇਜ ਬਣਾ ਲੈਂਦੇ ਹਨ।ਪੇਜ ਉੱਤੇ ਵਸਤਾਂ ਨੂੰ ਪਾ ਦਿੰਦੇ ਹਨ।ਲੋਕ ਆ ਕੇ ਵਸਤਾਂ ਨੂੰ ਲਾਈਕ ਤੇ ਖ਼ਰੀਦਦਾਰੀ ਦੇ ਲਈ ਮੁੱਲ ਪੁੱਛਦੇ ਹਨ। ਵਪਾਰੀਆਂ ਦੇ ਕੋਲ ਭਰਮਾਉਣ ਦੇ ਅਥਾਹ ਤਰੀਕੇ ਹਨ।

ਵੀਰਪਾਲ ਕੌਰ ਦੀ ਆਨਲਾਈਨ ਸ਼ਾਪਿੰਗ ਸੰਬੰਧੀ ਧਾਰਨਾ ਹੈ ਕਿ

> "ਨਿੰਰਸੰਦੇਹ ਵਿਸ਼ਵੀਕਰਨ ਵਰਤਾਰੇ ਨੇ ਗਿਆਨ-ਵਿਗਿਆਨ ਦੇ ਨਵੇਂ ਦਰਵਾਜ਼ੇ ਖੋਲੇ। ਸੰਚਾਰ ਸਾਧਨਾਂ ਨੇ ਸਾਨੂੰ ਪੂਰੀ ਦੁਨੀਆ ਨਾਲ ਜੋੜਿਆ। ਆਨਲਾਈਨ ਸਿਸਟਮ ਨੇ ਸਾਨੂੰ ਘਰ ਬੈਠਿਆ ਹੀ ਕੰਮ ਕਰ ਲੈਣ ਦੀ ਸੁਵਿਧਾ ਪ੍ਰਦਾਨ ਕੀਤੀ ਹੈ ਪਰ ਇਸ ਗੱਲ ਨੂੰ ਨਜ਼ਰ ਅੰਦਾਜ਼ ਨਹੀ ਕੀਤਾ ਜਾ ਸਕਦਾ ਕਿ ਵਿਸ਼ਵੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਖੇਤੀ ਸੈਕਟਰ, ਸਿਹਤ ਸੇਵਾਵਾਂ ਅਤੇ ਵਿਦਿਅਕ ਅਦਾਰਿਆਂ ਦਾ ਨਿੱਜੀਕਰਨ ਹੋਇਆ, ਜਿਸ ਦੇ ਪੰਜਾਬੀ ਸਮਾਜ ਉਪਰ ਚੰਗੇ ਪ੍ਰਭਾਵ ਘੱਟ ਅਤੇ ਮੰਦੇ ਪ੍ਰਭਾਵ ਜ਼ਿਆਦਾ ਪਏ ਹਨ।"

*(ਪੰਜਾਬੀ ਗੀਤਕਾਰੀ ਦੇ ਵਿੱਚ ਸਭਿਆਚਾਰਕ ਰੂਪਾਂਤਰਣ 98)*

ਬਜ਼ਾਰ → ਦੁਕਾਨਾਂ

ਆਨਲਾਈਨ ਖ਼ਰੀਦਦਾਰੀ → ਫਲਿਪਕਾਰਡ, ਐਮਜ਼ੋਨ,

**Figure 3.9 : ਆਨਲਾਈਨ ਖਰੀਦਦਾਰੀ ਦਾ ਦੌਰ**

ਆਨਲਾਈਨ ਵਿਵਸਥਾ ਦੇ ਰਾਹੀਂ ਹੀ ਘਰ ਬੈਠੇ ਵਪਾਰ ਕਰਨ ਜਾਂ ਪੈਸਾ ਕਮਾਉਣ ਦਾ ਨਵਾਂ ਸਾਧਨ ਦੇ ਰਿਹਾ ਹੈ। ਜਿਵੇਂ ਕਿ (Meesho, Urban Clap, Club Factory) ਆਦਿ। ਅੱਖੀਂ ਦੇਖੀ ਵਸਤਾਂ ਨੂੰ ਖਰੀਦਣਾ ਜ਼ਿਆਦਾ ਬਿਹਤਰ ਹੈ। ਵਸਤਾਂ ਚੰਗੇ ਜਾਂ ਮਾੜੇ ਹੋਣ 'ਤੇ ਦੁਕਾਨਦਾਰ ਨੂੰ ਕਿਹਾ ਜਾ ਸਕਦਾ ਹੈ। ਆਨਲਾਈਨ ਸ਼ਾਪਿੰਗ ਦੇ ਵਿੱਚ ਵਸਤਾਂ ਨੂੰ ਵਾਪਸ ਮੋੜਨ ਦੇ ਲਈ, ਸ਼ਾਪਿੰਗ ਐਪ ਨੂੰ ਇੱਕ ਮੇਲ ਕਰਨੀ ਪੈਂਦੀ ਹੈ ਅਤੇ ਉਹਨਾਂ ਨੂੰ ਵਸਤ ਨੂੰ ਮੋੜਨ ਦਾ ਕਾਰਨ ਵੀ ਦੱਸਣਾ ਪੈਂਦਾ ਹੈ। ਅੱਖੀਂ ਦੇਖੀ ਖ਼ਰੀਦਦਾਰੀ ਕਰਨ ਨਾਲ ਧੋਖਾਧੜੀ ਨਹੀ ਹੁੰਦੀ ਹੈ। ਆਨਲਾਈਨ ਸ਼ਾਪਿੰਗ ਦੇ ਵਿੱਚ ਵਧੇਰੇ ਡਰ ਧੋਖਾਧੜੀ ਦਾ ਹੁੰਦਾ ਹੈ। ਮਹਿੰਗੀਆਂ ਵਸਤਾਂ ਨੂੰ ਆਨਲਾਈਨ ਖਰੀਦ ਵੇਲੇ ਗਾਹਕ ਧੋਖਾਧੜੀ ਦਾ ਸ਼ਿਕਾਰ ਬਣ ਸਕਦਾ ਹੈ। ਆਮ ਦੇਖਿਆ ਗਿਆ ਹੈ ਕਿ ਮਾਨਵ ਮਹਿੰਗੀਆਂ ਵਸਤਾਂ ਉਪਰ ਹੀ ਠੱਗਿਆਂ ਗਿਆ ਹੈ। ਆਨਲਾਈਨ ਸ਼ਾਪਿੰਗ ਵਿੱਚ ਪੈਸੇ ਦੀ ਅਦਾਇਗੀ ਕਰਨ ਵੇਲੇ ਕੈਸ਼ ਔਨ ਡਿਲਿਵਰੀ, ਕੈਡ੍ਰਿਟ ਜਾਂ ਡੈਬਿਟ ਕਾਰਡ ਦਾ ਵਿਕਲਪ ਆਉਂਦਾ ਹੈ। ਹੈੱਕਰ ਵੈੱਬਸਾਈਟ ਨੂੰ ਹੈੱਕ ਕਰਕੇ ਅਕਾਊਂਟ ਦੀ ਜਾਣਕਾਰੀ ਹਾਸਿਲ ਕਰ ਲੈਂਦੇ ਹਨ। ਆਨਲਾਈਨ ਸ਼ਾਪਿੰਗ ਦੇ ਵਿੱਚ ਵਸਤਾਂ ਮੰਗਵਾਉਣੀਆਂ ਮਹਿੰਗੀਆਂ ਪੈ ਜਾਂਦੀਆ ਹਨ। ਇਸ ਦਾ ਸਮਾਜ ਉੱਤੇ ਨਾਕਾਰਾਤਮਕ ਪ੍ਰਭਾਵ ਪੈਂਦਾ ਹੈ। ਆਰਥਕ ਤੌਰ 'ਤੇ ਵੀ ਮੰਦੀ ਦਾ ਸਾਹਮਣਾ ਛੋਟੀਆਂ ਦੁਕਾਨਾਂ, ਫ਼ੈਕਟਰੀਆਂ ਨੂੰ ਕਰਨਾ ਪੈ ਰਿਹਾ ਹੈ।





**Figure 3.10 : ਆਨਲਾਈਨ ਲੁੱਟ ਦਾ ਸ਼ਿਕਾਰ**

ਆਨਲਾਈਨ ਸ਼ਾਪਿੰਗ ਦੇ ਕਾਰਨ ਧੰਦਿਆਂ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਖਰੀਦਦਾਰ ਆਨਲਾਈਨ ਕੀਮਤ ਦੇ ਅਨੁਸਾਰ ਹੀ ਦੁਕਾਨਦਾਰ ਦੇ ਕੋਲ ਵਸਤ ਦੀ ਕੀਮਤ ਦੀ ਮੰਗ ਕਰਦਾ ਸੀ। ਉਹ ਰੇਟ ਦੇਣਾ ਉਹਨਾਂ ਦੇ ਲਈ ਮੁਸ਼ਕਿਲ ਸੀ। ਗਾਹਕ ਘੱਟ ਰੇਟਾਂ ਜਾਂ ਆਫਰਾਂ ਦੇ ਪਿੱਛੇ ਆਨ ਲਾਈਨ ਸ਼ਾਪਿੰਗ ਕਰਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਅੱਖੀਂ ਦੇਖ ਖਰੀਦ ਹੀ ਬਿਹਤਰ ਹੁੰਦੀ ਹੈ।" *(ਅਮਨਦੀਪ ਕੌਰ. ਲੈਕਚਰਾਰ ਪੰਜਾਬੀ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)*

ਬਜ਼ਾਰ ਦੇ ਵਿੱਚ ਜਾ ਕੇ ਖ਼ਰੀਦਦਾਰੀ ਵਧੇਰੇ ਸਹੀ ਅਤੇ ਲਾਭਦਾਇਕ ਹੈ। ਠੱਗੀ ਦਾ ਸ਼ਿਕਾਰ ਹੋਣ ਦੇ ਕਾਰਨ ਘੱਟ ਹੀ ਬਣਦੇ ਹਨ। ਆਮ ਤੌਰ ਤੇ ਦੁਕਾਨਦਾਰ ਜਾਣਕਾਰ ਹੀ ਹੁੰਦੇ ਹਨ। ਵਪਾਰੀ ਦਿਨ ਬਦਿਨ ਨਵੇਂ ਤੌਰ ਤਰੀਕੇ ਸਮਾਜ ਵਿੱਚ ਲਿਆਉਂਦੇ ਹਨ। ਵਪਾਰੀ ਸਮਾਜ ਦੀ ਆਰਥਕ ਵਿਵਸਥਾ ਨੂੰ ਮਜ਼ਬੂਤ ਤਾਂ ਕਰਦੇ ਹਨ। ਪਰ ਨਾਲ ਹੀ ਆਮ ਵਰਗ ਦੇ ਲਈ ਰੋਜ਼ਗਾਰ ਦੀਆਂ ਚਣੌਤੀਆਂ ਵੀ ਦਰਪੇਸ਼ ਕਰਦੇ ਹਨ।





**Figure 3.11 : ਰੋਜ਼ਗਾਰ ਦੇ ਵਿੱਚ ਮੁਸ਼ਿਕਲਾਂ**

ਅਜੋਕੀ ਅਰਥ ਵਿਵਸਥਾ ਨੇ ਅਜਿਹੀ ਤਬਦੀਲੀ ਲਿਆਂਦੀ ਹੈ, ਜਿਸਨੇ ਕਈ ਭਿਆਨਕ ਅੰਤਰ-ਵਿਰੋਧਾਂ ਨੂੰ ਉਪਜਿਆ ਹੈ। "ਇਕ ਪਾਸੇ ਮਨੁੱਖ ਨੇ ਵਿਆਪਕ ਮਸ਼ੀਨੀ ਜੰਤਰ ਸਿਰਜ ਕੇ ਜੀਵਨ ਦੀ ਵਿਕਾਸ ਦੀ ਗਤੀ ਨੂੰ ਬਹੁਤ ਤੇਜ਼ ਕੀਤਾ ਹੈ, ਪਰ ਦੂਜੇ ਪਾਸੇ ਉਹ ਆਪ ਇਸ ਅਸਾਵੇਂ ਤੇਜ਼ ਵਿਕਾਸ ਕਾਰਨ ਖਿੰਡਦਾ ਜਾ ਰਿਹਾ

ਹੈ ਅਤੇ ਨਿਰੋਲ ਪੈਸਾ ਕੇਂਦਰਿਤ ਵਿਵਸਥਾ ਨੂੰ ਸਿਰਜਦਾ ਹੋਇਆ ਵਿਅਕਤੀਵਾਦੀ ਰੁਚੀਆਂ ਦਾ ਸ਼ਿਕਾਰ ਬਣਦਾ ਜਾ ਰਿਹਾ ਹੈ।" *(ਉਹੀ ਪੰਨਾ 156)*

ਘ) **ਮਸ਼ੀਨੀਕਰਨ ਨੇ ਧੰਦੇ ਖੋਹੇ** : ਮਸ਼ੀਨਾਂ ਨੇ ਮਨੁੱਖ ਕੋਲੋਂ ਕੰਮ ਖੋਹ ਲਿਆ ਹੈ। ਮਨੁੱਖ ਦੇ ਕੰਮ ਮਸ਼ੀਨਾਂ ਦੇ ਨਾਲ ਹੋ ਜਾਂਦੇ ਹਨ। ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਨੁੱਖ ਬੇਰੁਜ਼ਗਾਰ ਹੁੰਦਾ ਜਾ ਰਿਹਾ ਹੈ। ਵਸਤਾਂ ਨੂੰ ਬਣਾਉਣ ਤੋਂ ਲੈ ਕੇ ਪੈਕ ਕਰਨ ਦਾ ਕਾਰਜ ਲਗਭਗ ਮਸ਼ੀਨਾਂ ਦੇ ਰਾਹੀਂ ਹੁੰਦਾ ਹੈ।

ਡਾ. ਵਿਦਿਆਂਪਤਿ ਗੌਤਮ ਦੀ ਧਾਰਨਾ ਹੈ ਕਿ,

> ਜਿਸ ਰਫ਼ਤਾਰ ਨਾਲ ਕੰਪਨੀਆਂ ਰੋਜ਼ਗਾਰ ਮੁਹੱਈਆ ਕਰਵਾ ਰਹੀਆ ਹਨ ਉਸ ਤੋਂ ਕਈ ਗੁਣਾਂ ਜ਼ਿਆਦਾ ਬੇਰੁਜ਼ਗਾਰੀ ਨੂੰ ਵਧਾ ਰਹੀਆਂ ਹਨ, ਪਹਿਲਾਂ ਤੋਂ ਚਲੇ ਆ ਰਹੇ ਰੋਜ਼ਗਾਰਾਂ ਅਤੇ ਉਸ ਦੇ ਆਧਾਰਾਂ ਨੂੰ ਛੀਨ ਰਹੇ ਹਨ। ਅੱਜ ਦੇ ਉਤਪਾਦਨ ਦੇ ਲਈ ਢੇਰ ਸਾਰੇ ਹੱਥਾਂ ਦੀ ਲੋੜ ਦੀ ਜ਼ਰੂਰਤ ਨਹੀ ਰਹੀ। ਤਕਨੀਕ ਨੇ ਉਹਨਾਂ ਦੀ ਜਗ੍ਹਾ ਲੈ ਲਈ ਹੈ। ਹਜ਼ਾਰਾਂ ਮੈਗਾਵਾਟ ਬਿਜਲੀ ਦੇ ਉਤਪਾਦਨ ਲਈ ਮਹਿਜ਼ ਪੰਜ ਸੌ ਲੋਕ ਚਾਹੀਦੇ। ਸੂਚਨਾ ਤਕਨੀਕ ਅਤੇ ਬੀ.ਪੀ .ਓ ਵਿੱਚ ਖਾਂਦੇ ਪੀਂਦੇ, ਪੜ੍ਹੇ ਲਿਖੇ ਪਰਿਵਾਰਾਂ ਦੇ ਨੌਜਵਾਨ ਆ ਜਾਂਦੇ ਹਨ। ਘੱਟ ਪੜ੍ਹੇ-ਲਿਖੇ ਜਾਂ ਫਿਰ ਗਰੀਬ ਗੁਰਬਾਂ ਦੇ ਲਈ ਉੱਥੇ ਕੋਈ ਜਗ੍ਹਾ ਨਹੀ ਹੈ।

*(ਭੂਮੀਮੰਡਲੀਕਰਨ ਕੇ ਦੌਰ ਮੇਂ ਛਰਮ ਏਬਮ ਰੋਜ਼ਗਾਰ ਕੀ ਚੋਣਤੀਆਂ 27)*

ਇਸ ਤੋਂ ਸਪੱਸ਼ਟ ਹੈ ਕਿ ਤਕਨੀਕ ਨੇ ਸਮਾਜ ਨੂੰ ਤਰੱਕੀ ਤਾਂ ਬਖ਼ਸ਼ੀ ਹੈ ਪਰ ਨਾਲ ਹੀ ਸਮਾਜ ਨੂੰ ਆਰਥਕ ਤੌਰ ਤੇ ਖੋਰਾ ਲਗਾਇਆ ਹੈ। ਹੇਠਲੇ ਪੱਧਰ ਦੇ ਕੋਲ ਉਹਨਾਂ ਦੇ ਹੱਕਾਂ ਨੂੰ ਹੀ ਨਹੀ ਖੋਹਿਆ ਸਗੋਂ ਜਿਹੜੇ ਧੰਦਿਆਂ ਉੱਤੇ ਲੱਗੇ ਹੋਏ ਸਨ ਉਹਨਾਂ ਧੰਦਿਆਂ ਨੂੰ ਵੀ ਬੰਦ ਕਰਾ ਦਿੱਤਾ ਹੈ। ਉਹਨਾਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੇ ਕੋਲ ਮਜ਼ਦੂਰੀ ਕਰਨ ਤੋਂ ਬਿਨ੍ਹਾਂ ਕੋਈ ਰਾਹ ਨਹੀ ਬਚਦਾ ਹੈ।

**ਖਪਤ ਸਭਿਆਚਾਰ**

↓

**ਜਵਾਨ ਵਰਗ/ ਮਜ਼ਦੂਰ**

↓

**ਮੀਡੀਆ, ਉਦਯੋਗਾਂ**

↓

**ਆਰਥਕ ਵਿਵਸਥਾ**

**Figure 3.12 : ਖਪਤ ਸਭਿਆਚਾਰ ਦਾ ਆਰਥਕ ਵਿਵਸਥਾ ਤੇ ਅਸਰ**

ਇਹੋ ਜਿਹੀ ਵਿਵਸਥਾ ਨਾਲ ਸਮਾਜ ਦੇ ਵਿੱਚ ਹੇਰਾ ਫੇਰੀ, ਲੁੱਟਖਸੁੱਟ ਅਤੇ ਕੰਮਚੋਰਾਂ ਦਾ ਮਾਹੌਲ ਬਣਦਾ ਜਾ ਰਿਹਾ ਹੈ। ਮਨੁੱਖ ਕੰਮਚੋਰ ਬਣ ਕੇ ਵਿਸ਼ਵ ਵਿਆਪੀ ਸਹੂਲਤਾਂ ਨੂੰ ਮਾਨਣ ਲੱਗਾ ਹੋਇਆ ਹੈ। ਇਹਨਾਂ ਸਹੂਲਤਾਂ ਨੂੰ ਅਗਾਂਹਵਧੂ ਦਰਸਾਉਂਦਾ ਹੈ। ਇਹ ਮਨੁੱਖੀ ਸਮਰੱਥਾ ਦੀ ਘਾਟ ਜਾਂ ਘਾਣ ਬਣਦਾ ਜਾ ਰਿਹਾ ਹੈ। ਅਮੀਰ ਤੇ ਗਰੀਬ ਦੀ ਆਰਥਕ ਸਥਿਤੀ ਦੇ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਤਕਨੀਕ ਨੇ ਉਤਪਾਦਨ ਦੀ ਵਿਵਸਥਾ ਨੂੰ ਸੀਮਿਤ ਤੇ ਸੁੰਗੜ ਕੇ ਰੱਖ ਦਿੱਤਾ ਹੈ। ਅਜ ਕੱਲ੍ਹ ਹਰ ਕੋਈ ਆਪਣਾ ਵਪਾਰ ਵੈੱਬਸਾਈਟ ਉੱਤੇ ਹੀ ਕਰਨਾ ਚਾਹੁੰਦਾ ਹੈ। ਘਰ ਬੈਠਿਆਂ ਹੀ ਮੁਨਾਫ਼ਾ ਕਮਾਉਣ ਦੀ ਚਾਹ ਰੱਖਦੇ ਹਨ। ਆਨਲਾਈਨ ਵਪਾਰ ਜਾਂ ਮਸ਼ੀਨਾਂ ਦੇ ਵਧੇਰੇ ਵਿਅਕਤੀਆਂ ਦੀ ਲੋੜ ਨਹੀ ਪੈਂਦੀ ਹੈ। ਡਾ ਗਿਆਨ ਸਿੰਘ ਦੇ ਅਨੁਸਾਰ, “ ਭਾਰਤ ਦੇ ਵਿੱਚ ਸੰਨ 1991 ਤੋਂ ਨਵੀਂ ਆਰਥਕ ਨੀਤੀ ਅਪਣਾਉਣ ਦੇ ਨਤੀਜੇ ਵਜੋ ਲਗਾਤਾਰ ਮਹਿੰਗਾਈ ਛੜੱਪੇ ਮਾਰਦੀ ਆ ਰਹੀ ਹੈ। ਮਹਿੰਗਾਈ ਨੇ ਆਰਥਕ ਤੌਰ ਤੇ ਰੱਜੇ ਪੁੱਜੇ ਲੋਕਾਂ ਦੇ ਲਈ ਤਣਾਓ ਵਧਦਾ ਹੋਇਆ ਮੁਨਾਫ਼ਾ ਅਤੇ ਖ਼ੁਸ਼ਹਾਲੀ ਲੈ ਕੇ ਆਂਦੀ ਹੈ ਪਰ ਆਮ ਲੋਕਾਂ ਜਿਵੇਂ ਬੇਜ਼ਮੀਨੇ ਅਤੇ ਛੋਟੇ ਕਿਸਾਨਾਂ, ਮਜ਼ਦੂਰਾਂ ਅਤੇ ਮਿਹਨਤਕਸ਼ਾਂ ਨੂੰ ਬੇਰੋਜ਼ਗਾਰੀ ਅਤੇ ਗ਼ਰੀਬੀ ਦੀ ਦਲਦਲ ਵਿੱਚ ਧੱਕ ਦਿੰਦੀ ਹੈ।”
*(ਆਰਥਕ ਵਿਕਾਸ ਲੋਕ ਪੱਖੀ ਹੋਵੇ. ਪੰਜਾਬੀ ਟ੍ਰਿਬਿਊਨ)*

**ਙ) ਈਕੋ ਸਿਸਟਮ** : 21 ਵੀਂ ਸਦੀ ਦੇ ਦੌਰ ਦੇ ਵਿੱਚ ਈਕੋ ਫਰੈਂਡਲੀ ਨਾਂ ਦਾ ਸਿਸਟਮ ਪ੍ਰਚਲਿਤ ਹੋਇਆ ਹੈ। ਜਿਸ ਦੇ ਰਾਹੀਂ ਸਭਿਆਚਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਸ ਨਾਲ ਸਭਿਆਚਾਰ ਦੇ ਪੁਰਾਤਨ ਰਸਮਾਂ, ਕਿੱਤੇ ਆਦਿ ਹੋਰ ਵਰਗ ਜਿੰਦੇ ਜਾਗਦੇ ਰਹਿਣ ਜਿਵੇਂ ਕਿ ਗਣੇਸ਼ ਉਤਸਵ ਦੇ ਵਿੱਚ ਪਾਣੀ ਅਤੇ ਵਾਤਾਵਰਨ ਨੂੰ ਸਾਫ਼ ਰੱਖਣ ਦੇ ਲਈ ਈਕੋ ਫ੍ਰੈਂਡਲੀ ਗਣੇਸ਼ ਜੀ ਤਿਆਰ ਕੀਤੇ ਜਾਂਦੇ ਹਨ। ਇਸ ਨਾਲ ਪਾਣੀ ਅਤੇ ਵਾਤਾਵਰਨ ਨੂੰ ਵੀ ਕੋਈ ਨੁਕਸਾਨ ਨਹੀ ਹੁੰਦਾ ਹੈ। ਪੁਰਾਤਨ ਕਿੱਤੇ ਦੇ ਵਿਚੋਂ ਘੁਮਿਆਰ ਦੇ ਕਿੱਤੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜੋਕੇ ਦੌਰ ਦੇ ਵਿੱਚ ਇਨਸਾਨ ਨੂੰ ਬਿਮਾਰੀਆਂ ਅਤੇ ਅਨੇਕਾਂ ਮੁਸ਼ਕਿਲਾਂ ਨੇ ਘੇਰ ਲਿਆ ਹੈ। ਮਿੱਟੀ ਨੂੰ ਸ਼ੁੱਧ ਮੰਨਿਆ ਜਾਂਦਾ ਸੀ। ਇਸ ਦੇ ਵਿੱਚ ਅਨੇਕਾਂ ਤੱਤ ਮਿਲੇ ਹੋਏ ਹਨ। ਇਹਨਾਂ ਦੇ ਵਿੱਚ ਬਣਨ ਵਾਲੇ ਖਾਣੇ ਸ਼ੁੱਧ ਤੇ ਸਵਾਦ ਹੁੰਦੇ ਸੀ। ਕਈ ਵਿਅਕਤੀਆਂ ਦਾ ਮੰਨਣਾ ਹੈ ਕਿ ਮਿੱਟੀ ਦੇ ਬਰਤਨ ਵਿੱਚ ਬਣਨ ਵਾਲੇ ਖਾਣੇ ਸਿਹਤ ਦੇ ਲਈ ਸਹੀ ਹਨ। ਸੋ ਉਹ ਲੋਕ ਮਿੱਟੀ ਦੇ ਹੀ ਬਰਤਨ ਵਰਤਦੇ ਹਨ। ਮਿੱਟੀ ਦੇ ਬਰਤਨਾਂ ਨੂੰ ਅੰਗਰੇਜ਼ੀ ਦੇ ਵਿੱਚ clay pot, clay tawa ਆਦਿ ਨਾਵਾਂ ਦੇ ਨਾਲ ਬੁਲਾਇਆ ਜਾਂਦਾ ਹੈ। ਐਮਾਜ਼ੋਨ ਉੱਤੇ ਵੀ ਮਿੱਟੀ ਦੇ ਭਾਂਡੇ ਉਪਲਬਧ ਹਨ। ਲੋਕ ਯੂ-ਟਿਊਬ ਦੇ ਰਾਹੀਂ ਵੀ ਆਪਣਾ ਛੋਟਾ ਬਿਜਨੈਸ ਚਲਾ ਰਹੇ ਹਨ। 'Mittikalaa An Innovation Clay Production House' Rajender Clay Handicraft, ਦੇ ਨਾਮ ਦੇ ਯੂ-ਟਿਊਬ ਚੈਨਲ ਚਲਦੇ ਹਨ।

ਇਹਨਾਂ ਦੇ ਰਾਹੀਂ ਮਿੱਟੀ ਦੇ ਬਰਤਨ ਦੇ ਫ਼ਾਇਦੇ ਅਤੇ ਬਰਤਨ ਮੰਗਵਾਉਣ ਦੇ ਲਈ ਆਪਣੀ ਪੂਰੀ ਜਾਣਕਾਰੀ ਵੀ ਦਿੰਦੇ ਹਨ। ਇਹ ਇੱਕ ਵਧੀਆ ਉੱਪਰਾਲਾ ਹੈ, ਇਸ ਦੇ ਰਾਹੀਂ ਪੁਰਾਤਨ ਕਿੱਤੇ ਨੂੰ ਜੀਵੰਤ ਰੱਖਿਆ ਜਾ ਸਕਦਾ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਪੁਰਾਤਨ ਕਿੱਤਿਆਂ ਨੂੰ ਜੀਵਿੰਤ ਰੱਖਣ ਦੀ ਕੋਸ਼ਿਸ ਕੀਤੀ ਜਾਣੀ ਚਾਹੀਦੀ ਹੈ। ਅੱਜ ਕੱਲ੍ਹ ਦੇ ਡਾਕਟਰ ਵੀ ਸਿਹਤ ਨੂੰ ਕਾਮਯਾਬ ਬਣਾਉਣ ਦੇ ਲਈ ਮਿੱਟੀ ਦੇ ਬਰਤਨਾਂ ਦੇ ਵਿੱਚ ਖਾਣਾ-ਖਾਣ ਨੂੰ ਕਹਿੰਦੇ ਹਨ। ਮਿੱਟੀ ਦੀਆਂ ਵਸਤਾਂ ਪਿੰਡਾਂ ਦੇ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ। ਸ਼ਹਿਰਾਂ ਦੇ ਵਿੱਚ ਆਣ ਕੇ ਵੇਚੀਆਂ ਜਾਂਦੀਆਂ ਹਨ। ਮਨੁੱਖੀ ਜੀਵਨ ਨੂੰ ਸੁਰੱਖਿਅਤ ਅਤੇ ਯਕੀਨੀ ਬਣਾਉਣ ਦੇ ਲਈ ਜੀਵਨ ਬੀਮਾ ਕਰਵਾਉਣ ਦੇ ਲਈ ਕਹਿੰਦੇ ਹਨ। ਇਹ ਜੀਵਨ ਬੀਮਾ ਉਹਨਾਂ ਨੂੰ

ਕਿਸੇ ਵੀ ਤਰ੍ਹਾਂ ਦੀ ਮਦਦ ਕਰ ਸਕਦਾ ਹੈ। ਆਮ ਹੀ ਟੀ. ਵੀ ਉੱਤੇ ਜੀਵਨ ਬੀਮਾ ਦੀਆਂ ਐਡ ਦੇਖਣ ਨੂੰ ਮਿਲ ਸਕਦੀਆਂ ਹਨ। policybazaar.com ਇੱਕ ਅਜਿਹੀ ਵੈਬਸਾਈਟ ਹੈ, ਜਿੱਥੇ ਹਰ ਪ੍ਰਕਾਰ ਦੀ ਜੀਵਨ ਬੀਮਾ ਮਿਲ ਜਾਂਦੀ ਹੈ। ਹਰ ਜੀਵਨ ਬੀਮਾ ਦਾ ਅੰਤਰ ਕਰਕੇ , ਕੋਈ ਵੀ ਇੱਕ ਜੀਵਨ ਬੀਮਾ ਕਰਵਾਇਆ ਜਾ ਸਕਦਾ ਹੈ।

ਇਸ ਦੇ ਨਾਲ ਝੀਊਰ ਦਾ ਕੰਮ ਪਾਣੀ ਭਰਨ ਦਾ ਸੀ। ਉਹ ਘਰ ਘਰ ਜਾ ਕੇ ਪਾਣੀ ਭਰਨ ਦਾ ਕੰਮ ਕਰਦਾ ਸੀ। ਮੋਟਰਾਂ ਲੱਗਣ ਦੇ ਨਾਲ ਉਸ ਦਾ ਕੰਮ ਬੰਦ ਹੋ ਗਿਆ। ਪਰ ਹੁਣ ਵੀ ਪਾਣੀ ਵਿਕ ਰਿਹਾ ਹੈ ਜਿਸ ਨੂੰ ਵੱਡੀਆ ਵੱਡੀਆ ਕੰਪਨੀਆਂ ਵੇਚ ਰਹੀਆ ਹਨ ਜਿਵੇਂ Bisleri ਕੰਪਨੀ ਵੱਲੋਂ ਪਾਣੀ ਵੇਚਿਆ ਜਾਂਦਾ ਹੈ। ਝੀਊਰ/ ਨਾਈ ਘਰਾਂ ਦੇ ਵਿੱਚ ਖਾਣਾ ਬਣਾਉਣ ਦਾ ਕੰਮ ਕਰਦੇ ਸਨ। ਸਮੇਂ ਦੇ ਨਾਲ ਉਹਨਾਂ ਦਾ ਕੰਮ ਵੀ Wedding Planner/ Caterers ਦੇ ਵੱਲੋਂ ਸਾਰੇ ਫੰਕਸ਼ਨਾਂ ਵਿੱਚ ਪ੍ਰਬੰਧ ਕੀਤਾ ਜਾਂਦਾ ਹੈ।

ਵੱਖ-ਵੱਖ ਕੰਪਨੀਆਂ ਕੋਕਾ-ਕੋਲਾ ਦਾ ਪ੍ਰਚਾਰ ਕਰ ਕੇ ਪਾਣੀ ਦੀ ਥਾਂ ਵਿਸ਼ੇਸ਼ਤਾ ਪ੍ਰਦਾਨ ਕਰ ਰਹੀਆਂ ਹਨ। ਜਸਵੀਰ ਰਾਣਾ ਦੀ ਕਹਾਣੀ ਡਾਰਕਜ਼ੋਨ ਦੇ ਇਸੇ ਵਿਸ਼ੇ ਦਾ ਵਰਣਨ ਮਿਲਦਾ ਹੈ ਕਿ

"ਖੇਤਾਂ ਦੇ ਸੀਨ ਟੀ ਸ਼ਰਟਾਂ ਤੇ ਜੀਨਾਂ ਪਾਈ ਤਿੰਨ ਕੁੜੀਆ ਤੁਰੀਆਂ ਆ ਰਹੀਆਂ ਨੇ। ਵਿਚਕਾਰ ਮਲਕੀ ਹੈ। ਉਸਨੂੰ ਪਿਆਸ ਲੱਗੀ ਹੈ।ਟੀ-ਸ਼ਰਟ ਦਾ ਕਾਲ੍ਹਰ ਘੁੰਮਾਉਂਦੀ ਹੋਈ ਉਹ ਮੁਸਕਰਾਈ ਹੈ, "ਕਿਆ ਪਾਨੀ ਮਿਲੇਗਾ ਮੈਨ...? " (ਖਿੱਤੀਆ ਘੁੰਮ ਰਹੀਆ 98)

**ਚ) ਪਰਵਾਸ ਨੇ ਬੇਰੋਜ਼ਗਾਰ ਕੀਤੇ ਨੌਜਵਾਨ:** ਸਿੱਖਿਆ ਇਨਸਾਨ ਨੂੰ ਗਿਆਨਵਾਨ ਬਣਾਉਂਦੀ ਹੈ। ਚੰਗੇਰੀ ਸਿੱਖਿਆ ਇਨਸਾਨ ਨੂੰ ਉੱਚ ਵਿਅਕਤੀਤਵ ਦਾ ਮਾਲਕ ਬਣਾਉਂਦੀ ਹੈ। ਸਿੱਖਿਆ ਮਨੁੱਖ ਨੂੰ ਚੇਤੰਨ ਪ੍ਰਾਣੀ ਬਣਾਉਂਦੀ ਹੈ। ਪਹਿਲਾਂ ਸਿੱਖਿਆ ਸਿਰਫ ਧਾਰਮਿਕ ਗਿਆਨ ਤੱਕ ਹੀ ਸੀਮਿਤ ਸੀ। ਇਸਤਰੀਆਂ ਨੂੰ ਘਰ ਗ੍ਰਹਿਸਥੀ ਸੰਭਾਲਣ ਦੀ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਮਰਦਾਂ ਨੂੰ ਧਾਰਮਿਕ ਅਤੇ ਵੱਖੋ-ਵੱਖਰੇ ਧੰਦਿਆਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਇਹ ਸਿੱਖਿਆ ਵੀ ਜਾਤ ਦੇ ਅਨੁਸਾਰ ਪੀੜ੍ਹੀ ਦਰ ਪੀੜ੍ਹੀ ਚਲਦੀ ਸੀ। ਬ੍ਰਿਟਿਸ਼ ਸਾਮਰਾਜ ਦੇ ਆਉਣ ਨਾਲ ਸਿੱਖਿਆ ਦੇ ਵਿੱਚ ਵੀ ਪਰਿਵਰਤਨ ਆਏ। ਬੇਸ਼ੱਕ ਉਹਨਾਂ ਨੇ

ਆਪਣੇ ਮਤਲਬ ਲਈ ਸਕੂਲ ਕਾਲਜ ਖੋਲ੍ਹੇ ਸਨ। ਉਹਨਾਂ ਨੇ ਭਾਰਤ ਦੀ ਪੁਰਾਤਨ ਤੇ ਪਰੰਪਰਾਵਾਦੀ ਪੀੜ੍ਹੀ ਨੂੰ ਵਿਗਿਆਨਕ ਪੱਖਾਂ ਨਾਲ ਜੋੜਿਆ ਸੀ। ਅਜੋਕੇ ਸਮੇਂ ਦੇ ਵਿੱਚ ਅਨੇਕਾਂ ਸਕੂਲ ਕਾਲਜ ਖੁੱਲ੍ਹ ਗਏ ਹਨ। ਜਿੱਥੋਂ ਸਿੱਖਿਆ ਹਾਸਿਲ ਕਰਕੇ ਵੱਖੋ ਵੱਖਰੇ ਕਿੱਤਿਆਂ ਨੂੰ ਧਾਰਨ ਕਰ ਲੈਂਦੇ ਹਨ। ਕਾਲਜ ਦੇ ਵਿੱਚ ਹਿਸਾਬ, ਸੋਸ਼ਲ ਸਾਇੰਸ, ਸਾਇੰਸ, ਅਤੇ ਪ੍ਰੋਫੈਸ਼ਨਲ ਅਧਿਆਪਕ ਲੱਗੇ ਹੁੰਦੇ ਹਨ। ਵਰਤਮਾਨ ਸਮੇਂ ਦੇ ਇਹ ਰੋਜ਼ਗਾਰ ਦਾ ਮਾਧਿਅਮ ਰਿਹਾ ਹੈ ਪਰੰਤੂ ਬਦਲ ਰਹੇ ਹਾਲਤਾਂ ਨੇ ਆਧਿਆਪਨ ਦੇ ਧੰਦੇ ਨੂੰ ਕਿਨਾਰੇ ਕਰ ਰੱਖਿਆ ਹੈ। ਇਸ ਦਾ ਮੁੱਖ ਕਾਰਨ ਆਈਲੈਟਸ ਹੈ।

ਪਰਵਾਸ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਪਰਵਾਸੀ ਉਹ ਲੋਕ ਜਿਹੜੇ ਬੇਗਾਨੀ ਧਰਤੀ ਤੇ ਬਨਵਾਸ ਕੱਟ ਰਹੇ ਹਨ। ਇਹ ਬਨਵਾਸ ਵੀ ਪੰਜਾਬੀਆਂ ਨੇ ਆਪ ਧਾਰਨ ਕੀਤਾ ਹੈ। ਪੁਰਾਤਨ ਤੇ ਵਰਤਮਾਨ ਸਥਿਤੀ ਦੇ ਵਿੱਚ ਉੱਨੀ ਇੱਕੀ ਦਾ ਫਰਕ ਹੈ। ਪਹਿਲਾਂ ਵੀ ਮਜ਼ਬੂਰੀਆਂ ਹੀ ਪਰਵਾਸ ਧਾਰਨ ਕਰਵਾਉਂਦੀਆ ਸਨ। ਵਿਕਸਿਤ ਦੇਸ਼ਾਂ ਦੇ ਵਿੱਚ ਨੌਕਰੀ ਦੀ ਤਲਾਸ਼ ਲਈ ਪਰਵਾਸ ਕਰਦੇ ਹਨ। ਵੱਧ ਤੋ ਵੱਧ ਪੈਸਾ ਕਮਾਉਣ ਦੀ ਲਾਲਸਾ ਵੱਧਦੀ ਚਲੀ ਜਾਂਦੀ ਹੈ। ਡਾਲਰਾਂ ਦੀ ਕੀਮਤ ਪੈਸਿਆਂ ਦੇ ਵਿੱਚ ਜ਼ਿਆਦਾ ਨਿਕਲ ਕੇ ਆਉਂਦੀ ਹੈ। ਪਰਵਾਸ ਦੇ ਵਿੱਚ ਕਾਮਿਆਂ ਦੀ ਲੋੜ ਹੁੰਦੀ ਹੈ। ਕਾਮੇ ਘੱਟ ਤਨਖਾਹ ਉੱਤੇ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਪੰਜਾਬ ਦੇ ਵਿੱਚ ਸਮੇਂ ਦੇ ਬੀਤਣ ਨਾਲ ਹਾਲਤ ਜ਼ਰੂਰ ਬਦਲ ਗਏ ਹਨ ਪਰੰਤੂ ਲੋੜਾਂ ਦੀ ਸਥਿਤੀ ਜਿਉਂ ਦੀ ਤਿਉ ਬਰਕਰਾਰ ਹੈ। ਡਾ. ਐਸ. ਪੀ. ਸਿੰਘ ਦੀ ਧਾਰਨਾ ਅਨੁਸਾਰ, ‘ਪਰਾਈਆਂ ਧਰਤੀਆਂ ’ਤੇ ਰੁਜ਼ਗਾਰ ਦੀ ਤਲਾਸ਼ ਜਾਂ ਵਧੇਰੇ ਆਰਥਕ ਵਸੀਲਿਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿਚ ਅਸਥਾਈ ਤੌਰ ਤੇ ਵਿਚਰਨ ਵਾਲੇ ਵਿਅਕਤੀਆਂ ਨੂੰ ਪਰਵਾਸੀ ਦਾ ਨਾਮ ਦਿੱਤਾ ਜਾਂਦਾ ਹੈ।” (ਪਰਵਾਸੀ ਚੇਤਨਾ ਦਾ ਭਾਸ਼ਾਈ ਪ੍ਰਵਚਨ 1)

ਪਰਵਾਸ ਧਾਰਨ ਕਰਨ ਦੇ ਲਈ ਸਿੱਖਿਆ ਅਹਿਮ ਮਾਧਿਅਮ ਬਣਦਾ ਜਾ ਰਿਹਾ ਹੈ। ਵਿਦਿਆਰਥੀ ਦਾ ਬਾਹਰਲੇ ਦੇਸ਼ਾਂ ਦੇ ਵਿੱਚ ਰੁਝਾਨ ਹੋ ਜਾਣ ਕਾਰਨ, ਯੂਨੀਵਰਸਿਟੀਆਂ ਤੇ ਕਾਲਜਾਂ ਦੇ ਵਿੱਚੋਂ ਗਿਣਤੀ ਘੱਟਦੀ ਜਾ ਰਹੀ ਹੈ। ਪ੍ਰੋ.ਆਰ. ਕੇ ਉੱਪਲ ਦੇ ਅਨੁਸਾਰ, “ਪੰਜਾਬ ਦੇ ਵਿੱਚ ਇਹ ਰੁਝਾਨ ਸਭ ਤੋਂ ਵੱਧ ਅਤੇ ਤੇਜ਼ੀ ਨਾਲ ਵਧ ਰਿਹਾ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਦਾਖਲੇ ਵਧਾਉਣ ਲਈ ਤਰੀਕਾ ਬਦਲਿਆ

ਪਰ ਬਾਹਰ ਜਾਣ ਵਾਲੇ ਵਿਦਿਆਰਥੀਆਂ ਦੀ ਭੀੜ ਵਧ ਰਹੀ ਹੈ ਅਤੇ ਕਾਲਜ ਯੂਨੀਵਰਸਿਟੀਆਂ ਬੰਦ ਹੋਣ ਲੱਗ ਪਈਆਂ ਹਨ। ਬਹੁਤ ਸਾਰੀਆਂ ਪ੍ਰਾਈਵੇਟ ਮੈਨਜਮੈਟਾਂ ਨੇ ਕਾਲਜ ਬੰਦ ਕਰਨੇ ਸ਼ੁਰੂ ਕਰ ਦਿੱਤੇ ਹਨ।" (ਸਿੱਖਿਆ ਪ੍ਰਣਾਲੀ 'ਸਵਾਲੀਆ ਨਿਸ਼ਾਨ ਹੈ ਪਰਵਾਸ ਉਡਾਰੀ ਦਾ ਰੁਝਾਨ . ਪੰਜਾਬੀ ਟ੍ਰਿਬਿਊਨ)

ਪੰਜਾਬ ਦੇ ਵਿੱਚ ਬਾਹਰਲੇ ਦੇਸ਼ਾਂ ਦੇ ਵਿੱਚ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਬਣ ਗਿਆ ਹੈ। ਅੱਜ ਦੇ ਸਮੇਂ ਦੇ ਵਿੱਚ ਬਾਰ੍ਹਵੀਂ ਜਮਾਤ ਦਾ ਵਿਦਿਆਰਥੀ ਦਾ ਸੁਫਨਾ ਬਾਹਰ ਜਾ ਕੇ ਪੜ੍ਹਨ ਦਾ ਹੈ। ਮਾਂ-ਬਾਪ ਵੀ ਆਪਣੇ ਬੱਚੇ ਦੀ ਅਗਲੇਰੀ ਪੜ੍ਹਾਈ ਲਈ ਪਹਿਲਾਂ ਹੀ ਵਿਦੇਸ਼ ਦਾ ਸੋਚ ਲੈਂਦੇ ਹਨ। ਪੰਜਾਬ ਦੇ ਸਾਰੇ ਦੇ ਸਾਰੇ ਕਾਲਜ ਖਾਲੀ ਹੁੰਦੇ ਜਾ ਰਹੇ ਹਨ। ਪੰਜਾਬ ਦੇ ਵਿੱਚ ਕਾਲਜਾਂ ਦੇ ਬਰਾਬਰ ਆਈਲੈਟਸ ਸੈਂਟਰ ਖੋਲ੍ਹੇ ਹੋਏ ਮਿਲ ਜਾਣਗੇ। ਇਹਨਾਂ ਦੀ ਜਾਣਕਾਰੀ ਟੀ.ਵੀ ਉੱਤੇ ਅਤੇ ਥਾਂ-ਥਾਂ ਲੱਗੇ ਹੋਏ ਇਸ਼ਤਿਹਾਰਾਂ ਦੇ ਰਾਹੀਂ ਮਿਲ ਜਾਂਦੀ ਹੈ। ਜਦੋਂ ਇਹਨਾਂ ਦਾ ਪ੍ਰਚਾਰ ਹੀ ਟੀ.ਵੀ ਦੇ ਰਾਹੀਂ ਹੋਣ ਲੱਗ ਪਏ ਤਾਂ ਹਰ ਇੱਕ ਇਨਸਾਨ ਦੀ ਖਿੱਚ ਦਾ ਕਾਰਨ ਬਣਨਾ ਸੌਖਾ ਹੋ ਜਾਂਦਾ ਹੈ। ਪੰਜਾਬੀਆਂ ਦੇ ਵਿੱਚ ਪਹਿਲਾਂ ਹੀ ਪਰਵਾਸ ਦਾ ਸ਼ੋਕ ਰਿਹਾ ਹੈ। ਇਹ ਸ਼ੌਕ ਦਿਨ ਬ-ਦਿਨ ਵੱਧਦਾ ਜਾ ਰਿਹਾ ਹੈ। ਇਸ ਦੇ ਵੀ ਦੋ ਕਾਰਨ ਹਨ। ਇੱਕ ਪੰਜਾਬ ਦਾ ਨੌਜਵਾਨ ਪੜ੍ਹਿਆ- ਲਿਖਿਆ ਹੈ। ਦੂਸਰਾ ਨੌਜਵਾਨ ਬੇਰੁਜ਼ਗਾਰ ਹਨ। ਇਹੀ ਦੋ ਕਾਰਨ ਉਹਨਾਂ ਨੂੰ ਵਿਦੇਸ਼ੀ ਧਰਤੀ ਵੱਲ ਰੁੱਖ ਕਰਨ ਦੇ ਲਈ ਮਜ਼ਬੂਰ ਕਰਦੇ ਹਨ। ਪੰਜਾਬ ਦੇ ਵਿੱਚ ਅਣਗਿਣਤ ਨੌਜਵਾਨ ਬੇਕਾਰ ਬੈਠੇ ਹਨ। ਚੰਗੇਰੇ ਭੱਵਿਖ ਦੀ ਤਲਾਸ਼ ਦੇ ਵਿੱਚ ਬਾਹਰਲੀ ਧਰਤੀ ਦੇ ਵੱਲ ਮੂੰਹ ਕਰਦੇ ਹਨ। ਗੁਰਮੀਤ ਸਿੰਘ ਪਲਾਹੀ ਦੇ ਅਨੁਸਾਰ, "ਪੰਜਾਬੀਆਂ ਦੇ ਵਿਦੇਸ਼ ਜਾਣ ਦਾ ਰੁਝਾਨ ਦੁਆਬੇ ਤੱਕ ਸੀਮਿਤ ਨਹੀ ਰਿਹਾ।ਹੁਣ ਪੂਰਾ ਪੰਜਾਬ ਇਸ ਰੁਝਾਨ ਦੀ ਲਪੇਟ ਵਿਚ ਹੈ। ਸ਼ਹਿਰੀ ਕੀ, ਪੇਂਡੂ ਕੀ, ਉੱਚਿਆਂ ਘਰਾਂ ਵਾਲੇ ਕੀ, ਦਰਮਿਆਨੇ ਵਰਗਾਂ ਵਾਲੇ ਕੀ, ਹੁਣ ਤਾਂ ਸਧਾਰਨ ਕਾਮਿਆਂ ਦੇ ਪੁੱਤਰ-ਧੀਆਂ ਵੀ ਅੰਗਰੇਜ਼ੀ ਦਾ ਇਮਤਿਹਾਨ ਆਈਲੈਟਸ ਪਾਸ ਕਰ ਕੇ ਵਿਦੇਸ਼ਾਂ ਵੱਲ ਉਡਾਰੀ ਮਾਰਨ ਦੇ ਜੁਗਾੜ ਵਿਚ ਹਨ। ਕੋਈ ਆਪਣਾ ਬੈਂਕ ਖਾਤਾ ਖਾਲੀ ਕਰ ਰਿਹਾ ਹੈ, ਇਸ ਕੰਮ ਵਾਸਤੇ ਕੋਈ ਆਪਣੀ ਜ਼ਮੀਨ ਗਹਿਣੇ ਰੱਖ ਰਿਹਾ ਅਤੇ ਆਮ ਬੰਦਾ ਆਪਣਾ ਘਰ ਬੈਂਕ ਕੋਲ ਗਹਿਣੇ ਧਰ ਵਿਦੇਸ਼ ਜਾਣ ਜੋਗੇ ਪੈਸੇ ਹੋ ਜਾਣ, ਬਾਕੀ ਕਾਕਾ/ਕਾਕੀ ਆਪੇ ਜਾ ਕੇ ਵਿਦੇਸ਼ੀ ਦਰਖਤਾਂ ਤੋਂ ਤੋੜ ਲੈਣਗੇ।" (ਨੌਜਵਾਨ ਦੇ ਪਰਵਾਸ ਕਾਰਨ ਪੰਜਾਬ ਸਭਿਆਚਾਰਕ ਸੰਕਟ ਦਾ ਸ਼ਿਕਾਰ.ਪੰਜਾਬੀ ਟ੍ਰਿਬਿਊਨ )

ਪੰਜਾਬ ਦੇ ਵਿੱਚ ਰੋਜ਼ ਅਣਗਿਣਤ ਨੌਜਵਾਨ ਆਈਲੈਟਸ ਪਾਸ ਕਰ ਰਹੇ ਹਨ। ਹਰ ਦਿਨ ਉਹਨਾਂ ਦੇ ਵਿੱਚੋਂ ਕੋਈ ਨਾ ਕੋਈ ਆਪਣੇ ਸੁਪਿਨਆਂ ਨੂੰ ਪੰਖ ਲਗਾ ਰਿਹਾ ਹੈ। ਇਵੇਂ ਮਹਿਸੂਸ ਹੁੰਦਾ ਹੈ ਕਿ ਇੱਕ ਦਿਨ ਪੰਜਾਬ ਪੂਰਾ ਹੀ ਖਾਲੀ ਹੋ ਜਾਵੇਗਾ। ਪੰਜਾਬ ਦੇ ਹਰ ਛੋਟੇ ਤੇ ਵੱਡੇ ਸ਼ਹਿਰ ਦੇ ਵਿੱਚ ਆਈਲੈਟਸ ਸੈਂਟਰ ਖੋਲ੍ਹੇ ਹੋਏ ਮਿਲ ਜਾਣਗੇ। ਇੱਥੇ ਆਈਲੈਟਸ ਕਰਨ ਦੀ ਸਿੱਖਿਆ ਦਿੱਤੀ ਜਾਦੀ ਹੈ। ਇਹ ਸੈਂਟਰ ਆਈਲੈਟਸ ਦੀ ਕਲਾਸਾਂ ਦੇ ਲਈ ਚੰਗੀ ਫੀਸ ਰੱਖਦੇ ਹਨ। ਛੋਟੀਆਂ ਦੁਕਾਨਾਂ ਦੇ ਰੂਪ ਵਿੱਚ ਆਈਲੈਟਸ ਸੈਂਟਰ ਖੋਲ਼ੇ ਗਏ ਹਨ। ਇਹਨਾਂ ਸੈਂਟਰਾਂ ਦੇ ਵਿੱਚ ਵਿਦਿਆਰਥੀ ਭਾਵੇਂ ਉਹ ਬਾਰ੍ਹਵੀ ਜਮਾਤ ਦਾ ਵਿਦਿਆਰਥੀ ਹੋਵੇ ਜਾਂ ਵੱਡੀ ਕਲਾਸ ਦਾ ਵਿਦਿਆਰਥੀ, ਛੇ, ਸਾਢੇ ਛੇ, ਸੱਤ, ਸਾਢੇ ਸੱਤ ਨੰਬਰ ਲੈਣ ਲਈ ਵੱਡੀ ਤੋ ਵੱਡੀ ਕੀਮਤ ਦੇਣ ਲਈ ਤਿਆਰ ਰਹਿੰਦੇ ਹਨ। ਉਹਨਾਂ ਦਾ ਮਕਸਦ ਹਰ ਹੀਲੇ ਬਾਹਰਲੀਆਂ ਧਰਤੀਆਂ ਉੱਤੇ ਕਦਮ ਰੱਖਣਾ ਹੁੰਦਾ ਹੈ। ਇਸ ਤੋਂ ਜ਼ਿਆਦਾ ਲੁੱਟ ਅੰਬੈਸੀਆਂ ਵੱਲੋਂ ਵੀਜ਼ਾ ਫੀਸ ਦੇ ਵੱਧਦੇ ਰੂਪ ਵਿੱਚ ਦੇਖੀ ਜਾ ਸਕਦੀ ਹੇ। ਸਰਕਾਰ ਵੱਲੋਂ ਇਹਨਾਂ ਦੀ ਫੀਸ ਨਿਸਚਿਤ ਨਹੀ ਕੀਤੀ ਗਈ ਹੈ। ਟਰੈਵੱਲ ਏਜੰਟ ਵੀ ਠੱਗੀ ਮਾਰਨ ਨੂੰ ਤਿਆਰ ਰਹਿੰਦੇ ਹਨ। ਹਰ ਕੰਮ ਦੀ ਵੱਖੋ-ਵੱਖਰੀ ਫੀਸ ਨਿਸਚਿਤ ਕੀਤੀ ਗਈ ਹੈ ਭਾਵੇ ਉਹ ਫਾਈਲ਼ ਲਗਾਉਣ, ਵੀਜ਼ਾ ਦੀ ਫੀਸ ਅਲੱਗ ਆਦਿ। ਇਸ ਸੰਬੰਧੀ ਮੋਹਨ ਗਿੱਲ ਨਾਲ ਹੋਈ ਮੁਲਾਕਾਤ ਦੇ ਵਿੱਚੋਂ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ," ਆਈਲੈਟਸ ਰੁਝਾਨ ਦੇ ਤੌਰ ਤੇ ਮਜ਼ਬੂਰੀ ਬਣ ਚੁੱਕੀ ਹੈ, ਜਿਹੜੇ ਬਾਹਰ ਆਉਣਾ ਚਾਹੁੰਦੇ ਹਨ। ਉਹਨਾਂ ਲਈ ਮਾਪਦੰਡ ਬਣ ਚੁੱਕਿਆ ਹੈ। ਉਸਦੇ ਲਈ % ਨੰਬਰ ਲੈਂਦੇ ਹਨ ਤਾਂ ਉਹ ਆਪਣਾ ਸੁਪਨਾ ਪੂਰਾ ਕਰ ਪਾਉਂਦੇ ਹਨ। ਆਈਲੈਟਸ ਦਾ ਆਪਣਾ ਫਾਇਦਾ ਹੈ, ਤੁਸੀ ਇੱਥੇ ਆਣ ਕੇ ਕੋਈ ਕੋਰਸ ਕਰਨੇ ਹਨ, ਉਸ ਦਾ ਮਾਪਦੰਡ ਇਹੀ ਹੁੰਦਾ ਹੈ। ਇਹ ਰੁਝਾਨ ਇੱਕ ਮਜ਼ਬੂਰੀ ਹੈ ਨੌਕਰੀ ਲੈਣ ਲਈ ਜਾਂ ਚੰਗੇਰੇ ਭੱਵਿਖ ਦੇ ਲਈ।" (*ਚਿੰਤਕ)*

ਜਿਸ ਦਾ ਅਸਰ ਪੰਜਾਬ ਦੇ ਵਿੱਚ ਖੁੱਲ੍ਹੇ ਕਾਲਜਾਂ ਉੱਤੇ ਪੈ ਰਿਹਾ ਹੈ। ਇਹਨਾਂ ਕਾਲਜਾਂ ਦੀਆਂ ਸੀਟਾਂ ਪੂਰੀਆਂ ਨਹੀ ਹੁੰਦੀਆਂ। ਉੱਥੇ ਪੜ੍ਹਾਉਣ ਵਾਲੇ ਅਧਿਆਪਕਾਂ ਦੀਆਂ ਤਨਖਾਹ ਵੀ ਨਹੀ ਦੇ ਪਾਉਂਦੇ ਹਨ। ਬਹੁਤ ਵਾਰੀ ਅਧਿਆਪਕ ਕਾਲਜਾਂ ਦੇ ਵਿੱਚੋਂ ਕੱਢੇ ਵੀ ਜਾਂਦੇ ਹਨ।ਜਿਸ ਦਾ ਕਾਰਨ ਵਿਦਿਆਰਥੀਆਂ ਦੀ ਘੱਟ ਗਿਣਤੀ ਹੁੰਦੀ ਹੈ। ਪੰਜਾਬ ਦੇ ਸਾਰੇ ਹੀ ਕਾਲਜ ਬੰਦ ਹੋਣ ਦੇ ਕਿਨਾਰੇ ਖੜ੍ਹੇ ਹਨ। ਇਹ ਵੀ ਖਦਸ਼ਾ ਹੋ

ਸਕਦਾ ਹੈ ਕਿ ਪੰਜਾਬ ਦੇ ਵਿੱਚ ਕੁਝ ਹੀ ਕਾਲਜ ਰਹਿ ਜਾਣ, ਕਿਉਂਕਿ ਪੰਜਾਬ ਦੇ ਵਿੱਚੋਂ ਸਾਰੇ ਵਿਦਿਆਰਥੀ ਸਿੱਖਿਆ ਦੇ ਲਈ ਦੂਸਰੇ ਦੇਸ਼ਾਂ ਦੇ ਵਿੱਚ ਚਲੇ ਜਾਣਗੇ। ਫਿਰ ਇਹ ਖਦਸ਼ਾ ਜਤਾਉਣਾ ਵੀ ਜਾਇਜ਼ ਹੀ ਹੈ।

ਪੰਜਾਬ ਦੇ ਵਿੱਚ ਸਿੱਖਿਆ ਦੇ ਖੇਤਰ ਵਿੱਚ ਕੋਚਿੰਗ ਸੈਂਟਰ ਹੀ ਕਮਾਈ ਵਾਲੇ ਰਹਿ ਗਏ ਹਨ। ਇਹਨਾਂ ਦੇ ਵਿੱਚ ਆਈਲੈਟਸ ਸੈਂਟਰ ਇੱਕ ਨੰਬਰ ਤੇ ਆਉਂਦੇ ਹਨ। ਇਹਨਾਂ ਸੈਂਟਰਾਂ ਦੇ ਵਿੱਚ ਵਿਦਿਆਰਥੀਆਂ ਦਾ ਹੜ੍ਹ ਲੱਗਾ ਰਹਿੰਦਾ ਹੈ। ਜਿਨ੍ਹਾਂ ਵਿਦਿਆਰਥੀਆਂ ਦੇ ਘੱਟ ਨੰਬਰ ਆਉਂਦੇ ਹਨ, ਉਹ ਦੁਬਾਰਾ ਕੋਚਿੰਗ ਲੈਣ ਦੇ ਵਿੱਚ ਲੱਗ ਜਾਂਦੇ ਹਨ। ਜਦੋ ਤੱਕ ਉਹਨਾਂ ਦੇ ਅੱਛੇ ਨੰਬਰ ਨਹੀ ਆ ਜਾਂਦੇ, ਉਹ ਕੋਚਿੰਗ ਦੇ ਵਿੱਚ ਹੀ ਲੱਗੇ ਰਹਿੰਦੇ ਹਨ। ਉੱਚ ਸਿੱਖਿਆ ਦੇ ਲਈ ਬਾਹਰਲੇ ਮੁਲਕਾਂ ਦੇ ਵਿੱਚ ਜਾਣਾ ਮਾੜੀ ਗੱਲ ਨਹੀ ਹੈ ਪਰੰਤੂ ਹਰ ਹੀਲੇ-ਵਸੀਲੇ ਨਾਲ ਵਿਦੇਸ਼ ਪਹੁੰਚਣਾ ਮਾੜੀ ਗੱਲ ਹੈ। "ਪਰ ਨਾਲ ਦੀ ਨਾਲ ਅਰਬਾਂ ਰੁਪਿਆ ਹਰ ਸਾਲ ਪੰਜਾਬੋਂ ਬਾਹਰ ਵੱਡੀਆਂ ਫੀਸਾਂ ਦੇ ਰੂਪ 'ਚ ਵਿਦੇਸ਼ੀ ਯੂਨੀਵਰਸਿਟੀਆਂ/ ਕਾਲਜਾਂ ਕੋਲ ਜਾ ਰਿਹਾ ਹੈ। ਪੰਜਾਬ ਜਿਹੜਾ ਪਹਿਲਾਂ ਹੀ ਆਰਥਕ ਸੰਕਟ 'ਚ ਗ੍ਰਸਿਆ ਹੋਇਆ ਹੈ। ਇਸ ਦੀ ਕਿਸਾਨੀ ਮਾਨਸਿਕ ਤੌਰ ਤੇ ਟੁੱਟ ਚੁੱਕੀ ਹੈ, ਉਸ ਉਤੇ ਸੂਬੇ ਦੇ ਮੱਧ ਵਰਗ ਪਰਿਵਾਰਾਂ ਉੱਤੇ ਨਾ ਸਹਿਣਯੋਗ ਮਾਲੀ ਬੋਝ ਹੈ। ਪਹਿਲਾਂ ਹੀ ਕਿਹਾ ਜਾਂਦਾ ਸੀ ਕਿ ਪੰਜਾਬ ਦੀ ਮੱਧ ਵਰਗੀ ਕਿਸਾਨੀ ਕਰਜ਼ੇ ਦੀ ਮਾਰ ਹੇਠਾਂ ਹੈ। "(ਗੁਰਮੀਤ ਸਿੰਘ ਪਲਾਹੀ. ਨੌਜਵਾਨਾਂ ਦੇ ਪਰਵਾਸ ਕਾਰਨ ਪੰਜਾਬ ਵਿੱਚ ਸਭਿਆਚਾਰਕ ਸੰਕਟ. ਪੰਜਾਬੀ ਟ੍ਰਿਬਿਊਨ*)*

ਮਨੁੱਖ ਆਪਣੇ ਵਿਦੇਸ਼ ਜਾਣ ਵਾਲੇ ਬੱਚੇ ਲਈ ਫੀਸ ਦਾ ਜੁਗਾੜ ਕਰ ਰਿਹਾ ਹੈ। ਇਹ ਸੋਚ ਕੇ ਕਿ ਇੱਕ ਵਾਰੀ ਦੀ ਫੀਸ ਦੇ ਕੇ ਵਿਦੇਸ਼ ਦੀ ਧਰਤੀ ਉੱਤੇ ਪਹੁੰਚ ਜਾਵੇ, ਫਿਰ ਮਿਹਨਤ ਕਰਕੇ ਆਪਣੇ ਆਪ ਕਰਜ਼ਿਆਂ ਨੂੰ ਲਾਹ ਦੇਵੇਗਾ। ਪੰਜਾਬ ਦੇ ਵਿੱਚ ਇਸ ਅਣਚਾਹੇ ਪਰਵਾਸ ਨੂੰ ਰੋਕ ਨਹੀ ਸਕਦੇ। ਸਰਕਾਰਾਂ ਨੂੰ ਨੌਜਵਾਨਾਂ ਦੇ ਚੰਗੇਰੇ ਭੱਵਿਖ ਦੇ ਲਈ ਸੋਚਣਾ ਚਾਹੀਦਾ ਹੈ। ਪੰਜਾਬ ਦੇ ਵਿੱਚ ਰੋਜ਼ਾਨਾ ਅਨੇਕਾਂ ਪਾਸਪੋਰਟ ਬਣਦੇ ਹਨ। ਇਹਨਾਂ ਦੀ ਵਧੇਰੀ ਗਿਣਤੀ ਨੌਜਵਾਨਾਂ ਦੀ ਹੈ। ਪੰਜਾਬ ਦੇ ਵਿੱਚ ਬਹੁਤ ਘੱਟ ਲੋਕ ਹਨ ਜਿਹੜੇ ਆਪਣੀ ਜਾਈ ਧਰਤੀ ਨੂੰ ਛੱਡਣ ਲਈ ਤਿਆਰ ਹਨ। ਲਕਸ਼ਮੀ ਕਾਂਤ ਚਾਵਲਾ ਦੇ ਅਨੁਸਾਰ, "ਪਹਿਲਾਂ ਨੌਜਵਾਨਾਂ ਦੇ ਵਿਦੇਸ਼ ਜਾਣ ਨੂੰ ਬਰੇਨ ਡਰੇਨ ਕਿਹਾ ਜਾਂਦਾ ਸੀ ਅਤੇ ਹੁਣ ਨਵੀਆਂ ਸਰਕਾਰਾਂ ਦੇ

ਨਵੇਂ ਨੇਤਾ ਇਸਨੂੰ ਬਰੇਨ ਗਰੇਨ ਆਖਣ ਲੱਗ ਪਏ ਹਨ। ਇਹ ਕੌਣ ਨਹੀ ਜਾਣਦਾ ਕਿ ਲੋਕ ਮਜ਼ਬੂਰੀ ਵਿਚ ਹੀ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ ਅਤੇ ਮਜ਼ਬੂਰੀ ਵਿਚ ਹੀ ਆਪਣਾ ਮੁਲਕ ਛੱਡਦੇ ਹਨ। ਜੇ ਕਿਸੇ ਨੂੰ ਇਸ ਬਾਰੇ ਪੁੱਛਿਆ ਜਾਵੇ ਤਾ ਜਵਾਬ ਮਿਲਦਾ ਹੈ ਕਿ ਇੱਥੇ ਕੀ ਰੱਖਿਆ ਹੈ, ਨੌਕਰੀ ਮਿਲਦੀ ਨਹੀ; ਰਿਸ਼ਵਤ ਅਤੇ ਭ੍ਰਿਸ਼ਟਾਚਾਰ ਵਾਧੂ ਹੈ।" (ਨੌਜਵਾਨ ਮੁਲਕ ਛੱਡਣ ਲਈ ਮਜ਼ਬੂਰ ਕਿਉਂ. ਪੰਜਾਬੀ ਟ੍ਰਿਬਿਊਨ)

ਪੰਜਾਬ ਦੇ ਨੌਜਵਾਨ ਦੀ ਸੋਚ ਸੀਮਿਤ ਹੋ ਕੇ ਰਹਿ ਗਈ ਹੈ। ਜਦੋਂ ਪੰਜਾਬ ਦੇ ਵਿੱਚ ਭੱਵਿਖ ਸੁਧਾਰਨ ਦੇ ਹਲਾਤ ਠੀਕ ਨਜ਼ਰ ਨਹੀ ਆਉਂਦੇ, ਤਾਂ ਪੰਜਾਬ ਦਾ ਹਰ ਇੱਕ ਨੌਜਵਾਨ ਬਾਹਰਲੇ ਦੇਸ਼ਾਂ ਦੇ ਵੱਲ ਭੱਜੇਗਾ। ਉਹਨਾਂ ਨੌਜਵਾਨਾਂ ਦੇ ਲਈ ਪੰਜਾਬ ਦੇ ਵਿੱਚ ਰੁਕਣਾ ਜਾਂ ਰਹਿਣ ਦਾ ਫੈਸਲਾ ਕਰਨਾ ਔਖਾ ਹੈ। ਪੰਜਾਬ ਦੇ ਨੌਜਵਾਨ ਚੰਗੇਰੇ ਨੰਬਰ ਹਾਸਿਲ ਕਰਨ ਦੇ ਬਾਵਜੂਦ ਵੀ ਰਾਖਵਾਂਕਰਨ ਦੀ ਦੌੜ ਵਿੱਚ ਲੱਗਣਾ ਪੈਂਦਾ ਹੈ। ਰਾਖਵਾਂਕਰਨ ਵਾਲੇ ਵਿਦਿਆਰਥੀ ਨੌਕਰੀ ਲੈ ਜਾਂਦੇ ਹਨ। ਮੈਡੀਕਲ ਅਤੇ ਇੰਜਨੀਅਰ ਦੀ ਪੜ੍ਹਾਈ ਲਈ ਲੱਖਾਂ ਦੀ ਡੋਨੇਸ਼ਨ ਦੇਣੀ ਪੈਂਦੀ ਹੈ। "ਠੇਕੇ ਉਤੇ ਨੌਕਰੀ ਕਰਦੇ ਨੌਜਵਾਨ ਰੈਗੂਲਰ ਹੋਣ ਦੇ ਲਈ ਤਰਸਦੇ ਰਹਿੰਦੇ ਹਨ ਅਤੇ ਆਪਣੀ ਸਾਰੀ ਜਵਾਨੀ ਮੰਗ ਪੱਤਰ ਦੇਣ ਅਤੇ ਧਰਨਾ ਪ੍ਰਦਰਸ਼ਨ ਦੇ ਵਿੱਚ ਗੁਜ਼ਾਰ ਦਿੰਦੇ ਹਨ।" (ਲਕਸ਼ਮੀ ਕਾਂਤ ਚਾਵਲਾ. ਨੌਜਵਾਨ ਮੁਲਕ ਛੱਡਣ ਲਈ ਮਜ਼ਬੂਰ ਕਿਉਂ . ਪੰਜਾਬੀ ਟ੍ਰਿਬਿਊਨ)

ਵਿਦੇਸ਼ ਵਿੱਚ ਪੜਾਈ ਕਰਨ ਦੇ ਲਈ ਆਈਲੈਟਸ ਜ਼ਰੂਰੀ ਹੈ। ਬਿਨ੍ਹਾ ਆਈਲੈਟਸ ਦੇ ਵਿਦੇਸ਼ੀ ਧਰਤੀ ਉੱਤੇ ਜਾਣਾ ਔਖਾ ਹੈ।"ਭਾਰਤ ਦੇ ਇੱਕ ਪ੍ਰਮੁੱਖ ਅਦਾਰੇ ਵੱਲੋ ਇਕ ਜਾਣਕਾਰੀ ਅਨੁਸਾਰ ਪੰਜਾਬ ਵਿਚ ਇਨ੍ਹਾਂ ਪ੍ਰੀਖਿਆ ਤੇ ਕੋਚਿੰਗ ਸੈਂਟਰਾਂ ਦੇ ਕਾਰੋਬਾਰ ਉਪਰ ਸਾਲਾਨਾ 1100 ਕਰੋੜ ਦਾ ਅੰਦਾਜ਼ਨ ਖਰਚਿਆ ਜਾਂਦਾ ਹੈ। ਕਰੀਬ 3.36 ਲੱਖ ਦੇ ਕਰੀਬ ਨੌਜਵਾਨ ਇਨ੍ਹਾਂ ਆਈਲੈਟਸ ਦੇ ਟੈਸਟ ਵਿੱਚ ਸ਼ਿਰਕਤ ਕਰਦੇ ਹਨ। ਆਈਲੈਟਸ ਇਮਤਿਹਾਨ ਫੀਸ ਦੇ ਰੂਪ ਵਿੱਚ ਸਵਾ ਚਾਰ ਅਰਬ ਤਾਰਿਆ ਜਾਂਦਾ ਹੈ। ਬ੍ਰਿਟਿਸ਼ ਕੌਂਸਲ ਅਤੇ ਆਈ.ਡੀ.ਪੀ ਦੇ ਪੰਜਾਬ ਵਿੱਚ ਤੇ ਚੰਡੀਗੜ੍ਹ ਦੇ ਵਿੱਚ ਚਾਰ ਕੇਂਦਰ ਹਨ। ਪੂਰੇ ਭਾਰਤ ਦੇ ਵਿੱਚ 40 ਕੇਂਦਰ ਹਨ। " (ਪੰਜਾਬ 'ਚ ਆਈਲੈਟਸ ਦਾ ਵੱਜ ਰਿਹਾ 'ਬੈਂਡਵਾਜਾ. ਰਛਪਾਲ ਸਿੰਘ ਗਿੱਲ. ਕੈਨੇਡੀਅਨ ਪੰਜਾਬੀ ਟਾਈਮਜ਼*)*

ਪੰਜਾਬੀਆਂ ਦਾ ਬਾਹਰਲੇ ਦੇਸ਼ ਜਾਣ ਦਾ ਫੈਸਲਾ ਮਜ਼ਬੂਰੀ ਤੋਂ ਲਿਆ ਜਾਂਦਾ ਹੈ। ਪੰਜਾਬ ਦੇ ਵਿੱਚ ਹੀ ਚੰਗੇਰੀ ਨੌਕਰੀ ਮਿਲ ਜਾਵੇ ਤਾਂ ਕੋਈ ਵੀ ਆਪਣੀ ਮਾਂ ਜਾਈ ਨੂੰ ਛੱਡ ਕੇ ਨਾ ਜਾਏ। ਪੰਜਾਬ ਦੇ ਵਿੱਚ ਬਹੁਗਿਣਤੀ ਬੀ.ਏ, ਐਮ.ਏ, ਬੀ.ਐਡ ਆਦਿ ਵਾਲੇ ਵਿਦਿਆਰਥੀ ਮਿਲ ਜਾਣਗੇ। ਜਿਨ੍ਹਾਂ ਦੇ ਕੋਲ ਯੋਗਤਾ ਦੇ ਅਨੁਸਾਰ ਪੂਰੀਆਂ ਡਿਗਰੀਆਂ ਹਨ ਪਰ ਸਰਕਾਰ ਉਹਨਾਂ ਨੂੰ ਨੌਕਰੀ ਨਹੀ ਦਿੰਦੀ। ਬਾਹਰਲੇ ਮੁਲਕਾਂ ਦੇ ਵਿੱਚ ਜਾ ਕੇ ਪੜ੍ਹਾਈ ਤੋ ਲੈ ਕੇ ਘਰ ਦੇ ਵਸੇਬੇ ਤੱਕ ਮੁੜ ਤੋਂ ਕਰਨਾ ਪੈਦਾ ਹੈ। ਅੰਦਾਜ਼ੇ ਮੁਤਾਬਕ ਪੰਜਾਬ ਤੋਂ ਲੱਖਾਂ ਵਿਦਿਆਰਥੀ ਉਚੇਰੀ ਸਿੱਖਿਆ ਦੇ ਲਈ ਬਾਹਰਲੇ ਮੁਲਕਾਂ ਦੇ ਵਿੱਚ ਆ ਚੁੱਕੇ ਹਨ। ਬਾਹਰਲੇ ਮੁਲਕਾਂ ਦੇ ਵਿੱਚ ਸਥਾਪਤ ਹੋਣਾ ਵੀ ਨਵੇਂ ਬੱਚਿਆ ਦੇ ਲਈ ਅਤਿ ਮੁਸ਼ਕਿਲ ਹੈ। ਉਨ੍ਹਾਂ ਲਈ ਫੀਸਾਂ ਵੀ ਕਈ ਗੁਣਾਂ ਵਧੇਰੇ ਹਨ। ਉਨਾਂ ਦੀ ਰਿਹਾਇਸ਼ੀ , ਕੰਮ ਕਾਜ ਭਾਵ ਨੌਕਰੀ ਲਈ ਪਹਾੜਾਂ ਜਿੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਦੂਜੇ ਮੁਲਕਾਂ ਦੇ ਕਾਨੂੰਨ ਵੀ ਅਤਿ ਸਖਤ ਹਨ। ਬਹੁਤਿਆਂ ਲਈ ਉਨਾਂ ਦੇ ਆਪਣੇ ਹੀ ਪਾਸਾ ਵੱਟ ਜਾਂਦੇ ਹਨ। ਖੈਰ ਇੱਥੇ ਆਣ ਕੇ ਵੀ ਪੜ੍ਹਾਈ ਦਾ ਮਕਸਦ ਤਾਂ ਘੱਟ ਹੀ ਹੁੰਦਾ ਹੈ। ਅਸਲ ਮਕਸਦ ਤਾਂ ਇੱਥੇ ਆਣ ਕੇ ਪਰਮਿਟ, ਪੀ. ਆਰ, ਲੈ ਕੇ ਪੱਕਾ ਹੋਣਾ ਹੁੰਦਾ ਹੈ।

ਛ) **ਇਸ਼ਤਿਹਾਰਬਾਜ਼ੀ** : ਅਜੋਕੇ ਸਮੇਂ ਦੇ ਵਿੱਚ ਵਪਾਰ ਕਰਨ ਦੇ ਅਨੇਕਾਂ ਢੰਗ ਹਨ। ਇਸ਼ਤਿਹਾਰ ਇੱਕ ਅਜਿਹਾ ਢੰਗ ਹੈ, ਜਿਸ ਦੇ ਨਾਲ ਵਪਾਰ ਨੂੰ ਸਮਾਜ ਦੇ ਵਿੱਚ ਸੌਖੇ ਹੀ ਢੰਗ ਨਾਲ ਫੈਲਾਇਆ ਜਾ ਸਕਦਾ ਹੈ। ਇਸ਼ਤਿਹਾਰ ਟੀ.ਵੀ, ਅਖ਼ਬਾਰ, ਰੇਡੀਉ ਆਦਿ ਕਿਸੇ ਵੀ ਤਰੀਕੇ ਰਾਹੀਂ ਕੀਤਾ ਜਾ ਸਕਦਾ ਹੈ। ਇਸ਼ਤਿਹਾਰ ਹਰ ਇੱਕ ਤੱਕ ਪਹੁੰਚ ਕਰਦਾ ਹੈ। ਹਰੇਕ ਵਿਅਕਤੀ ਉਹਨੂੰ ਦੇਖ ਕੇ ਪੜ੍ਹਦਾ ਹੈ। ਉਹ ਵਸਤੂ ਤੱਕ ਪਹੁੰਚ ਕਰਦਾ ਹੈ।ਵਿਗਿਆਪਨ ਰੋਜ਼ਗਾਰ ਦੇ ਮੌਕੇ ਵੀ ਦਿੰਦਾ ਹੈ। ਇਸ਼ਤਿਹਾਰ ਨੌਕਰੀਆਂ ਦੇ ਸੰਬੰਧ ਵਿੱਚ ਵੀ ਆਉਂਦੇ ਹਨ। ਵਪਾਰ ਛੋਟਾ ਹੋਵੇ ਜਾਂ ਵੱਡਾ ਉਸਦਾ ਕੰਮ ਵਿਗਿਆਪਨ ਦੇ ਸਕਦੇ ਹਨ। ਇਸ ਵਿਗਿਆਪਨ ਦੇ ਰਾਹੀਂ ਫ਼ਰੀ ਦੇ ਵਿੱਚ ਵਪਾਰ ਦਾ ਪ੍ਰਮੋਸ਼ਨ ਕੀਤਾ ਜਾ ਸਕਦਾ ਹੈ। ਵਿਗਿਆਪਨ ਇੱਕ ਕਲਾ ਹੈ, ਜਿਸ ਦੇ ਦੁਆਰਾ ਸੰਦੇਸ਼ ਦਾ ਸੰਚਾਰ ਕੀਤਾ ਜਾਂਦਾ ਹੈ। "ਆਮ ਸੰਚਾਰ ਅਤੇ ਵਿਗਿਆਪਨ ਸੰਚਾਰ ਦੇ ਵਿੱਚ ਅੰਤਰ ਕੇਵਲ ਇੰਨਾ ਹੈ ਕਿ ਇਸ ਦੇ ਜ਼ਿਆਦਾ ਸੰਦੇਸ਼ ਕਾਰੋਬਾਰ ਦੇ ਨਾਲ ਸੰਬੰਧ ਰੱਖਦੇ ਹਨ। ਜਿਸ ਦੇ ਦੁਆਰਾ ਕਾਰੋਬਾਰੀ ਕੰਪਨੀਆਂ ਆਪਣੇ ਉਤਪਾਦ ਸੰਬੰਧੀ ਜਾਣਕਾਰੀ ਘਰ ਘਰ ਤੱਕ ਪਹੁੰਚਾਉਂਦੀਆਂ ਹਨ।

ਉਹਨਾਂ ਦਾ ਉਪਦੇਸ਼ ਆਪਣੇ ਉਤਪਾਦਨ ਨੂੰ ਉਪਭੋਗਤਾਵਾਂ ਤੱਕ ਲੈ ਜਾਣਾ ਹੁੰਦਾ ਹੈ ਅਤੇ ਮੀਡੀਆ ਉਹਨਾਂ ਦੇ ਉਤਪਾਦਨ ਸੰਬੰਧੀ ਜਾਣਕਾਰੀ ਵਿਗਿਆਪਨ ਦੁਆਰਾ ਆਮ ਲੋਕਾਂ ਤੱਕ ਪਹੁੰਚਦੀ ਹੈ।" *(ਸਰਬਜੀਤ ਕੰਗਲੀਬਾਲ. ਪੱਤਰਕਾਰਿਤਾ ਸਮਾਜ ਏਬਮ ਬਾਜ਼ਾਰ 105)*

**ਜ) ਨਵੀਨ ਤਕਨੀਕ ਦੇ ਰਾਹੀਂ ਧੰਦੇ**

ਅਰਬਨ ਕੈਲਾਪ (Urban Clap )ਇਹ ਵੀ ਵਪਾਰ ਦਾ ਨਵਾਂ ਮਾਧਿਅਮ ਪੈਦਾ ਹੋਇਆ ਹੈ। ਇਸ ਦੇ ਰਾਹੀਂ ਛੋਟੇ ਤੋਂ ਛੋਟਾ ਅਤੇ ਵੱਡੇ ਤੋਂ ਵੱਡੇ ਬਿਜ਼ਨੈਸ ਨੂੰ ਵੀ ਰਜਿਸਟਰ ਕੀਤਾ ਜਾ ਸਕਦਾ ਹੈ। ਭਾਵੇਂ ਉਹ ਬਿਊਟੀ ਪਾਰਲਰ, ਜਾਂ ਕੋਈ ਹੋਰ ਕੰਮ ਹੀ ਕਿਉਂ ਨਾ ਹੋਵੇ। ਇਸ ਐਪ ਦੇ ਰਾਹੀਂ ਧੰਦਾ ਕੀਤਾ ਜਾ ਸਕਦਾ ਹੈ। ਇਹ ਉਹਨਾਂ ਲੋਕਾਂ ਦੇ ਲਈ ਵੀ ਹੈ, ਜਿਹੜੇ ਇਸ ਤੋਂ ਸਰਵਿਸਾਂ ਲੈਣਾ ਚਾਹੁੰਦੇ ਹੋਣ। ਇਸ ਕੰਪਨੀ ਦੇ ਦਫ਼ਤਰ ਵੱਖੋ ਵੱਖਰੇ ਸ਼ਹਿਰਾਂ ਦੇ ਵਿੱਚ ਮਿਲ ਜਾਣਗੇ। ਇਹ ਕੰਪਨੀਆਂ ਲੱਖਾਂ ਲੋਕਾਂ ਨੂੰ ਕਮਾਉਣ ਦਾ ਸਾਧਨ ਦੇ ਕੇ ਲੱਖਾਂ ਕਮਾ ਰਹੀਆਂ ਹਨ। ਇਸ ਦੇ ਨਾਲ ਉਹਨਾਂ ਲੋਕਾਂ ਨੂੰ ਸਹੂਲਤ ਹੋ ਗਈ ਹੈ, ਜਿਹੜੇ ਆਪਣੇ ਘਰਾਂ ਦੇ ਵਿੱਚ ਖਾਸ ਪ੍ਰਕਾਰ ਦਾ ਕੰਮ ਕਰਵਾਉਣਾ ਚਾਹੁੰਦੇ ਹੋਣ ਜਿਵੇਂ ਕਿ ਘਰ ਦੇ ਵਿੱਚ ਬਿਊਟੀ ਪਾਰਲਰ ਵਾਲੀ ਦਾ ਆ ਜਾਣਾ, ਜਾਂ ਬਿਜਲੀ ਮਕੈਨਿਕ ਆਦਿ। ਇਹ ਸਭ ਇਸ ਐਪ ਦੇ ਰਾਹੀਂ ਉਪਲੱਬਧ ਹੋ ਜਾਂਦੇ ਹਨ।

ਕਲੱਬ ਫੈਕਟਰੀ (Club Factory): ਇਸ ਦੇ ਨਿਰਮਾਤਾ ਚੀਨ ਦੇ ਰਹਿਣ ਵਾਲੇ ਹਨ। ਉਹਨਾਂ ਨੇ ਬਜ਼ਾਰ ਦੇ ਵਿੱਚ ਵਿਕਣ ਵਾਲੇ ਮਾਲ ਨੂੰ ਹੋਲਸੇਲ ਉੱਤੇ ਵੇਚਿਆ ਹੈ। ਇਸ ਦੇ ਸਮਾਨ ਨੂੰ ਵੀ ਸਿੱਧਾ ਚੀਨ ਤੋਂ ਭਾਰਤ ਦੇ ਵਿੱਚ ਵੇਚਿਆ ਜਾਂਦਾ ਹੈ। ਇਸ ਸਮਾਨ ਨੂੰ ਤੋਹਫ਼ੇ ਦੇ ਰੂਪ ਵਿੱਚ ਗ੍ਰਾਹਕਾਂ ਤੱਕ ਭੇਜਿਆ ਜਾਂਦਾ ਹੈ।

(Zomato). ਜਮੈਟੋ, ਸਵਿੱਗੀ (Swiggy) : ਇਹ ਧੰਦਾ ਇੱਕ ਨਵਾਂ ਸਾਧਨ ਹੈ। ਇਸ ਦੇ ਰਾਹੀਂ ਘਰ-ਘਰ ਜਾ ਕੇ ਖਾਣੇ ਨੂੰ ਡਲਿਵਰ ਕੀਤਾ ਜਾਂਦਾ ਹੈ। ਇੱਥੋਂ ਦੇ ਵਰਕਰਾਂ ਨੂੰ ਠੀਕ ਠੀਕ ਵੇਤਨ ਮਿਲ ਜਾਂਦਾ ਹੋਵੇਗਾ। ਇਸੇ ਹੀ ਭਾਂਤ ਦੀਆਂ ਹੋਰ ਐਪ ਵੀ ਚਾਲੂ ਹੋਈਆਂ ਹਨ ਜਿਵੇਂ ਕਿ ਓਲਾ Ola , ਊਬਰ (Uber) ਰੈੱਡ ਬੱਸ (redbus.in) ਆਦਿ। ਇਹਨਾਂ ਨੇ ਆਮ ਮਨੁੱਖ ਨੂੰ ਕਮਾਈ ਦੇ ਨਵੇਂ ਸਾਧਨ ਦਿੱਤੇ ਹਨ। ਇਹਨਾਂ ਦੇ ਰਾਹੀਂ ਘਰ ਬੈਠੇ ਹੀ ਔਨਲਾਈਨ ਆਡਰ ਬੁੱਕ ਕਰ ਦਿੱਤੇ ਜਾਂਦੇ ਹਨ ਅਤੇ ਕਿਤੇ ਜਾਣਾ ਹੋਵੇ ਫੋਨ ਤੋਂ ਹੀ ਕਾਰ ਬੁੱਕ ਕਰ ਲਈ ਜਾਂਦੀ ਹੈ।

**ਙ) ਰਵਾਇਤੀ ਖੇਤੀ ਉੱਤੇ ਮੰਡੀ ਦਾ ਪ੍ਰਭਾਵ** :- ਰਵਾਇਤੀ ਖੇਤੀ ਪਹਿਲਾਂ ਹੀ ਵਿਸ਼ਵੀਕਰਨ ਦੇ ਮਾਰੂ ਪ੍ਰਭਾਵਾਂ ਨੂੰ ਸਹਿ ਰਹੀ ਸੀ। 2020 ਜੂਨ 5 ਨੂੰ ਪਾਸ ਕੀਤੇ ਗਏ ਬਿੱਲਾਂ ਨੇ ਕਿਸਾਨਾਂ ਨੂੰ ਤੋੜ ਕੇ ਰੱਖ ਦਿੱਤਾ। ਇਹਨਾਂ ਬਿੱਲਾਂ ਦੇ ਅਨੁਸਾਰ ਕਿਸਾਨਾਂ ਦੀਆਂ ਜ਼ਮੀਨਾਂ ਨਿੱਜੀ ਨਿਵੇਸ਼ਕਾਂ ਦੇ ਹੱਥਾਂ ਦੀ ਕੱਠਪੁਤਲੀ ਬਣ ਜਾਣਗੀਆਂ। ਕਿਸਾਨਾਂ ਦੀ ਮੰਡੀ ਵਿਵਸਥਾ ਬਿਲੁਕਲ ਹੀ ਖਤਮ ਹੋ ਜਾਵੇਗੀ।ਕਿਸਾਨਾਂ ਨੂੰ ਆਪਣੀ ਫ਼ਸਲ ਨਿੱਜੀ ਨਿਵੇਸ਼ਕਾਂ ਨੂੰ ਵੇਚਣੀ ਪਵੇਗੀ, ਜਿਸ ਦਾ ਫਾਇਦਾ ਵੀ ਨਿੱਜੀ ਨਿਵੇਸ਼ਕਾਂ ਨੂੰ ਹੀ ਹੋਵੇਗਾ। ਨਿਵੇਸ਼ਕਾਂ ਵੱਲੋਂ ਨਿਸਚਿਤ ਕੀਮਤ ਹੀ ਮਿਲ ਸਕੇਗੀ। ਕੰਪਨੀਆਂ ਕਿਸਾਨਾਂ ਦੇ ਨਾਲ ਕੋਈ ਸਲਾਹ ਮਸ਼ਵਰਾ ਨਹੀ ਕਰਨਗੀਆਂ। ਕਿਸਾਨੀ ਜੀਵਨ ਸੰਬੰਧੀ ਨਜ਼ਰੀਆ ਨੂੰ ਵੱਖ ਵੱਖ ਲੇਖਕਾਂ ਦੇ ਵੱਲੋਂ ਸਾਹਿਤ ਦੀ ਵਿਭਿੰਨ ਵਿਧਾਵਾਂ ਦੇ ਵਿੱਚ ਪ੍ਰਸਤੁਤ ਕੀਤਾ ਹੋਇਆ ਮਿਲ ਜਾਂਦਾ ਹੈ। ਬਸਤੀਵਾਦੀ ਦੌਰ ਤੋ ਲੈ ਕੇ ਸਨਅਤੀ ਦੌਰ ਤੱਕ ਪਰਿਵਰਤਨ ਹੁੰਦੇ ਆਏ ਹਨ। ਬਲਦੇਵ ਸਿੰਘ ਸੜਕਨਾਮਾ, ਬਲਵੀਰ ਪਰਵਾਨਾ, ਓਮ ਪ੍ਰਕਾਸ਼ ਗਾਸੋ, ਬੂਟਾ ਸਿੰਘ ਸ਼ਾਦ, ਇੰਦਰ ਸਿੰਘ ਖ਼ਾਮੋਸ਼, ਯਾਦਵਿੰਦਰ ਸਿੰਘ, ਹਰਜੀਤ ਸ਼ਿੰਘ, ਨਛੱਤਰ ਆਦਿ ਦੀਆਂ ਰਚਨਾਵਾਂ ਦੇ ਵਿੱਚ ਕਿਸਾਨੀ ਸੰਕਟ ਨੂੰ ਦਰਪੇਸ਼ ਕੀਤਾ ਗਿਆ ਹੈ। ਪੂੰਜੀਵਾਦੀ ਕਾਰਪੋਰੇਟ ਵਿਕਾਸ ਮਾਡਲ ਨੇ ਕਿਸਾਨੀ ਜੀਵਨ ਚਾਰੇ ਪਾਸੋਂ ਸੰਕਟ ਦੇ ਵਿੱਚ ਘੇਰਿਆ ਹੋਇਆ ਹੈ। ਹਰੀ ਕ੍ਰਾਂਤੀ ਦੇ ਸਦਕਾ ਉਤਪਾਦਨ ਦੇ ਵਿੱਚ ਵਾਧਾ ਤਾਂ ਹੋਇਆ ਪਰ ਬਾਅਦ ਦੇ ਵਿੱਚ ਸਿੱਟੇ ਨਿਰਾਸ਼ਾਜਨਕ ਹੀ ਨਿਕਲੇ।

ਡਾ.ਟੀ.ਆਰ ਵਿਨੋਦ ਦੀ ਕਿਸਾਨੀ ਜੀਵਨ ਸੰਬੰਧੀ ਧਾਰਨਾ ਹੈ ਕਿ ,

> ਪੂੰਜੀਵਾਦੀ ਅਰਥ-ਵਿਵਸਥਾ ਦੇ ਵਿੱਚ ਮਨੁੱਖ ਪੁਰਾਣੇ ਸਾਧਨਾਂ ਨਾਲ ਗੁਜ਼ਾਰਾ ਨਹੀਂ ਕਰ ਸਕਦਾ। ਇਹ ਵਿਵਸਥਾ ਬਹੁ-ਸੰਖਿਆ ਦੇ ਕੋਲੋ ਰੋਜ਼ੀ-ਰੋਟੀ ਦੇ ਪੁਰਾਣੇ ਵਸੀਲੇ ਖੋਹ ਲੈਂਦੀ ਹੈ ਜਿਵੇਂ ਕਿ ਪੰਜਾਬ ਵਿੱਚ ਕਿਸਾਨੀ, ਕਾਰੀਗਰ ਅਤੇ ਕੌਮੀ ਜਮਾਤਾਂ ਨਾਲ ਪਿਛਲੇ ਡੇਢ ਕੁ ਸਾਲਾਂ ਤੋਂ ਵਾਪਰ ਰਿਹਾ ਹੈ। ਪੁਰਾਣੇ ਆਰਥਿਕ ਵਸੀਲਿਆ ਦੀ ਥਾਂ ਉੱਤੇ ਨਵੇ ਵਸੀਲੇ ਪੈਦਾ ਵੀ ਕੀਤੇ ਹਨ। ਇਹ ਵਸੀਲੇ ਨਵੇਂ ਰਿਸ਼ਤਿਆਂ ਅਤੇ ਉਹਨਾਂ ਦੇ ਅੰਨੁਸਾਰੀ ਨਵੀ ਸੰਸਕ੍ਰਿਤੀ ਨੂੰ ਜਨਮ ਦਿੰਦੇ ਹਨ, ਜਿਸ ਅਨੁਸਾਰ ਢਲਣਾ ਮਨੁੱਖ ਲਈ ਇਤਿਹਾਸਕ ਤੌਰ ‘ਤੇ ਅਨੁਵਾਰੀਏ ਹੈ।

*(ਕੁਲਵੰਤ ਸਿੰਘ ਵਿਰਕ ਇੱਕ ਅਧਿਐਨ 30)*

ਇਸ ਤੋਂ ਬਿਨ੍ਹਾਂ ਵੀ ਹੋਰ ਸਮੱਸਿਆਵਾਂ ਦੇ ਨਾਲ ਜੂਝ ਰਿਹਾ ਹੈ। ਬਹੁਤ ਸਾਰੀਆਂ ਕੰਪਨੀਆਂ ਪੰਜਾਬ ਦੇ ਵਿੱਚ ਸਥਾਪਿਤ ਹੁੰਦੀਆਂ ਰਹੀਆਂ ਹਨ। ਬਹੁਤ ਸਾਰੀਆਂ ਕੰਪਨੀਆਂ ਆਪਣੀ ਮਾਰਕੀਟਿੰਗ ਲਈ ਕਿਸਾਨੀ ਜੀਵਨ ਨੂੰ ਆਧਾਰ/ਕੁਝ ਫੈਕਟਰੀਆਂ ਦੇ ਵਿੱਚੋਂ ਨਿਕਲਦੇ ਰਸਾਇਇਕ ਸਿੱਧੇ ਰੂਪ ਵਿੱਚ ਉਪਜਾਊ ਜਮੀਨ/ਪਾਣੀ ਨੂੰ ਖ਼ਰਾਬ ਕਰ ਰਹੇ ਹਨ। ਜਿਨ੍ਹਾਂ ਦੀ ਪੇਸ਼ਕਾਰੀ ਵੱਖ-ਵੱਖ ਵਿਦਵਾਨਾਂ ਦੀਆ ਰਚਨਾਵਾਂ ਵਿੱਚ ਪ੍ਰਸਤੁਤੀ ਮਿਲਦੀ ਹੈ।

ਕਿਸਾਨੀ ਜੀਵਨ ਔਖਾ ਅਤੇ ਸੰਕਟਾਂ ਨਾਲ ਭਰਪੂਰ ਹੈ। ਦਿਨ ਦੀ ਸ਼ੁਰੂਆਤ ਤੋਂ ਲੈ ਕੇ ਸੂਰਜ ਛੁਪਣ ਤੱਕ ਕਿਸਾਨ ਖੇਤਾਂ ਦੇ ਵਿੱਚ ਬਤੀਤ ਕਰਦਾ ਹੈ। ਕਿਸਾਨ ਦੇ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਫ਼ਸਲ ਠੀਕ ਨਾ ਹੋਣਾ, ਫ਼ਸਲ ਨੂੰ ਬਿਮਾਰੀ ਲੱਗ ਜਾਣਾ, ਫ਼ਸਲ ਦੇ ਉੱਤੇ ਮੌਸਮ ਦਾ ਅਸਰ ਹੋਣਾ, ਕਰਜ਼ੇ ਲੈ ਕੇ ਮਹਿੰਗੇ ਸੰਦ ਖਰੀਦਣਾ, ਮਹਿੰਗੇ ਕੀਟਨਾਸ਼ਕ ਦੀ ਵਰਤੋਂ ਕਰਨੀ ਆਦਿ ਰੋਜ਼ਮਰਾ ਦੀਆਂ ਸਮੱਸਿਆਵਾਂ ਹਨ। ਬਲਵੀਰ ਪਰਵਾਨਾ ਦੇ ਨਾਵਲ ਵਿੱਚ ਕਿਸਾਨੀ ਕਰਜ਼ੇ ਨੂੰ ਸਧਾਰਨ ਲਫ਼ਜ਼ਾਂ ਵਿੱਚ ਬਿਆਨ ਹੋਇਆ ਮਿਲਦਾ ਹੈ ਕਿ,

> ਸਭ ਤੋਂ ਮਾੜਾ ਹਾਲ ਉਹਨਾਂ ਗਰੀਬ ਕਿਸਾਨਾਂ ਦਾ ਸੀ ਜਿਨ੍ਹਾਂ ਦੀ ਜ਼ਮੀਨ ਦੋ-ਦੋ ਤਿੰਨ ਤਿੰਨ ਥਾਵਾਂ ’ਤੇ ਥੋੜੀਂ ਖੰਡੀ ਹੋਈ ਸੀ। ਕਿਤੇ ਚਾਰ ਕਨਾਲਾਂ,ਕਿਤੇ ਛੇ ਕਨਾਲਾਂ, ਕਿਤੇ ਕਿੱਲੇ। ਉਹ ਔਖੇ ਸੌਖੇ ਹੋ ਕੇ ਕਿਤਿਉਂ ਕਰਜ਼ਾ ਚੁੱਕ ਕੇ ਫਾਹਾ ਲੈਂਦੇ ਤਾਂ ਵੀ ਉਹਨਾਂ ਦਾ ਇੰਨ੍ਹੈ ਪੈਸੇ ਇੱਕ ਥਾਂ ਲਾ ਕੇ, ਬਾਕੀ ਥਾਈਂ ਫਸਲ ਨੂੰ ਪਾਣੀ ਦਾ ਮਸਲਾ ਹੱਲ ਨਹੀਂ ਹੁੰਦਾ ਸੀ।

(*ਆਪਣੇ ਆਪਣੇ ਮੋਰਚੇ 11)*

ਕਿਸਾਨ ਆਪਣੀਆਂ ਜ਼ਰੂਰਤਾਂ ਪੂਰਾ ਕਰਨ ਲਈ ਕਰਜ਼ਾ ਲੈਂਦਾ ਹੈ। ਕਿਸਾਨ ਪਹਿਲਾਂ ਕਰਜ਼ਾ ਆੜ੍ਹਤੀਆਂ ਤੋਂ ਲੈਂਦਾ ਸੀ ਪਰ ਬਾਅਦ ਵਿੱਚ ਅੰਗਰੇਜ਼ਾਂ ਦੁਆਰਾ ਬੈਂਕ ਸਿਸਟਮ ਦੀ ਸ਼ੁਰੂਆਤ ਕੀਤੀ ਹੈ। ਵਰਤਮਾਨ ਸਮੇਂ ਦੇ ਵਿੱਚ ਕਿਸਾਨ ਦੀਆਂ ਸਹੂਲਤਾਂ ਦੇ ਲਈ ਵੱਖੋ-ਵੱਖਰੇ ਬੈਂਕਾਂ ਦੇ ਵਿੱਚ ਵੱਖ ਵੱਖ ਕਰਜ਼ਿਆਂ ਦੀਆਂ ਸਹੂਲਤਾਂ

ਹਨ। ਕਰਜ਼ੇ ਸਮੇਂ ਸਿਰ ਨਾ ਲਾਹ ਸਕਣ ਕਾਰਨ ਕਿਸਾਨ ਮਾਨਸਿਕ ਪ੍ਰੇਸ਼ਾਨ ਹੋ ਜਾਂਦੇ ਜਾਂ ਕਈ ਵਾਰੀ ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। " ਡਾ. ਸੁਰਿੰਦਰ ਸਿੰਘ ਸਿੱਧੂ ਦੀ ਕਿਸਾਨ ਖੁਦਕੁਸ਼ੀਆਂ ਸੰਬੰਧੀ ਧਾਰਨਾ ਉਜਾਗਰ ਹੁੰਦੀ ਹੈ ਕਿ, ਸੰਨ 1997-2007 ਵਿਚਕਾਰ ਲਗਭਗ ਇੱਕ ਲੱਖ, ਛਿਆਸੀ ਹਜ਼ਾਰ, ਨੈ ਸੌ ਛੱਤੀ) ਕਿਸਾਨ ਆਤਮ ਹੱਤਿਆਵਾਂ ਕਰ ਚੱਕੇ ਹਨ। ਇਹਨਾਂ ਆਤਮ ਹੱਤਿਆਵਾਂ ਦਾ ਕਾਰਨ ਕਿਸਾਨਾਂ ਦੇ ਸਿਰ ਕਰਜ਼ੇ ਅਤੇ ਕਰਜ਼ੇ ਨਾਲ ਸੰਬੰਧਤ ਹੋਰ ਮਸਲੇ ਹਨ।" *(ਕਿਸਾਨ ਖ਼ੁਦਕੁਸ਼ੀਆਂ 125)*

ਉਸ ਸਮੇਂ ਤੋਂ ਵਰਤਮਾਨ ਸਮੇਂ ਦੇ ਵਿੱਚ ਕਿਸਾਨੀ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ। ਕਿਸਾਨਾਂ ਦੇ ਖ਼ੁਦਕੁਸ਼ੀਆਂ ਕਰਨ ਦੇ ਆਪੋ-ਆਪਣੇ ਕਾਰਨ ਹਨ। "ਪੱਤਰਕਾਰ ਅਵਤਾਰ ਸਿੰਘ ਨੇ ਗਲੋਬ ਪੰਜਾਬ ਟੀ.ਵੀ ਦੇ ਲੇਖ ਵਿੱਚ ਕਿਹਾ ਕਿ ਕਿਸਾਨ ਖ਼ੁਦਕੁਸ਼ੀਆਂ ਬਾਰੇ ਰਾਜ ਸਰਕਾਰ ਅਤੇ ਪੰਜਾਬ ਦੀਆਂ ਕਿਸਾਨ ਯੂਨੀਅਨ ਵੱਲੋਂ ਇੱਕਤਰ ਕੀਤੇ ਡਾਟੇ ਕੁਝ ਹੋਰ ਹੀ ਕਹਿ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਸਾਲ 2016 ਨਾਲੋਂ ਸਾਲ 2017 ਅਤੇ 2019 ਵਿੱਚ ਕਿਸਾਨਾਂ ਨੇ ਸਭ ਤੋ ਵੱਧ ਖ਼ੁਦਕੁਸ਼ੀਆਂ ਕੀਤੀਆ ਹਨ। ਭਾਰਤੀ ਕਿਸਾਨ ਯੂਨੀਅਨ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਸਾਲ 2017 ਦੇ ਵਿੱਚ 370, ਸਾਲ 2018 ਦੇ ਵਿੱਚ 536 ਅਤੇ ਸਾਲ 2019 ਦੇ ਦੌਰਾਨ 501 ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕੀਤੀਆਂ ਗਈਆ ਹਨ।" *(ਕਿਸਾਨ ਖ਼ੁਦਕੁਸੀਆਂ:ਪੰਜਾਬ ਦੇ ਅੰਕੜੇ ਵਧੇ, ਕੌਮੀ ਪੱਧਰ 'ਤੇ ਘਟੇ. ਜਨਵਰੀ 16.2020 www.golbalpunjabtv)*

ਕਿਸਾਨੀ ਜੀਵਨ ਦੇ ਵਿੱਚ ਸੁਧਾਰ ਹੋਣ ਦੀ ਬਜਾਇ ਵਿਗਾੜ ਦੇ ਵਿੱਚ ਚਲਾ ਜਾ ਰਿਹਾ ਹੈ। ਕੇਂਦਰ ਸਰਕਾਰ ਦੇ ਵੱਲੋ ਖੇਤੀ ਕਾਨੂੰਨ 2020 ਦੇ ਵਿੱਚ ਪਾਸ ਕੀਤਾ ਗਿਆ ਸੀ। ਇਸ ਕਾਨੂੰਨ ਦੇ ਵਿੱਚ ਖੇਤੀ ਕਾਨੂੰਨ ਨਾਲ ਸੰਬੰਧਿਤ ਤਿੰਨ ਕਾਨੂੰਨ ਬਣਾਏ ਗਏ ਹਨ।

1. **ਜ਼ਰੂਰੀ ਵਸਤਾਂ ਸੋਧ 2020:-** ਇਸ ਕਾਨੂੰਨ ਦੇ ਵਿੱਚ ਜ਼ਰੂਰੀ ਵਸਤਾਂ ਨੂੰ ਸੂਚੀ ਦੇ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ ਜਿਵੇਂ ਕਿ ਆਲੂ, ਅਨਾਜ, ਦਾਲਾਂ, ਤੇਲ ਬੀਜ ਆਦਿ। ਉਤਪਾਦਨ, ਭੰਡਾਰਨ, ਢੁਆਈ, ਵੰਡ ਤੇ ਸਪਲਾਈ ਨਾਲ ਵਿਆਪਕ ਪੱਧਰ ਉੱਤੇ ਉਤਪਾਦਨ ਕਰਨਾ ਸੌਖਾ ਹੋ ਜਾਵੇਗਾ। ਇਸ ਦੇ ਨਾਲ ਖੇਤੀਬਾੜੀ ਖੇਤਰ ਦੇ ਵਿੱਚ ਵਿਦੇਸ਼ੀ ਨਿਵੇਸ਼ਕਾਂ ਨੂੰ ਵੀ ਆਕਰਸ਼ਿਤ ਕੀਤਾ ਜਾਵੇਗਾ।

2. **ਕਿਸਾਨੀ ਉਪਜ ਅਤੇ ਵਣਜ ਕਾਨੂੰਨ 2020** - ਇਸ ਨੂੰ ਕੇਂਦਰ ਸਰਕਾਰ ਦੇ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਕਾਨੂੰਨ ਦੇ ਕਾਰਨ ਕਿਸਾਨਾਂ ਨੂੰ ਇੱਕ ਸੁੰਤਤਰ ਮਾਹੌਲ ਮਿਲ ਸਕੇਗਾ। ਜਿਸ ਵਿੱਚ ਉਹਨਾਂ ਨੂੰ ਆਪਣੀ ਸੁਵਿਧਾ ਦੇ ਮੁਤਾਬਕ ਖੇਤੀ ਉਤਪਾਦਨ ਖਰੀਦਣ ਅਤੇ ਵੇਚਣ ਦੀ ਸੁੰਤਤਰਤਾ ਹੋਵੇਗੀ। ਕਾਨੂੰਨ ਨਾਲ ਸੂਬੇ ਅੰਦਰ ਜਾਂ ਬਾਹਰ ਦੋਵਾਂ ਥਾਵਾਂ ਉੱਤੇ ਖੇਤੀਬਾੜੀ ’ਤੇ ਖੇਤੀਬਾੜੀ ਉਤਪਾਦਾਂ ਦਾ ਵਪਾਰ ਸੌਖਾ ਹੋ ਜਾਵੇਗਾ। ਇਸ ਨਾਲ ਬਜ਼ਾਰ ਦੀ ਲਾਗਤ ਘੱਟ ਹੋਵੇਗੀ ਅਤੇ ਕਿਸਾਨਾਂ ਨੂੰ ਵਧੇਰੇ ਲਾਗਤ ਮਿਲ ਸਕੇਗੀ।

*3.* **ਕੀਮਤ ਗਾਰੰਟੀ ਅਤੇ ਖੇਤੀ ਸੇਵਾਵਾ ਸੰਬੰਧੀ ਕਿਸਾਨ ਕਾਨੂੰਨ 2020 -** ਕੇਂਦਰ ਸਰਕਾਰ ਵੱਲੋਂ ਤੀਸਰੇ ਕਾਨੂੰਨ ਨੂੰ ਮਾਨਤਾ ਦੇ ਦਿੱਤੀ ਗਈ ਹੈ। ਇਹ ਕਾਨੂੰਨ ਕਿਸਾਨਾਂ ਨੂੰ ਸੋਸ਼ਣ ਦੇ ਡਰ ਦੇ ਬਿਨ੍ਹਾਂ ਬਰਾਬਰਤਾ ਦੇ ਆਧਾਰ ਉੱਤੇ ਪ੍ਰੋਸੈੱਸਰਾ, ਥੋਕ ਵਿਕਰੇਤਾਵਾਂ, ਵੱਡੇ ਵੱਡੇ ਕਾਰੋਬਾਰੀਆਂ ਨਾਲ ਜੁੜਣ ਦੇ ਸਮਰੱਥ ਹੋਵੇਗਾ। ਇਸ ਨਾਲ ਮਾਰਕੀਟਿੰਗ ਦੀ ਲਾਗਤ ਵਿੱਚ ਕਮੀ ਆਵੇਗੀ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। *(ਕੀ ਹੈ ਖੇਤੀ ਆਰਡੀਨੈਂਸ? ਕਿਸਾਨ ਕਿਉਂ ਜਤਾ ਰਹੇ ਨੇ ਇਤਰਾਜ਼ https://jagbani.punjabkesari.in)*

ਇਸ ਸੰਬੰਧੀ ਕਿਸਾਨਾਂ ਨੇ ਪੰਜਾਬ ਦੇ ਵਿੱਚ ਲਗਾਤਾਰ ਧਰਨਾ ਲਗਾਇਆ ਅਤੇ ਪੰਜਾਬ ਤੋਂ ਧਰਨਾ ਚੱਲ ਕੇ ਦਿੱਲੀ ਦੇ ਸਿੰਘੂ ਬਾਰਡਰ ਤੱਕ ਪੁੱਜ ਚੁੱਕਾ ਹੈ। ਜੋ ਹੁਣ ਵੀ ਜਾਰੀ ਹੈ। ਇਸ ਸੰਬੰਧੀ ਪੱਤਰਕਾਰ ਅਸ਼ੋਕ ਵਰਮਾ ਨੇ ਆਪਣੇ ਲੇਖ ਦੇ ਵਿੱਚ ਕਿਹਾ ਕਿ, “ ਭਾਰਤੀ ਕਿਸਾਨ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਨੇ ਖੇਤੀ ਮੰਤਰੀ ਸਮੇਤ ਹੋਰ ਮੰਤਰੀਆਂ ਨਾਲ ਕੌਮੀ ਰਾਜਧਾਨੀ ’ਚ ਮੀਟਿੰਗ ਦੌਰਾਨ ਗੱਲ ਕਿਸੇ ਤਣ ਪੱਤਣ ਨਾ ਲੱਗਣ ’ਤੇ ਕੇਂਦਰ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਦੇ ਨਿਸ਼ਾਨੇ ਤੇ ਕਿਸਾਨ ਹੀ ਨਹੀ ਪੂਰਾ ਮੁਲਕ ਹੀ ਹੈ। ਕਿਸਾਨ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਪਾਸ ਕਰਕੇ ਪਹਿਲਾਂ ਕਿਸਾਨੀ ਮੌਤ ਦੇ ਵਾਰੰਟਾਂ ’ਤੇ ਦਸਤਖਤ ਕੀਤੇ ਹਨ ਅਤੇ ਕਾਨੂੰਨ ਰੱਦ ਨਾ ਕਰਕੇ ਅਰਥਚਾਰੇ ਨੂੰ ਤਬਾਹ ਕਰਨ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆ ਹਨ। ਉਹਨਾਂ ਨੇ ਸਪੱਸ਼ਟ ਕੀਤਾ ਕਿ ਖੇਤੀ ਕਾਨੂੰਨ ਵਾਪਸ

ਕਰਵਾਉਣ ਲਈ ਹਰ ਪੱਧਰ ਤੇ ਲੜਾਈ ਲੜੀ ਜਾਵੇਗੀ ਅਤੇ ਕਿਸਾਨ ਬਿਨ੍ਹਾਂ ਪ੍ਰਾਪਤੀ ਦੇ ਘਰਾਂ ਨੂੰ ਨਹੀ ਪਰਤਣਗੇ।" *(ਭਾਰਤੀ ਕਿਸਾਨ ਯੂਨੀਅਨ ਵੀ ਦਿੱਲੀ ਮੋਰਚੇ ਵਿੱਚ ਸ਼ਾਮਿਲ. 2 ਦਸੰਬਰ 2020. www.babushahi.com)*

ਇਸ ਸੰਬੰਧੀ ਦਰਦ ਨੂੰ ਹਰਭਜਨ ਹੁੰਦਲ ਦੀ ਕਵਿਤਾ ਪਿੰਡ ਨੂੰ ਸੰਬੋਧਨ ਵਿੱਚ ਖਪਤਵਾਦੀ ਵਤੀਰੇ ਦੀ ਇੱਕ ਝਲਕ ਮਿਲਦੀ ਹੈ,

ਮੇਰੇ ਪਿੰਡ!
ਮਕਈ ਦੇ ਫੁੱਲਿਆਂ ਵਾਂਗ ਖਿੜਦੇ/ਤੇਰੇ ਹਾਸੇ ਨੂੰ
ਕਿਹੜਾ ਸੱਪ ਸੁੰਘ ਗਿਆ ਹੈ?
ਤੇਰੇ ਸੁਹਾਗ ਤੇ ਘੋੜੀਆਂ ਦੇ ਗਲੇ ਵਿੱਚ
ਕੌਣ ਸੂਲਾਂ ਖਭੋ ਗਿਆ ਹੈ?
ਗਲਵਕੜੀ ਵਾਂਗ ਖੁੱਲ੍ਹਦੇ ਦਰਾਂ ਨੂੰ
ਕੌਣ ਅੰਦਰੋ ਕੁੰਡੇ ਲਾ ਗਿਆ ਹੈ?
ਹਰ ਸੁਪਨੇ ਨੂੰ ਕੌਣ ਤਪਦੇ ਕੜਾਹੇ ਵਾਂਗ
ਤਾਅ ਗਿਆ ਹੈ?
ਕੌਣ ਲੱਗਿਆ ਨੂੰ/ਉਬਲਦੀ ਦੇਗ਼ ਵਿੱਚ ਪਾ ਗਿਆ ਹੈ?
ਸੁਹਲ ਸੱਧਰਾਂ ਦੀ ਫੁਲਕਾਰੀ ਨੂੰ
ਕੌਣ ਤੀਲ੍ਹੀ ਲਾ ਗਿਆ ਹੈ?

*(ਰੰਗਾਂ ਦੀ ਵੇਦਨਾ 91)*

ਕਿਸਾਨੀ ਜੀਵਨ ਲਗਾਤਾਰ ਨਿਘਾਰ ਦੀ ਸਥਿਤੀ ਵੱਲ ਜਾ ਰਿਹਾ ਹੈ। ਕਿਸਾਨ ਖ਼ੁਦਕੁਸ਼ੀਆਂ ਜਾਂ ਮਹਿੰਗੇ ਕੀਟਸ਼ਾਨਕ ਦਵਾਈਆਂ ਨਾ ਖ੍ਰੀਦ ਪਾਉਣ, ਫਸਲ ਦਾ ਸਹੀ ਮੁੱਲ ਨਾ ਪ੍ਰਾਪਤ ਕਰ ਪਾਉਣਾ ਆਦਿ

ਮੁਸ਼ਕਿਲਾਂ ਨੂੰ ਸਹਿ ਰਿਹਾ ਹੈ ਜਾਂ ਜੀਵਨ ਦੀ ਗੱਡੀ ਨਾ ਤੋਰ ਸਕਣ ਕਰਕੇ ਜ਼ਮੀਨਾਂ ਕੰਪਨੀਆਂ ਨੂੰ ਵੇਚੀਆਂ ਜਾ ਰਹੀਆ ਹਨ। ਕਿਸਾਨ ਅੰਦੋਲਨ ਸੰਬੰਧੀ ਵੱਖ –ਵੱਖ ਵਿਦਵਾਨਾਂ ਦੀਆਂ ਆਪੋ-ਆਪਣੀਆਂ ਧਾਰਨਾਵਾਂ ਹਨ। ਕੋਈ ਸਰਕਾਰ ਦੇ ਹੱਕ ਵਿੱਚ ਗੱਲ ਕਰਦੇ ਹਨ ਅਤੇ ਕੋਈ ਕਿਸਾਨ ਦੇ ਹੱਕ ਵਿੱਚ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਬਾਬੂਸ਼ਾਹੀ ਦੇ ਸੰਪਾਦਕ ਬਲਜੀਤ ਬੱਲੀ ਲਿਖਦੇ ਹਨ ਕਿ, ਮੇਰੇ ਵਰਗੇ ਅਜਿਹੇ ਵੀ ਲੱਖਾਂ ਨੇ ਜਿਹੜੇ ਅਗਲੇ ਮਹੀਨੇ ਇਸ ਨੂੰ ਛੱਡਣ ਬਾਰੇ ਸੋਚ ਰਹੇ ਸੀ, ਲੋਕਾਂ ਦੇ ਦਬਾਅ ਅੱਗੇ ਹੀ ਇੱਕ ਵਾਰ ਵੱਟਸਐਪ ਨੂੰ ਝੁਕਣਾ ਪਿਆ। ਅਜਿਹੀ ਮਿਸਾਲ ਤਾਂ ਤਾਜ਼ਾ ਮੋਰਚੇ ਦੀ ਹੈ, ਇਹ ਲੋਕ ਤਾਕਤ ਦਾ ਹੀ ਕਮਾਲ ਹੈ ਕਿ ਦਿੱਲੀ ਬਾਰਡਰ ਤੇ ਕਿਸਾਨ ਮੋਰਚੇ ਵਿੱਚ ਸ਼ਾਮਿਲ ਲੱਖਾਂ ਲੋਕਾਂ ਲਈ ਕਿਸੇ ਵੀ ਚੀਜ਼ ਦੀ ਕਮੀ ਨਹੀਂ.... ਭੰਡਾਰ ਖੁੱਲ੍ਹੈ ਨੇ ਸ਼ਾਇਦ ਕੇਂਦਰ ਸਰਕਾਰ ਅਤੇ ਸੱਤਾ 'ਚ ਬੈਠੇ ਸਿਆਸਤਦਾਨ, ਆਲ੍ਹਾ ਅਫ਼ਸਰਾਂ ਤੇ ਹੋਰਨਾਂ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਜੇਕਰ ਆਮ ਲੋਕ ਕਿਸੇ ਵੀ ਲਹਿਰ ਦਾ ਧੁਰਾ ਬਣ ਜਾਣ ਤਾਂ ਫੇਰ ਸਮੁੰਦਰ ਦੀਆਂ ਛੱਲਾਂ ਵਾਂਗ ਇਸ ਨੂੰ ਰੋਕਣਾ ਮੁਸ਼ਕਿਲ ਹੋ ਜਾਂਦਾ ਹੈ। *(ਲੋਕ ਸ਼ਕਤੀ ਦਾ ਕਮਾਲ-ਮਿਸਾਲ ਤੇ ਮਿਸਾਲ. www.babushahi.com)*

ਇਹਨਾਂ ਬਿੱਲਾਂ ਸੰਬੰਧੀ ਹਰ ਇੱਕ ਦੀ ਆਪਣੀ ਆਪਣੀ ਰਾਇ ਹੈ।ਗੁਰਮੀਤ ਸਿੰਘ ਪਲਾਹੀ(ਪੱਤਰਕਾਰ ਅਤੇ ਲੇਖਕ) ਦੀ ਖੇਤੀ ਕਾਨੂੰਨ ਸੰਬੰਧੀ ਧਾਰਨਾ ਹੈ ਕਿ ਜਾਪਦਾ ਹੈ ਕਿ ਪੰਜਾਬ ਦੇ ਸਿਆਸਤਦਾਨ "ਸਿਆਸਤ" ਤੋਂ ਵਿਹਲੇ ਹੋ ਗਏ ਹਨ। ਹੁਣ ਉਹਨਾਂ ਦੇ ਕੋਲ ਕੋਈ ਕੰਮ ਨਹੀਂ ਰਿਹਾ। ਕੀ ਉਹਨਾਂ ਲਈ ਪੰਜਾਬ ਦੇ ਮੁੱਦੇ, ਮਸਲੇ ਕੋਈ ਅਹਿਮੀਅਤ ਹੀ ਨਹੀਂ ਰੱਖਦੇ? ਅੱਜ ਜਦੋਂ ਅੱਧਾ ਪੰਜਾਬ ਵਹੀਰਾਂ ਘੱਤ ਦਿੱਲੀ ਦੀਆਂ ਸਰਹੱਦਾਂ ਉੱਤੇ ਬੈਠਾ ਹੈ, ਇੱਕ ਚੌਥਾਈ ਸੜਕਾਂ ਤੇ ਤੁਰਿਆ ਫਿਰਦਾ ਹੈ, ਅਤਿ ਦੀ ਸਰਦੀ ਪਿੰਡਿਆਂ ਉੱਤੇ ਹੰਢਾਂ ਰਿਹਾ ਹੈ, ਮਾਨਸਿਕ ਤੌਰ ਤੇ ਕੇਂਦਰੀ ਹਾਕਮਾਂ ਦੀ ਬੇਰੁਖ਼ੀ ਝੱਲ ਰਿਹਾ ਹੈ, ਤਦੋਂ ਪੰਜਾਬ ਦਾ ਸਿਆਸਤਦਾਨ ਬੁੱਕਲ ਮਾਰ ਕੇ, ਘਰੀਂ ਕਿਉਂ ਬੈਠਾ ਹੈ? ਚਾਦਰ ਤਾਣ ਕੇ ਕਿਉਂ ਸੁੱਤਾ ਪਿਆ ਹੈ? ਅੱਜ ਜਦੋਂ ਦੇਸ਼ ਦਾ ਜਨ ਮਾਨਸ ਆਪਣੇ ਹੱਕ ਦੀ ਲੜਾਈ ਲੜ ਰਿਹਾ ਹੈ, ਪੰਜਾਬ ਆਪਣੀ ਹੋਂਦ ਬਚਾਉਣ ਲਈ ਪੂਰੀ ਟਿੱਲ ਲਾਈ ਬੈਠਾ ਹੈ, ਪੰਜਾਬ ਦਾ ਸਿਆਸਤਦਾਨ ਕੀ ਵੋਟਾਂ ਦੀ ਗਿਣਤੀ ਕਰਨ 'ਚ ਮਗਨ ਹੈ? ਲੋਕ

ਇਹ ਸਵਾਲ ਲਗਾਤਾਰ ਪੁੱਛਦੇ ਹਨ? ਤਿੰਨ ਕਾਲੇ ਕਾਨੂੰਨ ਸੰਬੰਧੀ ਆਰਡੀਨੈਂਸ ਜਾਰੀ ਹੋਇਆ। ਪੰਜਾਬ ਦੀ ਸਿਆਸਤ ਵਿੱਚ ਕੋਈ ਉਬਾਲ ਨਹੀਂ ਆਇਆ। ਕਿਸਾਨ ਨੇਤਾਵਾਂ ਨੇ ਆਰਡੀਨੈਂਸ ਦੀ ਅਹਿਮੀਅਤ ਸਮਝੀ, ਪਰ ਸਿਆਸਤਦਾਨਾਂ ਨੇ ਇਸਨੂੰ ਹਊ-ਪਰ੍ਹੇ ਕਰ ਰੱਖਿਆ। ਇਹੀ ਆਰਡੀਨੈਂਸ ਜਦੋਂ ਕਾਨੂੰਨ ਬਨਣ ਦੇ ਰਾਹੇ ਪਿਆ ਤਾਂ ਪੰਜਾਬ ਦੇ ਅੱਧ-ਪਚੱਧ ਸਿਆਸਤਦਾਨਾਂ ਨੇ ਇਸ ਦਾ ਵਿਰੋਧ ਕੀਤਾ। (*ਪੰਜਾਬ ਦੇ ਸਿਆਸਤਦਾਨ ਚਾਦਰ ਤਾਣ ਕੇ ਕਿਉਂ ਸੁੱਤੇ ਪਏ ਹਨ..?. www.babushahi.com*)

**ਸਿੱਟਾ :-** ਪੁਰਾਤਨ ਧੰਦੇ ਸਿਰਫ਼ ਥੋੜ੍ਹੇ ਹੀ ਰਹਿ ਗਏ ਹਨ। ਉਹਨਾਂ ਦੇ ਵਿੱਚੋਂ ਘੁਮਿਆਰ ਦਾ ਧੰਦਾ ਹੀ ਰਹਿ ਗਿਆ ਉਹਨਾਂ ਦਾ ਧੰਦਾ ਸਿਰਫ਼ ਦਿਨ-ਤਿਉਹਾਰ ਉੱਤੇ ਹੀ ਚਲਦਾ ਹੈ। ਨਵੀਨ ਧੰਦੇ ਨੇ ਮਾਨਵ ਨੂੰ ਨਵੇਂ ਮੌਕੇ ਜ਼ਰੂਰ ਪ੍ਰਦਾਨ ਕੀਤੇ ਹਨ। ਜਿਵੇਂ ਕਿ ਅਰਬਨ ਕਲੈਪ (Urban Clap) ਕਲੱਬ ਫੈਕਟਰੀ (Club Factory) ਸਵਿੱਗੀ (Swiggy). ਜਮੈਟੋ (Zomato) ਆਦਿ।

## 3.4 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਅਜੋਕੀ ਅਰਥ-ਵਿਵਸਥਾ

ਭਾਰਤ ਅਵਿਕਸਿਤ ਦੇਸ਼ਾਂ ਦੇ ਵਿੱਚੋਂ ਇੱਕ ਹੈ। ਇਹ ਲਗਾਤਾਰ ਵਿਕਾਸ ਦੀਆਂ ਪੌੜੀਆਂ ਚੜ ਰਿਹਾ ਹੈ। " ਭਾਰਤੀ ਅਰਥ-ਵਿਵਸਥਾ ਲਈ ਇੱਕ ਇਤਿਹਾਸਕ ਵਰ੍ਹਾ ਹੈ। ਘੱਟ ਵਿਕਾਸ ਉੱਚ ਮੁਦਰਾ-ਸਫ਼ੀਤੀ ਅਤੇ ਘਟਦੇ ਉਤਪਾਦਨ ਦੇ ਸਮੇਂ ਤੋਂ ਦੇਸ਼ ਨੂੰ ਕੱਢ ਕੇ ਐਨ. ਡੀ.ਏ ਨੇ ਨਾ ਕੇਵਲ ਸਾਡੇ ਸਮੂਹਕ ਅਰਥ ਵਿਵਸਥਾ ਦੇ ਬੁਨਿਆਦੀ ਤੱਤਾਂ ਨੂੰ ਮਜ਼ਬੂਤ ਕੀਤਾ, ਸਗੋਂ ਅਰਥ ਵਿਵਸਥਾ ਨੂੰ ਉਚੇਰੇ ਵਿਕਾਸ ਦੇ ਪੰਧ ਤੱਕ ਵੀ ਪਹੁੰਚਾਇਆ ਹੈ।" *( Pmindia .com )*

ਉਦਯੋਗਿਕ ਕ੍ਰਾਂਤੀ ਹੀ ਦੇਸ਼ ਨੂੰ ਅੱਗੇ ਲੈ ਕੇ ਜਾਂਦੀ ਹੈ। ਭਾਰਤ ਦੇਸ਼ ਦੇ ਵਿੱਚ ਵਿਦੇਸ਼ੀ ਅਤੇ ਘਰੇਲੂ ਕੰਪਨੀਆਂ ਆਪੋ ਆਪਣੇ ਵਿਕਾਸ ਦੇ ਰਾਹੀਂ ਦੇਸ਼ ਨੂੰ ਪ੍ਰਫੁੱਲਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਵੱਖੋ-ਵੱਖਰੇ ਦੇਸ਼ ਵੀ ਆਪਣੀ ਅਮੀਰੀ ਕਾਰਨ ਵਿਕਸਿਤ ਦੇਸ਼ ਹਨ ਜਿਵੇਂ ਅਮਰੀਕਾ, ਚੀਨ ਆਦਿ। ਭਾਰਤ ਦੇਸ਼ ਬੇਰੋਜ਼ਗਾਰੀ ਤੇ ਗਰੀਬੀ ਨਾਲ ਜੂਝ ਰਿਹਾ ਹੈ। ਦੇਸ਼ ਦੇ ਵਿਕਾਸ ਲਈ ਉਦਯੋਗ ਅਤੇ ਹੋਰ ਤਕਨੀਕਾਂ ਨੂੰ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਦਾਰੀਕਰਨ ਦੀ ਨੀਤੀ ਦੇ ਵਿਕਸਿਤ ਹੋਣ ਤੋਂ ਪਹਿਲਾਂ ਦੇਸ਼

ਦੀ ਅਰਥ- ਵਿਵਸਥਾ ਡਾਂਵਾਡੋਲ ਸੀ। ਲੋਕ ਭੁੱਖਮਰੀ ਨਾਲ ਮਰ ਰਹੇ ਸਨ। ਆਖ਼ਰਕਾਰ ਬੇਰੁਜ਼ਗਾਰੀ ਆਪਣੀ ਸਿਖ਼ਰ ਉੱਤੇ ਪੁੱਜ ਗਈ ਅਤੇ ਭਾਰਤੀ ਕਿਸਾਨ ਕਰਜ਼ਿਆਂ ਦਾ ਬੋਝ ਨਾ ਝਲਦਾ ਹੋਇਆ ਮਰਨ ਕਿਨਾਰੇ ਪੁੱਜ ਗਿਆ। ਕਿਸਾਨ ਦੇ ਪ੍ਰਤੀ ਪ੍ਰਗਤੀ ਦੀ ਸੋਚ ਪਹਿਲਾਂ ਵੀ ਮਾੜੀ ਸੀ ਤੇ ਹੁਣ ਵੀ ਮਾੜੀ ਹੈ ਜਿਸ ਦੇ ਨਾਲ ਦੇਸ਼ ਦੀ ਅਰਥ ਵਿਵਸਥਾ ਉੱਤੇ ਪ੍ਰਭਾਵ ਪੈਂਦਾ ਹੈ। ਭਾਰਤ ਦੇ ਵਿੱਚ ਅਨੇਕਾਂ ਫੈਕਟਰੀਆਂ ਖੋਲ੍ਹੀਆਂ ਗਈਆਂ ਜਿਸ ਵਿੱਚ ਅਮੀਰ ਵਰਗ ਹੋਰ ਅਮੀਰ ਹੋ ਰਿਹਾ ਸੀ। ਡਾ. ਸ.ਸ. ਛੀਨਾ ਦੀ ਧਾਰਨਾ ਹੈ ਕਿ,

> ਸਰਕਾਰ ਦੀ ਦਖ਼ਲ ਅੰਦਾਜ਼ੀ ਦਾ ਇੰਨਾ ਵੱਡਾ ਪ੍ਰਭਾਵ ਸੀ ਕਿ ਭਾਰਤ ਦੇ ਵਿੱਚ ਮਿਸ਼ਰਿਤ ਪ੍ਰਣਾਲੀ ਅਪਣਾਈ ਗਈ ਜਿਸ ਨਾਲ ਕੁਝ ਉਤਪਾਦਕ ਖ਼ੇਤਰ ਸਿਰਫ਼ ਸਰਕਾਰ ਅਧੀਨ ਰੱਖਣ ਦੀ ਵਿਵਸਥਾ ਕੀਤੀ ਗਈ, ਕੁਝ ਨਿੱਜੀ ਖੇਤਰ ਵਿੱਚ ਅਤੇ ਕੁਝ ਵਿਚ ਸਰਕਾਰ ਅਤੇ ਨਿੱਜੀ ਦੋਵੇ ਖੇਤਰਾਂ ਦੇ ਵਿੱਚ ਕੰਟਰੋਲ ਦੀ ਵਿਵਸਥਾ ਕੀਤੀ ਗਈ।

*(ਸਮਾਜਕ ਸਰੁੱਖਿਆ ਅਤੇ ਉਦਾਰੀਕਰਨ.ਪੰਜਾਬੀ ਟ੍ਰਿਬਿਊਨ)*

ਉਦਯੋਗੀਕਰਨ ਦੇ ਆਉਣ ਨਾਲ ਕੰਮਾਂ ਦੇ ਵਸੀਲਿਆਂ ਦੇ ਵਿੱਚ ਵਾਧਾ ਹੋਇਆ। ਉਦਾਰੀਕਰਨ ਦੀ ਨੀਤੀ ਨੂੰ ਅਪਣਾਉਣ ਦਾ ਫੈਸਲਾ 1991 ਈ. ਦੇ ਵਿੱਚ ਕੀਤਾ ਗਿਆ। ਉਦਾਰੀਕਰਨ ਦੀ ਨੀਤੀ ਦੇ ਅਰਥ ਸਰਕਾਰ ਦੀ ਨਾ ਮਾਤਰ ਦਖ਼ਲ ਅੰਦਾਜ਼ੀ ਤੋਂ ਹੈ। ਸਰਕਾਰ ਦੀ ਪ੍ਰਾਈਵੇਟ ਖੇਤਰਾਂ ਦੇ ਵਿੱਚ ਦਖ਼ਲ-ਅੰਦਾਜ਼ੀ ਦੇਖਣ ਨੂੰ ਨਹੀਂ ਮਿਲਦੀ ਕਿਉਂਕਿ ਭਾਰਤ ਦੇ ਬਹੁਗਿਣਤੀ ਖੇਤਰ ਹੋ ਹੀ ਪ੍ਰਾਈਵੇਟ ਗਏ ਹਨ। ਵੱਡੀਆਂ ਵੱਡੀਆਂ ਕੰਪਨੀਆਂ ਨੂੰ ਲਾਭ ਹੀ ਪ੍ਰਾਪਤ ਹੋਇਆ ਹੈ। ਦੂਸਰੇ ਪਾਸੇ ਸਧਾਰਨ ਜਨਤਾ ਆਰਥਕ ਬੋਝ ਥੱਲੇ ਦੱਬਦੀ ਜਾ ਰਹੀ ਹੈ। ਹਰ ਇੱਕ ਪਸਾਰੇ ਨੂੰ ਨਿੱਜੀਕਰਨ ਦੇ ਵੱਲ ਤੋਰਿਆ ਹੈ। ਪੱਕੀ ਨੌਕਰੀ ਦੀ ਥਾਂ ਉੱਤੇ ਠੇਕੇ ’ਤੇ ਭਰਤੀ ਕਰਨ ਦਾ ਰਿਵਾਜ਼ ਪੈਦਾ ਹੋ ਗਿਆ ਹੈ, ਉਹ ਭਾਵੇ ਮਜ਼ਦੂਰ ਵਰਗ, ਕਿਸਾਨ ਜਾਂ ਡਾਕਟਰ ਆਦਿ ਹੀ ਕਿਉਂ ਨਾ ਹੋਣ ਜਿਸ ਦੇ ਨਾਲ ਮਨੁੱਖੀ ਜੀਵਨ ਨੂੰ ਸੁਰੱਖਿਅਤ ਕਰਨ ਲਈ ਮਿਲਦੀ ਪੈਨਸ਼ਨ ਜਾਂ ਹੋਰ ਜ਼ਰੂਰੀ ਭੱਤੇ ਵੀ ਖੋਹੇ ਜਾ ਰਹੇ ਹਨ। ਉਦਾਰੀਕਰਨ ਦੀ ਨੀਤੀ ਨੇ ਸਕੂਲ ਤੋਂ ਲੈ ਕੇ ਕਾਲਜ ਤੱਕ, ਘਰੇਲੂ ਉਦਯੋਗ ਤੋਂ ਲੈ ਕੇ ਵੱਡੇ ਪੈਮਾਨੇ ਵਾਲੇ ਉਦਯੋਗਾਂ ਤੱਕ ਦਾ ਨਿੱਜੀਕਰਨ ਕਰ ਦਿੱਤਾ ਹੈ। ਇਹਨਾਂ ਦਾ ਫਾਇਦਾ ਸਿਰਫ਼ ਉੱਚ ਵਰਗ ਦੇ ਹੱਕਾਂ ਦੇ ਵਿੱਚ ਹੀ ਹੈ। ਇਸਦੇ ਉਲਟ ਆਮਦਨੀ ਦੀ ਨਾ ਬਰਾਬਰੀ ਦੇ ਵਿੱਚ ਹੋਰ

ਵਾਧਾ ਹੋਇਆ ਹੈ। ਸ਼ਹਿਰੀ ਅਤੇ ਪੇਂਡੂ ਜੀਵਨ ਆਰਥਿਕ ਮੰਦਵਾੜੇ ਨੂੰ ਸਹਿ ਰਿਹਾ ਹੈ। ਪਿੰਡਾਂ ਦਾ ਕਿਸਾਨ ਮਹਿੰਗੀ ਮਸ਼ਨੀਰੀ ਅਤੇ ਮਹਿੰਗੇ ਭਾਅ ਦੇ ਕੀਟਨਾਸ਼ਕ ਨੂੰ ਲੈਣਾ ਤੇ ਕਰਜ਼ੇ ਲਾਹੁੰਦਾ ਹੀ ਕੱਟ ਰਿਹਾ ਹੈ। ਭਾਰਤ ਦਾ ਕਿਸਾਨ ਪਹਿਲਾਂ ਨਾਲੋਂ ਵੀ ਨੀਵੇਂ ਜਾ ਰਿਹਾ ਹੈ। ਸ਼ਹਿਰੀ ਜੀਵਨ ਦੇ ਵਿੱਚ ਪ੍ਰਾਈਵੇਟ ਸੰਸਥਾਵਾਂ ਦੇ ਹੋ ਜਾਣ ਨਾਲ ਖਰਚਾ ਅਤੇ ਹੋਰ ਕੰਮਾਂ ਨੂੰ ਪੂਰਾ ਕਰਨਾ ਹੋਰ ਔਖਾ ਹੋ ਗਿਆ ਹੈ। ਜਿਵੇਂ ਕਿ ਗੈਸ ਸਿਲੰਡਰ ਰੋਜ਼ਾਨਾ ਜ਼ਰੂਰਤ ਦੀ ਵਸਤੂ ਹੈ, ਉਸ ਦੀ ਕੀਮਤ 845 ਰੁਪਏ ਹੋ ਗਈ ਪਿਛਲੇ ਦੋ ਮਹੀਨਿਆਂ ਤੋਂ ਇਸ ਦੀ ਕੀਮਤ ਵਿੱਚ 200 ਰੁਪਏ ਦਾ ਵਾਧਾ ਹੋਇਆ ਹੈ।

ਇਸ ਸੰਬੰਧੀ ਸਾਬਕਾ ਪ੍ਰਧਾਨ ਮੰਤਰੀ ਦੇ ਕਥਨ ਹੀ ਸਹੀ ਸਿੱਧ ਹੁੰਦੇ ਲੱਗਦੇ ਹਨ ਕਿ , " ਇਸ ਸਮੇਂ ਸਾਡੀ ਸਾਂਝੀ ਅਰਥ ਵਿਵਸਥਾ ਮੱਧਮ ਪੈਂਦੀ ਦਿਖਾਈ ਦੇ ਰਹੀ ਹੈ। ਜੀ.ਡੀ.ਪੀ ਦੀ ਦਰ 'ਚ ਗਿਰਾਵਟ ਆ ਰਹੀ ਹੈ। ਨਿਵੇਸ਼ ਦਰ ਸਥਿਰ ਹੈ। ਕਿਸਾਨ ਸੰਕਟ 'ਚ ਹੈ। ਬੈਂਕਿੰਗ ਪ੍ਰਣਾਲੀ ਸੰਕਟ ਦਾ ਸਾਹਮਣਾ ਕਰ ਰਹੀ ਹੈ। ਭਾਰਤ ਨੂੰ ਪੰਜ ਹਜ਼ਾਰ ਡਾਲਰ ਦੀ ਅਰਥ ਵਿਵਸਥਾ ਬਣਾਉਣ ਲਈ ਸਾਨੂੰ ਇੱਕ ਚੰਗੀ ਤਰ੍ਹਾਂ ਨਾਲ ਸੋਚੀ ਸਮਝੀ ਰਣਨੀਤੀ ਦੀ ਜ਼ਰੂਰਤ ਹੈ। "*(ਭਾਰਤੀ ਅਰਥ ਵਿਵਸਥਾ ਬਾਰੇ ਡਾ. ਮਨਮੋਹਨ ਸਿੰਘ ਦੇ ਵੱਡੇ ਖੁਲਾਸੇ http://punjabi.abplive.com/news/india/dr.manmohansingh-on-indaian- economy)*

ਅਰਥਵਿਸਥਾ ਪਹਿਲਾਂ ਹੀ ਨਿੱਜੀਕਰਨ ਅਤੇ ਉਦਾਰੀਕਰਨ ਦੀ ਮਾਰ ਨੂੰ ਝੱਲ ਰਹੀ ਸੀ ਕਿ ਦੂਸਰੀ ਮਾਰ ਕਰੋਨਾ ਮਹਾਂਮਾਰੀ ਨੇ ਮਾਰੀ। ਇਸ ਬਿਮਾਰੀ ਦੇ ਅਚਾਨਕ ਪੈਰ ਪਸਾਰਨ ਦੇ ਕਾਰਨ ਅਤੇ ਸਭ ਕੁਝ ਪੂਰਨ 'ਤੌਰ ਤੇ ਬੰਦ ਹੋਣ ਕਰਕੇ ਆਰਥਕ ਵਿਵਸਥਾ ਨੂੰ ਮਾਰ ਪਈ। ਇਸ ਦੀ ਸਿਰਫ ਉਦਯੋਗਪਤੀਆਂ ਨੂੰ ਹੀ ਨਹੀ ਸਗੋਂ ਕਿਰਤੀ ਵਰਗ ਨੂੰ ਪਈ। ਕਿਰਤੀ ਵਰਗ ਪਹਿਲਾਂ ਹੀ ਠੇਕੇ ਉੱਤੇ ਕੰਮ ਮਿਲਣ ਦੀ ਚੋਟ ਨੂੰ ਸਹਿ ਰਿਹਾ ਸੀ ਦੂਸਰਾ ਕੰਮਾਂ ਦੇ ਬੰਦ ਹੋਣ ਕਰਕੇ ਢਿੱਡ ਭਰਨ ਦਾ ਸਵਾਲ ਪੈਦਾ ਹੋ ਗਿਆ। ਪਰਵਾਸੀ ਮਜ਼ਦੂਰਾਂ ਨੇ ਪੈਦਲ ਹੀ ਆਪਣੇ ਘਰਾਂ ਨੂੰ ਨਿਕਲਣ ਦਾ ਫੈਸਲਾ ਲਿਆ ਤੇ ਜਿਸ ਦੇ ਨਤੀਜੇ ਬਹੁਤ ਹੀ ਖ਼ਤਰਨਾਕ ਸਾਬਿਤ ਹੋਏ। ਕਰੋਨਾ ਵਾਇਰਸ ਦੇ ਕਰਕੇ ਕੰਮ ਹੌਲੀ ਹੌਲੀ ਖੁਲ੍ਹ ਰਹੇ ਹਨ। ਉਹਨਾਂ ਕੰਮਾਂ ਉੱਤੇ ਵੀ ਲੋੜਵੰਦ ਕਰਮਚਾਰੀਆਂ ਨੂੰ ਹੀ ਰੱਖਿਆ ਗਿਆ ਸੀ। ਉਦਾਹਰਨ ਦੇ ਤੌਰ 'ਤੇ ਪੜ੍ਹੇ ਲਿਖੇ ਵਿਦਿਆਰਥੀ *(ਪੀ. ਐੱਚ .ਡੀ)* ਡਿਗਰੀ ਵਾਲਿਆਂ ਨੂੰ ਮਜਬੂਰੀ ਵਸ ਪਰਿਵਾਰ ਦੇ ਗੁਜ਼ਾਰੇ ਲਈ ਮਜ਼ਦੂਰੀ

ਤੱਕ ਕਰਨੀ ਪਈ। ਇਸ ਮਾੜੀ ਵਿਵਸਥਾ ਨੂੰ ਵਰਤਮਾਨ ਸਮੇਂ ਵਿੱਚ ਪੜ੍ਹੇ ਲਿਖੇ ਤੇ ਮਜ਼ਦੂਰ ਵਰਗ ਨੂੰ ਸਹਿਣਾ ਪਿਆ ਹੈ।

ਲਾਕਡਾਊਨ ਦੇ ਸਮੇਂ ਵਿੱਚ ਰਿਸ਼ਤਿਆਂ ਦੀ ਅਸਲ ਤਸਵੀਰ ਸਾਹਮਣੇ ਆਈ। ਆਪਣਿਆਂ ਨੇ ਵੀ ਆਪਣੇ ਨਾਲੋਂ ਡਰ ਨਾਲ ਪੱਲਾ ਛੁੱਡਾ ਲਿਆ ਕਿਤੇ ਇਹ ਨਾਮੁਰਾਦ ਬਿਮਾਰੀ ਉਹਨਾਂ ਨੂੰ ਨਾ ਲੱਗ ਜਾਵੇ। ਲਾਕਡਾਊਨ ਦੇ ਕਰਕੇ ਆਰਥਕ ਹਾਲਤ ਵੀ ਮਾੜੇ ਹੋਏ, ਲੋਕਾਂ ਨੂੰ ਭੁੱਖਮਰੀ, ਡਰ, ਅਸੰਤੋਖ ਦੀਆਂ ਭਾਵਨਾਵਾਂ ਸਾਹਮਣੇ ਆਈਆਂ। ਡਾ ਅਵਤਾਰ ਸਿੰਘ ਸੰਘਾ ਦੀ ਕਹਾਣੀ ਪਰਵਾਸ ਮੈਗਜ਼ੀਨ ਦੇ ਵਿੱਚ ਪ੍ਰਕਾਸ਼ਿਤ ਹੋਈ ਮਿਲਦੀ ਹੈ। "ਅਸਲ ਦੇ ਵਿੱਚ ਸਾਡੇ ਲੋਕ ਕਰੋਨਾਵਾਇਰਸ ਦੇ ਫੈਲਾਅ ਤੋਂ ਇੰਨੇ ਡਰ ਗਏ ਹਨ ਕਿ ਉਹਨਾਂ ਨੂੰ ਇੰਜ ਮਹਿਸੂਸ ਹੋਣ ਲੱਗ ਪਿਆ ਕਿ ਸ਼ਾਇਦ ਇਹ ਵਾਇਰਸ ਹਵਾ ਰਾਹੀਂ ਵੀ ਫੈਲਦਾ ਹੋਵੇ। ਪਿੰਡ ਦੇ ਨੇੜੇ ਸਿਵਾ ਜਲਣ ਕਰਕੇ ਇਸ ਰੋਗ ਦੇ ਜੀਵਾਣੂ ਪਿੰਡ ਵੱਲ ਵੀ ਆ ਸਕਦੇ ਹਨ। ਇਸ ਨਾਲ ਇਹ ਬਿਮਾਰੀ ਤੇਜੀ ਨਾਲ ਪਿੰਡ ਵਿੱਚ ਵੀ ਫੈਲ ਸਕਦੀ ਹੈ। ਇਸ ਲਈ ਉਹਨਾਂ ਸੋਚਿਆ ਕਿ ਦਾਗ ਪਿੰਡ ਤੋਂ ਦੂਰ ਦਿੱਤੇ ਜਾਣ।" (*ਪਰਵਾਸ 43)*

ਕਾਰਪੋਰੇਟ ਸੈਕਟਰ ਦਾ ਆਗਮਨ ਸਰਕਾਰੀ ਤੇ ਗੈਰ ਸਰਕਾਰੀ ਵਿਕਾਸ ਦੇ ਲਈ ਕੀਤਾ ਗਿਆ ਸੀ। "ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕਾਰਪੋਰੇਟ ਸਮਾਜਕ ਪ੍ਰਵਾਨਗੀ ਦਾਨ/ ਫੰਡ ਦੇ ਨਿਵੇਸ਼ ਲਈ ਵਿਆਪਕ ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਕਿ ਵਿਦਿਅਕ ਵਿਕਾਸ ਵਿਚ ਉਹਨਾਂ ਦੀ ਸਰਗਰਮ ਭਾਈਵਾਲੀ ਨੂੰ ਯਕੀਨੀ ਬਣਾਇਆ ਜਾ ਸਕੇ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਪੱਧਰ ਦਾ ਉੱਚਾ ਚੁੱਕਣ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਮੁਫਤ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਇਨ੍ਹਾਂ ਲੋਕਾਂ ਦੀ ਸ਼ਮੂਲੀਅਤ ਵਾਸਤੇ ਨੀਤੀ ਤਿਆਰ ਕੀਤੀ ਗਈ ਹੈ ਕਿ ਇਹ ਨੀਤੀ ਦਾ ਉਦੇਸ਼ ਸਿੱਖਿਆ ਦੇ ਪੱਧਰ ਨੂੰ ਸੁਧਾਰਨਾ ਹੈ।" (ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਾਰਪੋਰੇਟ ਉਦਯੋਗਿਕ ਘਰਾਣਿਆਂ, ਗੈਰ ਸਰਕਾਰੀ ਸੰਸਥਾਵਾਂ ਅਤੇ ਪਰਵਾਸੀ ਭਾਰਤੀ ਭਾਈਵਾਲ. www.dipirpunjab.gov.in)

ਪਰੰਤੂ ਇਸਦੇ ਨਤੀਜੇ ਉਲਟ ਨਿਕਲੇ ਸਨ। ਨਿੱਜੀ ਸੰਸਥਾਵਾਂ ਨੂੰ ਸਮਾਜ ਦੀ ਭਲਾਈ ਲਈ ਸ਼ਾਮਿਲ ਕੀਤਾ ਗਿਆ ਸੀ। ਪਰ ਇਹ ਨਿੱਜੀ ਸੈਕਟਰ ਆਮ ਲੋਕਾਂ ਦੇ ਲਈ ਹੈਵਾਨ ਬਣ ਗਿਆ। ਜਿਸ ਨੇ ਕੰਮ ਤਾਂ ਦਿੱਤਾ ਪਰ ਬਣਦਾ ਮਿਹਨਤਾਨਾ ਕਿਰਤੀ ਵਰਗ ਨੂੰ ਨਹੀਂ ਦਿੱਤਾ ।"ਦੁਨੀਆਂ ਭਰ ਅੰਦਰ ਵਾਪਰੇ ਕਿਸੇ ਵੀ ਆਰਥਕ ਮੰਦਵਾੜੇ ਦਾ ਬੋਝ ਕਿਰਤੀਆਂ ਨੂੰ ਹੀ ਚੁੱਕਣਾ ਪੈਂਦਾ ਹੈ। ਕਰੋਨਾ ਕਾਰਨ ਪੈਦਾ ਹੋਏ ਆਰਥਕ ਸੰਕਟ ਦੀ ਤਲਵਾਰ ਵੀ ਕਿਰਤੀਆਂ 'ਤੇ ਡਿਗੀ ਹੈ। ਇਕ ਅੰਦਾਜ਼ੇ ਮੁਤਾਬਕ 2020 ਵਿੱਚ ਕਿਰਤੀਆਂ ਦੀ ਆਮਦਨ 350 ਕਰੋੜ ਡਾਲਰ ਘਟ ਜਾਣ ਦੀ ਸੰਭਾਵਨਾ ਹੈ। ਇਸ ਦਾ ਸਿੱਧਾ ਅਰਥ ਹੈ ਕਿ ਦੁਨੀਆਂ ਭਰ ਅੰਦਰ ਵੱਡੀ ਗਿਣਤੀ ਲੋਕ ਦੁਬਾਰਾ ਗ਼ਰੀਬੀ ਰੇਖਾ ਤੋਂ ਹੇਠਾ ਖਿਸਕ ਜਾਣਗੇ। ਇਹ ਉਹ ਲੋਕ ਹਨ, ਜਿਹੜੇ ਸਾਢੇ ਪੰਜ ਡਾਲਰ ਰੋਜ਼ਾਨਾ ਦੀ ਆਮਦਨ ਨਾਲ ਆਪਣੇ ਜੀਵਨ ਦੀ ਗੱਡੀ ਤੋਰਦੇ ਹਨ ਵਰਤਮਾਨ ਸਮੇਂ ਅੰਦਰ ਇਨ੍ਹਾਂ ਦੀ ਗਿਣਤੀ 43.4 ਕਰੋੜ ਹੈ ਜਿਹੜੀ ਕਰੋਨਾ ਤੋਂ ਬਾਅਦ 92.3 ਕਰੋੜ ਹੋ ਸਕਦੀ ਹੈ। ਇੱਕੀਵੀ ਸਦੀ ਦੇ ਸੂਚਨਾ ਤਕਨੀਕ ਵਾਲੇ ਦੌਰ ਵਿੱਚ ਵੀ ਭੁੱਖਮਰੀ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ ਵੀ ਦੁੱਗਣੀ ਹੋਣ ਦੀ ਸੰਭਾਵਨਾ ਹੈ।" *(ਯਾਦਵਿੰਦਰ ਸਿੰਘ. ਕਰੋਨਾ ਸੰਕਟ ਬਨਾਮ ਸਰਮਾਏਦਾਰੀ ਨਿਜ਼ਾਮ. ਜੂਨ 21. 2020. ਪੰਜਾਬੀ ਟ੍ਰਿਬਿਊਨ)*

ਭਾਰਤ ਪਹਿਲਾਂ ਵੀ ਅਤੇ ਹੁਣ ਵੀ ਆਰਥਿਕ ਮੰਦਹਾਲੀ ਨੂੰ ਸਹਿ ਰਿਹਾ ਹੈ। ਸਰਕਾਰਾਂ ਦੇ ਕੀਤੇ ਵਿਕਾਸ ਦੇ ਉਪਰਾਲੇ ਦਾ ਛਾਉਲਾ ਪਾਉਂਦੇ ਹਨ। ਸ਼ਹਿਰੀ ਜੀਵਨ ਅਤੇ ਪੇਂਡੂ ਜੀਵਨ ਦੋਵੇਂ ਹੀ ਆਰਥਕ ਮਜ਼ਬੂਰੀਆਂ ਹੇਠ ਆਪਣਾ ਗੁਜਾਰਾ ਕਰਦੇ ਪਏ ਹਨ। ਸਰਕਾਰਾਂ ਦੀਆਂ ਬਣਾਈਆਂ ਹੋਈਆਂ ਸਕੀਮਾਂ ਸਿਰਫ਼ ਕਾਗਜ਼ਾਂ ਤੱਕ ਜਾਂ ਘੋਟਾਲਿਆ ਦਾ ਰੂਪ ਹੀ ਬਣ ਕੇ ਰਹਿ ਜਾਂਦੀਆਂ ਹਨ। ਉਹਨਾਂ ਉੱਤੇ ਕਾਰਵਾਈਆਂ ਵੀ ਨਾਂਹ ਦੇ ਬਰਾਬਰ, ਸਿਰਫ਼ ਲੋਕ ਦਿਖਾਵੇ ਦੇ ਲਈ ਫਟਕਾਰ ਮਾਰੀ ਜਾਂਦੀ ਹੈ। ਡਾ. ਅਜੀਤਪਾਲ ਸਿੰਘ ਐਮ.ਡੀ ਦੀ ਧਾਰਨਾ ਹੈ ਕਿ "ਮੀਡੀਆ 'ਚ ਸਾਰੀਆਂ ਖ਼ਬਰਾਂ ਤੇ ਚੈਨਲ ਨੇ ਯੋਜਨਾ ਕਮਿਸ਼ਨ ਦੀ ਗਰੀਬੀ ਰੇਖਾਂ ਦੀ ਇਸ ਪ੍ਰੀਭਾਸ਼ਾ ਦਾ ਮਜ਼ਾਕ ਤਾਂ ਉਡਾਇਆ ਪਰ ਨਾਲ ਹੀ ਉਹਨਾਂ ਨੇ ਇਹ ਮੰਨ ਲਿਆ ਕਿ ਰੁਪਏ 26/32 ਰੋਜ਼ਾਨਾ 'ਚ ਸਿਰਫ ਖਾਣੇ ਦਾ ਖਰਚ ਸ਼ਾਮਿਲ ਹੈ। ਪਰ ਲੋਕ ਘੱਟ ਹੀ ਜਾਣਦੇ ਹਨ ਕਿ ਯੋਜਨਾ

ਕਮਿਸ਼ਨ ਦੇ ਇਸ ਅੰਦਾਜ਼ੇ 'ਚ ਨਾ ਸਿਰਫ ਖਾਣੇ ਦਾ ਖਰਚ ਸ਼ਾਮਿਲ ਸੀ ਬਲਕਿ ਭੋਜਨ ਪਕਾਉਣਾ, ਰੋਸ਼ਨੀ ਦਾ ਪ੍ਰਬੰਧ, ਸਿੱਖਿਆ, ਟਰਾਂਸਪੋਰਟ, ਇਲਾਜ ਤੇ ਘਰ ਦਾ ਕਿਰਾਇਆ ਵੀ ਸ਼ਾਮਲ ਸੀ। ਪਿੰਡ ਦੇ ਲਈ ਇਸ ਵਿੱਚ 26 ਰੁਪਏ 'ਚ ਖੁਰਾਕ ਤੇ ਗੈਰ ਖੁਰਾਕ ਖਰਚ ਦਾ ਅਨੁਪਾਤ ਸੀ ਰੁਪਏ 16/10 ਅਤੇ ਸ਼ਹਿਰ ਲਈ ਉਸ ਲਈ 32 ਰੁਪਏ 'ਚ 18/14 ਰੁਪਏ ਸੀ। ਹੁਣ ਤੁਸੀ ਖ਼ੁਦ ਮੂਰਖ ਪੁਣੇ ਦਾ ਅੰਦਾਜ਼ਾ ਲਾ ਸਕਦੇ ਹੋ। ਅਸਲ 'ਚ ਭਾਰਤੀ ਹਾਕਮ ਜਮਾਤ ਮੈਰੀ ਇੰਟਾਈਨੈਟ ਤੇ ਨੀਰੋ ਤੋਂ ਵੀ ਬਦਤਰ ਹੁੰਦਾ ਜਾ ਰਿਹਾ ਹੈ ਇਹ ਅੱਜ ਇਕ ਬਰੂਦ ਦੀ ਢੇਰੀ 'ਤੇ ਬੈਠ ਕੇ ਫੁਲਝੜੀਆਂ ਛੱਡ ਰਹੀ ਹੈ। " *(ਗਰੀਬ ਬਨਾਮ ਭਾਰਤੀ ਅਰਥਚਾਰਾ 110)*

ਇਹ ਸੰਕਟ ਸਮੇਂ ਦੇ ਨਾਲ ਡੂੰਘਾ ਹੀ ਹੁੰਦਾ ਜਾ ਰਿਹਾ ਹੈ। ਇਸ ਦੀ ਮਾਰ ਹਮੇਸ਼ਾਂ ਤੋਂ ਹੀ ਗਰੀਬ ਵਰਗ ਨੂੰ ਪੈਂਦੀ ਹੈ। ਸਰਕਾਰਾਂ ਦੇ ਕਾਰਜ ਕਾਗਜ਼ਾਂ ਦੇ ਵਿੱਚ ਹੀ ਵਿਕਾਸ ਨੂੰ ਦਿਖਾਉਂਦੇ ਹਨ। ਸਮਾਜ ਦੀ ਆਰਥਕ ਅਸਲੀਅਤ ਹੋਰ ਹੀ ਬਿਆਨ ਕਰਦੀ ਹੈ। ਆਰਥਕ ਪੱਖ ਦੇ ਨਾਲ ਸੰਬੰਧਿਤ ਸਵਾਲਾਂ ਦੇ ਜਵਾਬਾਂ ਨੂੰ ਜਾਣਨ ਦੇ ਲਈ ਪੰਜਾਬ ਦੇ ਪੰਜ ਜ਼ਿਲ੍ਹਿਆਂ (ਜਲੰਧਰ, ਅੰਮ੍ਰਿਤਸਰ, ਲੁਧਿਆਣਾ,ਪਟਿਆਲਾ, ਬਠਿੰਡਾ) ਦੇ ਵਿੱਚੋਂ ਡਾਟਾ ਭਰਵਾਇਆ ਗਿਆ ਹੈ। ਜਿਨ੍ਹਾਂ ਦੇ ਵਿੱਚ ਜਵਾਬ ਕਰਤਾ ਦੇ ਦੁਆਰਾ ਸਹੀ, ਪੂਰਨ ਸਹੀ, ਪੂਰਨ ਗਲਤ, ਗਲਤ ਦੇ ਉੱਤੇ ਹਾਮੀ ਭਰੀ ਹੋਈ ਹੈ।ਇਸ ਦੇ ਨਾਲ ਜਵਾਬ ਕਰਤਾ ਦੇ ਦੁਆਰਾ ਸੁਝਾਅ ਵੀ ਦਿੱਤੇ ਹੋਏ ਹਨ। ਜਿਨ੍ਹਾਂ ਦੀ ਵਰਤੋਂ ਵੱਖੋ ਵੱਖਰੇ ਅਧਿਆਇ ਦੇ ਵਿੱਚ ਕੀਤੀ ਗਈ ਹੈ। ਇਹ ਸੈਂਪਲ ਲੈਣ ਦੇ ਲਈ ਰੈਂਡਮ ਤਕਨੀਕ ਦੀ ਵਰਤੋਂ ਕੀਤੀ ਗਈ। ਜ਼ਿਲ੍ਹਿਆਂ ਦੀ ਜਨਸੰਖਿਆ ਦੇ ਆਧਾਰ ਉੱਤੇ ਕੁਝ ਸੈਂਪਲ ਚੁਣ ਲਏ ਗਏ। ਇਨ੍ਹਾਂ ਨੂੰ ਸਕੂਲ਼ ਅਤੇ ਕਾਲਜਾਂ ਤੋਂ ਇਲਾਵਾ ਚਿੰਤਕਾਂ ਦੇ ਕੋਲੋਂ ਵੀ ਭਰਵਾਇਆ ਗਿਆ। ਇਸ ਦੇ ਨਾਲ ਲ਼ੋਕ ਕਿੱਤੇ ਦੇ ਨਾਲ ਸੰਬੰਧਿਤ ਕਾਰੀਗਰਾਂ ਦੇ ਕੋਲੋਂ, ਜੁੱਤੀ ਦੇ ਕਾਰੀਗਰ ਦੇ ਕੋਲੋਂ, ਫੁਲਕਾਰੀ ਦੇ ਧੰਦੇ ਨਾਲ ਜੁੜੇ ਕਾਰੀਗਰ ਦੇ ਕੋਲੋਂ ਵੀ ਭਰਵਾਇਆ ਗਿਆ। ਇਸ ਇਕੱਤਰ ਕੀਤੇ ਹੋਏ ਡਾਟੇ ਦਾ Mean, Median, Mode ਕੱਢਿਆ ਗਿਆ । ਹੇਠਾਂ ਇਸ ਦਾ ਨਤੀਜਾ ਦਿੱਤਾ ਗਿਆ ਹੈ।

**Table 3.1 : ਸ਼ਹਿਰਾਂ ਦੇ ਪੱਖੋ ਡਾਟਾ**

| District | Economic | | | |
|---|---|---|---|---|
| | Mean | Median | Mode | Std. Deviation |
| Jalandhar | 41.77 | 42 | 42 | 4.238 |
| Amritsar | 38.45 | 39 | 39 | 4.696 |
| Ludhiana | 38.6 | 40 | 40[a] | 5.028 |
| Patiala | 39.18 | 41 | 42 | 9.008 |
| Bathinda | 41.46 | 41.5 | 41 | 2.943 |





**Figure 3.13 : ਆਰਥਕ ਪੱਖ ਦੀ %**





**Figure 3.14 : ਆਰਥਕ ਪੱਖੋਂ ਸ਼ਹਿਰਾਂ ਦੀ %**

**ਸਿੱਟਾ:**

1. ਖਪਤ ਸਭਿਆਚਾਰ ਨੇ ਜੀਵਨ ਜਿਊਣ ਦੇ ਨਵੀਨ ਵਸੀਲੇ ਦਿੱਤੇ, ਜੀਵਨ ਨੂੰ ਅਤਿ- ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ।
2. ਮਨੁੱਖੀ ਜੀਵਨ ਸ਼ੈਲੀ ਨੂੰ ਘੋਰ ਸੰਕਟ ਦੇ ਵਿੱਚ ਫਸਾ ਦਿੱਤਾ ਹੈ।
3. ਪੁਰਾਤਨ ਧੰਦੇ ਨਾ ਮਾਤਰ ਦੇ ਬਰਾਬਰ ਹਨ, ਜਿਹੜੇ ਬਚੇ ਹਨ ਉਹ ਮਾਰਕੀਟਿੰਗ ਦੇ ਰਾਹੀਂ ਵੇਚੇ ਜਾ ਰਹੇ ਹਨ ਜਿਵੇਂ ਆਨਲਾਈਨ ।
4. ਅਜੋਕੀ ਅਰਥ –ਵਿਵਸਥਾ ਗਿਰਾਵਟ ਦੇ ਵੱਲ ਜਾ ਰਹੀ ਹੈ। ਅਮੀਰ ਅਤੇ ਗਰੀਬ ਵਰਗ ਦਾ ਅੰਤਰ ਡੂੰਘਾ ਹੁੰਦਾ ਜਾ ਰਿਹਾ ਹੈ।
5. ਸਰਕਾਰੀ ਅਦਾਰੇ ਬੰਦ ਹੋ ਕੇ ਪ੍ਰਾਈਵੇਟ ਸੰਸਥਾਵਾਂ ਵਧੇਰੇ ਖੁੱਲ੍ਹ ਰਹੀਆਂ ਹਨ।

## ਅਧਿਆਇ ਚੌਥਾ

# ਪੰਜਾਬ ਦੇ ਰਾਜਨੀਤਿਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ

# ਪੰਜਾਬ ਦੇ ਰਾਜਨੀਤਿਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ

ਰਾਜਨੀਤੀ ਦਾ ਆਰੰਭ ਰਾਜ ਦੇ ਨਾਲ ਹੁੰਦਾ ਹੈ। ਰਾਜਨੀਤੀ ਸਬਦ ਯੂਨਾਨੀ ਭਾਸ਼ਾ ਤੋਂ ਨਿਕਲਿਆ ਹੈ। ਇਹ ਸ਼ਬਦ ਪੋਲਿਸ ਤੋਂ ਬਣਿਆ ਹੈ। ਜਿਸ ਦੇ ਸ਼ਬਦਿਕ ਅਰਥ ਨਗਰ ਜਾਂ ਰਾਜ ਤੋਂ ਹਨ। ਇਸ ਦਾ ਖੇਤਰ ਰਾਜ, ਸਰਕਾਰਾਂ ਤੇ ਰਾਜਨੀਤਿਕ ਸਮੂਹ ਆਦਿ ਹੁੰਦੇ ਹਨ। ਰਾਜਨੀਤੀ ਦੇ ਰਾਹੀਂ ਸਮਾਜ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਰਾਜ ਜਾਂ ਦੇਸ਼ ਨੂੰ ਆਪਣੀਆਂ ਨੀਤੀਆਂ ਦੇ ਰਾਹੀਂ ਅੱਗੇ ਲੈ ਜਾਂਦੇ ਹਨ। ਭਾਰਤ ਦੇ ਵਿੱਚ ਲੋਕਤੰਤਰੀ ਸ਼ਾਸ਼ਨ ਹੈ। ਹਰ ਇੱਕ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਦਿੱਤਾ ਗਿਆ ਹੈ। ਅਜੋਕੀ ਰਾਜਨੀਤੀ ਕਰਨ ਦੇ ਢੰਗ ਬਦਲਦੇ ਜਾ ਰਹੇ ਹਨ। ਨੇਤਾਵਾਂ ਨੇ ਲੋਕਾਂ ਦੇ ਨਾਲ ਜੁੜਨ ਦੇ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਕੀਤੀ ਹੈ। ਨੇਤਾ ਆਪਣੀ ਹਰ ਕਿਰਿਆ ਨੂੰ ਲੋਕਾਂ ਦੇ ਨਾਲ ਸਾਂਝਾ ਕਰਦੇ ਹਨ। ਖਪਤ ਸਭਿਆਚਾਰ ਨੇ ਰਾਜਨੀਤੀ ਨੂੰ ਵੀ ਅਛੂਤਾ ਨਹੀ ਰਹਿਣ ਦਿੱਤਾ ਹੈ। ਰਾਜਨੀਤੀ ਨੂੰ ਵਸਤੂ ਸੰਸਾਰ ਅਰਥਾਤ ਮੰਡੀ ਦਾ ਇੱਕ ਹਿੱਸਾ ਬਣਾ ਦਿੱਤਾ ਹੈ। "ਭਾਰਤ ਪਿਛਲੇ ਤਿੰਨਾਂ ਸਾਲਾਂ ਤੋਂ ਲੈ ਕੇ 2010 ਤੱਕ ਬਹੁਤ ਬਦਲ ਚੁੱਕਾ ਹੈ। ਸੰਸਾਰ ਬਦਲ ਰਿਹਾ ਹੈ ਅਤੇ ਬਦਲਦਾ ਰਹੇਗਾ।" (*Indian Mass Media and the Politics of Change* 4)

## 4.1 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਰਾਜਨੀਤੀ ਦਾ ਮੰਡੀਕਰਨ

ਅਜੋਕੀ ਵਿਵਸਥਾ ਨੇ ਰਾਜਨੀਤੀ ਨੂੰ ਪਾਰਦਰਸ਼ੀ ਬਣਾਉਣ ਦੇ ਨਾਲ ਨਾਲ ਗੁੰਝਲ਼ਦਾਰ ਬਣਾਇਆ ਹੈ।ਲੋਕਤੰਤਰ ਇੱਕ ਅਜਿਹੀ ਵਿਵਸਥਾ ਹੈ ਜਿਸ ਦੇ ਵਿੱਚ ਕਿਸੇ ਵੀ ਦੇਸ਼ ਦੀ ਸਰਕਾਰ ਦਾ ਨਿਰਮਾਣ ਜਨਤਾ ਦੇ ਦੁਆਰਾ ਕੀਤਾ ਜਾਂਦਾ ਹੈ ਜਿਵੇਂ ਕਿ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਡੈਨਮਾਰਕ, ਭਾਰਤ ਆਦਿ। ਲੋਕ-ਤੰਤਰ ਸ਼ਬਦ ਗਰੀਕ ਭਾਸ਼ਾ ਤੋਂ ਆਇਆ ਹੈ। ਜਿਸ ਦਾ ਅਰਥ ਲੋਕ ਅਤੇ ਲੋਕਾਂ ਦੇ ਉੱਤੇ ਰਾਜ ਕਰਨਾ ਹੈ।

ਭਾਰਤੀ ਰਾਜਨੀਤੀ ਲੋਕਤੰਤਰੀ ਵਿਵਸਥਾ ਅਨੁਸਾਰ ਸੰਚਾਲਿਤ ਹੁੰਦੀ ਹੈ। ਲੋਕਤੰਤਰ ਦੇ ਵਿੱਚ ਹਰ ਇਨਸਾਨ ਨੂੰ ਬਰਾਬਰ ਹੱਕ ਦਿੱਤੇ ਜਾਂਦੇ ਹਨ। ਇਸ ਵਿਵਸਥਾ ਦੇ ਵਿੱਚ ਆਪਣੀ ਗੱਲ ਕਹਿਣ, ਵੋਟ,

ਚੋਣ ਲੜਨ ਦੇ ਪੂਰੇ ਅਧਿਕਾਰ ਮਿਲਦੇ ਹਨ। ਕਿਸੇ ਦਲ ਦਾ ਮੈਂਬਰ ਬਣਨਾ ਜਾਂ ਦਲ ਨੂੰ ਛੱਡਣਾ ਦੇ ਸੁਤੰਤਰ ਅਧਿਕਾਰ ਦਿੱਤੇ ਗਏ ਹਨ। ਲੋਕਤੰਤਰ ਦੇ ਵਿੱਚ ਅਹਿਮ ਨਿਰਣੇ ਮੁੱਖ ਮੰਤਰੀ ਦੇ ਦੁਆਰਾ ਲਏ ਜਾਂਦੇ ਹਨ ਜਿਵੇਂ ਕਿ ਭਾਰਤ ਦੇ ਵਿੱਚ ਅਹਿਮ ਨਿਰਣੇ ਪ੍ਰਧਾਨ ਮੰਤਰੀ ਲੈਂਦੇ ਹਨ। ਦੇਸ਼ ਦੇ ਸਾਰੇ ਨਿਵਾਸੀਆਂ ਨੂੰ ਨਿਯਮਿਤ ਕਾਨੂੰਨ ਦੇ ਨੇਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੁੰਦੀ ਹੈ। ਡਾ. ਜਗਰੂਪ ਸਿੰਘ ਸੇਖੋਂ ਨਾਲ ਹੋਈ ਮੁਲਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਰਾਜਨੀਤੀ ਇੱਕ ਪ੍ਰਕਿਰਿਆ ਹੈ। ਜਿਉਂ ਜਿਉਂ ਸਮਾਜਾਂ ਦੀ ਸਮਾਜਕ, ਆਰਥਕ ਸਥਿਤੀ ਬਦਲਦੀ ਹੈ, ਤਿਉਂ ਤਿਉ ਰਾਜਨੀਤੀ ਵੀ ਬਦਲ ਜਾਂਦੀ ਹੈ। ਪੁਰਾਤਨ ਰਾਜਨੀਤੀ ਦਾ ਮਕਸਦ ਲੋਕਾਂ ਦੇ ਸਰੋਕਾਰਾਂ ਜਾਂ ਮੁਸ਼ਕਿਲਾਂ ਨਾਲ ਸੰਬੰਧਿਤ ਸੀ। ਆਜ਼ਾਦੀ ਤੋਂ ਪਹਿਲਾਂ ਰਾਜਨੀਤੀ ਲੋਕਾਂ ਨਾਲ ਸੰਬੰਧਿਤ ਸੀ। ਰੂਸ ਦੀ ਰਾਜਨੀਤੀ ਬਿਲਕੁਲ ਉਲਟ ਹੈ, ਰਾਜਨੀਤੀ ਨੇਤਾਵਾਂ ਦੇ ਸਵੈ ਨਾਲ ਸੰਬੰਧਿਤ ਹੋ ਗਈ ਹੈ। " (*ਚਿੰਤਕ)*

**ੳ) ਰਾਜਨੀਤਿਕ ਦਲ** : ਰਾਜਨੀਤਿਕ ਦਲ ਸਾਂਝੇ ਹਿੱਤਾਂ ਨੂੰ ਮੁੱਖ ਰੱਖ ਕੇ ਚੋਣ ਲੜਦੇ ਹਨ। ਆਮ ਜਨਤਾ ਨੂੰ ਭਰੋਸਾ ਦਵਾ ਕੇ ਚੋਣ ਜਿੱਤਦੇ ਹਨ। ਭਾਰਤ ਦੇ ਵਿੱਚ ਅਣਗਿਣਤ ਰਾਜਨੀਤਿਕ ਦਲ ਹਨ, ਇਨ੍ਹਾਂ ਦੇ ਵਿੱਚ ਕੁਝ ਦਲ ਰਜਿਸਟਰ ਹਨ। ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਜਾਣੇ ਜਾਂਦੇ ਹਨ। ਰਾਸ਼ਟਰੀ ਪਾਰਟੀ ਉਹ ਪਾਰਟੀ ਹੈ, ਜਿਨ੍ਹਾਂ ਦੀ ਪਛਾਣ ਇੱਕ ਨਾਲੋਂ ਵਧੇਰੇ ਰਾਜਾਂ ਦੇ ਵਿੱਚ ਹੈ। ਚੋਣ ਕਮਿਸ਼ਨ ਉਹਨਾਂ ਪਾਰਟੀਆਂ ਦੇ ਚੋਣ ਨਤੀਜਿਆਂ ਦਾ ਨਿਰੀਖਣ ਕਰਕੇ ਹੀ ਰਾਸ਼ਟਰੀ ਪਾਰਟੀ ਵਜੋਂ ਦਰਜਾ ਦਿੰਦਾ ਹੈ। "ਭਾਰਤ ਦੇ ਵਿੱਚ ਰਾਸ਼ਟਰੀ ਪਾਰਟੀਆਂ 7 ਅਤੇ 24 ਪ੍ਰਦੇਸ਼ ਪਾਰਟੀਆਂ ਹਨ। 2024 ਬੇਪਛਾਣ ਪਾਰਟੀਆਂ ਰਜਿਸਟਰ ਹਨ। 2004 ਲੋਕ ਸਭਾ ਚੋਣਾਂ ਦੇ ਵਿੱਚ 1351 ਉਮੀਦਵਾਰ ਰਾਸ਼ਟਰੀ ਪਾਰਟੀ ਤੋਂ, 36 ਰਾਜ ਪਾਰਟੀ ਤੋਂ 898 ਉਮੀਦਵਾਰ ਅਧਿਕਾਰਕ ਰਜਿਸਟਰ ਪਾਰਟੀਆਂ ਅਤੇ 2385 ਸੁਤੰਤਰ ਉਮੀਦਵਾਰ ਸਨ।' *(Subhash c. Kashysp. Our Political System 275)*

ਭਾਰਤ ਦੇ ਵਿੱਚ ਅਣਗਿਣਤ ਪਾਰਟੀਆ ਮਿਲ ਜਾਣਗੀਆ। ਉਹਨਾਂ ਦੀ ਹੋਂਦ ਭਾਰਤੀ ਚੋਣ ਕਮਿਸ਼ਨ ਦੇ ਅਨੁਸਾਰ ਹੀ ਚਾਹੀਦੀ ਹੈ। "ਭਾਰਤੀ ਚੋਣ ਕਮਿਸ਼ਨ ਦੇ ਅਨੁਸਾਰ ਕਿਸੇ ਪਾਰਟੀ ਨੇ ਸਥਾਨਕ, ਕੌਮੀ ਜਾਂ

ਰਾਜ ਪੱਧਰ ਦੀ ਚੋਣ ਲੜਨੀ ਹੈ ਉਸ ਪਾਰਟੀ ਨੂੰ ਰਜਿਸਟਰ ਹੋਣ ਦੀ ਲੋੜ ਹੈ।"*(Funding of Political Parties and Election Campaign 1)*

ਰਾਜਨੀਤੀ ਦੇ ਵਿੱਚ ਸੱਤਾ ਹਾਸਿਲ ਕਰਨ ਦੇ ਲਈ ਰਾਜ ਸਭਾ ਅਤੇ ਲੋਕ ਸਭਾ ਦੇ ਲਈ ਸੀਟਾਂ ਵੰਡੀਆਂ ਹੁੰਦੀਆਂ ਹਨ। ਉਹਨਾਂ ਸੀਟਾਂ ਦੇ ਅਨੁਸਾਰੀ ਹੀ ਨੇਤਾਵਾਂ ਨੂੰ ਟਿਕਟ ਮਿਲਦੀ ਹੈ। ਟਿਕਟ ਮਿਲਣ ਦੇ ਉਪਰੰਤ ਹੀ ਉਹ ਸੀਟ ਤੋਂ ਚੋਣ ਲੜ ਸਕਦੇ ਹਨ।

State wise Allocation of Seats in the House of Parliament

| **State/Uts** | **No of Seats Raja Sabha** | **No of Seatslok Sabha** |
|---|---|---|
| Andhra pardesh | 18 | 42 |
| Arunpachal pardesh | 1 | 2 |
| Assam | 7 | 14 |
| Bihar | 16 | 40 |
| Chattigharh | 5 | 11 |
| Goa | 1 | 2 |
| Gurjarat | 11 | 26 |
| Haryana | 5 | 10 |
| Himachal pardesh | 3 | 4 |
| J&k | 4 | 6 |
| Jharakhand | 6 | 14 |
| Karamataka | 1 2 | 28 |
| Kerala | 9 | 20 |
| Madhya pardesh | 11 | 29 |
| Maharaashtra | 19 | 48 |
| Manipur | 1 | 2 |
| Meghalaya | 1 | 2 |
| Mizoram | 1 | 1 |
| Nagaland | 1 | 1 |
| Orissa | 10 | 21 |
| Punjab | 7 | 13 |

| **State/Uts** | **No of Seats Raja Sabha** | **No of Seatslok Sabha** |
|---|---|---|
| Rajasthan | 10 | 25 |
| Sikkim | 1 | 1 |
| Tamilnadu | 18 | 39 |
| Tripura | 1 | 2 |
| Uttaranchal | 3 | 5 |
| Uttar pardesh | 3 | 1 |
| Uttar pardesh | 31 | 80 |
| West Bengal | 16 | 42 |
| Union territories | | |
| Andaman & Nicobar Islands | | 1 |
| Chandigarh | | 1 |
| Dadra & Nagra Haveli | | 1 |
| Daman & Diu | | |
| The nct of Delhi | 3 | 7 |
| Lakhsadweep | | |
| Pondicherry | 1 | 1 |
| Total | 245 | 545 |

ਪੰਜਾਬ ਨੂੰ ਲੋਕ ਸਭਾ ਦੀਆਂ ਚੋਣਾਂ ਦੇ ਵਿੱਚ 7 ਸੀਟਾਂ ਅਤੇ ਰਾਜ ਸਭਾ ਚੋਣਾਂ ਦੇ ਵਿੱਚ 13 ਸੀਟਾਂ ਮਿਲਦੀਆਂ ਹਨ। ਚੋਣ ਖੇਤਰ ਦੀ ਟਿਕਟ ਪ੍ਰਾਪਤੀ ਤੋਂ ਬਾਅਦ ਹੀ ਵਿਸ਼ੇਸ਼ ਖੇਤਰ ਦੇ ਲਈ ਚੋਣਾਂ ਦਾ ਬਿਗਲ ਵੱਜ ਜਾਂਦਾ ਹੈ। ਸੱਤਾ ਹਾਸਿਲ ਕਰਨ ਦੇ ਲਈ ਨੇਤਾਵਾਂ ਦਾ ਆਪਣਾ ਚੋਣ ਖੇਲ ਸ਼ੁਰੂ ਹੋ ਜਾਂਦਾ ਹੈ। ਰਾਜਨੀਤੀ ਦਾ ਚਰਿੱਤਰ ਹੀ ਅਜੀਬ ਹੈ। ਇਸ ਨੂੰ ਬਿਆਨ ਕਰਨਾ ਆਸਾਨ ਨਹੀ ਹੈ। ਰਾਜਨੀਤੀ ਦੇ ਵਿੱਚ ਸਾਫ਼ ਤਸਵੀਰ ਦੇਖਣ ਵਾਲੇ ਵੀ ਅਕਸਰ ਕਾਲੇ ਹੀ ਹੁੰਦੇ ਹਨ। ਰਾਜਨੀਤੀ ਨੂੰ ਨੇਤਾਵਾਂ ਨੇ ਕ੍ਰਿਕਟ ਜਾਂ ਫੁੱਟਬਾਲ ਦਾ ਖੇਡ ਹੀ ਬਣਾ ਲਿਆ ਹੈ। ਆਮ ਜਨਤਾ ਦੀਆਂ ਭਾਵਨਾਵਾਂ ਨੂੰ ਮੰਡੀਆਂ ਦੇ ਵਿੱਚ ਵੇਚਿਆ ਜਾਂਦਾ ਹੈ। ਹਰ ਇੱਕ ਨੇਤਾ ਆਪਣੇ ਆਪ ਨੂੰ ਲੋਕਾਂ ਦਾ ਇੱਛੁਕ ਦਰਸਾਉਂਦਾ ਹੈ। ਰਾਜਨੀਤਿਕ ਦਲ ਨੂੰ ਚਲਾਉਣ ਦੇ ਲਈ ਪੈਸੇ ਦੀ ਲੋੜ ਹੁੰਦੀ ਹੈ। ਇਹ ਪਾਰਟੀਆਂ ਨੂੰ ਕੌਣ ਪੈਸਾ ਦਿੰਦਾ ਹੈ? “ਜਿਨ੍ਹਾਂ ਦੇ ਫਲਸਰੂਪ ਇਹ

ਪਾਰਟੀਆਂ ਚਲਦੀਆਂ ਹਨ। ਪੈਸਾ ਲੋਕਤੰਤਰ ਦੇ ਵਿੱਚ ਹਾਂ-ਪੱਖੀ ਰੋਲ ਨਿਭਾਉਂਦਾ ਹੈ। ਇਹ ਪਾਰਟੀਆਂ ਦੀ ਤਾਕਤ ਬਣਦਾ ਹੈ।" *(Subhash C. Kashysp. Our Political System 275)*

ਪੈਸੇ ਨਾਲ ਹੀ ਪਾਰਟੀ ਆਪਣਾ ਪ੍ਰਚਾਰ ਤੇ ਹੋਰ ਕੰਮ ਕਰ ਸਕਦੀ ਹੈ। ਪੈਸੇ ਦੇ ਸਹਾਰੇ ਹੀ ਪਾਰਟੀ ਚਲਦੀ ਹੈ। ਪਾਰਟੀਆਂ ਨੂੰ ਸੰਸਥਾਵਾਂ ਜਾਂ ਉਦਯੋਗਪਤੀ ਫ਼ੰਡ ਦਿੰਦੇ ਹਨ। ਪਾਰਟੀਆਂ ਨੂੰ ਫੰਡ ਕਾਨੂੰਨੀ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਵੀ ਮਿਲਦੇ ਹਨ। "Abp News" ਦੀ ਰਿਪੋਰਟ ਵਿੱਚ ਸਾਰੀਆਂ ਪਾਰਟੀਆਂ ਨੂੰ ਸਾਲ ਭਰ ਦੇ ਵਿੱਚ ਕਿੰਨਾ ਚੰਦਾ ਪ੍ਰਾਪਤ ਹੋਇਆ, ਉਸ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ।" (www. ABP NEWS)

ਰਾਜਨੀਤਿਕ ਨੇਤਾਵਾਂ ਦੀ ਮੁੱਖ ਦਿਲਚਸਪੀ ਲੋਕ ਮੁੱਦਿਆਂ ਉੱਤੇ ਹੁੰਦੀ ਹੈ। ਇਹ ਮੁੱਦੇ ਹੀ ਉਹਨਾਂ ਨੂੰ ਰਾਜ ਜਾਂ ਲੋਕ ਸੇਵਾ ਦਾ ਮੌਕਾ ਪ੍ਰਦਾਨ ਕਰਦੇ ਹਨ। ਇਹ ਅਸਲ ਦੇ ਵਿੱਚ ਰਾਜਨੀਤੀ ਦੀ ਗਤੀਸ਼ੀਲਤਾ ਨੂੰ ਦਰਸਾਉਂਦੇ ਹਨ। According to Doug Adam: " It is the amount of political power and resulted from event or board social process that serves to undermine the calculations and assumption on which the political establishment is structured." (*Our Political System 34)*





**Figure 4.1 : ਸੱਤਾ ਪ੍ਰਾਪਤੀ ਦੀ ਤਸਵੀਰ**

ਰਾਜਨੀਤੀ ਦਾ ਆਪਣਾ ਇੱਕ ਦਾਇਰਾ ਹੁੰਦਾ ਹੈ। ਉਸ ਦਾਇਰੇ ਦੇ ਵਿੱਚ ਰਹਿ ਕੇ ਆਪਣੇ ਸਾਰੇ ਕੰਮ ਸੰਪੂਰਨ ਕਰਦੇ ਹਨ  ਜਿਵੇਂ ਕਿ ਹੇਠਲੇ ਚਿੱਤਰ ਦੇ ਰਾਹੀਂ ਰਾਜਨੀਤੀ ਦੀਆਂ ਪੂਰੀਆ ਗਤੀਵਿਧੀਆਂ ਨੂੰ ਸਮਝ ਸਕਦੇ ਹਾਂ।

**Table 4.1 : Nature of the Ideal Dimensions of the Democratic Political Process**

| **Dimension** | **Nature** | **Denomination** | **Substantive Characteristic** | **Formal Characteristic** |
|---|---|---|---|---|
| Constitutional Lawmaking | General parameters of the Political Game (Structure) | Polity | Minimum consensus agreed upon by the diverse political actors | Generality, Relative Neutrality |
| Clashes and Political Coalitions | Political game | Politics | Dynamic Relationship between Political Actors | Conflict and/ or Cooperation |
| Government Lawmaking | Outcomes of Political Game (Conjuncture) | Policy | Victory/ Loss of different Political Actors | Specificity, Controversy |

ਭਾਰਤੀ ਲੋਕਤੰਤਰ ਦੇ ਵਿੱਚ ਨਿਰਪੱਖ ਅਤੇ ਸੁਤੰਤਰ ਚੋਣਾਂ ਕਰਵਾਉਣ ਦੇ ਲਈ 324 ਐਕਟ ਦੇ ਵਿੱਚ ਚੋਣਾਂ ਦਾ ਵੇਰਵਾ ਦਿੱਤਾ ਗਿਆ ਹੈ। ਚੋਣ ਕਮਿਸ਼ਨ ਰਾਜ ਤੇ ਲੋਕ ਸਭਾ ਦੀਆਂ ਚੋਣਾਂ ਨੂੰ ਕਰਵਾਉਂਦੇ ਹਨ। ਚੋਣ ਕਮਿਸ਼ਨ ਪ੍ਰੈੱਸ ਕਾਨਫ਼ਰੰਸ ਦੇ ਵਿੱਚ ਚੋਣਾਂ ਦੇ ਕਾਰਜ-ਕ੍ਰਮਾਂ ਦੀ ਜਾਣਕਾਰੀ ਦਿੰਦੇ ਹਨ। ਚੋਣ ਕਮਿਸ਼ਨ ਦੇ ਐਲਾਨ ਤੋਂ ਬਾਅਦ ਪਾਰਟੀਆਂ ਜਲਦ ਹੀ ਹਰਕਤ ਦੇ ਵਿੱਚ ਆ ਜਾਂਦੀਆਂ ਹਨ। "ਪਹਿਲਾ ਪੜਾਅ ਚੋਣਾਂ ਦੀ ਸੂਚਨਾ ਦੇ ਨਾਲ ਹੁੰਦਾ ਹੈ। ਜਿਵੇਂ ਹੀ ਸੂਚਨਾ ਜਾਰੀ ਹੁੰਦੀ ਹੈ, ਉਵੇਂ ਹੀ ਮੈਂਬਰ ਆਪਣੀ ਨਾਮਜ਼ਦਗੀ ਪੱਤਰ ਆਪਣੇ ਪਸੰਦ ਦੇ ਖੇਤਰ ਦੇ ਵਿਚੋਂ ਭਰ ਸਕਦੇ ਹਨ। " (*List of Political Parties in India. www. jagranjosh.com*)

ਚੋਣ ਦੇ ਵਿਚੋਂ ਨਾਮ ਆਖਰੀ ਤਰੀਕ ਦੇ ਦੋ ਦਿਨ ਪਹਿਲਾਂ ਆਪਣਾ ਨਾਮ ਵਾਪਸ ਲੈ ਸਕਦੇ ਹਨ। ਚੋਣ ਤੋਂ ਪਹਿਲਾਂ ਚੋਣ ਕਮਿਸ਼ਨ ਦੇ ਦੁਆਰਾ ਨਿਸ਼ਚਿਤ ਕੀਤੀ ਗਈ ਤਰੀਕ ਤੱਕ ਪ੍ਰਚਾਰ ਕਰ ਸਕਦੇ ਹਨ। ਚੋਣਾਂ ਦਾ ਦਿਨ ਨਿਸ਼ਚਿਤ ਹੁੰਦਾ ਹੈ। ਉਸ ਦਿਨ ਚੋਣਾਂ ਨਿਰਧਾਰਿਤ ਸਮੇਂ ਉੱਤੇ ਹੋ ਜਾਂਦੀਆਂ ਹਨ। ਪੰਜਾਬ ਦੇ ਵਿੱਚ ਕੁਝ ਪ੍ਰਮੁੱਖ ਪਾਰਟੀਆਂ ਹਨ। ਵਰਤਮਾਨ ਸਮੇਂ ਦੇ ਵਿੱਚ ਵਿਸ਼ੇਸ਼ ਪਾਰਟੀ ਦੀ ਸਰਕਾਰ ਅਤੇ ਵਿਰੋਧੀ ਦਲ ਦੇ ਰੂਪ ਵਿੱਚ ਵਿਸ਼ੇਸ਼ ਪਾਰਟੀ ਹੀ ਕਾਰਜਕਾਰਨ ਦਾ ਹਿੱਸਾ ਹਨ। ਖਪਤ ਸਭਿਆਚਾਰ ਨੇ ਪਾਰਟੀਆਂ ਦੇ

ਸੰਚਾਲਨ, ਅਤੇ ਪ੍ਰਕਾਰਜ ਉੱਤੇ ਅਸਰ ਪਾਇਆ ਹੈ। ਸੰਵਿਧਾਨ ਦੇ ਵਿੱਚ ਪਹਿਲਾਂ ਰਾਜਨੀਤਿਕ ਪਾਰਟੀਆਂ ਦੇ ਬਾਰੇ ਵਰਣਨ ਨਹੀ ਕੀਤਾ ਗਿਆ ਸੀ। 1985 ਦੇ ਵਿੱਚ ਇੱਕ ਨਵੇਂ ਐਕਟ ਦੀ ਸੋਧ ਕੀਤੀ ਗਈ ਜਿਸ ਦੇ ਵਿੱਚ ਰਾਜਨੀਤਿਕ ਪਾਰਟੀਆਂ ਦਾ ਵਰਣਨ ਕਰਨ ਨੂੰ ਮਿਲਦਾ ਹੈ। ਆਧੁਨਿਕ ਲੋਕਤੰਤਰ ਦੇ ਵਿੱਚ ਰਾਜਨੀਤਿਕ ਪਾਰਟੀਆਂ ਦਾ ਹਿੱਸਾ ਅਟੁੱਟ ਅਤੇ ਰਾਜਨੀਤਿਕ ਪਾਰਟੀਆਂ ਦਾ ਚੋਣਾਂ ਦੇ ਵਿੱਚ ਵਿਹਾਰ ਅਤੇ ਰੋਲ ਮਹੱਤਵਪੂਰਨ ਹੁੰਦਾ ਹੈ। “ਭਾਵੇਂ ਭਾਰਤੀ ਚੋਣਾਂ ਦੇ ਵਿੱਚ ਉਮੀਦਵਾਰ ਸੁਤੰਤਰ ਤੇ ਜਿੱਤਣ ਵਾਲਾ ਉਮੀਦਵਾਰ ਕਿਸੇ ਨਾ ਕਿਸੇ ਪਾਰਟੀ ਦੇ ਨਾਲ ਸੰਬੰਧ ਰੱਖਦਾ ਹੈ। ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਲੋਕਾਂ ਨੇ ਵੋਟ ਸੁਤੰਤਰ ਉਮੀਦਵਾਰ ਜਾਂ ਵਿਸ਼ੇਸ਼ ਪਾਰਟੀ ਨੂੰ ਵੋਟ ਪਾਈ ਹੈ।” (*Doug Mcdam. Poltical Process and Devolpment of Black Insurgency 41)*

ਚੋਣਾਂ ਦੇ ਦੌਰਾਨ ਪਾਰਟੀਆਂ ਨੂੰ ਚੋਣ ਕਮਿਸ਼ਨ ਦੇ ਕੋਲ ਰਜਿਸਟਰ ਹੋਣਾ ਪੈਂਦਾ ਹੈ। ਚੋਣ ਕਮਿਸ਼ਨ ਨਿਰੀਖਣ ਕਰਦਾ ਹੈ ਕਿ ਪਾਰਟੀਆਂ ਸੰਵਿਧਾਨ ਅਨੁਸਾਰੀ ਹੋ ਕੇ ਰਹਿੰਦੀਆਂ, ਸਮਾਨਤਾ ਅਤੇ ਇਕੱਠ ਵਰਗੇ ਪਹਿਲੂਆਂ ਨੂੰ ਪੂਰਨ ਕਰਦੀਆਂ ਹਨ ਜਾਂ ਨਹੀ। ਪਾਰਟੀਆਂ ਨੂੰ ਸਮੂਹਿਕ ਰੂਪ ਵਿੱਚ ਚੋਣ ਲੜਨ ਦੀ ਉਮੀਦ ਹੁੰਦੀ ਹੈ।ਚੋਣਾਂ ਦੇ ਵਿੱਚ ਹਿੱਸਾ ਲੈਣ ਦੇ ਲਈ ਪਾਰਟੀਆਂ ਦੀ ਸਮਾਜ ਪੱਧਰ ਉੱਤੇ ਪਛਾਣ ਹੋਣੀ ਚਾਹੀਦੀ ਹੈ ਜਾਂ ਪੰਜ ਸਾਲ ਰਾਜਨੀਤਿਕ ਕੰਮਾਂ ਦੇ ਵਿੱਚ ਸ਼ਮੂਲੀਅਤ ਹੋਣੀ ਚਾਹੀਦੀ ਹੈ। ਲੋਕ ਸਭਾ ਦੀਆਂ ਚੋਣਾਂ ਦੇ ਵਿੱਚ ਭਾਗ ਲਿਆ ਹੋਣਾ ਚਾਹੀਦਾ ਹੈ। ਭਾਰਤੀ ਨਾਗਰਿਕ ਜੋ ਵੋਟਰ ਦੇ ਰੂਪ ਵਿੱਚ ਰਜਿਸਟਰ ਤੇ ਉਸਦੀ ਉਮਰ 25 ਸਾਲ ਤੋਂ ਉੱਤੇ ਹੈ ਉਹ ਵਿਅਕਤੀ ਰਾਜ ਸਭਾ ਅਤੇ ਲੋਕ ਸਭਾ ਦੀਆ ਚੋਣਾਂ ਲੜ ਸਕਦਾ ਹੈ। ਰਾਜ ਸਭਾ ਦੇ ਲਈ ਲਗਭਗ ਉਮਰ 30 ਸਾਲ ਹੋਣੀ ਚਾਹੀਦੀ ਹੈ। ‘ਹਰ ਉਮੀਦਵਾਰ ਨੂੰ ਚੋਣਾਂ ਲੜਨ ਲਈ ਫ਼ੀਸ ਦੇਣੀ ਪੈਂਦੀ ਹੈ। ਲੋਕਾ ਸਭਾ ਦੇ ਲਈ ਫ਼ੀਸ 5,000 ਅਤੇ ਰਾਜ ਸਭਾ ਦੇ ਲਈ ਫ਼ੀਸ 10.000 ਹੈ। ਅਨੁਸੂਚਿਤ ਜਾਤੀ ਅਤੇ ਕਬੀਲਿਆਂ ਦੇ ਲਈ ਫ਼ੀਸ ਦਾ ਅੱਧ ਹਿੱਸਾ ਦੇਣਾ ਪੈਂਦਾ ਹੈ।’ (*Subhash c Kashysp. Our Political System 258)*

ਜੇਕਰ ਉਮਦੀਵਾਰ ਚੋਣਾਂ ਦੇ ਵਿੱਚ ਜਿੱਤ ਹਾਸਿਲ ਕਰ ਲੈਂਦਾ ਹੈ ਜਾਂ ਆਪਣੇ ਚੋਣ ਖੇਤਰ ਦੇ ਵਿੱਚੋਂ ਜ਼ਿਆਦਾ ਵੋਟਾਂ ਹਾਸਿਲ ਕਰ ਲੈਂਦਾ ਹੈ ਤਾਂ ਉਸਦੀ ਸਾਰੀ ਫ਼ੀਸ ਵਾਪਸ ਹੋ ਜਾਂਦੀ ਹੈ। ਚੋਣ ਕਮਿਸ਼ਨ ਸਾਰੇ ਕਾਰਜਾਂ ਦਾ

ਪਹਿਲਾਂ ਤੋਂ ਹੀ ਉਕਤ ਵੇਰਵਾ ਤਿਆਰ ਰੱਖਦਾ ਹੈ।ਚੋਣਾਂ ਦੇ ਲਈ ਸਾਰੇ ਅਫ਼ਸਰਾਂ ਦੀ ਭਰਤੀ ਕਰ ਲਈ ਜਾਂਦੀ ਹੈ। ਜਿਹੜੇ ਚੋਣਾਂ ਦੇ ਵਿੱਚ ਅਹਿਮ ਕਾਰਜ ਕਰਦੇ ਹਨ। ਭਾਰਤ ਹੋਵੇ ਜਾਂ ਸੰਸਾਰ ਦਾ ਕੋਈ ਦੇਸ਼ ਨਿਯਤ ਕੀਤੇ ਹੋਏ ਨੇਮਾਂ ਦੇ ਤਹਿਤ ਪੂਰੇ ਪੰਜ ਸਾਲਾਂ ਦੇ ਬਾਅਦ ਚੋਣਾਂ ਦਾ ਬਿਗਲ ਵੱਜ ਜਾਂਦਾ ਹੈ। ਹਰ ਬਾਰ ਚੋਣਾਂ ਦਾ ਬਿਗਲ ਵੱਜਣ ਉਪਰੰਤ ਵੋਟਰ ਅਗਲੇ ਪੰਜਾਂ ਸਾਲਾਂ ਲਈ ਆਪਣੀ ਕਿਸਮਤ ਦਾ ਫ਼ੈਸਲਾ ਆਪਣੇ ਹੱਥਾਂ ਨਾਲ ਕਰ ਲੈਂਦੇ ਹਨ। ਹਰ ਵਾਰ ਨਤੀਜਿਆਂ ਬਾਰੇ ਅਨੁਮਾਨ ਦਾ ਖਿਲਾਅ ਵਿੱਚ ਲੋਕ-ਫਤਵੇ ਦਾ ‘ ਟਾਸ’ ਨੁਮਾ-ਸਿੱਕਾ ਉਛਲਦਾ ਹੋਇਆ ਚਿੱਤ ਜਾਂ ਪੁੱਠਾ ਪੈ ਜਾਂਦਾ ਹੈ। “ਰਾਜਨੀਤੀ ਨੂੰ ਤਾਸ਼ ਦੀ ਖੇਡ ਬਣਾ ਕੇ ਖੇਡਣ ਵਾਲੀਆਂ ਮੁੱਖ ਰਾਜਸੀ ਧਿਰਾਂ ਭਾਂਤ-ਭਾਂਤ ਦੇ ਗਠਜੋੜਾਂ ਰਾਹੀਂ ਹਰ ਵਾਰ ਬਾਜ਼ੀ ਜਿੱਤਣ ਦੇ ਰੌਂਅ ਵਿੱਚ ਹਰ ਪ੍ਰਕਾਰ ਦੀ ਘਟੀਆ ਤੋਂ ਘਟੀਆ ਅਤੇ ਨਿਮਾਣਾ-ਭਰਪੂਰ ਚਾਲਾਂ ਖੇਡਦੀਆਂ ਹਨ।” *(Subhash C. Kashysp Our Political System 271)*

ਨੇਤਾਵਾਂ ਦੇ ਲਈ ਚੋਣਾਂ ਜੀਣ ਜਾਂ ਮਰਨ ਦਾ ਸਵਾਲ ਬਣ ਜਾਂਦਾ ਹੈ। ਹਰ ਕੋਈ ਆਪੋ-ਆਪਣੀ ਕੋਸ਼ਿਸ਼ ਵਿੱਚ ਜੁੜ ਜਾਂਦਾ ਹੈ। ਵਰਤਮਾਨ ਸਮੇਂ ਦੇ ਵਿੱਚ ਭਾਰਤੀ ਰਾਜਨੀਤੀ ਮੰਡੀ ਦੀ ਵਿਕਰੀ ਬਣਦੀ ਜਾ ਰਹੀ ਹੈ। ਨੇਤਾ ਰਾਜਨੀਤੀ ਵਿੱਚ ਸੱਤਾ ਬਣਾਈ ਰੱਖਣ ਦੇ ਲਈ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ ਹਨ ਜਿਵੇਂ ਪੰਜਾਬ ਦੇ ਵਿੱਚ ਅਹਿਮ ਪਾਰਟੀਆਂ ( ਸੱਤਾ ਜਾਂ ਵਿਰੋਧੀ ਦਲ) ਹਨ। ਚੋਣਾਂ ਦੇ ਵਿੱਚ ਉੱਤਰਨ ਤੋਂ ਪਹਿਲਾਂ ਪਾਰਟੀਆਂ ਆਪੋ-ਆਪਣੇ ਦਮਦਾਰ ਉਮੀਦਵਾਰਾਂ ਦੀ ਚੋਣ ਕਰਦੀਆਂ ਹਨ। ਉਹਨਾਂ ਉਮੀਦਵਾਰਾਂ ਨੂੰ ਚੁਣਦੇ ਹਨ ਜਿਹਨਾਂ ਦੀ ਸਮਾਜ ਦੇ ਵਿੱਚ ਵਿਸ਼ੇਸ਼ ਸਾਖ ਹੈ। ਰਾਜਨੀਤਿਕ ਦਲਾਂ ਨੂੰ ਆਪਣੇ ਉਮੀਦਵਾਰ ਦੇ ਜਿੱਤਣ ਦੀ ਆਸ ਹੁੰਦੀ ਹੈ ਕਿਉਂਕਿ ਉਹਨਾਂ ਦਾ ਅਨੁਭਵ ਵਧੇਰੇ ਸਾਲਾਂ ਦਾ ਹੁੰਦਾ ਹੈ। ਇਸ ਤੋਂ ਉਹ ਸੌਖਾ ਹੀ ਅੰਦਾਜ਼ਾ ਲਗਾ ਲੈਂਦੇ ਹਨ। ਵਰਤਮਾਨ ਸਮੇਂ ਦੀ ਰਾਜਨੀਤੀ ਪਾਕ ਨਾ ਰਹੇ ਕਿ ਯੁੱਧ ਦਾ ਅਖਾੜਾ ਬਣਦੀ ਜਾ ਰਹੀ ਹੈ। ਪਹਿਲਾਂ ਰਾਜਨੀਤਿਕ ਦਲ ਸੀਮਿਤ ਸਨ । ਅਜੋਕੇ ਦੌਰ ਦੇ ਵਿੱਚ ਨਵੇਂ ਨਵੇਂ ਦਲਾਂ ਦਾ ਨਿਰਮਾਣ ਹੋ ਰਿਹਾ ਹੈ। ਨੇਤਾ ਆਪਣੀ ਪਾਰਟੀ ਦੇ ਵਿਚੋਂ ਨਿਕਲ ਕੇ ਜਾਂ ਕੱਢੇ ਜਾਣ ਤੇ ਵੱਖਰੀ ਪਾਰਟੀ ਸਥਾਪਿਤ ਕਰ ਲੈਂਦੇ ਹਨ। ਸਮਾਜ ਦੇ ਵਿੱਚ ਉਹ ਪਾਰਟੀਆਂ ਹੀ ਸੱਤਾ ਦੇ ਵਿੱਚ ਆਉਂਦੀਆਂ ਜਾਂ

ਆਉਣਗੀਆਂ, ਜਿੰਨਾ ਦੀ ਸਮਾਜ ਦੇ ਵਿੱਚ ਸਾਖ ਹੈ। ਰਾਜਨੀਤੀਵਾਨ ਚੋਣਾਂ ਜਿੱਤ ਲੈਣ ਤੋਂ ਬਾਅਦ ਲੋਕਾਂ ਨਾਲ ਜੁੜੇ ਰਹਿਣ ਤੋਂ ਗੁਰੇਜ਼ ਕਰਦੇ ਹਨ, ਇਸ ਕਰਕੇ ਲੋਕਾਂ ਦੀਆਂ ਸੱਮਸਿਆਵਾਂ ਦਾ ਹੱਲ ਨਹੀ ਹੁੰਦਾ ਹੈ।

*ਅਵਤਾਰ ਬਿਲਿੰਗ ਦੇ ਨਾਵਲ* ਖਾਲੀ ਖੂਹਾਂ ਦੀ ਕਥਾ' ਵਿੱਚ ਚੋਣਾਂ ਦੇ ਸਮੇ ਨਸ਼ੇ ਅਤੇ ਸ਼ਰਾਬ ਦੇ ਵਿਕਣ ਜਾਂ ਫਰੀ ਦੇ ਵਿੱਚ ਵੰਡੀ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਨੇਤਾ ਵੀ ਆਪਣੀ ਜਿੱਤ ਪ੍ਰਾਪਤ ਕਰਨ ਲਈ ਸਹੀ ਜਾਂ ਗਲਤ ਕੰਮਾਂ ਨੂੰ ਅੱਖਾਂ ਬੰਦ ਕਰੀਂ ਜਾਂਦੇ ਹਨ ਜਿਵੇਂ ਕਿ

"ਸਰਪੰਚੀ ਲੈਣ ਸਮੇਂ, ਉਹਨਾਂ ਅਗੇਤਰੀ ਤਿਆਰੀ ਕੀਤੀ ਹੋਈ ਸੀ। ਕਈ ਢੋਲ ਸ਼ਰਾਬ ਦੇ ਕੱਢੇ। ਹੁਕਮਾ ਇਸ ਕਲਾ ਵਿੱਚ ਮਾਹਿਰ ਸੀ। ਚੋਣਾਂ ਵੇਲੇ ਜੋ ਮਰਜ਼ੀ ਆਉਂਦਾ ਜਿੰਨੀ ਦਿਲ ਕਰਦਾ ਦਾਰੂ ਪੀ ਜਾਂਦਾ। ਬਚਿੱਤਰ ਸਿੰਘ ਆਪ ਹਾੜ੍ਹਾ ਬਣਾ ਕੇ ਦਿੰਦਾ।" *(ਖਾਲੀ ਖੂਹਾਂ ਦੀ ਕਥਾ 105)*

*ਚੋਣਾਂ ਦੇ ਸਮੇਂ ਸਮਾਜ ਦੇ ਵਿੱਚ ਮਾਹੌਲ ਖ਼ਰਾਬ ਹੋ ਜਾਂਦੇ ਹਨ। ਕਈ ਵਾਰ ਸਥਿਤੀ ਚਿੰਤਾਜਨਕ ਹੋ ਜਾਂਦੀ ਹੈ। ਨੇਤਾ ਵੀ ਆਪੋ- ਆਪਣੀ ਜਿੱਤ ਦੇ ਵਿੱਚ ਲੱਗੇ ਰਹਿੰਦੇ ਹਨ।*

ਕੇ..ਸੀ. ਸ਼ਰਮਾ ਦੀ ਧਾਰਨਾ ਹੈ ਕਿ,

> ਅੱਤਵਾਦ ਦੇ ਦੌਰ ਤੋਂ ਲੈ ਕੇ ਉਦੋਂ ਤੱਕ ਪੰਜਾਬ ਦੇ ਵਿੱਚ ਕਾਂਗਰਸ, ਅਕਾਲੀ ਦਲ, ਬਸਪਾ, ਅਤੇ ਭਾਜਪਾ ਆਦਿ ਰਾਜਨੀਤਿਕ ਪਾਰਟੀਆਂ ਤਾਂ ਕੇਵਲ ਕੁਰਸੀ ਪ੍ਰਾਪਤੀ ਦੇ ਦੌੜ ਵਿਚ ਮੌਕਾਪ੍ਰਸਤ ਰਾਜਨੀਤੀ ਕਰਦੀਆਂ ਆ ਰਹੀਆਂ ਸਨ। ਸਧਾਰਨ ਲੋਕਾਂ-ਕਿਸਾਨਾਂ ਮਜ਼ਦੂਰਾਂ, ਨੌਜਵਾਨਾਂ, ਫ਼ੈਕਟਰੀ ਕਾਮਿਆਂ, ਮੁਲਾਜ਼ਮਾਂ ਅਤੇ ਦੂਜੇ ਦੱਬੇ-ਕੁੱਚਲੇ ਵਰਗਾਂ ਦੇ ਭਖਦੇ ਮਸਲਿਆਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਹੈ।
>
> *(ਅਜੋਕੀ ਭਾਰਤੀ ਰਾਜਨੀਤੀ ਦੀ ਦਸ਼ਾ ਅਤੇ ਦਿਸ਼ਾ 93)*

**ਅ) ਮੈਨੀਫ਼ੈਸਟੋ** : ਆਮ ਜਨਤਾ ਵਧੇਰੇ ਸਿਆਣੀ ਹੋ ਗਈ ਹੈ। ਉਹਨਾਂ ਨੂੰ ਉੱਲੂ ਬਣਾਉਣਾ ਆਸਾਨ ਨਹੀ ਰਹਿ ਗਿਆ ਹੈ। ਰਾਜਨੀਤੀ ਲੋਕਾਂ ਦੀ ਭਲਾਈ ਹਿੱਤ ਵਿੱਚ ਕੀਤੀ ਜਾਂਦੀ ਹੈ। ਅੱਜ ਦੇ ਦੌਰ ਦੀ

ਰਾਜਨੀਤੀ ਵਪਾਰ ਦਾ ਹੀ ਰੂਪ ਧਾਰਨ ਕਰ ਗਈ ਹੈ। ਚੋਣਾਂ ਨੂੰ ਜਿੱਤਣ ਅਤੇ ਲੋਕਾਂ ਨੂੰ ਆਪਣੇ ਵੱਲ ਕਰਨ ਦੇ ਲਈ ਨਵੇਂ ਨਵੇਂ ਹੱਥਕੰਡੇ ਸਰਕਾਰਾਂ ਅਪਣਾਉਂਦੀਆਂ ਹਨ। ਚੋਣਾਂ ਦੇ ਵਿੱਚ ਉਤਰਨ ਤੋਂ ਪਹਿਲਾਂ ਰਾਜਨੀਤਿਕ ਦਲ ਆਪਣੇ ਚੋਣ ਮੈਨੀਫੈਸਟੋ ਤਿਆਰ ਕਰਦੇ ਹਨ। ਚੋਣ ਮੈਨੀਫੈਸਟੋ ਦੇ ਵਿੱਚ ਇੱਕ ਪ੍ਰਸਥਾਪਨਾ ਹੁੰਦੀ ਹੈ ਜਿਸ ਦੇ ਵਿੱਚ ਸਿੱਖਿਆ, ਦੇਸ਼ ਦੀ ਸੁਰੱਖਿਆ, ਰਾਜ ਦਾ ਵਿਕਾਸ, ਆਦਿ ਸਭ ਛੋਟੇ ਵੱਡੇ ਪ੍ਰੋਗਰਾਮਾਂ ਦਾ ਵੇਰਵਾ ਹੁੰਦਾ ਹੈ। ਜਿਨ੍ਹਾਂ ਨੂੰ ਸਰਕਾਰਾਂ ਜਿੱਤਣ ਤੋਂ ਬਾਅਦ ਪੂਰੇ ਕਰਨ ਦੇ ਦਾਅਵੇ ਕਰਦੀਆਂ ਹਨ। ਮੈਨੀਫੈਸਟੋ ਇੱਕ ਕਿਤਾਬ ਦੀ ਸ਼ਕਲ ਵਿੱਚ ਹੁੰਦਾ ਹੈ।

ਬੇਸ਼ੱਕ ਵਧੇਰੀ ਜਨਤਾ ਅੱਜ ਵੀ ਬੇਰੁਜ਼ਗਾਰ ਹੈ। ਪੰਜਾਬ ਦੀਆਂ ਪਾਰਟੀਆਂ ਨੇ ਆਪਣੇ ਮੈਨੀਫੈਸਟੋ ਦੇ ਵਿੱਚ 20 ਲੱਖ ਨੌਕਰੀਆਂ ਦੇਣ ਦਾ ਦਾਅਵਾ ਕੀਤਾ ਸੀ। ਅਸਲ ਦੇ ਵਿੱਚ ਮੈਨੀਫੈਸਟੋ ਸਧਾਰਨ ਜਨਤਾ ਦੇ ਵਿੱਚ ਇੱਕ ਭਰਮ ਦੀ ਸਿਰਜਣਾ ਕਰਦਾ ਹੈ। ਰਾਜਨੀਤਿਕ ਦਲ ਆਮ ਲੋਕਾਂ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਲੈਂਦੇ ਹਨ। ਭਾਰਤੀ ਸਮਾਜ ਦੇ ਵਿੱਚ ਸ਼ੁਰੂਆਤ ਤੋਂ ਹੀ ਅਸਮਾਨਤਾ ਰਹੀ ਹੈ। ਹੇਠਲੇ ਦਰਜੇ ਦੇ ਲੋਕਾਂ ਨੂੰ ਆਸਾਨੀ ਨਾਲ ਫਸਾਇਆ ਜਾ ਸਕਦਾ ਹੈ। ਜਦੋਂ ਗਰੀਬ ਬੇਰੁਜ਼ਗਾਰੀ ਤੋਂ ਪਰੇਸ਼ਾਨ ਹੋਵੇ ਤਾਂ ਕੋਈ ਵੀ ਨੇਤਾ ਦੇ ਝਾਂਸੇ ਵਿੱਚ ਆ ਹੀ ਜਾਂਦਾ ਹੈ।





**Figure 4.2 : ਸੱਤਾ ਦੇ ਲਈ ਮੈਨੀਫੈਸਟੋ ਤਿਆਰ**

ਮੈਨੀਫੈਸਟੋ ਦਾ ਮੂਲ ਲੋਕ ਹੀ ਹੁੰਦੇ ਹਨ। ਇਸ ਨੂੰ ਤਿਆਰ ਕਰਨ ਦਾ ਮਕਸਦ ਲੋਕਾਂ ਨੂੰ ਆਪਣੇ ਮੁੱਦਿਆਂ ਦੇ ਵਿੱਚ ਫਸਾਉਣਾ ਹੀ ਮੁੱਖ ਵਿਸ਼ਾ ਹੁੰਦਾ ਹੈ। ਇਹਨਾਂ ਮੈਨੀਫੈਸਟੋ ਨੂੰ ਪੜ੍ਹ ਕੇ ਜਾਂ ਸੁਣ ਕੇ ਪਾਰਟੀ ਨੂੰ ਵੋਟ ਦੇਣ

ਲਈ ਤਿਆਰ ਹੋ ਜਾਣ, ਭਾਵੇ ਉਹ ਪਾਰਟੀ ਕੋਈ ਵੀ ਹੋਵੇ। ਡਾ. ਰਾਜੇਸ਼ ਡੋਗਰਾ ਦੇ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ "ਸਾਹਿਤ, ਸਭਿਆਚਾਰ ਦਾ ਖੇਤਰ ਹੋਵੇ, ਉਸੇ ਤਰ੍ਹਾਂ ਹੀ ਰਾਜਨੀਤੀ ਦੇ ਉੱਤੇ ਖਪਤ ਸਭਿਆਚਾਰ ਦਾ ਪ੍ਰਭਾਵ ਪੈਣਾ ਸੁਭਾਵਿਕ ਹੀ ਹੈ। ਰਾਜਨੀਤੀ ਨੇ ਹੀ ਦੱਸਿਆ ਕਿ ਖਪਤ ਸਭਿਆਚਾਰ ਕੀ ਹੈ। ਜਦੋਂ ਰਾਜਨੀਤੀਵਾਨਾਂ ਨੇ ਚੀਜ਼ਾ ਨੂੰ ਫਰੀ ਦੇ ਵਿੱਚ ਵੰਡਣਾ ਸ਼ੁਰੂ ਕੀਤਾ। ਸਾਊਥ ਦੇ ਵਿੱਚ ਕੁਝ ਨੇਤਾਵਾਂ ਨੇ ਅਨਾਉਂਸ ਕੀਤਾ ਕਿ ਜੇਕਰ ਉਹਨਾਂ ਨੂੰ ਵੋਟ ਪਾਉਣਗੇ ਤਾਂ ਉਹ ਸਭ ਨੂੰ ਕਲਰ ਟੀ.ਵੀ ਵੰਡੇਗੀ। ਉਹਨਾਂ ਨੇ ਸਭ ਨੂੰ ਦਿੱਤੇ ਵੀ। ਪੰਜਾਬ ਦੇ ਵਿੱਚ ਸਾਈਕਲ ਦੇਣਾ, ਆਟਾ ਦਾਲ ਸਕੀਮ, ਆਦਿ ਇਹ ਸਭ ਚੀਜ਼ਾ ਹੈਗੀਆਂ। ਇਵੇਂ ਹੀ ਕਿਸਾਨਾਂ ਦੇ ਖਾਤਿਆਂ ਦੇ ਵਿੱਚ ਦੋ ਦੋ ਹਜ਼ਾਰ ਰੁਪਏ ਪਾਉਣਾ ਉਹ ਚਾਹੁੰਦੇ ਹਨ ਕਿ ਖਪਤ ਵਾਲਾ ਖੇਤਰ ਵਧੇ।" *(ਚਿੰਤਕ)*

ਇਸੇ ਤਰ੍ਹਾ ਹੀ ਮੋਜੂਦਾ ਸਰਕਾਰ ਦੇ ਵੱਲੋਂ ਆਮ ਜਨਤਾ ਨੂੰ ਫਰੀ ਮੋਬਾਇਲ ਫੋਨ ਵੰਡੇ ਗਏ ਸਨ। ਸਰਕਾਰ ਆਪਣੇ ਕੀਤੇ ਹੋਏ ਦਆਵਿਆਂ ਨੂੰ ਪੂਰਾ ਕਰਦੀਆਂ ਹਨ। ਇਸ ਤਰ੍ਹਾਂ ਕਰਕੇ ਸਰਕਾਰ ਲੋਕਾਂ ਨੂੰ ਆਪ ਹੀ ਨਿਕੰਮਾ ਬਣਾ ਰਹੀ ਹੈ। ਉਹਨਾਂ ਨੂੰ ਕੰਮ ਕਰਨ ਦੀ ਲੋੜ ਨਹੀ। ਸਰਕਾਰ ਉਹਨਾਂ ਤੱਕ ਆਪ ਹੀ ਲੋੜੀਦੀਆਂ ਵਸਤਾਂ ਪਹੁੰਚਾ ਦੇਵੇਗੀ। ਲੋਕ ਵੀ ਉਮੀਦ ਲਗਾ ਕੇ ਉਡੀਕ ਦੇ ਵਿੱਚ ਬੈਠੇ ਰਹਿੰਦੇ ਹਨ। ਨੇਤਾ ਆਪਣੇ ਪ੍ਰਚਾਰ ਲਈ ਅਨੇਕਾਂ ਤਰੀਕੇ ਵਰਤਦੇ ਹਨ ਜਿਵੇਂ ਰੈਲੀਆਂ, ਸੋਸ਼ਲ ਮੀਡੀਆ, ਟੀ.ਵੀ ਆਦਿ। ਉਹਨਾਂ ਦੇ ਪ੍ਰਚਾਰ ਦਾ ਇੱਕ ਹਿੱਸਾ ਹੈ। ਚੋਣਾਂ ਦੇ ਪ੍ਰਚਾਰ ਦਾ ਸਮਾਂ ਨਿਸ਼ਚਿਤ ਹੁੰਦਾ ਹੈ। ਉਸ ਨਿਸ਼ਚਿਤ ਸਮੇਂ ਦੇ ਦੌਰਾਨ ਹੀ ਚੋਣਾਂ ਦਾ ਪ੍ਰਚਾਰ ਕਰਨਾ ਹੁੰਦਾ ਹੈ। ਨਿਸ਼ਚਿਤ ਸਮੇਂ ਤੋਂ ਬਾਅਦ ਪ੍ਰਚਾਰ ਕਰਨ ਤੇ ਚੋਣ ਟਿਕਟ ਵਾਪਸ ਵੀ ਲਈ ਜਾ ਸਕਦੀ ਹੈ। ਨੇਤਾ ਘਰ ਘਰ ਜਾ ਕੇ ਅਰਥਾਤ ਹਰ ਉਹ ਤਰੀਕਾ ਧਾਰਨ ਕਰਦੇ ਹਨ ਜਿਸ ਨਾਲ ਲੋਕਾਂ ਨੂੰ ਅਪੀਲ ਕਰ ਸਕਣ, ਲੋਕਾਂ ਦਾ ਕੀਮਤੀ ਵੋਟ ਸਿਰਫ਼ ਤੇ ਸਿਰਫ਼ ਉਹਨਾਂ ਨੇਤਾਵਾਂ ਨੂੰ ਹੀ ਜਾਵੇ। ਪਾਰਟੀ ਆਪਣੇ ਪ੍ਰਚਾਰ ਦੇ ਲਈ ਗੀਤ ਜਾਂ ਨਾਅਰਾ ਤਿਆਰ ਕਰਦੀ ਹੈ। ਉਸੇ ਤਰ੍ਹਾਂ ਹਰ ਇੱਕ ਪਾਰਟੀ ਦਾ ਇੱਕ ਪੱਕਾ ਨਾਅਰਾ ਜ਼ਰੂਰ ਹੁੰਦਾ ਹੈ। ਚੋਣਾਂ ਦੇ ਸਮੇਂ ਵਿੱਚ ਨਾਅਰਾ ਨਾ ਪਾਰਟੀ ਦੀ ਪਛਾਣ ਸਗੋਂ

ਮੂਲ ਸਮੱਸਿਆਵਾਂ ਦੀ ਪਛਾਣ ਚਿੰਨ੍ਹ ਬਣਦੀ ਹੈ। *(Subhash C. Kashysp. Our Political System 268)*

*ਨਾਅਰਾ* ਦਾ ਮਕਸਦ ਲੋਕਾਂ ਦੇ ਦਿਲਾਂ ਤੱਕ ਮਾਰ ਕਰਨੀ ਹੁੰਦੀ ਹੈ। ਭਾਰਤ ਦੀਆਂ ਮਹਾਨ ਸ਼ਖਸ਼ੀਅਤਾਂ ਨੂੰ ਆਪਣੇ ਸੰਵੇਦਨਸ਼ੀਲ ਅਤੇ ਪ੍ਰੇਰਨਾਦਾਇਕ ਨਾਅਰਿਆਂ ਦੇ ਲਈ ਯਾਦ ਕੀਤਾ ਜਾਂਦਾ ਹੈ। ਚੋਣਾਂ ਦੇ ਦੌਰਾਨ ਹਰ ਇੱਕ ਪਾਰਟੀ ਵੱਖਰੇ ਅਤੇ ਨਵੇਂ ਸ਼ਬਦਾਂ ਦੇ ਨਾਲ ਚੋਣਾਂ ਦੇ ਵਿੱਚ ਉੱਤਰਦੀ ਹੈ। ਹਰ ਰੋਜ਼ ਰਚਨਾਤਮਿਕ ਨਾਅਰੇ ਅਖ਼ਬਾਰਾਂ ਤੇ ਰੇਡੀਉ ਉੱਤੇ ਸੁਣਨ ਨੂੰ ਮਿਲਦੇ ਹਨ। ਰਾਜਨੀਤੀਵਾਨ ਨੂੰ ਨਾਅਰਿਆਂ ਦੇ ਰਾਹੀਂ ਲੋਕਾਂ ਨਾਲ ਸਾਂਝ ਤੇ ਵਿਚਾਰ ਸਾਂਝੇ ਕਰਨੇ ਸੌਖੇ ਹੋ ਜਾਂਦੇ ਹਨ। "2008 ਦੀਆਂ ਰਾਸ਼ਟਰਪਤੀ ਚੋਣਾਂ ਨੂੰ ਬਹੁਤ ਸਾਰੇ ਭੁੱਲ ਨਹੀ ਸਕਦੇ, ਚੋਣਾਂ ਦੇ ਵਿੱਚ ਓਬਾਮਾ ਦਾ ਨਾਅਰਾ 'yes we can' ਸੀ।"*( India's Colourful Election Slogans, Vikas Pandey. 22 April 2014. www.bbc.com)*

ਵੱਖੋ-ਵੱਖਰੀਆਂ ਪਾਰਟੀਆਂ ਆਪੋ-ਆਪਣੇ ਨਾਅਰਿਆਂ ਦੇ ਰਾਹੀਂ ਲੋਕਾਂ ਨੂੰ ਆਪਣੀ ਪਾਰਟੀ ਦੇ ਵੱਲ ਕਰਦੇ ਹਨ। ਹਰ ਵਾਰ ਚੋਣਾਂ ਦੇ ਵਿੱਚ ਪਾਰਟੀਆਂ ਨਵੇਂ ਨਵੇਂ ਨਾਅਰੇ ਬਣਾਉਂਦੀਆਂ ਹਨ। ਹਰ ਪਾਰਟੀ ਦਾ ਆਪਣਾ ਇੱਕ ਚੋਣ ਚਿੰਨ੍ਹ ਹੁੰਦਾ ਹੈ। ਦੇਸ਼ ਦੀ ਵਧੇਰੇ ਜਨਤਾ ਅਨਪੜ੍ਹ ਹੋਣ ਕਰਕੇ, ਉਮੀਦਵਾਰਾਂ ਦੀ ਪਛਾਣ ਕਰਨੀ ਔਖੀ ਹੁੰਦੀ ਹੈ। ਇਸ ਲਈ ਆਮ ਜਨਤਾ ਦੇ ਪਛਾਣ ਲਈ ਚੋਣ ਕਮਿਸ਼ਨ ਨੇ ਉਮੀਦਵਾਰਾਂ ਦੇ ਚਿੰਨ੍ਹ ਨਿਸ਼ਚਿਤ ਕੀਤੇ ਹਨ। ਇਹਨਾਂ ਚਿੰਨ੍ਹਾਂ ਨੂੰ ਪਛਾਣ ਕੇ ਉਮੀਦਵਾਰ ਨੂੰ ਵੋਟ ਦਿੱਤੀ ਜਾ ਸਕੇ। ਜਿਵੇਂ ਕਿ

| ਉਮੀਦਵਾਰ | ਵੋਟ ਚਿੰਨ੍ਹ |
|---|---|
| ↓ | ↓ |
| ਵਿਰੋਧੀ/ਸੱਤਾ ਦਲ | ਪਤੰਗ, ਮਸ਼ੀਨ ਆਦਿ |

**Figure 4.3 : ਉਮੀਦਵਾਰ ਪਛਾਣ ਚਿੰਨ੍ਹ**

ਉਮੀਦਵਾਰ ਆਪਣੀਆਂ ਚੋਣ ਰੈਲੀਆਂ ਵੀ ਕੱਢਦੇ ਹਨ। ਰੈਲੀਆਂ ਚੋਣ ਪ੍ਰਚਾਰ ਦਾ ਹੀ ਇੱਕ ਹਿੱਸਾ ਹੈ। ਉਮੀਦਵਾਰ ਆਪਣੇ ਚੋਣ ਖੇਤਰ ਦੇ ਵਿੱਚ ਜਾ ਕੇ ਪ੍ਰਚਾਰ ਕਰਦੇ ਹਨ। ਡਾ. ਕਰਨੈਲ ਸ਼ੇਰਗਿੱਲ ਦੀ ਕਾਵਿ-ਸੰਗ੍ਰਹਿ ਹੁਣ ਮੈ ਅਜਨਬੀ ਨਹੀਂ ਦੇ ਵਿੱਚ ਅਜਨਬੀ ਕਵਿਤਾ ਦੇ ਰਾਹੀਂ ਵਰਤਮਾਨ ਸਮੇਂ ਦੇ ਵਿੱਚ ਸਰਕਾਰਾਂ ਦੀਆ ਰਣ ਨੀਤੀਆਂ, ਧਰਮ ਅਤੇ ਸੱਤਾ ਹਾਸਿਲ ਕਰਨ ਲਈ ਚਾਲਾਂ ਦਾ ਜ਼ਿਕਰ ਕੀਤਾ ਹੈ।

ਤੇਰੇ ਆਪਣੇ ਹੀ ਹਾਕਮ,

ਤਾਕਤ ਤੇ ਸ਼ੁਹਰਤ ਦੇ ਭੁੱਖੇ

ਹਰ ਰੋਜ਼ ਕਰਦੇ ਨੇ ਮਹਾਂ-ਯੁੱਧ ਦੇ ਐਲਾਨ,

ਤੇਰੀ ਬੰਦਗੀ ਦੇ ਕਿਲ੍ਹਿਆਂ ਵਿਚੋਂ

ਹਰ ਰੋਜ਼ ਬਣਦੇ ਨੇ,

ਆਤਮਘਾਤੀ ਬੰਬ। *(ਹੁਣ ਮੈ ਅਜਨਬੀ ਨਹੀਂ)*

**ੲ)** **ਨਿੱਜੀਕਰਨ** : ਰਾਜਨੀਤਿਕ ਪਾਰਟੀਆਂ ਨੇ ਆਪਣੇ ਆਪ ਦਾ ਤੇ ਆਪਣੀਆਂ ਨੀਤੀਆਂ ਦਾ ਵੀ ਨਿੱਜੀਕਰਨ ਕਰ ਲਿਆ ਹੈ। ਪੁਰਾਤਨ ਰਾਜਨੀਤੀ ਦਾ ਮਕਸਦ ਲੋਕ ਭਲਾਈ ਸੀ ਤੇ ਨੇਤਾ ਵੀ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸੁਲਝਾਉਂਦੇ ਰਹਿੰਦੇ ਸਨ। ਅਜ਼ਾਦੀ ਤੋਂ ਬਾਅਦ ਇਹਨਾਂ ਪਾਰਟੀਆਂ ਦਾ ਮੁਹਾਂਦਰਾ ਹੀ ਬਦਲ ਗਿਆ ਹੈ। ਰਾਜਨੀਤਿਕ ਪਾਰਟੀਆਂ ਨੇ ਸਮਾਜ ਨੂੰ ਨਿੱਜੀਕਰਨ ਦੇ ਵੱਲ ਤੋਰਿਆ ਹੈ। ਇਹਨਾਂ ਨੇਤਾਵਾਂ ਨੇ ਆਪਣੇ ਹਿੱਤਾ ਨੂੰ ਸਰੁੱਖਿਅਤ ਰੱਖਣ ਲਈ ਨਿੱਜੀਕਰਨ ਨੂੰ ਵਧੇਰੇ ਪਰਮੋਟ ਕੀਤਾ ਹੈ। ਸਮਾਜ ਦੇ ਵਿੱਚ ਸਰਕਾਰੀ ਅਦਾਰੇ ਨੂੰ ਗੈਰ-ਸਰਕਾਰੀ ਦੇ ਵਿੱਚ ਬਦਲ ਦਿੱਤਾ ਹੈ। ਸਰਕਾਰ ਦੀ ਆਗਿਆ ਤੋਂ ਬਿਨ੍ਹਾਂ ਸਰਕਾਰੀ ਸੰਸਥਾਵਾਂ ਦੇ ਵਿੱਚ ਪੱਤਾ ਵੀ ਨਹੀ ਹਿੱਲ ਸਕਦਾ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਦੀ ਸ਼ੁਰੂਆਤ ਬਾਅਦ ਕਈ ਅਦਾਰੇ ਪ੍ਰਾਈਵੇਟ ਅਦਾਰਿਆਂ ਨੂੰ ਦੇ ਦਿੱਤੇ ਸਨ।

ਹਰਭਜਨ ਸਿੰਘ ਹਲਵਾਰਵੀ ਦੇ ਅਨੁਸਾਰ,

> ਕੇਂਦਰ ਸਰਕਾਰ ਨੇ ਵਿਦੇਸ਼ੀ ਪੂੰਜੀ ਨੂੰ ਜਿੰਨੀ ਰਫ਼ਤਾਰ ਨਾਲ ਅੱਗੇ ਵਧਾਉਣਾ ਸ਼ੁਰੂ ਕੀਤਾ ਹੈ, ਉਹ ਸੁਚਮੁੱਚ ਹੈਰਾਨੀਜਨਕ ਹੈ। ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਬੁੱਧਵਾਰ(9 ਮਈ, 2001) ਨੂੰ ਜੋ ਫੈਸਲੇ ਲਏ ਗਏ ਉਨ੍ਹਾਂ ਦੇ ਵਿੱਚ ਸਭ ਤੋਂ ਮਹੱਤਵਪੂਰਨ ਰੱਖਿਆ ਨਾਲ ਸੰਬੰਧਿਤ ਸਾਜ਼ੋ-ਸਾਮਾਨ ਬਣਾਉਣ ਲਈ ਪ੍ਰਾਈਵੇਟ ਕੰਪਨੀਆਂ ਨੂੰ ਖੁੱਲ੍ਹ ਦੇਣ ਦਾ ਫੈਸਲਾ ਹੈ ਜਿਹੜੀਆਂ ਅੱਗੋਂ ਆਪਣੇ ਇਸ ਕੰਮ ਵਿਚ ਵਿਦੇਸ਼ੀ ਪੂੰਜੀ ਦਾ ਨਿਵੇਸ਼ ਵੀ ਕਰ ਸਕਦੀਆਂ ਹਨ। ਬੀਤੀ ਅੱਧੀ ਸਦੀ ਦੌਰਾਨ ਰੱਖਿਆ ਸੈਨਾਵਾਂ ਲਈ ਲੋੜੀਂਦੇ ਸਾਜ਼ੋ-ਸਾਮਾਨ ਦਾ ਉਤਪਾਦਨ ਸਰਕਾਰੀ ਕੰਟਰੋਲ ਅਧੀਨ ਕੰਪਨੀਆਂ ਤੇ ਸਨਅਤੀ ਇਕਾਈਆਂ ਕਰਦੀਆਂ ਰਹੀਆਂ ਹਨ। ਇਸ ਮੰਤਵ ਲਈ ਪ੍ਰਾਈਵੇਟ ਕੰਪਨੀਆਂ ਨੂੰ ਕੇਂਦਰੀ ਸਰਕਾਰ ਦੇ ਰੱਖਿਆ ਮੰਤਰਾਲੇ ਵੱਲੋ ਲਾਇਸੈਂਸ ਜਾਰੀ ਕੀਤੇ ਜਾਣਗੇ।

*(ਅਜੋਕਾ ਅਰਥਚਾਰਾ ਤੱਥ ਤੇ ਪ੍ਰਭਾਵ 331)*

ਦੇਸ਼ ਦੇ ਵਿੱਚ ਨਿੱਜੀਕਰਨ ਨੂੰ ਬਹੁਤ ਬੜਾਵਾ ਦਿੱਤਾ ਗਿਆ ਹੈ। ਜੇਕਰ ਸਰਵੇਖਣ ਕੀਤਾ ਜਾਵੇ ਤਾਂ ਪਤਾ ਚਲ ਹੀ ਜਾਵੇਗਾ ਕਿ ਕਿੰਨੇ ਸਰਕਾਰੀ ਤੇ ਕਿੰਨੀਆ ਗੈਰ ਸਰਕਾਰੀ ਸੰਸਥਾਵਾਂ ਹਨ। ਨਿੱਜੀਕਰਨ ਦਾ ਨੁਕਸਾਨ ਆਮ ਲੋਕਾਂ ਨੂੰ ਹੀ ਹੁੰਦਾ ਹੈ ਕਿਉਂਕਿ ਆਮ ਲੋਕਾਂ ਦਾ ਗੁਜ਼ਾਰਾ ਸਰਕਾਰੀ ਨੌਕਰੀ ‘ਤੇ ਹੀ ਚਲਦਾ ਹੈ। ਨੌਕਰੀ ਦੇ ਵਿੱਚ ਭੱਵਿਖ ਸਰੁੱਖਿਅਤ ਲੱਗਦਾ ਹੈ। ਨੌਕਰੀ ਦੇ ਵਿੱਚ ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ ਵੀ ਮਿਲਦੀ ਹੈ ਜਿਸ ਨਾਲ ਉਹ ਆਪਣੇ ਜੀਵਨ ਦਾ ਨਿਰਬਾਹ ਕਰ ਸਕਦੇ ਹਨ। ਪ੍ਰਾਈਵੇਟ ਨੌਕਰੀਆਂ ਦੇ ਵਿੱਚ ਤਨਖਾਹ ਥੋੜ੍ਹੀ ਹੋਣ ਦੇ ਨਾਲ ਨਾਲ ਨੌਕਰੀ ਦੇ ਵਿੱਚੋਂ ਕੱਢਣ ਦਾ ਡਰ ਲੱਗਿਆ ਰਹਿੰਦਾ ਹੈ। ਨਿੱਜੀਕਰਨ ਦਾ ਰੁੱਖ ਦੇਸ਼ ਭਰ ਨੂੰ ਮਾਰ ਕਰ ਰਿਹਾ ਹੈ।

ਗੁਰਮੀਤ ਸਿੰਘ ਪਲਾਹੀ ਦੇ ਅਨੁਸਾਰ,"

> ਵਪਾਰੀਕਰਨ ਤੇ ਨਿੱਜੀਕਰਨ ਵੱਲ ਵੱਧਦੇ ਕੇਂਦਰ ਸਰਕਾਰ ਦੇ ਕਦਮਾਂ ਨੂੰ ਪੰਜਾਬ 'ਚ ਪੱਕੀ ਪੈਰੀਂ ਕਰਨ ਲਈ ਜਿਥੇ ਇਸ ਕਮੇਟੀ ਨੇ ਕੇਂਦਰੀ ਕਿਸਾਨ ਆਰਡੀਨੈਸ ਲਾਗੂ ਕਰਨ ਦੀ ਵਕਾਲਤ ਕੀਤੀ ਹੈ, ਉਥੇ ਵੱਡੇ ਸ਼ਹਿਰਾਂ ਵਿਚ ਬਿਜਲੀ ਵੰਡ ਕੰਮ ਪ੍ਰਾਈਵੇਟ ਹੱਥਾਂ 'ਚ ਦੇਣ ਅਤੇ ਸਨਅਤਕਾਰਾਂ ਨੂੰ ਵਨ ਪਾਰਟ ਟੈਰਿਫ ਦੇਣ ਦੀ ਸਿਫਾਰਸ਼ ਕਰਕੇ ਉਹਨਾਂ ਦਾ ਪੱਖ ਪੂਰਿਆ ਹੈ ਅਤੇ ਫਿਕਸਡ ਚਾਰਜ਼ਿਜ਼ ਦੀ 1500 ਕਰੋੜ ਸਾਲਾਨਾ ਦੀ ਰਾਸ਼ੀ ਦਾ ਭਾਰ ਦੂਜੇ ਖਪਤਕਾਰਾਂ ਉੱਤੇ ਪਾਉਣ ਦੀ ਸਿਫਾਰਸ਼ ਕੀਤੀ ਹੈ।

*(ਕੇਂਦਰ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਦੀ ਸ਼ਾਹਦੀ ਭਰਦੀ ਪੰਜਾਬ ਸਰਕਾਰ. www. mediapunjab.com)*

ਇਹਨਾਂ ਹਾਲਤਾਂ ਦੇ ਵਿੱਚ ਆਮ ਲੋਕਾਂ ਦਾ ਹੀ ਨੁਕਸਾਨ ਹੁੰਦਾ ਹੈ। ਸਰਕਾਰਾਂ ਆਪਣਾ ਹੀ ਫਾਇਦਾ ਸੋਚਦੀਆਂ ਹਨ। ਪ੍ਰਾਈਵੇਟ ਸੰਸਥਾਵਾਂ ਸਰਕਾਰਾਂ ਨੂੰ ਫੰਡ ਦਿੰਦੀਆਂ ਹਨ। ਇਹਨਾਂ ਲੋਕਾਂ ਤੋਂ ਪਾਰਟੀ ਫੰਡ ਨਾ ਖੋਹੇ ਜਾਣ ਕਰਕੇ ਅਜਿਹੀਆਂ ਨੀਤੀਆਂ ਦਾ ਨਿਰਮਾਣ ਕਰਦੀਆ ਹਨ ਜਿਸ ਦੀ ਮਾਰ ਹੇਠ ਆਮ ਆਦਮੀ ਹੀ ਆਉਂਦਾ ਹੈ।

ਇਹ ਕੈਸੀਆਂ ਸਰਕਾਰਾਂ ਹਨ,
ਜਿਨ੍ਹਾਂ ਦੇ ਇੱਕ ਹੱਥ ਵਿੱਚ ਅੰਜੀਲ
ਤੇ ਦੂਜੇ ਹੱਥ ਵਿੱਚ ਤਬਾਹੀ ਹੈ!
ਲੋਕਤੰਤਰ ਦੇ ਛਲਾਵੇ ਨੂੰ ਇਨ੍ਹਾਂ ਨੇ
ਜੰਗਲ ਦੀ ਅੱਗ ਬਣਾ ਦਿੱਤੀ ਹੈ। *(ਛਾਵੇਂ ਤੇ ਪਰਛਾਵੇਂ 106)*

ਉਦਾਰੀਕਰਨ ਦੀ ਪ੍ਰਕਿਰਿਆ ਦੇ ਪਿੱਛੋਂ ਹੀ ਨਿੱਜੀਕਰਨ ਨੂੰ ਵਧੇਰੇ ਛੋਟ ਦੇ ਦਿੱਤੀ ਗਈ। ਸਰਕਾਰਾਂ ਨੇ ਪ੍ਰਾਈਵੇਟ ਸੰਸਥਾਵਾਂ ਤੇ ਲੱਗੀਆਂ ਪਾਬੰਦੀਆਂ ਵਿੱਚ ਕੁਝ ਛੋਟ ਦਿੱਤੀ ਜਿਸ ਕਾਰਨ ਲਗਭਗ ਹਰ ਅਦਾਰਾ

ਪ੍ਰਾਈਵੇਟ ਰੂਪ ਹੀ ਧਾਰਨ ਕਰਦਾ ਜਾ ਰਿਹਾ ਹੈ। "ਪੰਜਾਬ ਦੀਆਂ ਹਾਕਮ ਧਿਰਾਂ ਨੇ ਬਹੁ-ਕੌਮੀ ਤੇ ਕੌਮੀ ਕਾਰਪੋਰੇਸ਼ਨ ਨੂੰ ਜੀ ਆਇਆ ਨੂੰ ਕਿਹਾ ਤੇ ਇਨ੍ਹਾਂ ਕੋਲੋਂ ਵੱਡੇ ਪੱਧਰ 'ਤੇ ਕਮਿਸ਼ਨ ਖਾਧਾ। ਸਿੱਟੇ ਵਜੋਂ, ਪੰਜਾਬ ਦੀ ਸਿਆਸਤ ਦੁਆਰਾ ਸ਼ੁਰੂ ਕੀਤੀਆਂ ਕਾਰਪੋਰੇਟ ਨੀਤੀਆਂ ਨੇ ਬੜੀ ਤੇਜ਼ੀ ਨਾਲ ਪੰਜਾਬ ਦੇ ਸਭਿਆਚਾਰ, ਆਰਥਕਤਾ, ਖੇਤੀਬਾੜੀ, ਧਰਮ ਆਦਿ ਨੂੰ ਗਹਿਰੇ ਢੰਗ ਨਾਲ ਪ੍ਰਭਾਵਿਤ ਕੀਤਾ। ਪੰਜਾਬ ਵਿਚ ਸ਼ਹਿਰੀਕਰਨ ਦੇ ਫੈਲਾਅ ਕਾਰਨ ਕਾਰਪੋਰੇਟ ਸੈਕਟਰ ਆਪਣੀ ਪੂੰਜੀ ਪੰਜਾਬ ਦੀ ਕਿਸਾਨੀ ਦੀ ਜ਼ਮੀਨ ਆਪਣੇ ਕਬਜ਼ੇ ਵਿਚ ਕਰਨ ਲਈ ਵਰਤੀ। ਨਤੀਜੇ ਵਜੋਂ, ਪੈਦਾ ਹੋਏ ਭੂ-ਮਾਫ਼ੀਏ ਦੀ ਸਿਆਸਤ ਵਿਚ ਸ਼ਮੂਲੀਅਤ ਨੇ ਨਵੇਂ ਸੰਕਟ ਪੈਦਾ ਕੀਤੇ।" (ਸੱਤਾ, ਸ਼ੰਘਰਸ਼ ਅਤੇ ਸਾਹਿਤ 52)

**ਸ) ਵਿਦੇਸ਼ੀ ਵਪਾਰ** : ਇਸ ਦੇ ਨਾਲ ਹੀ ਸਰਕਾਰਾਂ ਵਿਦੇਸ਼ੀ ਵਪਾਰਾਂ ਨੂੰ ਆਪ ਹੀ ਬੜਾਵਾ ਦਿੰਦੀਆਂ ਹਨ। ਚੋਣਾਂ ਸਮੇਂ ਜਾਂ ਲੋਕਾਂ ਨੂੰ ਅਪੀਲ ਕਰਨ ਵੇਲੇ ਦੇਸੀ ਸਮਾਨ ਦੀ ਵਰਤੋਂ ਕਰਨ ਲਈ ਕਹਿੰਦੀਆ ਹਨ। ਜਦੋਂ ਦੇਸ਼ ਦੇ ਵਿੱਚ ਦੂਜੇ ਦੇਸ਼ਾਂ ਦਾ ਸਮਾਨ ਆਉਣ ਲੱਗ ਜਾਵੇਂ ਤਾਂ ਲੋਕ ਸਮਾਨ ਨੂੰ ਖਰੀਦਣਗੇ। ਵਿਦੇਸ਼ੀ ਵਸਤਾਂ ਦੇ ਸਮਾਨ ਨੂੰ ਘੱਟ ਰੇਟਾਂ ਉੱਤੇ ਵੇਚਿਆ ਜਾਂਦਾ ਹੈ ਜਿਵੇਂ ਕਿ ਚੀਨ ਦਾ ਸਮਾਨ ਭਾਰਤ ਦੇ ਵਿਚ ਸਭ ਤੋਂ ਵੱਧ ਵਿਕਦਾ ਹੈ। ਚੀਨ ਬਹੁਤ ਵੱਡਾ ਵਪਾਰਕ ਦੇਸ਼ ਹੈ। ਇਹ ਦੇਸ਼ ਹਰ ਕੰਮ ਦੇ ਵਿੱਚ ਬਹੁਤ ਹੀ ਤੇਜ਼ ਹੈ। ਇਹਨਾਂ ਦੇ ਕੋਲ ਹਰ ਪ੍ਰਕਾਰ ਦੀ ਸਹੂਲਤ ਉਪਲਬਧ ਹੈ। ਇਹਨਾਂ ਦੁਆਰਾ ਪੈਦਾ ਕੀਤੀਆਂ ਸਹੂਲਤਾਂ ਨੂੰ ਲੋਕਾਂ ਤੱਕ ਪਹੁੰਚਦਾ ਕੀਤਾ ਜਾਂਦਾ ਹੈ। ਚੀਨ ਦਾ ਵਪਾਰ ਭਾਰਤ ਨਾਲ ਹੀ ਨਹੀ ਸਗੋਂ ਦੂਸਰੇ ਦੇਸ਼ਾਂ ਦੇ ਵਿੱਚ ਵੀ ਚਲਦਾ ਹੈ। ਭਾਰਤੀ ਸਰਕਾਰ ਗਾਂਧੀਵਾਦੀ ਨੀਤੀਆਂ ਉੱਤੇ ਚਲਣ ਦਾ ਇੱਕ ਦਿਖਾਵਾ ਕਰਦੀ ਹੈ। ਰੈਲੀਆਂ ਦੇ ਵਿੱਚ ਲੋਕਾਂ ਨੂੰ ਦੇਸੀ ਸਮਾਨ ਦੀ ਵਰਤੋਂ ਕਰਨ ਲਈ ਸਲਾਹ ਦਿੰਦੀ ਹੈ ਅਤੇ ਨਾਲ ਕਿਹਾ ਜਾਂਦਾ ਹੈ ਕਿ ਦੇਸੀ ਵਸਤਾਂ ਦੀ ਵਰਤੋਂ ਨਾਲ ਸਥਾਨਕ ਵਪਾਰ/ ਉਦਯੋਗ ਦੇ ਵਿੱਚ ਵਾਧਾ ਹੋਵੇਗਾ।

ਡਾ. ਸਰਬਜੀਤ ਸਿੰਘ ਦੀ ਧਾਰਨਾ ਹੈ ਕਿ,

> ਉਹ ਜੋ ਹੈ, ਉਸ ਦੇਸ਼ ਦੇ ਜੋ ਸਮਾਲ ਸਕੇਲ ਅਤੇ ਮੀਡੀਅਮ ਸਕੇਲ ਉਦਯੋਗ ਹੈ, ਉਸਨੂੰ ਤਬਾਹ ਕਰਨ ਲਈ ਉਹ ਆਇਆ ਸੀ ਤਾਂ ਕਿ ਚੀਨੀ ਕੰਪਨੀਆਂ ਨੂੰ ਹੁਣ ਵੇਖੋ ਬੜੀ ਮਜ਼ੇਦਾਰ ਗੱਲ ਹੈ, ਦੀਵਾਲੀ 'ਤੇ ਤਹਾਨੂੰ ਵਟਸਐਪ ਸੰਦੇਸ਼ ਕੀ ਆਉਂਦਾ ਹੈ ਕਿ ਚੀਨੀ ਬਲਬ ਦਾ ਵਿਰੋਧ ਕਰੋ। ਚੀਨੀ

ਪ੍ਰਧਾਨ ਮੰਤਰੀ ਦਾ ਕੀ ਕਰੀਏ? ਬਲਬ ਦਾ ਤਾਂ ਵਿਰੋਧ ਕਰ ਦੇਵਾਂਗੇ। ਸੰਸਕ੍ਰਿਤੀ ਦੇ ਨਾਂ ’ਤੇ, ਧਰਮ ਦੇ ਨਾਂ ’ਤੇ, ਸਾਰੇ ਕੁਝ ਦੇ ਨਾਂ ’ਤੇ ਕਰ ਦੇਵਾਂਗੇ। ਇਹ ਸਾਨੂੰ ਲੋਕਾਂ ਨੂੰ ਗਧਾ ਬਣਾਉਣ ਦਾ ਇੱਕ ਪ੍ਰੋਜੈਕਟ ਹੈ। ਇਸ ਨੂੰ ਐਵੇ ਨਾ ਸਮਝੋ।

*(ਪੰਜਾਬ ਦ੍ਰਿਸ਼ ਅਤੇ ਦ੍ਰਿਸ਼ਟੀ 252)*

ਚੋਣਾਂ ਦੇ ਦੌਰਾਨ ਰਾਜਨੀਤੀਵਾਨ ਇੰਨਾ ਖਰਚਾ ਕਰਦੇ ਹਨ ਜਿਵੇਂ ਕਿ ਇਸ਼ਤਿਹਾਰਬਾਜ਼ੀ, ਵੱਡੇ ਵੱਡੇ ਹੋਡਿੰਗ ਆਦਿ ਦੇ ਰਾਹੀਂ। ਰਾਜਨੀਤੀਵਾਨਾਂ ਦਾ ਚਿਹਰਾ ਚੋਣਾਂ ਦੇ ਦੌਰਾਨ ਅਤੇ ਚੋਣਾਂ ਤੋਂ ਬਾਅਦ ਕੁਝ ਹੋਰ ਹੀ ਹੁੰਦਾ ਹੈ। ਚੋਣਾਂ ਦੇ ਸਮੇਂ ਘਰ ਘਰ ਜਾ ਕੇ ਇਸ਼ਤਿਹਾਰ ਦੇ ਕੇ ਆਉਂਦੇ ਹਨ। ਸ਼ਹਿਰਾਂ ਤੇ ਕਸਬਿਆਂ ਦੇ ਵੱਡੇ ਹੋਡਿੰਗ ਲੱਗੇ ਹੁੰਦੇ ਹਨ ਜਿਵੇਂ ਕਿ ਪੰਜਾਬ ਦੇ ਵਿੱਚ ਚੋਣਾਂ ਦੇ ਵਿੱਚ ਸੱਤਾ ਪਾਰਟੀਆਂ/ ਵਿਰੋਧੀ ਪਾਰਟੀਆਂ ਨੇ ਆਪਣੇ ਵੱਡੇ ਵੱਡੇ ਹੋਡਿੰਗ ਲਾਏ ਹੋਏ ਸਨ। ਇਹਨਾਂ ਇਸ਼ਤਿਹਾਰਾਂ ਦੀ ਸ਼ਬਦਾਵਲੀ ਨੂੰ ਪੜ੍ਹ ਕੇ, ਹਰ ਇੱਕ ਵੋਟਰ ਸਿਰਫ਼ ਉਹਨਾਂ ਦੀ ਪਾਰਟੀ ਨੂੰ ਹੀ ਜਾ ਮਿਲ ਸਕੇ। ਨੇਤਾ ਲੋਕਾਂ ਦੀਆਂ ਭਾਵਨਾਵਾਂ ਦੇ ਨਾਲ ਖੇਡਣਾ ਜਾਣਦੇ ਹਨ। ਉਹਨਾਂ ਦਾ ਹਰ ਇੱਕ ਕਦਮ ਸੀਟ ਨੂੰ ਮੁੱਖ ਰੱਖ ਕੇ ਹੀ ਹੁੰਦਾ ਹੈ। ਰਵਿੰਦਰ ਰਵੀ ਦੀਆਂ ਕਵਿਤਾਵਾਂ ਦੇ ਵਿੱਚ ਬਹੁ-ਕੰਪਨੀਆਂ ਦੇ ਫੈਲਾਉ ਬਾਰੇ ਚਿਤਰਣ ਕਰਦਾ ਹੈ ਉਸ ਦੀ ਕਵਿਤਾ ਉਤਰ-ਬਸਤੀਵਾਦ ਦੇ ਵਿੱਚ ਦੇਖਿਆ ਜਾ ਸਕਦਾ ਹੈ।

ਇਹ ਨਵ-ਬਸਤੀਵਾਦੀ ਯੁੱਗ ਹੈ
ਬਹੁ ਰਾਸ਼ਟਰੀ ਕੰਪਨੀਆਂ ਦੇ ਹੱਥਾਂ ਵਿੱਚ
ਆਰਥਿਕ ਸੱਤਾ ਦੀ ਡੋਰ ਹੈ
ਕੱਠਪੁੱਤਲੀਆਂ ਵਾਂਗ
ਸਭ ਦੇਸ਼ਾਂ ਦੇ
ਸੱਤਾਧਾਰੀ ਹਿੱਲਦੇ ਹਨ
ਚਿਹਰੇ ਮੁਸਕਰਾਉਂਦੇ, ਹੱਥ ਮਿਲਦੇ ਹਨ। ।

*(ਨਵੀਂ ਸਦੀ ਨਵੀਂ ਫਸਲ 49)*

ਸਰਕਾਰਾਂ ਵੀ ਵੱਡੀਆਂ ਵੱਡੀਆ ਕੰਪਨੀਆਂ ਦੇ ਹੱਥਾਂ ਦੀ ਕੱਠਪੁਤਲੀ ਬਣਦੀਆਂ ਜਾ ਰਹੀਆਂ ਹਨ। ਹਰ ਚੋਣਾਂ ਦੇ ਵਿੱਚ ਰਾਜ ਨੇਤਾ ਵੱਡੇ ਵੱਡੇ ਦਾਅਵੇ ਕਰਦੇ ਹਨ ਪਰ ਉਹ ਦਾਅਵੇ ਚੋਣਾਂ ਹੋ ਜਾਣ ਦੇ ਬਾਅਦ ਭੁੱਲ ਜਾਂਦੇ ਹਨ। ਪੰਜਾਬ ਦੇ ਵਿੱਚ ਬੇਰੁਜ਼ਗਾਰੀ ਬੁਹਤ ਵੱਡੀ ਗੰਭੀਰ ਸਮੱਸਿਆ ਹੈ ਤੇ ਇਹ ਇੱਕ ਬਹੁਤ ਵੱਡਾ ਹੀ ਗੰਭੀਰ ਰਾਜਨੀਤਿਕ ਮੁੱਦਾ ਹੈ। ਜਿਸ ਦਾ ਸਹਾਰਾ ਲੈ ਕੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਆਪਣੀਆਂ ਸਿਆਸੀ ਰੋਟੀਆਂ ਸਮੇਂ ਸਮੇਂ ਸੇਕਦੀਆਂ ਰਹਿੰਦੀਆਂ ਹਨ। ਪੰਜਾਬ ਦੇ ਵਿਚ ਮੌਜੂਦਾ ਸਰਕਾਰ ਨੇ ਘਰ ਘਰ ਨੌਕਰੀ ਦਾ ਵਾਅਦਾ ਕੀਤਾ ਸੀ। ਇਸ ਵਾਅਦੇ ਨੂੰ ਨਿਭਾਉਣ ਦੇ ਵਿੱਚ ਕਿੰਨੀ ਕੁ ਕਾਮਯਾਬ ਹੁੰਦੀ ਹੈ ਇਹ ਵੇਖਣ ਵਾਲੀ ਗੱਲ ਹੈ। ਪਰ ਕੀ ਹਰ ਇੱਕ ਨੂੰ ਸਰਕਾਰੀ ਨੋਕਰੀ ਮਿਲ ਸਕਦੀ ਹੈ। "ਜੇਕਰ ਹਾਂ ਤਾਂ ਕਿਹੜੀ ਨੌਕਰੀ ! ਨੌਕਰੀ ਕਰਨ ਦੇ ਲਈ ਖਾਸ ਯੋਗਤਾ ਦੀ ਲੋੜ ਹੁੰਦੀ ਹੈ। ਕੀ ਇਹ ਸਾਰੇ ਨੌਜਵਾਨਾਂ ਦੇ ਕੋਲ ਲੋੜੀਂਦੀ ਯੋਗਤਾ ਹੈ ਤੇ ਜਿਸ ਆਧਾਰ ਤੇ ਮੌਜੂਦਾ ਸਰਕਾਰ ਉਹਨਾਂ ਨੂੰ ਰੱਖ ਲਵੇਗੀ। ਕਿਸੇ ਵੀ ਸਰਕਾਰ ਕੋਲ ਜਾਦੂ ਦੀ ਛੜੀ ਨਹੀ ਜਿਸ ਨਾਲ ਉਹ ਸਾਰਿਆਂ ਨੂੰ ਕੰਮ ਤੇ ਲਾ ਦੇਵੇ। ਸਾਰਿਆਂ ਦੇ ਵਿੱਚ ਨੌਕਰੀ ਦਾ ਹੁਨਰ ਪੈਦਾ ਕਰ ਸਕੇ।" *(ਪੰਜਾਬ ਬੇਰੁਜ਼ਗਾਰੀ ਦਾ ਜਾਂ ਬੇਰੁੱਖੀ ਦਾ ਸ਼ਿਕਾਰ www.dailypunjabtimes. com)*

ਸਰਕਾਰਾਂ ਆਪਣੇ ਦਾਅਵੇ ਤਾਂ ਵੱਡੇ ਕਰਦੀਆਂ ਹਨ ਜਦੋਂ ਉਹਨਾਂ ਦਾਅਵਿਆਂ ਨੂੰ ਪੂਰਾ ਕਰਨ ਦਾ ਵਕਤ ਆਉਂਦਾ ਹੈ ਉਸ ਸਮੇਂ ਆਪਣੇ ਹੀ ਬੋਲੇ ਸ਼ਬਦਾਂ ਤੋਂ ਮੁਕਰ ਜਾਂਦੀਆਂ ਹਨ। ਸਰਕਾਰਾਂ ਚੋਣਾਂ ਦੇ ਵਕਤ ਕੁਝ ਹੋਰ ਅਤੇ ਚੋਣਾਂ ਤੋਂ ਬਾਅਦ ਕੁਝ ਹੋਰ ਹੁੰਦੀਆਂ ਹਨ। ਸਰਕਾਰਾਂ ਆਪਣੇ ਪ੍ਰਚਾਰ ਦੇ ਵਿੱਚ ਪ੍ਰੈੱਸ ਕਾਨਫ਼ਰੰਸ ਨੂੰ ਵੀ ਸ਼ਾਮਿਲ ਕਰਦੀਆਂ ਹਨ। ਪ੍ਰੈਸ ਕਾਨਫ਼ਰੰਸਾਂ ਦੇ ਰਾਹੀਂ ਸਿੱਧਾ ਲੋਕਾਂ ਨਾਲ ਸੰਪਰਕ ਕਰਦੇ ਅਤੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹਨ। ਪ੍ਰੈਸ ਕਾਨਫੰਰਸਾਂ ਦੇ ਵਿੱਚ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਦੇ ਪੱਤਰਕਾਰ ਸ਼ਾਮਿਲ ਹੁੰਦੇ ਹਨ। ਦੂਜਿਆਂ ਉੱਤੇ ਨਿਸ਼ਾਨਾ ਕੱਸਣ ਦੇ ਲਈ ਪ੍ਰੈਸ ਕਾਨਫ਼ਰੰਸ ਦੀ ਲੋੜ ਪੈਂਦੀ ਹੈ ਜਿਵੇਂ ਕਿ ਸੱਤਾ ਜਾਂ ਵਿਰੋਧੀ/ਸਰਕਾਰਾਂ ਰਾਜ ਦੇ ਵਿੱਚ ਹੋਏ ਕੰਮਾਂ ਦੇ ਲਈ ਸਿੱਧਾ ਨਿਸ਼ਾਨਾ ਲਗਾਉਂਦੇ ਹਨ। ਚੋਣਾਂ ਤੋਂ ੪8 ਘੰਟੇ ਪਹਿਲਾਂ ਪ੍ਰੈੱਸ ਕਾਨਫ਼ਰੰਸ ਕਰਨ ਦੀ ਮਨਾਹੀ ਹੁੰਦੀ ਹੈ। ਪ੍ਰਿੰਟ ਮੀਡੀਆ ਅਤੇ ਇਲੈਕਟ੍ਰੌਨਿਕ ਮੀਡੀਆ ਅਹਿਮ ਸਾਧਨ ਬਣ ਗਏ ਹਨ। ਚੋਣਾਂ ਦੇ ਸਮੇਂ ਦਫ਼ਤਰ ਵੀ ਖੋਲ੍ਹੇ ਜਾਂਦੇ ਹਨ।

ਦੁਕਾਨਾਂ ਨੂੰ ਕਰਾਏ ਤੇ ਲਿਆ ਜਾਂਦਾ ਹੈ। ਉਹਨਾਂ ਚੋਣਾਂ ਤੋਂ ਬਾਅਦ ਦਫ਼ਤਰਾਂ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਰਾਜਨੀਤਿਕ ਪਾਰਟੀਆਂ ਦੇ ਦਫ਼ਤਰ 10 ਚੰਡੀਗੜ੍ਹ ਦੇ ਵਿੱਚ ਹਨ। ਇਹ ਮੇਨ ਦਫ਼ਤਰ ਹਨ, ਚੋਣ ਦੇ ਸਮੇਂ ਦੇ ਵਿੱਚ ਵੱਡੇ ਸ਼ਹਿਰ ਤੋ ਲੈ ਕੇ ਛੋਟੇ ਸ਼ਹਿਰ ਦੇ ਵਿੱਚ ਦਫ਼ਤਰ ਖੋਲ੍ਹੇ ਹੋਏ ਮਿਲ ਜਾਂਦੇ ਹਨ। ਚੋਣਾਂ ਤੋਂ ਬਾਅਦ ਉਹ ਦਫ਼ਤਰ ਫਿਰ ਖੋਲ੍ਹੇ ਨਹੀ ਜਾਂਦੇ। ਲੋਕਾਂ ਨੂੰ ਚੋਣਾਂ ਦੇ ਸਮੇਂ ਹਰ ਪੱਖ ਨਾਲ ਵਰਗਲਾਉਣ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਦਾ ਮਾਧਿਅਮ ਵਸਤਾਂ ਨੂੰ ਬਣਾਉਂਦੇ ਹਨ। ਲੋਕਾਂ ਨੂੰ ਵਸਤਾਂ ਦਾ ਲਾਲਚ ਦੇ ਕੇ ਵੋਟ ਪਾਉਣ ਲਈ ਫਸਾਉਂਦੇ ਹਨ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ," ਲੋਕਾਂ ਨੂੰ ਇਹਨਾਂ ਦੇ ਲਾਲਚ ਵਿੱਚ ਨਹੀਂ ਆਉਣਾ ਚਾਹੀਦਾ, ਆਪਣੀ ਸਮਝ ਅਨੁਸਾਰ ਕੰਮ ਲੈਣਾ ਚਾਹੀਦਾ।" *(ਰਤਿੰਦਰ ਕੌਰ. ਅਸਿਸਟੈਂਟ ਪ੍ਰੋਫੈਸਰ. ਐੱਸ. ਐੱਸ ਡੀ ਗਰਲਜ਼. ਕਾਲਜ ਬਠਿੰਡਾ)*

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਨੇਤਾ ਦਾ ਕੰਮ ਚੋਣਾਂ ਤੱਕ ਹੀ ਲੋਕਾਂ ਦੇ ਨਜ਼ਦੀਕ ਰਹਿਣਾ ਹੁੰਦਾ ਹੈ। ਚੋਣਾਂ ਤੋਂ ਬਾਅਦ ਨੇਤਾ ਵੀ.ਆਈ.ਪੀ ਬਣ ਜਾਂਦੇ ਹਨ। ਲੋਕਾਂ ਦੇ ਕੋਲ ਆਉਣ ਜਾਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਘੱਟ ਹੀ ਆਉਂਦੇ ਹਨ। ਲੋਕਾਂ ਦਾ ਆਪਣੀਆਂ ਮੁਸ਼ਕਿਲਾਂ ਨੂੰ ਉਹਨਾਂ ਤੱਕ ਲੈ ਕੇ ਜਾਣਾ ਆਦਿ ਨੂੰ ਕੁਝ ਕੁ ਸੰਵਦੇਨਸ਼ੀਲ ਨੇਤਾਵਾਂ ਦੇ ਦੁਆਰਾ ਸੁਲਝਾਇਆ ਜਾਂਦਾ ਹੈ।

## 4.2 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਰਾਜਨੀਤੀ ਦਾ ਬਣਾਉਟੀਪਨ

ਰਾਜਨੀਤੀਵਾਨ ਦੋਹਰੇ ਚਿਹਰੇ ਦੇ ਮਾਲਕ ਹੁੰਦੇ ਹਨ। ਬਣਾਉਟੀਪਨ ਉਹਨਾਂ ਦੇ ਵਿੱਚ ਵਸਿਆ ਹੁੰਦਾ ਹੈ। ਰਾਜਨੀਤੀਵਾਨਾਂ ਦੇ ਅਸਲ ਚਿਹਰੇ ਦੀ ਪਹਿਚਾਣ ਕਰਨੀ ਔਖੀ ਹੁੰਦੀ ਹੈ। ਨੇਤਾ ਸੱਤਾ ਦੇ ਲਾਲਚ ਵਿੱਚ ਦੋਹਰੀ ਨੀਤੀ ਵਿੱਚ ਰਹਿੰਦੇ ਹਨ। ਇੱਕ ਲੋਕਾਂ ਦੇ ਹੱਕ ਦੇ ਵਿੱਚ ਅਤੇ ਇੱਕ ਲੋਕਾਂ ਦੇ ਵਿਰੋਧ ਦੇ ਵਿਚ ਖੜ੍ਹਦੇ ਹਨ। ਰਾਜਨੀਤੀਵਾਨ ਦੇ ਵਿੱਚ ਵੀ ਬਣਾਉਟੀਪਨ ਨਜ਼ਰ ਆਉਂਦਾ ਹੈ। ਭਰਵਾਈ ਗਈ ਪ੍ਰਸ਼ਨਾਵਲੀ ਦੇ ਕਥਨ ਅਨੁਸਾਰ, "ਰਾਜਨੀਤੀ ਲੋਕਾਂ ਦੀ ਬਿਹਤਰੀ ਇਸ ਗੱਲ ਦੇ ਵਿੱਚ ਹੋਣੀ ਚਾਹੀਦੀ ਹੈ ਨਾ ਕਿ ਦਿਖਾਵੇ ਲਈ।" *(ਪਰਮਿੰਦਰ ਕੋਰ. ਅਸਿਸਟੈਂਟ ਪ੍ਰੋਫੈਸਰ. ਭਾਈ ਆਸਾ ਸਿੰਘ ਗਰਲਜ਼ ਕਾਲਜ. ਬਠਿੰਡਾ)*

ਰਾਜਨੀਤੀ ਦਾ ਮਤਲਬ ਹੀ ਲੋਕ ਭਲਾਈ ਹੁੰਦਾ ਹੈ। ਅਜੋਕੇ ਰਾਜਨੀਤੀਵਾਨਾਂ ਦੇ ਵਿਚੋਂ ਬਹੁਤ ਘੱਟ ਨੇਤਾ ਹਨ, ਜਿਹੜੇ ਆਮ ਲੋਕਾਂ ਦੀ ਭਲਾਈ ਦੀ ਸੋਚ ਰੱਖਦੇ ਹਨ। ਸਮਾਜ ਮਨੁੱਖ ਦਾ ਸ਼ੀਸ਼ਾ ਹੁੰਦਾ ਹੈ। ਉਸੇ ਤਰ੍ਹਾਂ ਨੇਤਾ ਵੀ ਸਮਾਜ ਦੇ ਦਰਪਣ ਹੁੰਦੇ ਹਨ। ਸਮਾਜ ਨੂੰ ਬਦਲਣ ਦੀ ਸਮਰੱਥਾ ਨੇਤਾ ਦੇ ਕੋਲ ਹੀ ਹੁੰਦੀ ਹੈ। ਨੇਤਾਵਾਂ ਦੇ ਕੋਲ ਅਸੀਮ ਤਾਕਤਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵਰਤ ਸਕਦੇ ਹਨ। ਸਮਾਜ ਦੇ ਵਿੱਚ ਨੇਤਾ ਦੋ ਤਰ੍ਹਾਂ ਦੇ ਹੁੰਦੇ ਹਨ ਚੰਗੇ ਤੇ ਮੰਦੇ। ਚੰਗਿਆਂ ਨੇਤਾਵਾਂ ਦੇ ਕੋਲ ਸਮਾਜ ਦੀ ਭਲਾਈ ਹੀ ਵਿਦਮਾਨ ਰਹਿੰਦੀ ਹੈ। ਦੂਸਰੇ ਨੇਤਾ ਦੋਗਲੇ ਚਿਹਰੇ ਵਾਲੇ ਹੁੰਦੇ ਹਨ। ਉਹਨਾਂ ਦੇ ਚਿਹਰੇ ਸਮਾਜ ਦੇ ਲਈ ਕੁਝ ਹੋਰ ਅਤੇ ਆਪਣੇ ਹਿੱਤਾਂ ਦੇ ਲਈ ਕੁਝ ਹੋਰ ਹੁੰਦੇ ਹਨ। ਇਸ ਅਧਿਆਇ ਦੇ ਵਿੱਚ ਰਾਜਨੀਤੀਵਾਨਾਂ ਦੇ ਵਿੱਚ ਬਨਾਵਟੀਪਨ ਦਾ ਅਧਿਐਨ ਕੀਤਾ ਜਾਵੇਗਾ।

ਡਾ. ਭੀਮ ਇੰਦਰ ਸਿੰਘ ਦੀ ਧਾਰਨਾ ਹੈ ਕਿ

> ਅਜੋਕੀ ਸੱਤਾ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਫੈਲਾਉਣ ਲਈ ਕੇਂਦਰੀ ਧੁਰੇ ਵਾਂਗ ਕਾਰਜ ਕਰ ਰਹੀ ਹੈ। ਸੱਤਾ ਸਾਡੇ ਕਿਸਾਨਾਂ, ਦਲਿਤਾਂ,ਔਰਤਾਂ, ਘੱਟ ਗਿਣਤੀਆਂ, ਮਨੁੱਖੀ ਅਧਿਕਾਰਾਂ, ਵਾਤਾਵਰਣਿਕ ਸਰੋਕਾਰਾਂ, ਖਪਤਵਾਦ, ਬਜ਼ਾਰਵਾਦ, ਸੱਟੇਬਾਜ਼ੀ, ਡੇਰਾਵਾਦ ਆਦਿ ਮੁੱਦਿਆਂ ਦੇ ਸਥਾਈ ਹੱਲ ਲੱਭਣ ਤੇ ਕੰਨੀ ਕਤਰਾ ਰਹੀ ਹੈ। ਸੱਤਾ ਹਾਸਿਲ ਕਰਨ ਲਈ ਹੁਣ ਨੈਤਿਕਤਾ, ਅਹਿੰਸਾ, ਪਰਉਪਕਾਰ ਆਦਿ ਮਾਨਤਾਵਾਂ ਪੁਰਾਣੀਆਂ ਹੋ ਚੁੱਕੀਆਂ ਹਨ। ਕੇਂਦਰ ਵਿਚ ਮੋਦੀ ਸਰਕਾਰ ਆਉਣ ਤੋਂ ਬਾਅਦ ਸੱਤਾ ਹਰ ਦਿਨ ਭ੍ਰਿਸ਼ਟ, ਫਿਰਕਾਪ੍ਰਸਤ, ਅਪਰਾਧੀ, ਫਾਸ਼ੀਵਾਦੀ ਬਣਦੀ ਜਾ ਰਹੀ ਹੈ। ਹੁਣ ਇਹ ਆਪਣੇ ਆਪ ਵਿਚ ਹੀ ਇਹ ਗੰਭੀਰ ਬਿਮਾਰੀ ਬਣ ਚੁੱਕੀ ਹੈ।
>
> *(ਸੱਤਾ ਸੰਘਰਸ਼ ਅਤੇ ਸਾਹਿਤ 8)*

**ੳ)** **ਬਨਾਵਟੀਪਨ** : 20 ਵੀ. ਸਦੀ ਨਵੇਂ ਆਵਿਸ਼ਕਾਰ ਲੈ ਕੇ ਆਈ ਹੈ। ਸਮਾਜ ਨੂੰ ਤਕਨੀਕੀ ਜੜ੍ਹਾਂ ਦੇ ਨਾਲ ਜੋੜ ਦਿੱਤਾ ਹੈ। ਸਮਾਜ ਦੇ ਵਿੱਚ ਕੁਝ ਅਜਿਹੇ ਨੇਤਾ ਵੀ ਹਨ, ਜਿਨ੍ਹਾਂ ਦਾ ਮੁੱਖ ਮਕਸਦ ਆਪਣੀ

ਭਲਾਈ ਹੀ ਹੈ। ਕਈ ਨੇਤਾ ਬਿਨ੍ਹਾਂ ਚੋਣਾਂ ਤੋਂ ਪਾਰਟੀ ਦੇ ਵਰਕਰ ਹੋਣ ਦੇ ਨਾਤੇ ਨੇਤਾ ਬਣਾ ਦਿੱਤੇ ਜਾਂਦੇ ਹਨ। ਇਸ ਦੇ ਪਿੱਛੇ ਸ਼ਿਫਾਰਸ਼ ਜਾਂ ਪੈਸੇ ਦੀ ਤਾਕਤ ਕੰਮ ਕਰਦੀ ਹੈ। ਇਹ ਨੇਤਾ ਆਪਣਾ ਜੀਵਨ ਐਸ਼ੋ- ਆਰਾਮ ਦੇ ਨਾਲ ਬਤਾਉਂਦੇ ਹਨ। "ਜਿਸ ਦੇਸ਼ ਦੇ ਵਿੱਚ 35 ਕਰੋੜ ਆਬਾਦੀ ਰਾਤਾਂ ਨੂੰ ਭੁੱਖੀ ਸੌਂਦੀ ਹੋਵੇ, ਹਰ ਰੋਜ਼ ਹਜਾਰਾਂ ਬੱਚੇ ਭੁੱਖ ਅਤੇ ਕੁਪੋਸ਼ਣ ਨਾਲ ਮਰਦੇ ਹੋਣ, 18 ਕਰੋੜ ਲੋਕ ਝੁੱਗੀਆਂ ਵਿੱਚ ਰਹਿੰਦੇ ਹੋਣ, 18 ਕਰੋੜ ਲੋਕ ਫੁੱਟਪਾਥਾਂ 'ਤੇ ਸੌਂਦੇ ਹੋਣ ਅਤੇ ਲਗਭਗ 80 ਕਰੋੜ ਲੋਕ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਾ ਕਰ ਪਾਉਂਦੇ ਹੋਣ, ਉੱਥੇ ਇਨ੍ਹਾਂ ਲੋਕਾਂ ਦੀ ਅਗਵਾਈ ਕਰਨ ਵਾਲਿਆਂ ਦਾ ਸਾਲਾਨਾ (ਕੇਂਦਰ ਤੇ ਰਾਜਾਂ ਦੇ ਸਾਰੇ ਮੰਤਰੀਆਂ, ਸੰਸਦ ਮੈਬਰਾਂ, ਵਿਧਾਇਕਾਂ ਨੂੰ ਮਿਲਾ ਕੇ) ਖਰਬਾਂ ਰੁਪਏ ਖਰਚ ਹੁੰਦੇ ਹਨ।" *(ਚੋਰ, ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ 3)*

ਭਾਰਤ ਦੇਸ਼ ਦੀ ਆਬਾਦੀ ਅਤੇ ਬੇਰੁਜਗਾਰੀ ਵਿਕਸਿਤ ਦੇਸ਼ਾਂ ਦੇ ਨਾਲੋਂ ਜ਼ਿਆਦਾ ਹੈ। ਇੱਥੋਂ ਦੇ ਨੇਤਾ ਦੁਨੀਆਂ ਭਰ ਦੇ ਨੇਤਾਵਾਂ ਨਾਲੋਂ ਅਮੀਰ ਹਨ। ਇਹਨਾਂ ਨੇਤਾਵਾਂ ਨੂੰ ਮਿਲੀਆਂ ਹੋਈਆਂ ਸਹੂਲਤਾਂ ਨਾਲ ਰਾਜੇ-ਮਹਾਰਾਜਿਆਂ ਵਾਲਾ ਜੀਵਨ ਬਤੀਤ ਕਰਦੇ ਹਨ। ਇਹਨਾਂ ਨੇਤਾਵਾ ਦੇ ਬੰਗਲੇ, ਗੱਡੀਆਂ ਤੇ ਸੁਰੱਖਿਆ ਕਰਮਚਾਰੀਆਂ ਉੱਤੇ ਖਰਚ ਇੰਨਾ ਕੀਤਾ ਹੁੰਦਾ ਹੈ, ਇਵੇਂ ਲੱਗਦਾ ਹੈ ਕਿ ਨੇਤਾਵਾਂ ਨੂੰ ਆਪਣੇ ਮਤਲਬ ਤੱਕ ਦੀ ਰਾਜਨੀਤੀ ਕਰਨੀ ਆਉਂਦੀ ਹੈ। ਨੇਤਾ ਬਣਨ ਤੋਂ ਬਾਅਦ ਹਰ ਪਾਸੇ ਤੋਂ ਸਹੂਲਤਾਂ ਹੀ ਮਿਲ ਜਾਂਦੀਆਂ ਹਨ। ਇਹਨਾਂ ਦੀ ਮਹੀਨੇ ਦੀ ਤਨਖ਼ਾਹ ਸਧਾਰਨ ਆਦਮੀ ਨਾਲੋਂ ਵੀ ਕਿਤੇਂ ਵੱਧ ਹੁੰਦੀ ਹੈ।

ਇਹਨਾਂ ਦੀ ਸ਼ਾਨੋ-ਸ਼ੋਕਤ ਦੇਖਣ ਤੋਂ ਨਹੀ ਲੱਗਦਾ ਕਿ ਨੇਤਾਵਾਂ ਨੇ ਆਪਣੀ ਕਮਾਈ ਨਾਲ ਵੱਡੇ ਵੱਡੇ ਬੰਗਲੇ ਬਣਾਏ ਹਨ। ਦੁਨੀਆਂ ਭਰ ਦੇ ਕਿਸੇ ਵੀ ਸਫ਼ਰ ਤੇ ਜਾਣਾ ਹੋਵੇ, ਇਹ ਬਿਲਕੁਲ ਹੀ ਫਰੀ ਸਫ਼ਰ ਕਰਦੇ ਹਨ। ਇਹਨਾਂ ਨੇਤਾਵਾਂ ਦੀ ਇਕ ਵਾਰ ਨੇਤਾ ਬਣਨ ਉੱਤੇ ਤਨਖਾਹ/ਪੈਨਸ਼ਨ ਕਾਇਮ ਰਹਿੰਦੀ ਹੈ। ਪਰ ਸਰਕਾਰ ਨੇ ਲੋਕਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਹੈ। ਸੋਚਣਵਾਲੀ ਗੱਲ ਹੈ ਕਿ ਇੰਨੀ ਮਹਿੰਗਾਈ ਦੇ ਵਿੱਚ ਲੋਕਾਂ ਦਾ ਗੁਜ਼ਾਰਾ ਔਖਾ ਹੋ ਜਾਂਦਾ ਹੈ। ਇਹ ਇੱਕ ਭਾਂਤ ਦੀ ਬੇਇਨਸਾਫੀ ਹੈ।

ਕੁਰਸੀ ਨੂੰ ਉਸਨੇ

ਸ਼ਕਤੀ ਦਾ ਸਮ- ਆਰਥਕ ਸਮਝ ਲਿਆ।

ਸਭ ਕੁਝ ਯਾਦ ਹੁੰਦਿਆਂ ਹੋਇਆ ਵੀ,

ਸਭ ਕੁਝ ਭੁੱਲ ਗਿਆ। *(ਛਾਵੇਂ ਤੇ ਪਰਛਾਵੇਂ106)*

ਭਾਰਤ ਦੇ ਮੁਕਾਬਲੇ ਦੂਸਰੇ ਦੇਸ਼ਾਂ ਦੇ ਨੇਤਾਵਾਂ ਦੀ ਇਮਾਨਦਾਰੀ ਤੇ ਸਮਾਜ ਭਲਾਈ ਦੀ ਚਰਚਾ ਹੁੰਦੀ ਰਹਿੰਦੀ ਹੈ। ਭਾਰਤ ਦੇ ਨੇਤਾ ਤੇ ਦੂਸਰੇ ਦੇਸ਼ ਦੇ ਨੇਤਾ ਦੇ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਹਨਾਂ ਵੱਲੋਂ ਕੀਤਾ ਗਿਆ ਵਿਕਾਸ ਕਾਗਜ਼ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ। ਅਰੁੰਧਤੀ ਰਾਏ ਦੀ ਧਾਰਨਾ ਹੈ ਕਿ ਵਿਕਾਸ ਬਾਰੇ ਸਮੁੱਚੀ ਬਹਿਸ ਇੱਕ ਘੁਟਾਲਾ ਹੈ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਜੋ ਉਹ ਆਪਣੇ ਪ੍ਰੋਜੈਕਟ ਰਿਪੋਰਟਾਂ ਵਿਚ ਕਹਿੰਦੇ ਹਨ ਅਤੇ ਜੋ ਅਸਲੀਅਤ ਵਿਚ ਵਾਪਰਦਾ ਹੈ ਇਹ ਦੋ ਪੂਰੀ ਤਰ੍ਹਾਂ ਵੱਖੋ-ਵੱਖਰੀਆਂ ਚੀਜ਼ਾਂ ਹਨ। ਉਨ੍ਹਾਂ ਨੇ ਕਾਗਜ਼ਾਂ ਉਪਰ ਇਸ ਨੂੰ ਸਹੀ ਠਹਿਰਾਉਣਾ ਦੀ ਕਲਾ 'ਚ ਮੁਹਾਰਤ ਬਣਾ ਲਈ ਹੈ ਪਰ ਜੋ ਜ਼ਮੀਨੀ ਪੱਧਰ 'ਤੇ ਹੋ ਰਿਹਾ ਹੈ ਉਸ ਨਾਲ ਇਸ ਦਾ ਕੋਈ ਲੈਣਾ ਦੇਣਾ ਨਹੀ ਹੈ।" *(ਜਮਹੂਰੀਅਤ ਕਟਹਿਰੇ ਵਿੱਚ 24)*

**ਅ) ਪਰਿਵਾਰਵਾਦ** : ਭਾਰਤ ਦੀਆਂ ਪ੍ਰਮੁੱਖ ਪਾਰਟੀਆਂ ਜਿਨ੍ਹਾਂ ਉੱਤੇ ਨਾਮਵਰ ਸ਼ਖ਼ਸ਼ੀਅਤਾਂ ਦਾ ਰਾਜ ਹੈ। ਭਾਰਤ ਦਾ ਕੋਈ ਕਿੱਤਾ ਹੋਵੇ ਜਾਂ ਰੀਤੀ, ਪੀੜ੍ਹੀ ਦਰ ਪੀੜ੍ਹੀ ਚਲਦੀ ਆਈ ਹੈ। ਉਸ ਤਰ੍ਹਾਂ ਰਾਜਨੀਤਿਕ ਪਾਰਟੀਆਂ ਦੀ ਵਾਂਗਡੋਰ ਵੀ ਪਾਰਟੀ ਦੇ ਵਾਰਿਸਾਂ ਦੇ ਹੱਥ ਵਿੱਚ ਹੈ ਜਿਵੇਂ ਕਿ ਸੱਤਾ ਪਾਰਟੀਆਂ/ ਵਿਰੋਧੀ ਪਾਰਟੀਆਂ ਆਦਿ। ਇਹੋ ਜਿਹਾ ਘਪਲਾ ਪਾਰਟੀਆਂ ਦੇ ਵਿੱਚ ਕਦੋਂ ਦਾ ਚਲਦਾ ਆ ਰਿਹਾ ਹੈ। ਕੁਝ ਕਿਹਾ ਵੀ ਨਹੀ ਜਾ ਸਕਦਾ ਹੈ। ਨਵੇਂ ਨੇਤਾਵਾਂ ਦੇ ਦੁਆਰਾ ਪਾਰਟੀ ਦੇ ਵਿੱਚ ਜਗ੍ਹਾ ਬਣਾਉਣੀ ਔਖੀ ਜਾਪਦੀ ਹੈ ਜਿਨ੍ਹਾਂ ਦਾ ਪਾਰਟੀ ਦੇ ਵਿੱਚ ਕੋਈ ਗੁਰੂ ਨਹੀ, ਜੋ ਉਹਨਾਂ ਨੂੰ ਆਸਰਾ ਦੇ ਸਕਣ। 1947 ਦੀ ਵੰਡ ਤੋਂ ਬਾਅਦ ਭਾਰਤ ਵਿੱਚ ਇੱਕ ਹੀ ਮੁੱਖ ਪਾਰਟੀ ਸੀ, ਜੋ ਸੱਤਾ ਦੇ ਵਿੱਚ ਆਈ। ਸੱਤਾ ਪਾਰਟੀ ਦੇ ਵਿੱਚ ਮੈਂਬਰ ਵੱਡੇ ਵੱਡੇ ਪਰਿਵਾਰਾਂ ਨਾਲ ਸੰਬੰਧ ਰੱਖਦੇ ਹਨ। ਉਹਨਾਂ ਸਾਰਿਆਂ ਨੇ ਵਿਦੇਸ਼ੀ ਧਰਤੀ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ

ਤੇ ਉੱਥੋਂ ਦੇ ਪ੍ਰਭਾਵਾਂ ਦਾ ਪੈਣਾ ਸੁਭਾਵਿਕ ਹੀ ਸੀ। ਦੇਸ਼ ਦੇ ਆਜ਼ਾਦ ਹੋਣ ਤੋਂ ਲੈ ਕੇ ਵੱਖੋ ਵੱਖਰੀ ਪਾਰਟੀਆਂ ਦੇ ਵਿੱਚ ਤੀਸਰੀ ਪੀੜ੍ਹੀ ਦਾ ਪ੍ਰਵੇਸ਼ ਹੋਣਾ ਸ਼ੁਰੂ ਹੋ ਗਿਆ। "ਸੰਸਦ ਦੀ ਸੂਚੀ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਰਾਜਸੀ ਪਰਿਵਾਰਾਂ ਲਈ ਜ਼ਮੀਨ ਜਿੰਨੀ ਭਾਰਤ 'ਚ ਉਪਜਾਊ ਉਨ੍ਹੀ ਦੁਨੀਆਂ 'ਚ ਹੋਰ ਕਿਧਰੇ ਨਹੀ ਹੈ। 16ਵੀਂ ਲੋਕ ਸਭਾ ਦੇ ਕਰੀਬ 1/3 ਮੈਂਬਰ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਦੇ ਰਿਸ਼ਤੇਦਾਰ ਹਨ ਅਤੇ ਕੋਈ ਸ਼ੱਕ ਨਹੀ ਕਿ ਉਹਨਾਂ ਦੀ ਗਿਣਤੀ ਵਧਦੀ ਰਹੇਗੀ। ਇਹ ਵਿਚਾਰਧਾਰਾ ਤੇ ਪਰਿਵਾਰਵਾਦ ਦੀ ਜਿੱਤ ਹੈ*।"(ਡਾ. ਅਜੀਤਪਾਲ ਸਿੰਘ ਐਮ.ਡੀ . ਕਟਿਹਰੇ 'ਚ ਰਾਜਨੀਤੀ 173)*

ਇਸਦੇ ਵਿੱਚ ਕੋਈ ਸ਼ੱਕ ਨਹੀ ਹੈ ਕਿ ਭਾਰਤ ਦੇ ਵਿੱਚ ਰਾਜਨੀਤੀ ਚੋਣ ਕਰਨ ਦੇ ਲਈ ਲੜ ਕੇ ਨਹੀ ਸਗੋਂ ਨੇਤਾਵਾਂ ਨੂੰ ਜੱਦੀ ਮਿਲਦੀ ਹੈ। ਭਾਰਤ ਦੇ ਵਿੱਚ ਅਜਿਹੀਆਂ ਕਈ ਉਦਾਹਰਨਾਂ ਮਿਲ ਜਾਣਗੀਆਂ। ਬ੍ਰਿਟੇਨ ਦੀ ਰਹਿਣ ਵਾਲੀ ਇਸਤਰੀ ਲੰਮੇਰੇ ਸਮੇਂ ਤੋਂ ਭਾਰਤ ਦੇ ਵਿੱਚ ਰਾਜ ਕਰ ਰਹੀ ਅਤੇ ਅੱਗੋਂ ਉਸੇ ਪਰਿਵਾਰ ਦੀ ਪੀੜ੍ਹੀ ਰਾਜ ਕਰਨ ਲਈ ਤਿਆਰ ਬੈਠੀ ਹੈ। ਇਸੇ ਤਰ੍ਹਾਂ ਹੀ ਵੱਖੋ ਵੱਖਰੀਆਂ ਪਾਰਟੀਆਂ ਆਪਣੇ ਪਰਿਵਾਰਾਂ ਜਾਂ ਰਿਸ਼ਤੇਦਾਰ ਦੇ ਲਈ ਪਾਰਟੀ ਦੇ ਵਿੱਚ ਰਾਖਵਾਂਕਰਨ ਕਰਦੇ ਹਨ। ਕੋਈ ਵਿਰਲਾ ਹੀ ਨੇਤਾ ਹੋਵੇਗਾਂ ਜੋ ਜ਼ਮੀਨ ਪੱਧਰ ਤੋਂ ਉੱਚ ਪੱਧਰੀ ਤੱਕ ਖ਼ੁਦ ਸਫਲਤਾ ਦੀ ਪੌੜੀ ਚੜ੍ਹ ਗਿਆ ਹੋਵੇ। "ਪਿਛਲੇ ਸਮੇਂ ਦੌਰਾਨ ਪੰਜਾਬ ਦੀ ਸਿਆਸਤ ਵਿਚ ਭਾਵੇਂ ਧਾਰਮਿਕ ਮੂਲਵਾਦ ਅਤੇ ਕੇਂਦਰ ਨਾਲ ਤਨਾਵਾਂ ਵਿਚ ਕਮੀ ਆਈ ਪਰ ਵੱਖ-ਵੱਖ ਪਾਰਟੀਆਂ ਵਿਚ ਮੌਕਾਪ੍ਰਸਤੀ, ਪਰਿਵਾਰਵਾਦ ਤੇ ਗਰੁੱਪਬਾਜ਼ੀ ਦੀ ਸਿਆਸਤ ਵਿਚ ਭਰਪੂਰ ਵਾਧਾ ਹੋਇਆ।"(ਸੱਤਾ, ਸ਼ੰਘਰਸ਼ ਅਤੇ ਸਾਹਿਤ 53)

ਭਾਰਤ ਦੇ ਵਿੱਚ ਬਹੁਤ ਪਾਰਟੀਆਂ ਧਰਮ ਜਾਂ ਜਾਤ ਦੇ ਨਾਲ ਹੀ ਸੰਬੰਧਿਤ ਹਨ। ਵੱਖਵਾਦੀ ਕਿਸਮ ਦਾ ਵਤੀਰਾ ਚਲਦਾ ਹੀ ਆ ਰਿਹਾ ਹੈ। ਜਦੋਂ 1977 ਦੀਆਂ ਚੋਣਾਂ ਵਿੱਚ ਸੱਤਾ ਪਾਰਟੀ ਚੋਣਾਂ ਹਾਰ ਗਈ, ਫਿਰ ਜਦੋਂ ਚੋਣਾਂ ਜਿੱਤਕੇ ਸੱਤਾ ਦੇ ਵਿੱਚ ਆ ਗਈ ਪਰੰਤੂ ਜੋ ਬਾਅਦ ਵਿੱਚ ਹੋਇਆ ਉਹ ਲੋਕਾਂ ਦੀ ਸੋਚਣੀ ਦੇ ਉਲਟ ਹੋਇਆ ਸੀ। ਇਹਨਾਂ ਚੋਣਾਂ ਨੇ ਰਾਜਸੀ ਪਰਿਵਾਰਾਂ ਦੀ ਪਕੜ ਨੂੰ ਮਜ਼ਬੂਤ ਕੀਤਾ ਸੀ। ਡਾ. ਅਜੀਤਪਾਲ ਸਿੰਘ ਐਮ .ਡੀ ਦੀ ਧਾਰਨਾ ਹੈ ਕਿ " ਨਹਿਰੂ ਦੀ ਲੋਤਤੰਤਰ ਸ਼ਾਖ ਨੂੰ ਬੱਟਾ ਲੱਗਿਆ ਜਦੋਂ

ਉਹਨਾਂ ਨੇ ਧੀ ਇੰਦਰਾ ਨੂੰ ਭਾਰਤੀ ਕੌਮੀ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਸੀ। ਦੋ ਦਹਾਕੇ ਪਿੱਛੋਂ ਪਰਿਵਾਰਵਾਦ ਦਾ ਸ਼ਿਕਾਰ ਹੋ ਗਈ ਜਦੋਂ ਉਹ ਪਹਿਲਾਂ ਸੰਜੇ ਗਾਂਧੀ ਤੇ ਫਿਰ ਉਹਨਾਂ ਦੀ ਮੌਤ ਪਿੱਛੋਂ ਰਾਜੀਵ ਗਾਂਧੀ ਨੂੰ ਲੈ ਕੇ ਆਈ। ਪਰ ਪਰਿਵਾਰਵਾਦ ਨੂੰ ਹੱਲਾਸ਼ੇਰੀ ਦੇਣ ਦਾ ਸ਼ੋਰ ਜਲਦੀ ਠੰਡਾ ਪੈ ਗਿਆ। ਜਦ ਇਕ ਤੋਂ ਬਾਅਦ ਇਕ ਦੂਜੇ ਨੇਤਾ ਆਪਣੇ ਬੇਟੇ ਬੇਟੀਆਂ ਤੇ ਕਰੀਬੀ ਰਿਸ਼ਤੇਦਾਰਾਂ ਨੂੰ ਰਾਜਨੀਤੀ 'ਚ ਲਿਆਉਣ ਲੱਗੇ ਤੇ ਉਨ੍ਹਾਂ ਲੋਕਾਂ ਨੂੰ ਦਰਕਿਨਾਰੇ ਕਰਨ ਲੱਗੇ ਜਿਹਨਾਂ ਨੇ ਉਹਨਾਂ ਦੀਆਂ ਪਾਰਟੀਆਂ ਨੂੰ ਲੰਮੇ ਸਮੇਂ ਤੋਂ ਯੋਗਦਾਨ ਦਿੱਤਾ ਸੀ।" *(ਕਟਿਹਰੇ 'ਚ ਰਾਜਨੀਤੀ 174)*

ਪਰਿਵਾਰਵਾਦ ਦੇ ਵਿੱਚ ਦੋ ਤਰ੍ਹਾਂ ਦੇ ਪਰਿਵਾਰ ਪਾਏ ਜਾਂਦੇ ਹਨ। ਇੱਕ ਪਰਿਵਾਰ ਉਹ ਜਿਹੜੇ ਆਪਣੇ ਬੱਚਿਆਂ ਨੂੰ ਰਾਜਨੀਤਿਕ ਜੀਵਨ ਦੇ ਵਿੱਚ ਲੈ ਕੇ ਆਉਂਦੇ ਹਨ। ਦੂਸਰੇ ਉਹ ਰਾਜਨੀਤੀਵਾਨਾਂ ਦੇ ਪਰਿਵਾਰ ਹਨ ਜਿਹੜੇ ਆਪ ਆਉਂਦੇ ਹਨ ਤੇ ਆਪਣੇ ਮਾਂ-ਬਾਪ ਵੀ ਸ਼ਾਮਿਲ ਕਰਦੇ ਹਨ। ਇਹ ਸਿਲਸਿਲਾ ਚਲਦਾ ਹੀ ਰਹਿੰਦਾ ਹੈ। ਭਾਰਤੀ ਸੰਵਿਧਾਨ ਦੇ ਅਨੁਸਾਰ ਰਾਜਨੀਤੀਵਾਨਾਂ ਦੀਆਂ ਪਾਰਟੀਆਂ ਦੇ ਵਿੱਚ ਭਾਰਤੀ ਬਣੇ ਹੋਏ ਨੇਮਾਂ 'ਤੇ ਸਵਾਲ ਉਠਾਉਂਦਾ ਹੈ। ਪਾਰਟੀਆਂ ਆਪਣਾ ਇਤਿਹਾਸਕ ਜਾਂ ਸਮਾਜਕ ਅਸਤਿਤਵ ਗੁਆ ਚੁੱਕੀਆ ਹਨ। ਇਸ ਦਾ ਕਾਰਨ ਪਰਿਵਾਰਵਾਦ ਜਾਂ ਰਿਸ਼ਤੇਦਾਰੀ ਨੂੰ ਪਹਿਲ ਦੇਣੀ ਹੈ। ਵਰਤਮਾਨ ਸਮੇਂ ਦੇ ਵਿੱਚ ਪਾਰਟੀਆਂ ਦੇ ਵਰਕਰਾਂ ਨੂੰ ਟੋਹਿਆ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਕਿੰਨੇ ਨੇਤਾ ਜਮਹੂਰੀਅਤ ਪੱਧਰ ਨਾਲ ਸੰਬੰਧ ਰੱਖਦੇ ਹਨ। ਪਾਰਟੀਆਂ ਦੇ ਵਿੱਚ ਵਧੇਰੇ ਨੇਤਾਵਾਂ ਦੀ ਗਿਣਤੀ ਮਸ਼ਹੂਰ ਪਰਿਵਾਰਾਂ ਨਾਲ ਹੀ ਹੋਵੇਗੀ ਤੇ ਜਮਹੂਰੀਅਤ ਪੱਧਰ ਦੀ ਘੱਟ। ਲੋਕਾਂ ਦੇ ਦੁਆਰਾ ਚੁਣੇ ਹੋਏ ਆਮ ਨੇਤਾਵਾਂ ਨੂੰ ਪਦਵੀਆਂ ਨਹੀ ਮਿਲਦੀਆਂ ਜਿੰਨਾ ਕਿ ਮਸ਼ਹੂਰ ਨੇਤਾਵਾਂ ਦੇ ਬੱਚਿਆਂ ਦੇ ਲਈ ਚੋਣਾਂ ਤੋਂ ਪਹਿਲਾਂ ਤੇ ਬਾਅਦ ਵਿੱਚ ਵੀ ਨੇਤਾ ਦੀ ਸੀਟ ਜ਼ਬਤ ਹੁੰਦੀ ਹੈ।

ਡਾ. ਅੰਮ੍ਰਿਤਪਾਲ ਸਿੰਘ ਐਮ.ਡੀ ਦੀ ਧਾਰਨਾ ਹੈ ਕਿ,

> ਉੱਤਰ ਪ੍ਰਦੇਸ਼ ਦੇ ਮੁਲਾਇਮ ਸਿੰਘ ਯਾਦਵ ਜਲਦੀ ਹੀ ਆਪਣੀ ਕਮਾਨ ਆਪਣੇ ਪੁੱਤ ਅਖਿਲੇਸ਼ ਯਾਦਵ ਨੂੰ ਸੌਂਪ ਦੇਣਗੇ ਅਤੇ ਮਹਾਰਾਸ਼ਟਰ 'ਚ ਸ਼ਰਦ ਪਵਾਰ ਵੀ ਅਜਿਹਾ ਹੀ

ਕਰਨਗੇ ਜਿਨ੍ਹਾਂ ਦੀ ਬੇਟੀ ਸੁਪ੍ਰਿਆ ਸੂਲੇ ਪਹਿਲਾਂ ਹੀ ਲੋਕ ਸਭਾ 'ਚ ਪੁੱਜ ਚੁੱਕੀ ਹੈ। ਆਂਧਰਾ ਪ੍ਰਦੇਸ਼ ਤੋਂ ਸਭ ਤੋਂ ਤਾਕਤਵਾਰ ਸਾਂਸਦ ਸਦਨ 'ਚ ਅੱਗੇ ਦੀਆਂ ਸੀਟਾਂ 'ਤੇ ਬੈਠਣ ਵਾਲਾ ਕੋਈ ਨਹੀ ਹੈ ਬਲਕਿ ਮੁੱਖ ਮੰਤਰੀ ਵਾਲੀ ਐਸ ਰਜ਼ੇਸ਼ਵਰ ਰੈਡੀ ਦੇ ਬੇਟੇ ਤੇ ਰਾਜਨੀਤੀ 'ਚ ਆਪਣੀ ਪਾਰੀ ਦੀ ਸ਼ੁਰੂਆਤ ਕਰਨ ਵਾਲੇ ਜਗਮੋਹਨ ਰੈਡੀ ਹਨ। ਉਧਰ ਦ੍ਰਮੁਕ ਸੁਪਰੀਮੋ ਕਰੁਣਾਨਿਧੀ ਨੇ ਪਰਿਵਾਰ ਦੇ ਹਰ ਮੈਂਬਰ ਲਈ ਜਗ੍ਹਾ ਰਾਖਵੀ ਕਰ ਦਿੱਤੀ ਹੈ ।

*(ਦਾਗੀ ਰਾਜਨੀਤਿਕ ਦੇ ਨਾਇਕ 175)*

ਪਰਿਵਾਰਵਾਦ ਨੂੰ ਪਹਿਲ ਆਜ਼ਾਦੀ ਤੋਂ ਉਪਰੰਤ ਹੀ ਮਿਲੀ ਹੈ। ਜਦੋਂ ਸੱਤਾ ਵਿਸ਼ੇਸ਼ ਸ਼ਾਸ਼ਕ ਦੇ ਹੱਥ ਆਈ ਤਾਂ ਸੁਭਾਵਿਕ ਹੀ ਹੈ ਕਿ ਹਰ ਕੋਈ ਸੱਤਾ ਦੇ ਵਿੱਚ ਆਪਣਾ ਸ਼ਾਸ਼ਨ ਕਾਇਮ ਕਰਨਾ ਚਾਹੁੰਦਾ ਹੈ। ਉਹਨਾਂ ਨੇ ਵੀ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਹੀ ਅਹਿਮੀਅਤ ਦਿੱਤੀ। ਇਸੇ ਤਰ੍ਹਾਂ ਹੀ ਪੰਜਾਬ ਦੀਆਂ ਪ੍ਰਮੁੱਖ ਪਾਰਟੀਆਂ ਦੇ ਵਿੱਚੋਂ ਕੁਝ ਪਾਰਟੀਆਂ ਹਨ ਜਿਹੜੀਆਂ ਕਿ ਪਰਿਵਾਰਵਾਦ ਦਾ ਸ਼ਿਕਾਰ ਹਨ।

ਰਾਜਨੀਤੀ ਦੇ ਵਿੱਚ ਪੈਦਾ ਹੋ ਰਹੀ ਪਰਿਵਾਰਵਾਦ ਦੀ ਸਮੱਸਿਆ ਨੂੰ ਵੈੱਬ ਸੀਰੀਜ਼ ਦੇ ਰਾਹੀਂ ਦਿਖਾਇਆ ਜਾ ਰਿਹਾ ਹੈ ਜਿਵੇਂ ਕਿ tandev, cirt of dreams, mirzajpur ਦੇ ਰਾਹੀਂ ਪਰਿਵਾਰਾਂ ਵਿੱਚ ਸੱਤਾ ਦੀ ਕੁਰਸੀ ਪ੍ਰਾਪਤ ਕਰਨ ਦੀ ਦੌੜ ਲੱਗੀ ਰਹਿੰਦੀ ਪ੍ਰਸਥਿਤੀ ਨੂੰ ਦਿਖਾਇਆ ਹੈ। ਇਸੇ ਤਰ੍ਹਾਂ ਹੀ ਪਰਿਵਾਰਿਕ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਦਿਖਾਇਆ ਜਾਂਦਾ ਹੈ। ਇਹਨਾਂ ਵੈੱਬ ਸੀਰੀਜ਼ ਦੇ ਵਿੱਚ ਗੈਰ ਕਾਨੂੰਨੀ ਹਥਿਆਰ ਤੋਂ ਇਲਾਵਾ ਸੱਤਾ ਦੇ ਮਾਰਧਾੜ ਆਦਿ ਨੂੰ ਦਿਖਾਇਆ ਗਿਆ ਹੈ।

ਇਸ ਸੰਬੰਧੀ ਡਾ. ਰਵੇਲ ਸਿੰਘ ਨਾਲ ਹੋਈ ਮੁਲਾਕਾਤ ਦੇ ਵਿੱਚੋਂ ਇਹ ਧਾਰਨਾ ਉਜਾਗਰ ਹੋਈ ਹੈ ਕਿ", "ਵੈੱਬ ਸੀਰੀਜ਼ ਦੇ ਰਾਹੀਂ ਸੱਚ ਦਿਖਾਇਆ ਜਾਂਦਾ ਹੈ। ਅਜਿਹੇ ਇਹ ਪਾਬੰਦੀਆਂ ਤੋਂ ਦੂਰ ਹਨ। ਜਿਨ੍ਹਾਂ ਕਿ ਮੈ ਦੇਖਿਆਂ ਇਹ ਬੇਬਾਕ ਹੋ ਕੇ ਜੀਵਨ ਦੀ ਅਸਲੀਅਤ ਦੀ ਪੇਸ਼ਕਾਰੀ ਕਰ ਰਿਹਾ ਹੈ। ਦੂਸਰਾ ਇਹਨਾਂ ਉੱਤੇ ਕੋਈ ਸੈਂਸਰ ਕੰਮ ਨਹੀਂ ਕਰਦਾ ਪਰ ਇਸਨੂੰ ਲਗਾਮ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਕ

Netflix, Amazon Prime ਆਦਿ ਅੰਤਰਰਾਸ਼ਟਰੀ ਚੈਨਲ ਹਨ, ਸੋ ਇਸ ਕਰਕੇ ਵੀ ਇਹਨਾਂ ਉੱਤੇ ਪ੍ਰੋਡਿਊਸਰ ਵੀ ਵੈੱਬ ਸੀਰੀਜ਼ ਦੇ ਰਾਹੀਂ ਸਮਾਜ ਦੇ ਕੋਝੇ ਪੱਖ ਨੂੰ ਦਿਖਾਉਣ ਤੋ ਝਕਦੇ ਨਹੀਂ ਹਨ ਪਰ ਬਹੁਤ ਦੂਰ ਇਦਾਂ ਦੀ ਬੇਬਾਕੀ ਨਹੀਂ ਰਹਿੰਦੀ ਪ੍ਰਸ਼ਾਂਸ਼ਨ ਇਹ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।"

ਪਰਿਵਾਰਵਾਦ ਦੇ ਕਾਰਨ ਪਾਰਟੀ ਦੇ ਵਿੱਚ ਨਾਰਾਜਗੀਆਂ ਦੀ ਸ਼ੁਰੂਆਤ ਹੋ ਗਈ ਹੈ। ਚੋਣਾਂ ਦੇ ਸਮੇਂ ਨੌਜਵਾਨ ਪੀੜ੍ਹੀ ਹਿੱਸਾ ਨਹੀ ਲੈ ਰਹੀ ਅਤੇ ਨਾ ਹੀ ਕਿਸੇ ਪਾਰਟੀ ਦਾ ਹਿੱਸਾ ਬਣ ਰਹੀ ਹੈ। ਚੋਣਾਂ ਦੇ ਵਿੱਚ ਜੱਦੀ-ਪੁਸ਼ਤੀ ਰਾਜਨੀਤੀਵਾਨ ਹੀ ਉਤਰਦੇ ਹਨ। ਜਿਹੜੇ ਲੰਮੇਰੇ ਸਮੇਂ ਤੋਂ ਪਾਰਟੀ ਦੇ ਵਿੱਚ ਤੇ ਲੋਕਾਂ ਦੇ ਵਿੱਚ ਆਪਣੀ ਸਾਖ਼ ਬਣਾ ਚੁੱਕੇ ਹਨ। ਦੂਜਾ ਕਾਰਨ ਇਹ ਵੀ ਹੈ ਕਿ ਜਿਹੜੇ ਨੌਜਵਾਨ ਪਾਰਟੀਆਂ ਦਾ ਹਿੱਸਾ ਬਣੇ ਹੋਏ ਹਨ। ਉਹਨਾਂ ਨੂੰ ਪਾਰਟੀ ਦੇ ਵਿੱਚ ਸਿਰਫ਼ ਵਲੰਟੀਅਰ ਦੇ ਤੌਰ ਤੇ ਰੱਖਿਆ ਜਾਂਦਾ ਹੈ। ਉਹਨਾਂ ਨੂੰ ਚੋਣ ਟਿਕਟ ਨਹੀਂ ਦਿੱਤੀ ਜਾਂਦੀ ਹੈ। ਸਮਾਜ ਦੇ ਵਿੱਚ ਨੇਤਾ ਦੀ ਚੋਣ ਜਾਂ ਟਿਕਟ ਪਰਿਵਾਰਾਂ ਨੂੰ ਮੁੱਖ ਰੱਖਦੇ ਹੋਏ ਦਿੱਤੀ ਜਾਂਦੀ ਹੈ।

ਹਰਪਾਲ ਸਿੰਘ ਪਾਲੀ ਦੀ ਧਾਰਨਾ ਹੈ ਕਿ,

> ਪੰਜਾਬ ਦੀਆਂ ਰਵਾਇਤੀ ਪਾਰਟੀਆਂ ਪਰਿਵਾਰਵਾਦ ਦਾ ਖਹਿੜਾ ਛੱਡਣ ਨੂੰ ਤਿਆਰ ਨਹੀ ਹਨ। ਹਾਲਾਂ ਕਿ ਪਿਛਲੇ ਕੁੱਝ ਸਮੇਂ ਤੋਂ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਪਰਿਵਾਰਵਾਦ ਦੇ ਝਮੇਲਿਆਂ ਤੋਂ ਬਚੀ ਹੋਈ ਹੈ ਅਤੇ ਪਾਰਟੀ ਦੇ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਹੁਣ ਤੱਕ ਐਲਾਨੇ ਉਮੀਦਵਾਰਾਂ ਵਜੋਂ ਕੁਝ ਨੌਜਵਾਨਾਂ ਨੂੰ ਥਾਂ ਦਿੱਤੀ ਗਈ ਹੈ।

*(ਸਿਆਸਤ. ਪਰਿਵਾਰਵਾਦ ਤੇ ਨੌਜਵਾਨ. ਪੰਜਾਬੀ ਟ੍ਰਿਬਿਊਨ)*

ਸਮਾਜ ਦੇ ਵਿੱਚ ਹਰੇਕ ਜਾਤੀਆਂ ਦੇ ਸੰਗਠਨ ਮਿਲ ਜਾਂਦੇ ਹਨ ਜਿਨ੍ਹਾਂ ਦੀ ਮਦਦ ਨਾਲ ਪਿੰਡਾਂ, ਸ਼ਹਿਰਾਂ, ਪ੍ਰਾਂਤਾ ਆਦਿ ਦੇ ਵਿੱਚ ਜਾਤੀਵਾਦ ਨੂੰ ਵਧਾਇਆ ਜਾਂਦਾ ਹੈ। ਸਮਾਜ ਦੇ ਵਿੱਚ ਹਰ ਕਿਸੇ ਦੀ ਜਾਤ ਵਿਸ਼ੇਸ਼ ਤੇ ਸਨਮਾਨ ਵਾਲੀ ਹੁੰਦੀ ਹੈ ਸੋ ਜਾਤ ਦੇ ਸਿਰ ਉਪਰ ਲੋਕਾਂ ਦੇ ਮਨ ਜਿੱਤੇ ਨਹੀਂ ਜਾ ਸਕਦੇ ਹਨ। ਸਦੀਆਂ ਤੋਂ ਲੋਕਾਂ ਦੀ ਆਪਸੀ ਏਕਤਾ ਵਿੱਚ ਦੋਫਾੜ ਕਰਨ ਲਈ ਨੇਤਾ ਭਾਂਤ ਭਾਂਤ ਦੀਆਂ ਚਾਲਾਂ ਚਲਦੇ

ਹਨ। ਉਹਨਾਂ ਚਾਲਾਂ ਦੇ ਵਿੱਚੋਂ ਜਾਤ ਨੂੰ ਮੂਲ ਮੁੱਦਾ ਬਣਾਇਆ ਜਾਂਦਾ ਹੈ। ਨੇਤਾ ਜਾਣਦੇ ਹਨ ਕਿ ਲੋਕ ਜਾਤ ਦੇ ਉੱਤੇ ਕੋਈ ਵੀ ਟਿੱਪਣੀ ਕਰਨ 'ਤੇ ਜਲਦੀ ਭੜਕ ਜਾਂਦੇ ਹਨ। ਭਾਰਤੀ ਸੰਵਿਧਾਨ ਦੇ ਅਨੁਸਾਰ ਜਾਤ-ਪਾਤ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਸਮਾਜ ਦੇ ਵਿੱਚ ਬਰਾਬਰਤਾ ਕਾਇਮ ਹੋਣੀ ਚਾਹੀਦੀ ਹੈ ਪਰੰਤੂ ਸਮਾਜ ਦੀ ਅਸਲ ਹਕੀਕਤ ਕੁਝ ਹੋਰ ਹੈ। ਨੇਤਾ ਜਾਤਾਂ ਨੂੰ ਦੋਫਾੜ ਕਰਨ ਲਈ ਮੰਦਿਰ ਅਤੇ ਮਸਜਿਦ ਦਾ ਮੁੱਦਾ ਉਠਾਉਂਦੇ ਹਨ।

ਅਮਰਜੀਤ ਚੰਦਨ ਦਾ ਕਥਨ ਹੈ ਕਿ,

> ਜਨਤਾ ਨੂੰ ਬੇਵਕੂਫ ਬਣਾਉਣ ਵਿਚ ਇਸ ਦੇਸ਼ ਦੇ ਨੇਤਾ, ਲੀਡਰ ਬਹੁਤ ਮਾਹਿਰ ਹਨ। ਉਹ ਆਪਣੇ ਜਾਤੀਵਾਦ ਅਤੇ ਪਰਿਵਾਰਵਾਦ ਨੂੰ ਮਨ ਮਰਜ਼ੀ ਨਾਲ ਰਾਜਨੀਤੀ ਵਿਚ ਲੈ ਆਉਂਦੇ ਹਨ। ਉਹਨਾਂ ਨੂੰ ਵਿਕਾਸ ਦੀ ਚਿੰਤਾ ਨਹੀ ਹੁੰਦੀ। ਪਿੱਛਲੀਆਂ ਚੋਣਾਂ ਦੌਰਾਨ ਜਦੋਂ ਅਸੀ ਡਿਜੀਟਲ ਇੰਡੀਆਂ ਦੇ ਸੁਪਨੇ ਦੇਖ ਰਹੇ ਸੀ ਉਥੇ ਵੀ ਰਾਜਨੀਤੀ ਵਿਚ ਨੇਤਾ ਲੋਕ ਚੋਣਾਂ ਵਿਚ ਜਾਤੀਵਾਦ ਦਾ ਰੂਪ ਦੇਣ ਤੋਂ ਬਾਜ਼ ਨਹੀ ਆਏ। ਸਟੇਜਾਂ ਤੇ ਖੜ੍ਹੇ ਹੋ ਕੇ ਨੇਤਾ ਜਿਸ ਤਰ੍ਹਾਂ ਜਾਤੀਵਾਦ ਤੇ ਭਾਸ਼ਣ ਦਿੰਦੇ ਹਨ। ਉਸ ਤੋਂ ਤਾਂ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਵਿਕਾਸ ਨਾਮ ਦਾ ਮੁੱਦਾ ਤਾਂ ਕੋਈ ਹੈ ਹੀ ਨਹੀ, ਸਿਰਫ ਜਾਤੀ ਵਾਦ ਦੇ ਮੁੱਦੇ ਹੀ ਦੇਸ਼ ਵਿੱਚ ਰਹਿ ਗਏ ਹਨ।
>
> *(ਰਾਜਨੀਤੀ ਵਿੱਚ ਜਾਤੀਵਾਦ ਤੇ ਪਰਿਵਾਰਵਾਦ ਕਦੋਂ ਖਤਮ ਹੋਵਗਾ.* www.samajweekly.com*)*

**ੲ) ਧਰਮ ਤੇ ਡੇਰਾਵਾਦ** : ਭਾਰਤੀ ਸੰਵਿਧਾਨ ਦੇ ਅਨੁਸਾਰ ਧਰਮ ਨਿਰਪੱਖ ਹੈ। ਹਰ ਇੱਕ ਧਰਮ ਦੀ ਆਪਣੀ ਸੁਤੰਤਰ ਹੋਂਦ ਹੈ। ਹਰ ਇੱਕ ਨੂੰ ਆਪਣੇ ਧਰਮ ਦੀਆਂ ਰੀਤਾਂ ਤੇ ਮਨੌਤਾਂ ਨੂੰ ਪੂਰਾ ਕਰਨ ਦੇ ਅਧਿਕਾਰ ਪ੍ਰਾਪਤ ਹਨ। ਧਰਮ ਇੱਕ ਜ਼ਰੀਆ ਹੈ ਲੋਕਾਂ ਦੇ ਦੁਆਰਾ ਧਾਰਮਿਕ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਜਰੀਆ ਹੈ। ਧਰਮ ਰਾਜਨੀਤੀ ਦਾ ਕੇਂਦਰੀ ਧੁਰਾ ਰਿਹਾ ਹੈ। ਰਾਜਨੀਤੀਵਾਨ ਸੈਕੂਲਰ ਸੋਚ ਦਾ ਪ੍ਰਗਟਾਵਾ ਕਰਦੇ ਕਰਦੇ ਧਰਮ ਨੂੰ ਪੱਖਪਾਤਾਂ ਵਿੱਚ ਵੰਡ ਦਿੰਦੇ ਹਨ। ਧਰਮ ਨੂੰ ਰਾਜਨੀਤੀ ਦਾ ਅਧਾਰ ਨਹੀ ਬਣਾਉਣਾ ਚਾਹੀਦਾ ਹੈ। ਭਾਰਤੀ ਸਿਆਸੀ ਪਾਰਟੀਆਂ ਧਰਮ ਨੂੰ ਅਧਾਰ ਬਣਾਉਣ ਤੋਂ ਟਲਦੀਆਂ ਨਹੀ ਹਨ। ਧਰਮ ਦੇ ਨਾਲ ਮਨੁੱਖੀ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਮਨੁੱਖੀ ਬੁੱਧੀ ਦੇ ਵਿਕਾਸ ਨਾਲ ਉਸਦੀ ਰਾਜਸੀ ਸੋਚਣ

ਸ਼ਕਤੀ ਦਾ ਵੀ ਵਿਕਾਸ ਹੋਇਆ ਹੈ। ਵੱਖੋ-ਵੱਖਰੇ ਧਰਮਾਂ ਵਿੱਚ ਅੰਤਰ-ਵਿਰੋਧਾਂ ਦੇ ਘਾਟੇ-ਵਾਧੇ ਚਲਦੇ ਰਹਿੰਦੇ ਹਨ ਪਰੰਤੂ ਨੇਤਾ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਲਈ ਧਰਮ ਦੇ ਹੀ ਮੁੱਦੇ ਚੁੱਕਦੇ ਹਨ ਜਿਵੇਂ ਦੇਸ਼ ਦੇ ਵਿੱਚ ਧਰਮ ਦੇ ਕਾਰਨ ਬਹੁਤ ਦੰਗੇ ਹੋਏ ਹਨ। ਵਾਪਰ ਚੁੱਕੇ ਮੁੱਦਿਆਂ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ।

ਅਰਾਧਨਾ ਸਿੰਘ ਨੇ ਆਪਣੀ ਪੁਸਤਕ ਅਕਾਲੀ ਪੋਲੀਟਿਕਸ ਆਫ਼ ਪੰਜਾਬ ਵਿਚ ਕਿਹਾ ਹੈ ਕਿ ਭਾਰਤੀ ਰਾਜਨੀਤੀ ਵਿਚ ਉਦੇਸ਼ਾਂ ਨੂੰ ਛੱਡ ਕੇ ਮੋਕਾਪ੍ਰਸਤੀ ਸਮੇਂ ਪਾਰਟੀ ਤੋੜਨਾ ਆਮ ਗੱਲ ਹੈ। ਪੰਜਾਬ ਵਿਚ ਸੱਤਾ/ਵਿਰੋਧੀ ਦਲਾਂ ਦਾ ਵਾਰ ਵਾਰ ਵੱਖ-ਵੱਖ ਗੁੱਟਾਂ ਵਿਚ ਵੰਡਿਆ ਜਾਣਾ ਇਕ ਆਮ ਗੱਲ ਹੈ। ਪੰਜਾਬ ਵਿਚ ਪਾਰਟੀਆਂ ਦੀਆਂ ਸਰਕਾਰਾਂ ਦਾ ਪੰਥ ਖਤਰੇ ਵਿਚ ਹੈ ਦੇ ਨਾਂ 'ਤੇ ਬਣਦੀਆਂ ਰਹੀਆਂ ਹਨ ਅਤੇ ਟੁੱਟਦੀਆਂ ਰਹੀਆਂ ਹਨ, ਹਰ ਇੱਕ ਲੀਡਰ ਦੇ ਆਪਣੇ ਮੁਫਾਦਾਂ ਕਰਕੇ ਪੰਜਾਬ ਨੇ ਸੰਤਾਪ ਭੋਗਿਆ ਹੈ। *(Akali Politics of Punjab 46)*

ਭਾਰਤ ਦੇ ਵਿੱਚ ਧਰਮ ਦੀ ਵਿਭਿੰਨਤਾ ਪਾਈ ਜਾਂਦੀ ਹੈ। ਬ੍ਰਿਟਿਸ਼ ਸਰਕਾਰ ਨੇ ਧਰਮ ਦੀ ਵਿਭਿੰਨਤਾ ਨੂੰ ਹੀ ਵੰਡ ਦਾ ਮੁੱਦਾ ਚੁੱਕਿਆ ਸੀ। ਉਹਨਾਂ 'ਪਾੜੋ ਤੇ ਰਾਜ ਕਰਨ ਦੀ ਨੀਤੀ ਨੇ ਭਾਰਤ ਨੂੰ ਦੋ ਹਿੱਸਿਆਂ ਦੇ ਵਿੱਚ ਵੰਡ ਦਿੱਤਾ ਸੀ। ਇਹ ਵੰਡ ਧਰਮ ਨੂੰ ਕੇਂਦਰ ਵਿੱਚ ਰੱਖ ਕੇ ਕੀਤੀ ਗਈ ਸੀ। ਧਰਮ ਮਨੁੱਖ ਦੇ ਦਿਲ ਦੇ ਬਹੁਤ ਨੇੜੇ ਹੈ। ਵਿਭਿੰਨ ਧਰਮਾਂ ਦੇ ਸਥਾਨ ਪੂਜਣ ਯੋਗ ਹਨ, ਜਿਵੇਂ ਕਿ ਵੱਖੋ-ਵੱਖਰੇ ਧਰਮਾਂ ਦੇ ਡੇਰੇ ਆਮ ਹੀ ਮਿਲ ਜਾਂਦੇ ਹਨ ਜਿਵੇਂ ਨਿੰਰਕਾਰੀਆਂ ਦੇ ਡੇਰੇ ਆਦਿ। ਇਹਨਾਂ ਡੇਰਿਆਂ ਉੱਤੇ ਨੇਤਾ ਆਪਣੇ ਉਦੇਸ਼ਾਂ ਦੀ ਪੂਰਤੀ ਹਿੱਤ ਅਕਸਰ ਜਾਂਦੇ ਰਹਿੰਦੇ ਹਨ। ਡਾ. ਅੰਮ੍ਰਿਤਪਾਲ ਸਿੰਘ ਐਮ.ਡੀ. ਦੀ ਧਾਰਨਾ ਹੈ ਕਿ "ਧਰਮ ਵੈਸੇ ਤਾਂ ਹਮੇਸ਼ਾਂ ਹੀ ਹਾਕਮ ਜਮਾਤਾਂ ਦੇ ਹੱਥਾਂ ਵਿਚ ਇਕ ਮਹੱਤਵਪੂਰਨ ਉਜਾਰ ਬਣਦਾ ਜਾ ਰਿਹਾ ਹੈ। ਸਾਧੂਆਂ, ਸੰਤਾਂ, ਪਾਦਰੀਆਂ ਮੌਲਵੀਆਂ ਦੀ ਵਰਤੋਂ ਹਮੇਸ਼ਾ ਹੀ ਹਾਕਮ ਜਮਾਤਾਂ ਨੇ ਕੀਤੀ ਹੈ ਅਤੇ ਅੱਜ ਵੀ ਕਰ ਰਹੇ ਹਨ।" *(ਫਾਂਸੀ, ਦੰਗੇ ਤੇ ਕੌਮੀ ਮਸਲੇ 34)*

ਧਾਰਮਿਕ ਸਥਾਨਾਂ ਉੱਤੇ ਬਹੁਤ ਲੋਕਾਂ ਦਾ ਆਉਣਾ-ਜਾਣਾ ਹੁੰਦਾ ਹੈ। ਧਾਰਮਿਕ ਸਥਾਨਾਂ ਉੱਤੇ ਚੜ੍ਹਾਵਾ ਵੀ ਵਧੇਰੇ ਹੁੰਦਾ ਹੈ। ਨੇਤਾਵਾਂ ਨੂੰ ਵੋਟਾਂ ਦੀ ਗਿਣਤੀ ਹਾਸਿਲ ਕਰਨ ਲਈ ਡੇਰਿਆਂ ਉੱਤੇ ਜਾਣਾ ਹੀ ਪੈਂਦਾ ਹੈ। ਭਾਰਤ/ਪੰਜਾਬ ਦੀ ਗਲੀ ਗਲੀ ਵਿੱਚ ਬਾਬਿਆਂ ਦੀ ਭਰਮਾਰ ਮਿਲ ਜਾਂਦੀ ਹੈ। ਗਿਆਨ ਦਾ ਪਾਸਾਰ ਜਿੰਨਾ ਮੁਸ਼ਕਿਲ ਹੁੰਦਾ ਹੈ ਤੇ ਉਨੀ ਹੀ ਜਲਦੀ ਅਗਿਆਨ ਤੇ ਅੰਧਵਿਸ਼ਵਾਸ਼ ਨੂੰ ਫੈਲਾਇਆ ਜਾਂਦਾ ਹੈ। ਸਮਾਜ ਦੇ ਵਿੱਚ ਕੁਝ ਅਜਿਹੀਆਂ ਘਟਨਾਵਾਂ ਨੂੰ ਘੜਿਆ ਜਾਂਦਾ ਹੈ ਜਿਸ ਦੇ ਨਾਲ ਲੋਕਾਂ ਦਾ ਬਾਬਿਆਂ ਉੱਤੇ ਵਿਸ਼ਵਾਸ ਬਹੁਤ ਜਲਦੀ ਹੀ ਬਣ ਜਾਂਦਾ ਹੈ। ਬਾਬੇ ਵੀ ਧਰਮ ਦੇ ਰਾਹੀਂ ਆਪਣਾ ਵਪਾਰ ਫੈਲਾ ਰਹੇ ਹਨ। ਜਦੋਂ ਬਾਬਿਆਂ ਦਾ ਨਾਮ ਚਲ ਜਾਂਦਾ ਹੈ, ਫਿਰ ਆਪਣੇ ਪੈਰੋਕਾਰਾਂ ਦੀ ਮਦਦ ਨਾਲ ਵੱਖ-ਵੱਖ ਸਾਖਾਵਾਂ ਖੋਲ੍ਹ ਲੈਂਦੇ ਹਨ। ਇਹ ਇੱਕ ਧੰਦਾ ਬਣ ਚੁੱਕਾ ਹੈ, ਇਹ ਅਰਧ ਜਾਗੀਰੂ ਖੇਤਰ ਦੇ ਵਿੱਚ ਕਮਾਈ ਕਰਕੇ ਪ੍ਰਫੁੱਲਤ ਹੋ ਰਿਹਾ ਹੈ।

ਡੇਰਿਆਂ ਸੰਬੰਧੀ ਅਵਤਾਰ ਸਿੰਘ ਟਹਿਣਾ ਦੀ ਧਾਰਨਾ ਹੈ ਕਿ,

> ਪੰਜਾਬ ਵਿੱਚ ਡੇਰਾਵਾਦ ਦੇ ਫੈਲਣ ਦਾ ਮੁੱਖ ਕਾਰਣ ਜਾਤੀ ਵਿਤਕਰਾ ਅਤੇ ਆਰਥਕ ਮੰਦਹਾਲੀ ਹੈ। ਦੇਸ਼ ਸੇਵਕ ਅਖ਼ਬਾਰ ਵੱਲੋਂ ਡੇਰਿਆਂ ਉੱਤੇ ਤਿਆਰ ਕੀਤੀ ਵਿਸਤਰਿਤ ਰਿਪੋਰਟ ਦੇ ਆਧਾਰ ਤੇ ਪੰਜਾਬ ਵਿੱਚ ਸਾਰੇ ਛੋਟੇ ਤੇ ਵੱਡੇ ਡੇਰਿਆਂ ਦੀ ਗਿਣਤੀ ਤਕੀਰਬਨ 9000 ਦੱਸੀ ਹੈ।
>
> (*ਪੰਜਾਬ ਦੇ ਡੇਰਾ ਕਲਚਰ 'ਤੇ ਇੱਕ ਨਜ਼ਰ. ਦੇਸ਼ ਸੇਵਕ. 3 ਜੂਨ 2007*)

ਪੂੰਜੀਵਾਦ ਆਪਣੇ ਆਪ ਵਿੱਚ ਹੀ ਇਕ ਸਿਸਟਮ ਹੈ ਇਹ ਆਪਣੇ ਲੋੜਾਂ ਦੇ ਮੁਤਾਬਕ ਇੱਕ ਸੰਸਾਰ ਸਿਰਜ ਲੈਂਦਾ ਹੈ। ਇਸ ਦੇ ਪ੍ਰਭਾਵ ਹੇਠ ਹੀ ਧਰਮ ਵਿੱਚ ਪਰਿਵਰਤਨ ਆਇਆ ਹੈ। ਧਰਮ ਵੀ ਇੱਕ ਕਮਾਈ ਦਾ ਸਾਧਨ ਮਾਤਰ ਬਣਦਾ ਜਾ ਰਿਹਾ ਹੈ। ਪੁਰਾਤਨ ਧਰਮ ਦੀ ਪ੍ਰਵਿਰਤੀ ਉਲਟ ਸੀ ਉਹ ਲੋਕਾਂ ਨੂੰ ਜਾਗਰੂਕ ਬਣਾਉਂਦਾ ਸੀ। ਲੋਕਾਂ ਦੇ ਵਿੱਚ ਵਿਸ਼ਵਾਸ਼ ਪੈਦਾ ਕਰਕੇ ਧਰਮ ਦੇ ਅਸਲ ਅਰਥ ਸਮਝਾਉਂਦਾ ਸੀ।

ਅੱਜ ਦੀ ਸਚਾਈ ਕੁਝ ਹੋਰ ਹੈ, ਧਰਮ ਦੇ ਨਾਂ ਹੇਠ ਪੈਸੇ ਇਕੱਠੇ ਕੀਤੇ ਜਾਂਦੇ ਹਨ। ਬਾਬਿਆਂ ਦੀ ਨਿੱਜੀ ਜਾਇਦਾਦ ਦਾ ਹਿਸਾਬ- ਕਿਤਾਬ ਲਗਾਉਣਾ ਔਖਾ ਹੈ।

ਬਾਬੇ ਸਮਾਜ ਦੇ ਵਿੱਚ ਜ਼ਹਿਰ ਦਾ ਪ੍ਰਚਾਰ ਕਰਦੇ ਹਨ। ਉਹਨਾਂ ਨੂੰ ਸਿਆਸਤਦਾਨਾਂ ਦੀ ਸਰਪ੍ਰਸਤੀ ਮਿਲੀ ਹੁੰਦੀ ਹੈ ਜਿਸ ਦੇ ਕਾਰਨ ਉਹ ਕੋਈ ਵੀ ਅਪਰਾਧ ਕਰਨ ਤੋਂ ਡਰਦੇ ਨਹੀ ਹਨ। ਨੇਤਾ ਆਪ ਵੀ ਉਹਨਾਂ ਡੇਰਿਆਂ ਦੇ ਵਿੱਚ ਜਾਂਦੇ ਹਨ। ਸਮਾਜ ਦੇ ਡੇਰਿਆਂ ਦਾ ਉਭਾਰ ਨੀਵੀਂ ਜਾਤੀ ਦੇ ਸਦਕਾ ਹੋਇਆ ਹੈ। ਜਦੋਂ ਨੀਵੀਆਂ ਜਾਤੀਆਂ ਦੀ ਸਾਰ ਨਾ ਕਿਸੇ ਨੇ ਲਈ, ਉਦੋਂ ਉਹਨਾਂ ਨੇ ਡੇਰਿਆਂ ਦਾ ਸਹਾਰਾ ਲਿਆ। ਬੇਸ਼ੱਕ ਡੇਰਿਆਂ ਨੇ ਗਰੀਬ ਲੋਕਾਂ ਦੀ ਮਦਦ ਕੀਤੀ। ਗਰੀਬ ਕੁੜੀਆਂ ਦੇ ਵਿਆਹ ਕੀਤੇ। ਇਸ ਦੇ ਨਾਲ ਸਮਾਜ ਦੀ ਸਹੂਲਤ ਲਈ ਚੈਰੀਟੇਬਲ ਹਸਤਪਾਲ, ਸਕੂਲ ਆਦਿ ਖੋਲ੍ਹੇ। ਇਹਨਾਂ ਡੇਰਿਆਂ ਨੇ ਲੋਕਾਂ ਦੇ ਸਿਰ ਤੇ ਹੀ ਆਪਣੀ ਜਾਇਦਾਦ ਦੇ ਵਿੱਚ ਵਾਧਾ ਕੀਤਾ। ਲੋਕਾਂ ਨੂੰ ਲੁੱਟਣ ਦਾ ਜ਼ਰੀਆ ਵੀ ਬਣਾਇਆ ਹੈ। ਲੋਕਾਂ ਦੇ ਕੋਲੋਂ ਦਾਨ ਵਜੋਂ ਵੱਡੀਆਂ ਵੱਡੀਆਂ ਥਾਂਵਾਂ ਤੇ ਕਬਜ਼ਾ ਕਰ ਲਿਆ ਹੈ। ਉਹਨਾਂ ਥਾਂਵਾਂ ਉੱਤੇ ਕੋਈ ਨਾ ਕੋਈ ਦਿਨ ਉੱਤੇ ਲੋਕਾਂ ਦਾ ਇਕੱਠ ਕੀਤਾ ਜਾਂਦਾ ਹੈ। ਲੋਕ ਵੀ ਸ਼ਰਧਾ ਦੇ ਵਿੱਚ ਅੰਨੇ ਹੋਏ ਪਹੁੰਚ ਜਾਂਦੇ ਹਨ। "ਸਿਆਸੀ ਪਾਰਟੀਆਂ ਦੇ ਨੇਤਾ ਆਪਣੇ ਨਿਜੀ ਸਵਾਰਥਾਂ ਨੂੰ ਸਾਹਮਣੇ ਰਖਦੇ ਹੋਏ ਇਨ੍ਹਾਂ ਡੇਰਿਆਂ ਵਿਚ ਆਮ ਜਾਂਦੇ ਤੇ ਬਖ਼ਸ਼ਿਸ਼ਾਂ ਮੰਗਦੇ ਹਨ। ਫਿਰ ਉਸ ਤੋਂ ਬਾਅਦ ਇਹ ਰਾਜਨੀਤਿਕ ਸੱਤਾ ਵਿਚ ਆਉਣ ਮਗਰੋਂ ਇਨ੍ਹਾਂ ਦੇ ਸਮਰਥਕ ਬਣਦੇ ਹੋਏ ਇਨ੍ਹਾਂ ਤੋਂ ਦੂਰ ਨਹੀ ਜਾ ਸਕਦੇ। ਇਹੀ ਕੁਝ ਪੰਜਾਬ ਤੇ ਹਰਿਆਣਾ ਵਿੱਚ ਹੋਇਆ। ਹਰ ਸਿਆਸੀ ਪਾਰਟੀ ਸਮੇਤ ਅਕਾਲੀ ਦਲ ਨੇ ਵੀ ਡੇਰੇ ਦੀ ਹਮਾਇਤ ਮੰਗੀ।" *(ਪੰਜਾਬ ਵਿੱਚ ਡੇਰਾਵਾਦ ਦਾ ਉਭਰਨਾ ਕਿਉ ਤੇ ਕਿਵੇਂ. ਰੋਜ਼ਾਨਾ ਸਪੋਕਸਮੈਨ. 6 ਸਤੰਬਰ 2017)*

ਇਹਨਾਂ ਡੇਰਿਆਂ ਦੇ ਵਿੱਚ ਵੋਟਾਂ ਦੀ ਮੰਗ ਲਈ ਨੇਤਾ ਜਾਂਦੇ ਰਹਿੰਦੇ ਹਨ ਪਰ ਲੋਕਾਂ ਦੇ ਸਾਹਮਣੇ ਨਹੀਂ ਕਬੂਲਦੇ । ਅਖ਼ਬਾਰਾਂ ਤੇ ਟੀ.ਵੀ ਚੈਨਲਾਂ ਦੀਆਂ ਖ਼ਬਰਾਂ ਵਿੱਚ ਡੇਰੇ ਦੇ ਵਿੱਚ ਨਾ ਜਾਣ ਦੀ ਸਫਾਈ ਦਿੰਦੇ ਹਨ। ਚੋਰਾਂ ਦੀ ਤਰ੍ਹਾਂ ਛੁਪ ਛੁਪ ਕੇ ਡੇਰਿਆਂ ਦੇ ਵਿੱਚ ਆਪਣਾ ਮਤਲਬ ਪੂਰਾ ਕਰਨ ਲਈ ਜਾਂਦੇ ਹਨ। ਪੰਜਾਬ ਦੇ ਵਿੱਚ ਡੇਰਿਆਂ ਦੀ ਗਿਣਤੀ ਵੀ ਅਥਾਹ ਹੈ। ਪੰਜਾਬ ਦੇ ਵਿੱਚ ਕੁਝ ਮਸ਼ਹੂਰ ਸੰਤ ਹਨ ਜਿਸ ਉੱਤੇ

ਭਾਂਤ ਭਾਂਤ ਦੇ ਕੇਸ ਦਰਜ ਰਹੇ ਹਨ। ਫਿਰ ਸਾਲਾਂ ਤੱਕ ਲੋਕਾਂ ਉੱਤੇ ਆਪਣੀ ਸ਼ਰਧਾ ਦੇ ਅੰਧ-ਵਿਸ਼ਵਾਸ ਨਾਲ ਰਾਜ ਕਰਦੇ ਰਹੇ ਹਨ। ਡੇਰਿਆਂ ਦੇ ਸੰਚਾਲਕ ਆਪਣੇ ਸ਼ਰਧਾਲੂਆਂ ਨੂੰ ਵੋਟਾਂ ਦੀ ਸਿਫਾਰਸ਼ ਕਰਦੇ ਹਨ। ਕਈ ਡੇਰੇ ਦੇ ਮੁਖੀ ਆਪ ਵੀ ਸਿਆਸੀ ਗਤੀਵਿਧੀਆਂ ਦੇ ਵਿੱਚ ਹਿੱਸਾ ਲੈਣਾ ਲੋਚਦੇ ਹਨ ਜਿਵੇਂ ਕਿ ਬਹੁਤ ਸਾਰੇ ਸੰਨਿਆਸੀ ਯੋਗ ਗੁਰੂ ਹਨ। ਉਹ ਹੌਲੀ ਹੌਲੀ ਆਪਣੀਆਂ ਗਤੀਵਿਧੀਆਂ ਸਦਕਾ ਪਾਰਟੀਆਂ ਦੇ ਵਿੱਚ ਨੇਤਾ ਵਜੋਂ ਕਾਰਜਸ਼ੀਲ ਹਨ। " ਪੰਜਾਬ ਵਿੱਚ ਸੱਤਾ ਪਾਰਟੀ ਨੇ ਕਿਹਾ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਵਿੱਚ ਡੇਰਾ ਸਿਰਸਾ ਤੋਂ ਵੋਟਾਂ ਦੀ ਮੰਗ ਨਹੀ ਕਰਨਗੇ, ਜਦਕਿ ਵਿਰੋਧੀ ਪਾਰਟੀ ਦਲ ਦੇ ਪ੍ਰਧਾਨ ਨੇ ਬਿਆਨ ਦਿੱਤਾ ਕਿ ਉਹ ਇਸ ਬਾਰੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਨਗੇ।" *(ਡੇਰਾਵਾਦ ਤੇ ਵੋਟਾਂ. ਪੰਜਾਬੀ ਟ੍ਰਿਬਿਊਨ. 18 ਮਾਰਚ 2019)*

ਡੇਰੇ ਦੇ ਵਿੱਚ ਅਨਿਆਂ ਵੀ ਵਾਪਰ ਜਾਂਦਾ ਹੈ। ਸਿਆਸਤ ਦੇ ਪ੍ਰਭਾਵ ਹੇਠ ਬਾਬਿਆਂ ਦੇ ਘਿਨਾਉਣੇ ਜ਼ੁਲਮਾਂ ਨੂੰ ਕੋਈ ਪੁੱਛਦਾ ਵੀ ਨਹੀ ਤੇ ਪੁਲਿਸ ਕਾਰਵਾਈ ਵੀ ਨਾਂ ਦੀ ਹੁੰਦੀ ਹੈ। ਸੋਸ਼ਲ ਮੀਡੀਆ ਦੇ ਜ਼ਮਾਨੇ ਦੇ ਵਿੱਚ ਆਡੀਉ ਅਤੇ ਵੀਡੀਉ ਵੀ ਲੀਕ ਹੋ ਜਾਂਦੀਆਂ ਹਨ। ਬਾਬੇ ਤਾਂ ਵੀ ਸਾਫ਼ ਮੁਕਰ ਜਾਂਦੇ ਹਨ। ਬਾਬੇ ਆਪਣੇ ਚਰਿੱਤਰ ਨੂੰ ਸਾਫ਼-ਸੁਥਰਾ ਦਰਸਾ ਕੇ ਧਰਮ ਦੇ ਪੁਜਾਰੀ ਕਹਿਲਾਉਣਾ ਚਾਹੁੰਦੇ ਹਨ। ਪੰਜਾਬ ਦੇ ਵਿੱਚ ਬਹੁਤ ਬਾਬੇ ਮਿਲ ਜਾਣਗੇ ਜਿਨ੍ਹਾਂ ਦੇ ਉੱਤੇ ਅਣਗਿਣਤ ਅਪਰਾਧਾਂ ਦੇ ਕੇਸ ਦਰਜ ਹਨ। ਕਈ ਬਾਬਿਆਂ ਦੇ ਅਪਰਾਧਾਂ ਦਾ ਅੰਤ ਹੋਇਆ ਅਤੇ ਹਾਈਕੋਰਟ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਿਆਸਤੀ ਲੋਕ ਬਾਬਿਆਂ ਨੂੰ ਬਚਾਉਣ ਦੇ ਹੱਕ ਵਿੱਚ ਉਤਰਦੇ ਹਨ, ਕਿਉਂਕਿ ਉਹ ਆਪ ਬਾਬਿਆਂ ਦੇ ਦਰਬਾਰ ਵਿੱਚ ਜਾਂਦੇ ਰਹੇ ਹਨ। ਨੇਤਾ ਆਪਣੇ ਆਪ ਨੂੰ ਬਚਾਉਣ ਦੇ ਵਿੱਚ ਲੱਗ ਜਾਂਦੇ ਹਨ। ਸਮਾਜ ਵਿੱਚ ਕਈ ਉਦਾਹਰਨਾਂ ਮਿਲ ਸਕਦੀਆਂ ਹਨ। ਪੁਰਾਤਨ ਸਮੇਂ ਦੇ ਵਿੱਚ ਸਿਆਸਤ ਧਰਮ ਦੀ ਆੜ ਵਿੱਚ ਵੱਧਦਾ ਫੁੱਲਦਾ ਸੀ ਅੱਜ ਦੇ ਸਮੇਂ ਦੀ ਹਕੀਕਤ ਕੁਝ ਹੋਰ ਹੈ। ਡਾ. ਜੋਗਿੰਦਰ ਸਿੰਘ ਕੈਰੋ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਇਹ ਡੇਰਾਵਾਦ ਸੌਖਾ ਕਮਾਈ ਦਾ ਸਾਧਨ ਹੈ। ਲੋਕ ਆਉਂਦੇ ਹਨ, ਪੈਰੀਂ ਹੱਥ ਲਾ ਕੇ ਪੈਸੇ ਦਾ ਚੜ੍ਹਾਵਾ ਕਰਦੇ ਹਨ। ਅਸਲ ਦੇ ਵਿੱਚ ਡੇਰਾਵਾਦ/ਬਾਬਾਵਾਦ ਦੀ ਰੂਟ ਨੂੰ ਸਮਝਣਾ ਚਾਹੀਦਾ ਹੈ। ਪਿੱਛਲ ਝਾਤ ਮਾਰੀਏ ਤਾਂ ਅੰਗਰੇਜ਼ਾ ਤੇ ਸਿੱਖਾਂ ਦੀ ਲੜਾਈ ਹੋਈ। ਅੰਗਰੇਜ਼ਾਂ ਨੇ

ਪੰਜਾਬ ਤੇ ਕਬਜ਼ਾ ਕਰ ਲਿਆ। ਅੰਗਰੇਜ਼ ਕੌਮ ਸਿੱਖਾਂ ਨੂੰ ਬਹਾਦਰ ਕੌਮ ਮੰਨਦੀ ਸੀ ਇਸ ਲਈ ਉਹਨਾਂ ਨੂੰ ਉਲਝਾਉਣ ਦੇ ਲਈ ਧਰਮ ਵਾਲੇ ਪਾਸੇ ਕਰ ਦਿੱਤਾ। ਜਿਹੜਾਂ ਵੀ ਪਹਿਲਾ ਬਾਬਾ ਹੋਇਆ ਉਹ ਫੌਜ ਦੇ ਵਿੱਚ ਰੀਟਾਇਰਡ ਫੋਜੀ ਸੀ। ਪੰਜਾਬੀ ਮਾਨਸਿਕਤਾ ਦਾ ਦੁਖ਼ਾਂਤ ਇਹੀ ਹੈ ਕਿ ਇਹ ਆਪਣੀਆਂ ਬਿਮਾਰੀਆਂ ਦਾ ਹੱਲ, ਸੁਖਾਂ-ਦੁਖਾਂ ਦਾ ਹੱਲ, ਬੱਚੇ ਦੀ ਪ੍ਰਾਪਤੀ ਦਾ ਹੱਲ ਆਦਿ ਡੇਰਿਆ ਤੋਂ ਜਾ ਕੇ ਮੰਗਦੇ ਹਨ। ਉੱਥੇ ਜਾ ਕੇ ਮੱਥਾ ਟੇਕਿਆ ਤੇ ਮਸਲਿਆ ਦਾ ਹੱਲ ਹੋ ਗਿਆ। ਪੰਜਾਬੀਆਂ ਦੀ ਮਾਨਸਿਕਤਾ ਅੰਧ-ਵਿਸ਼ਵਾਸ ਦੇ ਵਿੱਚ ਫਸੀ ਹੋਈ ਹੈ।" (ਚਿੰਤਕ)

ਧਰਮ ਸਿਆਸਤ ਦੀ ਆੜ ਵਿੱਚ ਵੱਧ ਰਿਹਾ ਹੈ। ਇਹ ਕਹਿਣਾ ਵੀ ਅਤਿਕਥਨੀ ਨਹੀ ਹੋਵੇਗਾ ਕਿ ਧਰਮ ਦਾ ਸਿਆਸੀਕਰਨ ਹੋ ਗਿਆ ਹੈ। ਧਰਮ ਅਤੇ ਸਿਆਸਤ ਦੇ ਆਪਸੀ ਮੇਲ-ਜੋਲ ਦੇ ਕਰਕੇ ਬਹੁਗਿਣਤੀ ਡੇਰਿਆਂ ਦੇ ਵਿੱਚ ਵਾਧਾ ਹੋਇਆ ਹੈ। ਅਸਲ ਦੇ ਵਿੱਚ ਧਾਰਮਿਕ ਅੱਡੇ ਇੱਕ ਵੋਟ ਬੈਂਕ ਦੀ ਭੂਮਿਕਾ ਨਿਭਾ ਰਹੇ ਹਨ। ਅਜਮੇਰ ਸਿੱਧੂ ਦੀ ਕਹਾਣੀ "ਜਹਾਜ਼ ਵਾਲੀ ਟੈਂਕੀ"," ਪੁਨਰ ਜਨਮ, ਸੁਖਜੀਤ ਦੀ ਕਹਾਣੀ ਪਾਤਸ਼ਾਹ ਦੇ ਰਾਹੀਂ ਵਿਕਾਸਸ਼ੀਲ ਦੇਸ਼ਾਂ ਦੇ ਵਿੱਚ ਧਰਮ ਦੇ ਅਡੰਬਰ ਰਾਹੀਂ ਪੈਸਾ ਕਿਵੇਂ ਕਮਾਇਆ ਜਾ ਰਿਹਾ ਹੈ। ਪਾਤਸ਼ਾਹ ਕਹਾਣੀ ਦੇ ਵਿੱਚ ਡੇਰਿਆਂ ਦੇ ਬਾਬਿਆ ਦਾ ਰੂਪ ਚਿਤਰਿਆ ਹੋਇਆ ਮਿਲਦਾ ਹੈ,

> ਪੈਸੇ ਫੜ੍ਹ ਕੇ ਬਾਪੂ ਚਿੱਟੇ ਰੁਮਾਲ ਦੇ ਵਿੱਚ ਲਪੇਟਦਾ ਤੇ ਮੱਥਾ ਟੇਕਣ ਵਾਂਗੂੰ ਦੋਵੇਂ ਹੱਥਾਂ ਨਾਲ ਸੇਵਕ ਦੇ ਹਵਾਲੇ ਕਰ ਦਿੰਦਾ ਤੇ ਆਖਦਾ," ਮੈ ਥੋਡਾ ਭਲਾ ਹੀ ਕਰਦੈ ਭਾਈ, ਚਾਹੇ ਧੱਕੈ ਨਾਲ ਹੀ ਸਮਝ ਲੋ....! ਦਾਨ ਦਿੱਤੇ ਤੋਂ ਧਨ ਨਹੀ ਘੱਟਦਾ। ਕਹਿੰਦੇ ਉਸ ਨੂੰ ਰਜਿਸਟਰੀ ਕਰਾਉਣ ਨਾਲ ਜ਼ਮੀਨ ਉਹਦੀ ਨਹੀਂ ਹੋ ਗਈ.....ਦੇਖੂ........ਮੈ ਉਹਦਾ ਕਿਹੜਾ ਟਰੈਕਟਰ ਐਸ਼ ਪਾਤਸ਼ਾਹ ਦੀ ਹਿੱਕ ਤੋਂ ਜ਼ਮੀਨ 'ਚੋ ਜਾਊ।

*(ਅੰਤਰਾ 41-46)*

ਰਾਜਨੀਤੀਵਾਨਾਂ ਦੀ ਸਰਪ੍ਰਸਤੀ ਹੇਠ ਆਸ਼ਰਮ ਚਲ ਰਹੇ ਹਨ। ਇਹਨਾਂ ਆਸ਼ਰਮਾਂ ਦੇ ਅੰਦਰ ਅਪਰਾਧ ਪੈਦਾ ਹੋ ਰਿਹਾ ਹੈ। ਦੇਹ ਵਪਾਰ ਜਾਂ ਹੋਰ ਘਟਨਾਵਾਂ ਵਾਪਰਦੀਆਂ ਹਨ। ਇਹਨਾਂ ਆਸ਼ਰਮਾਂ ਦਾ ਬਿਨ੍ਹਾਂ ਕਿਸੇ ਕਾਰਨ ਤੋਂ ਜਾਂਚ ਪੜਤਾਲ ਕਰਨਾ ਔਖਾ ਹੈ। ਇਹਨਾਂ ਆਸ਼ਰਮਾਂ ਦਾ ਮੂਲ਼ ਮੁੱਦਾ ਰੱਬ ਦਾ ਨਾਉਂ

ਜਪਣਾ ਨਹੀ ਸਗੋਂ ਧਰਮ ਦੇ ਨਾਂ ਹੇਠ ਘਿਨਾਉਣੇ ਧੰਦਿਆਂ ਨੂੰ ਚਲਾਉਣਾ ਹੈ। ਇਹਨਾਂ ਆਸ਼ਰਮਾਂ ਦੇ ਬਾਰੇ ਅਫਵਾਹਾਂ ਜ਼ਰੂਰ ਉੱਡਦੀਆਂ ਹਨ। ਧਰਮ ਦੇ ਨਾਂ ਤੇ ਧੰਦੇ ਚਲਾਉਣਾ ਸੌਖਾ ਨਹੀਂ ਇਹ ਸਿਰਫ਼ ਹਾਕਮ ਜਮਾਤ ਦੀ ਰਹਿਨਮਾਈ ਤੇ ਹੀ ਸੰਭਵ ਹੋ ਸਕਦਾ ਹੈ।

ਵੱਡੀ ਮੱਛਲੀ ਨਿੱਕੀ ਨੂੰ ਨਿਗਲ ਰਹੀ ਹੈ।
ਧਰਮਾਂ ਦੀ ਆੜ ਵਿੱਚ ਸਿਆਸਤ
ਕੀ ਦਾ ਕੀ ਕਰ ਰਹੀ ਹੈ। (ਕਵਿਤਾ ਯੁੱਧ. ਛਾਵੇ ਤੇ ਪਰਛਾਵੇ 37)

ਧਰਮ ਦੇ ਰਹਿਨੁਮਾ ਵੀ ਹਾਕਮ ਜਮਾਤ ਦੇ ਸ਼ਾਸ਼ਨ ਨੂੰ ਕਾਇਮ ਰੱਖਣ ਵਿੱਚ ਮਦਦ ਕਰਦੇ ਹਨ। ਧਰਮ ਦੇ ਸੰਚਾਲਕ ਭ੍ਰਿਸ਼ਟ ਹੋ ਗਏ ਹਨ। ਧਰਮ ਨੂੰ ਬਜ਼ਾਰ ਦੇ ਵਿੱਚ ਵਿਕਣ ਵਾਲਾ ਧੰਦਾ ਬਣਾ ਦਿੱਤਾ ਹੈ। ਹਾਕਮ ਜਮਾਤ ਧਾਰਮਿਕ ਬਿਰਤੀ ਦਾ ਬਣ ਕੇ ਆਪਣੇ ਪਾਪ ਧੋਣਾ ਚਾਹੁੰਦੀ ਹੈ ਅਤੇ ਦੂਸਰਾ ਲੋਕਾਂ ਨੂੰ ਅਕਰਸ਼ਿਤ ਕਰਕੇ ਵੋਟਾਂ ਨੂੰ ਵਟੋਰਨ ਦਾ ਵੀ ਇੱਕ ਢੰਗ ਹੈ। ਵਰਤਮਾਨ ਬਾਬੇ ਪਹਿਲਾਂ ਅਧਿਆਤਮਿਕ ਗੁਰੂ ਬਣ ਕੇ ਲੋਕਾਂ ਦਾ ਇਕੱਠ ਕਰਦੇ ਅਤੇ ਫਿਰ ਪੈਸੇ ਦਾ ਲਾਲਚ ਬਾਬਿਆਂ ਨੂੰ ਅਪਰਾਧ ਦੇ ਘੇਰੇ ਵਿੱਚ ਲੈ ਜਾਂਦਾ ਹੈ।

ਭਾਰਤ ਦੀਆਂ ਸਿਆਸੀ ਪਾਰਟੀਆਂ ਧਰਮ ਨਿਰਪੱਖ ਸੋਚ ਦਾ ਦਿਖਾਵਾ ਕਰਦੀਆਂ ਹਨ। ਹਰ ਇੱਕ ਪਾਰਟੀ ਦੀ ਖੇਡ ਧਰਮ ਨੂੰ ਲੈ ਕੇ ਹੀ ਹੁੰਦੀ ਹੈ ਭਾਵੇਂ ਉਹ ਸੱਤਾ ਪਾਰਟੀ ਹੋਵੇ ਜਾਂ ਵਿਰੋਧੀ ਪਾਰਟੀ ਹੋਵੇ। ਹਰ ਪਾਰਟੀ ਆਪਣੇ ਆਪ ਨੂੰ ਲੋਕ ਸਪਰਪਣ ਆਖਦੀ ਹੈ। ਇਹਨਾਂ ਪਾਰਟੀਆਂ ਦੀਆਂ ਪਿੱਛਲ ਰਾਜ ਨੂੰ ਖੋਜਣ ਦੀ ਲੋੜ ਹੈ।ਇਹਨਾਂ ਪਾਰਟੀਆਂ ਦੇ ਪੂਰੇ ਇਤਿਹਾਸ ਦੀ ਜਾਣਕਾਰੀ ਮਿਲ ਜਾਵੇਗੀ। ਸਮੇਂ ਦੇ ਨਾਲ ਪਾਰਟੀਆਂ ਦੀਆਂ (ਵਿਰੋਧੀ ਪਾਰਟੀ/ਸੱਤਾ ਪਾਰਟੀ) ਧਰਮ ਨਿਰਪੇਖ ਨੀਤੀਆਂ ਜਗ ਜ਼ਹਿਰ ਹੋ ਜਾਂਦੀਆਂ ਹਨ। ਉਦਾਹਰਨ ਦੇ ਤੌਰ ’ਤੇ 84 ਦੇ ਸਮੇਂ ਪੰਜਾਬ ਦਾ ਮਾਹੌਲ ਅੱਤਵਾਦੀ, ਪੁਲਿਸ ਸਿਸਟਮ ਦੀ ਕਾਰਵਾਈ, ਵੱਧ ਤੋਂ ਵੱਧ ਧਾਰਮਿਕ ਦੰਗੇ ਕਰਵਾਏ ਜਾਂਦੇ ਰਹੇ ਹਨ। ਇਸ ਸੰਬੰਧੀ ਸੱਤਾ ਧਿਰ/ਵਿਰੋਧੀ ਧਿਰ ਵੀ ਜੁੜਦੇ ਰਹੇ ਹਨ।

ਡਾ ਭੀਮਇੰਦਰ ਸਿੰਘ ਦੇ ਅਨੁਸਾਰ,

> ਪੰਜਾਬ ਦੇ ਵਿੱਚ ਅੱਸੀਵਿਆਂ ਵਿਚ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਲਈ ਅਕਾਲੀਆਂ, ਬੀ.ਜੇ.ਪੀ ਦੇ ਨਾਲ ਕਾਂਗਰਸ ਦੇ ਰੋਲ ਨੂੰ ਵੀ ਅਣਗੌਲਿਆ ਨਹੀ ਕੀਤਾ ਜਾ ਸਕਦਾ। ਸਿਰਫ ਪੰਜਾਬ ਵਿਚ ਹੀ ਨਹੀ ਪੂਰੇ ਮੁਲਕ ਵਿੱਚ ਅਜ਼ਾਦੀ ਤੋਂ ਧਰਮ ਨਿਰਪੱਖਤਾ ਨੂੰ ਖਤਮ ਕਰਕੇ ਫਿਰਕੂ ਸਿਆਸਤ ਵੱਲੋਂ ਦੰਗੇ ਫੈਲਾਏ ਜਾਂਦੇ ਰਹੇ ਹਨ। ਭਾਰਤ ਦਾ ਧਰਮ ਨਿਰਪੱਖਤਾ ਦੀ ਧਾਰਨਾ ਵਾਲਾ ਸੰਵਿਧਾਨ ਇਕ ਬੇਜਾਨ ਵਸਤੂ ਦੀ ਤਰ੍ਹਾਂ ਬਣਦਾ ਰਿਹਾ ਹੈ। ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾ ਕੇ ਅਤੇ ਇਥੋਂ ਦੀ ਬਹੁ-ਸਭਿਆਚਾਰਕ ਪਰੰਪਰਾ ਨੂੰ ਖਤਮ ਕਰਕੇ ਕਿਸੇ ਇਕ ਧਰਮ ਦੀ ਫਿਰਕੂ ਸੋਚ ਨੂੰ ਸਮਾਜ 'ਤੇ ਥੋਪਣ ਵਾਲੀ ਵਿਚਾਰਧਾਰਾ ਨੂੰ ਸਮਝਣ ਲਈ ਇਥੋਂ ਦੇ ਵਿਭਿੰਨ ਵਰਗਾਂ, ਸਮਾਜਕ ਸੰਗਠਨਾਂ, ਫਿਰਕੂ ਅਖੌਤੀ ਧਰਮ-ਨਿਰਪੱਖ ਪਾਰਟੀਆਂ ਨੂੰ ਸਮਝਣਾ ਜ਼ਰੂਰੀ ਹੈ।
>
> *(ਸੱਤਾ ਸੰਘਰਸ਼ ਅਤੇ ਸਾਹਿਤ 39-40)*

ਇਹਨਾਂ ਪਾਰਟੀਆਂ ਦੀਆਂ ਸਿਆਸੀ ਚਾਲਾਂ ਨੂੰ ਸਮਝਣਾ ਚਾਹੀਦਾ ਹੈ। ਇਹ ਧਰਮ ਦੇ ਰਾਹੀਂ ਸੁਆਰਥ ਦੀ ਸ਼ਤਰੰਜ਼ ਖੇਡ ਜਾਂਦੇ ਹਨ। ਇਹ ਆਪਣੇ ਸਿਆਸੀ ਮਨੋਰਥਾਂ ਨੂੰ ਬਹੁਤ ਚਲਾਕੀ ਨਾਲ ਲੁਕਾ ਲੈਂਦੇ ਹਨ ਜਿਨ੍ਹਾਂ ਦੀ ਪੂਰਤੀ ਫਿਰਕੂ ਦੰਗਿਆਂ ਜਾਂ ਫਿਰਕੂ ਸੋਚ ਦੇ ਫੈਲਾਉਣ ਨਾਲ ਕਰਦੇ ਹਨ। ਰਾਜਨੀਤੀ ਦੇ ਵਿੱਚ ਧਾਰਮਿਕ ਮੁੱਦਿਆਂ ਨੂੰ ਉਠਾਇਆ ਜਾਂਦਾ ਹੈ। ਰਾਜਨੀਤੀ ਦੇ ਵਿੱਚ ਸਮਾਜਕ ਜਾਂ ਆਰਥਕ ਮੁੱਦਿਆ ਨੂੰ ਬਹੁਤ ਘੱਟ ਉਠਾਇਆ ਜਾਂਦਾ ਹੈ। ਇਸ ਨਾਲ ਆਮ ਮਨੁੱਖਤਾ ਦੀ ਭਾਵਨਾ ਨੂੰ ਠੇਸ ਪਹੁੰਚਦੀ ਹੈ। ਬਿਨ੍ਹਾਂ ਤੱਥਾਂ ਦੀ ਪਛਾਣ ਕੀਤੇ ਬਿਨ੍ਹਾਂ ਧਰਮ ਜਾਂ ਧਰਮ ਦੇ ਵਿਅਕਤੀਆਂ ਉੱਤੇ ਉਂਗਲ ਨਹੀ ਚੁੱਕਣੀ ਚਾਹੀਦੀ। "ਪੰਜਾਬ ਵਿੱਚ ਵਸਦੀ ਲੋਕਾਈ ਦਾ ਇੱਕ ਹਿੱਸਾ ਸਿੱਖ ਧਰਮ ਦਾ ਅਨੁਯਾਈ ਸੀ। ਜਿਸ ਦੀ ਧਾਰਮਿਕ ਤੌਰ ਤੇ ਆਪਣੀ ਵੱਖਰੀ ਪਛਾਣ ਸੀ। ਇਸ ਤਰ੍ਹਾਂ ਦੀ ਧਰਮ ਆਧਾਰਿਤ ਸਮੱਸਿਆ ਬਾਕੀ ਭਾਰਤ ਵਿੱਚ ਚੜ੍ਹਤਲ ਦੇ ਰੂਪ ਵਿਚ ਨਹੀਂ ਸੀ। ਤੀਸਰਾ, ਪੰਜਾਬ ਦੇ ਖਿੱਤੇ ਵਿੱਚ ਵਸਣ ਵਾਲੀ ਪਹਾੜੀ ਵਸੋਂ ਪੰਜਾਬੀ ਜੀਵਨ ਸ਼ੈਲੀ ਦੇ

ਨੇੜੇ ਵਾਲੀ ਸੀ ਅਤੇ ਨਾਲ ਹੀ ਪੰਜਾਬ ਦੀ ਵੱਖੀ ''ਤੇ ਲੱਗਣ ਵਾਲੇ ਲੋਕ ਵੀ ਪੰਜਾਬੀ ਜੀਵਨ ਸ਼ੈਲੀ ਦੇ ਨੇੜੇ ਵਾਲੇ ਸਨ ਪ੍ਰੰਤੂ ਧਾਰਮਿਕ ਸੰਕੀਰਣਤਾ ਵਿਚੋਂ ਜਿਥੇ ਉਸ ਸਮੇਂ ਦੀ ਸਿੱਖ ਲੀਡਰਸ਼ਿਪ ਪੰਜਾਬੀ ਭਾਸ਼ਾ ਦੀ ਬਜਾਏ ਪੰਜਾਬ ਨੂੰ ਸਿੱਖ ਪੰਜਾਬ ਜਾਂ ਸਿੱਖ ਬਹੁਲਤਾ ਵਾਲੇ ਪੰਜਾਬ ਵਜੋਂ ਦੇਖਦੀ ਸੀ, ਤਾਂ ਨਾਲ ਹੀ ਹਿੰਦੂ ਧਰਮ ਨੂੰ ਪ੍ਰਣਾਲੀ ਧਾਰਮਿਕ ਸੰਕੀਰਨਤਾ ਵਾਲੀ ਲੜਾਈ ਨੇ ਆਪਣੇ ਆਪ ਨੂੰ ਹਿੰਦੀ ਭਾਸ਼ਾ ਦਰਸਾ ਕੇ ਵਿਸ਼ਾਲ ਪੰਜਾਬ ਨੂੰ ਹੋਰ ਛਾਂਗੇ ਜਾਣ ਦੀ ਸੰਭਾਵਨਾ ਪੈਦਾ ਕਰ ਦਿੱਤੀ।" *(ਪੰਜਾਬ ਦ੍ਰਿਸ਼ ਅਤੇ ਦ੍ਰਿਸ਼ਟੀ 12)*

**ਸ)** **ਦਾਗੀ ਚਰਿਤਰ** : ਰਾਜਨੀਤੀ ਦੋ ਰੂਪ ਵਾਲੇ ਚਿਹਰਿਆਂ ਦੇ ਲਈ ਹੁੰਦੀ ਹੈ। ਨੇਤਾ ਦੇ ਚਿਹਰੇ ਇੱਕ ਆਪਣੇ ਤੇ ਇੱਕ ਲੋਕਾਂ ਦੇ ਲਈ ਹੁੰਦਾ ਹੈ। 21 ਵੀਂ ਸਦੀ ਦੀ ਪੜ੍ਹੀ ਲਿਖੀ ਜਨਤਾ ਵੀ ਭ੍ਰਿਸ਼ਟ ਨੇਤਾਵਾਂ ਦੇ ਕਹਿਣੇ 'ਚ ਆ ਜਾਂਦੀ ਹੈ। ਉਹਨਾਂ ਨੂੰ ਵੋਟਾਂ ਪਾ ਦਿੰਦੇ ਹਨ। ਵੈਸੇ ਦੇਖਿਆ ਜਾਵੇ ਤਾਂ ਭਾਰਤ ਦੀ 50% ਜਨਤਾ ਭ੍ਰਿਸ਼ਟ ਨੇਤਾਵਾਂ ਨੂੰ ਹੀ ਚੁਣਦੀ ਹੈ। ਉਹਨਾਂ ਨੇਤਾਵਾਂ ਤੋਂ ਰੋਜ਼ਗਾਰ, ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੀ ਉਮੀਦ ਰੱਖਦੇ ਹਨ। ਭ੍ਰਿਸ਼ਟਚਾਰ ਇੱਕ ਅਜਿਹਾ ਮੁੱਦਾ ਹੈ ਇਹ ਹਰ ਇੱਕ ਵਿਚਾਰ ਹਰ ਚਰਚਾ ਦੇ ਵਿੱਚ ਉੱਠਦਾ ਹੀ ਉੱਠਦਾ ਹੈ।"ਮਸਲਨ ਭ੍ਰਿਸ਼ਟਚਾਰ ਨੂੰ ਬੇਨਕਾਬ ਕਰਨ ਲਈ ਸੰਸਦ ਅੰਦਰ ਪੈਸਿਆਂ ਭਰੇ ਬੈਗ ਵਿਖਾਏ, ਰਾਜਸੀ ਨੇਤਾ ਜੋ ਇਹ ਕਹਿ ਰਹੇ ਸਨ ਕਿ ਉਹਨਾਂ ਨੂੰ ਇਹ ਰਿਸ਼ਵਤ ਧਿਰ ਬਦਲਣ ਦੀ ਪੇਸ਼ਕਸ਼ ਦੇ ਨਾਲ ਦਿੱਤੀ ਗਈ। ਇਹ ਸਭ ਇਕ ਸਮਾਚਾਰ ਅਦਾਰੇ ਦੇ ਖ਼ੁਫ਼ੀਆ ਅਪ੍ਰੇਸ਼ਨ ਦੇ (ਸਿਟਿੰਗ ਅਪ੍ਰੇਸ਼ਨ) ਕੁਝ ਚਿਰ ਬਾਅਦ ਹੋਇਆ। ਜਿਸ 'ਚ ਨਵੀਂ ਸਚਾਈ ਨੂੰ ਉਜਾਗਰ ਕੀਤਾ ਗਿਆ ਸੀ। ਰਾਜਸੀ ਨੇਤਾਵਾਂ ਨੂੰ ਰਿਸ਼ਵਤ 'ਚ ਨੋਟਾਂ ਨਾਲ ਭਰੇ ਅਟੈਚੀਕੇਸ ਲੈਂਦੇ ਕੈਮਰੇ 'ਚ ਕੈਦ ਕੀਤਾ ਗਿਆ ਸੀ। ਇਸ ਨਾਲ ਭ੍ਰਿਸ਼ਟ 'ਚ ਚੁਣੇ ਨੁਮਾਇੰਦਿਆਂ ਦੀ ਵਿਕਾਊ ਅਤੇ ਜ਼ਾਲਮ ਰੁਝਾਣ ਸੰਬੰਧੀ ਵਿਆਪਕ ਬਹਿਸ ਛਿੜ ਗਈ ਅਤੇ ਜਿਨ੍ਹਾਂ 'ਤੇ ਦੋਸ਼ ਲਾਏ ਸਨ ਤੇ ਉਹ ਕਈ ਤਰ੍ਹਾਂ ਨਾਲ ਆਪਣਾ ਬਚਾਅ ਕਰਨ ਲੱਗੇ ਸਨ।" *(ਡਾ. ਅਜੀਤਪਾਲ ਸਿੰਘ ਐਮ.ਡੀ. ਦਾਗੀ ਰਾਜਨੀਤੀ ਦੇ ਨਾਇਕ 85)*

ਨੇਤਾਵਾਂ ਦੀਆਂ ਭ੍ਰਿਸ਼ਟਚਾਰ ਤੇ ਰਿਸ਼ਵਤਖੋਰੀ ਦੀਆਂ ਖ਼ਬਰਾਂ ਜੱਗ ਜਾਹਿਰ ਹੋਣ ਤੋਂ ਬਾਅਦ ਵੀ ਨੇਤਾ ਆਪਣੇ ਆਪ ਨੂੰ ਸਾਫ਼ ਚਰਿੱਤਰ ਦੇ ਦੱਸਦੇ ਹਨ। ਉਹ ਨੇਤਾ ਆਪਣੇ ਆਪ ਨੂੰ ਲੋਕ ਸਮਰਪਿਤ ਕਹਿੰਦੇ ਹਨ। ਭਾਰਤ ਦੇ ਵਿੱਚ ਇੰਨੇ ਭ੍ਰਿਸ਼ਟ ਨੇਤਾ ਹਨ, ਜਿੰਨਾਂ ਉੱਤੇ ਕਰਵਾਈ ਹੋਣ ਤੋਂ ਬਾਅਦ ਵੀ ਸੰਸਦ ਦੇ ਮੈਂਬਰ

ਬਣੇ ਰਹਿੰਦੇ ਹਨ। ਇਹੋ ਹੀ ਵਿਵਸਥਾ ਕਾਨੂੰਨ ਦੇ ਬਿਲਕੁਲ ਉਲਟ ਹੈ। ਭਾਰਤ ਦੇ ਵਿੱਚ ਕਈ ਮੰਤਰੀਆਂ ਉੱਤੇ ਭ੍ਰਿਸ਼ਟਚਾਰ ਤੇ ਹੋਰ ਮਸਲਿਆਂ ਦੇ ਵੀ ਦੋਸ਼ ਲੱਗੇ। ਇੰਨੇ ਦੋਸ਼ਾਂ ਦੇ ਬਾਵਜੂਦ ਚੋਣ ਲੜਨੀ ਤੇ ਸਾਂਸਦ ਮੈਂਬਰ ਰਹਿਣਾ ਇਹ ਸਵਾਲੀਆਂ ਨਿਸ਼ਾਨ ਖੜ੍ਹੇ ਕਰਦਾ ਹੈ। ਰਾਜਨੀਤੀ ਦੇ ਵਿੱਚ ਨੇਤਾ ਹੀ ਨਹੀਂ ਵਿਕਦੇ ਚੋਣ ਲੜਨ ਦੇ ਲਈ ਟਿਕਟਾਂ ਵੀ ਵਿਕਦੀਆਂ ਹਨ। ਵਾਪਾਰੀਆਂ ਤੋਂ ਪਾਰਟੀ ਫੰਡ ਲੈਣ ਦੀ ਖਾਤਿਰ ਉਹਨਾਂ ਨੂੰ ਟਿਕਟਾਂ ਵੀ ਵੇਚੀਆਂ ਜਾਂਦੀਆ ਹਨ। ਵਾਪਾਰੀਆਂ ਦੇ ਕੋਲ ਫੰਡ ਕੋਈ ਨਾ ਕੋਈ ਸੰਘ ਬਣਾ ਕੇ ਲਿਆ ਜਾਂਦਾ ਹੈ ਜਿਵੇਂ ਕਿ ਪਾਰਟੀਆਂ ਨੇ ਵੱਖੋ ਵੱਖਰੇ ਸੰਘ ਬਣਾਏ ਹੋਏ ਹਨ । ਉਸਦੀ ਪੂਰਤੀ ਹੇਠਾਂ ਵਾਪਾਰੀਆਂ ਦੇ ਕੋਲੋਂ ਫੰਡ ਲੈਂਦੇ ਰਹਿੰਦੇ ਹਨ। ਹਰ ਚੋਣਾਂ ਦੇ ਵਿੱਚ ਪਾਰਟੀ ਫੰਡ ਇਕੱਠਾ ਕੀਤਾ ਜਾਂਦਾ ਹੈ।ਡਾ. ਅਜੀਤਪਾਲ ਸਿੰਘ ਦੀ ਧਾਰਨਾ ਹੈ ਕਿ“ 15 ਵੀਂ ਲੋਕ ਸਭਾ ਚੋਣਾਂ ’ਚ ਭਾਜਪਾ ਨੇ 129 ਕਰੋੜਪਤੀਆਂ ਨੂੰ ਟਿਕਟ ਦਿੱਤੀ। ਕਾਂਗਰਸ ਵਾਂਗੂੰ ਭਾਜਪਾ ਨੇ ਵੀ ਸਾਢੇ 52 ਕਰੋੜ ਰੁਪਏ ਸਨਅਤਕਾਰਾਂ ਤੋਂ ਲਏ। ਭਾਜਪਾ ’ਚ ਵੀ ਹੋਰ ਪਾਰਟੀਆਂ ਵਾਂਗੂੰ ਸੰਸਦ ‘ਚ ਧਨਾਢਾਂ ਦੀ ਸਿੱਧੀ ਹਿੱਸੇਦਾਰੀ ਵਧੀ ਹੈ। ਸੰਘ ਆਪਣੇ ਦਰਜਨਾਂ ਹੋਰ ਸੰਗਠਨਾਂ ਰਾਹੀਂ ਫਾਂਸ਼ੀਵਾਦੀ ਨੀਤੀਆਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।” *(ਫਾਂਸ਼ੀ, ਦੰਗੇ ਤੇ ਹੋਰ ਮਸਲੇ 7)*

ਦਾਗੀ ਚਰਿੱਤਰ ਦੇ ਨੇਤਾਵਾਂ ਨੂੰ ਚੋਣ ਲੜਨ ਨਹੀਂ ਦੇਣੀ ਚਾਹੀਦੀ। ਇਸ ਦਾ ਪ੍ਰਭਾਵ ਸਮਾਜ ਅਤੇ ਨਿਆਂ ਪ੍ਰਣਾਲੀ ਤੇ ਉਲਟ ਪੈਂਦਾ ਹੈ। ਪਹਿਲਾਂ ਹੀ ਭਾਰਤੀ ਲੋਕਾਂ ਦੀ ਸੋਚ ਹੈ ਕਿ ਭਾਰਤ ਦੀ ਨਿਆਂ ਵਿਵਸਥਾ ਬਹੁਤ ਮਾੜੀ ਹੈ। ਕੇਸਾਂ ਦੇ ਫੈਸਲੇ ਆਉਂਦੇ ਆਉਂਦੇ ਸਾਲਾਂ ਲੱਗ ਜਾਂਦੇ ਹਨ। ਦਾਗੀ ਨੇਤਾਵਾਂ ਨੂੰ ਸਜ਼ਾ ਨਾ ਮਿਲੀ ਤਾਂ ਲੋਕਤੰਤਰ ਨੂੰ ਸੱਟ ਵੱਜਦੀ ਹੈ। ਇਸ ਸੰਬੰਧੀ ਹਾਈਕੋਰਟ ਦਾ ਵੀ ਫੈਸਲਾ ਆਇਆ ਹੈ ਕਿ “ਸੁਪਰੀਮ ਕਰੋਟ ਨੇ ਦਾਗੀ ਨੇਤਾਵਾਂ ’ਤੇ ਫੈਸਲੇ ਦਾ ਅਧਿਕਾਰ ਸੰਸਦ ਤੇ ਛੱਡ ਦਿੱਤਾ ਹੈ। ਕੋਰਟ ਨੇ ਅਪਰਾਧਿਕ ਕੇਸ ਕਾਰਨ ਚੋਣ ਲੜਨ ਤੇ ਰੋਕ ਨਹੀਂ ਲਗਾਈ ਹੈ। ਕੋਰਟ ਨੇ ਫੈਸਲਾ ਸਣਾਉਂਦਿਆਂ ਕਿਹਾ ਕਿ ਸੰਸਦ ਨੂੰ ਨਿਸ਼ਿਚਤ ਕਰਨਾ ਹੋਵੇਗਾ ਕਿ ਦੋਸ਼ੀ ਰਾਜਨੀਤੀ ‘ਚ ਨਾ ਆਵੇ। ਭ੍ਰਿਸ਼ਟਾਚਾਰ ਅਤੇ ਅਪਰਾਧੀਕਰਨ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਂਦਾ ਹੈ।” *(ਦਾਗੀ ਨੇਤਾਵਾਂ ਦੇ ਚੋਣ ਲੜਨ ਤੋਂ ਰੋਕ ਲਾਉਣ ਤੋਂ ਸੁਪਰੀਮ ਕੋਰਟ ਦਾ ਇਨਕਾਰ . ਪੰਜਾਬੀ ਜਾਗਰਣ. 25 ਸਤੰਬਰ 2018)*

ਰਾਜਨੀਤਿਕ ਪਾਰਟੀਆਂ ਨੂੰ ਆਪਣੇ ਸਾਰੇ ਹੀ ਉਮਦੀਵਾਰਾਂ ਦੀ ਜਾਣਕਾਰੀ ਰੱਖਣੀ ਹੋਵੇਗੀ ਤੇ ਨਾਲ ਹੀ ਅਪਰਾਧਿਕ ਮਾਮਲਿਆਂ ਦੇ ਵਿੱਚ ਸ਼ਾਮਿਲ ਨੇਤਾ ਦੇ ਬਾਰੇ ਜਾਣਕਾਰੀ ਦੇਣੀ ਪਵੇਗੀ। ਅਪਰਾਧਿਕ ਘਟਨਾਵਾਂ ਘੱਟ ਹੋਣੀਆਂ ਚਾਹੀਦੀਆ ਹਨ। ਇਸ ਨਾਲ ਨੇਤਾ ਦੇ ਦਮਨ ਤੇ ਦਾਗ਼ ਲੱਗਦਾ ਤੇ ਨਾ ਹੀ ਜਨਤਾ ਦੇ ਵਿੱਚ ਸਾਖ ਰਹਿੰਦੀ ਹੈ। ਭਾਰਤੀ ਸੰਸਦ ਦੇ ਕਈ ਮੰਤਰੀਆਂ ਦੇ ਉੱਤੇ ਕੇਸ ਦਰਜ ਹਨ। ਉਹਨਾਂ ਨੇਤਾਵਾਂ ਨੂੰ ਟਿਕਟ ਵੀ ਮਿਲ ਜਾਂਦੀ ਹੈ ਅਤੇ ਚੋਣ ਪ੍ਰਚਾਰ ਤੋਂ ਲੈ ਕੇ ਚੋਣ ਲੜਨ ਤੱਕ ਸਫਰ ਜਾਰੀ ਰੱਖਦੇ ਹਨ। ਪਾਰਟੀਆਂ ਦੇ ਸਿਸਟਮ ’ਤੇ ਸਵਾਲੀਆ ਨਿਸ਼ਾਨ ਖੜ੍ਹਾ ਕਰਦਾ ਹੈ ਕਿ ਇਹੋ ਜਿਹੇ ਨੇਤਾ ਨੂੰ ਟਿਕਟ ਕਿਉਂ ਦਿੱਤੀ ਜਾਂਦੀ ਹੈ। ਸੰਸਦ ਦੇ 30% ਮੈਂਬਰ ਜ਼ਰੂਰ ਹੀ ਅਪਰਾਧਿਕ ਮਾਮਲਿਆਂ ਦੇ ਵਿੱਚ ਸ਼ਾਮਿਲ ਹੋਣਗੇ। ਇਹ ਸੰਸਦ ਦੀ ਕੈਂਸਰ ਦੀ ਬਿਮਾਰੀ ਹੈ।

**ਹ) ਭਾਸ਼ਾ ਤੇ ਸਿਆਸਤ** : ਪੰਜਾਬੀ ਭਾਸ਼ਾ ਪੰਜਾਬੀਆਂ ਦੀ ਸ਼ਾਨ ਤੇ ਮਾਣ ਦਾ ਪ੍ਰਤੀਕ ਹੈ। ਇਸ ਨੇ ਪੰਜਾਬੀਆਂ ਦੇ ਇਤਿਹਾਸ ਨੂੰ ਆਪਣੀ ਗੋਦ ਦੇ ਵਿੱਚ ਸੰਭਾਲ ਕੇ ਰੱਖਿਆ ਹੋਇਆ ਹੈ। ਪੰਜਾਬੀ ਭਾਸ਼ਾ ਨੂੰ ਮਾਣ ਸਿਰਫ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਹੀ ਸਥਾਪਿਤ ਹੋਇਆ ਮਿਲਿਆ ਸੀ। ਜਦੋਂ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰਿਹਾ ਤੇ ਪੰਜਾਬੀ ਭਾਸ਼ਾ ਰਾਜ ਮਾਤਾ ਬਣੀ ਰਹੀ ਸੀ। ਉਸ ਵਕਤ ਸਾਰੇ ਕੰਮ ਹੀ ਪੰਜਾਬੀ ਭਾਸ਼ਾ ਦੇ ਵਿੱਚ ਕੀਤੇ ਜਾਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਅੰਗਰੇਜਾਂ ਦਾ ਰਾਜ ਆਇਆ, ਉਹਨਾਂ ਨੇ ਫਾਰਸੀ ਭਾਸ਼ਾ ਨੂੰ ਰਾਜ ਭਾਸ਼ਾ ਬਣਾ ਦਿੱਤਾ। ਪੰਜਾਬੀ ਭਾਸ਼ਾ ਦੇ ਹੱਥੋਂ ਜੋ ਹੱਕ ਖੋਹਿਆ ਗਿਆ ਸੀ,ਉਹ ਹੁਣ ਤੱਕ ਖੁਸਿਆ ਹੋਇਆ ਹੈ। ਬੂਟਾ ਸਿੰਘ ਬਰਾੜ ਭਾਸ਼ਾ ਦੇ ਬਾਰੇ ਆਪਣੀ ਧਾਰਨਾ ਪ੍ਰਗਟ ਕਰਦੇ ਹਨ ਕਿ “ਭਾਰਤ ਦੇ ਵਿੱਚ ਜਿੰਨੀਆਂ ਭਾਸ਼ਾਵਾਂ ਤੇ ਉਪਭਾਸ਼ਾਵਾ ਹਨ, ਸ਼ਾਇਦ ਹੀ ਕਿਸੇ ਹੋਰ ਮੁਲਕ ਦੇ ਵਿੱਚ ਹੋਣ।ਇਸੇ ਲਈ ਕਿਹਾ ਜਾਂਦਾ ਹੈ ਕਿ ਬਹੁਭਾਸ਼ਾਈ ਰੁਝਾਨ ਭਾਰਤੀਆਂ ਦੇ ਖ਼ੂਨ ਵਿਚ ਰਚਿਆ ਹੋਇਆ ਹੈ। ਇਸ ਲਈ ਜੇ ਕੋਈ ਸਿਆਸੀ ਪਾਰਟੀ ਸੱਤਾ ਦੇ ਨਸ਼ੇ ਵਿਚ ਇਥੋਂ ਦੀਆਂ ਜ਼ਮੀਨੀ ਹਕੀਕਤਾਂ ਨੂੰ ਦਰਕਿਨਾਰੇ ਕਰਕੇ ਇਸ ਮੁਲਕ ਉਤੇ ਇਕ ਭਾਸ਼ਾ ਜਾਂ ਇਕ ਧਰਮ ਥੋਪਣ ਦੀ ਕੋਸ਼ਿਸ਼ ਕਰੇਗੀ ਤਾਂ ਇਹ ਅੱਗ ਨਾਲ ਖੇਡਣ ਵਾਲੀ ਗੱਲ ਹੋਵੇਗੀ। ਜਦੋਂ ਕਦੇ ਵੀ ਕੇਂਦਰੀ ਸੱਤਾ ਨੇ ਖੇਤਰੀ ਭਾਸ਼ਾਵਾਂ ਨੂੰ ਦਰੜ

ਕੇ ਹਿੰਦੀ ਜਾਂ ਅੰਗਰੇਜ਼ੀ ਨੂੰ ਜਬਰੀ ਠੋਸਣ ਦਾ ਸੁਪਨਾ ਲਿਆ ਹੈ ਤਾਂ ਉਦੋਂ ਉਦੋਂ ਉਹ ਨਾਕਾਮ ਰਹੀ ਹੈ। ਖਾਸ ਕਰਕੇ ਤਾਮਿਲ, ਤੈਲਗੂ, ਕੰਨੜ, ਮਲਿਆਲਮ ਅਤੇ ਪੰਜਾਬੀ ਵਰਗੀ ਸ਼ਕਤੀਸ਼ਾਲੀ ਭਾਸ਼ਾਈ ਪਿਛੋਕੜ ਵਾਲੀਆਂ ਭਾਸ਼ਾਵਾਂ ਦੇ ਵਾਰਿਸਾਂ ਦੀ ਚੌਕਸੀ ਹਿੰਦੀ ਲਈ ਤਾਂ ਘਾਤਕ ਸਿੱਧ ਵੀ ਹੋਈ ਹੈ। ਕੇਂਦਰੀ ਸੱਤਾ ਦੀ ਭਾਸ਼ਾ ਦੀ ਅਜਿਹੀ ਸਿਆਸਤ ਸਦਕਾ ਮੁਲਕ ਦੀ ਜਮਹੂਰੀਅਤ ਨੂੰ ਵੱਡਾ ਨੁਕਸਾਨ ਹੋਇਆ ਹੈ। ਭਾਰਤ ਦੇ ਭਾਸ਼ਾਈ ਘੱਟ ਗਿਣਤੀ ਸਮਾਜ ਅੰਦਰ ਬੇਯਕੀਨੀ ਦਾ ਆਲਮ ਹੈ। ਫਲਸਰੂਪ ਮੁਲਕ ਦੀ ਜਮਹੂਰੀਅਤ ਦੀ ਮਜ਼ਬੂਤ ਬੁਨਿਆਦ ਡਗਮਗਾਈ ਹੈ।" *(ਭਾਸ਼ਾ, ਸਿਆਸਤ ਅਤੇ ਸੰਵਾਦ. ਪੰਜਾਬੀ ਟ੍ਰਿਬਿਊਨ.ਜੂਨ 19.2019)*

ਪੰਜਾਬ ਨੂੰ ਭਾਸ਼ਾ ਦੇ ਅਧਾਰ 'ਤੇ ਵੰਡਿਆ ਗਿਆ ਸੀ। ਪੰਜਾਬ ਨੂੰ 1967 ਈ: ਦੇ ਵਿੱਚ ਭਾਸ਼ਾਈ ਅਧਾਰ ਤੇ ਵੰਡਿਆ ਗਿਆ ਹੈ। ਪੰਜਾਬ ਦੇ ਵਿੱਚੋਂ ਹਿਮਾਚਲ ਅਤੇ ਹਰਿਆਣਾ ਨਿਕਲ ਗਏ ਹਨ। ਪੰਜਾਬ ਨੂੰ ਰਾਜ ਭਾਸ਼ਾ ਦੇ ਆਧਾਰ ਤੇ ਤਾਂ ਵੰਡਿਆ ਗਿਆ ਸੀ। ਪੰਜਾਬ ਦੇ ਵਿੱਚ ਪੰਜਾਬੀ ਭਾਸ਼ਾ ਨੂੰ ਜੋ ਦਰਜਾ ਮਿਲਣਾ ਚਾਹੀਦਾ ਸੀ ਉਹ ਹੁਣ ਤੱਕ ਨਹੀ ਮਿਲਿਆ ਹੈ। ਇਹ ਮਾੜੀ ਮੰਦਭਾਗੀ ਗੱਲ ਹੈ ਕਿ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਨਹੀ ਮਿਲਿਆ ਹੈ। ਮਿੱਤਰ ਸੈਨ ਮੀਤ ਦੇ ਅਨੁਸਾਰ " ਰਾਜਨੀਤੀ ਦੀ ਭਾਸ਼ਾ ਅਤੇ ਭਾਸ਼ਾ ਦੀ ਰਾਜਨੀਤੀ ਨੇ ਮਿਲ ਕੇ ਪੰਜਾਬੀ ਦੀ ਨੀਤੀ ਨੂੰ ਅਗਵਾ ਕਰ ਲਿਆ ਹੈ।ਨਤੀਜੇ ਵਜੋਂ ਵਿਧਾਨਿਕ ਪ੍ਰਸ਼ਾਸਨਿਕ ਅਤੇ ਨਿਆਇਕ ਪ੍ਰਕ੍ਰਿਆਵਾਂ ਵਿਚੋਂ, ਸਿੱਖਿਆ, ਵਪਾਰ ਅਤੇ ਵਿਵਹਾਰ ਵਿਚੋਂ, ਪੰਜਾਬੀ ਨੂੰ ਦੇਸ਼ ਨਿਕਾਲਾ ਮਿਲ ਚੁਕਿਆ ਹੈ। ਪੰਜਾਬੀ ਦੇ ਰੁਜ਼ਗਾਰ ਦਿਵਾਉਣ ਦੀ ਸਮਰੱਥਾ ਦੇ ਖ਼ੁਸਜਾਣ ਕਾਰਨ ਲੋਕ ਇਸ ਨੂੰ ਫ਼ਜ਼ੂਲ ਸਮਝਣ ਲੱਗ ਪਏ ਹਨ। ਲੋਕਾਂ ਦੀ ਮਾਨਸਿਕਤਾ ਵਿਚ ਅੰਗੇਰਜ਼ੀ ਵਸ ਗਈ ਹੈ। ਇਸ ਮਾਨਸਿਕਤਾ ਨੂੰ ਪੱਕਾ ਕਰਨ ਲਈ ਸਰਕਾਰ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਪਹਿਲੀ ਜਮਾਤ ਤੋਂ ਅੰਗਰੇਜ਼ੀ ਨੂੰ ਸਿੱਖਿਆ ਦਾ ਮਾਧਿਅਮ ਬਣਾ ਰਹੀ ਹੈ।" *( ਰਾਜ ਮਾਤਾ ਪੰਜਾਬੀ ਨੂੰ ਮਹਿਲਾਂ ਵਿਚੋਂ ਦੇਸ ਨਿਕਾਲਾ ਦੇਣ ਵਾਲਾ ਪੰਜਾਬ ਭਾਸ਼ਾ ਐਕਟ 1967. 5)*

ਪੰਜਾਬੀ ਭਾਸ਼ਾ ਦੇ ਭੱਵਿਖ ਵੱਲ ਚਿੰਤਾ ਦਾ ਵਿਸ਼ਾ ਹੈ। ਸਰਕਾਰਾਂ ਨੂੰ ਵੀ ਇਸਦੇ ਭੱਵਿਖ ਬਾਰੇ ਸੋਚਣਾ ਹੀ ਨਹੀ ਸਗੋਂ ਨਿਯਮ ਲਾਗੂ ਵੀ ਕਰਨੇ ਚਾਹੀਦੇ ਹਨ। ਪੰਜਾਬ ਦੇ ਰਾਜ ਭਾਸ਼ਾ ਦੇ ਤੌਰ ਤੇ ਇੱਕ ਵੱਖਰਾ ਰਾਜ ਬਣਨ ਤੋਂ ਲੈ ਕੇ ਹੁਣ ਤੱਕ ਸਿਰਫ਼ ਨਿਯਮ ਕਾਗ਼ਜਾਂ ਦੇ ਵਿੱਚ ਹੀ ਬਣਾਏ ਤੇ ਤੋੜੇ ਗਏ ਹਨ  ਜਿਨ੍ਹਾਂ ਨੂੰ ਰਸਮੀ ਤੌਰ ਤੇ ਅਜੇ ਤੱਕ ਲਾਗੂ ਨਹੀ ਕੀਤਾ ਗਿਆ ਹੈ। ਇਹਨਾਂ ਨੋਟੀਫਿਕੇਸ਼ਨ ਦੀ ਵਿਸ਼ੇਸ਼ ਗੱਲ ਇਹ ਸੀ ਕਿ ਸਾਰੇ ਹੀ ਦਫ਼ਤਰਾਂ ਵਿੱਚ ਕਾਗ਼ਜ਼ੀ ਕੰਮ ਪੰਜਾਬੀ ਭਾਸ਼ਾ ਦੇ ਵਿੱਚ ਕੀਤੇ ਜਾਣ ਦੇ ਹੁਕਮ ਜਾਰੀ ਕੀਤੇ ਗਏ ਸਨ। ਇਹਨਾਂ ਨਿਯਮਾਂ ਨੂੰ ਰਸਮੀ ਤੌਰ ’ਤੇ ਅਜੇ ਵੀ ਲਾਗੂ ਨਹੀ ਕੀਤਾ ਗਿਆ।ਵਰਤਮਾਨ ਸਮੇਂ ਦੇ ਵਿੱਚ ਵੀ ਸਾਰੇ ਦਫ਼ਤਰੀ ਕੰਮ ਭਾਵੇਂ ਸਕੂਲਾਂ/ ਕਾਲਜਾਂ ਜਾਂ ਕੋਰਟਾਂ ਆਦਿ ਦੇ ਹੀ ਕਿਉਂ ਨਾ ਹੋਣ। ਇਹਨਾਂ ਦਫ਼ਤਰਾਂ ਦੇ ਸਾਰੇ ਹੀ ਕੰਮ ਪੰਜਾਬੀ ਭਾਸ਼ਾ ਦੇ ਵਿੱਚ ਕਰਨ ਦੀ ਬਜਾਇ ਅੰਗਰੇਜ਼ੀ ਵਿੱਚ ਹੀ ਕੀਤੇ ਮਿਲਦੇ ਹਨ। ਪੰਜਾਬੀ ਭਾਸ਼ਾ ਨੂੰ ਸੰਭਾਲਣ ਦਾ ਕਾਰਜ ਨਾ ਮਾਤਰ ਹੀ ਦਿਖਾਈ ਦਿੰਦਾ ਹੈ। ਪੰਜਾਬੀ ਭਾਸ਼ਾ ਦੇ ਅਲੋਪ ਹੋ ਜਾਣ ਦੀਆ ਭੱਵਿਖਬਾਣੀਆਂ ਕੀਤੀਆਂ ਜਾ ਰਹੀਆਂ ਹਨ। ਇਸ ਸੰਬੰਧੀ ਡਾ. ਜੋਗਿੰਦਰ ਸਿੰਘ ਕੈਰੋ ਨਾਲ ਹੋਈ ਮੁਲਾਕਾਤ ਦੇ ਵਿੱਚੋਂ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, “ਵਿਸਫੋਟ ਹੋਇਆ ਤੇ ਸਾਰੀ ਦੁਨੀਆਂ ਹੀ ਬ੍ਰਹਿਮੰਡ ਬਣ ਗਈ। ਇਸੇ ਤਰੀਕੇ ਨਾਲ ਵੀ ਭਾਸ਼ਾ ਦਾ ਵਿਸਫੋਟ ਹੋਇਆ। ਆਦਿ ਕਾਲੀਨ ਮਨੁੱਖ ਕੋਲ ਸ਼ਬਦ ਭਾਵੇਂ ਘੱਟ ਸਨ। ਪਰ ਭਾਸ਼ਾ ਇਕੋ ਹੀ ਸੀ ਉਹ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦਾ ਸੀ। ਸਾਡੇ ਕੋਲ ਸਮੱਸਿਆਵਾਂ ਜ਼ਿਆਦਾ ਹਨ ਤੇ ਭਾਸ਼ਾਵਾ ਅਨੇਕ ਹਨ। ਅੰਗਰੇਜ਼ੀ ਭਾਸ਼ਾ ਦੀ ਮਹਾਨਤਾ ਤਾਂ ਇਸ ਗੱਲ ਵਿੱਚ ਹੈ ਕਿ ਉਸ ਨੇ ਹਰ ਭਾਸ਼ਾ ਤੋਂ ਸ਼ਬਦ ਲਿਆ। ਔਕਸਫੋਰਡ ਡਿਕਸ਼ਨਰੀ ਨੇ ਹਿੰਦੀ, ਪੰਜਾਬੀ ਆਦਿ ਭਾਸ਼ਾਵਾਂ ਦੇ ਸ਼ਬਦ ਜੋੜ ਲਏ ਹਨ। ਉਹਨਾਂ ਨੇ ਆਪਣੇ ਸ਼ਬਦ ਡੰਡਾਰ ਨੂੰ ਭਰਪੂਰ ਕਰ ਲਿਆ ਹੈ। ਸਾਡੇ ਵਿਦਵਾਨਾਂ ਦਾ ਵਿਚਾਰ ਸੀ ਕਿ ਪੰਜਾਬੀ ਭਾਸ਼ਾ ਦੇ ਵਿੱਚ ਹੋਰ ਭਾਸ਼ਾਵਾਂ ਦੇ ਸ਼ਬਦ ਸ਼ਾਮਿਲ ਨਹੀਂ ਹੋਣੇ ਚਾਹੀਦੇ। ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੀ ਭਾਸ਼ਾ ਦੇ ਵਿੱਚ ਫਿੱਟ ਕਰਨਾ ਚਾਹੀਦਾ ਹੈ। ਫਿਰ ਤੁਹਾਡੀ ਭਾਸ਼ਾ ਨੂੰ ਕੋਈ ਖਤਮ ਨਹੀਂ ਕਰ ਸਕਦਾ। ਖਤਰਾ ਉਦੋ ਹੁੰਦਾ ਹੈ, ਜਦੋਂ ਅਸੀ ਆਪਣੀ ਵਿਆਕਰਣ ਦੇ ਵਿੱਚ ਵਿਗਾੜ ਪੈਦਾ ਕਰ ਲੈਂਦੇ ਹਾਂ।“ (ਚਿੰਤਕ)

ਪੰਜਾਬ ਦੀਆਂ ਸਰਕਾਰਾਂ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਹੇਠ ਦਿੱਤੇ ਗਏ ਹਨ।





**Figure 4.4 : ਪੰਜਾਬੀ ਭਾਸ਼ਾ ਦੇ ਲਈ ਨੋਟੀਫਿਕੇਸ਼ਨ**

ਪੰਜਾਬ ਦੀਆਂ ਜ਼ਿਲ੍ਹਾ ਪੱਧਰੀ ਤੇ ਵਿਧਾਨ ਸਭਾਵਾਂ ਦੇ ਕੰਮ ਵੀ ਅੰਗਰੇਜ਼ੀ ਵਿੱਚ ਹੀ ਹੁੰਦੇ ਆਏ ਹਨ। ਮਿੱਤਰ ਸੈਨ ਮੀਤ ਦੇ ਅਨੁਸਾਰ, "ਧਾਰਾ 6 ਦੇ ਰਾਹੀਂ ਵਿਧਾਨ ਸਭਾ ਵਿੱਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਨੂੰ ਜਾਰੀ ਰੱਖਣ ਲਈ ਵਿਸ਼ੇਸ਼ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਦੀ ਇੱਕ ਹੋਰ ਕਮਜ਼ੋਰੀ ਇਹ ਸੀ ਕਿ ਜਿਲ੍ਹਾ ਪੱਧਰੀ ਅਦਾਲਤਾਂ ਜਾਂ ਹਾਈ ਕੋਰਟਾਂ ਵਿੱਚ ਹੁੰਦੇ ਕੰਮਕਾਜ ਨੂੰ ਵੀ ਪੰਜਾਬੀ ਵਿੱਚ ਕੀਤੇ ਜਾਣ ਦੀ ਵਿਵਸਥਾ ਨਹੀ ਸੀ ਕੀਤੀ ਗਈ। 2008 ਵਿੱਚ ਪੰਜਾਬ ਰਾਜ ਭਾਸ਼ਾ ਐਕਟ ਰਾਹੀਂ 1967 ਦੇ ਐਕਟ ਵਿੱਚ ਵੱਡੀਆਂ ਸੋਧਾਂ ਹੋਈਆਂ। ਇਸ ਸੋਧ ਐਕਟ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਸੀ ਕਿ ਮੂਲ ਐਕਟ ਵਿੱਚ ਧਾਰਾ 3 ਏ ਜੋੜ ਕੇ, ਹਾਈ ਕੋਰਟਾਂ ਅਧੀਨ ਕੰਮ ਕਰਦੀਆਂ ਜ਼ਿਲ੍ਹਾਂ ਪੱਧਰੀ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ ਵਿੱਚ ਅਤੇ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਰਹੇ ਟ੍ਰਿਬਿਊਨਲਾਂ, ਅਦਾਲਤਾਂ ਆਦਿ ਵਿੱਚ ਹੁੰਦੇ ਕੰਮਕਾਜ ਨੂੰ ਪੰਜਾਬੀ ਵਿੱਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ। ਇਹ ਵਿਵਸਥਾ 5 ਨਵੰਬਰ 2008 ਤੋਂ ਲਾਗੂ ਹੋ ਵੀ ਗਈ। ਕਾਨੂੰਨ ਭਾਵੇਂ ਬਣ ਵੀ ਗਿਆ ਪਰ ਇਸ ਨੂੰ ਪੰਜਾਬ ਸਰਕਾਰ ਦੀ ਅਣਗਹਿਲੀ ਅਤੇ ਹਾਈਕੋਰਟ ਦੇ ਹੁਕਮ ਨੂੰ ਲਾਗੂ ਕਰਨ ਦੀ ਨੀਅਤ ਨਾ ਹੋਣ ਕਾਰਨ, ਅੱਜ ਤੱਕ ਲਾਗੂ ਨਹੀ ਕੀਤਾ ਗਿਆ। " *(ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ: ਐਕਟ ਦਾ ਪਿਛੋਕੜ. ਪੰਜਾਬੀ ਟ੍ਰਿਬਿਊਨ 1 ਅਪ੍ਰੈਲ 2018)*

ਪੰਜਾਬ ਦੇ ਵਿੱਚ ਦੋ ਹੀ ਰਾਜਨੀਤਿਕ ਪਾਰਟੀਆਂ ਦਾ ਰਾਜ ਰਿਹਾ ਹੈ। ਇਹਨਾਂ ਪਾਰਟੀਆਂ ਨੇ ਪੰਜਾਬੀ ਨੂੰ ਰਸਮੀ ਤੌਰ ਤੇ ਲਾਗੂ ਕਰਨ ਲਈ ਕੋਈ ਸਖ਼ਤੀ ਨਾਲ ਕਦਮ ਨਹੀ ਚੁੱਕੇ। ਇਸ ਦੀ ਬਜਾਇ ਹੋਰ ਰਾਜਾਂ ਦੇ ਵਿੱਚ ਆਪਣੀ ਮਾਤ ਭਾਸ਼ਾ ਦੇ ਵਿੱਚ ਕੰਮ ਕੀਤਾ ਜਾਂਦਾ ਹੈ ਜਿਵੇਂ ਕਿ ਤਾਮਿਲਨਾਡੂ, ਮਹਾਰਾਸ਼ਟਰਾਂ ਆਦਿ। ਇਹਨਾਂ ਰਾਜਾਂ ਦੀਆਂ ਸਰਕਾਰਾਂ ਵੱਲੋਂ ਐਕਟ ਵਿੱਚ ਸੋਧ ਕਰਨ ਤੋਂ ਬਾਅਦ ਤਰੁੰਤ ਹੀ ਭਾਸ਼ਾ ਦੇ ਵਿੱਚ ਕੰਮ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਸਨ। ਪੰਜਾਬ ਦੇ ਵਿੱਚ ਆਦੇਸ਼ ਜਾਰੀ ਹੋਣ ਤੋਂ ਬਾਅਦ ਵੀ ਲਾਗੂ ਨਹੀ ਕੀਤਾ ਗਿਆ ਸੀ। ਪੰਜਾਬੀ ਭਾਸ਼ਾ ਦੇ ਲਾਗੂ ਹੋਣ ਤੋਂ ਬਾਅਦ ਕਈ ਲੋਕ ਪੰਜਾਬੀ ਭਾਸ਼ਾ ਨੂੰ ਆਪਣੀ ਮਾਤ ਭਾਸ਼ਾ ਨਹੀ ਮੰਨਦੇ ਹਨ। ਪੰਜਾਬੀ ਭਾਸ਼ਾ ਨੂੰ ਮਾਤ ਭਾਸ਼ਾ ਮੰਨਣ ਦੀ ਬਜਾਇ ਹਿੰਦੀ ਭਾਸ਼ਾ ਨੂੰ ਮਾਤ ਭਾਸ਼ਾ ਮੰਨਦੇ ਹਨ।

ਕੁਲਦੀਪ ਸਿੰਘ ਨਈਅਰ ਦੇ ਅਨੁਸਾਰ,

> ਬਹੁਤ ਸਾਰੇ ਹਿੰਦੂਆਂ ਨੇ 1951 ਦੀ ਮਰਦਮ ਸ਼ੁਮਾਰੀ ਵਿੱਚ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਸੀ। ਸਿੱਖ ਅਤਵਾਦੀ ਪ੍ਰਾਪੇਗੰਡਾ ਇਹ ਸੀ ਕਿ ਉਹਨਾਂ ਨੂੰ ਆਪਣੀ ਮਾਂ-ਬੋਲੀ ਨੂੰ ਹੀ ਤਿਲਾਂਜਲੀ ਦੇਣ ਲਈ ਪ੍ਰੇਰਿਆ ਜਾ ਸਕਦਾ ਸੀ, ਬੋਲੀ ਜੋ ਉਹ ਬੋਲਦੇ ਹਨ, ਤਾਂ ਉਹ ਸਿੱਖਾਂ ਨਾਲ ਕਦੇ ਵੀ ਨਿਆਂ ਨਹੀ ਕਰ ਸਕਦੇ।ਇਸ ਦਲੀਲ ਨੂੰ ਸੁਣ ਕੇ ਔਸਤ ਸਿੱਖ ਸੋਚਣ ਲੱਗ ਪਏ ਕਿ ਜਿਹੜੇ ਲੋਕ ਆਪਣੀ ਮਾਂ ਬੋਲੀ ਤੋਂ ਹੀ ਮੁਨਕਰ ਹੋਣ ਦੀ ਹੱਦ ਤੱਕ ਜਾ ਸਕਦੇ ਹਨ ਕਿਉਂਕਿ ਇਹ ਸਿੱਖਾਂ ਦੀ ਬੋਲੀ ਹੈ, ਕੀ ਉਹ ਉਹਨਾਂ ਨਾਲ ਸ਼ਾਮਿਲ ਹੋ ਸਕਦੇ ਹਨ?

*(ਪੰਜਾਬ ਦਾ ਦੁਖਾਂਤ 59)*

ਪੰਜਾਬੀ ਭਾਸ਼ਾ ਸੰਬੰਧੀ ਵਿਦਵਾਨਾਂ ਦੀਆਂ ਕਵਿਤਾਵਾਂ ਵੀ ਮਿਲਦੀਆਂ ਜਿਸ ਵਿੱਚ ਪੰਜਾਬੀ ਭਾਸ਼ਾ ਦੇ ਭੱਵਿਖ ਦਾ ਜ਼ਿਕਰ ਕੀਤਾ ਗਿਆ ਹੈ। ਪੰਜਾਬੀ ਭਾਸ਼ਾ ਸੰਬੰਧੀ ਦਰਦ ਬਿਆਨ ਕਰਦੀ ਕਵਿਤਾ

ਇਹ ਮੇਰੇ ਲਹੂ ਦੀ ਲਿਪੀ ਦੇ ਉਦਾਸ ਅੱਖਰ,

ਮੇਰੇ ਹਨੇਰੇ ਦੇ ਹਰਫ਼

ਉਦਾਸ ਉਪਨਿਸ਼ਦ

ਤਪਦੀ ਤਵਾਰੀਖ ਮੇਰਾ ਆਹਦ ਨਾਦ

ਇਕ ਸੁਲਗਦੀ ਕਿਤਾਬ।

ਢਾਈ ਨਦੀਆਂ ਦਾ ਪੰਜਾਬ

ਹੋਵੇਗਾ ਕਿਸੇ ਨੇਤਾ ਦਾ ਪੰਜਾਬ

ਮੈ ਨੇਤਾ ਨਹੀਂ ਹਾਂ।

ਲੱਗੀ ਨਜ਼ਰ ਪੰਜਾਬ ਨੂੰ

ਏਦ੍ਹੀ ਨਜ਼ਰ ਉਤਾਰੋ।

ਲੈ ਕੇ ਮਿਰਚਾਂ ਕੌੜੀਆਂ

ਏਦੇ ਸਿਰ ਤੋਂ ਵਾਰੋ'

ਮਿਰਚਾਂ ਜ਼ਹਿਰੋਂ ਕੌੜੀਆ

ਮਿਰਚਾਂ ਸਿਰ ਸੜੀਆਂ

ਕਿਧਰੋਂ ਲੈਣ ਨਾ ਜਾਣੀਆਂ

ਵਿਹੜੇ ਵਿੱਚ ਬੜੀਆਂ

ਪਹਿਲੀ ਭਰਵੀ ਫਸਲ

ਇਨ੍ਹਾਂ ਦੀ ਓਦੋਂ ਲੱਗੀ

ਜਦ ਆਪੇ ਪੰਜਾਬੀਆਂ

ਪੰਜਾਬੀ ਛੱਡੀ। *(ਬਿਰਖ਼ ਅਰਜ਼ ਕਰੇ 35)*

ਇਨਾਂ ਸਮਾਂ ਬੀਤ ਜਾਣ ਤੋਂ ਬਾਅਦ ਵੀ ਮਾਤ ਭਾਸ਼ਾ ਪੰਜਾਬੀ ਦੇ ਹਾਲਾਤ ਸੁਧਰਨ ਦਾ ਨਾਮ ਨਹੀਂ ਲੈ ਰਹੇ। ਵਰਤਮਾਨ ਦੇ ਵਿੱਚ ਵੀ ਪੰਜਾਬੀ ਭਾਸ਼ਾ ਦੇ ਵਿੱਚ ਬੋਲਣ ਦੀ ਬਜਾਇ ਅੰਗਰੇਜ਼ੀ ਜਾਂ ਹਿੰਦੀ ਭਾਸ਼ਾ ਦੇ ਵਿੱਚ ਗੱਲ ਕਰਨਾ ਵਧੇਰੇ ਬਿਹਤਰ ਸਮਝਦੇ ਹਨ। ਪੰਜਾਬੀ ਭਾਸ਼ਾ ਨਾ ਇਨਸਾਫ਼ੀਆਂ ਨੂੰ ਭੁਗਤ ਰਹੀ ਹੈ। ਸਰਕਾਰਾਂ ਦੇ ਉਪਰਾਲੇ ਵੀ ਓਪਰੀ ਨਜ਼ਰ ਵਰਗੇ ਲੱਗਦੇ ਹਨ ਕਿਉਂਕਿ ਜੇਕਰ ਸਰਕਾਰਾਂ ਸਖ਼ਤੀ ਦੇ ਨਾਲ ਨਿਰਣਾ ਕਰਦੀਆਂ ਤਾਂ ਕੋਈ ਵੀ ਮਾਤ ਭਾਸ਼ਾ ਦੇ ਵਿੱਚ ਕੰਮ ਤੋਂ ਇਨਕਾਰੀ ਨਾ ਹੁੰਦਾ । ਡਾ ਭੀਮਇੰਦਰ ਸਿੰਘ ਦੀ ਧਾਰਨਾ ਹੈ ਕਿ " ਲਛਮਣ ਸਿੰਘ ਗਿੱਲ ਦੀ ਸਰਕਾਰ ਤੋਂ ਬਾਅਦ ਬਣੀਆਂ ਸਰਕਾਰਾਂ ਪੰਜਾਬੀ ਨੂੰ ਸਰਕਾਰੀ ਅਤੇ ਰੁਜ਼ਗਾਰ ਦੀ ਭਾਸ਼ਾ ਨਾ ਬਣਾ ਸਕੀਆ। ਹੁਣ ਬਹੁ-ਕੌਮੀ ਕੰਪਨੀਆਂ ਦੁਆਰਾ ਵਪਾਰ ਵੀ ਅੰਗਰੇਜ਼ੀ ਭਾਸ਼ਾ ਨਾਲ ਜੋੜ ਦਿੱਤਾ ਗਿਆ ਹੈ।*(ਸੱਤਾ, ਸੰਘਰਸ਼ ਅਤੇ ਸਾਹਿਤ 81)*

ਪੰਜਾਬੀ ਭਾਸ਼ਾ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਸਹਿਣ ਕਰ ਰਹੀ ਹੈ। ਵਿਸ਼ਵ ਪੂੰਜੀਵਾਦੀ ਵਿਵਸਥਾ ਅੰਗਰੇਜ਼ੀ ਨੂੰ ਪੂਰੇ ਸੰਸਾਰ ਦੀ ਇੱਕ ਭਾਸ਼ਾ ਬਣਾਉਣ ਉੱਤੇ ਲੱਗੀ ਹੋਈ ਹੈ। ਇਹ ਇੱਕ ਸਹਾਇਕ ਭਾਸ਼ਾ ਵਜੋਂ ਬਣ ਕੇ ਰਹਿ ਗਈ ਹੈ ਕਿਉਂਕਿ ਵਪਾਰ ਦੀ ਭਾਸ਼ਾ ਅੰਗਰੇਜ਼ੀ ਹੀ ਬਣੀ ਰਹਿੰਦੀ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਲਈ ਉਪਰਾਲੇ ਵੀ ਓਪਰੇ ਹੀ ਲੱਗਦੇ ਹਨ। ਸਰਕਾਰੀ ਸਕੂਲਾਂ ਦੇ ਵਿੱਚ ਪੰਜਾਬੀ ਭਾਸ਼ਾ ਦੇ ਨਾਲ ਨਾਲ ਅੰਗਰੇਜ਼ੀ ਵੀ ਪੜ੍ਹਾਈ ਜਾ ਰਹੀ ਹੈ। ਅੰਗਰੇਜ਼ੀ ਭਾਸ਼ਾ ਨੂੰ ਵਿਸ਼ੇਸ਼ ਪ੍ਰਮੁੱਖਤਾ ਮਿਲ ਰਹੀ ਹੈ। ਕਿਉਂਕਿ ਵਰਤਮਾਨ ਦੇ ਵਿੱਚ ਨੌਜਵਾਨ ਪੀੜ੍ਹੀ ਆਈਲੈਟਸ ਕਰਕੇ ਵਿਦੇਸ਼ਾਂ ਦੀ ਧਰਤੀ ਤੇ ਜਾਣਾ ਚਾਹੁੰਦੇ ਹਨ। ਪੰਜਾਬੀ ਭਾਸ਼ਾ ਦੇ ਬਜਾਇ ਹੋਰ ਭਾਸ਼ਾ ਦੇ ਵਿੱਚ ਬੋਲਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।ਪੰਜਾਬੀ ਭਾਸ਼ਾ ਸਰਕਾਰਾਂ ਦੀਆਂ ਨਰਾਜ਼ਗੀਆਂ ਨੂੰ ਸਹਿ ਰਹੀ ਹੈ। ਪੰਜਾਬੀ ਭਾਸ਼ਾ ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਕੀਤੀਆ ਜਾ ਰਹੀਆਂ ਹਨ। ਪੰਜਾਬੀ ਭਾਸ਼ਾ ਨੂੰ ਪਹਿਲੀ ਭਾਸ਼ਾ ਦਾ ਦਰਜਾ ਦੇਣ ਦੀ ਬਜਾਇ ਦੂਸਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਪੰਜਾਬੀ ਭਾਸ਼ਾ ਨੂੰ ਲਾਜ਼ਮੀ ਭਾਸ਼ਾ ਤੋਂ ਗੈਰ ਲਾਜ਼ਮੀ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ ਹੈ ਜਿਸ ਦੇ ਮੁਤਾਬਕ ਕੋਈ ਵੀ ਭਾਸ਼ਾ ਦੀ ਚੋਣ ਮਰਜ਼ੀ ਮੁਤਾਬਕ ਕਰ ਸਕਦਾ ਹੈ।

ਇਸ ਸੰਬੰਧੀ ਡਾ. ਬਰਜਿੰਦਰ ਸਿੰਘ ਹਮਦਰਦ ਦੇ ਕਥਨ ਪੰਜਾਬੀ ਭਾਸ਼ਾ ਪ੍ਰਤੀ ਚਿੰਤਾ ਨੂੰ ਉਜਾਗਰ ਕਰਦੇ ਹਨ,

> ਪੰਜਾਬੀ ਦੀ ਅਤੇ ਪੰਜਾਬੀ ਸਭਿਆਚਾਰ ਦੀ ਇਹ ਬਦਕਿਸਮਤੀ ਹੀ ਰਹੀ ਹੈ ਕਿ ਇਹ ਸਿਆਸੀ ਆਗੂਆਂ ਦੀ ਬੇਰੁਖ਼ੀ ਕਾਰਨ ਹੀ ਔਝੜੇ ਸਾਹ ਭਰਦੇ ਰਹੇ ਹਨ। ਇਹ ਗੱਲ ਯਕੀਨੀ ਹੈ ਕਿ ਸਾਡੇ ਸਿਆਸਤਦਾਨ ਆਪਣੀ ਬੋਲੀ ਅਤੇ ਸਭਿਆਚਾਂਰ ਪ੍ਰਤੀ ਇਮਾਨਦਾਰੀ ਨਾਲ ਸੋਚਦੇ ਤਾਂ ਅੱਜ ਪੰਜਾਬੀ ਬੋਲੀ ਇਨੀ ਵਿਚਾਰਗੀ ਵਾਲੀ ਸਥਿਤੀ ’ਚੋਂ ਨਾ ਗੁਜ਼ਰਦੀ ਹੁੰਦੀ। ਪਹਿਲਾਂ ਹੀ ਵੱਡੇ-ਟੁੱਕੇ ਅਤੇ ਛੋਟੇ ਜਿਹੇ ਰਹਿ ਗਏ ਸੂਬੇ ਪੰਜਾਬ ਵਿਚ ਪੰਜਾਬੀ ਦਾ ਨਾਂਅ –ਥੇਹ ਦਿਖਾਈ ਨਹੀਂ ਦਿੰਦਾ। ਇਥੇ ਅੰਗਰੇਜ਼ੀ ਅਤੇ ਹਿੰਦੀ ਜ਼ੁਬਾਨ ਦਾ ਰਾਜ ਹੋ ਗਿਆ। ਇਸ ਦੀ ਧਰਤੀ ਦੇ ਚੱਪੇ-ਚੱਪੇ ’ਤੇ ਅਜਿਹੇ ਸਕੂਲ ਖੁੱਲ੍ਹ ਰਹੇ ਹਨ ਜਿੱਥੇ ਇਥੋਂ ਦੀ ਆਪਣੀ ਬੋਲੀ ਪ੍ਰਤੀ ਬੇਰੁਖ਼ੀ ਹੀ ਨਹੀਂ ਅਪਣਾਈ ਜਾਂਦੀ, ਸਗੋਂ ਇਸ ਨੂੰ ਦੁਰਕਾਰਿਆ ਵੀ ਜਾਂਦਾ ਹੈ। ਇਨ੍ਹਾਂ ਸਕੂਲਾਂ ਦੇ ਵਿੱਚ ਪੰਜਾਬੀ ਬੋਲਣ ਦੀ ਮਨਾਹੀ ਹੈ। ਜਮਾਤਾਂ ਵਿੱਚ ਅਤੇ ਬੋਲਚਾਲ ਵਿੱਚ ਅੰਗਰੇਜ਼ੀ ਜ਼ੁਬਾਨ ਨੂੰ ਤਰਜੀਹ ਦਿੱਤੀ ਜਾਂਦੀ ਹੈ।
>
> (ਪੰਜਾਬ ਅਤੇ ਪੰਜਾਬੀਅਤ 149)

ਸੁਰਜੀਤ ਪਾਤਰ ਤੇ ਗੁਰਭਜਨ ਗਿੱਲ ਦੀਆ ਕਵਿਤਾਵਾਂ ਦੇ ਵਿੱਚ ਪੰਜਾਬੀ ਦੇ ਭੱਵਿਖ ਪ੍ਰਤੀ ਚਿੰਤਾ ਨੂੰ ਜ਼ਾਹਿਰ ਕੀਤਾ ਗਿਆ ਹੈ। ਪੰਜਾਬ ਦੇ ਨਿੱਜੀ ਸਕੂਲਾਂ ਦੇ ਵਿੱਚ ਪੰਜਾਬੀ ਭਾਸ਼ਾ ਬੋਲਣ ਦੀ ਬਜਾਇ ਅੰਗਰੇਜ਼ੀ ਭਾਸ਼ਾ ਜਾਂ ਹਿੰਦੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਸੰਬੰਧੀ ਸੁਰਜੀਤ ਪਾਤਰ ਲਿਖਦੇ ਹਨ ਕਿ,

ਚੀਂ ਚੀਂ ਕਰਦੀਆਂ ਚਿੜੀਆਂ ਦਾਂ,

ਕਲ਼ ਕਲ਼ ਕਰਦੀਆਂ ਨਦੀਆਂ ਦਾ,

ਸ਼ਾਂ ਸ਼ਾਂ ਕਰਦੇ ਬਿਰਖਾਂ ਦਾ

ਆਪਣਾ ਹੀ ਤਰਾਨਾ ਹੁੰਦਾ ਹੈ।

ਮੈ ਸੁਣਿਆ ਹੈ ਇਸ ਧਰਤੀ ਤੇ,

ਇਕ ਅਜਿਹਾ ਦੇਸ਼ ਵੀ ਹੈ,

ਜਿੱਥੇ ਬੱਚਿਆਂ ਨੂੰ ਆਪਣੀ ਹੀ

ਮਾਂ ਬੋਲੀ ਬੋਲਣ ਤੇ ਜੁਰਮਾਨਾ ਹੁੰਦਾ ਹੈ। (*WWW.facebook.com*, *Dr. Surjit Patar)*

ਭਾਸ਼ਾ ਸੰਚਾਰ ਦਾ ਇੱਕ ਅਹਿਮ ਮਾਧਿਅਮ ਹੈ ਹਰ ਕੋਈ ਆਪਣੀ ਆਪਣੀ ਮਾਂ-ਬੋਲੀ ਨੂੰ ਜਨਮ ਦੇ ਨਾਲ ਹੀ ਸਹਿਜ ਸੁਭਾਵਿਕ ਸਿੱਖ ਲੈਂਦਾ ਹੈ। ਪੰਜਾਬ ਦੇ ਵਿੱਚ ਅਣਗਿਣਤ ਜਾਤਾਂ ਮੌਜੂਦ ਹਨ। ਜਿਨ੍ਹਾਂ ਦਾ ਸੰਚਾਰ ਮਾਧਿਅਮ ਪੰਜਾਬੀ ਹੀ ਬਣਦੀ ਹੈ ਉਦਾਹਰਨ ਦੇ ਤੌਰ ਤੇ ਪੰਜਾਬ ਦੇ ਵਿੱਚ ਬਿਹਾਰ ਦੇ ਪਰਵਾਸੀ ਮਜ਼ਦੂਰ ਰਹਿ ਰਹੇ ਹਨ, ਉਹਨਾਂ ਦੇ ਬੱਚੇ ਵੀ ਸਰਕਾਰੀ ਸਕੂਲਾਂ ਦੇ ਵਿੱਚ ਪੰਜਾਬੀ ਭਾਸ਼ਾ ਨੂੰ ਸਿੱਖ ਰਹੇ ਹਨ। ਜਿਸ ਦੀ ਪ੍ਰਤੱਖ ਉਦਾਹਰਨ ਸੁਰਜੀਤ ਪਾਤਰ ਦੀ ਕਵਿਤਾ ਹੈ ਆਇਆ ਨੰਦ ਕਿਸ਼ੋਰ ਹੈ। ਇਹ ਕਵਿਤਾ ਪੰਜਾਬੀ ਭਾਸ਼ਾ ਦੇ ਨਾਲ ਹੋ ਰਹੇ ਬੇਗਾਨਗੀ ਰਵੱਈਆ ਉੱਤੇ ਇੱਕ ਵਿਅੰਗ ਵੀ ਹੈ।

ਅਇਆ ਨੰਦ ਕਿਸ਼ੋਰ

ਪਿੱਛੇ ਪਿੱਛੇ ਰਿਜ਼ਕ ਦੇ ਕੇ

ਆਇਆ ਨੰਦ ਕਿਸ਼ੋਰ

ਚਲ ਕੇ ਦੂਰ ਬਿਹਾਰ ਤੋਂ

ਗੱਡੀ ਬੈਠ ਸਿਆਲਦਾ

ਨਾਲ ਬਥੇਰੇ ਹੋਰ

ਰਾਮ ਕਲੀ ਵੀ ਨਾਲ ਸੀ

ਸੁਘੜ ਲੁਗਾਈ ਓਸ ਦੀ

ਲੁਧਿਆਣੇ ਦੇ ਕੋਲ ਹੀ

ਇੱਕ ਪਿੰਡ ਬਾੜੇਵਾਲ ਵਿੱਚ

ਜੜ੍ਹ ਲੱਗੀ ਤੇ ਪੁੰਗਰੀ

ਰਾਮ ਕਲੀ ਦੀ ਕੁੱਖ ਚੋਂ

ਜਨਮੀ ਬੇਟੀ ਉਸਦੀ

ਨਾਂ ਧਰਿਆ ਸੀ ਮਾਧੁਰੀ

ਕੱਲ੍ਹ ਮੈ ਦੇਖੀ ਮਾਧੁਰੀ

ਓਸੇ ਪਿੰਡ ਸਕੂਲ ਵਿੱਚ

ਗੁੱਤਾਂ ਬੰਨ ਕੇ ਰਿਬਨ ਵਿਚ

ਸੋਹਣੀ ਪੱਟੀ ਪੋਚ ਕੇ

ਊੜਾ ਐੜਾ ਲਿਖ ਰਹੀ

ਊੜਾ ਐੜਾ ਲਿਖ ਰਹੀ?

ਬੇਟੀ ਨੰਦ ਕਿਸ਼ੋਰ ਦੀ। (ਬਿਰਖ ਅਰਜ਼ ਕਰੇ)

ਪੰਜਾਬ ਭਾਸ਼ਾ ਨੂੰ ਹੋਰ ਸੂਬਿਆਂ ਦੇ ਪਰਵਾਸੀ ਪੜ੍ਹ ਤੇ ਸਿੱਖ ਰਹੇ ਹਨ ਅਤੇ ਆਪਣੇ ਇਸ ਨੂੰ ਫਿਟਕਾਰ ਰਹੇ ਹਨ। ਪੰਜਾਬੀ ਭਾਸ਼ਾ ਸੰਬੰਧੀ ਡਾ.ਅਕਾਲ ਅੰਮ੍ਰਿਤ ਕੌਰ ਦੀ ਧਾਰਨਾ ਹੈ ਕਿ ਦੂਸਰੇ ਸੂਬਿਆਂ ਤੋਂ ਆਪੋ-ਆਪਣੀ ਜ਼ੁਬਾਨ ਅਤੇ ਸੰਸਕ੍ਰਿਤੀ ਸਮੇਤ ਪੰਜਾਬ ਦੇ ਵਿੱਚ ਆ ਕੇ ਵਸੇ ਨੰਦ ਕਿਸ਼ੋਰ ਵਰਗੇ ਲੋਕ ਪੰਜਾਬ ਨੂੰ ਬਹੁ-ਸਭਿਆਚਾਰਕ ਸੂਬਾ ਬਣਾ ਦਿੰਦੇ ਹਨ। ਪੰਜਾਬ ਵਿੱਚੋਂ ਪਰਵਾਸ ਕਰਕੇ ਵੰਨ ਸੁਵੰਨੇ ਲੋਕਾਂ ਵਿੱਚ ਜਾ ਵਸੇ ਲੋਕ ਪੰਜਾਬੀ ਸਭਿਆਚਾਰ ਨੂੰ ਪਾਰ ਰਾਸ਼ਟਰੀ ਸਭਿਆਚਾਰ ਦੇ ਵਿੱਚ ਰੂਪਾਂਤਰਿਤ ਕਰ ਦਿੰਦੇ ਹਨ। ਇਕੱਲੇ ਪੰਜਾਬ ਦੀ ਗੱਲ ਨਹੀ, ਦੁਨੀਆਂ ਦੀ ਹਰ ਧਰਤੀ, ਬਹੁ ਸਭਿਆਚਾਰਕ ਧਰਤੀ ਅਤੇ ਹਰ ਭਾਈਚਾਰਾ/ਕੌਮ ਬਹੁ ਰਾਸ਼ਟਰੀ ਭਾਈਚਾਰਾ/ਕੌਮ ਬਣਦੇ ਜਾ ਰਹੇ ਹਨ। ਜੇਕਰ ਦੂਸਰੇ ਮੁਲਕਾਂ/ਸੂਬਿਆਂ ਦੇ ਵਿੱਚ ਜਾ ਕੇ ਵਸਣ ਵਾਲੇ ਪੰਜਾਬੀ ਉੱਥੋਂ ਦੀਆਂ ਸੰਸਕ੍ਰਿਤੀਆਂ ਦੇ ਵਿੱਚ ਜ਼ਜ਼ਬ ਹੋ ਕੇ ਆਪਣੀ ਜ਼ੁਬਾਨ ਨੂੰ ਮਰਨ ਜਾ ਬਹੁ-ਸਭਿਆਚਾਰਕ ਪਛਾਣ ਨੂੰ ਮਿਟਣ ਨਹੀਂ ਦੇ ਰਹੇ, ਤਾਂ ਬਹੁ-ਸਭਿਆਚਾਰਕ ਖਿੱਤਿਆਂ ਦਾ ਅਰਥ ਇਹ ਵੀ ਨਹੀਂ ਹੈ ਕਿ ਇਨ੍ਹਾਂ ਖਿੱਤਿਆ ਦੇ ਵਿੱਚ ਵਸਣ ਵਾਲੇ ਪਰਵਾਸੀ ਆਪੋ ਆਪਣੀਆਂ ਜ਼ੁਬਾਨਾਂ ਅਤੇ ਸ਼ੰਸਕ੍ਰਿਤੀਆਂ ਦੇ ਬੰਦ

ਡੱਬਿਆਂ ਦੇ ਵਿੱਚ ਪਏ ਰਹਿਣ। ਸਭਿਆਚਾਰਕ ਮੂਲਵਾਦ ਤੋਂ ਬਚਣ ਦੀ ਲੋੜ ਹੈ। *(ਪੰਜਾਬੀ* ਡਾਇਸਪੋਸਰਾ: ਬਹੁਸਥਾਨੀ *ਨੈੱਟਵਰਕ ਦਾ ਵਹਿਣ. Anjabialochana.com/ ਆਧੁਨਿਕ_ਸਾਹਿਤ/ ਪ੍ਰਵਾਸੀ_ਸਾਹਿਤ)*

ਪੰਜਾਬ ਦੇ ਵਿੱਚ ਅੰਗਰੇਜ਼ੀ ਮਾਧਿਅਮ ਦੇ ਰੁਝਾਨ ਚਾਰੇ ਪਾਸੇ ਕੌਨਵੈਂਟ ਸਕੂਲਾਂ ਦੀ ਝੜੀ ਲੱਗੀ ਹੋਈ ਹੈ। ਮਾਂ ਬਾਪ ਵੀ ਅੰਗਰੇਜ਼ੀ ਮਾਧਿਅਮ ਸਕੂਲਾਂ ਨੂੰ ਵਧੇਰੇ ਚੰਗੇਰਾ ਸਮਝਣ ਲੱਗ ਪਏ ਹਨ। ਬੱਚੇ ਵੀ ਉਹਨਾਂ ਸਕੂਲਾਂ ਦੇ ਵਿੱਚ ਜਾ ਕੇ ਅੰਗਰੇਜ਼ੀ ਭਾਸ਼ਾ ਨੂੰ ਵਧੇਰੇ ਮਹੱਤਤਾ ਦੇਣ ਲੱਗ ਪਏ ਹਨ। ਇੱਕ ਅੰਗਰੇਜ਼ੀ ਭਾਸ਼ਾ ਰੁਜ਼ਗਾਰ ਦੀ ਭਾਸ਼ਾ ਹੈ। ਚੰਗੇਰੀ ਨੌਕਰੀ ਪ੍ਰਾਪਤ ਕਰਨ ਦੇ ਲਈ ਅੰਗਰੇਜ਼ੀ ਆਉਣੀ ਚਾਹੀਦੀ ਹੈ। ਇਸ ਪ੍ਰਭਾਵ ਦੇ ਅਸਰ ਹੇਠ ਪੰਜਾਬੀ ਭਾਸ਼ਾ ਅੱਖੋਂ ਉਹਲੇ ਹੁੰਦੀ ਜਾ ਰਹੀ ਹੈ। ਇਸ ਸੰਬੰਧੀ ਡਾ.ਰਜਿੰਦਰ ਪਾਲ ਬਰਾੜ ਦੀ ਧਾਰਨਾ ਹੈ ਕਿ," (ਘਰ ਘਰ ਰੁਜ਼ਗਾਰ ਜਾਂ ਸਿਰਫ ਅੰਗਰੇਜ਼ੀ ਵਾਲਿਆਂ ਦੇ ਘਰ ਰੁਜ਼ਗਾਰ) ਕਿਸੇ ਭਾਸ਼ਾ ਦੇ ਪ੍ਰਫੁੱਲਤ ਹੋਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਪਰਿਵਾਰ ਸਭਿਆਚਾਰ, ਸਰਕਾਰ,ਰੁਜ਼ਗਾਰ ਅਤੇ ਵਪਾਰ ਦੀ ਭਾਸ਼ਾ ਹੁੰਦੀ ਹੈ ਉਹ ਪਰਿਵਾਰ ਅਤੇ ਸਭਿਅਚਾਰ ਦੀ ਭਾਸ਼ਾ ਬਣ ਜਾਂਦੀ ਹੈ। ਜਾਪਦਾ ਹੈ ਪੰਜਾਬ ਸਰਕਾਰਾਂ ਦੇ ਮਹਿਕਮੇ ਦੀ ਦੋ ਕੰਪਨੀਆ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਅਤੇ ਪੰਜਾਬ ਸਟੇਟ ਕਾਰਪੋਰੇਸ਼ਨ ਲਿਮਟਿਡ, ਪੰਜਾਬੀ ਭਾਸ਼ਾ ਨੂੰ ਮਾਰਨ ਤੁਰੀਆ ਹੋਈਆ ਹਨ। ਇਨ੍ਹਾਂ ਕੰਪਨੀਆਂ ਨੇ ਵੱਖ ਵੱਖ ਪੋਸਟਾਂ ਲਈ ਪਿਛਲੇ ਦਿਨੀਂ ਇਸ਼ਤਿਹਾਰ ਦਿੱਤਾ ਹੈ। ਇਸ਼ਤਿਹਾਰ ਅਨੁਸਾਰ ਅੰਗਰੇਜ਼ੀ ਭਾਸ਼ਾ ਤਾਂ ਟੈਸਟ ਪਾਸ ਕਰਨਾ ਜ਼ਰੂਰੀ ਹੈ ਪਰ ਪੰਜਾਬੀ ਭਾਸ਼ਾ ਦਾ ਕੋਈ ਟੈਸਟ ਨਹੀਂ ਰੱਖਿਆ ਤੇ ਬਾਕੀ ਪਰਚਿਆਂ ਦਾ ਮਾਧਿਅਮ ਵੀ ਅੰਗਰੇਜ਼ੀ ਲਿਖਿਆ ਹੋਇਆ ਹੈ। ਹੈਰਾਨੀ ਵਾਲੀ ਗੱਲ ਹੈ, ਇਨ੍ਹਾਂ ਕਰਮਚਾਰੀਆਂ ਨੇ ਪੰਜਾਬ ਦੇ ਵਿੱਚ ਹੀ ਸੇਵਾ ਦੇਣੀ ਹੈ। ਇਨ੍ਹਾਂ ਦਾ ਵਾਹ ਆਮ ਪੰਜਾਬੀ ਬੋਲਦੇ ਲੋਕਾਂ ਨਾਲ ਹੀ ਪੈਣਾ ਹੈ ਇਨ੍ਹਾਂ ਨੂੰ ਪੰਜਾਬੀ ਦੇ ਵਿੱਚ ਮੁਹਾਰਤ ਤਾਂ ਚਾਹੀਦੀ ਹੈ ਭਲਾ ਅੰਗਰੇਜ਼ੀ ਦੇ ਵਿੱਚ ਮੁਹਾਰਤ ਦੀ ਕੀ ਜ਼ਰੂਰਤ ਹੈ। ਅਸਲ ਗੱਲ ਤਾਂ ਇਹ ਹੈ ਕਿ ਸਰਕਾਰ ਸਿਰਫ਼ ਉਹਨਾਂ ਵਿਅਕਤੀਆਂ ਨੂੰ ਹੀ ਨੌਕਰੀ ਦੇਣਾ ਚਾਹੁੰਦੀ ਹੈ ਜਿਨ੍ਹਾਂ ਦੀ ਵਿਸ਼ੇ ਵਿੱਚ ਮੁਹਾਰਤ ਹੋਵੇ ਨਾ ਹੋਵੇ, ਕੰਮ ਆਉਂਦਾ ਨਾ ਹੋਵੇ ਬਸ

ਅੰਗਰੇਜ਼ੀ ਵਿੱਚ ਪ੍ਰਵੀਨਤਾ ਹੋਣੀ ਚਾਹੀਦੀ ਹੈ ਵੱਧ ਤੋਂ ਵੱਧ ਸਿਧਾਂਤ ਨੂੰ ਅੰਗਰੇਜ਼ੀ ਵਿੱਚ ਰੱਟਾ ਲੱਗਿਆ ਹੋਵੇ।"(https://m.facebook.com/story.Rajinder Pal Brar)

ਕਾਲਜਾਂ ਦੇ ਵਿੱਚ ਪੰਜਾਬੀ ਬੀ. ਕਾਮ ਆਨਰਜ਼,ਬੀ.ਸੀ.ਏ ਅਤੇ ਬੀ. ਐਸ.ਈ ਦੇ ਪ੍ਰੋਗਰਾਮਾਂ ਦੇ ਵਿੱਚ ਪੰਜਾਬੀ ਲਾਜ਼ਮੀ ਸੀ। ਉਹਨਾਂ ਦੇ ਤਿੰਨਾਂ ਸਾਲਾਂ ਦੇ ਕੋਰਸ ਵਿੱਚ ਪੰਜਾਬੀ ਦਾ ਵਿਸ਼ਾ ਸ਼ਾਮਿਲ ਸੀ। ਹੁਣ ਕੋਰਸਾਂ ਦੇ ਵਿੱਚ ਲਾਜ਼ਮੀ ਭਾਸ਼ਾ ਪੰਜਾਬੀ ਨੂੰ ਤਿੰਨ ਸਾਲਾਂ ਦੇ ਵਿੱਚੋਂ ਇੱਕ ਸਾਲ ਦਾ ਹੀ ਲਾਜ਼ਮੀ ਵਿਸ਼ਾ ਰਹਿਣ ਦਿੱਤਾ ਹੈ। ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਭਾਸ਼ਾ, ਧਰਮ ਆਦਿ ਰਾਜਨੀਤੀ ਦਾ ਹਿੱਸਾ ਹੈ। ਪੰਜਾਬੀ ਭਾਸ਼ਾ ਨਾਲ ਸਲੂਕ ਬੇਗਾਨਗੀ ਵਾਲਾ ਹੋ ਰਿਹਾ ਹੈ।

## 4.3 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਸੋਸ਼ਲ ਮੀਡੀਆ ਅਤੇ ਰਾਜਨੀਤੀ

ਭਾਰਤ ਦੇ ਵਿੱਚ ਹਾਈਟੈਕ ਮੋਬਾਇਲਾਂ ਦੀ ਵਰਤੋਂ ਦਾ ਮਾਹੌਲ 2011 ਦੇ ਵਿੱਚ ਜ਼ਿਆਦਾ ਸ਼ੁਰੂ ਹੋਇਆ ਹੈ। 2011 ਦੇ ਬਾਅਦ ਹੀ ਮੋਬਾਇਲ ਦੇ ਸਿਸਟਮ ਵਿੱਚ ਨਵੀਨ ਤਬਦੀਲੀਆ ਹੋਈਆਂ। ਪਹਿਲਾਂ ਇਕੱਲੇ ਫੇਸਬੁੱਕ ਦੀ ਜ਼ਿਆਦਾ ਵਰਤੋਂ ਹੁੰਦੀ ਸੀ। ਹੌਲੀ-ਹੌਲੀ ਮੋਬਾਇਲਾਂ ਦੇ ਵਿੱਚ ਹੋਰ ਐਪਾਂ ਨੂੰ ਲੌਂਚ ਕੀਤਾ ਗਿਆ ਜਿਵੇ WhatsApp, Twitter, Instagram ਆਦਿ ਦੇ ਨਾਲ ਨਾਲ ਹੌਲੀ ਹੌਲੀ ਹੋਰ ਮੋਬਾਇਲ ਐਪ ਵੀ ਬਣ ਗਏ।

"Apps first emerged for apple's iphones, which were introduced in 2007. The app market burgeoned with apple's aap store 2008. Since then, apps, are used for smartphones, tablets, hybrid devices (e.g, phablets) and wearables (such as the apple watch) window phones emerged in 2011 and account for less than two percent of the share of mobile market. Blackberry comprise less than one percent." *(Using Mobile Apps in Government 11)*

- ਲੋਕ ਮਤ ਅਤੇ ਲੋਕ ਨੀਤੀ ਉੱਤੇ ਪ੍ਰਭਾਵ ।
- ਲੋਕ ਮੁੱਦਿਆਂ ਉੱਤੇ ਮੀਡੀਆ ਦੀ ਝਾਤ ਅਤੇ ਨਿਰੀਖਣ।

- ਮੁੱਖ ਨੇਤਾਵਾਂ ਉੱਤੇ ਨਜ਼ਰ, ਰਾਜਨੀਤੀ ਮੁੱਦਿਆਂ ਨੂੰ ਮੀਡੀਆ ਦੇ ਰਾਹੀਂ ਲੋਕਾਂ ਦੇ ਸਾਹਮਣੇ ਲਿਆਉਣਾ।
- ਅਫ਼ਸਰੀ ਕੰਮਾਂ ਦੀ ਰਿਪੋਰਟ ਵੀ ਸਾਹਮਣੇ ਲਿਆਉਣੀ, ਜਿਹੜੇ ਕੰਮਾਂ ਨੂੰ ਅਫ਼ਸਰ ਨਜ਼ਰ-ਅੰਦਾਜ਼ ਕਰਦੇ ਹਨ।
- ਮੀਡੀਆ ਲੋਕ ਮੁੱਦਿਆਂ ਉੱਤੇ ਹੀ ਜ਼ਿਆਦਾ ਜ਼ੋਰ ਲਗਾਉਂਦੇ ਹਨ।

ਡਾ. ਜਗਰੂਪ ਸਿੰਘ ਸੇਖੋਂ ਨਾਲ ਹੋਈ ਮੁਲਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ,

> ਸੋਸ਼ਲ ਮੀਡੀਆ ਬਹੁਤ ਹੀ ਪ੍ਰਚਲਿਤ ਸਾਧਨ ਹੈ। ਇਹ ਘੱਟ ਖਰਚੀਲਾ ਹੈ। ਇਹ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਦਾ ਇੱਕ ਵਧੀਆ ਸਾਧਨ ਹੈ । ਰਾਜਨੀਤੀਵਾਨ ਚਾਹੁੰਦੇ ਹਨ ਕਿ ਲੋਕਾਂ ਤੱਕ ਉਹਨਾਂ ਦੀ ਗੱਲ ਪਹੁੰਚੇ । ਮਾਡਰਨ ਟਾਈਮ ਦੇ ਵਿੱਚ ਵੀ ਪ੍ਰਚਲਿਤ ਹੈ।" (*ਚਿੰਤਕ)*

ਸੋਸ਼ਲ ਮੀਡੀਆ ਦੇ ਰਾਹੀਂ ਰਾਜਨੀਤੀ ਵਧੇਰੇ ਸੌਖੀ ਹੋ ਗਈ ਹੈ। ਮੀਡੀਆ ਰਾਜਨੀਤੀ ਦੇ ਵਿੱਚ ਦੋਹਰੀ ਭੂਮਿਕਾ ਨਿਭਾਉਂਦਾ ਹੈ। ਚੋਣਾਂ ਦੇ ਦੌਰਾਨ ਮੀਡੀਆ ਰਾਜਨੀਤਿਕ ਪਾਰਟੀਆਂ, ਨੇਤਾ, ਪ੍ਰਚਾਰ ਅਤੇ ਉਹਨਾਂ ਦੇ ਕਾਰਜਾਂ ਦੇ ਬਾਰੇ ਪੂਰੀ ਜਾਣਕਾਰੀ ਦਿੰਦਾ ਹੈ। ਸੰਚਾਰ ਮਾਧਿਅਮ ਦੇ ਨਾਲ ਸੰਸਾਰ ਪੂਰੇ ਗਲੋਬ ਪੱਧਰ ਉੱਤੇ ਵਿਚਰ ਰਿਹਾ ਹੈ। ਪੂਰੇ ਸੰਸਾਰ ਦੀ ਰਾਜਨੀਤੀ ਨੂੰ ਗਲੋਬ ਪੱਧਰ ਉੱਤੇ ਭੇਜ ਦਿੱਤਾ ਹੈ। ਸੰਸਾਰ ਦੇ ਹਰ ਕੋਨੇ ਦੇ ਵਿੱਚ ਰਾਜਨੀਤੀ ਖ਼ਬਰ-ਸਾਰ ਪੁੱਜ ਜਾਂਦੀ ਹੈ। ਇਸੇ ਤਰ੍ਹਾਂ ਹੀ ਭਾਰਤ ਦੀ ਰਾਜਨੀਤੀ ਨੂੰ ਵੀ ਪਰਿਵਰਤਨ ਦੇ ਅਸਰ ਹੇਠ ਲੈ ਆਂਦਾ ਹੈ। ਇਸ ਦਾ ਪ੍ਰਭਾਵ ਜਾਂ ਅਸਰ ਨੇਤਾ ਦੇ ਚੋਣ ਪ੍ਰਚਾਰ ਦੇ ਵਿਚੋਂ ਝਲਕਦਾ ਹੈ। ਸੋਸ਼ਲ ਮੀਡੀਆ ਦੇ ਰਾਹੀਂ ਰਾਜਨੀਤਿਕ ਨੇਤਾ ਪੂਰੇ ਸੰਸਾਰ ਦੇ ਲੋਕਾਂ ਤੱਕ ਆਪਣੀ ਪਹੁੰਚ ਕਰਦੇ ਹਨ। ਵਰਤਮਾਨ ਸਮੇਂ ਦੇ ਵਿੱਚ ਪੁਰਾਤਨ ਪ੍ਰਚਾਰ ਦੇ ਤੌਰ ਤਰੀਕਿਆਂ ਨਾਲੋਂ ਨਵੇਂ ਤੇ ਪ੍ਰਭਾਵਸ਼ਾਲੀ ਢੰਗ ਅਪਣਾਉਂਦੇ ਹਨ। ਨੇਤਾ ਆਪਣੀ ਤਸਵੀਰ ਨੂੰ ਸੋਸ਼ਲ ਮੀਡੀਆ ਦੇ ਰਾਹੀਂ ਵਧੇਰੇ ਸਾਫ਼ ਸੁਥਰੀ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਸੋਸ਼ਲ ਮੀਡੀਆ ਦੇ ਆਉਣ ਨਾਲ ਰਾਜਨੀਤੀ ਸੰਚਾਰ ਦੇ ਵਿੱਚ

ਪਰਿਵਰਤਨ ਹੋਣਾ ਸੁਭਾਵਿਕ ਸੀ। ਰਾਜਨੀਤੀ ਦੇ ਮੀਡੀਆ ਦੇ ਸੰਬੰਧਾਂ ਨੂੰ ਨਾਗਰਿਕ ਅਤੇ ਰਾਜਸੀ ਨੇਤਾ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ। ਅਰਥਾਤ ਪੂਰੀ ਰਾਜਨੀਤੀ ਦਾ ਪੂਰਨ ਨਿਰਮਾਣ ਹੋਇਆ ਹੈ।





**Figure 4.5 : ਰਾਜਨੀਤੀ ਦੇ ਲਈ ਮਾਸ ਮੀਡੀਆ ਦੀ ਵਰਤੋਂ**

ਭਾਰਤ ਦੇ ਵਿੱਚ ਰਾਜਨੀਤੀ ਸੰਚਾਰ ਰਾਜਨੀਤੀ ਅਤੇ ਤਕਨੀਕੀ ਸੰਚਾਰ ਦਾ ਗਠਜੋੜ ਹੈ। ਤਕਨੀਕੀ ਸੰਚਾਰ ਦੇ ਆਗਮਨ ਕਰਕੇ ਰਾਜਨੀਤੀ ਦਾ ਰੁਖ ਤਕਨੀਕੀ ਸੰਚਾਰ ਦੇ ਵੱਲ ਮੁੜ ਗਿਆ । "ਭਾਰਤ ਦੇ ਵਿੱਚ ਸੋਸ਼ਲ ਮੀਡੀਆ ਦੀ ਮਸ਼ਹੂਰੀ 2014 ਦੀ ਚੋਣਾਂ ਦੇ ਵਿੱਚ ਹੋਈ ਸੀ। ਭਾਰਤੀ ਚੋਣ ਕਮਿਸ਼ਨ ਨੇ ਪੁਰਾਤਨ ਸੰਚਾਰ ਮਾਧਿਅਮ ਦੀ ਵਰਤੋਂ ਉੱਤੇ ਨਿਯਮਿਤ ਪਾਬੰਧੀ ਲਗਾਈ ਹੋਈ ਸੀ। ਇਸ ਕਰਕੇ ਭਾਰਤੀ ਨੇਤਾਵਾਂ ਨੇ ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਕੀਤੀ।"(*,Journal of Mass Communication & Journalism, Social Media for Poltical Mobilization in India: A Study, meti v30 September 2015. www.omicsonline.org)*

ਅਮਰੀਕੀ ਰਾਸ਼ਟਰਪਤੀ ਨੇ ਨੌਜਵਾਨ ਵਰਗ ਨੂੰ ਅਪੀਲ ਕਰਨ ਦੇ ਲਈ ਫੇਸਬੁੱਕ ਦੀ ਵਰਤੋਂ ਕੀਤੀ। "ਉਸਦੀ ਇਹ ਯੋਜਨਾ ਕਾਮਯਾਬ ਹੋਈ ਤੇ 70% ਲੋਕ ਨੌਜਵਾਨ ਵਰਗ ਦੇ ਵਿਚੋਂ ਹੀ ਸਨ। ਵੋਟ ਕਰਨ ਵਾਲਾ ਵਰਗ 25 ਸਾਲਾਂ ਦੇ ਹੀ ਸਨ।" *( Dutta s. Fraser. Barrack Obama and the Facebook Election U.S. News & World Report 11)*

ਸੋਸ਼ਲ ਮੀਡੀਆ ਨੇ ਬਹੁਤ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਹਰ ਇੱਕ ਨੇਤਾ ਦਾ ਆਪਣਾ ਵੱਖਰਾ ਐਪ ਮਿਲ ਜਾਵੇਗਾ। ਪੰਜਾਬ ਦੇ ਵਿੱਚ ਹਰ ਇੱਕ ਪਾਰਟੀ ਦਾ ਐਪ ਮਿਲ ਜਵੇਗਾ। ਦੇਸ਼ ਦੇ ਪ੍ਰਧਾਨ ਮੰਤਰੀ ਦਾ ਐਪ ਮਿਲ ਜਾਵੇਗਾ। ਸਮਾਰਟ ਫ਼ੋਨ ਦੀ ਸੁਵਿਧਾ ਪ੍ਰਾਪਤ ਹੋਣ ਕਰਕੇ, ਲੋਕਾਂ ਨਾਲ ਸੰਪਰਕ ਅਤੇ ਸੰਦੇਸ਼ ਪਹੁੰਚਾਉਣਾ ਆਸਾਨ ਹੋ ਜਾਂਦਾ ਹੈ। ਇੱਥੋਂ ਤੱਕ ਨੇਤਾਵਾਂ ਦੀ ਕਾਰਜਕਾਰੀ ਦੇ ਐਪ ਵੀ ਮਿਲਦੇ ਹਨ। ਜਿੱਥੇ ਜਾ ਕੇ ਨੇਤਾਵਾਂ ਦੀ ਕਾਰਜਕਾਰਨੀ ਉੱਤੇ ਟਿੱਪਣੀ ਕੀਤੀ ਜਾ ਸਕਦੀ ਹੈ। ਨੇਤਾਵਾਂ ਦੇ ਕਾਰਟੂਨ ਰੂਪ ਵਿਚ ਚਿੱਤਰ ਵੀ ਉਪਲਬਧ ਹੁੰਦੇ ਹਨ।

ਸੱਤਾ ਧਿਰ ਅਤੇ ਵਿਰੋਧੀ ਧਿਰ ਆਦਿ ਹਰ ਪਾਰਟੀ ਦੇ ਸਟਿੱਕਰ ਮਿਲ ਜਾਂਦੇ ਹਨ। ਇਹ ਮੰਡੀ ਦੀ ਵਿਕਰੀ ਦਾ ਹੀ ਹਿੱਸਾ ਹੈ। ਰਾਜ ਨੇਤਾ ਵੀ ਤੇਜ਼ ਅਤੇ ਬੁੱਧੀਮਾਨ ਹੋ ਗਏ ਹਨ। ਤਕਨੀਕ ਦੇ ਨਾਲ ਪਾਰਟੀਆਂ ਦੇ ਕਾਰਜਕਰਨ ਦੇ ਢੰਗ ਵੀ ਬਦਲ ਗਏ ਹਨ। ਅੱਜ ਦਾ ਹਰ ਇੱਕ ਨੇਤਾ ਸੋਸ਼ਲ ਮੀਡੀਆ ਦੀ ਵਰਤੋਂ ਕਰਦਾ ਹੈ। ਸੋਸ਼ਲ ਮੀਡੀਆ ਇੱਕ ਦੂਜੇ ਦੇ ਨਾਲ ਖ਼ਬਰ ਸਾਂਝੀ ਜਾਂ ਕੁਝ ਵੀ ਖੋਜਣ ਦੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ। ਛੋਟੇ ਨਗਰਾਂ ਦੇ ਅੰਦੋਲਨ ਨੂੰ ਪੂਰੇ ਸੰਸਾਰ ਤੱਕ ਪਹੁੰਚਾਉਣ ਦੀ ਪਹੁੰਚ ਰੱਖਦਾ ਹੈ।

**ਸੋਸ਼ਲ ਮੀਡੀਆ/ ਫੇਸਬੁੱਕ/ ਟੀਵੀਟਰ/ ਯੂ-ਟਿਊਬ**

↓

**ਪ੍ਰਚਾਰ**

↓

**ਕੇਂਦਰ ਬਿੰਦੂ**

↓

**ਨੌਜਵਾਨ ਪੀੜ੍ਹੀ**

**Figure 4.6 : ਨੌਜਵਾਨ ਨੂੰ ਪ੍ਰਭਾਵਿਤ ਕਰਨ ਲਈ ਸੋਸ਼ਲ ਮੀਡੀਆ**

ਜਦੋਂ 2012 ਦੇ ਵਿੱਚ ਦਿੱਲੀ ਵਿੱਚ ਹੋਏ ਭ੍ਰਿਸ਼ਟਾਚਾਰ ਅੰਦੋਲਨ ਦੇ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ। ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਇਹ ਅੰਦੋਲਨ ਚਰਚਾ ਦਾ ਵਿਸ਼ਾ ਬਣਿਆ ਰਿਹਾ ਸੀ। ਨਵੀਂ

ਤਕਨੀਕ ਦੀ ਵਰਤੋਂ ਨੇਤਾਵਾਂ ਦੇ ਸਮਾਜਕ ਗਤੀਵਿਧੀਆਂ ਅਤੇ ਨੇਤਾਵਾਂ ਦੇ ਵਿਅਕਤੀਗਤ ਪ੍ਰਚਾਰ ਦੇ ਵਿੱਚ ਵੀ ਸਹਾਈ ਹੋਈ। ਪੁਰਾਤਨ ਤਰੀਕਿਆਂ ਦੇ ਨਾਲੋਂ ਆਧੁਨਿਕ ਵਿਧੀ ਦੇ ਰਾਹੀਂ ਪ੍ਰਚਾਰ ਨਾਲ ਨੇਤਾਵਾਂ ਨੂੰ ਅਣਗਿਣਤ ਵੋਟਰ ਮਿਲਦੇ ਹਨ। ਉਹ ਵੀ 25 ਤੋਂ 30 ਸਾਲ ਦੇ ਉਮਰ ਦੇ ਨੌਜਵਾਨ ਵਰਗ ਵੋਟਰ ਮਿਲਦਾ ਹੈ। ਸੋਸ਼ਲ ਮੀਡੀਆ ਉੱਤੇ ਚੋਣਾਂ ਦੇ ਨਤੀਜਿਆਂ ਦਾ ਅੰਦਾਜ਼ਾ ਵੀ ਲਗਾਇਆਂ ਜਾਂਦਾ ਹੈ। "ਬਹੁਤ ਸਾਰੀਆਂ ਕੰਪਨੀਆਂ ਫੇਸਬੁੱਕ, ਟੀਵੀਟਰ, ਗੂਗਲ ਉੱਤੇ ਮਿਲਦੇ ਡਾਟੇ ਨੂੰ ਵਰਤ ਕੇ ਚੋਣਾਂ ਦੇ ਨਤੀਜਿਆਂ ਦਾ ਅੰਦਾਜ਼ਾ ਬਿਆਨ ਕਰਦੀਆਂ ਹਨ ਕਿਉਂਕਿ ਚੋਣਾਂ ਦੇ ਦਿਨਾਂ ਦੇ ਵਿੱਚ ਲੋਕ ਸੋਸ਼ਲ ਮੀਡੀਆ ਦੀਆਂ ਵੈੱਬਸਾਈਟ ਉੱਤੇ ਜਾ ਕੇ ਰਾਜਨੀਤਿਕ ਨੇਤਾਵਾਂ ਦੇ ਬਾਰੇ ਆਪਣੇ ਵਿਚਾਰ ਨੂੰ ਸਪੱਸ਼ਟ ਕਰਦੇ ਹਨ।" *(Journal of Mass Communication & Journalism. Social Media for Political Mobilization in India: A Study meti v. www.omicsonline. org)*

ਸੋਸ਼ਲ ਮੀਡੀਆ ਸੰਚਾਰ ਦਾ ਮੁੱਖ ਤੇ ਅਹਿਮ ਮਾਧਿਅਮ ਹੈ। ਇਸ ਦੇ ਰਾਹੀਂ ਰਾਜਨੀਤਿਕ ਗਤੀਵਿਧੀਆਂ ਤੇਜ਼ ਹੁੰਦੀਆਂ ਹਨ। ਲੋਕ ਰਾਜਨੀਤੀ ਦੇ ਬਾਰੇ ਆਪਣੇ ਵਿਚਾਰਾਂ ਨੂੰ ਰਾਜਨੀਤਿਕ ਗਰੁੱਪ ਵੱਲੋਂ ਬਣਾਏ ਪੇਜਾਂ 'ਤੇ ਜਾ ਕੇ ਪ੍ਰਗਟਾਉਂਦੇ ਹਨ। ਇਹ ਮਾਧਿਅਮ ਸੁਤੰਤਰ ਹੋ ਕੇ ਆਪਣੇ ਵਿਚਾਰ ਪ੍ਰਗਟਾਉਣ ਦੇ ਲਈ ਸਹਾਇਕ ਹੁੰਦਾ ਹੈ। ਇਹ ਤਕਨੀਕ ਲੋਕਾਂ ਨੂੰ ਵੱਖੋ-ਵੱਖਰੀਆਂ ਤਕਨੀਕਾਂ ਵਰਤਣ ਲਈ ਮਦਦ ਕਰਦਾ ਹੈ। ਇਹ ਆਮ ਲੋਕਾਂ ਅਤੇ ਰਾਜਨੀਤੀਵਾਨਾਂ ਦੇ ਲਈ ਬਹੁਤ ਮਦਦਗਾਰ ਸਾਬਤ ਹੋਇਆ ਹੈ। ਰਾਜਨੀਤੀਵਾਨ ਦੇ ਲਈ ਵਧੇਰੇ ਆਬਾਦੀ ਤੱਕ ਪਹੁੰਚ ਕਰਨੀ ਸੌਖੀ ਤੇ ਯਕੀਨੀ ਬਣ ਗਈ ਹੈ। ਆਬਾਦੀ ਦਾ ਅੱਧ ਨਾਲੋਂ ਵੱਡਾ ਹਿੱਸਾ ਵਧੇਰੇ ਵਕਤ ਸੋਸ਼ਲ ਮੀਡੀਆ ਉਪਰ ਗੁਜ਼ਾਰਦਾ ਹੈ। "ਪਹਿਲੀ ਵਾਰ ਬੰਬਈ ਬੰਬ ਧਮਾਕੇ ਤੋਂ ਟੀਵੀਟਰ ਦੇ ਰਾਹੀਂ ਜਾਣਕਾਰੀ ਸਾਂਝੀ ਕੀਤੀ ਗਈ ਸੀ ਤੇ ਦੂਜੀ ਵਾਰੀ 2009 ਦੀਆਂ ਚੋਣਾਂ ਦੇ ਦੌਰਾਨ ਆਨਲਾਈਨ ਵੋਟਰ ਰਜਿਸਟ੍ਰੇਸ਼ਨ ਅਤੇ ਪਾਰਦਰਸ਼ੀ ਪ੍ਰਚਾਰ ਸ਼ੁਰੂ ਹੋਇਆ। ਪਹਿਲੀ ਵਾਰੀ ਰਾਜਨੀਤਿਕ ਪਾਰਟੀਆਂ ਨੇ ਸੋਸ਼ਲ ਵੈੱਬਸਾਈਟ ਦੇ ਰਾਹੀਂ ਲੋਕਾਂ ਤੱਕ ਪਹੁੰਚ ਕੀਤੀ।" *(Journal of Mass Communication & Journalism. Social Media for Poltical Mobilizationin India: A Study. Meti V. www.omicsonline..org)*

ਰਾਜਨੀਤੀਵਾਨ ਨੂੰ ਪ੍ਰਚਾਰ ਦਾ ਅਨੋਖਾ ਤੇ ਸੌਖਾ ਢੰਗ ਮਿਲ ਗਿਆ ਸੀ। ਭਾਰਤੀ/ ਪੰਜਾਬੀ ਨੇਤਾਵਾਂ ਦੇ ਵਿੱਚ ਹਰ ਪਾਰਟੀ ਦਾ ਨੇਤਾ ਸੋਸ਼ਲ ਵੈੱਬਸਾਈਟ ਵਰਤਦੇ ਹਨ। ਇਹਨਾਂ ਨੇਤਾਵਾਂ ਦੇ ਆਪਣੇ ਪੇਜ ਉਪਲਬਧ ਹਨ। ਇਹਨਾਂ ਪੇਜਾਂ ਦੇ ਰਾਹੀਂ ਆਪਣੇ ਵਿਚਾਰ ਅਤੇ ਆਪਣੀਆਂ ਯੋਜਨਾਵਾਂ ਨੂੰ ਲੋਕਾਂ ਦੇ ਨਾਲ ਸਾਂਝਾ ਕਰਦੇ ਹਨ। "2014 ਦੀ ਚੋਣਾਂ ਦੇ ਲਈ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਦੇ ਲਈ ਇੱਕ ਟੀਮ ਬਣਾਈ ਸੀ।" (*Stoffer T . The Use and Impact of Social Media in Political Election)*

ਅਜੋਕੀ ਰਾਜਨੀਤੀ ਸੋਸ਼ਲ ਮੀਡੀਆ ਦੇ ਕਰਕੇ ਵਧੇਰੇ ਗੁੰਝਲਦਾਰ ਹੋ ਗਈ। ਸੋਸ਼ਲ ਮੀਡੀਆ ਦੇ ਆਗਮਨ ਕਰਕੇ ਲੋਕਤੰਤਰੀ ਰੂਪ ਦੇ ਅੰਗ ਖ਼ਬਰ-ਸਾਰ ਅਤੇ ਨਿਊਜ਼ ਚੈਨਲਾਂ ਨੂੰ ਚਲਣ ਦੇ ਵਿੱਚ ਤੰਗੀ ਆਉਂਦੀ ਹੈ। ਅਖ਼ਬਾਰਾਂ ਅਤੇ ਚੈਨਲਾਂ ਨੂੰ ਆਪਣੀ ਭਰੋਸੇਯੋਗਤਾ ਵਿੱਚ ਡਰ ਦਾ ਅਭਾਵ ਆ ਗਿਆ ਹੈ। ਨੇਤਾ ਆਪਣੇ ਭਾਸ਼ਣ ਨੂੰ ਸੋਸ਼ਲ ਮੀਡੀਆ ਦੇ ਰਾਹੀਂ ਲੋਕਾਂ ਤੱਕ ਆਪਣੀ ਭਾਵਨਾ ਪਹੁੰਚਾ ਦਿੰਦੇ ਸਨ। ਨੇਤਾ ਆਪਣੇ ਪੇਜ ਉੱਤੇ ਆਣ ਕੇ ਲੋਕਾਂ ਨੂੰ ਚਰਚਾ ਕਰਨ ਅਤੇ ਸੁਝਾਉ ਦੇਣ ਲਈ ਕਹਿੰਦੇ ਹਨ।ਨੇਤਾਵਾਂ ਦੇ ਲਈ ਮੁੱਖ ਮੁੱਦਿਆਂ ਨੂੰ ਸਾਂਝਾ ਕਰਨ ਦੇ ਵਿੱਚ ਸੌਖ ਹੋ ਗਈ ਹੈ ਜਿਵੇਂ ਕਿ ਚੋਣ ਕਮਿਸ਼ਨ ਦੇ ਵਲੋਂ ਪ੍ਰਚਾਰ ਦੇ ਵਿੱਚ ਰੋਕ ਲਾ ਦਿੱਤੀ ਜਾਂਦੀ ਹੈ ਪਰੰਤੂ ਫੇਸਬੁੱਕ, ਟੀਵੀਟਰ ਇੱਕ ਅਜਿਹੇ ਰਸਤੇ ਹਨ, ਜਿਸ ਨਾਲ ਲੋਕਾਂ ਤੱਕ ਪਹੁੰਚ ਕਰਨੀ ਸੌਖੀ ਕਰ ਦਿੱਤੀ ਹੈ। ਲੋਕ ਵਧੇਰੇ ਵਕਤ ਇੰਟਰਨੈੱਟ ਉੱਤੇ ਬਤੀਤ ਕਰਦੇ ਹਨ। ਇਸ ਲਈ ਨੇਤਾਵਾਂ ਨੇ ਵੀ ਬਦਲਦੀ ਦੁਨੀਆਂ ਦੇ ਨਾਲ ਬਦਲਦਾ ਰਾਹ ਚੁਣ ਲਿਆ ਹੈ । "We lived in village then we lived in cities now we are going to live on internet." (*Parker Sean. The Social Network for the movie based on Mark Zuckerberg life)*

ਸੋਸ਼ਲ ਮੀਡੀਆ ਦੇ ਰਾਹੀਂ ਰਾਜਨੀਤੀ ਪਾਰਦਰਸ਼ੀ ਤਾਂ ਹੋ ਗਈ। ਇਸ ਦੇ ਬੁਰੇ ਪ੍ਰਭਾਵ ਵੀ ਨਾਲ ਹੀ ਆਉਂਦੇ ਹਨ। ਛੋਟੀ ਤੋਂ ਛੋਟੀ ਗੱਲ ਸੋਸ਼ਲ ਮੀਡੀਆ ਦੇ ਰਾਹੀਂ ਪੇਸ਼ ਹੋ ਜਾਣ ਕਾਰਨ ਰਾਜਨੀਤੀ ਦੇ ਵਿੱਚ ਗੰਦ ਪੈ ਗਿਆ ਹੈ। ਇੱਕ ਦੂਜੇ ਉੱਤੇ ਚਿੱਕੜ ਸੁੱਟਣਾ ਜਾਂ ਆਪਣੇ ਪ੍ਰਚਾਰ ਦੇ ਲਈ ਦੂਜਿਆਂ ਦੀਆਂ ਨੀਤੀਆਂ ਨੂੰ ਗਲਤ ਸਾਬਤ ਕਰਨ ਲਈ, ਹਰ ਢੰਗ ਵਰਤਦੇ ਹਨ। ਨੇਤਾਵਾਂ ਨੇ ਪ੍ਰਚਾਰ ਦੇ ਲਈ ਇੱਕ ਗਰੁੱਪ ਦਾ ਨਿਰਮਾਣ ਕੀਤਾ ਸੀ। ਜਿਹੜੇ ਇਹਨਾਂ ਦੀਆਂ ਗਤੀਵਿਧੀਆਂ ਨੂੰ ਫੇਸਬੁੱਕ ਅਤੇ ਟੀਵੀਟਰ ਉੱਤੇ ਪਾਉਂਦੇ ਸਨ।

ਸੋਸ਼ਲ ਮੀਡੀਆ ਦੀ ਰਾਜਨੀਤੀਵਾਨਾਂ ਵੱਲੋਂ ਇਸ ਦੀ ਦੁਰਵਰਤੋਂ ਵੀ ਕੀਤੀ ਜਾ ਰਹੀ ਹੈ। ਆਈ .ਟੀ ਖੇਤਰ ਨੂੰ ਰਾਜਨੀਤੀ ਦੇ ਲਈ ਗਲਤ ਵਰਤਿਆ ਜਾ ਰਿਹਾ ਹੈ। ਫੇਸਬੁੱਕ ਅਤੇ ਟੀਵੀਟਰ, ਯੂ- ਟਿਊਬ ਉੱਤੇ ਮਸ਼ਹੂਰੀ ਕਰਨ ਦੇ ਲਈ ਗਲਤ ਢੰਗ ਨਾਲ ਵਰਤਿਆਂ ਜਾ ਰਿਹਾ ਹੈ। ਉਹਨਾਂ ਦੇ ਫੇਸਬੁੱਕ ਅਤੇ ਟੀਵੀਟਰ ਉੱਤੇ ਜਾ ਕੇ ਨਕਲੀ ਲਾਇਕ ਕੀਤੇ ਅਤੇ ਵਿਰੋਧੀ ਦੇ ਨਾਲੋਂ ਪ੍ਰਸਿੱਧੀ ਲੈਣ ਲਈ ਕੀਤਾ ਗਿਆ ਹੈ। ਆਈ.ਟੀ.ਸੈੱਲ ਦੀ ਵਰਤੋਂ ਪਾਰਟੀਆਂ ਦੇ ਵੱਲੋਂ ਨਕਲੀ ਲਾਇਕ ਤੇ ਸ਼ੇਅਰ ਕਰਨ ਜਾਂ ਸੋਸ਼ਲ ਮੀਡੀਆਂ ਤੇ ਵਧੇਰੇ ਵਿਊਜ਼ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਹੈ। "ਇਸ ਤਰ੍ਹਾਂ ਦੀ ਜਾਣਕਾਰੀ "ਕੋਬਰਾਪੋਟਸ ਉੱਤੇ ਦਿੱਤੀ ਗਈ ਹੈ। ਇਸ ਦੇ ਸੰਪਾਦਕ ਨੇ ਕਿਹਾ ਕਿ ਆਈ. ਟੀ ਦੀਆਂ ਹੋਰ ਕੰਪਨੀਆਂ ਰਾਜਨੀਤੀਵਾਨਾਂ ਦੇ ਲਈ ਕੰਮ ਕਰਦੀਆਂ ਹਨ।"(*The Hindu. Social platforms misused to help politicians claims Cobrapost. New Delhi 26 May 2016)*

ਜਿਨ੍ਹਾਂ ਦੀ ਆਪਣੀ ਵਰਤੋਂ ਅਤੇ ਮਹੱਤਤਾ ਹੈ। ਸਰਕਾਰਾਂ ਦੇ ਦੁਆਰਾ ਸਭ ਤੋਂ ਜ਼ਿਆਦਾ ਫੇਸਬੁੱਕ ਅਤੇ ਟੀਵੀਟਰ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਦੇ ਰਾਹੀਂ ਲੋਕਾਂ ਤੱਕ ਪਹੁੰਚ ਕਰਨੀ ਜਾਂ ਆਪਣੇ ਮੈਸੇਜ ਨੂੰ ਲੋਕਾਂ ਤੀਕ ਦੇਣ ਦਾ ਸੌਖਾ ਮਾਧਿਅਮ ਹੈ। ਲੋਕ ਵੀ ਰਾਜਨੀਤੀ ਦੇ ਵਿੱਚ ਆਪਣੀ ਦਿਲਚਸਪੀ ਦਿਖਾਉਂਦੇ ਹਨ। ਰੋਜ਼ਾਨਾ ਦੀ ਖ਼ਬਰਾਂ ਉੱਤੇ ਆਪਣੀ ਨਜ਼ਰ ਬਣਾਈ ਰੱਖਦੇ ਹਨ। ਇਸ ਸੰਬੰਧੀ ਡਾ. ਰਵੇਲ ਸਿੰਘ ਨਾਲ ਹੋਈ ਮੁਲਾਕਾਤ ਦੇ ਵਿੱਚੋਂ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ, "ਗੱਲ ਇਹ ਹੈ ਕਿ ਮੈ ਬੈਠਾ ਦਿੱਲੀ ਵਰਗੇ ਵੱਡੇ ਸ਼ਹਿਰ ਦੇ ਵਿੱਚ ਤੁਸੀ ਬੈਠੇ ਹੋ ਛੋਟੇ ਸ਼ਹਿਰ ਦੇ ਵਿੱਚ। ਮੈ ਬਹੁਤ ਲੋਕਾਂ ਦੇ ਨੇੜੇ ਰਿਹਾ ਹਾਂ। ਪਰ ਇਹਨਾਂ ਦੇ ਆਈ.ਟੀ ਸੈਲਾਂ ਦੇ ਬਾਰੇ ਜਾਣਦਾ ਹਾਂ ਬਹੁਤੀਆਂ ਗੱਲਾਂ ਦੱਸੀਆਂ ਵੀ ਨਹੀਂ ਜਾ ਸਕਦੀਆਂ ਹਨ। ਅਸਲ ਦੇ ਵਿੱਚ ਸੋਸ਼ਲ ਮੀਡੀਆ ਨੂੰ ਵਰਤਣਾ ਸਭ ਤੋ ਪਹਿਲਾਂ ਕੇਜ਼ਰੀਵਾਲ ਨੇ ਸ਼ੁਰੂ ਕੀਤਾ। ਬਹੁਤੇ ਲੋਕਾਂ ਦਾ ਮੰਨਣਾ ਕਿ ਦਿੱਲੀ ਦੇ ਮੁੱਖ ਮੰਤਰੀ ਨੂੰ ਸੋਸ਼ਲ਼ ਮੀਡੀਆ ਦੁਆਰਾ ਬਦਨਾਮ ਕੀਤਾ ਗਿਆ। ਸੋਸ਼ਲ਼ ਮੀਡੀਆ ਨੇ ਘਰ ਘਰ ਜਾ ਕੇ ਇਮੇਜ਼ ਖਰਾਬ ਕੀਤੀ। ਇਸੇ ਤਰ੍ਹਾਂ ਬੀ.ਜੇ ਪੀ ਨੇ ਵੀ ਸੋਸ਼ਲ ਮੀਡੀਆ ਨੂੰ ਵਰਤਿਆ। ਉਹਨਾਂ ਦੇ ਆਈ.ਟੀ ਸੈਲ ਦੇ ਵਿੱਚ ਬਹੁਤ ਹੀ ਮਿਹਨਤੀ ਲੋਕ ਸ਼ਾਮਿਲ ਹਨ ਉਹਨਾਂ ਦੀਆਂ ਤਨਖਾਹਾਂ ਵੀ ਬਹੁਤ ਜ਼ਿਆਦਾ ਹਨ। ਉਹਨਾਂ ਦਾ ਕੰਮ ਰੋਜ਼ਾਨਾ ਕੁਝ ਨਾ ਕੁਝ ਬਣਾਉਣਾ ਹੈ। ਉਹ ਸਭ ਖਬਰਾਂ ਨੂੰ ਆਮ ਲੋਕਾਂ ਦੇ

ਵਿੱਚ ਫੈਲਾਉਂਦੇ ਹਨ ਜਿਵੇਂ ਕਿ ਰਾਹੁਲ ਗਾਂਧੀ ਦੀ ਪੱਪੂ ਵਾਲੀ ਇਮੇਜ ਨੂੰ ਪੇਸ਼ ਕੀਤਾ ਗਿਆਂ ਹੈ। ਉਹ ਇੱਕ ਸਿਆਣਾ ਬੰਦਾ ਹੈ, ਉਸਨੂੰ ਜਾਣ ਬੁੱਝ ਕੇ ਬਦਨਾਮ ਕੀਤਾ ਜਾਂਦਾ ਹੈ। ਇਹ ਇਮੇਜ ਸੋਸ਼ਲ਼ ਮੀਡੀਆ ਨੇ ਬਣਾਇਆ। ਇਵੇ ਹੀ ਮਨਮੋਹਨ ਸਿੰਘ ਦੀ ਇਮੇਜ਼ ਨੂੰ ਸੋਸ਼ਲ ਮੀਡੀਆ ਉੱਤੇ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਕੁਝ ਨਹੀ ਬੋਲਦਾ ਦੇਸ਼ ਨੂੰ ਭਾਵੇਂ ਲੁੱਟ ਕੇ ਕੋਈ ਖਾ ਜਾਵੇ। ਉਸਦਾ ਇਮੇਜ਼ ਬਣਾ ਦਿੱਤਾ ਗਿਆ। ਮੈ ਲੁਧਿਆਣਾ ਗਿਆ ਉੱਥੇ ਡਾਟਾ ਇਕੱਠਾ ਕਰਕੇ ਕੇ ਲੈ ਕੇ ਗਿਆਂ ਕਿ ਕਿੰਨੀ ਵਾਰ ਰਾਹੁਲ ਗਾਂਧੀ ਨੂੰ ਪੱਪੂ ਕਿਹਾ ਗਿਆ ਹੈ। ਬਹੁਤੀ ਵਾਰੀ ਝਮੇਲੇ ਘੜੇ ਜਾਂਦੇ ਹਨ ਜਿਸ ਨਾਲ ਲੋਕਾਂ ਨੂੰ ਭਰਮਾਇਆ ਜਾਂਦਾ ਹੈ। ਮਾਰਕੀਟਿੰਗ ਦਾ ਇਹ ਸਿਲਸਿਲਾ ਕਾਰਪੋਰੇਟ ਸੰਸਾਰ ਵਾਲਾ ਹੀ ਹੈ। ਇਵੇਂ ਹੀ ਰਾਜਨੀਤਿਕ ਪਾਰਟੀਆਂ ਵਰਤਦੀਆਂ ਹਨ। ਅਸੀ ਉਹਨਾਂ ਦੇ ਝੁਮੇਲਿਆਂ ਤੇ ਯਕੀਨ ਕਰਦੇ ਹਾਂ। ਕਿਵੇਂ ਕਿਸੇ ਨੂੰ ਨੇੜੇ ਕਰਨਾ ਅਤੇ ਕਿਵੇਂ ਕਿਸੇ ਨੂੰ ਦੂਰ ਕਰਨਾ ਇਹ ਸਭ ਸੋਸ਼ਲ਼ ਮੀਡੀਆ ਦਾ ਹੀ ਕੰਮ ਹੈ। ਸਾਨੂੰ ਲੱਗਦਾ ਹੈ ਕਿ ਅਸੀਂ ਆਪਣੇ ਵਿਚਾਰ ਦੇ ਰਹੇ ਹੁੰਦੇ ਹਾਂ ਪਰ ਮੈ ਨਹੀਂ ਸੋਸ਼ਲ਼ ਮੀਡੀਆਂ ਪਾ ਰਿਹਾ ਹੁੰਦਾ ਹੈ।”

**ੳ)** **ਫਿਲਮਾਂ** : ਸੋਸ਼ਲ ਮੀਡੀਆ ਇਕ ਅਜਿਹਾ ਪਲੇਟਫਾਰਮ ਹੈ, ਜਿਹੜਾ ਹਰ ਇੱਕ ਨੂੰ ਆਪਣੀ ਪ੍ਰਤਿਭਾ ਨੂੰ ਦਿਖਾਉਣ ਦਾ ਮੌਕਾ ਦਿੰਦਾ ਹੈ। ਨੇਤਾਵਾਂ ਨੇ ਵੀ ਸੋਸ਼ਲ਼ ਮੀਡੀਆ ਨੂੰ ਅਪਣਾਇਆ ਹੈ। ਇਸ ਦੇ ਰਾਹੀਂ ਲੋਕਾਂ ਦੇ ਨਾਲ ਗੱਲਬਾਤ ਕਰਨੀ ਸੌਖੀ ਹੋ ਗਈ ਹੈ। ਸੋਸ਼ਲ ਮੀਡੀਆ ਦੇ ਮਾਧਿਅਮ ਵਿੱਚ ਫੇਸਬੁੱਕ, ਟੀਵੀਟਰ, ਯੂ-ਟਿਊਬ ਆਦਿ ਆ ਜਾਂਦੇ ਹਨ। ਰਾਜਨੀਤੀ ਅਤੇ ਫ਼ਿਲਮਾਂ ਦੋ ਵੱਖੋ-ਵੱਖਰੀਆਂ ਧਾਰਨਾਵਾਂ ਹਨ। ਫ਼ਿਲਮਾਂ ਦੇ ਰਾਹੀਂ ਰਾਜਨੀਤੀ ’ਤੇ ਕਠਿਨ ਸਫ਼ਰ ਦਿਖਾਇਆ ਜਾਂਦਾ ਹੈ ਜਿਵੇਂ ਰਾਜਨੀਤੀ ਦੀਆਂ ਮਹਾਨ ਸ਼ਖਸ਼ੀਅਤਾਂ ਉੱਤੇ ਬਣਾਈਆ ਫ਼ਿਲਮਾਂ ਆਦਿ। ਰਾਜਨੀਤਿਕ ਫਿਲਮਾਂ ਦੇ ਰਾਹੀਂ ਨੇਤਾਵਾਂ ਦੇ ਕਠਿਨ ਸੰਘਰਸ਼ ਨੂੰ ਦਿਖਾਇਆ ਜਾਂਦਾ ਹੈ ਕਿਵੇਂ ਉਹ ਆਮ ਇਨਸਾਨ ਤੋਂ ਖਾਸ ਬਣੇ ਹਨ। ਸਾਰੀਆਂ ਫ਼ਿਲਮਾਂ ਰਾਜਨੀਤਿਕ ਨਹੀ ਹੁੰਦੀਆਂ। ਕੁਝ ਫਿਲਮਾਂ ਰਾਜਨੀਤਿਕ ਹੁੰਦੀਆਂ ਹਨ। ਕੁਝ ਫਿਲਮਾਂ ਦੇ ਵਿੱਚ ਸਿਰਫ ਰਾਜਨੀਤਿਕ ਸੋਚ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਕਰਕੇ ਉਹਨਾਂ ਫਿਲਮਾਂ ਨੂੰ ਰਾਜਨੀਤਿਕ ਫ਼ਿਲਮਾਂ ਦੇ ਸੰਦਰਭ ਵਿੱਚ ਨਹੀ ਰੱਖਿਆ ਜਾ ਸਕਦਾ ਹੈ।

ਫਿਲਮਾਂ ਨੂੰ ਸਿਰਫ਼ ਮੰਨਰੋਜਨ ਦੇ ਲਈ ਹੀ ਬਣਾਇਆ ਜਾਂਦਾ ਹੈ। ਰਾਜਨੀਤਿਕ ਫਿਲਮਾਂ ਇਹ ਦਰਸਾਉਂਦੀਆਂ ਹਨ ਕਿ ਰਾਜਨੀਤੀ ਆਪਣਾ ਰੂਪ ਕਿਵੇਂ ਬਦਲਦੀ ਹੈ। ਭਾਵੇਂ ਰਾਜਨੀਤੀ ਭਾਰਤ ਦੀ ਹੋਵੇ ਜਾਂ ਦੂਸਰੇ ਦੇਸ਼ਾਂ ਦੀ। ਫ਼ਿਲਮਾਂ ਵਿੱਚ ਕਾਲਪਨਿਕ ਸਰੂਪ ਹੀ ਰਾਜਨੀਤੀ ਦਾ ਅਸਲ ਦ੍ਰਿਸ਼ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੀਡੀਆ ਅਤੇ ਸੰਚਾਰ ਸਾਧਨ ਰਾਜਨੀਤੀ ਦੀਆਂ ਕਾਲਪਨਿਕ ਵਿਸ਼ੇਸ਼ਤਾਵਾਂ ਨੂੰ ਪ੍ਰਸਤੁਤ ਕਰਦੇ ਹਨ। ਸੰਚਾਰ ਅਧਿਐਨ ਦੇ ਰਾਹੀਂ ਰਾਜਨੀਤੀ ਦੀਆਂ ਚਣੌਤੀਆਂ ਤੇ ਵਖਰੇਵੇ ਨੂੰ ਦਿਖਾਇਆ ਜਾਂਦਾ ਹੈ। ਫਿਲਮਾਂ ਦੇ ਵਿੱਚ ਇਤਿਹਾਸਕ ਤੇ ਮਿਥਿਹਾਸਕ ਡਰਾਮੇ, ਰਾਜਨੀਤਿਕ ਥ੍ਰਿਲ ਆਦਿ ਕੋਈ ਹਵਾਲਾ ਨਹੀ ਹੁੰਦਾ। ਉਹਨਾਂ ਫਿਲਮਾਂ ਦੇ ਵਿੱਚ ਕਥਾ ਆਧਾਰਿਤ ਪੁਸਤਕਾਂ ਦਾ ਹਵਾਲਾ ਨਹੀ ਹੁੰਦਾ ਹੈ ਜਿਵੇ ਕਿ ਕੁਝ ਨੇਤਾਵਾਂ ਦੀ ਜ਼ਿੰਦਗੀ ਉੱਤੇ ਪੁਸਤਕਾਂ ਲਿਖੀਆ ਗਈਆ ਹਨ ਤੇ ਉਹਨਾਂ ਉੱਤੇ ਹੀ ਫਿਲਮਾਂ ਬਣਾਈਆਂ ਹੋਈਆਂ ਮਿਲ ਜਾਣਗੀਆਂ।

ਟੀ.ਵੀ ਉੱਤੇ ਰਾਜਨੀਤੀ ਨਾਲ ਸੰਬੰਧਿਤ ਕਈ ਪ੍ਰਕਾਰ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ ਜਿਨ੍ਹਾਂ ਦੇ ਵਿੱਚ ਵਿਗਿਆਪਨ, ਵੈਬ ਸੀਰੀਜ, ਖ਼ਬਰਾਂ, ਇੰਟਰਵਿਊ ਆਦਿ। ਇਹਨਾਂ ਦੇ ਰਾਹੀਂ ਰਾਜਨੀਤੀ ਦੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕੀਤਾ ਜਾਂਦਾ ਹੈ। ਫ਼ਿਲਮ ਨਿਰਮਾਤਾ ਦਾ ਰਾਜਨੀਤੀ ਦੇ ਉੱਤੇ ਫ਼ਿਲਮਾਂ ਬਣਾਉਣ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੋਵੇਗਾ। ਵੱਡੇ ਵੱਡੇ ਸਿਆਸਤਦਾਨਾਂ ਦੇ ਜੀਵਨ ਉੱਤੇ ਬਾਇਓਪਿਕ ਬਣਾਈਆਂ ਹਨ। ਉਹਨਾਂ ਦੇ ਵਿੱਚ ਪ੍ਰਧਾਨ ਮੰਤਰੀ, ਮਹਾਂਰਾਸ਼ਟਰ ਦੇ ਮੁੱਖ ਮੰਤਰੀ ਪ੍ਰਮੁੱਖ ਹਨ। ਸਿਆਸਤਦਾਨਾਂ ਉੱਤੇ ਫਿਲਮਾਂ ਬਣਾ ਕੇ ਨਿਰਮਾਤਾ ਰਾਜਨੀਤੀ ਦੇ ਵਿੱਚ ਦਾਖਿਲ ਹੋਣਾ ਚਾਹੁੰਦੇ ਹੋਣਗੇ। ਸਿਆਸਤ ਦੇ ਵਿੱਚ ਅਜਿਹੇ ਕਲਾਕਾਰ ਵੀ ਹਨ, ਜਿਹੜੇ ਫਿਲਮਾਂ ਦੇ ਵਿੱਚ ਆਪਣਾ ਨਾਮ ਚਮਕਾ ਕੇ ਫਿਰ ਹੀ ਰਾਜਨੀਤੀ ਦੇ ਵਿੱਚ ਪ੍ਰਵੇਸ਼ ਹੋਏ ਹਨ ਅੱਜ ਦੇ ਕਲਾਕਾਰ ਸਿੱਧੇ ਰਾਜਨੇਤਾ ਦੇ ਜੀਵਨ ਉੱਤੇ ਕਿਰਦਾਰ ਨਿਭਾ ਕੇ, ਉਹਨਾਂ ਨੇਤਾਵਾਂ ਨੂੰ ਖ਼ੁਸ਼ ਕਰਕੇ ਸਿਆਸਤ ਦਾ ਹਿੱਸਾ ਬਣਨਾ ਚਾਹੁੰਦੇ ਹਨ। ਪਾਰਟੀਆਂ ਦੇ ਵੱਲੋਂ ਵੀ ਨਾਮੀ ਚਿਹਰਿਆਂ ਨੂੰ ਚੋਣਾਂ ਦੇ ਵਿੱਚ ਉਤਾਰਿਆ ਜਾਂਦਾ ਹੈ। ਇਹਨਾਂ ਦੇ ਕਾਰਨ ਵੀ ਪਾਰਟੀ ਦੇ ਵਰਕਰ ਜਾਂ ਆਗੂ ਪਾਰਟੀ ਟਿਕਟ ਮਿਲਣ ਤੋਂ ਵਾਂਝੇ ਰਹਿ ਜਾਂਦੇ ਹਨ।

ਰਾਜਨੀਤੀਵਾਨ ਚੋਣਾਂ ਤੋਂ ਪਹਿਲਾ ਤੇ ਬਾਅਦ ਵਿੱਚ ਵਿਗਿਆਪਨਾਂ ਦੇ ਰਾਹੀਂ ਆਪਣੀ ਮਸ਼ਹੂਰੀ ਕਰਦੇ ਹਨ। ਚੋਣਾਂ ਤੋਂ ਬਾਅਦ ਵਿਗਿਆਪਨ ਚਲਦੇ ਹਨ। ਪ੍ਰਧਾਨ ਮੰਤਰੀ ' ਮਨ ਕੀ ਬਾਤ 'ਰਾਹੀਂ ਦੇਸ਼ ਦੀ ਜਨਤਾ ਨੂੰ ਕੋਈ ਨਾ ਕੋਈ ਸੰਦੇਸ਼ ਦਿੰਦੇ ਹਨ। ਵੈੱਬ ਸੀਰੀਜ ਦੇ ਵਿੱਚ ਕਈ ਸੀਰੀਅਲ ਰਾਜਨੀਤੀ ਦੇ ਉੱਤੇ ਬਣਾਏ ਗਏ ਹਨ। ਆਨਲਾਈਨ ਚੈਨਲ (Netflix, Amazon Prime, Hotstar) ਆਦਿ ਉਪਰ ਮਿਲ ਜਾਣਗੇ। ਇਹਨਾਂ ਦੇ ਵਿੱਚ ਰਾਜਨੀਤੀ ਦੇ ਵੱਖੋ ਵੱਖਰੇ ਪੱਖਾਂ ਨੂੰ ਪੇਸ਼ ਕੀਤਾ ਗਿਆ।' Hotstar' 'City of Dreams' ਦੇ ਸੀਰੀਅਲ ਰਾਹੀਂ ਸਿਆਸਤ ਦੀ ਕੁਰਸੀ ਪ੍ਰਤੀ ਦੌੜ ਨੂੰ ਦਿਖਾਇਆ ਗਿਆ ਹੈ। ਸਿਆਸਤ ਨੂੰ ਪਾਉਣ ਲਈ ਆਪਣਿਆਂ ਨੂੰ ਮਾਰਨ ਤੋਂ ਪਿੱਛੇ ਨਹੀ ਹੱਟਦੇ। ਇਹਨਾਂ ਦੇ ਵਿੱਚ ਸਫ਼ਰ ਨੂੰ ਬਿਆਨ ਕੀਤਾ ਗਿਆ ਹੈ। ਸੋਸ਼ਲ ਮੀਡੀਆ ਹੀ ਨੇਤਾਵਾਂ ਨੂੰ ਲੋਕਾਂ ਦੇ ਨੇੜੇ ਤੇ ਦੂਰ ਲੈ ਕੇ ਜਾਣ ਦੀ ਤਾਕਤ ਰੱਖਦਾ ਹੈ।

**ਅ) Debut :-** ਅਜੋਕੇ ਸਮੇਂ ਦੇ ਵਿੱਚ ਟੀ.ਵੀ ਤੇ ਡਿਜੀਟਲ ਚੈਨਲ ਅਜਿਹਾ ਮਾਧਿਅਮ ਹਨ ਜਿਨਾਂ ਦੇ ਰਾਹੀਂ ਨੇਤਾ ਟੀ.ਵੀ ਉੱਤੇ ਛਾ ਸਕਦੇ ਹਨ। ਇਸ ਕਰਕੇ ਹਰ ਚੈਨਲ ਮੁੱਦਿਆਂ ਨੂੰ ਮਿਰਚ -ਮਸਾਲੇ ਲਾ ਕੇ ਪੇਸ਼ ਕਰਦਾ ਹੈ। ਕਈ ਪ੍ਰੋਗਰਾਮ ਨੇਤਾਵਾਂ ਦੇ ਨਾਲ ਲਾਈਵ ਹੀ ਕੀਤੇ ਜਾਂਦੇ ਹਨ ਤਾਂ ਜੋ ਉਹ ਜਨਤਾ ਦੇ ਸਵਾਲਾਂ ਦੇ ਜਵਾਬ ਦੇ ਸਕਣ। ਵੱਖੋ- ਵੱਖ ਪਾਰਟੀਆਂ ਦੇ ਨੇਤਾ ਇੱਕ ਚੈਨਲ ਦੇ ਮਾਧਿਅਮ ਰਾਹੀਂ ਇਕੱਠੇ ਹੁੰਦੇ ਹਨ। ਉਹ ਕਿਸੇ ਮੁੱਦੇ ਉੱਤੇ ਵਿਚਾਰ ਤੇ ਤਕਰਾਰ ਕਰਦੇ ਹਨ। ਚੈਨਲ ਦੇ ਪ੍ਰੋਗਰਾਮ ਵਿਚਾਰ ਤਕਰਾਰ ਰਾਹੀਂ ਸਿਆਸਤੀ ਮੁੱਦੇ ਹੀ ਪੇਸ਼ ਹੁੰਦੇ ਹਨ।

ਇਹਨਾਂ ਵਿਚਾਰ ਚਰਚਾ ਦੇ ਰਾਹੀਂ ਹੀ ਨੇਤਾਵਾਂ ਦੀ ਪੋਲ ਖੋਲ੍ਹੀ ਜਾਂਦੀ ਹੈ। ਬੇਸ਼ੱਕ ਮੀਡੀਆ ਚੈਨਲ ਨੇਤਾਵਾਂ ਦੇ ਅਧੀਨ ਹੈ। ਕੁਝ ਅਜਿਹੇ ਵੀ ਪ੍ਰਚਾਰਕ ਹਨ, ਜਿਹੜੇ ਬੇਬਾਕ ਹੋ ਕੇ ਨੇਤਾਵਾਂ ਦੇ ਵਿਰੁੱਧ ਬੋਲਦੇ ਹਨ। ਇਸ ਵਿੱਚ ਕੁਝ ਅਤਿਕਥਨੀ ਨਹੀ ਹੈ ਕਿ ਮੀਡੀਆ ਨੂੰ ਨੇਤਾ ਆਪਣੇ ਹਿੱਤਾਂ ਦੇ ਅਨੁਕੂਲ਼ ਵਰਤਦੇ ਹਨ। ਸਿਆਸਤ ਦੇ ਅਧੀਨ ਹੋਣ ਕਰਕੇ ਮੀਡੀਆ ਆਪਣੇ ਵਿਚਾਰ ਵੀ ਸੁਤੰਤਰ ਤੌਰ 'ਤੇ ਪ੍ਰਗਟਾਵਾ ਨਹੀ ਕਰ ਸਕਦੇ। ਇਸ ਬਾਰੇ ਅਰੁੰਧਤੀ ਰਾਏ ਦੇ ਵਿਚਾਰ ਹਨ ਕਿ "ਹਿੰਦੋਸਤਾਨ ਵਿਚ ਮੀਡੀਆ ਨੂੰ ਮੋਟੇ ਤੌਰ 'ਤੇ ਕੌਮੀ ਅੰਗਰੇਜ਼ੀ ਮੀਡੀਆ ਅਤੇ ਸਥਾਨਕ ਖੇਤਰੀ ਜ਼ਬਾਨ ਦੇ ਅਖ਼ਬਾਰਾਂ ਵਿਚ ਵੰਡਿਆ ਜਾਂਦਾ ਹੈ। ਖ਼ਾਸ ਤੌਰ 'ਤੇ,

ਅਜਿਹੀਆਂ ਸਥਾਨਕ ਘਟਨਾਵਾਂ ਬਾਰੇ ਉਨ੍ਹਾਂ ਦੀਆਂ ਸਮਝਾਂ ਪੂਰੀ ਤਰ੍ਹਾਂ ਵੱਖੋ-ਵੱਖਰੀਆਂ ਹੁੰਦੀਆਂ ਹਨ। ਸਥਾਨਕ ਗੁਜਰਾਤੀ ਪ੍ਰੈਸ ਜ਼ੋਰਦਾਰ ਰੂਪ 'ਚ ਮੁਸਲਿਮ ਵਿਰੋਧੀ ਸੀ ਇਸ ਨੇ ਘਟਨਾਵਾਂ ਨੂੰ ਆਪਣੇ ਮੁਫ਼ਾਦ ਲਈ ਇਸਤੇਮਾਲ ਕੀਤਾ ਅਤੇ ਉਥੇ ਜੋ ਹੋ ਰਿਹਾ ਸੀ ਉਸ ਦੀ ਹਮਾਇਤ ਕੀਤੀ। ਪਰ ਅੰਗਰੇਜ਼ੀ ਪ੍ਰੈਸ ਬਹੁਤ ਬੇਬਾਕੀ ਨਾਲ ਇਸ ਦੀ ਨਿਖੇਧੀ ਕਰ ਰਹੀ ਸੀ ਜੋ ਮੋਦੀ ਗੁਜਰਾਤ ਵਿਚ ਕਰ ਰਿਹਾ ਸੀ।" *(ਜਮਹੂਰੀਅਤ ਕਟਹਿਰੇ ਵਿਚ 90)*

ਉਹਨਾਂ ਮੁੱਦਿਆਂ ਉੱਤੇ ਰਾਜਨੀਤੀ ਵੀ ਕੀਤੀ ਜਾਂਦੀ ਹੈ, ਜਿਸ ਦਾ ਰਾਜਨੀਤੀ ਦੇ ਨਾਲ ਕੋਈ ਸੰਬੰਧ ਨਾ ਹੋਵੇ। ਕੁਝ ਨੇਤਾਵਾਂ ਦੇ (Single/ Unmarried) ਹੋਣ 'ਤੇ ਚਰਚਾ ਹੁੰਦੀਆਂ ਹਨ। ਇਸ ਤਰ੍ਹਾਂ ਦੀਆਂ ਚਰਚਾਵਾਂ ਰਾਜਨੀਤੀ ਦੇ ਵਤੀਰੇ ਦੇ ਬਿਲਕੁਲ ਉਲਟ ਹਨ। ਨੇਤਾ ਲੋਕਾਂ ਦਾ ਧਿਆਨ ਬੇਫਜ਼ੂਲ ਮੁੱਦਿਆਂ ਉੱਤੇ ਲੇ ਕੇ ਜਾਂਦੇ ਹਨ ਕਿ ਲੋਕਾਂ ਦਾ ਧਿਆਨ ਮੁੱਖ ਮੁੱਦਿਆਂ ਉੱਤੇ ਨਾ ਪੁੱਜ ਜਾਵੇ।

**ੲ) ਬਰੈਂਡ** : ਜਦੋਂ ਨਾਮ ਬਰੈਂਡ ਦਾ ਆਵੇ ਤਾਂ ਮਨ ਵਿੱਚ ਕੱਪੜਿਆਂ ਦੇ ਬਰੈਂਡ, ਟੂਥਪੇਸਟ ਦੇ ਬਰੈਂਡ ਮਨ ਵਿੱਚ ਆਉਂਦੇ ਹਨ। ਰਾਜਨੀਤੀਵਾਨਾਂ ਦੇ ਦੁਆਰਾ ਆਪਣੀ ਵੱਖਰੀ ਪਹਿਚਾਣ ਦੇ ਲਈ ਇੱਕ ਬਰੈਂਡ ਨੂੰ ਨਿਸ਼ਚਿਤ ਕੀਤਾ ਗਿਆ ਹੈ। ਰਾਜਨੇਤਾ ਸੋਚਦੇ ਹਨ ਕਿ ਲੋਕਾਂ ਦਾ ਵਧੀਆਂ ਨੇਤਾ ਬਣਨ ਲਈ ਬਾਹਰੀ ਦਿਖਾਵਾ ਜ਼ਰੂਰੀ ਹੈ। ਜਿਸ ਨਾਲ ਉਹ ਲੋਕਾਂ ਦੇ ਵਿੱਚ ਪ੍ਰਤਿਭਾਸ਼ਾਲੀ ਨੇਤਾ ਬਣ ਸਕਦੇ ਹਨ। ਰਾਜਨੇਤਾਵਾਂ ਦਾ ਨਿੱਜੀ ਬਰੈਂਡ ਹੀ ਲੋਕਾਂ ਦੇ ਵਿੱਚ ਆਕਰਸ਼ਣ ਦਾ ਕਾਰਨ ਬਣ ਸਕਦਾ ਹੈ। ਰਾਜਨੀਤੀ ਦੇ ਵਿੱਚ ਰਣਨੀਤੀ ਹੀ ਨੇਤਾਵਾਂ ਨੂੰ ਸਥਾਪਿਤ ਕਰ ਸਕਦੀ ਹੈ ਜੋ ਉਹਨਾਂ ਨੂੰ ਸਮਾਜ ਦੇ ਵਿੱਚ ਵੱਖਰੇ ਗਰੁੱਪ ਦੇ ਵਜੋਂ ਪਛਾਣ ਬਣਾਉਂਦੀ ਹੈ ਜਿਵੇਂ ਕਿ ਪੰਜਾਬ ਵਿੱਚ ਕੁਝ ਦਲ ਦਾ ਚਿੱਟਾ ਕੁੜਤਾ ਪਜਾਮਾ ਤੇ ਨੀਲੀ ਪੱਗ ਪਛਾਣ ਚਿੰਨ੍ਹ ਸੀ। ਇਸ ਪਹਿਰਾਵੇ ਤੋਂ ਵੱਖਰੇ ਹੀ ਦਲ ਵਜੋਂ ਪਛਾਣੇ ਜਾਂਦੇ ਸਨ। ਪਾਰਟੀਆਂ ਦੇ ਲਈ ਕਿਸੇ ਨਿੱਜੀ ਬਰੈਂਡ ਨੂੰ ਵਿਕਸਿਤ ਕਰਨਾ ਜ਼ਰੂਰੀ ਹੁੰਦਾ ਹੈ, ਜਿਸ ਨਾਲ ਲੋਕਾਂ ਦੇ ਵਿੱਚ ਭਾਵਨਾਤਮਿਕ ਸਾਂਝ ਪਾ ਸਕਦੇ ਹਨ। ਨੇਤਾ ਦਾ ਆਪਣੇ ਆਪ ਨੂੰ ਲੋਕਾਂ ਦੇ ਵਿੱਚ ਮਸ਼ਹੂਰ ਕਰਨਾ ਅਤਿ ਜ਼ਰੂਰੀ ਹੁੰਦਾ ਹੈ ਜਿਸ ਨਾਲ ਲੋਕਾਂ ਦਾ ਭਰੋਸਾ ਜਿੱਤ ਕੇ, ਵੱਖਰੀ ਪਹਿਚਾਣ ਬਣਾਈ ਜਾ ਸਕਦੀ ਹੈ। ਨੇਤਾਵਾਂ ਦੇ ਲਈ ਬਰੈਂਡ ਪਹਿਚਾਣ ਨਾਲ

ਸੰਬੰਧਿਤ ਹੈ। ਆਮ ਲੋਕਾਂ ਨੂੰ ਰਾਜਨੀਤਿਕ ਪਾਰਟੀਆਂ ਦੇ ਉਮਦੀਵਾਰ ਦੀ ਜਾਣਕਾਰੀ ਹੋਣ ਤੇ ਆਪਣੇ ਮਤ ਦਾ ਇਸਤੇਮਾਲ ਕਰਦਾ ਹੈ। ਵਰਤਮਾਨ ਸਮੇਂ ਦੇ ਵਿੱਚ ਹਰ ਇੱਕ ਨਾਗਿਰਕ ਆਪਣੇ ਹੱਕਾਂ ਦੇ ਪ੍ਰਤੀ ਜਾਗਰੂਕ ਹੈ,ਇਸੇ ਤਰ੍ਹਾਂ ਹੀ ਵੋਟਰ ਆਪਣੀ ਪਸੰਦ ਪਾਰਟੀ ਜਾਂ ਸ਼ਾਸ਼ਕ ਕਰਤਾ ਦੇ ਪੂਰਨ ਗਿਆਨ ਰੱਖਦਾ ਹੈ। ਰਾਜਨੀਤਕ ਪਾਰਟੀਆਂ ਦੇ ਵਿੱਚ ਅਵਿਸ਼ਵਾਸ਼ ਕਾਰਨ ਉਹਨਾਂ ਦੇ ਰਾਜਨੀਤਿਕ ਬਰੈਂਡ ਬਾਰੇ ਬਹੁਤ ਘੱਟ ਜਾਣਕਾਰੀ ਹਾਸਿਲ ਕਰਦਾ ਹੈ। “Brand image is composed of the network of Assocations that the brand has in the mind of the consumer. Brand image along with brand awareness make up the basis of customer –based equity.” *(Political Branding in India. www.researchgate.com)*

ਭਾਰਤ ਦੇ ਵਿੱਚ ਰਾਜਨੀਤਿਕ ਬਰੈਂਡ ਦੀ ਮਹੱਤਤਾ ਕੁਝ ਕੁ ਸਾਲਾਂ ਦੇ ਵਿੱਚ ਵਧੀ ਹੈ। ਜਦੋਂ ਪ੍ਰਧਾਨ ਮੰਤਰੀ ਨੇ ਵੱਖਰਾ ਬਰੈਂਡ ਬਣਾ ਕੇ ਆਪਣੀਆਂ ਸਿਆਸੀ ਪਾਰਟੀਆਂ ਨੂੰ ਅਪਣਾਇਆ ਸੀ ਜਿਵੇਂ ਕਿ ਪ੍ਰਧਾਨ ਮੰਤਰੀ ਪੰਜਾਬ ਦੇ ਵਿੱਚ ਆਇਆ ਤਾਂ ਇੱਕ ਸਰਦਾਰ ਦਾ ਰੂਪ ਧਾਰ ਲਿਆ ਤੇ ਦੇਸ਼ ਦੇ ਦੂਜੇ ਰਾਜਾਂ ਦੇ ਵਿੱਚ ਜਾ ਕੇ ਉੱਥੋਂ ਦੇ ਪਹਿਰਾਵੇ ਨੂੰ ਅਪਣਾ ਲਿਆ। ਸੋ ਬਹੁਤ ਨੇਤਾਵਾਂ ਨੇ ਲੋਕਾਂ ਦੇ ਵਿੱਚ ਆਪਣੇਪਣ ਦਾ ਅਹਿਸਾਸ ਕਰਵਾਇਆ ਕਿ ਉਹ ਆਮ ਜਨਤਾ ਦਾ ਹੀ ਇੱਕ ਅੰਗ ਹਨ। ਚੋਣਾਂ ਦੀ ਜਿੱਤ ਤੋਂ ਬਾਅਦ ਨੇਤਾ ਆਪਣੇ ਆਪ ਵਿੱਚ ਹੀ ਇੱਕ ਬਰੈਂਡ ਬਣ ਜਾਂਦੇ ਹਨ। ਉਹਨਾਂ ਨੇਤਾਵਾਂ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਉਹਨਾਂ ਦੇ ਸ਼ਹਿਰ ਵੀ ਮਸ਼ਹੂਰ ਹੋ ਜਾਂਦੇ ਹਨ। “ਪੱਛਮੀ ਦੇਸ਼ਾਂ ਦੇ ਵਿੱਚ ਪਾਰਟੀਆਂ ਬਰੈਂਡ ਦੇ ਵੱਲ 20 ਵੀਂ ਸਦੀ ਵਿੱਚ ਮੁੜੀਆਂ ਅਤੇ ਪਾਰਟੀ ਤੇ ਵੋਟਰ, ਪਾਰਟੀ ਦੀ ਬਣਤਰ ਵਿੱਚ ਕੁਝ ਮਹੱਤਵਪੂਰਨ ਤਬਦੀਲੀਆਂ ਵਾਪਰੀਆਂ ਸਨ।” (*Loran Downe. Political Branding Strategies: Campaigning and Governing in Australian Politics* 7)

ਵਿਸ਼ਵੀਕਰਨ ਦੇ ਦੌਰ ਦੇ ਵਿੱਚ ਪਾਰਟੀ ਤੇ ਵੋਟਰ ਦਾ ਪੁਰਾਤਨ ਸੰਪਰਕ ਟੁਟ ਗਿਆ। ਵੋਟਰ ਨੇ ਆਪਣੀ ਮਰਜ਼ੀ ਮੁਤਾਬਕ ਨਵੀਂ ਚੋਣ ਦਾ ਰਸਤਾ ਲੱਭ ਲਿਆ ਹੈ। ਵੋਟਰਾਂ ਦੇ ਜਾਗਰੂਕ ਹੋ ਜਾਣ ਨਾਲ ਪਾਰਟੀ ਦੇ ਵਿਚਾਰਾਂ ਤੋਂ ਲੈ ਕੇ ਪਾਰਟੀ ਦੀ ਬਣਤਰ ਤੱਕ ਨੂੰ ਘੋਖਦੇ ਹਨ। ਪਾਰਟੀਆਂ ਵੀ ਮਾਰਕੀਟਿੰਗ

ਬਣਤਰ ਦੇ ਵਿੱਚ ਆਪਣੇ ਆਪ ਨੂੰ ਬਦਲ ਰਹੀਆਂ ਹਨ ਤਾਂ ਜੋ ਉਹ ਆਪਣੇ ਉਦੇਸ਼ਾਂ ਨੂੰ ਪਾ ਸਕਣ। ਪਾਰਟੀਆਂ ਆਪਣੇ ਵਿਹਾਰ, ਰੁਚੀਆਂ, ਨੀਤੀਆਂ ਤੇ ਨੇਤਾਵਾਂ ਨੂੰ ਬਦਲਦੇ ਰਹਿੰਦੇ ਹਨ। ਵਪਾਰ ਦੀ ਤਰ੍ਹਾਂ ਪਾਰਟੀਆਂ ਵੀ ਮਾਰਕੀਟ ਕੇਂਦਰ ਬਣ ਗਈਆਂ ਹਨ। ਪਾਰਟੀਆਂ ਮਾਰਕੀਟ ਨੂੰ ਕੇਦਰ ਦੇ ਵਿੱਚ ਰੱਖ ਕੇ ਚਲਦੀਆਂ ਨਾ ਕਿ ਕਿਸੇ ਵਸਤੂ। "Branding has become increasingly important in marketing in politics as it had in commerce. There were some similar reasons in politics." *(Loran Downer. Political Branding Strategies: Campaigning and Governing in Australian Politics 9)*

ਰਾਜਨੀਤਿਕ ਪਾਰਟੀਆਂ ਵੀ ਮਾਰਕੀਟਿੰਗ ਦੀ ਤਰ੍ਹਾਂ ਆਪਣੀਆਂ ਨੀਤੀਆਂ ਨੂੰ ਤਿਆਰ ਕਰਦੀਆਂ ਹਨ। ਪਾਰਟੀਆਂ ਆਪਣੀ ਰਣਨੀਤੀਆਂ ਨੂੰ ਤਿੰਨ ਭਾਗਾਂ ਦੇ ਵਿੱਚ ਵੰਡਦੀਆਂ ਹਨ ਜਿਵੇਂ ਕਿ (Segamentation) ਵਿਭਾਜਨ, (Targeting) ਨਿਸ਼ਾਨਾ, ਸਥਿਤੀ (Positioning) ਆਦਿ। ੳ) ਪਾਰਟੀਆਂ ਆਪਣੀ ਰਣਨੀਤੀ ਨੂੰ ਵੱਖੋ-ਵੱਖਰੇ ਭਾਗਾਂ ਦੇ ਵਿੱਚ ਵੰਡ ਲੈਂਦੀਆਂ ਹਨ ਜਿਵੇਂ ਕਿ ਭਾਸ਼ਾ ਦੇ ਆਧਾਰ ਤੇ ਰਾਜ ਨੂੰ ਵੰਡ ਲਿਆ, ਅਮੀਰ-ਗਰੀਬ ਆਦਿ। ਅ) ਪਾਰਟੀਆਂ ਬਿਜਨਸਮੈਨ ਨਾਲ ਸੰਬੰਧ, ਫੇਸਬੁੱਕ, ਯੂ-ਟਿਊਬ, ਆਦਿ ਦੇ ਵਿੱਚ ਵੰਡ ਲਿਆ ਜਾਂਦਾ ਹੈ। ੲ) ਅਖ਼ਬਾਰਾਂ ਤੇ ਨਿਊਜ਼ ਚੈਨਲ ਦੇ ਰਾਹੀਂ ਪਾਰਟੀ ਦੇ ਸਥਿਤੀ ਦੇ ਬਾਰੇ ਜਾਣਕਾਰੀ ਮਿਲਦੀ ਹੈ ਕਿ ਪਾਰਟੀ ਦੇਸ਼ ਦੇ ਵਿੱਚ ਕਿੰਨੇ ਨੰਬਰ ਤੇ ਚਲ ਰਹੀ ਹੈ। ਰਾਜਨੀਤਿਕ ਪਾਰਟੀਆਂ ਵੀ ਕੰਪਨੀਆਂ ਦੀ ਤਰ੍ਹਾਂ ਚਲ ਰਹੀਆਂ ਹਨ ਜਿਵੇਂ ਆਪਣੀ ਕੰਪਨੀ ਦਾ ਵਪਾਰ ਚਲਾਉਂਦੀਆਂ ਹਨ।

ਕੰਪਨੀਆਂ ਵੀ ਆਪਣੇ ਬਰੈਂਡ ਦੇ ਲਈ ਇੱਕ ਚਿਹਰਾ ਚੁਣਦੀਆਂ ਹਨ ਉਸੇ ਤਰ੍ਹਾਂ ਰਾਜਨੀਤਕ ਪਾਰਟੀਆਂ ਵੀ ਇਕ ਵਿਸ਼ੇਸ਼ ਚਿਹਰਾ ਚੁਣਦੀਆਂ ਹਨ ਜਿਵੇਂ ਕਿ ਬਰੈਂਡ ਨੂੰ ਆਪਣੀ ਵਸਤੂ ਨੂੰ ਵੇਚਣ ਦੇ ਲਈ ਚਿਹਰਾ ਜ਼ਰੂਰੀ ਹੁੰਦਾ ਹੈ। ਬਰੈਂਡ ਅੰਬੈਸਟਰ ਹੀ ਕੰਪਨੀ ਦੀਆਂ ਵਸਤੂਆਂ ਨੂੰ ਵੇਚਣ ਲਈ ਥਾਂ ਥਾਂ ਤੇ ਮਸ਼ਹੂਰੀ ਕਰਦਾ ਹੈ। ਉਸੇ ਤਰ੍ਹਾਂ ਵੱਡੀਆਂ ਰਾਜਨੀਤਿਕ ਪਾਰਟੀਆਂ ਦੇ ਆਪਣੇ ਬਰੈਂਡ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ ਸੱਤਾਧਾਰੀ ਆਪਣੇ ਆਪ ਵਿੱਚ ਹੀ ਇੱਕ ਬਰੈਂਡ ਹੈ ਅਤੇ ਪ੍ਰਧਾਨ ਮੰਤਰੀ ਇਸਦੇ

ਬਰੈਂਡ ਫੇਸ ਹਨ। ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ ਤੇ ਦੂਸਰੀ ਵਾਰੀ ਲੋਕ ਸਭਾ ਚੋਣਾਂ ਦੇ ਵਿੱਚ ਫਿਰ ਤੋਂ ਪ੍ਰਧਾਨ ਮੰਤਰੀ ਦੇ ਤੌਰ ਤੇ ਚੁਣਿਆ ਹੈ। ਇਵੇਂ ਪੰਜਾਬ ਦੇ ਵਿੱਚ ਸੱਤਾਧਾਰੀ ਪਾਰਟੀ ਦੇ ਬਰੈਂਡ ਫੇਸ ਹਨ।





**Figure 4.7 : ਸੱਤਾ ਦੇ ਲਈ ਹਰ ਮਾਧਿਅਮ ਦੀ ਵਰਤੋਂ**

ਪਹਿਲਾਂ ਨੇਤਾਵਾਂ ਦੇ ਚਿਹਰੇ ਦੇਖ ਕੇ ਵੋਟ ਪਾਈ ਜਾਂਦੀ ਸੀ। ਬਰੈਂਡ ਚਿਹਰਿਆਂ ਦੀ ਮਹੱਤਤਾ ਇਸ ਕਰਕੇ ਵੀ ਵੱਧ ਗਈ ਹੈ, ਕਿਉਂਕਿ ਨੇਤਾਵਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਹੈ। ਲੋਕਾਂ ਦਾ ਉਹਨਾਂ ਨੂੰ ਪਹਿਚਾਨਣਾ ਤੇ ਵੋਟ ਪਾਉਣਾ ਔਖਾ ਹੋ ਜਾਂਦਾ ਹੈ।

**ਸ)** **ਟਰੈਂਡ**: ਰਾਜਨੀਤੀਵਾਨ ਦੇ ਦੁਆਰਾ ਇੱਕ trend ਸਥਾਪਿਤ ਕੀਤਾ ਗਿਆ ਹੈ ਜਿਸ ਦਾ ਲੋਕ ਅਨੁਸਰਣ ਕਰਦੇ ਹਨ। ਟਰੈਂਡ ਤੋਂ ਭਾਵ ਹੈ ਕਿ ਕੋਈ ਲਾਈਨ ਜਾਂ ਫੈਸ਼ਨ ਮਾਰਕੀਟ ਦੇ ਵਿੱਚ ਉਤਾਰਿਆ ਜਾਂਦਾ ਹੈ। ਉਸ ਟਰੈਂਡ ਨੂੰ ਸੋਸ਼ਲ ਮੀਡੀਆ ਦੀ ਮਦਦ ਨਾਲ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ ਜਿਵੇਂ ਕਿ ਭਾਰਤ ਦੇ ਵਿੱਚ ਕੁਝ ਸਮੇਂ ਤੱਕ ਟਿਕ ਟਾਕ ਬਹੁਤ ਮਸ਼ਹੂਰ ਰਿਹਾ ਹੈ। ਭਾਰਤ ਦੀ ਲਗਭਗ ਸਾਰੀ ਹੀ ਜਨਤਾ, ਇਸ ਨੂੰ ਵਰਤਦੀ ਸੀ ਪਰ ਰਾਜਨੀਤਿਕ ਕਾਰਨਾਂ ਕਰਕੇ ਬੰਦ ਕਰ ਦਿੱਤਾ ਗਿਆ ਸੀ।

ਟਰੈਂਡ ਲੋਕਾਂ ਦੇ ਵਿੱਚ ਪ੍ਰਚਲਿਤ ਕਰਨ ਲਈ ਨਵੀਂ ਤੋਂ ਨਵੀਂ ਸੋਚ ਨੂੰ ਸਾਰਥਿਕ ਕਰਨਾ ਪੈਂਦਾ ਹੈ ਤਾਂ ਜੋ ਲੋਕ ਹਰ ਹਾਲ ਵਿੱਚ ਟਰੈਂਡ ਦਾ ਅਨੁਸਰਣ ਕਰਨ। ਸਰਕਾਰ ਲੋਕਾਂ ਦੇ ਵਿੱਚ ਆਪਣੇ ਆਪ ਨੂੰ ਟਰੈਂਡ ਵਿੱਚ ਰੱਖਣ ਲਈ ਕੋਈ ਨਾ ਕੋਈ ਨਵਾਂ ਕਾਰਜ ਕਰਦੀ ਰਹਿੰਦੀ ਹੈ। ਕ੍ਰਿਕਟ ਦੇ ਨਾਲ ਮਿਲਦਾ ਜੁਲਦਾ ਇੱਕ ਫੇਸਬੁੱਕ ਪੇਜ ਬਣਾਇਆ ਹੈ। ਕ੍ਰਿਕਟ ਦਾ ਪੇਜ 'dream 11'' ਨਾਂ ਦਾ ਹੈ ਜਿਸ ਨੂੰ ਕ੍ਰਿਕਟ ਖਿਡਾਰੀ ਮਹਿੰਦਰ ਸਿੰਘ ਧੋਨੀ ਦੇ ਦੁਆਰਾ ਚਲਾਇਆ ਜਾਂਦਾ ਹੈ। ਮਹਿੰਦਰ ਸਿੰਘ ਧੋਨੀ ਆਈ.ਪੀ ਐਲ ਦੀਆਂ ਟੀਮਾਂ ਨੂੰ ਸਪਾਂਉਸਰ ਕਰਦੇ ਹਨ। ਧੋਨੀ ਦੇ ਪੇਜ ਦੀ ਤਰ੍ਹਾਂ ਹੀ ਕੇਂਦਰ ਸਰਕਾਰ ਨੇ ਵੀ ਆਪਣਾ ਪੇਜ ਬਣਾਇਆ ਹੈ। ਜਿਸ ਉੱਤੇ ਫੋਟੋ ਲਗਾਈ ਗਈ ਹੈ, ਉਸ ਦੇ ਵਿੱਚ ਲਿਖਿਆ ਹੈ ਕਿ ਇੱਕ ਤੇ ਇੱਕ ਮਿਲ ਕੇ ਗਿਆਰਾ ਬਣਦੇ ਹਨ ਤੇ ਆਪਣੀ ਇੱਕ ਟੀਮ ਬਣਾਉਣਾ। ਇਸ ਪੇਜ ਤੇ ਵੱਖੋ-ਵੱਖਰੇ ਸੰਦੇਸ਼ ਜਾਰੀ ਕੀਤੇ ਜਾਂਦੇ ਹਨ। ਇਸ ਪੇਜ ਤੇ ਦੇਸ਼ ਦੇ ਪ੍ਰਧਾਨ ਮੰਤਰੀ ਲਾਈਵ ਆ ਕੇ ਲੋਕਾਂ ਨਾਲ ਵਿਚਾਰ ਸਾਂਝਾ ਕਰਦੇ ਹਨ।

ਹ) **ਕਿਸਾਨ ਅੰਦੋਲਨ ਅਤੇ ਸੋਸ਼ਲ ਮੀਡੀਆ -** ਕਿਸਾਨ ਅੰਦੋਲਨ ਦੇ ਸ਼ੁਰੂਆਤ ਤੋਂ ਹੀ ਸੋਸ਼ਲ ਮੀਡੀਆ ਦਾ ਹੀ ਸਾਥ ਰਿਹਾ ਹੈ। ਸੋਸ਼ਲ ਮੀਡੀਆ ਦੇ ਉੱਤੇ ਕਿਸਾਨ ਅੰਦੋਲਨ ਸੰਬੰਧੀ ਹਾਂ- ਪੱਖੀ ਅਤੇ ਨਾਂ ਪੱਖੀ ਵਿਚਾਰਾਂ ਦਾ ਸਮਰਥਨ ਮਿਲਿਆ ਹੈ। ਟੀਵੀਟਰ, ਫੇਸਬੁੱਕ ਉੱਤੇ ਵਿਚਾਰਾਂ ਦੀ ਲੜੀ ਸ਼ੁਰੂ ਹੁੰਦੀ ਹੈ। ਇਸ ਅੰਦੋਲਨ ਨੂੰ ਸਫਲ ਬਣਾਉਣ ਦੇ ਵਿੱਚ ਕੁਝ ਹੱਦ ਤੱਕ ਯੋਗਦਾਨ ਸੋਸ਼ਲ ਮੀਡੀਆ ਦਾ ਹੀ ਹੈ। ਸੋਸ਼ਲ ਮੀਡੀਆ ਉੱਤੇ ਪਲ ਪਲ ਦੀ ਖ਼ਬਰ ਸਾਂਝੀ ਕੀਤੀ ਜਾਂਦੀ ਹੈ। ਇਸ ਅੰਦੋਲਨ ਦੇ ਵਿੱਚ ਸਰਕਾਰਾਂ ਅਤੇ ਕੁਝ ਕਾਰੋਬਾਰੀਆਂ ਦਾ ਵਿਰੋਧ ਹੋ ਰਿਹਾ ਹੈ। ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੇ ਲਈ ਬਹੁਤ ਕੋਸ਼ਿਸ਼ਾਂ ਕੀਤੀਆ । ਜਿਨ੍ਹਾਂ ਦੇ ਵਿੱਚ ਟੀ.ਵੀ.ਚੈਨਲ ਵਿਸ਼ੇਸ਼ ਹਨ ਜਿਨ੍ਹਾਂ ਨੇ ਕਿਸਾਨਾਂ ਨੂੰ ਦੇਸ਼ ਵਿਰੋਧੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਮੀਡੀਆ ਨੂੰ ਦੇਸ਼ ਦੀ ਤਾਕਤ ਵੀ ਕਹਿ ਸਕਦੇ ਹਾਂ, ਇਹ ਹਰ ਪ੍ਰਕਾਰ ਦੀ ਖ਼ਬਰ ਦੇ ਲਈ ਦੇਸ਼ ਦੇ ਕੋਨੇ ਕੋਨੇ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਨੇ ਕਿਸਾਨਾਂ ਦੇ ਦਰਦ ਨੂੰ ਨਾ ਸਮਝਦਿਆਂ ਹੋਇਆਂ, ਕਿਸਾਨ ਨੂੰ ਅੱਤਵਾਦੀ ਜਾਂ ਹੋਰ ਲਫ਼ਜ਼ਾ ਦੇ ਨਾਲ ਸੰਬੋਧਨ ਕੀਤਾ ਜਿਸ ਦੇ ਸਿੱਟੇ ਵਜੋਂ ਕਿਸਾਨਾਂ ਦੇ ਵੱਲੋਂ ਵੀ ਮੀਡੀਆ ਨੂੰ ਨਕਾਰਿਆ ਗਿਆ। ਉਹਨਾਂ ਨੇ ਮੀਡੀਆਂ (ਟੀ.ਵੀ ਚੈਨਲਾਂ) ਤੋਂ ਆਪਣਾ ਮੂੰਹ ਮੋੜਿਆ। ਕਿਸਾਨਾਂ ਨੇ ਵੀ ਲੋਕਾਂ ਤੱਕ ਅਵਾਜ਼ ਪਹੁੰਚਾਉਣ ਦੇ ਲਈ ਯੂ-ਟਿਊਬ, ਫੇਸਬੁੱਕ, ਟੀਵੀਟਰ

ਆਦਿ ਉੱਤੇ ਆਪਣੇ ਪੇਜ ਬਣਾਏ ਜਿਨ੍ਹਾਂ ਉੱਤੇ ਕਿਸਾਨ ਆਪਣੇ ਵਿਚਾਰਾਂ ਨੂੰ ਲੋਕਾਂ ਨਾਲ ਸਾਂਝਾ ਕਰਦੇ। ਸਰਕਾਰਾਂ ਵੀ ਆਪਣੀ ਗੱਲ ਪਗਾਉਣ ਦੇ ਲਈ ਹਰ ਹੱਦ ਪਾਰ ਕਰ ਰਹੀ ਹੈ। ਕਿਸਾਨਾਂ ਦੇ ਫੇਸਬੁੱਕ ਅਤੇ ਟੀਵੀਟਰ ਦੇ ਪੇਜ ਬੰਦ ਕਰ ਦਿੱਤੇ ਗਏ।

ਇਸੇ ਸੰਬੰਧੀ ਪ੍ਰੋ. ਕੁਲਬੀਰ ਸਿੰਘ ਦੀ ਧਾਰਨਾ ਹੈ ਕਿ

> ਫੇਸਬੁੱਕ ਪੇਜ ਬੰਦ ਕਰਨ ਦਾ ਲੋਕਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ। ਤਿੰਨ ਚਾਰ ਘੰਟੇ ਬਾਅਦ ਮੁੜ ਸ਼ੁਰੂ ਕਰ ਦਿੱਤਾ। ਦਰਅਸਲ ਕਿਸਾਨ ਅੰਦਲੋਨ ਦੇ ਆਰੰਭ ਤੋਂ ਅੱਜ ਤੱਕ ਦੀ ਵਿਉਂਤਬੰਦੀ ਅਤੇ ਚਰਚਾ ਪਿੱਛੇ ਸੋਸ਼ਲ ਮੀਡੀਆ ਦਾ ਵੱਡਾ ਹੱਥ ਹੈ। ਅੰਦਲੋਨ ਦਾ ਅਕਸ ਵਿਗਾੜਨ ਵਿਚ ਲੱਗੇ ਮੀਡੀਆ ਨੂੰ ਸਿੱਧੇ ਤੌਰ ’ਤੇ ਫ਼ੀਲਡ ਵਿੱਚ ਜਵਾਬ ਦੇਣ ਦੇ ਨਾਲ-ਨਾਲ ਲੱਖਾਂ ਲੋਕਾਂ ਸੋਸ਼ਲ ਮੀਡੀਆ ਰਾਹੀਂ ਵਿਰੋਧ ਕਰ ਰਹੇ ਹਨ ਅਤੇ ਉਨਾਂ ਦਾ ਅਸਲ ਮਨੋਰਥ ਸਾਹਮਣੇ ਰੱਖਣ ਨਾਲ ਤੱਤ ਫੱਟ ਪੂਰੀ ਦੁਨੀਆ ਤੱਕ ਪਹੁੰਚ ਜਾਂਦੀ ਹੈ। ਸਰਕਾਰ ਵਾਂਗ ਕਿਸਾਨ ਜਥੇਬੰਦੀਆਂ ਨੇ ਵੀ ਆਪਣਾ ਆਈ. ਟੀ . ਸੈੱਲ ਕਾਇਮ ਕਰ ਲਿਆ ਹੈ ਅਤੇ ਸਰਕਾਰ ਦੇ ਆਈ. ਟੀ. ਸੈੱਲ ਦੀ ਹਰੇਕ ਚਾਲ ਤੇ ਚੁਸਤੀ ਦਾ ਤਰੁੰਤ ਜਵਾਬ ਦਿੱਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਸਰਕਾਰ ਹੁਣ ਤੱਕ ਕਿਸਾਨ ਅੰਦੋਲਨ ਨੂੰ ਲੀਹ ਤੋਂ ਲਾਹੁਣ ਵਿੱਚ ਕਾਮਯਾਬ ਨਹੀਂ ਹੋ ਸਕੀ।

*(ਕੂਕ ਪੰਜਾਬੀ ਸਮਾਚਾਰ)*

ਕਿਸਾਨਾਂ ਦੇ ਫੇਸਬੁੱਕ ਪੇਜ ਉੱਤੇ ਲੱਖਾਂ ਲੋਕ ਫਾਲੋਅਰਜ਼ ਹਨ। ਇਸ ਦੇ ਨਾਲ ਅਣਗਿਣਤ ਲੋਕ ਹੀ ਧਰਨੇ ਦੇ ਵਿੱਚ ਸ਼ਾਮਿਲ ਹਨ। ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀਆ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆ ਹਨ। ਕਿਸਾਨ ਜਥੇਬੰਦੀਆ ਫੇਸਬੁੱਕ, ਟੀਵੀਟਰ ਉੱਤੇ ਲਾਈਵ ਜਾ ਕੇ ਮੌਜੂਦਾ ਸਥਿਤੀ ਦੱਸਦੀਆ ਹਨ ਤਾਂ ਜੋ ਘਰੇ ਬੈਠੇ ਲੋਕ ਆਪਣੇ ਪਰਿਵਾਰਾਂ ਦੀ ਚਿੰਤਾਂ ਤੋਂ ਮੁਕਤ ਹੋ ਸਕਣ। “ਟਰੈਕਟਰ ਟੂ ਟੀਵੀਟਰ, ਅਤੇ ਸਟਰੀਟਸ ਟੂ ਸੋਸ਼ਲ ਮੀਡੀਆ “ਪੂਰੀ ਦੁਨੀਆ ਦੇ ਲੋਕਾਂ ਦਾ ਧਿਆਨ ਖਿੱਚਿਆ। ਇਹਨਾਂ

ਨੇ ਕਿਸਾਨ ਅੰਦੋਲਨ ਨੂੰ ਨਵਾਂ ਮੋੜ ਦਿੱਤਾ। ਇਹਨਾਂ ਉੱਤੇ ਵਿਚਾਰ ਦੇਣ ਸਮੇਂ ਪੰਜਾਬੀ ਜਾਂ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ, ਫਿਰ ਉਹਨਾਂ ਨੇ ਹਿੰਦੀ ਭਾਸ਼ਾ ਦੇ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। ਪੂਰਾ ਦੇਸ਼ ਕਿਸਾਨ ਅੰਦੋਲਨ ਦੇ ਮਕਸਦ ਨੂੰ ਸਮਝ ਸਕੇ। ਇਸ ਅੰਦਲੋਨ ਸੰਬੰਧੀ ਲੋਕ ਸੋਸ਼ਲ ਮੀਡੀਆ ਦੇ ਰਾਹੀਂ ਜਾਣਕਾਰੀ ਹਾਸਿਲ ਕਰਨ ਦੀ ਤਰਜੀਹ ਦੇ ਰਹੇ ਹਨ।

ਭਾਰਤ ਦੇ ਮਹਾਨ ਕਲਾਕਾਰਾਂ ਨੇ ਕਿਸਾਨ ਅੰਦੋਲਨ ਦੇ ਖਿਲਾਫ਼ ਬੋਲਿਆ । ਉਹਨਾਂ ਦੇ ਵੱਲੋਂ ਦੋਗਲੀ ਨੀਤੀ ਦੇ ਰਾਹੀਂ ਜਵਾਬ ਦਿੱਤੇ ਗਏ। ਮਹਾਨ ਕਲਾਕਾਰਾਂ ਸ਼ਰੇਆਮ ਕਿਸਾਨਾਂ ਦੇ ਖਿਲਾਫ਼ ਬੋਲਿਆ, ਜਿਸ ਨੇ ਕਿਸਾਨਾਂ ਨੂੰ ਅੱਤਵਾਦੀ ਅਤੇ ਬਜ਼ੁਰਗ ਮਾਤਾਵਾਂ ਨੂੰ ਸੌ-ਸੌ ਰੁਪਏ ਦੇ ਵਿੱਚ ਕਿਰਾਏ ਉੱਤੇ ਲਿਆਂਦੀਆਂ ਤੱਕ ਕਹਿ ਦਿੱਤਾ ਸੀ। ਉਹਨਾਂ ਉੱਤੇ ਅਪਮਾਨਜਨਕ ਸ਼ਬਦਵਾਲੀ ਵਰਤੋਂ ਕਰਨ ਕਾਰਨ ਕੇਸ ਵੀ ਕੀਤਾ ਗਿਆ ਹੈ। ਢਾਈ ਮਹੀਨੇ ਤੱਕ ਕਿਸਾਨ ਠਰਦੀਆਂ ਸੜਕਾਂ ਉੱਤੇ ਬੈਠੇ ਰਹੇ, ਉਦੋਂ ਤੱਕ ਬਾਲੀਵੁੱਡ ਦਾ ਕੋਈ ਵੀ ਅਦਾਕਾਰ ਕਿਸਾਨਾਂ ਦੇ ਹੱਕ ਵਿੱਚ ਨਹੀਂ ਆਇਆ। ਚੁੱਪ ਧਾਰ ਕੇ ਤਮਾਸ਼ਾ ਦੇਖਦਾ ਰਿਹਾ।

ਇਸ ਸੰਬੰਧੀ ਪ੍ਰੋ. ਕੁਲਬੀਰ ਸਿੰਘ ਆਪਣੇ ਲੇਖ ਵਿੱਚ ਲਿਖਦੇ ਹਨ ਕਿ"

> ਗ੍ਰੇਟਾ- ਰਿਹਾਨਾ ਦੇ ਬੋਲਣ 'ਤੇ ਇਨ੍ਹਾਂ ਨੂੰ ਪਤਾ ਲੱਗਾ ਅਤੇ ਇਨ੍ਹਾਂ ਨੇ ਮੂੰਹ ਦੇ ਵਿੱਚੋਂ ਘੁੰਗਣੀਆਂ ਕੱਢੀਆ। ਫਿਲਮੀ ਕਲਾਕਾਰ, ਵਿਸ਼ੇਸ਼ ਕਰਕੇ ਚਰਚਿਤ ਕਲਾਕਾਰ ਕਿਸੇ ਵੀ ਸੰਕਟ ਸਮੇਂ ਸਰਕਾਰ ਵਿਰੁੱਧ ਬੋਲਣ ਤੋਂ ਲੋਕਾਂ ਨਾਲ ਖੜੇ ਹੋਣ ਤੋਂ ਡਰ ਜਾਂਦੇ ਹਨ। ਸਰਕਾਰ ਦੀ ਹਾਂ ਨਾਲ ਹਾਂ ਮਿਲਾਉਣ ਇਨ੍ਹਾਂ ਦੀ ਮਜ਼ਬੂਰੀ ਬਣ ਜਾਂਦੀ ਹੈ ਕਿਉਂਕਿ ਸਰਕਾਰ ਤੋਂ ਇਨ੍ਹਾਂ ਨੇ ਕਈ ਤਰ੍ਹਾਂ ਦੇ ਫਾਇਦੇ ਲੈਣੇ ਹੁੰਦੇ ਹਨ। ਇਨਾਮ ਸਨਮਾਨ ਲੈਣੇ ਹੁੰਦੇ ਹਨ। ਲੋਕਾਂ ਤੋਂ ਇਨ੍ਹਾਂ ਨੇ ਕੀ ਲੈਣਾ?
>
> *(ਮੀਡੀਆ ਪੰਜਾਬ)*

ਉਪਰੋਕਤ ਸਤਰਾਂ ਬਿਲਕੁਲ ਹੀ ਦਰੁਸਤ ਹਨ, ਇਨ੍ਹਾਂ ਦੇ ਦੁਆਰਾ ਦਿੱਤੇ ਹੋਏ ਸੰਦੇਸ਼ ਵੀ ਕਲਾਕਾਰਾਂ ਦੀਆਂ ਟੀਮਾਂ ਦੁਆਰਾ ਘੜੇ ਹੁੰਦੇ ਹਨ। ਟੀਵੀਟਰ ਦੇ ਉੱਤੇ ਅਕਸਰ ਕਲਾਕਾਰ ਦੇ ਲਫਜ਼ ਇੱਕ-ਦੂਜੇ ਨਾਲ ਮੇਲ ਖਾਂਦੇ ਦੇਖੇ ਜਾ ਸਕਦੇ ਹਨ। ਉਹਨਾਂ ਦੇ ਦੁਆਰਾ ਵਰਤੀ ਸ਼ਬਦਾਵਲੀ ਵੀ ਭੱਦੀ ਵਰਤੀ ਗਈ

ਹੈ। ਬਾਹਰਲੇ ਦੇਸ਼ਾਂ ਤੇ ਪੰਜਾਬ ਦੇ ਵਿੱਚ ਵੀ ਕਲਾਕਾਰਾਂ ਦੇ ਲਈ ਵਿਦਰੋਹ ਦੀ ਭਾਵਨਾ ਉਤਪੰਨ ਹੋਈ ਹੈ। ਉਹਨਾਂ ਦਾ ਸਮਾਜਕ ਬਾਈਕਾਟ ਕਰਨ ਦੀ ਅਪੀਲ ਕੀਤੀ ਗਈ ਹੈ। ਪੰਜਾਬ ਦੇ ਵਿੱਚ ਇਹਨਾਂ ਕਲਾਕਾਰਾਂ ਦੀਆ ਫਿਲਮਾਂ ਦੀ ਸ਼ੂਟਿੰਗ ਵੀ ਰੋਕੀ ਗਈ ਹੈ। ਲੋਕਾਂ ਦਾ ਮੰਨਣਾ ਹੈ ਕਿ ਜੇਕਰ ਕਲਾਕਾਰ ਕਿਸਾਨ ਦੇ ਹੱਕ ਵਿੱਚ ਅਵਾਜ਼ ਨਹੀ ਉਠਾ ਸਕਦੇ ਫਿਰ ਪੰਜਾਬ ਵਿੱਚ ਸ਼ੂਟਿੰਗ ਵੀ ਕਰਨ ਨਾ ਆਉਣ। ਪੰਜਾਬ ਦੇ ਕਲਾਕਾਰਾਂ ਨੇ ਸਿੰਘੂ ਬਾਰਡਰ ਤੇ ਹੀ ਨਹੀ ਸਗੋਂ ਸੋਸ਼ਲ ਮੀਡੀਆ ਤੇ ਕਿਸਾਨ ਅੰਦੋਲਨ ਦਾ ਪੂਰਾ ਸਾਥ ਦਿੱਤਾ। ਸਰਕਾਰ ਇੱਕ ਪਾਸੜ ਖ਼ਬਰਾਂ ਪ੍ਰਸਾਰਿਤ ਕਰਕੇ ਲਗਾਤਾਰ ਬਦਨਾਮ ਕਰਨ ਦੀ ਕੋਸ਼ਿਸ਼ ਵਿੱਚ ਲੱਗੀ, ਪਰ ਕਿਸਾਨ ਲਗਾਤਾਰ ਹੀ ਸੋਸ਼ਲ ਮੀਡੀਆ ਉੱਤੇ ਲੋਕਾਂ ਨੂੰ ਚੇਤਨ ਕਰਨ ਦੇ ਵਿੱਚ ਲੱਗੇ ਹੋਏ ਹਨ। ਉਹ ਲੋਕ ਗਲਤ ਖ਼ਬਰਾਂ ਪੜ੍ਹ ਕੇ ਗਲਤ ਕਦਮ ਨਾ ਚੁੱਕ ਲੈਣ ਕਿਉਂਕਿ ਫੇਸ ਬੁੱਕ ਹੋਵੇ ਜਾਂ ਟੀਵੀਟਰ, ਉਹਨਾਂ ਉੱਤੇ ਕੁਝ ਅਜਿਹੇ ਪੇਜ ਵੀ ਬਣਾਏ ਹੋਏ ਹਨ ਜਿਹੜੇ ਆਪਣੀਆ ਗਲਤ ਧਾਰਨਾਂਵਾਂ ਨੂੰ ਪੇਸ਼ ਕਰਦੇ ਹਨ। ਲੋਕ ਪੜ੍ਹ ਕੇ ਜਾਂ ਸੁਣ ਕੇ ਭੜਕ ਜਾਂਦੇ ਹਨ। ਉਹਂਨਾਂ ਦਾ ਮਕਸਦ ਅੰਦੋਲਨ ਨੂੰ ਆਪਣੀ ਲੀਹੋਂ ਲਾਹੁਣਾ ਹੁੰਦਾ ਹੈ।

## 4.4 ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦਾ ਕਾਰਪੋਰੇਟ ਮੀਡੀਆ ਅਤੇ ਰਾਜਨੀਤੀ

ਕਾਰਪੋਰੇਟ ਮੀਡੀਆ ਅਸਲ ਦੇ ਵਿੱਚ ਮੀਡੀਆ ਦਾ ਹੀ ਇੱਕ ਰੂਪ ਹੈ। ਜਿਸ ਨੂੰ ਕਿਸੇ ਕੰਪਨੀ ਦੇ ਦੁਆਰਾ ਬਣਾਇਆ ਜਾਂਦਾ ਹੈ। ਕਈ ਕੰਪਨੀਆਂ ਕਾਰਪੋਰੇਟ ਦਾ ਹੀ ਰੂਪ ਹਨ। ਇਹ ਆਪਣਾ ਉਦੇਸ਼ ਪੂਰਨ ਕਰਨ ਦੇ ਲਈ ਹੋਂਦ ਦੇ ਵਿੱਚ ਆਉਂਦੀਆਂ ਹਨ। ਕਾਰਪੋਰੇਟ ਮੀਡੀਆ 20 ਵੀਂ ਸਦੀ ਦੀ ਹੀ ਪੈਦਾਵਾਰ ਹੈ। ਕਾਰਪੋਰੇਟ ਸੈਕਟਰ ਦੇ ਵਿੱਚ ਸੰਚਾਰ, ਮਾਰਕੀਟਿੰਗ, ਵਿਗਿਆਪਨ ਆਦਿ ਸਰੂਪ ਆ ਜਾਂਦੇ ਹਨ। ਇਹ ਆਪਣੇ ਕਾਰਜਕਾਰਨੀ ਦੇ ਵਿੱਚ ਬਾਹਰਲੇ ਅਤੇ ਅੰਦੂਰਨੀ ਕਾਰਜਾਂ ਨੂੰ ਸੰਭਾਲਦੇ ਹਨ। ਕਾਰਪੋਰੇਟ ਜਨ ਸਧਾਰਨ ਨੂੰ ਕੇਂਦਰ ਦੇ ਵਿੱਚ ਰੱਖਦਾ ਹੈ। ਵੱਖੋ-ਵੱਖ ਕੰਪਨੀਆਂ ਮੀਡੀਆ ਦੇ ਲਈ ਖ਼ਬਰਾਂ ਨੂੰ ਪ੍ਰਕਾਸ਼ਿਤ ਕਰਦੀਆਂ ਹਨ ਜਿਵੇਂ ਕਿ ਕਰਮਚਾਰੀਆਂ ਦੀ ਸਿਖਲਾਈ ਦੀ ਵੀਡੀਉ ਅਤੇ ਉਹਨਾਂ ਦੇ ਲਈ ਸਮੱਗਰੀ ਨੂੰ ਮੁੱਹਈਆ ਕਰਵਾਉਣਾ ਆਦਿ। ਕਾਰਪੋਰੇਟ ਸੈਕਟਰ ਪੂੰਜੀ ਦਾ ਹੀ ਵਿਕਾਸ ਹੈ। ਇਹ ਸੰਸਥਾਵਾਂ ਹੀ ਮਿਲ ਕੇ ਇੱਕ

ਕੰਪਨੀ ਦਾ ਨਿਰਮਾਣ ਕਰਦੀਆ ਹਨ। ਕਾਰਪੋਰੇਟ ਸੈਕਟਰ ਦੀ ਵਰਤੋਂ ਰਾਜਨੀਤੀ ਦੇ ਵਿੱਚ ਵੀ ਕੀਤੀ ਜਾਂਦੀ ਹੈ।ਕਾਰਪੋਰੇਟ ਸੈਕਟਰ ਇੱਕ ਤੋਂ ਵੱਧ ਮਾਹਿਰ ਮਿਲ ਕੇ ਚਲਾਉਂਦੇ ਹਨ ਜਿਵੇਂ ਕਿ ਵੀਡੀਉ ਕਿਸੇ ਦੇ ਦੁਆਰਾ ਬਣਾਈ ਜਾਣੀ ਅਤੇ ਉਸਨੂੰ ਐਡਿਟ ਕਿਸੇ ਹੋਰ ਦੇ ਦੁਆਰਾ ਕੀਤਾ ਜਾਂਦਾ ਹੈ। "Many corporate executives are ambivalent about voluntarily reporting a company social performance to stake holders. *(Craig E Carroll. Media Relations and corporate Social Responsibility.* www.reserachgate.com *)*

ਕਾਰਪੋਰੇਟ ਸੈਕਟਰ ਦੇ ਵਿੱਚ ਸਾਰਾ ਕੰਟਰੋਲ ਸਰਕਾਰਾਂ ਦੇ ਕੋਲ ਹੀ ਹੁੰਦਾ ਹੈ। ਸਰਕਾਰ ਹਰ ਖੇਤਰ ਨੂੰ ਪ੍ਰਾਈਵੇਟ ਕਰਕੇ ਨਿੱਜੀ ਸੰਸਥਾਵਾਂ ਦੀ ਦਖ਼ਲ-ਅੰਦਾਜ਼ੀ ਵਧਾ ਰਹੀ ਹੈ। ਖਬਰਸਾਰ ਹੋਵੇ ਜਾਂ ਨਿਊਜ਼ ਚੈਨਲ ਇਹਨਾਂ ਦੇ ਵਿੱਚ ਉਹ ਹੀ ਦਿਖਾਇਆ ਜਾਂਦਾ ਹੈ, ਜੋ ਇਹਨਾਂ ਨੂੰ ਠੀਕ ਲੱਗਦਾ ਹੈ। ਨਿਊਜ਼ ਚੈਨਲ ਲੋਕ ਭਲਾਈ ਦੇ ਲਈ ਬਣਾਏ ਗਏ ਹਨ, ਪਰ ਇਹ ਲੋਕ ਭਲਾਈ ਛੱਡ ਨਿੱਜ ਦੀ ਭਲਾਈ ਹੀ ਸੋਚਦੇ ਹਨ। ਇਸ ਸੰਬੰਧੀ ਡਾ.ਰਵੇਲ ਸਿੰਘ ਨਾਲ ਹੋਈ ਮੁਲਾਕਾਤ ਦੇ ਵਿੱਚ ਇਹ ਧਾਰਨਾ ਉਜਾਗਰ ਹੁੰਦੀ ਹੈ ਕਿ ਮੀਡੀਆ ਜੋ 91-92 ਤੱਕ ਸੀ ਉਹ ਹੁਣ ਨਹੀਂ ਹੈ। ਹੁਣ ਮੀਡੀਆ ਚੌਥਾ ਥੰਮ ਨਹੀ ਹੈ। ਹੁਣ ਐਡੀਟਰ ਦਾ ਰੋਲ ਨਹੀ ਰਿਹਾ ਹੈ। ਸਾਰਾ ਰੋਲ ਹੀ ਉਨਾਂ ਦਾ ਹੋ ਗਿਆ ਹੈ। ਪਹਿਲਾਂ ਮਾਲਕ ਦੇ ਵੱਲੋਂ ਨੀਤੀ ਘੜੀ ਜਾਂਦੀ ਸੀ। ਹੁਣ ਤੂੰ ਸੱਜੇ ਰਹਿਣਾ ਜਾਂ ਤੂੰ ਖੱਬੇ ਰਹਿਣਾ। ਵਰਤਮਾਨ ਸਮੇਂ ਦੇ ਵਿੱਚ ਸਾਰਾ ਕੁਝ ਹੀ ਮਾਲਕ ਤੈਅ ਕਰ ਰਿਹਾ ਹੈ। ਹੁਣ ਐਡੀਟਰ ਨੂੰ ਮੈਨੇਜਰ ਬਣਾਇਆ ਜਾਂਦਾ ਹੈ ਤੇਰਾ ਖਬਰਾਂ ਨਾਲ ਕੋਈ ਸੰਬੰਧ ਨਹੀ ਹੈ। ਹੁਣ ਸਾਰਾ ਕੁਝ ਮਾਲਕ ਹੀ ਸੰਚਾਲਿਤ ਕਰਦਾ ਹੈ, ਹਰ ਖਬਰ ਨੂੰ ਮਾਲਕ ਦੁਆਰਾ ਹੀ ਤੈਅ ਕੀਤਾ ਜਾਂਦਾ ਹੈ। ਮੀਡੀਆ ਦੀ ਹੋਂਦ ਖਤਮ ਹੋ ਗਈ ਹੈ। ਸੋਸ਼ਲ ਮੀਡੀਆ ਜਾਂ ਇੰਟਰਨੈੱਟ ਦੇ ਰਾਹੀਂ ਜਿਹੜੇ ਚੈਨਲ ਆਏ। ਉਹਨਾਂ ਨੇ ਸੱਚ ਦਿਖਾਇਆਂ ਪਰ ਕੁਝ ਸਮੇਂ ਦੇ ਬਾਅਦ ਉਹਨਾਂ ਤੇ ਨਕੇਲ ਪਾ ਦਿੱਤੀ ਗਈ । ਕੇਸ ਕਰ ਦਿੱਤੇ ਜਾਂ ਜੇਲ੍ਹਾਂ ਦੇ ਵਿੱਚ ਬੰਦ ਕਰ ਦਿੱਤਾ। ਸਰਕਾਰਾਂ ਆਪਣਾ ਕੰਟਰੋਲ ਨਿਰਧਾਰਿਤ ਕਰਦੀਆਂ ਹਨ ਜਿਸ ਦੇ ਰਾਹੀਂ ਟੀਵੀਟ ਡਲੀਟ ਕਰਾਏ ਜਾਦੇ  ਜਾਂ ਫੇਸ ਬੁੱਕ ਪੇਜ ਬੰਦ ਕਰਵਾਏ ਜਾਂਦੇ ਹਨ। ਮੀਡੀਆ ਦੀ ਸੁੰਤਤਰਤਾ ਦੀ ਗੱਲ ਕਰਨੀ ਬਣਦੀ ਹੀ ਨਹੀ ਹੈ ਕਿਉਂਕਿ ਸਭ ਨੂੰ ਪਤਾ ਹੁਣ ਮੀਡੀਆਂ ਸੁੰਤਤਰ ਨਹੀ ਰਿਹਾ ਹੈ। ਅਸਲ ਦੇ ਵਿੱਚ ਲੋਕਾਂ ਦੀਆਂ ਜ਼ਮੀਰਾਂ ਮਰ ਗਈਆ, ਸੱਚ ਕਹਿਣਾ ਜਾਂ ਸੱਚ ਸੁਣਨਾ ਤਾਂ ਬਹੁਤ ਦੂਰ ਰਹਿ ਗਿਆ

ਹੈ। ਪਿੱਛੇ ਇੱਕ ਯੂ-ਪੀ ਦੀ ਖਬਰ ਆ ਰਹੀ ਸੀ ਇੱਕ ਮੁੰਡੇ ਨੇ ਟੀਵੀਟ ਕਰ ਦਿੱਤਾ ਕਿ ਉਸਦੇ ਪਿਤਾ ਨੂੰ ਬਚਾ ਲਉ, ਕਰੋਨਾ ਦੇ ਕਰਕੇ ਆਕਸੀਜਨ ਘੱਟ ਰਹੀ ਹੈ। ਇੱਕ ਔਰਤ ਨੇ ਵੀ ਉਸਦੇ ਟੀਵੀਟ ਨੂੰ ਰੀਟੀਵੀਟ ਕੀਤਾ ਤੇ ਪ੍ਰਸ਼ਾਸ਼ਨ ਨੂੰ ਮਦਦ ਕਰਨ ਦੇ ਲਈ ਕਿਹਾ ਉਸ ਤੇ ਪਰਚਾ ਦਰਜ ਕਰ ਦਿੱਤਾ ਗਿਆ ਕਿ ਤੂੰ ਗਲਤ ਟੀਵੀਟ ਕੀਤਾ ਹੈ, ਤੇਰੇ ਕੋਲ ਡਾਕਟਰ ਦੀ ਪਰਚੀ ਨਹੀ ਹੈ ਅਤੇ ਨਾ ਹੀ ਪਰਚੀ ਉੱਤੇ ਲਿਖਿਆ ਹੈ ਕਿ ਤੇਰੇ ਪਿਤਾ ਨੂੰ ਆਕਸੀਜਨ ਦੀ ਲੋੜ ਹੈ। ਲੋਕਾਂ ਦੇ ਦੁਖ ਪ੍ਰਗਟ ਕਰਨ ਉੱਤੇ ਵੀ ਪਾਬੰਦੀ ਲੱਗ ਰਹੀ ਹੈ। ਸੁਪਰੀਮ ਕੋਰਟ ਦੇ ਵੱਲੋਂ ਵੀ ਕਿਹਾ ਗਿਆ ਹੈ, ਤੁਸੀਂ ਇਵੇ ਨਾ ਕਰੋ। ਸੋ ਮੀਡੀਆਂ ਸੁਤੰਤਰ ਜਾਂ ਬੇਬਾਕ ਨਹੀ ਰਹਿ ਗਿਆ। ਬੰਦਸ਼ਾਂ ਦੇ ਵਿੱਚ ਘਿਰ ਗਿਆ ਹੈ।"(*ਚਿੰਤਕ)*

ਇਹਨਾਂ ਨਿਊਜ਼ ਚੈਨਲਾਂ ਦੇ ਮਾਲਕ ਕਾਰਪੋਰੇਟ ਘਰਾਣਿਆਂ ਦੀ ਸਾਖ ਭਰਦੇ ਹਨ ਜਿਵੇਂ ਕਿ ਕਿਸਾਨਾਂ ਦੇ ਚਲ ਰਹੇ ਅੰਦੋਲਨ ਨੂੰ ਸਿਰਫ਼ ਸੋਸ਼ਲ ਮੀਡੀਆ ਦਾ ਹੀ ਸਾਥ ਮਿਲਿਆ । ਉੱਥੇ ਕਿਸਾਨਾਂ ਦੇ ਨਾਲ ਸੰਬੰਧਿਤ ਖਬਰਾਂ ਨੂੰ ਦਿਖਾਇਆ ਗਿਆ ਸੀ।" ਕੇਂਦਰ ਸਰਕਾਰ ਨੇ ਇਨ੍ਹਾਂ ਨਾਲ ਗੱਲ ਕਰਨੀ ਵੀ ਵਾਜਬ ਨਹੀ ਸਮਝੀ ਜਿਵੇਂ ਇਹ ਕਿਸਾਨ ਕਿਸੇ ਹੋਰ ਦੇਸ਼ ਦੇ ਬਸ਼ਿੰਦੇ ਹੋਣ। ਬਹੁਗਿਣਤੀ ਟੀ.ਵੀ ਚੈਨਲਾਂ ਨੇ ਇਨ੍ਹਾਂ ਕਿਸਾਨਾਂ ਦੇ ਦੁੱਖ ਨੂੰ ਨਹੀ ਵਿਖਾਇਆ ਤਾਂ ਕਿ ਦੇਸ਼ ਦੇ ਹੋਰ ਲੋਕ ਦੇਖ ਨਾ ਲੈਣ ਕਿ ਦੇਸ਼ ਵਿੱਚ ਕੀ ਵਾਪਰ ਰਿਹਾ ਹੈ।" *(ਗੁਰਚਰਨ ਸਿੰਘ ਨੂਰਪੁਰ. ਖੇਤਾਂ ਨੂੰ ਬਚਾਉਣ ਲਈ ਸੰਘਰਸ਼ ਦੇ ਪਿੜ 'ਚ ਨਿਤਰੇ ਹਨ ਕਿਸਾਨ.* www.mediapunjab.com*)*

ਕਾਰਪੋਰੇਟਾਂ ਦਾ ਇਹਨਾਂ ਨਿਊਜ਼ ਚੈਨਲ ਉੱਤੇ ਆਪਣਾ ਗਲਬਾ ਕਾਇਮ ਹੈ। ਚੈਨਲ ਵੀ ਟੀ.ਵੀ ਉੱਤੇ ਉਹ ਹੀ ਕੁਝ ਦਿਖਾਉਂਦੇ ਹਨ, ਜਿਸ ਨਾਲ ਉਹਨਾਂ ਦਾ ਫਾਇਦਾ ਹੋ ਸਕੇ। ਕਿਹਾ ਜਾਂਦਾ ਹੈ ਕਿ ਨਿਊਜ਼ ਵਾਲਿਆਂ ਦੀ ਅੱਖ ਤੋਂ ਕੱਖ ਵੀ ਨਹੀ ਬੱਚ ਸਕਦਾ ਹੈ। ਅਜੋਕੇ ਨਿਊਜ਼ ਚੈਨਲ ਟੀ.ਆਰ. ਪੀ ਅਤੇ ਆਪਣੇ ਫਾਇਦੇ ਨੂੰ ਸਾਹਮਣੇ ਰੱਖ ਕੇ, ਲੋਕ ਭਲਾਈ ਦਾ ਮੁੱਦਾ ਛੱਡ ਕੇ ਸਵੈ ਤੱਕ ਹੀ ਸੀਮਿਤ ਹੁੰਦੇ ਜਾ ਰਹੇ ਹਨ। ਇਹਨਾਂ ਨੇ ਆਪਣੀ ਹੱਦ ਦੇ ਵਿੱਚ ਹਰ ਇੱਕ ਕਾਰੋਬਾਰ ਰੱਖਿਆ ਹੋਇਆ ਹੈ। "2014 ਦੇ ਵਿੱਚ ਸੂਚਨਾ ਉੱਤੇ ਪ੍ਰਸਾਰਨ ਵਿਭਾਗ ਦੀ ਸੂਚੀ ਤੋਂ ਪਤਾ ਲੱਗਦਾ ਹੈ ਕਿ ਪੂਰੇ ਦੇਸ਼ ਦੇ ਵਿੱਚ 400 ਸਮਾਚਾਰ ਚੈਨਲ ਹਨ ਜਿਹੜੇ 24 ਘੰਟੇ ਚੱਲਦੇ ਹਨ। ਚੈਨਲਾਂ ਦੀ ਇਹ ਸੰਖਿਆ ਦੂਸਰੇ ਦੇਸ਼ਾਂ ਦੇ ਮੁਕਾਬਲੇ ਅਧਿਕ ਹੈ। ਇਹ ਇੱਕ

ਤਰ੍ਹਾਂ ਦੇ ਨਾਲ ਲਘੂ ਕ੍ਰਾਂਤੀ ਹੈ ਜੋ ਦੱਸ ਰਹੀ ਹੈ ਕਿ ਭਾਰਤੀ ਸਮਾਚਾਰਾਂ ਦੇ ਮਾਮਲੇ ਦੇ ਵਿੱਚ ਕਿਸ ਤਰ੍ਹਾਂ ਦਾ ਬਦਲਾਵ ਆ ਰਿਹਾ ਹੈ। ਸਥਿਤੀ ਇਹ ਹੋ ਗਈ ਹੈ ਕਿ ਅਜੋਕੀ ਰਾਜਨੀਤੀ ਟੈਲੀਵੀਜ਼ਨ ਉੱਤੇ ਹੋ ਰਹੀ ਹੈ। ਟੈਲੀਵੀਜ਼ਨ ਦੀਆਂ ਮੁੱਖ ਖ਼ਬਰਾਂ ਰਾਜਨੀਤੀ ਨੂੰ ਲੈ ਕੇ ਹੁੰਦੀਆਂ ਹਨ। ਹਰ ਸ਼ਾਮ ਜਦੋਂ ਚੈਨਲ ਪ੍ਰਾਈਮ ਟਾਈਮ ਪ੍ਰੋਗਰਾਮ ਨੂੰ ਲੈ ਕੇ ਅਫਰਾ-ਤਫਰੀ ਦੀ ਸਥਿਤੀ ਦੇ ਵਿੱਚ ਹੁੰਦੇ ਹਨ ਅਤੇ ਉਸ ਸਮੇਂ ਨੇਤਾ ਅਤੇ ਟੀਕਾਕਾਰ ਆਪਣੇ ਵਿਚਾਰ ਪੇਸ਼ ਕਰਨ ਦੇ ਲਈ ਤਿਆਰ ਹੁੰਦੇ ਹਨ।" *(ਰਾਜਦੀਪ ਦੇਸਾਈ. 2014 ਚਨਾਬ ਜਿਸਨੇ ਭਾਰਤ ਕੋ ਬਦਲਾ 231)*

ਨੇਤਾਵਾਂ ਦੇ ਇੰਟਰਵਿਊ ਵੀ ਟੀ.ਵੀ ਉੱਤੇ ਆਉਂਦੇ ਹਨ। ਨੇਤਾ ਆਪ ਹੀ ਟੀ.ਵੀ ਦੇ ਰਾਹੀਂ ਜਨਤਾ ਦੇ ਸਨਮੁਖ ਹੁੰਦੇ ਹਨ। ਨੇਤਾ ਆਪਣੀ ਛਵੀ ਸਾਫ਼-ਸੁਥਰੀ ਦਿਖਾਉਣ ਦੇ ਲਈ ਇੰਟਰਵਿਊ ਦਿੰਦੇ ਹਨ। ਖ਼ਬਰਾਂ ਦੇ ਅਣਗਿਣਤ ਚੈਨਲ ਹਨ। ਨੇਤਾ ਕਿਸੇ ਵੀ ਚੈਨਲ ਤੇ ਜਾ ਕੇ ਇੰਟਰਵਿਊ ਦੇ ਸਕਦੇ ਹਨ। ਇਹਨਾਂ ਚੈਨਲਾਂ ਉੱਤੇ ਇੰਟਰਵਿਊ ਦੀ ਝਲਕ ਨੂੰ ਵਾਰ ਵਾਰ ਦਿਖਾਇਆ ਜਾਂਦਾ ਹੈ ਜਦੋਂ ਤੱਕ ਇੰਟਰਵਿਊ ਪ੍ਰਸਾਰਿਤ ਨਹੀ ਹੋ ਜਾਂਦੀ। ਇੰਟਰਵਿਊ ਦੇ ਪ੍ਰਸਾਰਿਤ ਹੋਣ ਤੱਕ ਚੈਨਲ ਦੀ ਟੀ.ਆਰ ਪੀ ਬਹੁਤ ਉਪਰ ਤੱਕ ਪਹੁੰਚ ਜਾਂਦੀ ਹੈ ਜਿਵੇਂ ਕਿ ਪੰਜਾਬ ਦੇ ਨੇਤਾ ਹੀ ਨਹੀ, ਪੂਰੇ ਭਾਰਤ ਦੇ ਨੇਤਾ ਚੈਨਲ ਦਾ ਰਸਤਾ ਅਪਣਾਉਂਦੇ ਹਨ। ਇਸ ਨਾਲ ਉਹਨਾਂ ਦੀ ਚਰਚਾ ਪੂਰੇ ਸੰਸਾਰ ਦੇ ਵਿੱਚ ਹੁੰਦੀ ਹੈ। ਅਜੋਕੇ ਟੀ.ਵੀ ਚੈਨਲ ਪੂਰੇ ਸੰਸਾਰ ਦੇ ਵਿੱਚ ਚਲਦੇ ਹਨ। ਰਾਜਦੀਪ ਦੇਸਾਈ ਦੀ ਧਾਰਨਾ ਦੇ ਅਨੁਸਾਰ "ਚੈਨਲ ਉੱਤੇ ਨਿਰੰਤਰ ਇਸ ਇੰਟਰਵਿਊ ਦੇ ਪ੍ਰੋਮੋ ਦਿਖਾਏ ਜਾਣ ਤੋਂ ਬਾਅਦ 27 ਜਨਵਰੀ ਨੂੰ ਨੌ ਵਜੇ ਇਸ ਪ੍ਰੋਗਰਾਮ ਦਾ ਪ੍ਰਸਾਰਨ ਕੀਤਾ ਗਿਆ। ਜਦੋਂ ਇੰਟਰਵਿਊ ਸ਼ੁਰੂ ਹੋਇਆ ਰਾਹੁਲ ਗਾਂਧੀ ਆਤਮਵਿਸ਼ਵਾਸ ਨਾਲ ਭਰੇ ਨਜ਼ਰ ਆ ਰਹੇ ਸਨ ਜਿਸ ਵਿੱਚ ਉਹਨਾਂ ਦੀ ਮਨ ਦੀ ਇੱਛਾ ਝਲਕ ਰਹੀ ਸੀ। ਲੇਕਿਨ ਇੰਟਰਵਿਊ ਦੇਖਣ ਵਾਲੇ ਦਰਸ਼ਕਾਂ ਤੱਕ ਇਹ ਸਪਸ਼ਟ ਹੋ ਗਿਆ ਸੀ ਉਹਨਾਂ ਦੇ ਵਿੱਚ ਚਾਤੁਰੀ ਦਾ ਅਭਾਵ ਸੀ ਅਤੇ ਉਹਨਾਂ ਦੇ ਕੋਲ ਕੋਈ ਠੋਸ ਵਿਚਾਰਾਂ ਜਾਂ ਸੰਦੇਸ਼ਾ ਨਹੀ ਸੀ। ਇਸ ਦੇ ਵਿਪਰੀਤ ਰਾਹੁਲ ਗਾਂਧੀ ਪੂਰੀ ਜਾਣਕਾਰੀ ਰੱਖਣ ਵਾਲੇ ਵਿਅਕਤੀ ਨਹੀ ਨਜ਼ਰ ਆ ਰਹੇ ਸਨ ਅਤੇ ਇੱਦਾਂ ਲੱਗਦਾ ਪਿਆ ਸੀ ਕਿ ਉਹ ਕਠਿਨ ਤਿਆਰੀ ਦੇ ਬਗੈਰ ਆਏ। *(2014 ਚਨਾਬ ਜਿਸਨੇ ਭਾਰਤ ਕੋ ਬਦਲਾ 234 )*

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਲੈਕਟ੍ਰੌਨਿਕ ਮੀਡੀਆ ਦੀ ਵਰਤੋਂ ਨੇਤਾ ਲਈ ਸਹੀ ਅਤੇ ਨਕਾਰਾਤਮਕ ਵੀ ਸਾਬਤ ਹੋ ਸਕਦੀ ਹੈ। ਲੋਕ ਵੀ ਜਾਗਰੂਕ ਹੋ ਗਏ ਹਨ। ਛੋਟੀ ਤੋਂ ਛੋਟੀ ਗੱਲ ਨੂੰ ਸਮਝਦੇ ਹਨ। ਟੀ.ਵੀ ਉੱਤੇ ਹਰ ਪਾਰਟੀ ਦੇ ਵਿਗਿਆਪਨ ਵੀ ਆਉਂਦੇ ਹਨ।ਇਹਨਾਂ ਵਿਗਿਆਪਨਾਂ ਦੇ ਵਿੱਚ ਦਿੱਖਣ ਵਾਲੇ ਚਿਹਰੇ ਪਾਰਟੀ ਦੇ ਹੀ ਮੈਂਬਰ ਹੁੰਦੇ ਹਨ। " ਕਾਂਗਰਸ ਦੇ ਵਿਗਿਆਪਨਾਂ ਦੇ ਵਿੱਚ ਸ਼ਾਮਿਲ ਕਰਾਏ ਕਰਤਾ ਹਸੀਬਾ ਅਮੀਨ ਵੀ ਸੀ। ਉਹ ਐਨ.ਐੱਸ. ਯੂਆਈ ਦੇ ਗੋਆ ਇਕਾਈ ਦੀ ਪ੍ਰਧਾਨ ਸੀ। ਕਾਂਗਰਸ ਦੇ ਵਿਗਿਆਪਨਾਂ ਦਾ ਚਿਹਰਾ ਸੀ ਜੋ ਕਹਿੰਦੀ ਸੀ, ਕੱਟੜ ਸੋਚ ਨਹੀ, ਯੁਵਾ ਜੋਸ਼ ਸੀ। ਕਾਂਗਰਸ ਦੀ ਇਹ ਮੁਸਲਿਮ ਨੇਤਾ ਸੋਸ਼ਲ ਮੀਡੀਆ ਉੱਤੇ ਇੰਟਰਨੈੱਟ ਹਿੰਦੂ ਦੁਸ਼ਪ੍ਰਚਾਰ ਦਾ ਨਿਸ਼ਾਨਾ ਬਣੀ। ਉਸ ਉਪਰ ਅਰੋਪ ਲੱਗਾ ਕਿ ਇਹ 300 ਕਰੋੜ ਦੇ ਘੁਟਾਲੇ ਵਿੱਚ ਸੰਕਲਿਤ ਹੈ ਅਤੇ ਜੇਲ੍ਹ ਜਾ ਚੁੱਕੀ ਹੈ।" *(ਰਾਜਦੀਪ ਦੇਸਾਈ . 2014 ਚਨਾਬ ਜਿਸਨੇ ਭਾਰਤ ਕੋ ਬਦਲਾ 234 )*

ਚੋਣਾਂ ਦੇ ਵਿੱਚ ਟੀ.ਵੀ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਟੀ.ਵੀ ਚੈਨਲ ਵੀ ਆਪਣੇ ਕਿਆਸ ਲੈ ਕੇ ਆਉਂਦਾ ਹੈ। ਚੋਣਾਂ ਦੇ ਵਿੱਚ ਕੌਣ ਜਿੱਤਦਾ ਤੇ ਕੋਣ ਹਾਰਦਾ? ਇਹਨਾ ਧਾਰਨਾਵਾਂ ਦਾ ਅੰਦਾਜ਼ਾ ਲਗਾਉਣਾ ਔਖਾ ਹੈ। ਪੰਜਾਬ ਵਿਧਾਨ ਸਭਾ ਦੀਆਂ ਪਿਛਲੇ 25 ਸਾਲਾਂ ਦੀਆਂ ਚੋਣਾਂ ਦੇ ਨਤੀਜੇ ਇੰਨੇ ਉਲਟ-ਪੁਲਟ ਆਉਂਦੇ ਰਹੇ ਹਨ । ਇਸ ਦੇ ਬਾਰੇ ਕੇ.ਸੀ ਸ਼ਰਮਾ ਦੀ ਧਾਰਨਾ ਹੈ ਕਿ "ਸੂਬੇ ਦੀਆਂ ਮੁੱਖ ਰਾਜਸੀ ਧਿਰਾਂ ਦੇ ਗਣਿਤ ਦੀਆਂ ਮੁਹਾਰਨੀਆਂ ਤਾਂ ਉਘੜ-ਦੁਘੜ ਹੋ ਹੀ ਗਈਆਂ ਹਨ ਪ੍ਰੰਤੂ ਇਸ ਦੇ ਨਾਲ ਹੀ ਵਪਾਰਕ ਚੋਣ ਸਰਵੇਖਣਾਂ, ਰਾਜਨੀਤਿਕ ਨਜੂਮੀਆਂ, ਟੀ,ਵੀ ਚੈਨਲਾਂ, ਰਾਜਨੀਤੀ ਸ਼ਾਸਤਰ ਦੇ ਵਿਦਵਾਨਾਂ ਅਤੇ ਪੱਤਰਕਾਰਾਂ ਦੇ ਦਾਈਏ ਧਰੇ-ਧਰਾਏ ਰਹਿੰਦੇ ਹਨ।" *( ਅਜੋਕੀ ਭਾਰਤੀ ਰਾਜਨੀਤੀ ਦੀ ਦਸ਼ਾ ਅਤੇ ਦਿਸ਼ਾ 100 )*

ਪੰਜਾਬ ਦੇ ਵਿੱਚ ਵੀ ਵੱਖੋ ਵੱਖਰੀ ਪਾਰਟੀਆਂ ਦੇ ਵਿਗਿਆਪਨ ਟੀ.ਵੀ ਉੱਤੇ ਪ੍ਰਸਾਰਿਤ ਹੁੰਦੇ ਹਨ। ਇਹ ਵਿਗਿਆਪਨ ਦੇਣ ਦਾ ਮਕਸਦ ਹੁੰਦਾ ਹੈ ਕਿ ਹਰ ਪਾਰਟੀ ਦੂਜਿਆਂ ਨਾਲੋਂ ਵਿਸ਼ੇਸ਼ ਸਿੱਧ ਕਰਨ ਦੀ ਕੋਸ਼ਿਸ਼ ਕਰਦੀ ਹੈ। ਟੀ.ਵੀ ਉੱਤੇ ਦੋ ਤਰ੍ਹਾ ਦੇ ਵਿਗਿਆਪਨ ਦਿਖਾਏ ਜਾਂਦੇ ਹਨ, ਰਾਜਨੀਤੀ ਵਿਗਿਆਪਨ

ਅਤੇ ਚੋਣ ਵਿਗਿਆਪਨ। ਰਾਜਨੀਤੀ ਵਿਗਿਆਪਨ ਦੇ ਵਿੱਚ ਪਾਰਟੀ ਦੇ ਬਾਰੇ ਸੰਚਾਰ ਜਾਂ ਪਾਰਟੀ ਮੈਂਬਰ, ਰਾਜਨੀਤਿਕ ਮੁੱਦਿਆਂ, ਸਰਕਾਰੀ ਸਕੀਮਾ ਦਾ ਪ੍ਰਚਾਰ ਕੀਤਾ ਜਾਂਦਾ ਹੈ ਜਿਵੇਂ ਕਿ ਪੰਜਾਬ ਸਰਕਾਰ ਦੇ ਟੀ.ਵੀ ਉੱਤੇ ਵਿਗਿਆਪਨ ਆਉਂਦੇ ਹਨ , ਜਿਨ੍ਹਾਂ ਦੇ ਵਿੱਚ ਸਰਕਾਰ ਆਪਣੇ ਕੀਤੇ ਕੰਮਾਂ ਦੀ ਜਾਣਕਾਰੀ ਦਿੰਦੀ ਹੈ। ਇਹ ਵਿਗਿਆਪਨ ਵੱਖੋ-ਵੱਖਰੇ ਚੈਨਲਾਂ ਉੱਤੇ ਆਉਂਦੇ ਅਕਸਰ ਦੇਖੇ ਜਾ ਸਕਦੇ ਹਨ।

ਚੋਣ ਵਿਗਿਆਪਨ ਦੇ ਵਿੱਚ ਨੇਤਾ ਆਪਣੇ ਮੁੱਦਿਆਂ ਨੂੰ ਲੈ ਕੇ ਪ੍ਰਚਾਰ ਕਰਦਾ ਹੈ। ਚੋਣ ਵਿਗਿਆਪਨਾਂ ਦੇ ਰਾਹੀਂ ਵੱਖੋ-ਵੱਖਰੀ ਪਾਰਟੀ ਲੋਕਾਂ ਨੂੰ ਵੋਟ ਪਾਉਣ ਦੇ ਲਈ ਅਪੀਲ ਕਰਦੀ ਹੈ। "ਬਹੁਤ ਸਾਰੇ ਲੋਕ ਸ਼ਿਕਾਇਤ ਰਾਜਨੀਤਿਕ ਵਿਗਿਆਪਨਾਂ ਦੇ ਸੰਦਰਭ ਵਿੱਚ ਅਤੇ ਉਹਨਾਂ ਦੀ ਸਚਾਈ ਅਤੇ ਸਮਰੱਥਾ ਉੱਤੇ ਸਵਾਲ ਉਠਾਉਂਦੇ ਹਨ। ਇਹ ਵਿਗਿਆਪਨ ਗੁੰਮਰਾਹ ਕਰਦੇ ਹਨ।" *(Political and Election Advertising. www.adstandards.com)*

ਇਹਨਾਂ ਵਿਗਿਆਪਨਾਂ ਦਾ ਮਕਸਦ ਲੋਕਾਂ ਤੱਕ ਪਹੁੰਚ ਕਰਨੀ ਹੁੰਦੀ ਹੈ, ਪਰ ਲੋਕ ਸਰਕਾਰ ਉੱਤੇ ਵਿਸ਼ਵਾਸ ਕਰ ਲੈਂਦੇ ਹਨ। ਸਰਕਾਰ ਦੇ ਅਨੁਸਾਰੀ ਹੋ ਕੇ ਕੰਮ ਕਰਦੇ ਹਨ। ਪਰ ਉਹਨਾਂ ਦੇ ਨਤੀਜੇ ਕਈ ਵਾਰ ਗਲਤ ਨਿਕਲਦੇ ਹਨ। ਰਾਜਨੀਤਿਕ ਪੱਖ ਦੇ ਨਾਲ ਸੰਬੰਧਿਤ ਸਵਾਲਾਂ ਦੇ ਜਵਾਬਾਂ ਨੂੰ ਜਾਣਨ ਦੇ ਲਈ ਪੰਜਾਬ ਦੇ ਪੰਜ ਜ਼ਿਲ੍ਹਿਆਂ (ਜਲੰਧਰ, ਅੰਮ੍ਰਿਤਸਰ, ਲੁਧਿਆਣਾ,ਪਟਿਆਲਾ, ਬਠਿੰਡਾ) ਦੇ ਵਿੱਚੋਂ ਡਾਟਾ ਭਰਵਾਇਆ ਗਿਆ ਹੈ। ਜਿਨ੍ਹਾਂ ਦੇ ਵਿੱਚ ਜਵਾਬ ਕਰਤਾ ਦੇ ਦੁਆਰਾ ਸਹੀ, ਪੂਰਨ ਸਹੀ, ਪੂਰਨ ਗਲਤ, ਗਲਤ ਦੇ ਉੱਤੇ ਹਾਮੀ ਭਰੀ ਹੋਈ ਹੈ। ਇਸ ਦੇ ਨਾਲ ਜਵਾਬ ਕਰਤਾ ਦੇ ਦੁਆਰਾ ਸੁਝਾਅ ਵੀ ਦਿੱਤੇ ਹੋਏ ਹਨ। ਜਿਨ੍ਹਾਂ ਦੀ ਵਰਤੋਂ ਵੱਖੋ-ਵੱਖਰੇ ਅਧਿਆਇ ਦੇ ਵਿੱਚ ਕੀਤੀ ਗਈ ਹੈ।ਇਹ ਸੈਂਪਲ ਲੈਣ ਦੇ ਲਈ ਰੈਂਡਮ ਤਕਨੀਕ ਦੀ ਵਰਤੋਂ ਕੀਤੀ ਗਈ। ਜ਼ਿਲ੍ਹਿਆਂ ਦੀ ਜਨਸੰਖਿਆ ਦੇ ਆਧਾਰ ਉੱਤੇ ਕੁਝ ਸੈਂਪਲ ਚੁਣ ਲਏ ਗਏ। ਇਨ੍ਹਾਂ ਨੂੰ ਸਕੂਲ਼ ਅਤੇ ਕਾਲਜਾਂ ਤੋਂ ਇਲਾਵਾ ਚਿੰਤਕਾਂ ਦੇ ਕੋਲੋਂ ਵੀ ਭਰਵਾਇਆ ਗਿਆ। ਇਸ ਇਕੱਤਰ ਕੀਤੇ ਹੋਏ ਡਾਟੇ ਦਾ Mean, Median, Mode ਕੱਢਿਆ ਗਿਆ । ਹੇਠਾਂ ਇਸ ਦਾ ਨਤੀਜਾ ਦਿੱਤਾ ਗਿਆ ਹੈ।

**Table 4.2 : ਰਾਜਨੀਤੀ ਦੇ ਪੱਖੋਂ ਡਾਟਾ**

| District | Political | | | |
|---|---|---|---|---|
| | Mean | Median | Mode | Std. Deviation |
| Jalandhar | 6.99 | 7 | 8 | 1.218 |
| Amritsar | 6.58 | 6 | 6 | 1.079 |
| Ludhiana | 6.77 | 7 | 7 | 1.223 |
| Patiala | 6.48 | 7 | 8 | 2.226 |
| Bathinda | 6.58 | 6 | 6 | 1.206 |





**Figure 4.8 : ਸ਼ਹਿਰਾਂ ਦੇ ਪੱਖੋ %**

**ਸਿੱਟਾ:**

1. ਰਾਜਨੀਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ, ਇਹ ਸਵੈ ਕੇਂਦਰਿਤ ਹੋ ਕੇ ਰਹਿ ਗਈ ਹੈ।
2. ਰਾਜਨੀਤੀ ਦੇ ਵਿੱਚ ਆਧੁਨਿਕ ਤਕਨੀਕੀ ਦੀ ਵਧੇਰੇ ਵਰਤੋਂ ਹੋ ਰਹੀ ਹੈ ਜਿਸ ਦੇ ਵਿੱਚ ਸੋਸ਼ਲ ਮੀਡੀਆ ਕੇਂਦਰ ਦੇ ਵਿੱਚ ਹੈ।
3. ਰਾਜਨੀਤੀ ਨੂੰ ਵਪਾਰ ਹੀ ਬਣਾਇਆ ਜਾ ਰਿਹਾ ਹੈ। ਰਾਜਨੀਤੀ ਦੇ ਵਿੱਚ ਲੋਕ ਭਲਾਈ ਨਜ਼ਰੀ ਨਹੀਂ ਆਉਂਦੀ ਹੈ।
4. ਰਾਜਨੀਤੀ ਆਪਣੇ ਪ੍ਰਚਾਰ ਦੇ ਲਈ ਵਿਗਿਆਪਨਾਂ ਦੀ ਵੀ ਵਰਤੋਂ ਕਰਦੀ ਹੈ।

# ਸਿੱਟੇ ਤੇ ਸਥਾਪਨਾਵਾਂ

# ਸਿੱਟੇ ਤੇ ਸਥਾਪਨਾਵਾਂ

ਸਭਿਆਚਾਰ ਮਨੁੱਖੀ ਜੀਵਨ ਦੀ ਧਾਰਾ ਹੁੰਦੀ ਹੈ ਇਸ ਦੇ ਬਿਨ੍ਹਾਂ ਜੀਵਨ ਨੀਰਸ ਬਣ ਜਾਂਦਾ ਹੈ। ਦੁਨੀਆਂ ਦੇ ਹਰ ਕੋਨੇ ਉੱਤੇ ਸਭਿਆਚਾਰ ਜ਼ਰੂਰ ਹੋਵੇਗਾ ਅਤੇ ਉਸ ਸਭਿਆਚਾਰ ਦੀ ਆਪਣੀ ਮੂਲ਼ ਵਿਸ਼ੇਸ਼ਤਾ ਹੋਵੇਗੀ ਜਿਹੜੀ ਉਸ ਨੂੰ ਰਹਿੰਦੀ ਕੁਲ ਦੁਨੀਆਂ ਤੋਂ ਵੱਖ ਕਰਦੀ ਹੋਵੇਗੀ। ਸਭਿਆਚਾਰ ਜਨਮ ਤੋਂ ਲੈ ਕੇ ਮੌਤ ਤੱਕ ਚਲਦਾ ਰਹਿੰਦਾ ਹੈ। ਸਭਿਆਚਾਰ ਮਨੁੱਖੀ ਜੀਵਨ ਨੂੰ ਨਿਯਮਬੱਧ ਕਰਕੇ, ਇੱਕ ਢਾਂਚੇ ਦੇ ਵਿੱਚ ਢਾਲ ਦਿੰਦਾ ਹੈ। ਸਭਿਆਚਾਰ ਸਮੇਂ ਨਾਲ ਪਰਿਵਰਤਨ ਹੁੰਦਾ ਹੈ ਅਤੇ ਪਰਿਵਰਤਨ ਕੁਦਰਤੀ ਨੇਮ ਵੀ ਹੈ। ਪਰਿਵਰਤਨ ਜੀਵਨ ਦਾ ਅਹਿਮ ਅੰਗ ਹੈ ਜੋ ਮਨੁੱਖ ਨੂੰ ਪਰਿਵਰਤਨ ਦੀਆਂ ਦਿਸ਼ਾਵਾਂ ਵੱਲ ਲੈ ਜਾਂਦਾ ਹੈ। 21 ਵੀਂ ਸਦੀ ਪਰਿਵਰਤਨ ਦੀ ਹੀ ਸਦੀ ਰਹੀ ਹੈ ਜਿਸ ਨੇ ਨਵੀਆਂ-ਨਵੀਆਂ ਕਾਢਾਂ ਦੇ ਨਾਲ ਜਾਣੂ ਕਰਵਾਇਆ। ਸਭਿਆਚਾਰ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਹੈ। ਹਰ ਪੀੜ੍ਹੀ ਸਭਿਆਚਾਰ ਦੇ ਵਿੱਚ ਕੁਝ ਪਰਿਵਰਤਨ ਕਰਕੇ ਅੱਗੇ ਤੋਰਦੀ ਹੈ। ਵਰਤਮਾਨ ਸਭਿਆਚਾਰ, ਪੁਰਾਤਨ ਸਭਿਆਚਾਰ ਨਾਲੋਂ ਬਿਲਕੁਲ ਅਲੱਗ ਹੋ ਗਿਆ ਹੈ। ਹੱਥਲੇ ਖੋਜ ਕਾਰਜ ਦੇ ਵਿੱਚ ਖਪਤ ਸਭਿਆਚਾਰ ਦੇ ਕਾਰਨ ਪੰਜਾਬੀ ਸਭਿਆਚਾਰ ਦੇ ਵਿੱਚ ਹੋ ਰਹੇ ਬਦਲਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਇਸ ਖੋਜ ਕਾਰਜ ਦਾ ਮੂਲ਼ ਵਿਸ਼ਾ "ਖਪਤ ਸਭਿਆਚਾਰ ਦੇ ਪੰਜਾਬੀ ਸਭਿਆਚਾਰ ਉਪਰ ਪੈਂਦੇ ਪ੍ਰਭਾਵ" (ਸਮਾਜਕ, ਆਰਥਕ ਅਤੇ ਰਾਜਨੀਤਿਕ ਸੰਦਰਭ 'ਚ) ਹੈ। ਇਸ ਦੇ ਵਿੱਚ ਖਪਤ ਸਭਿਆਚਾਰ ਦੇ ਕਾਰਨ ਪੰਜਾਬੀ ਸਭਿਆਚਾਰ ਦੇ ਵਿੱਚ ਹੋਏ ਬਦਲਾਵਾਂ ਨੂੰ ਪੇਸ਼ ਕੀਤਾ ਹੈ। ਨਵੇਂ ਮਾਹੌਲ ਵਿੱਚ ਵਾਪਰ ਰਹੀਆਂ ਖੋਜਾਂ ਨੇ ਸਭਿਆਚਾਰ ਉੱਤੇ ਅਸਰ ਪਾਇਆ ਹੈ ਜਿਵੇਂ ਵਿਆਹ ਦੇ ਰਸਮੋ-ਰਿਵਾਜ ਪੁਰਾਤਨ ਨਾਲੋਂ ਬਿਲਕੁਲ ਭਿੰਨ ਹੋ ਗਏ ਹਨ। ਇਸ ਦਾ ਮੁੱਢਲਾ ਕਾਰਨ ਖਪਤ ਸਭਿਆਚਾਰ ਹੈ। ਖਪਤ ਸਭਿਆਚਾਰ ਇੱਕ ਅਜਿਹਾ ਪ੍ਰਬੰਧ ਹੈ, ਜਿਸ ਨੇ ਮਾਨਵ ਨੂੰ ਵਧੇਰੇ ਤੋਂ ਵਧੇਰੇ ਖਰਚ ਕਰਨ ਲਈ ਪ੍ਰੇਰਿਤ ਕੀਤਾ ਹੈ। ਇਹ ਮਾਨਵ ਦੇ ਲਈ ਭਿੰਨ ਭਿੰਨ ਅਤੇ ਨਵੀਆਂ-ਨਵੀਆਂ ਘਾੜਤਾਂ ਲੈ ਕੇ ਆ ਰਿਹਾ ਹੈ। ਬੇਸ਼ੱਕ ਇਹਨਾਂ ਘਾੜਤਾਂ ਨੇ ਮਨੁੱਖੀ ਜ਼ਿੰਦਗੀ ਨੂੰ ਸੁਖਾਲਾ ਬਣਾਇਆ ਹੈ। ਇਸ ਨੇ ਮਨੁੱਖੀ ਜੀਵਨ ਨੂੰ ਸੌਖਿਆਂ ਕਰ ਦਿੱਤਾ ਹੈ। ਇਹ ਮਨੁੱਖ ਦੇ

ਅਨੁਸਾਰ ਪੈਦਾਵਾਰ ਨਹੀ ਕਰਦਾ, ਸਗੋਂ ਮਾਨਵ ਦੀਆਂ ਜ਼ਰੂਰਤਾਂ ਨੂੰ ਪੈਦਾ ਕਰਦਾ ਹੈ। ਸਦੀਆਂ ਤੋਂ ਹੁੰਦਾ ਆਇਆ ਹੈ ਕਿ ਨਵੇਂ ਦੇ ਆਗਮਨ ਨਾਲ ਪੁਰਾਣੀ (ਵਸਤੂ ਜਾਂ ਰੀਤ ਆਦਿ) ਲੁਪਤ ਹੋ ਜਾਂਦੀ ਹੈ। ਸਭਿਆਚਾਰ ਦੇ ਵਿੱਚ ਅਜਿਹਾ ਹੋਣਾ ਅਸਹਿਜ ਘਟਨਾ ਹੈ। ਸਭਿਆਚਾਰ ਦੇ ਵਿੱਚ ਪੁਰਾਤਨ ਨੂੰ ਵੀ ਨਾਲ ਲੈ ਕੇ ਚਲਿਆ ਜਾਂਦਾ ਸੀ। ਅੱਜ ਦੀ ਸੱਚਾਈ ਕੁਝ ਹੋਰ ਹੈ। ਪੁਰਾਤਨ ਨੂੰ ਭੁੱਲ ਕੇ ਨਵੇਂ ਮਾਹੌਲ ਦੇ ਵਿੱਚ ਮਨੁੱਖ ਜੀਅ ਰਿਹਾ ਹੈ।

ਆਪਣੇ ਸਮੁੱਚੇ ਖੋਜ ਕਾਰਜ ਨੂੰ ਚਾਰ ਭਾਗਾਂ ਦੇ ਵਿੱਚ ਵੰਡਿਆ ਗਿਆ ਹੈ। ਅਧਿਐਨ ਕਾਰਜ ਦੇ ਆਰੰਭ ਵਿੱਚ ਭੂਮਿਕਾ ਅਤੇ ਅੰਤ ਉੱਤੇ ਦਰਜ ਸਿੱਟੇ ਅਤੇ ਸਥਾਪਨਾਵਾਂ ਆਦਿ ਤੋਂ ਇਲਾਵਾ ਮੁਲਾਕਾਤਾਂ ਨੂੰ ਅੰਤਿਕਾ ਦੇ ਰੂਪ ਵਿੱਚ ਦਰਜ ਕੀਤਾ ਗਿਆ ਹੈ।

- **ਅਧਿਆਇ ਪਹਿਲਾ : ਖਪਤ ਸਭਿਆਚਾਰ ਦਾ ਸਿਧਾਂਤਕ ਪਰਿਪੇਖ**
- **ਦੂਸਰਾ ਅਧਿਆਇ : ਪੰਜਾਬ ਦੇ ਸਮਾਜ-ਸਭਿਆਚਾਰਕ ਜੀਵਨ ਵਿਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ**
- **ਤੀਸਰਾ ਅਧਿਆਇ : ਪੰਜਾਬ ਦੇ ਆਰਥਕ ਜੀਵਨ ਵਿੱਚ ਖਪਤਵਾਦੀ ਸਭਿਅਚਾਰ ਦੇ ਪੈਂਦੇ ਪ੍ਰਭਾਵ**
- **ਚੌਥਾ ਅਧਿਆਇ : ਪੰਜਾਬ ਦੇ ਰਾਜਨੀਤਿਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ**

ਖਪਤ ਸਭਿਆਚਾਰ ਦਾ ਆਗਮਨ ਨਵੀ ਤਕਨਾਲੋਜੀ ਦੇ ਨਾਲ ਹੀ ਹੋਇਆ ਹੈ। ਇਸਨੇ ਨਵੇਂ ਬਦਲਾਵਾਂ ਦੇ ਨਾਲ ਮਾਨਵ ਨੂੰ ਨਵੇਂ ਮੌਕੇ ਵੀ ਦਿੱਤੇ। ਹਰ ਨਵਾਂ ਆਗਮਨ ਆਪਣੇ ਨਾਲ ਚੰਗਾ ਜਾਂ ਮਾੜਾ ਪ੍ਰਭਾਵ ਲੈ ਕੇ ਹੀ ਆਉਂਦਾ ਹੈ। ਇਹ ਵੇਖਣ ਵਾਲੇ ਦੀ ਦ੍ਰਿਸ਼ਟੀ ਉੱਤੇ ਨਿਰਭਰ ਕਰਦਾ ਹੈ। ਉਹ ਪਰਿਵਰਤਨ ਨੂੰ ਕਿਵੇਂ ਲੈਂਦਾ ਹੈ ਕਿਉਂਕਿ ਪਰਿਵਰਤਨ ਬਹੁਤ ਤੇਜ਼ੀ ਨਾਲ ਵਾਪਰ ਜਾਂਦਾ ਹੈ। ਮਾਨਵ ਇਸ ਪਰਿਵਰਤਨ ਨੂੰ ਹੌਲੀ ਹੌਲੀ ਅਪਣਾਉਂਦਾ ਹੈ। ਇਸੇ ਤਰ੍ਹਾਂ ਹੀ ਖਪਤ ਸਭਿਆਚਾਰ ਦਾ ਪ੍ਰਭਾਵ ਸਮਾਜ ਉੱਤੇ ਚੰਗਾ ਵੀ ਪਿਆ

ਅਤੇ ਮਾੜਾ ਵੀ ਪਿਆ ਹੈ। ਖਪਤ ਸਭਿਆਚਾਰ ਆਪਣੇ ਨਾਲ ਰਹਿਣ-ਸਹਿਣ ਅਤੇ ਕੰਮ ਕਰਨ ਦੇ ਨਵੇਂ ਤੌਰ ਤਰੀਕੇ ਲੈ ਕੇ ਆਇਆ ਜਿਸ ਨੂੰ ਹਰ ਇੱਕ ਨੇ ਅਪਨਾਇਆ ਉੱਥੇ ਹੀ ਇਸ ਨੇ ਪੁਰਾਤਨ ਰਹਿਣ-**ਸਹਿਣ** ਅਤੇ ਤੌਰ-ਤਰੀਕੇ ਬਦਲ ਕੇ ਰੱਖ ਦਿੱਤੇ। ਇਸ ਨਾਲ ਸਮਾਜ ਦੇ ਵਿੱਚ ਨਿਘਾਰ ਵੀ ਆਇਆ ।

**ਹੱਥਲੇ ਖੋਜ ਕਾਰਜ ਦੇ ਪਹਿਲੇ ਅਧਿਆਇ ਦੇ "ਖਪਤ ਸਭਿਆਚਾਰ: ਸਿਧਾਂਤਕ ਪਰਿਪੇਖ"** ਵਿੱਚ ਖਪਤ ਸਭਿਆਚਾਰ ਦੇ ਪੈਦਾ ਹੋਣ ਤੋਂ ਲੈ ਕੇ ਵਿਗਸਨ ਤੱਕ ਦੀ ਪਛਾਣ ਕੀਤੀ ਗਈ ਹੈ। ਇਸ ਖੋਜ ਕਾਰਜ ਦੇ ਵਿੱਚ ਖਪਤ ਸਭਿਆਚਾਰ ਦੇ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਅਧਿਆਇ ਨੂੰ ਅੱਠ ਭਾਗਾਂ ਦੇ ਵਿੱਚ ਵੰਡਿਆ ਗਿਆ ਹੈ। ਖਪਤ ਸਭਿਆਚਾਰ ਦੇ ਬਾਰੇ ਸਭ ਤੋਂ ਪਹਿਲਾਂ ਜਾਣਕਾਰੀ ਸਟੂਅਸ ਏਵਨਸ ਨੇ ਦਿੱਤੀ ਸੀ। ਇਹ ਇੱਕ ਵਰਤਾਰਾ ਸਿਰਜਣ ਦੇ ਵਿੱਚ ਮਾਹਿਰ ਹੈ। ਇਹ ਮਨੁੱਖ ਦੇ ਲਈ ਇੱਕ ਪਿੰਜਰਾ ਤਿਆਰ ਕਰਦਾ ਹੈ ਜਿਸ ਦੇ ਵਿੱਚ ਮਨੁੱਖ ਆਪਣੇ ਆਪ ਆ ਕੇ ਫਸ ਜਾਂਦਾ ਹੈ। ਖਪਤ ਸਭਿਆਚਾਰ ਮਨੁੱਖ ਨੂੰ ਜੋੜਣ ਦੀ ਥਾਂ ਤੋੜਣ ਦੀ ਧਾਰਨਾ ਉੱਤੇ ਕੰਮ ਕਰਦਾ ਹੈ। ਇਹ ਮਨੁੱਖੀ ਜੀਵਨ ਦੇ ਵਿੱਚੋਂ ਬੱਚਤ/ਪੈਸੇ ਜੋੜਣ ਦੀ ਧਾਰਨਾ ਨੂੰ ਖਤਮ ਕਰਨ ਉੱਤੇ ਲਗਾਇਆ ਹੋਇਆ ਹੈ। ਮਨੁੱਖ ਨੂੰ ਨਵੇ ਨਵੇਂ ਸਬਜ਼ ਬਾਗ ਦਿਖਾ ਕੇ ਕਰਜ਼ਾਈ ਕਰਨ ਉੱਤੇ ਲਗਾਇਆ ਹੋਇਆ ਹੈ ਪਰ ਇਸ ਨੇ ਮਨੁੱਖ ਨੂੰ ਆਪਣੇ ਜਾਲ ਦੇ ਵਿੱਚ ਫਸਾਉਣ ਦੇ ਲਈ ਈ. ਐਮ. ਆਈ ਦੀ ਵਿਵਸਥਾ ਕੀਤੀ ਹੋਈ ਹੈ। ਮਨੁੱਖ ਦੁਕਾਨ ਤੇ ਹੋਵੇ ਜਾਂ ਆਨਲਾਈਨ ਖਰੀਦਾਰੀ ਕਰਦਾ ਹੋਵੇ, ਦੋਵੇ ਥਾਵਾਂ ਦੇ ਉੱਤੇ ਈ. ਐਮ. ਆਈ ਦੀ ਘਾੜਤ ਕੀਤੀ ਹੁੰਦੀ ਹੈ। ਖਪਤ ਸਭਿਆਚਾਰ ਦਾ ਉਦੇਸ਼ ਪੂਰਾ ਹੁੰਦਾ ਦਿਖਾਈ ਦਿੰਦਾ ਹੈ। ਨਿੱਜੀਕਰਨ ਦੇ ਰਾਹੀਂ ਸਰਕਾਰੀ ਸੰਸਥਾਵਾਂ ਵੀ ਪ੍ਰਾਈਵੇਟ ਦੇ ਵਿੱਚ ਤਬਦੀਲ ਹੋ ਰਹੀਆਂ ਹਨ। ਕੁਝ ਕੁ ਹੀ ਸਰਕਾਰੀ ਸੰਸਥਾਵਾਂ ਬਚੀਆਂ ਹਨ, ਬਾਕੀ ਲਗਭਗ ਸਾਰੀਆਂ ਹੀ ਪ੍ਰਾਈਵੇਟ ਸੰਸਥਾਵਾਂ ਦੇ ਵਿੱਚ ਬਦਲ ਚੁੱਕੀਆਂ ਹਨ।

ਨਿੱਜੀਕਰਨ ਦੇ ਕਾਰਨ ਮਨੁੱਖ ਦੀ ਨੌਕਰੀ ਵੀ ਸੁਰੱਖਿਅਤ ਨਹੀ ਹੈ, ਨੌਕਰੀ ਤੋਂ ਕੱਢਣ ਦਾ ਡਰ ਬਣਿਆ ਹੀ ਰਹੇਗਾ। ਖਪਤ ਸਭਿਆਚਾਰ ਦਾ ਮੁੱਖ ਉਦੇਸ਼ ਲਾਭ ਪ੍ਰਾਪਤ ਕਰਨਾ ਹੈ। ਇਹ ਆਪਣੀ ਲਾਭ ਪ੍ਰਾਪਤੀ ਦੇ ਲਈ ਨਵੇਂ-ਨਵੇਂ ਤੌਰ-ਤਰੀਕੇ ਪੈਦਾ ਕਰਦਾ ਰਹਿੰਦਾ ਹੈ। ਖਪਤ ਸਭਿਆਚਾਰ ਨੇ ਮਨੁੱਖੀ ਏਕਤਾ

ਅਤੇ ਅੰਖਡਤਾ ਨੂੰ ਨੁਕਸਾਨ ਪਹੁੰਚਾਇਆ ਹੈ। ਪੁਰਾਣੀ ਜੀਵਨ ਵਿਵਸਥਾ ਤੋਂ ਦੂਰ ਹੋ ਕੇ ਨਵੀਨ ਜੀਵਨ ਵਿਵਸਥਾ ਨੂੰ ਧਾਰਨ ਕਰ ਲਿਆ ਹੈ ਜਿਸ ਨੇ ਮਨੁੱਖ ਦੀ ਮਨੁੱਖਤਾ ਖਤਮ ਹੀ ਕਰ ਦਿੱਤੀ ਹੈ। ਉਤਪਾਦਨ ਦੇ ਨਾਲ ਪਰਿਵਰਤਨ ਸਮਾਜ ਦਾ ਹਿੱਸਾ ਬਣਾਇਆ ਹੈ। ਪਰਿਵਰਤਨ ਕੁਦਰਤ ਦਾ ਨੇਮ ਵੀ ਹੈ। ਪੰਜਾਬ ਦੇ ਵਿੱਚ ਖਪਤ ਸਭਿਆਚਾਰ ਦਾ ਪ੍ਰਭਾਵ 90 ਦੇ ਦਹਾਕੇ ਤੋਂ ਬਾਅਦ ਹੋਇਆ। ਇਹ ਅਸਲ ਦੇ ਵਿੱਚ ਵਿਸ਼ਵੀਕਰਨ ਦੇ ਨਾਲ ਹੀ ਪੈਦਾ ਹੋਇਆ। ਸਮਾਜ ਦੇ ਵਿੱਚ ਵਿਸ਼ਵੀਕਰਨ ਦੇ ਆਗਮਨ ਦੇ ਨਾਲ ਤਕਨੀਕੀ ਸਾਧਨ ਵੀ ਆਏ ਜਿਨ੍ਹਾਂ ਨੇ ਮਨੁੱਖੀ ਸਮਾਜ ਨੂੰ ਸੌਖਿਆਂ ਕਰਨ ਦੇ ਨਾਲ ਪੂਰੇ ਸੰਸਾਰ ਦੇ ਨਾਲ ਮਿੰਟਾਂ ਦੇ ਵਿੱਚ ਜੋੜ ਦਿੱਤਾ ਜਿਸ ਨੇ ਵਪਾਰ ਦੇ ਨਵੇਂ ਸਾਧਨਾਂ ਨੂੰ ਪ੍ਰਫੁੱਲਤ ਕੀਤਾ ਜਿਵੇਂ ਕਿ ਔਨਲਾਈਨ ਵਪਾਰ, ਟੀ. ਵੀ ਅਤੇ ਵਿਗਿਆਪਨਾਂ ਦੇ ਰਾਹੀਂ ਹੋਣ ਲੱਗ ਪਿਆ। ਵਪਾਰ ਵਿਕਾਸ ਦੇ ਲਈ ਨਵੇਂ ਨਵੇਂ ਢੰਗ ਤਰੀਕੇ ਅਪਣਾਉਂਦਾ ਹੈ।

ਪੰਜਾਬੀ ਸਭਿਆਚਾਰ ਦਾ ਹਰ ਪੱਖ ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਆਇਆ ਹੈ। ਉਦਾਹਰਨ ਦੇ ਤੌਰ ਤੇ ਪੰਜਾਬੀ ਦੇ ਹਰ ਘਰ ਵਿੱਚ ਟੀ.ਵੀ, ਕਾਰ, ਫਰਿਜ਼ ਆਦਿ ਜ਼ਰੂਰ ਹੋਵੇਗਾ। ਇਸ ਨੂੰ ਵਧਾਉਣ ਦੇ ਵਿਚ ਸੋਸ਼ਲ ਮੀਡੀਆ ਆਪਣੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸਮਾਜ ਦਾ ਆਰਥਕ ਵਿਕਾਸ ਪੂੰਜੀ ਦੇ ਨਿਵੇਸ਼ ਉੱਪਰ ਨਿਰਭਰ ਕਰਦਾ ਹੈ। ਖਪਤ ਦਾ ਮੁੱਖ ਮੰਤਵ ਵਸਤਾਂ ਦੇ ਨਿਵੇਸ਼ ਵਿੱਚ ਵਾਧਾ ਕਰਨਾ ਹੈ। ਪੂੰਜੀ ਦੇ ਕਰਕੇ ਹੀ ਸਮਾਜਕ ਅਤੇ ਆਰਥਕ ਸਰਗਰਮੀਆਂ ਤੇਜ਼ ਹੁੰਦੀਆਂ ਹਨ। ਖਪਤ ਇੱਕ ਅਜਿਹਾ ਸਿਸਟਮ ਹੈ, ਜੋ ਹਰ ਸਥਾਨ ਤੇ ਪਾਇਆ ਜਾਂਦਾ ਹੈ। ਇਹ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਕਲਾਵੇ ਵਿੱਚ ਲੈਣ ਦੀ ਕੋਸ਼ਿਸ਼ ਕਰਦਾ ਹੈ ਅਤੇ ਮਨੁੱਖੀ ਸਭਿਆਚਾਰ ਉਸ ਦੇ ਰਹਿਣ ਸਹਿਣ ਨੂੰ ਵੀ ਪ੍ਰਭਾਵਿਤ ਕਰਦਾ ਹੈ। ਖਪਤ ਸਭਿਆਚਾਰ 18 ਵੀਂ 19 ਵੀਂ ਸਦੀ ਦੇ ਵਿੱਚ ਉਭਰ ਕੇ ਸਾਹਮਣੇ ਆਇਆ ਹੈ। ਇਹ ਬਜ਼ਾਰੀ ਵਿਵਸਥਾ ਦਾ ਨਵਾਂ ਸਿਧਾਂਤ ਪੇਸ਼ ਕਰਦਾ ਹੈ। ਜਿਸ ਦੇ ਵਿੱਚ ਇਸ਼ਤਿਹਾਰਬਾਜ਼ੀ ਅਤੇ ਮੀਡੀਆ ਨੂੰ ਵੀ ਸ਼ਾਮਿਲ ਕੀਤਾ ਗਿਆ। ਇਹ ਸਮਾਜ ਨੂੰ ਨਵੀਨ ਰੂਪ ਦੇ ਵਿੱਚ ਪੇਸ਼ ਕਰਦਾ ਹੈ। ਸੰਸਕ੍ਰਿਤੀ ਦੇ ਵਿਹਾਰ ਨੂੰ ਵਰਤਣ ਤੋਂ ਗੁਰੇਜ਼ ਨਹੀ ਕਰਦਾ ਹੈ।ਇਹ ਸਮਾਜ ਨੂੰ ਵੱਖ-ਵੱਖ ਸਮੂਹਾਂ ਦੇ ਰੂਪ ਵਿੱਚ ਦੇਖਦਾ ਹੈ। ਇਹ

ਗਾਹਕਾਂ ਦੇ ਲਈ ਵਿਚੋਲਗੀ ਦਾ ਕੰਮ ਕਰਦਾ ਹੈ। ਅਸਲ ਵਿੱਚ ਇਹ ਬਜ਼ਾਰ ਅਤੇ ਖਪਤਕਾਰਾਂ ਨੂੰ ਜੋੜਨ ਦਾ ਕੰਮ ਕਰਦਾ ਹੈ। ਵਪਾਰਕ ਪੱਧਰ ਉੱਤੇ ਉਤਪਾਦਨਾਂ ਦੀ ਪਛਾਣ ਸਥਾਪਿਤ ਕਰਨ ਦੇ ਵਿੱਚ ਮਦਦ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਖਪਤਕਾਰ ਕਿਵੇਂ ਦੇ ਹਨ? ਵਿਗਿਆਪਨ, ਬਰੈਂਡ, ਨੂੰ ਵਿਅਕਤੀਗਤ ਅਤੇ ਸਮਾਜਕ ਹਾਲਤਾਂ ਨਾਲ ਜੋੜ ਕੇ ਦਰਸਾਇਆ ਜਾਂਦਾ ਹੈ। ਖਪਤ ਸਭਿਆਚਾਰ ਨੂੰ ਸਮਝਣ ਦੇ ਲਈ ਬਜ਼ਾਰ ਦੇ ਹਾਲਤਾਂ ਨੂੰ ਸਮਝਣਾ ਪਏਗਾ। ਬਜ਼ਾਰ ਦੇ ਵਿੱਚ ਨਿੱਤ ਪਰਿਵਰਤਨਾਂ ਦੀ ਲੜੀ ਆਉਂਦੀ ਹੈ। ਹਰ ਨਵੀਂ ਤੋਂ ਨਵੀਂ ਵਸਤ ਨੂੰ ਵੇਚਣ ਅਤੇ ਘਰ ਘਰ ਪਹੁੰਚਾਉਣਾ ਮੂਲ ਮਕਸਦ ਹੈ। ਖਪਤ ਸਭਿਆਚਾਰ ਨੂੰ ਫੈਲਾਉਣ ਦੇ ਵਿੱਚ ਤਕਨੀਕੀ ਸਾਧਨ ਦਾ ਪੂਰਾ ਹੱਥ ਹੈ। ਇਹ ਸ਼ੈਅ ਨੇ ਤਕਨੀਕਾਂ ਦੇ ਰਾਹੀਂ ਘਰ ਘਰ ਤੱਕ ਪਹੁੰਚ ਕੀਤੀ ਹੈ ਜਿਵੇਂ ਕਿ ਮੋਬਾਇਲ, ਫੇਸਬੁੱਕ, ਟੀ.ਵੀ, ਰੇਡੀਉ ਆਦਿ ਨੇ ਕੀਤਾ ਹੈ। ਟੀ.ਵੀ, ਇੰਟਰਨੈੱਟ ਉਪਰ ਭਾਂਤ ਭਾਂਤ ਦੇ ਇਸ਼ਤਿਹਾਰ ਮਿਲ ਜਾਂਦੇ ਹਨ, ਜੋ ਇਸ ਦੀ ਸਾਖ ਭਰਦੇ ਹਨ। ਖਪਤ ਸਭਿਆਚਾਰ ਇਕ ਭੁਲੇਖਾ ਹੈ। ਇਹ ਭਰਮ-ਭੁਲੇਖਾ ਸਿਰਜ ਕੇ ਲੋਕਾਂ ਦੇ ਮਨਾਂ ਨੂੰ ਭਰਮਾਉਂਦਾ ਹੈ। ਲੋਕ ਆਕਰਸ਼ਿਤ ਹੋ ਕੇ ਵਸਤਾਂ ਦੇ ਵੱਲ ਖਿੱਚੇ ਜਾਂਦੇ ਹਨ। ਵਸਤਾਂ ਦੇ ਨਾਲ ਸੰਬੰਧਿਤ ਵੈੱਬਸਾਈਟ ਵੀ ਮਿਲ ਜਾਂਦੀਆਂ ਹਨ ਜਿਨ੍ਹਾਂ ਤੇ ਜਾ ਕੇ ਖਪਤਕਾਰ ਆਪਣੇ ਵਿਚਾਰਾਂ ਨੂੰ ਸਾਂਝਾ ਕਰਦਾ ਹੈ ਜਿਵੇਂ ਕੋਕਾ ਕੋਲਾ, ਐਪਲ ਕੰਪਿਊਟਰ ਆਦਿ। ਇਨ੍ਹਾਂ ਵਸਤਾਂ ਨੇ ਖਾਉ-ਪੀਉ, ਐਸ਼ ਕਰੋ ਮਿਤਰੋ ਦੀ ਧਾਰਨਾ ਨੂੰ ਆਦਰਸ਼ ਬਣਾ ਕੇ ਪੇਸ਼ ਕੀਤਾ ਹੈ। ਮੀਡੀਆ ਹੀ ਸਭਿਆਚਾਰ ਨੂੰ ਸਮਾਜ ਵਿਚ ਫੈਲਾ ਰਿਹਾ ਹੈ ਅਤੇ ਨਵੀਨ ਸਭਿਆਚਾਰ ਨੂੰ ਪੈਦਾ ਕਰ ਰਿਹਾ ਹੈ। ਟੈਲੀਵਿਜ਼ਨ, ਇੰਟਰਨੈਟ, ਸੈਲਫੋਨ, ਕੰਪਿਊਟਰ ਆਦਿ ਰਾਹੀਂ ਖਪਤ ਸਭਿਆਚਾਰ ਜ਼ਿਆਦਾ ਕਿਰਿਆਸ਼ੀਲ ਹੋ ਰਿਹਾ ਹੈ। ਇਹ ਵਪਾਰ ਕਰਨ ਦੇ ਹੀ ਢੰਗ ਤਰੀਕਿਆਂ ਵਿਚੋਂ ਇਕ ਹੈ।

ਵਪਾਰ ਪ੍ਰਚਾਰ ਤੋਂ ਬਿਨ੍ਹਾਂ ਅਧੂਰਾ ਹੈ। ਇਸ ਦੇ ਪ੍ਰਚਾਰ ਦਾ ਸਭ ਤੋਂ ਵੱਡਾ ਸਾਧਨ ਟੀ.ਵੀ ਅਤੇ ਉਸ ਦੇ ਵੱਖੋ-ਵੱਖਰੇ ਸਾਧਨ ਹਨ। ਟੀ.ਵੀ ਉਪਰ ਦਿਲਚਸਪੀ ਪੈਦਾ ਕਰਨ ਲਈ ਹਲਕੇ ਕਿਸਮ ਦੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ, ਇਹਨਾਂ ਪ੍ਰੋਗਰਾਮਾਂ ਨੇ ਸਮਾਜ ਵਿਚ ਅਸ਼ਲੀਲਤਾ ਨੂੰ ਵਧਾਇਆ ਹੈ। ਵਸਤਾਂ ਦੇ ਵਪਾਰ ਵਿੱਚ ਇਸ਼ਤਿਹਾਰਬਾਜ਼ੀ ਅਤੇ ਮਾਰਕੀਟਿੰਗ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ ਜਿਨ੍ਹਾਂ ਦੇ ਰਾਹੀਂ ਵਸਤਾਂ ਦੇ ਗੁਣ

ਅਤੇ ਔਗਣਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਟੀ.ਵੀ ਉੱਤੇ ਅਨੇਕਾਂ ਪ੍ਰਕਾਰ ਦੇ ਇਸ਼ਤਿਹਾਰਾਂ ਦੀ ਜਾਣਕਾਰੀ ਮਿਲ ਜਾਂਦੀ ਹੈ। ਇਹਨਾਂ ਨੇ ਮਨੁੱਖ ਨੂੰ ਖਪਤ ਬਣਾ ਦਿੱਤਾ ਹੈ। ਭਾਸ਼ਾ ਦੇ ਰਾਹੀਂ ਖਪਤ ਸਭਿਆਚਾਰ ਬਹੁਤ ਜਲਦੀ ਫੈਲਦਾ ਹੈ ਕਿਉਂਕਿ ਭਾਸ਼ਾ ਹੀ ਇੱਕ ਅਜਿਹਾ ਮਾਧਿਅਮ ਹੈ, ਇਸ ਦੇ ਨਾਲ ਘਰ ਘਰ ਪਹੁੰਚ ਸੌਖੀ ਹੋ ਜਾਂਦੀ ਹੈ। ਸਮਾਜ ਦੇ ਵਿੱਚ ਖਪਤ ਸਭਿਆਚਾਰ ਨੂੰ ਫੈਲਣ ਤੋ ਨਾ ਕੋਈ ਰੋਕ ਸਕਦਾ ਹੈ ਅਤੇ ਨਾ ਕਿਸੇ ਨੇ ਕਦੀ ਰੋਕਿਆ ਹੈ। ਇਹ ਹੋਰ ਸ਼ਕਤੀਸ਼ਾਲੀ ਹੋ ਕੇ ਅੱਗੇ ਤੋਂ ਅੱਗੇ ਵੱਧਦਾ ਹੀ ਜਾਵੇਗਾ। ਵਰਤਮਾਨ ਸਮੇਂ ਦੇ ਵਿੱਚ 'ਖਪਤ ਸਭਿਆਚਾਰ' ਦਾ ਪ੍ਰਭਾਵ ਆਪਣੇ ਪੂਰੇ ਜੋਬਨ ਉੱਤੇ ਚਲ ਰਿਹਾ ਹੈ। ਵਿਸ਼ਵੀਕਰਨ, ਉਤਰ-ਆਧੁਨਿਕਤਾ ਤੋਂ ਬਾਅਦ ਖਪਤ ਸਭਿਆਚਾਰ ਦਾ ਆਗਮਨ ਹੋਇਆ ਹੈ। 'ਖਪਤ'ਨੇ ਆਪਣਾ ਪ੍ਰਮੁੱਖ ਕੇਂਦਰ ਮਨੁੱਖ ਨੂੰ ਬਣਾਇਆ ਹੈ। ਮਨੁੱਖ ਜਾਤੀ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਉਸ ਸਮੇਂ ਦੇ ਲੋਕ ਆਪਣੀ ਉਪਜੀਵਕਾ ਦੇ ਲਈ ਥਾਂ-ਥਾਂ ਭਟਕਦੇ ਫਿਰਦੇ ਸਨ। ਉਪਜੀਵਕਾ ਕਮਾਉਣ ਦੇ ਸਾਧਨ ਘੱਟ ਸਨ। ਜ਼ਿਆਦਾ ਉਹ ਆਪਣੇ ਪੇਟ ਦੀ ਭੁੱਖ ਸ਼ਿਕਾਰ ਕਰਕੇ ਮਿਟਾਉਂਦੇ ਸਨ। ਹੌਲੀ-ਹੌਲੀ ਮਨੁੱਖ ਨੇ ਅੱਗ ਨੂੰ ਜਲਾਉਣਾ ਸਿੱਖ ਲਿਆ ਸੀ। ਜਿਸ ਤੋਂ ਬਾਅਦ ਹੀ ਮਨੁੱਖ ਨੇ ਕੁਦਰਤ ਨੂੰ ਆਪਣੇ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ।

ਖਪਤ ਸਭਿਆਚਾਰ ਦਾ ਆਗਮਨ 17 ਵੀਂ ਅਤੇ 18 ਵੀਂ ਸਦੀ ਦੇ ਵਿੱਚ ਮੰਨਿਆ ਜਾਂਦਾ ਹੈ। ਇਸਦਾ ਆਗਮਨ ਪਹਿਲਾਂ ਵਿਦੇਸ਼ੀ ਧਰਤੀ 'ਤੇ ਹੋਇਆ। ਉੱਥੋ ਚਲਦਾ ਹੋਇਆ ਇਹ ਭਾਰਤ ਦੀ ਧਰਤੀ ਉੱਤੇ ਪੁੱਜਾ। ਖਪਤ ਦਾ ਆਰੰਭ ਭਾਰਤ ਦੇ ਵਿੱਚ ਅੰਗਰੇਜ਼ਾਂ ਦੇ ਆਉਣ ਨਾਲ ਹੋਇਆ। ਭਾਰਤ ਤੋਂ ਵਸਤਾਂ ਆਯਾਤ ਤੇ ਨਿਰਯਾਤ ਹੋਣ ਲੱਗ ਪਈਆਂ ਸਨ। ਭਾਰਤ ਤੋਂ ਬ੍ਰਿਟੇਨ ਦੇ ਲਈ ਵਸਤਾਂ ਕਾਨੂੰਨੀ ਤੇ ਗੈਰ-ਕਾਨੂੰਨੀ ਰੂਪ ਵਿੱਚ ਆਯਾਤ ਹੋਣੀਆਂ ਸ਼ੁਰੂ ਹੋ ਗਈਆਂ ਸਨ। ਜ਼ਿਆਦਾਤਰ ਇਹ ਵਸਤੂਆਂ ਬ੍ਰਿਟੇਨ ਦੇ ਮੂਲ ਨਿਵਾਸੀਆਂ ਦੇ ਲਈ ਭੇਜੀਆਂ ਜਾਂਦੀਆਂ ਸਨ।ਬ੍ਰਿਟੇਨ ਦੇ ਵਿੱਚ ਰਹਿੰਦੇ ਭਾਰਤ ਦੇ ਉੱਚ ਵਰਗਾਂ ਦੇ ਲਈ ਵੀ ਸਮਾਨ ਭੇਜਿਆ ਜਾਂਦਾ ਸੀ ਜੋ ਉਹਨਾਂ ਦੇਸ਼ਾਂ ਦੇ ਵਿੱਚ ਉੱਚ ਵਿਦਿਆ ਪ੍ਰਾਪਤੀ ਦੇ ਲਈ ਗਏ ਸਨ। ਭਾਰਤ ਦੇ ਵਿੱਚ ਖਪਤ ਦਾ ਪ੍ਰਸਾਰ ਅੰਗਰੇਜ਼ਾਂ ਦੇ ਆਗਮਨ ਦੇ ਨਾਲ ਹੀ ਹੋਇਆ ਸੀ। ਉਹਨਾਂ ਦੇ ਆਉਣ ਨਾਲ ਵਪਾਰਕ ਕੰਪਨੀਆਂ ਵੀ ਭਾਰਤ ਦੇ ਵਿੱਚ ਆਈਆਂ ਸਨ। ਲੋਕਾਂ ਨੂੰ ਕਿੱਤੇ ਕਰਨ ਦੇ ਨਵੇਂ ਮੌਕੇ ਮਿਲ ਰਹੇ ਸਨ।

ਸ਼ੁਰੂਆਤੀ ਦੌਰ ਦੇ ਵਿੱਚ ਉਪਭੋਗਤਾ ਦੀ ਚਾਹਤ ਸਿਰਫ਼ ਭਾਰਤੀ ਉੱਚ ਵਰਗ ਅਤੇ ਅੰਗਰੇਜ਼ਾਂ ਤੱਕ ਹੀ ਸਿਮਟ ਕੇ ਰਹਿ ਗਈ ਸੀ। ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਉੱਤੇ ਵਾਰ ਸੀ ਕਿਉਂਕਿ ਦੇਸੀ ਵਸਤਾਂ ਨੂੰ ਛੱਡ ਕੇ ਵਿਦੇਸ਼ੀ ਕੰਪਨੀਆਂ ਦਾ ਪਸਾਰ ਭਾਰਤ ਦੇ ਵਿੱਚ ਹੋ ਚੁੱਕਾ ਸੀ। ਨਵ-ਸਾਮਰਾਜੀ ਵਿਵਸਥਾ ਮੁਲਕਾਂ ਤੇ ਗ਼ੈਰ ਸਾਮਰਾਜੀ ਮੁਲਕਾਂ ਵਿੱਚ ਵੰਡਿਆਂ ਹੋਇਆ ਹੈ। ਇਸ ਲਈ ਪੈਦਾਵਾਰ ਦੀ ਵੰਡ ਵੀ ਆਸਾਵੀਂ ਹੁੰਦੀ ਹੈ, ਜਿਨ੍ਹਾਂ ਵਿਚੋਂ 80% ਕਾਮਿਆਂ ਨੂੰ ਲੋੜ ਨਾਲੋਂ ਵੀ ਘੱਟ ਮੁਆਵਜ਼ਾ ਮਿਲਦਾ ਹੈ।ਭਿੰਨ-ਭਿੰਨ ਜ਼ਰੀਏ ਬਣਦੇ ਹਨ, ਜਿਸ ਦੇ ਦੁਆਰਾ ਮਨੁੱਖ ਖਪਤ ਦੀ ਲਾਲਸਾ ਦੇ ਸ਼ਿਕਾਰੀ ਬਣਦੇ ਜਾ ਰਹੇ ਹਨ ਅਤੇ ਜਦੋਂ ਉਹ ਆਪਣੀਆਂ ਜਾਇਜ਼ ਹੀਲਿਆਂ ਵਸੀਲਿਆਂ ਦੇ ਰਾਹੀਂ ਆਪਣੀਆਂ ਮੰਗਾਂ ਨੂੰ ਪੂਰਾ ਨਹੀ ਕਰ ਪਾਉਂਦੇ ਤਾਂ ਉਹ ਘਟੀਆ ਕਿਰਦਾਰ ਦੇ ਲੱਛਣਾਂ ਨੂੰ ਗ੍ਰਹਿਣ ਸੌਖਿਆਂ ਹੀ ਕਰ ਲੈਂਦੇ ਹਨ। ਪੂੰਜੀਪਤੀ ਆਪਣੇ ਮਾਲ ਨੂੰ ਵੱਧ ਤੋਂ ਵੱਧ ਮੁਨਾਫ਼ੇ ਵਿੱਚ ਵੇਚਣ ਲਈ ਦੂਸਰੇ ਪੂੰਜੀਪਤੀਆਂ ਨਾਲ ਮੁਕਾਬਲਾ ਕਰਦੇ ਹਨ। ਇਸ ਮੁਕਾਬਲੇ ਦਾ ਅੰਤ ਵੱਡੀਆਂ ਵੱਡੀਆਂ ਲੜਾਈਆਂ ਦੇ ਨਾਲ ਹੁੰਦਾ ਹੈ ਜਿਸ ਵਿੱਚ ਤਾਕਤਵਾਰ ਦੇਸ਼ ਆਪਣੇ ਤੋਂ ਗਰੀਬ ਮੁਲਕਾਂ ਨੂੰ ਗ਼ੁਲਾਮ ਬਣਾਉਂਦੇ ਅਤੇ ਪਹਿਲਾਂ ਤੋਂ ਹੀ ਗ਼ੁਲਾਮ ਮੁਲਕਾਂ ਦਾ ਦੁਬਾਰਾ ਤੋਂ ਬਟਵਾਰਾ ਕਰਦੇ ਹਨ। ਗ਼ਰੀਬ ਵਰਗ ਉਪਰ ਅੱਤਿਆਚਾਰ ਕਰਨ ਲਈ ਵੱਖੋ-ਵੱਖਰੇ ਢੰਗ ਤਰੀਕੇ ਵਰਤਦੇ ਹਨ।

ਅਮੀਰ ਵਰਗ ਪ੍ਰੈੱਸ, ਅਖ਼ਬਾਰ, ਸਿਨੇਮਾ, ਰੇਡੀਓ, ਟੈਲੀਵਿਜ਼ਨ ਆਦਿ ਦੇ ਮਾਲਕ ਬਣਾਏ ਹੋਏ ਹਨ। ਭੂਮੀਮੰਡਲੀਕਰਨ ਦੀ ਇੱਕ ਪ੍ਰਕਿਰਿਆ ਹੈ, ਜਿਸ ਦੇ ਆਪਣੇ ਨਿਯਮ ਹਨ। ਇਹਨਾਂ ਨਿਯਮਾਂ ਦੀ ਪਾਲਣਾ ਅਤੇ ਬਾਕੀਆਂ ਨੂੰ ਇਸੇ ਦੇ ਅਨੁਸਾਰੀ ਹੋ ਕੇ ਚਲਣਾ ਪਵੇਗਾ। ਇਹ ਹੀ ਤੈਅ ਕਰੇਗੀ ਕਿ ਮਨੁੱਖ ਦੀ ਸਥਿਤੀ ਕਿਵੇਂ ਦੀ ਹੋਵੇਗੀ। ਭੂਮੀਮੰਡਲੀਕਰਨ ਦੇ ਪ੍ਰਭਾਵ ਸਦਕਾ ਬਜ਼ਾਰ ਦੀ ਸਥਿਤੀ ਬਦਲ ਗਈ। ਜਿਸ ਦਾ ਸਿੱਟਾ ਇਹ ਨਿਕਲਿਆ ਉਤਾਪਦਨ ਅਤੇ ਖਪਤਕਾਰ ਦਾ ਸਿੱਧਾ ਸੰਬੰਧ ਟੁੱਟ ਗਿਆ। ਪਹਿਲਾਂ ਉਤਾਪਦਨ ਕਰਤਾ ਅਤੇ ਖਪਤਕਾਰ ਦੇ ਲੈਣ-ਦੇਣ ਵਿਚਕਾਰ ਕੋਈ ਮਾਧਿਅਮ ਨਹੀ ਬਣਦਾ ਸੀ। ਇਸ ਵਿੱਚ ਦੋਹਾਂ ਧਿਰਾਂ ਦਾ ਫ਼ਾਇਦਾ ਹੁੰਦਾ ਸੀ ਪਰੰਤੂ ਭੂਮੀਮੰਡਲੀਕਰਨ ਦੀ ਪ੍ਰਕਿਰਿਆ ਨੇ ਸਾਰੀ ਅਰਥਵਿਵਸਥਾ ਹੀ ਬਦਲ ਕੇ ਰੱਖ ਦਿੱਤੀ। ਇਸ ਪ੍ਰਕਿਰਿਆ ਨੇ ਮਨੁੱਖ ਨੂੰ ਵੀ ਵਸਤ ਦੇ ਰੂਪ ਵਿੱਚ ਪੇਸ਼ ਕਰਕੇ ਬਜ਼ਾਰ ਦਾ

ਹਿੱਸਾ ਬਣਾ ਦਿੱਤਾ। ਵੱਡੀਆਂ-ਵੱਡੀਆਂ ਕੰਪਨੀਆਂ ਮਨੁੱਖੀ ਮਿਹਨਤ ਤੋਂ ਵੀ ਆਪਣਾ ਮੁਨਾਫ਼ਾ ਕਮਾ ਰਹੀਆਂ ਹਨ। ਭੂਮੀਮੰਡਲੀਕਰਨ ਦੀ ਵਿਵਸਥਾ ਪ੍ਰਚਲਿਤ ਹੋ ਜਾਣ ਤੋਂ ਬਾਅਦ ਇਸ ਦੇ ਵਿੱਚ ਬਦਲਾਅ ਕਰਨੇ ਸ਼ੁਰੂ ਕਰ ਦਿੱਤੇ ਸਨ। ਵਪਾਰਕ ਕੰਪਨੀਆਂ ਨੇ ਆਪਣੇ ਵਪਾਰ ਨੂੰ ਵਧਾਉਣ ਲਈ ਵੱਖੋ-ਵੱਖਰੇ ਢੰਗ ਤਰੀਕੇ ਅਪਣਾਉਣੇ ਸ਼ੁਰੂ ਕਰ ਦਿੱਤੇ। ਨਿਵੇਸ਼ ਕਰਨ ਦੇ ਲਈ ਰੇਲ ਗੱਡੀ, ਸਮੁੰਦਰੀ ਬੇੜੇ ਆਦਿ ਦੇ ਪ੍ਰਬੰਧ ਕੀਤੇ ਗਏ ਸਨ, ਅੱਜ ਦੇ ਸਮੇਂ ਮਨੁੱਖ ਦੀ ਜ਼ਰੂਰਤ ਦਾ ਹਰ ਸਮਾਨ ਮੋਜੂਦ ਹੈ। ਨਵੀਆਂ ਨਵੀਆਂ ਸਹੂਲਤਾਂ ਦੇ ਰਾਹੀਂ ਦੂਰ ਦੁਰਾਡੇ ਬੈਠੀਆਂ ਕੰਪਨੀਆਂ ਆਪਣੇ ਵਪਾਰ ‘ਤੇ ਨਜ਼ਰ ਬਣਾਈ ਰੱਖਦੀਆਂ ਹਨ। ਨਵੀਆਂ ਤਕਨੀਕਾਂ ਨੇ ਕੇਵਲ ਵਪਾਰ ਨੂੰ ਵੱਡਾ ਕੀਤਾ, ਸਗੋਂ ਕੰਪਨੀਆਂ ਨੂੰ ਲੱਖਾਂ ਦਾ ਮੁਨਾਫ਼ਾ ਵੀ ਕਰਵਾਇਆ ਹੈ। ਵਪਾਰ ਦੇ ਵਾਧੇ ਲਈ ਵਪਾਰੀ ਮਨੁੱਖ ਦੀ ਸੋਚ ਉੱਤੇ ਵਾਰ ਕਰਦੇ ਹਨ। ਮਨੁੱਖੀ ਸੋਚਣੀ ਨੂੰ ਆਪਣੇ ਦਾਇਰੇ ਹੇਠ ਕਰਨ ਲਈ ਫ਼ੈਸ਼ਨ ਸ਼ੋਅ ਜਾਂ ਹੋਰ ਸ਼ਾਪਿੰਗ ਦਾ ਆਯੋਜਨ ਦਾ ਦੌਰ ਦਿਨ ਬਦਿਨ ਵਧਦਾ ਜਾ ਰਿਹਾ ਹੈ। ਬਜ਼ਾਰ ਦੇ ਵਿੱਚ ਡੀਜ਼ਾਈਨਰ ਵਸਤਾਂ ਦੇ ਉਤਪਾਦਨ ‘ਦੇ ਨਾਮ ਉੱਤੇ ਰੋਜ਼ ਨਵੀਆਂ ਵਸਤਾਂ ਬਜ਼ਾਰ ਦੇ ਵਿੱਚ ਪੇਸ਼ ਹੋ ਰਹੀਆਂ ਹਨ।

ਇਹ ਸਾਰੀ ਪੇਸ਼ਕਾਰੀ ਉਤਪਾਦਨ ਅਤੇ ਉਤਪਾਦਨ ਵਧਾਉਣ ਦੀਆ ਕੋਸ਼ਿਸ਼ਾਂ ਹੁੰਦੀਆਂ ਹਨ। ਬਜ਼ਾਰ ਵੀ ਨਵੀਆਂ- ਨਵੀਆਂ ਸਹੂਲਤਾਂ ਦੇ ਰਿਹਾ ਹੈ। ਬਜ਼ਾਰ ਸ਼ਾਪਿੰਗ ਕਰਨ ਲਈ ਕ੍ਰੈਡਿਟ ਕਾਰਡ, ਡੈਬਿਟ ਕਾਰਡ, ਨੈੱਟ ਬੈਂਕਿੰਗ ਆਦਿ ਵਰਗੀਆਂ ਸਹੂਲਤਾਂ ਦੇ ਰਿਹਾ ਹੈ। ਇਹਨਾਂ ਤਰੀਕਿਆਂ ਦੇ ਰਾਹੀਂ ਮਨੁੱਖ ਨੂੰ ਉਧਾਰ ਦੀਆਂ ਵਸਤਾਂ ਖਰੀਦਣ ਦੇ ਲਈ ਉਤੇਜਿਤ ਕੀਤਾ ਜਾ ਰਿਹਾ ਹੈ ਜੇਕਰ ਮਨੁੱਖ ਸਮੇਂ ਉੱਤੇ ਉਧਾਰ ਵਾਪਸ ਨਹੀ ਕਰ ਪਾਉਂਦਾ ਤਾਂ ਉਹਨਾਂ ਕੰਪਨੀਆਂ ਨੇ ਉਧਾਰ ਵਾਪਸ ਲੈਣ ਦੇ ਲਈ ਗੁੰਡੇ ਵੀ ਰੱਖੇ ਹੋਏ ਹਨ। ਉਹ ਜ਼ਬਰਦਸਤੀ ਉਧਾਰ ਵਾਪਸ ਲੈਂਦੇ ਨਾਲ ਹੀ ਮਨੁੱਖ ਦਾ ਸਕੂਨ ਵੀ ਖੋਹ ਲੈਂਦੇ ਹਨ। ਇਹ ਪ੍ਰਕਿਰਿਆ ਦੇ ਕਰਕੇ ਮਨੁੱਖ ਦਾ ਜੀਵਨ ਵਸਤਾਂ ਦੇ ਦੁਆਲੇ ਹੀ ਕੇਂਦਰਿਤ ਹੋ ਕੇ ਰਹਿ ਗਿਆ ਹੈ। ਇਸ ਤੋਂ ਸਪਸ਼ੱਟ ਹੁੰਦਾ ਹੈ ਕਿ ਖਪਤ ਸਭਿਆਚਾਰ ਸਮੇਂ ਦੀ ਚਾਲ ਨਾਲ ਪ੍ਰਫੁੱਲਤ ਹੁੰਦਾ ਰਿਹਾ ਹੈ। ਵੱਖੋ-ਵੱਖਰੇ ਪੜਾਵਾਂ ਦੇ ਵਿੱਚੋਂ ਨਿਕਲਦੇ ਹੋਏ ਆਪਣਾ ਸਰੂਪ ਸਾਕਾਰ ਕੀਤਾ ਹੈ।

1. ਖਪਤ ਸਭਿਆਚਾਰ ਦੇ ਪ੍ਰਭਾਵਾਂ ਨੂੰ ਸਾਕਾਰਾਤਮਕ ਅਤੇ ਨਾਕਾਰਾਤਮਕ ਦੋਹਾਂ ਪੱਖਾਂ ਦੇ ਵਿੱਚ ਲਿਆ ਜਾ ਸਕਦਾ ਹੈ।
2. ਖਪਤ ਸਭਿਆਚਾਰ ਨੇ ਸਮਾਜ ਨੂੰ ਪਰਿਵਰਤਨ ਕਰਨ ਦੇ ਨਾਲ ਨਵੇਂ ਮੌਕੇ ਵੀ ਪੈਦਾ ਕੀਤੇ।
3. ਇਹ ਜ਼ਰੂਰ ਹੈ ਕਿ ਖਪਤ ਨੇ ਮਨੁੱਖ ਨੂੰ ਵਸਤ ਦੇ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਮਾਨਵਤਾ ਦੀ ਭਾਵਨਾ ਬਿਲਕੁਲ ਹੀ ਖਤਮ ਕਰ ਦਿੱਤੀ ਹੈ।

**ਦੂਸਰਾ ਅਧਿਆਇ "ਪੰਜਾਬ ਦੇ ਸਮਾਜ-ਸਭਿਆਚਾਰਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ**"ਦੇ ਵਿੱਚ ਖਪਤ ਸਭਿਆਚਾਰ ਦੇ ਸਮਾਜ ਉੱਤੇ ਪਏ ਸਮਾਜਕ ਪ੍ਰਭਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਅਧਿਆਇ ਨੂੰ ਚਾਰ ਭਾਗਾਂ ਦੇ ਵਿੱਚ ਵੰਡਿਆ ਗਿਆ ਹੈ।

- **ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਪਰਿਵਾਰਿਕ ਰਿਸ਼ਤਿਆ ਵਿੱਚ ਤਨਾਉ**
- **ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦੀ ਪਰਿਵਾਰਿਕ ਬਣਤਰ**
- **ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਰਸਮਾਂ ਰਿਵਾਜਾਂ ਅਤੇ ਤਿਉਹਾਰਾਂ ਦਾ ਰੂਪਾਂਤਰਣ**
- **ਖਪਤ ਸਭਿਆਚਾਰ ਅਤੇ ਸੋਸ਼ਲ ਮੀਡੀਆ ਦਾ ਵਧਦਾ ਪ੍ਰਭਾਵ**

ਇਕ ਅਧਿਆਇ ਦੇ ਵਿੱਚ ਰਿਸ਼ਤਿਆਂ ਦੇ ਵਿੱਚ ਆਏ ਤਨਾਉ ਦੀ ਚਰਚਾ ਕੀਤੀ ਗਈ ਹੈ ਅਤੇ ਨਾਲ ਹੀ ਪਰਿਵਾਰਿਕ ਰਿਸ਼ਤਿਆਂ ਦੀ ਬਣਤਰ ਦੇ ਵਿੱਚ ਤਬਦੀਲ਼ੀ ਨੂੰ ਵੀ ਖੋਜ ਦਾ ਹਿੱਸਾ ਬਣਾਇਆ ਗਿਆ ਹੈ। ਦੂਸਰੇ ਅਧਿਆਇ ਦੇ ਤੀਸਰੇ ਭਾਗ ਵਿੱਚ ਤਿਉਹਾਰਾਂ ਅਤੇ ਰਸਮਾਂ-ਰਿਵਾਜਾਂ ਦੇ ਬਦਲ ਜਾਣ ਦੇ ਕਾਰਨਾਂ ਦੀ ਪਛਾਣ ਕੀਤੀ ਗਈ ਹੈ। ਚੌਥੇ ਭਾਗ ਦੇ ਵਿੱਚ ਸੋਸ਼ਲ ਮੀਡੀਆ ਦਾ ਮਾਨਵ ਉੱਤੇ ਕੀ ਅਸਰ ਪਿਆ ਦੀ ਚਰਚਾ ਕੀਤੀ ਗਈ। ਇਸ ਦੇ ਅਧਿਐਨ ਦੇ ਲਈ ਸਮਾਜ ਸ਼ਾਸ਼ਤਰੀ ਅਤੇ ਤੁਲਨਾਤਮਿਕ ਅਧਿਐਨ ਵਿਧੀ ਦੀ ਵਰਤੋਂ ਕੀਤੀ ਗਈ। ਇਹਨਾਂ ਅਧਿਐਨ ਵਿਧੀਆਂ ਦੇ ਰਾਹੀਂ ਪਰਿਵਰਤਨਾਂ ਦੀ ਘੋਖ ਕੀਤੀ ਗਈ ਹੈ। ਪਹਿਲੇ ਭਾਗ ਦੇ ਵਿੱਚ "ਖਪਤ ਸਭਿਆਚਾਰ ਦੇ ਕਾਰਨ ਪਰਿਵਾਰਿਕ ਰਿਸ਼ਤਿਆਂ ਦੇ ਵਿੱਚ ਤਨਾਉ" ਵਿੱਚ ਖਪਤ ਸਭਿਆਚਾਰ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ। ਖਪਤ ਸਭਿਆਚਾਰ ਦੇ ਪ੍ਰਭਾਵ ਤੋਂ ਰਿਸ਼ਤੇ ਵੀ

ਅਛੂਤੇ ਨਹੀ ਰਹੇ ਹਨ। ਇਸ ਦਾ ਮੁੱਖ ਕਾਰਨ ਪੂੰਜੀ ਦੇ ਕਾਰਨ ਰਿਸ਼ਤਿਆਂ ਦਾ ਵੰਡਿਆ ਜਾਣਾ ਹੈ। ਸੰਯੁਕਤ ਪਰਿਵਾਰਾਂ ਤੋਂ ਇਕਹਿਰੇ ਪਰਿਵਾਰਾਂ ਦੇ ਵਿੱਚ ਵੰਡੇ ਜਾਂਦੇ ਹਨ। ਸੰਯੁਕਤ ਪਰਿਵਾਰਾਂ ਤੋਂ ਇਕਹਿਰੇ ਪਰਿਵਾਰ ਹੋਣ ਦਾ ਮੁੱਖ ਕਾਰਣ ਪ੍ਰੋਫੈਸ਼ਨਲ ਜ਼ਿੰਮੇਵਾਰੀਆਂ ਹਨ। ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਅੰਗਰੇਜਾਂ ਦੇ ਆਉਣ ਨਾਲ ਸ਼ਹਿਰੀਕਰਨ ਅਤੇ ਉਦਯੋਗੀਕਰਨ ਦੋਵੇਂ ਹੀ ਆਏ। ਇਹਨਾਂ ਨੇ ਜੀਵਨ ਨੂੰ ਨਵੀਆਂ ਚੁਣੌਤੀਆਂ ਦਿੱਤੀਆਂ ਜਿਵੇਂ ਕਿ ਯੋਗਤਾ ਦੇ ਅਨੁਕੂਲ ਨੌਕਰੀ ਪ੍ਰਾਪਤ ਕਰਨ ਦੇ ਮੌਕੇ ਦਿੱਤੇ। ਜਿਸ ਕਰਕੇ ਪਰਿਵਾਰਾਂ ਦਾ ਸੰਯੁਕਤ ਤੋਂ ਛੋਟੇ ਹੋਣਾ ਸੁਭਾਵਿਕ ਹੀ ਸੀ। ਵਰਤਮਾਨ ਦੇ ਵਿੱਚ ਪਰਿਵਾਰ ਛੋਟੇ ਤੋਂ ਵੀ ਛੋਟੇ ਹੋ ਕੇ ਰਹਿ ਗਏ ਹਨ।

ਰਿਸ਼ਤੇ ਸਿਰਫ ਪੈਸੇ ਕੇਂਦਰਿਤ ਹੋ ਕੇ ਰਹਿ ਗਏ ਹਨ। ਸੰਯੁਕਤ ਪਰਿਵਾਰਾਂ ਦਾ ਵਸੀਲਾਂ ਖੇਤੀਬਾੜੀ ਸੀ। ਉਦਯੋਗੀਕਰਨ ਦੇ ਕਰਕੇ ਖੇਤੀਬਾੜੀ ਨੂੰ ਛੱਡ ਕੇ ਨਵੇਂ ਵਸੀਲਿਆਂ ਨੂੰ ਅਪਣਾ ਲਿਆ ਸੀ। ਖੇਤੀ ਦੇ ਉੱਤੇ ਵੱਡੇ ਪਰਿਵਾਰਾਂ ਦੀ ਦੇਖ-ਰੇਖ ਔਖੀ ਸੀ। ਛੇ ਮਹੀਨਿਆਂ ਦੇ ਬਾਅਦ ਪੈਸੇ ਦਾ ਮੂੰਹ ਦੇਖਣ ਨੂੰ ਮਿਲਦਾ ਸੀ। ਨੌਕਰੀ ਦੇ ਵਿੱਚ ਤਨਖਾਹ ਮਹੀਨੇ ਦੇ ਮਹੀਨੇ ਆਉਂਦੀ ਸੋ ਪਰਿਵਾਰਾਂ ਦੀ ਦੇਖ-ਰੇਖ ਬਹੁਤ ਸੌਖੀ ਹੋ ਜਾਂਦੀ ਸੀ। ਇਸ ਦੇ ਨਾਲ ਹੀ ਵੱਡੇ ਪਰਿਵਾਰਾਂ ਦਾ ਖਰਚਾ ਉਠਾਉਣਾ ਸੌਖਾ ਨਹੀ ਸੀ। ਖਰਚਿਆਂ ਦੇ ਕਰਕੇ ਪਰਿਵਾਰ ਛੋਟੇ ਤੋਂ ਛੋਟੇ ਹੋ ਕੇ ਰਹਿ ਗਏ ਹਨ। ਹਰ ਘਰ ਦੇ ਵਿੱਚ ਤਿੰਨ ਜਾਂ ਚਾਰ ਮੋਬਾਇਲ ਫੋਨ ਜ਼ਰੂਰ ਹੋਣਗੇ। ਓਦਾਂ ਬੇਸ਼ੱਕ ਇੱਕ ਦੂਜੇ ਨਾਲ ਗੱਲ ਤੱਕ ਨਾ ਕਰਨ, ਪਰ ਸੋਸ਼ਲ ਮੀਡੀਆ ਉੱਤੇ ਜਵਾਬ ਜ਼ਰੂਰ ਦੇਣਗੇ। ਛੋਟੇ ਪਰਿਵਾਰਾਂ ਦਾ ਛੋਟੇ ਹੋ ਜਾਣ ਦਾ ਮੂਲ ਕਾਰਨ ਪ੍ਰੋਫੈਸ਼ਨਲ ਜ਼ਿੰਮੇਵਾਰੀਆਂ ਅਤੇ ਪੈਸਾ ਹੈ। ਇਹ ਜ਼ਰੂਰ ਸੀ ਕਿ ਸੰਯੁਕਤ ਪਰਿਵਾਰਾਂ ਦੇ ਵਿੱਚ ਰਿਸ਼ਤਿਆਂ ਦੀ ਕਦਰ ਬਥੇਰੀ ਸੀ। ਰਿਸ਼ਤੇ ਮਾਤਾ ਪਿਤਾ ਨਾਲ ਹੀ ਬਣਦੇ ਹਨ। ਵਰਤਮਾਨ ਸਮੇਂ ਦੇ ਵਿੱਚ ਰਿਸ਼ਤਿਆਂ ਦੀ ਕਦਰ ਖਤਮ ਹੋ ਗਈ ਹੈ। ਰਿਸ਼ਤਿਆਂ ਨਾਲੋਂ ਪੈਸੇ ਵਧੇਰੇ ਅਹਿਮੀਅਤ ਰੱਖਣ ਲੱਗ ਪਏ ਹਨ। ਆਧੁਨਿਕ ਸਮੇਂ ਦੇ ਵਿੱਚ ਰਿਸ਼ਤਿਆਂ ਦੇ ਵਿੱਚ ਮਿਲਵਰਤਨ ਬਹੁਤ ਘੱਟ ਰਹਿ ਗਿਆ ਹੈ। ਪੰਜਾਬੀ ਕਹਾਣੀ ਦੇ ਰਾਹੀਂ ਵੀ ਡਾਂ. ਜਸਵਿੰਦਰ ਸਿੰਘ, ਭਗਵੰਤ ਰਸੂਲਪੁਰੀ, ਤਲਵਿੰਦਰ, ਮਨਮੋਹਨ ਬਾਵਾ, ਵੀਨਾ ਵਰਮਾ ਅਦਿ ਦੀਆਂ ਕਹਾਣੀਆਂ ਦੇ ਵਿੱਚ ਪਰਵਾਰਿਕ ਸਮੱਸਿਆਵਾਂ

ਦਾ ਚਿਤਰਨ ਕੀਤਾ ਹੋਇਆ ਮਿਲਦਾ ਹੈ। ਜਸਵਿੰਦਰ ਸਿੰਘ ਦੀ ਕਹਾਣੀ ਖੂਹ-ਖਾਤੇ, ਪਰਦੇਸੀ ਦੀ ਰਾਹੀਂ ਪਦਾਰਥਵਾਦੀ ਸੋਚ ਦਾ ਪ੍ਰਗਟਾਵਾ ਮਿਲਦਾ ਹੈ।

ਵਰਤਮਾਨ ਸਮੇਂ ਦੇ ਘਰਾਂ ਦੇ ਵਿੱਚ ਜਿੰਨੇ ਕਮਰੇ ਉਨੇ ਹੀ ਬਾਥਰੂਮ ਹੋ ਗਏ ਹਨ। ਘਰ ਦੇ ਵਿੱਚ ਪ੍ਰਾਹੁਣਿਆਂ ਦੇ ਲਈ ਇੱਕ ਵੱਖਰਾ ਕਮਰਾ ਬਣਾਇਆ ਜਾਂਦਾ ਹੈ। ਰਿਸ਼ਤਿਆਂ ਦੇ ਵਿਚਲੀ ਸਾਂਝ,ਅਪਣੱਤ ਨੂੰ ਕਿਨਾਰੇ ਲਗਾ ਦਿੱਤਾ ਹੈ। ਰਿਸ਼ਤੇ ਸਮੂਹਿਕ ਪੱਧਰ ਦੇ ਨਹੀਂ ਸਗੋਂ ਵਿਅਕਤੀਗਤ ਪੱਧਰ ਉਪਰ ਨਿਭਾਏ ਜਾਂਦੇ ਹਨ। ਪੰਜਾਬੀ ਆਪਣੇ ਪ੍ਰਾਹੁਣੇ ਦੀ ਸੇਵਾ ਵਿੱਚ ਸਭ ਤੋਂ ਮਸ਼ਹੂਰ ਰਹੇ ਹਨ। ਪੰਜਾਬੀ ਪਰਿਵਾਰਾਂ ਦੇ ਵਿੱਚ ਆਉਣ ਵਾਲੇ ਮਹਿਮਾਨਾਂ ਦੀ ਸੇਵਾਂ ਦੇ ਵਿੱਚ ਕੋਈ ਕਸਰ ਨਹੀ ਛੱਡੀ ਜਾਂਦੀ ਸੀ। ਸਟੀਲ ਜਾਂ ਪਿੱਤਲ ਦੇ ਭਾਂਡਿਆਂ ਦੇ ਵਿੱਚ ਭੋਜਨ ਪਰੋਸਿਆ ਜਾਂਦਾ ਸੀ। ਵਰਤਮਾਨ ਸਮੇਂ ਦੇ ਵਿੱਚ ਸਟੀਲ ਜਾਂ ਪਿੱਤਲ ਦੀ ਥਾਂ ਡਿਸਪੋਜੇਬਲ ਨੇ ਲੈ ਲਈ ਹੈ। ਪਰਿਵਾਰਾਂ ਦੀ ਆਪਸੀ ਸਦਭਾਵਨਾ ਨੂੰ ਪੂਰੀ ਤਰ੍ਹਾਂ ਤਬਦੀਲ ਕਰ ਕੇ ਰੱਖ ਦਿੱਤਾ ਹੈ, ਜਦੋਂ ਕਿਸੇ ਦੇ ਘਰ ਜਾਦੇ ਸਨ, ਕੁਝ ਨਾ ਕੁਝ ਲੈ ਕੇ ਜਾਣ ਦਾ ਰਿਵਾਜ ਸੀ। ਪੰਜਾਬੀ ਆਪਣੇ ਰਿਸ਼ਤੇਦਾਰ ਲਈ ਉਹ ਸਮਾਨ ਲੈ ਕੇ ਜਾਂਦੇ ਸਨ। ਜਿਹੜਾ ਉਹਨਾਂ ਦੀ ਜ਼ਰੂਰਤ ਦਾ ਸੀ। ਹੁਣ ਬਜ਼ਾਰ ਨੇ ਨਵੀਨ ਰੀਤ ਪੈਦਾ ਕਰ ਦਿੱਤੀ ਹੈ ਜ਼ਰੂਰਤ ਦੇ ਸਮਾਨ ਦੀ ਥਾਂ ਚਾਕਲੇਟ ਆਦਿ ਸਮਾਨ ਖੜਿਆ ਜਾਂਦਾ ਹੈ। ਪਰਿਵਾਰਿਕ ਆਦਤਾਂ ਨੂੰ ਬਦਲ ਕੇ ਰੱਖ ਦਿੱਤਾ ਹੈ। ਪਰਿਵਾਰਾਂ ਦੀ ਆਪਸੀ ਸੰਜੀਵਤਾ ਖਤਮ ਹੋ ਕੇ ਰਹਿ ਗਈ ਹੈ। ਇਸ ਕਰਕੇ ਪੁਰਾਤਨ ਸੰਯੁਕਤ ਪਰਿਵਾਰ ਬਹੁਤ ਬਿਹਤਰ ਸਨ। ਉਹਨਾਂ ਪਰਿਵਾਰਾਂ ਦੇ ਵਿੱਚ ਪੈਸਾ ਘੱਟ ਸੀ, ਪਰ ਸਹਿਯੋਗ ਜਾਂ ਸਾਥ ਦੀ ਭਾਵਨਾ ਵਧੇਰੇ ਸੀ। ਸਾਰਾ ਪਰਿਵਾਰ ਮਿਲ ਕੇ ਹੀ ਕੰਮ ਕਰਦਾ ਸੀ।

ਖਪਤ ਦੀ ਇਸ ਵਿਵਸਥਾ ਨੇ ਜਿਉਂ ਜਿਉਂ ਨਵੇਂ ਵਸਤਾਂ ਦਾ ਚਾਲ ਚਲਨ ਕੀਤਾ ਹੈ, ਪਰਿਵਾਰ ਦਾ ਰਾਹ ਹੀ ਵੱਖਰਾ ਹੁੰਦਾ ਜਾ ਰਿਹਾ ਹੈ। ਪਰਿਵਾਰਾਂ ਦੇ ਵਿੱਚ ਤਣਾਉ ਹੋਣਾ ਸੁਭਾਵਿਕ ਹੀ ਹੈ। ਖਪਤ ਸਭਿਆਚਾਰ ਪੱਛਮ ਦੀ ਵਿਵਸਥਾ ਨੂੰ ਪੰਜਾਬੀ ਸਭਿਆਚਾਰ ਉੱਤੇ ਥੋਪਣਾ ਚਾਹੁੰਦਾ ਹੈ। ਪੱਛਮ ਦੇ ਪਰਿਵਾਰਾਂ ਦੇ ਵਿੱਚ ਧੀਆਂ ਪੁੱਤ ਜਵਾਨ ਹੋਣ ਤੋਂ ਬਾਅਦ ਵੱਖੋ-ਵੱਖਰੇ ਰਹਿੰਦੇ ਹਨ। ਇਹੋ ਜਿਹੀ ਪਿਰਤ ਪੰਜਾਬੀ

ਸਭਿਆਚਾਰ ਦੇ ਵਿੱਚ ਵੀ ਪੈਣੀ ਜ਼ਰੂਰ ਹੋ ਗਈ ਹੈ। ਦੂਸਰੇ ਅਧਿਆਇ ਦੇ ਦੂਜੇ ਭਾਗ ਵਿੱਚ ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦੀ ਪਰਿਵਾਰਿਕ ਬਣਤਰ ਨੂੰ ਅਧਾਰ ਬਣਾਇਆ ਗਿਆ ਹੈ। ਪੁਰਾਤਨ ਪਰਿਵਾਰਾਂ ਦੀ ਬਣਤਰ ਵਧੇਰੇ ਸੰਯੁਕਤ ਹੀ ਰਹੀ ਹੈ। ਉਸ ਸਮੇਂ ਦੇ ਵਿੱਚ ਹਰ ਪਰਿਵਾਰ ਮਿਲ-ਜੁਲ ਕੇ ਰਹਿੰਦਾ ਸਗੋਂ ਉਹਨਾਂ ਦਾ ਹਰ ਕਾਰਜ ਮਿਲ ਕੇ ਹੀ ਹੁੰਦਾ ਸੀ।ਪਰਿਵਾਰ ਦਾ ਪ੍ਰਮੁੱਖ ਕਿੱਤਾ ਖੇਤੀਬਾੜੀ ਸੀ। ਸੰਯੁਕਤ ਪਰਿਵਾਰਾਂ ਦੇ ਵਿੱਚ ਮਰਦ-ਔਰਤ ਦੇ ਕੰਮ ਵੰਡੇ ਹੋਏ ਸਨ। ਔਰਤਾਂ ਘਰਾਂ ਦੇ ਹੀ ਕੰਮ ਕਰਦੀਆਂ ਸਨ। ਜਾਗੀਰਦਾਰੀ ਯੁੱਗ ਹੋਣ ਕਾਰਨ ਅਤੇ ਦੂਸਰਾ ਸਿੱਖਿਆ ਦਾ ਅਭਾਵ ਹੋਣ ਕਾਰਨ ਔਰਤਾਂ ਦਾ ਦਾਇਰਾ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਿਤ ਸੀ।'daily post punjabi' ਨਾਂ ਦੇ ਯੂ-ਟਿਊਬ ਚੈਨਲ ਉੱਤੇ ਪੰਜਾਬ ਦੇ ਪਹਿਲੇ ਸੰਯੁਕਤ ਪਰਿਵਾਰ ਦਾ ਦੱਸਿਆ ਗਿਆ ਹੈ। ਪੂੰਜੀਵਾਦੀ ਦੌਰ ਦੇ ਵਿੱਚ ਪਰਿਵਾਰਾਂ ਦੀ ਬਣਤਰ ਇਕਹਿਰੇ ਪਰਿਵਾਰਾਂ ਦੀ ਰਹਿ ਗਈ ਹੈ।ਪਰਿਵਾਰਾਂ ਦੇ ਵਿੱਚ ਦੋ ਚਾਰ ਜੀਅ ਹੀ ਰਹਿ ਗਏ ਹਨ। ਇਹਨਾਂ ਵਿਚੋਂ ਇਕਹਿਰੇ ਪਰਿਵਾਰ ਵੀ ਇਕਹਿਰੇ ਤੋਂ ਇਕਹਿਰੇ ਰਹਿ ਗਏ ਹਨ। ਹਰ ਵਿਅਕਤੀ ਆਪਣਾ ਜੀਵਨ ਢੰਗ ਆਪਣੇ ਤਰੀਕੇ ਨਾਲ ਜਿਊਣਾ ਚਾਹੁੰਦਾ ਹੈ। ਪਦਾਰਥਕ ਜੀਵਨ ਨੂੰ ਵਧੇਰੇ ਮਾਨਤਾ ਦਿੱਤੀ ਜਾ ਰਹੀ ਹੈ। ਸੰਯੁਕਤ ਪਰਿਵਾਰਾਂ ਅਤੇ ਇਕਹਿਰੇ ਪਰਿਵਾਰਾਂ ਦੀ ਬਣਤਰ ਵਿੱਚ ਬੇਸ਼ੱਕ ਫ਼ਰਕ ਹੈ। ਇਕਹਿਰੇ ਪਰਿਵਾਰਾਂ ਦੇ ਆਗਮਨ ਨੇ ਮਰਦ ਅਤੇ ਔਰਤ ਨੂੰ ਬਰਾਬਰਤਾ ਦਾ ਸਨਮਾਨ ਬਖ਼ਸ਼ਿਆ ਹੈ। ਇਸਤਰੀ ਨੂੰ ਸੁਤੰਤਰਤਾ ਨਾਲ ਜੀਵਨ ਜਿਊਣ ਅਤੇ ਸਿੱਖਿਆ ਦਾ ਅਧਿਕਾਰ ਇਕਹਿਰੇ ਪਰਿਵਾਰਾਂ ਦੇ ਵਿੱਚ ਹੀ ਮਿਲਿਆ ਸੀ।। Bombay Begums ਦੇ ਰਾਹੀਂ ਮਹਾਂਨਗਰਾਂ ਦੇ ਵਿੱਚ ਪੈਦਾ ਹੋ ਰਹੇ ਮਕਾਨਕੀ ਰਿਸ਼ਤਿਆਂ ਦੀ ਅਸਲ ਦਿੱਖ ਨੂੰ ਦਰਸਾਇਆ ਗਿਆ ਹੈ। ਪੈਸੇ ਦੇ ਸਹਾਰੇ ਆਪਣੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਦੇ ਜਾਂ ਪੈਸੇ ਦੀ ਖਾਤਿਰ ਹਰ ਉਹ ਕੰਮ ਕਰਨ ਲਈ ਤਿਆਰ ਹੋ ਜਾਂਦੇ, ਜਿਸ ਨਾਲ ਜੀਵਨ ਨੂੰ ਸੁੱਖ-ਅਰਾਮ ਮਿਲ ਸਕੇ। ਲੜਕਾ/ ਲੜਕੀ ਬਿਨ੍ਹਾਂ ਵਿਆਹ ਦੇ ਲਿਵਿੰਗ ਰੀਲੇਸ਼ਨਸ਼ਿਪ ਦੇ ਵਿੱਚ ਰਹਿੰਦੇ ਹਨ। ਹਾਈਕੋਰਟ ਦੇ ਵੱਲੋਂ ਇਸ ਨੂੰ ਮਾਨਤਾ ਮਿਲ ਚੁੱਕੀ ਹੈ ਪਰ ਅਜੇ ਵੀ ਇਹ ਸਮਾਜ ਦੇ ਲਈ ਇੱਕ ਟੈੱਬ ਹੈ। ਲੜਕਾ/ ਲੜਕੀ ਇੱਕ ਦੂਜੇ ਨੂੰ ਜਾਣਨ ਦੇ ਲਈ ਲੁਕ ਛੁਪ ਕੇ ਰਹਿੰਦੇ ਹਨ। ਸਮਾਜ ਵਿਆਹ ਨੂੰ ਇੱਕ ਪਵਿੱਤਰ ਪ੍ਰਥਾ ਮੰਨਦਾ ਹੈ।

ਦੂਸਰੇ ਅਧਿਆਇ ਦੇ ਤੀਸਰੇ ਭਾਗ ਵਿੱਚ ਖਪਤ ਸਭਿਆਚਾਰ ਦੇ ਕਾਰਨ ਰਸਮਾਂ-ਰਿਵਾਜਾਂ ਅਤੇ ਤਿਉਹਾਰਾਂ ਦਾ ਰੂਪਾਂਤਰਣ ਦੇ ਵਿੱਚ ਮਾਨਵੀ ਕਦਰਾਂ-ਕੀਮਤਾਂ ਦੇ ਬਦਲ ਜਾਣ ਨੂੰ ਪਰਖਿਆ ਗਿਆ ਹੈ। ਇਸ ਅਧਿਆਇ ਦੇ ਅਧਿਐਨ ਲਈ ਸਮਾਜ ਸ਼ਾਸ਼ਤਰੀ ਅਤੇ ਤੁਲਨਾਤਮਿਕ ਸਾਹਿਤ ਅਧਿਐਨ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਰਾਹੀਂ ਵਰਤਮਾਨ ਅਤੇ ਬੀਤ ਚੁੱਕੇ ਕਦਰਾਂ ਕੀਮਤਾਂ ਨੂੰ ਪਰਖਿਆ ਗਿਆ ਹੈ। ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੁਰਾਤਨ ਦੇ ਵਿੱਚ ਪਿਆਰ, ਸਾਂਝ, ਮਾਨਵਤਾ ਆਦਿ ਬਥੇਰੀ ਸੀ ਅਤੇ ਵਰਤਮਾਨ ਦੇ ਵਿੱਚ ਘੱਟ ਗਈ ਹੈ। ਵਰਤਮਾਨ ਦੌਰ ਵਧੇਰੇ ਖਰਚੀਲਾ ਹੋ ਗਿਆ ਹੈ। ਰਸਮਾਂ ਮਨੁੱਖੀ ਜੀਵਨ ਦਾ ਅਹਿਮ ਅੰਗ ਹਨ। ਇਹ ਮਾਨਵ ਦੇ ਜਨਮ ਤੋ ਲੈ ਕੇ ਮੌਤ ਤੱਕ ਚਲਦੀਆਂ ਰਹਿੰਦੀਆ ਹਨ। ਮਨੁੱਖੀ ਜੀਵਨ ਦੇ ਹਰ ਪੜ੍ਹਾਅ ਵਿੱਚ ਰਸਮਾਂ ਦਾ ਵਿਸ਼ੇਸ਼ ਮਹੱਤਵ ਹੈ। ਰਸਮਾਂ ਦੇ ਦੁਆਰਾ ਹੀ ਮਨੁੱਖੀ ਜੀਵਨ ਨੂੰ ਸੀਮਿਤ ਤੇ ਸੁਰੱਖਿਅਤ ਕੀਤਾ ਜਾਂਦਾ ਹੈ। ਰਸਮਾਂ ਸਮੂਹਿਕ ਪ੍ਰਵਾਨਗੀ ਦੇ ਦੁਆਰਾ ਹੀ ਪ੍ਰਵਾਨ ਕੀਤੀਆਂ ਜਾਂਦੀਆਂ ਹਨ। ਫਿਰ ਹੀ ਇੱਕ ਰਸਮ ਦਾ ਰੂਪ ਧਾਰਨ ਕਰਦੀਆ ਹਨ। ਮੁੱਢ ਕਦੀਮ ਤੋਂ ਹੀ ਮਨੁੱਖ ਆਪਣੀ ਜ਼ਰੂਰਤ ਮੁਤਾਬਕ ਕੁਝ ਪਰਿਵਰਤਨ ਕਰਦਾ ਰਹਿੰਦਾ ਸੀ। ਕਦੇ ਸੰਪੂਰਨ ਪਰਿਵਰਤਨ ਨਹੀ ਹੋਇਆ। ਇਹ ਪੀੜੀ ਦਰ ਪੀੜੀ ਚਲਦੀਆਂ ਰਹਿੰਦੀਆਂ ਸਨ। ਰਸਮਾਂ ਉੱਤੇ ਬਦਲਦੇ ਸਮੇਂ ਨੇ ਆਪਣਾ ਪ੍ਰਭਾਵ ਪਾਇਆ ਹੈ।

ਵਰਤਮਾਨ ਦੇ ਵਿੱਚ ਪੁਰਾਣੀਆਂ ਰਸਮਾਂ ਬਹੁਤ ਜ਼ਿਆਦਾ ਤਬਦੀਲ ਹੋ ਚੁੱਕੀਆਂ ਹਨ। ਜਨਮ ਦੇ ਨਾਲ ਸੰਬੰਧਿਤ ਬਹੁਤ ਸਾਰੀਆਂ ਰਸਮਾਂ ਨਿਭਾਈਆਂ ਜਾਂਦੀਆਂ ਸਨ। ਗਰਭ ਧਾਰਨ ਕਰਨ ਤੋਂ ਲੈ ਕੇ ਜਨਮ ਤੱਕ ਦੀਆਂ ਰਸਮਾਂ ਬਹੁਤ ਹੀ ਘੱਟ ਨਿਭਾਈਆਂ ਜਾਂਦੀਆ ਹਨ। ਨਵੇ ਦੌਰ ਦੀ ਨਵੀ ਪੀੜ੍ਹੀ ਆਪ ਹੀ ਆਪਣੀ ਖ਼ੁਸ਼ੀ ਫੇਸਬੁੱਕ ਜਾਂ ਟੀਵੀਟਰ ਉੱਤੇ ਫੋਟੋ ਪਾ ਕੇ ਜਾਂ ਮੈਸੇਜ ਦੁਆਰਾ ਆਪ ਹੀ ਸਾਂਝੀ ਕਰ ਲੈਂਦੇ ਹਨ। ਇਸੇ ਤਰ੍ਹਾਂ ਹੀ ਗਰਭ ਧਾਰਨ ਦੀ ਵਿਵਸਥਾ ਦੇ ਵਿੱਚ ਫੋਟੋਆਂ ਖਿੱਚ ਕੇ ਫੇਸਬੁੱਕ ਜਾਂ ਯੂ-ਟਿਊਬ ਉੱਤੇ ਸਾਂਝਾ ਕੀਤਾ ਜਾਂਦਾ ਹੈ। ਗੋਦ ਭਰਾਈ ਦੀ ਰਸਮ ਵੀ ਵੱਡੇ ਪੱਧਰ ਉੱਤੇ ਕੀਤੀ ਜਾਂਦੀ ਹੈ। ਰਿਸ਼ਤੇਦਾਰਾਂ ਜਾਂ ਦੋਸਤਾਂ ਨੂੰ ਬੁਲਾਇਆ ਜਾਂਦਾ ਹੈ। ਪਹਿਲਾਂ ਬੱਚੇ ਦੇ ਜਨਮ ਤੋਂ ਬਾਅਦ ਰਿਸ਼ਤੇਦਾਰ ਨਾਲ ਖ਼ੁਸ਼ੀ ਸ਼ਾਝੀ ਕਰਦੇ ਸਨ।

ਅਜਕੱਲ੍ਹ ਪਹਿਲਾਂ ਹੀ ਰਿਸ਼ਤੇਦਾਰਾਂ ਨੂੰ ਪਤਾ ਲੱਗ ਜਾਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਜਨਮ ਦਿਨ ਦੀ ਪਾਰਟੀ ਕਰਨ ਦਾ ਰਿਵਾਜ ਹੋ ਗਿਆ ਹੈ। ਪਹਿਲਾਂ ਮੰਦਰ ਜਾਂ ਗੁਰੂਦੁਆਰੇ ਜਾ ਕੇ ਗੁਰੂ ਦਾ ਸ਼ੁਕਰਾਨਾ ਕੀਤਾ ਜਾਂਦਾ ਸੀ। ਹੁਣ ਜਨਮ ਦਿਨ ਦੀ ਪਾਰਟੀ ਨੂੰ ਵੱਡੇ ਪੱਧਰ ਉੱਤੇ ਹੋਟਲਾਂ ਦੇ ਵਿੱਚ ਮਨਾਇਆ ਜਾਂਦਾ ਹੈ ਜਿੱਥੇ ਕਾਰਟੂਨਾਂ ਵਾਲੀ ਸਿਜਾਵਟ ਕੀਤੀ ਹੋਈ ਮਿਲਦੀ ਹੈ। ਕੁੜੀ ਜਾਂ ਮੁੰਡੇ ਦੇ ਮੁਤਾਬਕ ਸਿਜਾਵਟ ਕੀਤੀ ਹੁੰਦੀ ਹੈ। ਬੱਚੇ ਦੀ ਜਨਮ ਦਿਨ ਪਾਰਟੀ ਤੋਂ ਬਾਅਦ ਧੰਨਵਾਦ ਗਿਫਟ ਦਿੱਤੇ ਜਾਂਦੇ ਹਨ। ਬੱਚਿਆਂ ਨੂੰ ਤੋਹਫ਼ੇ ਦੇ ਰੂਪ ਵਿੱਚ ਕੁਝ ਨਾ ਕੁਝ ਦਿੱਤਾ ਜਾਂਦਾ ਹੈ। ਅਮੀਰ ਵਰਗ ਤਾਂ ਵੱਡੀਆਂ ਪਾਰਟੀਆਂ ਆਸਾਨੀ ਨਾਲ ਕਰ ਲੈਂਦੇ ਹਨ। ਗਰੀਬ ਵਰਗ ਦੇ ਲਈ ਅਜਿਹਾ ਕਰਨਾ ਬਹੁਤ ਹੀ ਔਖਾ ਹੋ ਜਾਂਦਾ ਹੈ ਕਿਉਂਕਿ ਉਹਨਾਂ ਦੇ ਬੱਚੇ ਵੀ ਦੇਖਾ-ਦੇਖੀ ਇਦਾਂ ਦੀਆਂ ਪਾਰਟੀਆਂ ਦੀ ਮੰਗ ਕਰਦੇ ਹਨ। ਬੱਚੇ ਵੀ ਟੀ.ਵੀ ਉੱਤੇ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮਾਂ ਦੇ ਰਾਹੀਂ ਸਿੱਖਦੇ ਹਨ। ਉਹਨਾਂ ਪ੍ਰੋਗਰਾਮਾਂ ਦੇ ਵਿੱਚ ਦਿਖਾਏ ਜਾਂਦੇ ਦ੍ਰਿਸ਼ਾਂ ਨੂੰ ਸੱਚ ਮੰਨ ਲੈਂਦੇ ਹਨ। ਸੋਸ਼ਲ ਮੀਡੀਆ ਨੇ ਮਾਨਵ ਦੇ ਦੁਆਲੇ ਆਪਣਾ ਇੱਕ ਗਲਬਾ ਬਣਾ ਲਿਆ ਹੈ ਜਿਸ ਦੇ ਵਿੱਚੋਂ ਨਿਕਲਣਾ ਮਾਨਵ ਦੇ ਲਈ ਆਸਾਨ ਨਹੀ ਹੈ। ਉਹ ਇਸਦੇ ਵਿੱਚ ਫਸਦਾ ਜਾ ਰਿਹਾ ਹੈ ਜਿਵੇਂ ਕਿ ਟੀ.ਵੀ ਪ੍ਰੋਗਰਾਮਾਂ ਦੇ ਵਿੱਚ ਜਨਮ ਦਿਨ ਦੀ ਪਾਰਟੀ ਜਾਂ ਕਿਸੇ ਵਸਤ ਦਾ ਜ਼ਿਕਰ ਹੁੰਦਾ ਹੈ। ਬੱਚਾ ਉਹ ਹੀ ਲੈਣ ਦੀ ਜ਼ਿੱਦ ਕਰਦਾ ਹੈ।

ਵਿਆਹ ਦੇ ਰਸਮ ਰਿਵਾਜ ਵੀ ਉਪਭੋਗਤਾ ਦੀ ਭੇਂਟ ਚੜ੍ਹਦੇ ਜਾ ਰਹੇ ਹਨ। ਪਰਿਵਰਤਨ ਕੁਦਰਤ ਦਾ ਅਹਿਮ ਨੇਮ ਹੈ। ਵਿਆਹ ਦੇ ਰਸਮਾਂ ਵਿੱਚ ਕੁਝ ਕੁਝ ਬਦਲਾਅ ਆਉਂਦਾ ਰਹਿੰਦਾ ਸੀ। ਅੱਜ ਦੇ ਸਮੇਂ ਦੇ ਵਿੱਚ ਵਿਆਹ ਦੀਆਂ ਰਸਮਾਂ ਦੇ ਵਿੱਚ ਨਵੀਆਂ ਰਸਮਾਂ ਸ਼ਾਮਿਲ ਹੋਣ ਨਾਲ ਪੁਰਾਣੀਆਂ ਰਸਮਾਂ ਦਰ ਕਿਨਾਰੇ ਹੀ ਹੋ ਗਈਆਂ ਹਨ। ਇਹ ਰਸਮਾਂ ਕੁਝ ਕੁ ਲੋਕਾਂ ਦੇ ਦੁਆਰਾ ਮਨਾਈਆਂ ਜਾਂਦੀਆਂ ਹਨ। ਨਵੀਆਂ ਰਸਮਾਂ ਨੂੰ ਹਰ ਕੋਈ ਨਿਭਾ ਰਿਹਾ ਹੈ ਜਿਵੇ ਕਿ ਰਿੰਗ ਸੈਰਾਮਨੀ, ਬੈਂਗਲ ਸੈਰਾਮਨੀ, ਰੀਸੈਪਸ਼ਨ ਆਦਿ। ਵਿਆਹ ਦੇ ਫੰਕਸ਼ਨਾਂ ਦੇ ਲਈ ਇੱਕ ਇੱਕ ਦਿਨ ਰੱਖ ਲਿਆ ਜਾਂਦਾ ਹੈ। ਵਿਆਹ ਘਰ ਤੋਂ ਨਿਕਲ ਕੇ ਮੈਰਿਜ ਪੈਲਸਾਂ ਦੇ ਵਿੱਚ ਚਲੇ ਗਏ ਹਨ। ਮੈਰਿਜ ਪੈਲਸਾਂ ਦਾ ਖਰਚਾ ਲੱਖਾਂ ਦੇ ਵਿੱਚ ਹੁੰਦਾ ਹੈ। ਵਿਆਹ ਦੇ ਸਮੇਂ ਰਿਸ਼ਤੇਦਾਰ

ਇੱਕ ਦੋ ਦਿਨ ਪਹਿਲਾਂ ਆ ਜਾਂਦੇ ਸਨ। ਲੋਕਾਂ ਦੇ ਕੋਲ ਵਕਤ ਦੀ ਘਾਟ ਹੋਣ ਕਾਰਨ ਸਮੇਂ ਉੱਤੇ ਹੀ ਪੁੱਜਦੇ ਹਨ। ਵਿਆਹਾਂ ਦੇ ਵਿੱਚ ਬੇਲੋੜੇ ਖਰਚਿਆਂ ਨੂੰ ਕੀਤਾ ਜਾਂਦਾ ਹੈ। ਲੇਡੀ ਸੰਗੀਤ ਦੀ ਥਾਂ ਡੀ.ਜੇ ਨੇ ਲੈ ਲਈ ਹੈ ਜਿਸ ਉੱਤੇ ਗਾਣੇ ਲਾ ਕੇ ਖ਼ੁਸ਼ੀ ਮਨਾਉਂਦੇ ਹਨ। ਪੁਰਾਤਨ ਲੇਡੀ ਸੰਗੀਤ ਦੇ ਵਿੱਚ ਘਰ ਦੀਆਂ ਔਰਤਾਂ ਇੱਕਠੀਆਂ ਹੋ ਕੇ ਘੋੜੀਆਂ/ ਸੁਹਾਗ ਗਾਉਂਦੀਆਂ ਸਨ। ਉਸ ਦੀ ਥਾਂ ਵੀ ਡੀ.ਜੇ ਜਾਂ ਲੋਕ ਗਾਇਕ ਨੇ ਲੈ ਲਈ ਹੈ। ਵਿਆਹਾਂ ਦੇ ਵਿੱਚ ਸਭਿਆਚਾਰਕ ਗੁਰੱਪਾਂ ਦੀ ਮੌਜੂਦਗੀ ਆਪਣੀਆਂ ਧੀਆਂ ਭੈਣਾਂ ਨੂੰ ਸ਼ਰਮਸਾਰ ਕਰਦੀਆਂ ਹਨ। ਵਿਆਹਾਂ ਦੇ ਵਿੱਚ ਮੁੰਡੇ/ ਕੁੜੀਆਂ ਅਸ਼ਲੀਲ ਗਾਣਿਆਂ ਉੱਤੇ ਮੁਦਰਾਵਾਂ ਕਰਦੇ ਹਨ ਜੋ ਬਾਕੀਆਂ ਨੂੰ ਸ਼ਰਮਸਾਰ ਕਰਦੇ ਹਨ। ਇਹਨਾਂ ਸਭਿਆਚਾਰਕ ਗੁਰੱਪਾਂ ਦੀ ਅਸਲੀਅਤ ਇਹ ਹੈ ਕਿ ਇਹਨਾਂ ਦੇ ਨੱਚਣ ਵਾਲੇ ਗਰੁੱਪਾਂ ਦੇ ਵਿੱਚ ਕੁੜੀਆਂ/ ਮੁੰਡੇ ਮਜ਼ਬੂਰੀ ਕਾਰਨ ਹੀ ਨੱਚਦੇ ਹਨ। ਵਿਆਹ ਦੀਆਂ ਫੋਟੋਆਂ/ ਵੀਡੀਉ ਨੂੰ ਯੂ-ਟਿਊਬ ਉੱਤੇ ਬਲੋਗ ਬਣਾ ਪਾ ਦਿੱਤੀ ਜਾਂਦੀ ਹੈ। ਇਹਨਾਂ ਦੇ ਵਿੱਚ ਛੋਟੇ ਤੋਂ ਛੋਟੀ ਜਾਣਕਾਰੀ ਦਿੱਤੀ ਹੁੰਦੀ ਹੈ। ਫਿਰ ਉਹਨਾਂ ਵੀਡੀਉ ਦੇ ਉੱਤੇ ਲੋਕਾਂ ਦੀਆਂ ਲਾਈਕ ਤੇ ਕਮੈਂਟ ਮਿਲਦੇ ਹਨ। ਉਹ ਇਹਨਾਂ ਦੇ ਬਾਰੇ ਚੰਗਾ ਜਾਂ ਮੰਦਾ ਲਿਖਦੇ ਹਨ। ਪਰਵਾਸ ਜਾਣ ਦੀ ਖ਼ਾਹਿਸ ਨੇ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਖੋਰਾ ਲਾਇਆ ਹੈ। ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਨੂੰ ਝੂਠ ਦਾ ਰਿਸ਼ਤਾ ਬਣਾ ਦਿੱਤਾ ਹੈ। ਵਿਆਹ ਲਈ ਮੁੰਡਾ/ ਕੁੜੀ ਦੇਖਣ ਵੇਲੇ ਆਈਲੈਟਸ ਵਾਲੇ ਹੀ ਦੇਖੇ ਜਾਂਦੇ ਹਨ। ਉਹਨਾਂ ਦੇ ਕੁੜੀ/ਮੁੰਡੇ ਨੂੰ ਬਾਹਰਲੇ ਦੇਸ਼ ਲੈ ਕੇ ਜਾ ਸਕਣ। ਰਿਸ਼ਤੇ ਹੀ ਆਈਲੈਟਸ ਨੂੰ ਮੁੱਖ ਰੱਖ ਕੇ ਕੀਤੇ ਜਾਂਦੇ ਹਨ। ਕਈ ਵਾਰ ਬਾਹਰਲੇ ਦੇਸ਼ ਨਾ ਜਾ ਸਕਣ ਕਾਰਨ ਉਹਨਾਂ ਰਿਸ਼ਤਿਆਂ ਦੇ ਵਿੱਚ ਤਣਾਉ, ਮਾਰ ਪੀਟ ਤੱਕ ਵੀ ਪੁੱਜ ਜਾਂਦਾ ਹੈ। ਪੰਜਾਬ ਦੀ ਮਹਿਲਾ ਕਮਿਸ਼ਨ ਦੀ ਅਪੀਲ ਹੈ ਕਿ ਲੋਕ ਆਪਣੇ ਬੱਚਿਆਂ ਨੂੰ ਬਿਨ੍ਹਾਂ ਸੋਚੇ ਸਮਝੇ ਨਾ ਵਿਆਹੁਣ।

ਪੰਜਾਬੀ ਜੀਵਨ ਸਦਾ ਹੀ ਖ਼ੁਸ਼ੀ ਲਈ ਕੋਈ ਨਾ ਕੋਈ ਮੌਕਾ ਲੱਭਦਾ ਰਹਿੰਦਾ ਹੈ। ਉਹਨਾਂ ਲਈ ਹਰ ਦਿਨ ਹੀ ਤਿਉਹਾਰ ਦਾ ਰੂਪ ਹੁੰਦਾ ਹੈ। ਜੇਕਰ ਦਿਨ ਹੀ ਤਿਉਹਾਰ ਦਾ ਹੋਵੇ, ਫਿਰ ਗੱਲ ਅਲੱਗ ਹੀ ਬਣਦੀ ਹੈ। ਹਰ ਤਿਉਹਾਰ ਦਾ ਆਪਣਾ ਅਸਤਿਤਵ ਅਤੇ ਇਤਿਹਾਸ ਹੈ। ਇਹ ਤਿਉਹਾਰ ਵਿਚਾਰਧਾਰਾ ਅਤੇ

ਪਦਾਰਥਕ ਆਦਾਨ-ਪ੍ਰਦਾਨ ਕਰਦੇ ਹਨ। ਹਰ ਤਿਉਹਾਰ ਤੇ ਪੰਜਾਬੀਆਂ ਦਾ ਚੋਖਾ ਇਕੱਠ ਦੇਖਣ ਨੂੰ ਮਿਲਦਾ ਹੈ। ਇੱਥੇ ਕੁਝ ਨਾ ਕੁਝ ਸ਼ਗਨ ਦੇ ਤੌਰ 'ਤੇ ਖਰੀਦਿਆਂ ਜਾਂਦਾ ਹੈ। ਮਨੁੱਖ ਆਪਣੇ ਰੁਝੇਵਿਆਂ ਦੇ ਵਿੱਚੋਂ ਵਕਤ ਕੱਢ ਕੇ ਤਿਉਹਾਰਾਂ ਦੇ ਦਿਨ ਮਨ-ਪ੍ਰਚਾਵਾ ਕਰਕੇ ਤਰੋ-ਤਾਜ਼ਾ ਹੋ ਜਾਂਦਾ ਹੈ। ਪੰਜਾਬ ਦੇ ਵਿੱਚ ਅਣਗਿਣਤ ਪਿੰਡ ਹਨ ਜਿੱਥੇ ਦੇਸੀ ਮਹੀਨੇ ਦੇ ਮੁਤਾਬਕ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਹੈ। ਦੇਸੀ ਮਹੀਨਾ ਚੇਤ ਤੋਂ ਮੰਨਿਆ ਜਾਂਦਾ ਹੈ। ਇਸ ਨੂੰ ਨਵਾਂ ਸੰਮਤ ਜਾਂ ਨਵੇਂ ਸਾਲ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਦਿਨ ਤਿਉਹਾਰ ਦੇ ਤੌਰ ਤੇ ਮਨਾਇਆ ਜਾਂਦਾ ਹੈ। ਵਰਤ ਕੋਈ ਵੀ ਦਿਨ ਰੱਖਿਆ ਜਾ ਸਕਦਾ ਹੈ। ਵਰਤ ਆਤਮਿਕ ਅਤੇ ਮਾਨਸਿਕ ਸ਼ਾਂਤੀ ਲਈ ਰੱਖਿਆ ਜਾਂਦਾ ਹੈ। ਵਰਤ ਆਪੋ-ਆਪਣੇ ਇਸ਼ਟ ਨੂੰ ਪੂਜਣ ਲਈ ਰੱਖਿਆ ਜਾਂਦਾ ਹੈ। ਵਰਤਮਾਨ ਸਮੇਂ ਦੇ ਵਿੱਚ ਤਿਉਹਾਰਾਂ ਦੇ ਰੂਪ ਪਰਿਵਰਤਨ ਹੋ ਰਹੇ ਹਨ। ਮਾਨਵ ਆਪਣੇ ਵਿਸ਼ਵਾਸ ਦੇ ਆਧਾਰ ਤੇ ਵਰਤ ਰੱਖ ਲੈਂਦੇ ਹਨ।

ਕਰਵਾ ਚੌਥ ਦਾ ਵਰਤ ਪਤੀ ਦੀ ਲੰਮੀ ਉਮਰ ਲਈ ਰੱਖਿਆ ਜਾਂਦਾ ਹੈ। ਇਹ ਵਰਤ ਕੱਤਕ ਦੇ ਮਹੀਨੇ ਵਿੱਚ ਰੱਖਿਆ ਜਾਂਦਾ ਹੈ। ਇਸਤਰੀਆਂ ਅੰਨ ਜਲ ਦੇ ਬਿਨ੍ਹਾਂ ਵਰਤ ਪੂਰਾ ਕਰਦੀਆ ਹਨ। ਪਹਿਲਾਂ ਇਸਤਰੀਆਂ ਵਰਤ ਖੋਲਣ ਦੇ ਲਈ ਮਿੱਟੀ ਦੇ ਭਾਂਡੇ ਦੀ ਵਰਤੋਂ ਕਰਦੀਆਂ ਸਨ ਅਤੇ ਵਰਤਮਾਨ ਸਮੇਂ ਸਟੀਲ ਜਾਂ ਭਿੰਨ ਭਿੰਨ ਧਾਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮੰਡੀ ਦੇ ਦੌਰ ਵਿੱਚ ਹਰ ਤਿਉਹਾਰ ਨੂੰ ਬਜ਼ਾਰ ਦਾ ਹਿੱਸਾ ਬਣਾਇਆ ਜਾਂਦਾ ਹੈ। ਬਿਊਟੀ ਪਾਰਲਰ ਉੱਤੇ ਭੀੜ ਲੱਗੀ ਰਹਿੰਦੀ ਹੈ। ਇਸ ਦਿਨ ਨਵਾਂ ਸੂਟ ਤੇ ਨਵੇਂ ਹਾਰ-ਸ਼ਿੰਗਾਰ ਕੀਤੇ ਜਾਂਦੇ ਹਨ। ਔਰਤਾਂ ਵਧੇਰੇ ਕਰਕੇ ਤਿਆਰ ਵੀ ਬਿਊਟੀ ਪਾਰਲਰ ਉੱਤੇ ਹੁੰਦੀਆਂ ਹਨ। ਬਿਊਟੀ ਪਾਰਲਰ ਵਾਲੇ ਫੇਸਬੁੱਕ ਜਾਂ ਵਿਗਿਆਪਨ ਦੇ ਰਾਹੀਂ ਪ੍ਰਚਾਰ ਕਰਦੇ ਹਨ ਕਿ ਲੋਕ ਇਹਨਾਂ ਆਫਰਾਂ ਨੂੰ ਦੇਖ ਕੇ ਬਿਊਟੀ ਪਾਰਲਰ ਉੱਤੇ ਆਉਣ। ਬਜ਼ਾਰ ਦੇ ਵਿੱਚ ਸਰਘੀ ਦੀ ਥਾਲੀ ਮਿਲ ਜਾਣੀ ਸ਼ੁਰੂ ਹੋ ਗਈ ਹੈ। ਉਪਭੋਗਤਾ ਉਹੀ ਸਾਮਾਨ ਨੂੰ ਖਰੀਦਦਾ ਹੈ ਜੋ ਬਜ਼ਾਰ ਦੇ ਵਿੱਚ ਆਸਾਨੀ ਨਾਲ ਮਿਲ ਜਾਂਦਾ ਹੈ।

ਪੁਰਾਤਨ ਸਮੇਂ ਦੇ ਵਿੱਚ ਇਸ ਵਰਤ ਦੀ ਵਧੇਰੇ ਕੀਮਤ ਸੀ। ਆਧੁਨਿਕ ਦੌਰ ਦੇ ਵਿੱਚ ਕਰਵਾ ਚੌਥ ਦੀ ਕਥਾ ਵੈਬਸਾਈਟ ਉੱਤੇ ਮਿਲ ਜਾਂਦੀ ਹੈ। ਕਰਵਾ ਚੌਥ ਦਾ ਟੀ.ਵੀ ਚੈਨਲ ਉੱਤੇ ਲਾਈਵ ਦਿਖਾਇਆ ਜਾਂਦਾ ਹੈ। ਚੰਨ ਚੜ੍ਹਨ ਤੱਕ ਲਾਈਵ ਪ੍ਰੋਗਰਾਮ ਦਿਖਾਇਆ ਜਾਂਦਾ ਹੈ। ਟੀ.ਵੀ ਦੇ ਸਿੱਧੇ ਪ੍ਰਸਾਰਣ ਵਿੱਚ ਇਸਤਰੀਆਂ ਸੱਜੀਆਂ ਧੱਜੀਆਂ ਦਿਖਾਈਆਂ ਜਾਂਦੀਆਂ ਹਨ।

ਇਸ ਦਿਨ ਕਥਾ ਪੜ੍ਹਨ ਵਾਲੀ ਝਿਊਰੀ ਨੂੰ ਕਾਫ਼ੀ ਚੜ੍ਹਾਵਾ ਹੋ ਜਾਂਦਾ ਹੈ। ਇਹ ਤਾਂ ਸਪਸ਼ੱਟ ਹੀ ਹੋ ਗਿਆ ਹੈ ਕਿ ਤਿਉਹਾਰਾਂ ਨੂੰ ਵਪਾਰ ਦਾ ਹੀ ਹਿੱਸਾ ਬਣਾਇਆ ਜਾ ਰਿਹਾ ਹੈ। ਮੰਡੀ ਤਿਓਹਾਰਾਂ ਨੂੰ ਵਸਤ ਦੇ ਨਾਲ ਜੋੜ ਨੇ ਆਸਾਨੀ ਨਾਲ ਬਜ਼ਾਰ ਦੇ ਵਿੱਚ ਉਤਾਰ ਸਕਦੀ ਹੈ। ਜਦੋਂ ਕਿਸੇ ਵਸਤ ਨੂੰ ਕਿਸੇ ਵਿਸ਼ੇਸ਼ ਦਿਨ ਜਾਂ ਤਿਉਹਾਰ ਨਾਲ ਲਾ ਕੇ ਜੋੜਿਆ ਜਾਂਦਾ ਹੈ ਤਾਂ ਵਪਾਰੀ ਦੀ ਕਮਾਈ ਸਭ ਤੋਂ ਵੱਧ ਹੁੰਦੀ ਹੈ। ਦੀਵਾਲੀ ਦਾ ਤਿਉਹਾਰ ਭਾਰਤ ਦੇ ਵਿੱਚ ਵਿਸ਼ੇਸ਼ ਮਾਨਤਾ ਰੱਖਦਾ ਹੈ। ਦੀਵਾਲੀ ਦੇ ਤਿਉਹਾਰ ਉੱਤੇ ਵਪਾਰੀਆਂ ਨੂੰ ਸਾਲ ਭਰ ਦੀ ਕਮਾਈ ਹੁੰਦੀ ਹੈ। ਦੀਵਾਲੀ ਦਾ ਤਿਉਹਾਰ ਧਰਮ ਨਾਲ ਸੰਬੰਧਿਤ ਹੈ। ਹਿੰਦੂ ਧਰਮ ਦੇ ਵਿੱਚ ਸ੍ਰੀ ਰਾਮ ਚੰਦਰ ਜੀ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆਏ ਸਨ। ਸਿੱਖ ਧਰਮ ਦੇ ਵਿੱਚ ਸ੍ਰੀ ਹਰਗੋਬਿੰਦ ਸਾਹਿਬ ਜੀ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਤੋ ਰਿਹਾਅ ਹੋਏ ਸਨ। ਦੀਵਾਲੀ ਦਿਨ ਉੱਤੇ ਬਜ਼ਾਰਾਂ ਦੇ ਵਿੱਚ ਰੌਣਕ ਲੱਗੀ ਹੁੰਦੀ ਹੈ। ਬਜ਼ਾਰ ਦੀ ਅਜਿਹੀ ਕੋਈ ਵੀ ਵਸਤ ਜਾਂ ਮਠਿਆਈ ਦੀ ਦੀਵਾਲੀ ਵਾਲੇ ਦਿਨ ਵਿਕਰੀ ਜ਼ਰੂਰ ਹੋਵੇਗੀ। ਇਸ ਦਿਨ ਬਜ਼ਾਰਾਂ ਦੇ ਵਿੱਚ ਮੂਰਤੀਆਂ ਦੀ ਵਿਕਰੀ ਜ਼ਰੂਰ ਹੁੰਦੀ ਹੈ।

ਹਿੰਦੂ ਧਰਮ ਦੀ ਮਿਥ ਦੇ ਅਨੁਸਾਰ ਇਸ ਦਿਨ ਲਕਸ਼ਮੀ ਮਾਤਾ ਘਰ ਜ਼ਰੂਰ ਆਉਂਦੀ ਹੈ। ਦੀਵਾਲੀ ਦੇ ਵਿੱਚ ਦੀਵੇ ਦਾ ਆਪਣਾ ਮਹੱਤਵ ਸੀ, ਪਰੰਤੂ ਦੀਵੇ ਦੀ ਥਾਂ ਬਿਜਲੀ ਵਾਲੀ ਲਾਈਟਾਂ ਨੇ ਲੈ ਲਈ ਹੈ ਘਰਾਂ ਨੂੰ ਰੰਗ-ਬਿਰੰਗੀਆਂ ਵਿਭਿੰਨ ਲਾਈਟਾਂ ਦੇ ਨਾਲ ਸਜਾਇਆ ਜਾਂਦਾ ਹੈ। ਪਟਾਕਿਆਂ ਨੂੰ ਬਜ਼ਾਰ ਦੇ ਵਿੱਚ ਵੇਚਣ ਲਈ ਦੁਕਾਨਾਂ ਦੇ ਬਾਹਰ ਸਟਾਲ ਲੱਗੇ ਹੁੰਦੇ ਹਨ। ਪਟਾਕਿਆਂ ਉੱਤੇ ਹੀਰੋ ਜਾਂ ਹੀਰੋਇਨ ਦੀਆਂ ਤਸਵੀਰਾਂ ਲੱਗੀਆਂ ਹੁੰਦੀਆਂ ਹਨ ਤਾਂ ਕਿ ਲੋਕ ਉਹਨਾਂ ਤਸਵੀਰਾਂ ਨੂੰ ਦੇਖ ਕੇ ਪਟਾਕੇ ਖਰੀਦ ਸਕਣ।

ਬੱਚਿਆਂ ਦਾ ਧਿਆਨ ਪਟਾਕਿਆਂ ਦੇ ਵੱਲ ਅਕਰਸ਼ਿਤ ਕਰਨ ਦੇ ਲਈ ਕਾਰਟੂਨ ਦੀਆਂ ਫੋਟੋਆਂ ਲੱਗੀਆਂ ਹੁੰਦੀਆਂ ਹਨ ਜਿਵੇਂ ਕਿ ਛੋਟਾ ਭੀਮ, ਕ੍ਰਿਸ਼ਨਾ ਆਦਿ। ਦੀਵਾਲੀ ਤਿਉਹਾਰ ਉੱਤੇ ਬਜ਼ਾਰ ਵਿੱਚ ਬਣਾਈਆਂ ਹੋਈਆਂ ਮਠਿਆਈਆਂ ਦੋਸਤਾਂ/ ਰਿਸ਼ਤੇਦਾਰਾਂ ਨੂੰ ਦਿੱਤੀਆਂ ਜਾਂਦੀਆਂ ਹਨ। ਘਰ ਦੇ ਵਿੱਚ ਸਮਾਨ ਬਣਾਉਣ ਦਾ ਰਿਵਾਜ ਖਤਮ ਹੋ ਕੇ ਬਜ਼ਾਰ ਦੀ ਪਿਰਤ ਪੈ ਗਈ ਹੈ। ਤੀਆਂ ਦਾ ਤਿਉਹਾਰ ਸਾਵਣ ਦੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਸਮੇਂ ਦੀ ਬਦਲਦੀ ਰਫ਼ਤਾਰ ਨੇ ਤੀਆਂ ਦੇ ਤਿਉਹਾਰ ਨੂੰ ਕਿਨਾਰੇ ਲਗਾ ਦਿੱਤਾ ਹੈ। ਤੀਆਂ ਦਾ ਤਿਉਹਾਰ ਕਾਲਜਾਂ ਜਾਂ ਕਲੱਬਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ। ਵਰਤਮਾਨ ਸਮੇਂ ਦੇ ਵਿੱਚ ਪਿੰਡਾਂ ਜਾਂ ਸ਼ਹਿਰਾਂ ਦੇ ਵਿੱਚ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ।

ਹੋਲੀ ਦੇ ਤਿਉਹਾਰ ਉੱਤੇ ਉਪਭੋਗਤਾ ਨੇ ਆਪਣਾ ਪੂਰਾ ਰੰਗ ਚੜਾਉਣ ਦੀ ਕੋਸ਼ਿਸ਼ ਕੀਤੀ ਹੈ। ਹੋਲ਼ੀ ਹਿੰਦੂ ਧਰਮ ਦੇ ਵਿੱਚ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਹੋਲੀ ਦੇ ਦਿਨਾਂ ਵਿੱਚ ਰੰਗ ਬਿਰੰਗੀਆਂ ਪਿਚਕਾਰੀਆਂ ਬਜ਼ਾਰ ਦੇ ਵਿੱਚ ਵਿਕਦੀਆਂ ਹਨ। ਮੰਡੀ ਆਪਣੇ ਆਪ ਨੂੰ ਤਿਉਹਾਰ ਦੇ ਅਨੁਸਾਰ ਢਾਲਦੀ ਰਹਿੰਦੀ ਹੈ ਤਾਂ ਜੋ ਹਰ ਵਸਤ ਮੰਡੀ ਦੇ ਵਿੱਚ ਵਿਕ ਹੀ ਜਾਏ। ਇਸ ਤਰ੍ਹਾਂ ਹੀ ਹੋਲੀ ਦੇ ਤਿਉਹਾਰ ਸਮੇਂ ਵੱਖੋ-ਵੱਖਰੇ ਵਿਗਿਆਪਨ ਟੀ.ਵੀ ਉੱਤੇ ਆਉਂਦੇ ਹਨ। ਇਹਨਾਂ ਵਿਗਿਆਪਨਾਂ ਦੇ ਰਾਹੀਂ ਕਿਸੇ ਨਾ ਕਿਸੇ ਵਸਤ ਦੀ ਮਸ਼ਹੂਰੀ ਕੀਤੀ ਜਾਂਦੀ ਹੈ। ਇਹ ਮਸ਼ਹੂਰੀ ਤਿਉਹਾਰ ਦੇ ਨਾਲ ਹੀ ਸੰਬੰਧਿਤ ਹੁੰਦੀ ਹੈ। ਪਿਚਕਾਰੀ ਜਾਂ ਰੰਗਾਂ ਦੇ ਪੈਕਟਾਂ ਉੱਤੇ ਐਨੀਮੇਟਿਡ ਕਾਰਟੂਨਾਂ ਦੀ ਤਸਵੀਰ ਬਣਾ ਕੇ ਵੇਚਿਆ ਜਾਂਦਾ ਹੈ। ਟੀ.ਵੀ ਦੇ ਉੱਤੇ ਸਰਫ ਐਕਸੈੱਲ ਦੇ ਵਿਗਿਆਪਨ ਦੇ ਵਿੱਚ ਦਿਖਾਇਆ ਗਿਆ ਕਿ ਛੋਟੀ ਲੜਕੀ ਆਪਣੇ ਦੋਸਤ ਨੂੰ ਮਸਜਿਦ ਪਹੁੰਚਾਉਣ ਲਈ ਸਾਰੇ ਰੰਗ ਆਪਣੇ ਉੱਤੇ ਪਾ ਲੈਂਦੀ ਹੈ ਤਾਂ ਜੋ ਉਸ ਦਾ ਦੋਸਤ ਰੰਗ ਤੋਂ ਬੱਚ ਸਕੇ। ਇਸੇ ਹੀ ਭਾਂਤ ਦੇ ਹੋਰ ਵਿਗਿਆਪਨ ਵੀ ਮਿਲ ਜਾਂਦੇ ਹਨ। ਇਸ ਵਿਗਿਆਪਨ ਦੇ ਰਾਹੀਂ ਵੱਖੋ-ਵੱਖਰੇ ਧਰਮਾਂ ਦੇ ਵਿੱਚ ਸਨੇਹ ਦੀ ਭਾਵਨਾ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਤਿਉਹਾਰਾਂ ਦੇ ਦਿਨਾਂ ਵਿੱਚ ਇਸ਼ਤਿਹਾਰਾਂ ਅਤੇ ਵਿਗਿਆਪਨਾਂ ਦੀ ਬਾਰਿਸ਼ ਹੁੰਦੀ ਹੈ। ਭਾਰਤ ਤਿਉਹਾਰਾਂ ਦਾ ਦੇਸ਼ ਹੈ। ਸਤੰਬਰ ਤੋਂ ਲੈ ਕੇ ਦਸਬੰਰ ਤੱਕ ਤਿਉਹਾਰਾਂ ਦੀ ਲਾਈਨ ਲੱਗੀ ਹੁੰਦੀ ਹੈ। ਇਹਨਾਂ ਤਿਉਹਾਰਾਂ ਦੇ ਵਿੱਚ 60% ਛੋਟ ਦਿੱਤੀ ਹੁੰਦੀ ਹੈ। ਤਿਉਹਾਰਾਂ ਦੇ ਦਿਨਾਂ ਦੇ ਵਿੱਚ ਇੱਕ ਦੂਜੇ ਨੂੰ ਤੋਹਫ਼ੇ ਦਿੱਤੇ ਜਾਂਦੇ ਹਨ। ਆਮ ਵਰਗ ਦੇ ਲਈ ਛੋਟ ਉੱਤੇ ਵਸਤਾਂ ਖ੍ਰੀਦਣੀਆਂ ਵਧੇਰੇ ਠੀਕ ਰਹਿੰਦਾ ਹੈ। ਸਭ ਤੋਂ ਵੱਡੀ ਤੇ ਵਿਸ਼ੇਸ਼ ਗੱਲ ਹੈ ਕਿ ਇਹਨਾਂ ਵਿਗਿਆਪਨਾਂ ਦਾ ਸੰਚਾਲਨ ਹਰ ਭਾਸ਼ਾ ਦੇ ਵਿੱਚ ਕੀਤਾ ਜਾਂਦਾ ਹੈ। ਹਰ ਕੋਈ ਵਿਗਿਆਪਨ ਦੇ ਵਿੱਚ ਦਿਖਾਏ ਜਾਂਦੇ ਚਿੱਤਰਾਂ ਦੇ ਇਸ਼ਾਰਿਆ ਅਤੇ ਭਾਸ਼ਾ ਨੂੰ ਸਮਝ ਸਕੇ। ਵਪਾਰੀ ਦੇ ਵਪਾਰ ਦੇ ਵਿੱਚ ਕੋਈ ਕਮੀ ਨਾ ਆ ਸਕੇ। ਵਿਗਿਆਪਨ ਚਮਕ-ਦਮਕ ਨਾਲ ਪੇਸ਼ ਹੁੰਦੇ ਹਨ। ਇਹ ਮਨੁੱਖੀ ਸੋਚ ਤੇ ਵਾਰ ਕਰਦੇ ਹਨ। ਮਨੁੱਖ ਅਸਹਿਜ ਹੀ ਫਸ ਜਾਂਦਾ ਹੈ। ਇਹਨਾਂ ਵਿਗਿਆਪਨਾਂ ਨੂੰ ਮਾਹਿਰਾਂ ਦੇ ਵੱਲੋਂ ਇਸ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ ਕਿ ਲੋਕ ਦੇਖਣ ਤੇ ਖਰੀਦਣ ਲਈ ਮਜ਼ਬੂਰ ਹੋ ਜਾਣ।

ਰੱਖੜੀ ਭਾਰਤ ਦੇ ਵਿੱਚ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਇਹ ਤਿਉਹਾਰ ਭੈਣ ਭਰਾ ਦੇ ਵੱਲੋ ਮਨਾਇਆ ਜਾਂਦਾ ਹੈ। ਰੱਖੜੀ ਦਾ ਤਿਉਹਾਰ ਰੱਖਿਆ ਨਾਲ ਸੰਬੰਧਿਤ ਹੈ। ਭਰਾ ਆਪਣੀ ਭੈਣ ਦੀ ਰੱਖਿਆ ਦਾ ਵਾਅਦਾ ਕਰਦਾ ਹੈ। ਸਮੇਂ ਦੇ ਪ੍ਰਸੰਗ ਨਾਲ ਤਿਉਹਾਰਾਂ ਦੇ ਅਰਥ ਵੀ ਬਦਲਦੇ ਜਾ ਰਹੇ ਹਨ। ਇਹ ਤਿਉਹਾਰ ਬੀਰਤਾ ਦੇ ਨਾਲ ਸੰਬੰਧਿਤ ਸੀ। ਪਰ ਹੁਣ ਇੱਕ ਰਸਮ ਹੀ ਬਣ ਕੇ ਰਹਿ ਗਿਆ ਹੈ। ਰੱਖੜੀ ਨੂੰ ਕਾਰਟੂਨ ਦਾ ਰੂਪ ਦੇ ਕੇ ਵੇਚਿਆ ਜਾਂਦਾ ਹੈ। ਬੱਚਿਆ ਨੂੰ ਕਾਰਟੂਨ ਵਾਲੀਆਂ ਰੱਖੜੀਆਂ ਵਧੀਆ ਲੱਗਦੀਆਂ ਹਨ। ਇਸ ਕਰਕੇ ਕਾਰਟੂਨਾਂ ਵਾਲੀਆਂ ਰੱਖੜੀਆਂ ਜਲਦੀ ਹੀ ਵਿਕ ਜਾਂਦੀਆ ਹਨ। ਟੀ.ਵੀ ਉੱਤੇ ਚਾਕਲੇਟ ਦੀ ਮਸ਼ਹੂਰੀ ਆਉਂਦੀ ਹੈ। ਇਹਨਾਂ ਵਿਗਿਆਪਨਾਂ ਦੇ ਵਿੱਚ ਮਠਿਆਈਆਂ ਨਾਲੋਂ ਚਾਕਲੇਟ ਨੂੰ ਵਧੇਰੇ ਸਸਤਾ ਦਿਖਾਇਆ ਗਿਆ ਹੈ।

ਬਜ਼ਾਰ ਦੀਆਂ ਮਸ਼ਹੂਰ ਮਠਿਆਈਆਂ ਨੂੰ ਚਾਕਲੇਟ ਦੇ ਸਾਹਮਣੇ ਨੀਵਾਂ ਕਰਕੇ ਚਾਕਲੇਟ ਨੂੰ ਸਰਬਸ੍ਰੇਸ਼ਟ ਸਿੱਧ ਕੀਤਾ ਹੈ। ਚਾਕਲੇਟ ਨੂੰ ਹਰ ਖੁਸ਼ੀ ਜਾਂ ਤਿਉਹਾਰ ਦੇ ਮੌਕਿਆਂ ਉੱਤੇ ਦੇਣਾ ਸਹੀ ਦੱਸਿਆ

ਹੈ। ਪੱਛਮ ਦੀ ਦੇਖਾ ਦੇਖੀ ਵੈਲਨਟਾਇਨ ਡੇ ਮਨਾਇਆ ਜਾਂਦਾ ਹੈ। ਫਰਵਰੀ ਦੇ ਮਹੀਨੇ ਦੇ ਵਿੱਚ ਮਨਾਇਆ ਜਾਂਦਾ ਹੈ। ਇਸ ਦੇ ਨਾਲ ਸੰਬੰਧਿਤ ਵਸਤਾਂ ਬਜ਼ਾਰ ਦੇ ਵਿੱਚ ਬਹੁਤ ਵਿਕਦੀਆਂ ਹਨ। ਸਾਮਰਾਜੀ ਵਿਵਸਥਾ ਦੇ ਵਿੱਚ ਵਿਕਰੀ ਹੀ ਅਖੀਰੀ ਰਸਤਾ ਹੈ। ਇਸ ਦੇ ਵਿੱਚ ਕੁਦਰਤ ਹੀ ਨਹੀ ਮਨੁੱਖ ਵੀ ਵਿਕਰੀ ਦਾ ਰਾਹ ਬਣਦਾ ਜਾ ਰਿਹਾ ਹੈ।

ਦੂਸਰੇ ਅਧਿਆਇ ਦੇ ਚੌਥੇ ਭਾਗ ਦੇ ਵਿੱਚ ਖਪਤ ਸਭਿਆਚਾਰ ਅਤੇ ਸੋਸ਼ਲ ਮੀਡੀਆ ਦਾ ਵੱਧਦਾ ਪ੍ਰਭਾਵ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ। ਕਰੋੜਾਂ ਲੋਕ ਘੰਟਿਆ ਬੱਧੀ ਫੇਸਬੁੱਕ ਜਾਂ ਟੀਵੀਟਰ ਨੂੰ ਚਲਾਉਂਦੇ ਹਨ। ਮਾਨਵ ਇੰਨਾ ਸਮਾਂ ਆਪਣੇ ਪਰਿਵਾਰ ਨਾਲ ਨਹੀ ਬਤੀਤ ਕਰਦਾ ਜਿੰਨਾ ਸਮਾਂ ਉਸ ਦਾ ਫੇਸਬੁੱਕ ਜਾਂ ਟੀਵੀਟਰ ਉੱਤੇ ਲੱਗਦਾ ਹੈ। ਪਹਿਲਾਂ ਸੋਸ਼ਲ ਮੀਡੀਆ ਦਾ ਪ੍ਰਭਾਵ ਸਿਰਫ ਨੌਜਵਾਨ ਵਰਗ ਤੱਕ ਹੀ ਸੀਮਿਤ ਸੀ। ਹੁਣ ਇਸਦਾ ਪ੍ਰਭਾਵ ਹਰ ਉਮਰ ਤੇ ਦਿਖਾਈ ਦਿੰਦਾ ਹੈ। ਸੋਸ਼ਲ ਮੀਡੀਆ ਪਰਿਵਾਰਾਂ ਤੋਂ ਦੂਰ ਕਰ ਰਿਹਾ ਹੈ ਅਤੇ ਨਾਲ ਹੀ ਮਾਨਵ ਦੇ ਇਕੱਲੇਪਨ ਦਾ ਇਲਾਜ ਬਣ ਰਿਹਾ ਹੈ ਜਿਸ ਦੇ ਸਿੱਟੇ ਵਜੋਂ ਮਨੁੱਖ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਮਾਨਵ ਆਪਣੇ ਮਨ ਪਰਚਾਵੇ ਲਈ ਸੋਸ਼ਲ ਮੀਡੀਆ ਨੂੰ ਚਲਾਉਂਦਾ ਹੈ। ਉੱਥੇ ਵੀ ਅਨੇਕਾਂ ਗਲਤ ਧਾਰਨਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਠੀਕ ਹੋਣ ਦੇ ਬਜਾਇ ਹੋਰ ਬਿਮਾਰ ਹੋ ਜਾਂਦਾ ਹੈ। ਉਪਰੋਕਤ ਚਰਚਾ ਤੋ ਸਪਸ਼ੱਟ ਹੈ ਕਿ

1) ਰਿਸ਼ਤਿਆਂ ਦੇ ਵਿੱਚ ਤਣਾਉ ਪ੍ਰੋਫੈਸ਼ਨਲ ਜ਼ਿੰਮੇਵਾਰੀਆਂ ਦੇ ਕਰਕੇ ਆਇਆ ਹੈ।

2) ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਪਰਿਵਾਰ ਛੋਟੇ ਹੋ ਗਏ ਹਨ ਕਿ ਵੱਡੇ ਪਰਿਵਾਰਾਂ ਦਾ ਖਰਚਾ ਚੁੱਕਣਾ ਆਸਾਨ ਨਹੀ ਹੈ।

3) ਸੋਸ਼ਲ ਮੀਡੀਆਂ ਅਤੇ ਵਰਤਮਾਨ ਵਿਵਸਥਾ ਦੀ ਮਾਰ ਰਿਸ਼ਤਿਆਂ ਉੱਤੇ ਪਈ ਹੈ।

4) ਮੰਡੀ ਨੇ ਆਪਣੀ ਵਸਤ ਦੇ ਪ੍ਰਚਾਰ ਲਈ ਤਿਉਹਾਰ ਅਤੇ ਰਸਮਾਂ ਨੂੰ ਵੀ ਨਹੀ ਛੱਡਿਆ ਹੈ ਅਤੇ ਲੋਕਾਂ ਨੇ ਵੀ ਆਪ- ਮੁਹਾਰੇ ਅਪਣਾਇਆ ਹੈ।

ਤੀਸਰੇ ਅਧਿਆਇ ਦੇ ਵਿੱਚ '**ਪੰਜਾਬ ਦੇ ਆਰਥਕ ਜੀਵਨ ਵਿੱਚ"ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ**"ਦੇ ਵਿੱਚ ਮੰਡੀ ਦਾ ਤੇਜ਼ੀ ਨਾਲ ਆਪਣਾ ਗਲਬਾ ਲੋਕਾਂ ਉੱਤੇ ਪਾਇਆ ਜਾ ਰਿਹਾ ਹੈ। ਇਸ ਅਧਿਆਇ ਨੂੰ ਚਾਰ ਭਾਗਾਂ ਦੇ ਵਿੱਚ ਵੰਡਿਆ ਗਿਆ ਹੈ।

- **ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦਾ ਉਦਯੋਗਿਕ ਜੀਵਨ**
- **ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਮਨੁੱਖੀ ਜੀਵਨ ਸ਼ੈਲੀ ਵਿੱਚ ਪਰਿਵਰਤਨ**
- **ਖਪਤ ਸਭਿਆਚਾਰ ਦੇ ਪ੍ਰਭਾਵ ਕਰਕੇ ਲ਼ੋਕ ਧੰਦਿਆਂ ਦਾ ਬਦਲਦਾ ਅਸਤਿਤਵ**
- **ਖਪਤ ਸਭਿਆਚਾਰ ਅਤੇ ਅਜੋਕੀ ਅਰਥ ਵਿਵਸਥਾ**

ਪਹਿਲਾ ਭਾਗ ਦੇ ਵਿੱਚ ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦਾ ਉਦਯੋਗਿਕ ਜੀਵਨ ਦੀ ਚਰਚਾ ਕੀਤੀ ਗਈ ਹੈ। ਆਰਥਕ ਵਿਵਸਥਾ ਹੀ ਮਨੁੱਖ ਦੀ ਸਥਿਤੀ ਸਮਾਜ ਦੇ ਵਿੱਚ ਮਜ਼ਬੂਤ ਕਰਦੀ ਹੈ। ਖਪਤ ਸਭਿਆਚਾਰ ਨੇ ਜੀਵਨ ਦੇ ਹਰ ਲਕਸ਼ ਨੂੰ ਆਪਣੇ ਹੱਥਾਂ ਵਿੱਚ ਲਿਆ ਹੈ। ਮੰਡੀ ਦੇ ਵਿੱਚ ਤਬਦੀਲੀ ਇਸ ਦਾ ਮੁੱਖ ਮਕਸਦ ਹੈ। ਮਨੁੱਖੀ ਜੀਵਨ ਇਸੇ ਪ੍ਰਵਾਹ ਹੇਠ ਤਬਦੀਲ ਵੀ ਹੋ ਰਿਹਾ ਹੈ। ਵਰਤਮਾਨ ਮਨੁੱਖੀ ਜੀਵਨ ਸ਼ੈਲ਼ੀ ਦੇ ਵਿੱਚ ਖੜੋਤ ਦਾ ਪੂਰਨ ਆਭਾਸ ਦਿਖਾਈ ਦਿੰਦਾ ਹੈ। ਮਨੁੱਖ ਆਪ ਹੀ ਆਪਣੇ ਜੀਵਨ ਸ਼ੈਲੀ ਨੂੰ ਬਿਹਤਰ ਬਣਾਉਣਾ ਚਾਹੁੰਦਾ ਹੈ। ਮਨੁੱਖੀ ਜੀਵਨ ਕੁਦਰਤ ਦੀ ਮਿਰਹਬਾਨੀ ਹੈ। ਮਨੁੱਖ ਜੰਗਲੀ ਜੀਵ ਤੋਂ ਬਿਹਤਰ ਇਨਸਾਨ ਤੱਕ ਪੁੱਜਾ ਹੈ। ਉਸਨੇ ਅਨੇਕਾਂ ਔਖੀਆਂ ਘਾਟੀਆਂ ਦਾ ਸਾਹਮਣਾ ਕੀਤਾ ਹੈ। ਮਨੁੱਖ ਨੇ ਆਪਣੇ ਜੀਵਨ ਨੂੰ ਮਜ਼ਬੂਤ ਰੱਖਣ ਲਈ ਅਨੇਕਾਂ ਖੋਜਾਂ/ ਕਾਢਾਂ ਕੀਤੀਆਂ ਹਨ। ਵੱਡੀਆਂ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਦੇ ਉੱਤੇ ਆਪਣਾ ਦਬਦਬਾ ਕਾਇਮ ਰੱਖਿਆ ਹੋਇਆ ਹੈ। ਉਹਨਾਂ ਨੇ ਆਪਣੇ ਪ੍ਰਚਾਰ ਦੇ ਲਈ ਵਿੱਚ ਦਾ ਰਸਤਾ ਚੁਣ ਲਿਆ ਹੈ।

ਆਨਲਾਈਨ ਮਾਰਕੀਟਿੰਗ ਦੇ ਵਿੱਚ 5 ਐਪ ਸਿਖ਼ਰ ਦੇ ਮਦਦਗਾਰ ਸਾਬਿਤ ਹੋਏ ਹਨ। ਅੱਜ ਤੇਜ਼ੀ ਦੇ ਯੁੱਗ ਦੇ ਵਿੱਚ ਹਰ ਕੋਈ ਆਪਣਾ ਵਪਾਰ ਸੋਸ਼ਲ ਮੀਡੀਆ ਦੇ ਨਾਲ ਜੋੜ ਰਿਹਾ ਹੈ। ਸੋਸ਼ਲ ਮੀਡੀਆਂ ਦੇ

ਮਦਦ ਨਾਲ ਦੁਕਾਨ ਗਾਹਕਾਂ ਦੇ ਘਰ ਤੱਕ ਪਹੁੰਚਣ ਲੱਗ ਪਈ ਹੈ ਜਿਸ ਨਾਲ ਹਰ ਇੱਕ ਦਾ ਫਾਇਦਾ ਤੇ ਨੁਕਸਾਨ ਦੋਵੇਂ ਹੋਏ ਹਨ। ਛੋਟੇ ਵਪਾਰੀਆਂ ਲਈ ਵੱਡੇ ਉਦਯੋਗਾਂ ਦੇ ਪ੍ਰਭਾਵ ਕਾਰਨ ਉਦਯੋਗ ਨੂੰ ਚਲਾਉਣਾ ਮੁਸ਼ਕਿਲ ਜਾਪਦਾ ਸੀ। ਉਹਨਾਂ ਦੇ ਬਰਾਬਰ ਮਾਰਕਿਟਿੰਗ ਕਰਨ ਲਈ ਸੋਸ਼ਲ ਮੀਡੀਆ ਤੋਂ ਸਸਤਾ ਰਸਤਾ ਕੋਈ ਨਹੀਂ ਹੋ ਸਕਦਾ ਹੈ ਜਿਵੇਂ ਕਿ ਫੇਸਬੁੱਕ, ਲਿੰਕਡਿਨ, ਇੰਸਟਾਗ੍ਰਾਮ, ਯੂ-ਟਿਊਬ, ਪਿੰਟਰੈਸਟ ਆਦਿ। ਇਹਨਾਂ ਦੇ ਰਾਹੀਂ ਘਰ ਬੈਠਿਆਂ ਹੀ ਕਮਾ ਤੇ ਪ੍ਰਚਾਰ ਕਰ ਰਿਹਾ ਹੈ। ਇਸ ਦੇ ਲਈ ਵਲੋਗਰਜ ਉਹਨਾਂ ਵਸਤਾਂ ਦਾ ਪ੍ਰਚਾਰ ਆਪਣੇ ਪੇਜਾਂ ਉੱਤੇ ਜਾ ਕੇ ਕਰਦੇ ਹਨ।

ਤੀਸਰੇ ਅਧਿਆਇ ਦੇ ਦੂਜੇ ਭਾਗ ਵਿੱਚ ਮਨੁੱਖੀ ਜੀਵਨ ਸ਼ੈਲੀ ਦੇ ਪਰਿਵਰਤਨ ਦੇ ਵਿੱਚ ਆਧੁਨਿਕੀਕਰਨ ਦਾ ਬਹੁਤ ਪ੍ਰਭਾਵ ਪਿਆ ਜਿਸ ਦੇ ਸਿੱਟੇ ਵਜੋਂ ਪੁਰਾਤਨ ਕਦਰਾਂ-ਕੀਮਤਾਂ, ਰਹਿਣ-ਸਹਿਣ ਆਦਿ ਸਭ ਕੁਝ ਬਦਲ ਗਿਆ। ਹਰ ਨਵੇਂ ਪਰਿਵਰਤਨ ਨਾਲ ਪੁਰਾਣੇ ਦੇ ਵਿੱਚੋਂ ਕੁਝ ਟੁੱਟਦਾ ਹੈ ਅਤੇ ਕੁਝ ਜੋੜਿਆ ਜਾਂਦਾ ਹੈ। ਉਦਯੋਗੀਕਰਨ ਦੇ ਆਉਣ ਨਾਲ ਲੋਕਾਂ ਨੇ ਪਿੰਡਾਂ ਤੋ ਸ਼ਹਿਰਾਂ ਦਾ ਸਫ਼ਰ ਕੀਤਾ । ਪਿੰਡਾਂ ਦੀ ਜੀਵਨ ਸ਼ੈਲ਼ੀ ਸ਼ਹਿਰਾਂ ਨਾਲੋਂ ਬਿਲਕੁਲ ਭਿੰਨ ਸੀ । ਪੰਜਾਬੀ ਸਾਦਾ ਜੀਵਨ ਬਤੀਤ ਕਰਨ ਵਾਲੇ ਸਨ। ਉਦਯੋਗੀਕਰਨ ਨੇ ਮਨੁੱਖੀ ਜੀਵਨ ਨੂੰ ਤਬਦੀਲ ਕਰ ਦਿੱਤਾ। ਉਪਭੋਗਤਾ ਟੀ.ਵੀ, ਵਿਗਿਆਪਨ, ਅਖ਼ਬਾਰਾਂ ਆਦਿ ਦੇ ਰਾਹੀਂ ਫੈਲਾਈ ਜਾ ਰਹੀ ਹੈ। ਮਨੁੱਖ ਵਸਤਵਾਦੀ ਮਨੁੱਖ ਬਣ ਗਿਆ ਹੈ। ਮਨੁੱਖ ਵਸਤਾਂ ਨੂੰ ਕੇਂਦਰ ਦੇ ਵਿੱਚ ਰੱਖਣ ਲੱਗ ਪਿਆ ਹੈ। ਮਨੁੱਖੀ ਜੀਵਨ ਮੁੱਲਾਂ ਨੂੰ ਕਿਨਾਰੇ ਕੀਤਾ ਜਾ ਰਿਹਾ ਹੈ। ਮਨੁੱਖੀ ਜੀਵਨ ਵਿਚਲਾ ਪਾੜਾ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਵਰਤਮਾਨ ਦੀ ਸਥਿਤੀ ਅਮੀਰ ਨੂੰ ਹੋਰ ਅਮੀਰ ਅਤੇ ਗਰੀਬ ਨੂੰ ਹੋਰ ਗਰੀਬ ਕਰੀ ਜਾ ਰਹੀ ਹੈ। ਪੈਸੇ ਦੀ ਅਸਾਵੀ ਵੰਡ ਨੇ ਮਨੁੱਖੀ ਸੰਕਟ ਨੂੰ ਗਹਿਰਾ ਕੀਤਾ ਹੈ ਜਿਸ ਕਰਕੇ ਗਰੀਬ ਵਰਗ ਮੁਸ਼ਕਿਲ ਨਾਲ ਗੁਜ਼ਾਰਾ ਕਰਦਾ ਹੈ। ਉਦਯੋਗੀਕਰਨ ਨੇ ਮਨੁੱਖੀ ਸਮਾਜ ਨੂੰ ਵਿਸਥਾਰਿਤ ਵਿੱਚ ਸਹਾਇਤਾ ਦਿੱਤੀ ਹੈ ਪਰ ਨਾਲ ਹੀ ਵਸਤਾਂ ਨੂੰ ਵੇਚਣ ਦੇ ਲਈ ਸਭਿਆਚਾਰ ਨੂੰ ਨਿਸ਼ਾਨਾ ਬਣਾਇਆ ਹੈ।

ਉਪਭੋਗਤਾਵਾਦੀ ਸਮਾਜ ਨੇ ਦੇਸੀ ਵਸਤਾਂ ਦੀ ਥਾਂ ਵਿਦੇਸ਼ੀ ਵਸਤਾਂ ਦਾ ਪ੍ਰਚਾਰ ਕਰਵਾਇਆ ਹੈ। ਮਨੁੱਖ ਬਰੈਂਡ ਦਾ ਸ਼ੋਕੀਨ ਬਣਾ ਕੇ ਰੱਖ ਦਿੱਤਾ ਹੈ। ਪੰਜਾਬੀ ਮਹਿੰਗੇ ਤੋਂ ਮਹਿੰਗੇ ਬਰੈਂਡ ਦੀਆਂ ਵਸਤਾਂ ਖਰੀਦਦੇ ਹਨ। ਇਹਨਾਂ ਬਰੈਂਡ ਦੇ ਪ੍ਰਚਾਰ ਲਈ ਵਿਗਿਆਪਨ ਅਤੇ ਹੋਡਿੰਗ ਦੀ ਵਰਤੋਂ ਕੀਤੀ ਜਾਂਦੀ ਹੈ। ਵੱਖ- ਵੱਖ ਵਸਤਾਂ ਦੇ ਹੋਡਿੰਗ ਪੂਰੇ ਸ਼ਹਿਰ ਦੇ ਵਿੱਚ ਲੱਗਾ ਦਿੱਤੇ ਜਾਂਦੇ ਹਨ। ਇਹਨਾਂ ਦਾ ਪ੍ਰਭਾਵ ਆਸਾਨੀ ਨਾਲ ਆਮ ਲੋਕਾਂ ਉੱਤੇ ਪੈ ਜਾਂਦਾ ਹੈ। ਇਹਨਾਂ ਵਸਤਾਂ ਨੂੰ ਭਿੰਨ ਭਿੰਨ ਤਰੀਕਿਆਂ ਨਾਲ ਪ੍ਰਚਾਰਿਆ ਜਾਂਦਾ ਹੈ ਕਿ ਲੋਕ ਉਹਨਾਂ ਵਸਤਾਂ ਨੂੰ ਖਰੀਦਣ ਦੇ ਲਈ ਮਜ਼ਬੂਰ ਹੋ ਜਾਣ। ਸੋਸ਼ਲ ਮੀਡੀਆ ਦੇ ਰਾਹੀਂ ਪ੍ਰਮੁੱਖ ਤੇ ਮੁੱਖ ਸਭਿਆਚਾਰ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਹਰ ਵਸਤ ਦਾ ਪ੍ਰਚਾਰ ਸਥਾਨਕ ਪੱਧਰ ਉੱਤੇ ਜਾ ਕੇ ਕੀਤਾ ਜਾਂਦਾ ਹੈ। ਇਸ ਦੇ ਨਾਲ ਲੋਕ ਵਸਤਾਂ ਨੂੰ ਜਲਦੀ ਅਪਣਾ ਲੈਂਦੇ ਹਨ। ਉਪਭੋਗਤੀ ਵਸਤਾਂ ਨੂੰ ਸਿਸਟਮ ਸਿੰਬਲ ਬਣਾ ਕੇ ਪੇਸ਼ ਕਰ ਰਿਹਾ ਹੈ। ਉਪਭੋਗਤਾ ਨੇ ਮਨੁੱਖ ਨੂੰ ਹਰ ਸਹੂਲਤ ਦੀ ਪੇਸ਼ਕਾਰੀ ਕੀਤੀ ਹੈ ਜਿਵੇਂ ਕਿ ਅੱਜ ਕੱਲ੍ਹ ਹਰ ਘਰ ਦੇ ਵਿੱਚ ਕਾਰ ਮੋਜੂਦ ਹੈ। ਪੰਜਾਬੀ ਵੱਡੀਆਂ ਵੱਡੀਆਂ ਕਾਰਾਂ ਖਰੀਦਣ ਦੇ ਸ਼ੋਕੀਨ ਹਨ। ਖਪਤ ਸਭਿਆਚਾਰ ਮਨੁੱਖ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਮਨੁੱਖ ਨੂੰ ਬਰੈਂਡਵਾਦੀ ਹੀ ਹੋਣਾ ਚਾਹੀਦਾ ਹੈ। ਬਰੈਂਡ ਦੇ ਕੱਪੜੇ ਖਰੀਦਣੇ ਅਤੇ ਪਹਿਨਣ ਨਾਲ ਹੀ ਮਨੁੱਖ ਦੀ ਦੂਸਰੇ ਲੋਕਾਂ ਦੇ ਵਿੱਚ ਵੱਖਰੀ ਪਹਿਚਾਣ ਬਣਦੀ ਹੈ। ਇਹਨਾਂ ਬਰੈਂਡ ਦੇ ਮਹਿੰਗੇ ਹੋਣ ਕਾਰਨ ਬਰੈਂਡਾਂ ਦੀਆਂ ਨਕਲਾਂ ਵੀ ਬਾਜ਼ਾਰ ਦੇ ਵਿੱਚ ਵਿਕਦੀਆਂ ਹਨ ਜਿਨ੍ਹਾਂ ਨੂੰ ਪਹਿਨਣ ਵਾਲਾ ਸਧਾਰਨ ਵਰਗ ਹੀ ਹੁੰਦਾ ਹੈ। ਸਧਾਰਨ ਵਰਗ ਕੀਮਤੀ ਵਸਤਾਂ ਛੋਟ ਉੱਤੇ ਹੀ ਲੈ ਸਕਦਾ ਹੈ। ਉਹਨਾਂ ਨੂੰ ਮਹਿੰਗੇ ਪੱਧਰ ਉੱਤੇ ਜਾ ਕੇ ਖਰੀਦਣਾ ਸੌਖਾ ਨਹੀ ਹੈ। ਬਹੁਤ ਘੱਟ ਲੋਕ ਹਨ ਜਿਹੜੇ ਦੇਸੀ ਵਸਤਾਂ ਖਰੀਦਦੇ ਹਨ। ਜ਼ਿਆਦਾਤਰ ਲੋਕ ਬਰੈਂਡ ਦੇ ਹੀ ਵਸਤਾਂ ਲੈਂਦੇ ਹਨ। ਵਿਦੇਸ਼ੀ ਵਸਤਾਂ ਦੀ ਵਿਕਰੀ ਨਾਲ ਵਿਦੇਸ਼ੀ ਧਰਤੀ ਦੀ ਆਰਥਕ ਸਥਿਤੀ ਮਜ਼ਬੂਤ ਹੁੰਦੀ ਹੈ। ਵਿਦੇਸ਼ੀ ਕੰਪਨੀਆਂ ਭਾਰਤ/ਪੰਜਾਬ ਦੇ ਵਿੱਚ ਪੱਕੇ ਤੋਰ ’ਤੇ ਪੈਰ ਜਮ੍ਹਾਂ ਰਹੀਆਂ ਹਨ।

ਖਪਤ ਸਭਿਆਚਾਰ ਨੇ ਮਨੁੱਖ ਨੂੰ ਉਪਭੋਗੀ ਬਣਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਹੈ। ਹਰ ਬਰੈਂਡ ਦੀਆਂ ਵੈਬਸਾਈਟਾਂ ਸੋਸ਼ਲ ਮੀਡੀਆ ਉੱਤੇ ਮਿਲ ਜਾਣਗੀਆਂ। ਤਿਉਹਾਰਾਂ ਜਾਂ ਸੀਜਨ ਦੇ

ਮੁਤਾਬਕ ਹਰ ਇੱਕ ਵਸਤ ਤੇ ਸੇਲ ਲੱਗ ਜਾਂਦੀ ਹੈ। ਸੇਲ ਹੀ ਦਰਮਿਆਨ ਵਰਗ ਦੇ ਲਈ ਇੱਕ ਰਸਤਾ ਹੈ ਜਿਸ ਰਾਹੀਂ ਆਪਣੀ ਮਨਪਸੰਦ ਦੀਆਂ ਵਸਤਾਂ ਖਰੀਦ ਸਕਦੇ ਹਨ। ਮਨੁੱਖ ਨੂੰ ਭਰਮਾਉਣ ਦੇ ਲਈ ਛਲਾਵਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਮਨੁੱਖ ਇਹਨਾਂ ਛਲਾਵਿਆਂ ਦੇ ਆਕਰਸ਼ਣ ਦੇ ਵਿੱਚ ਆਸਾਨੀ ਨਾਲ ਆ ਜਾਂਦਾ ਹੈ। ਮੋਬਾਇਲ ਫੋਨ ਨੇ ਮਨੁੱਖੀ ਜੀਵਨ ਨੂੰ ਇੱਕ ਦਾਇਰੇ ਦੇ ਵਿੱਚ ਸੀਮਿਤ ਕਰ ਦਿੱਤਾ ਹੈ। ਸੰਸਾਰ ਦਾ ਹਰ ਵਿਅਕਤੀ ਮੋਬਾਇਲ ਦੇ ਡੱਬੇ ਦੇ ਵਿੱਚ ਹੀ ਫਸਿਆ ਰਹਿੰਦਾ ਹੈ। ਬੇਸ਼ੱਕ ਇਹ ਗਿਆਨ ਦਾ ਡੰਡਾਰ ਹੈ ਪਰ ਨਾਲ ਇਹ ਹੀ ਮੋਬਾਇਲ ਦੀ ਦੁਰਵਰਤੋਂ ਨਰਕ ਦੇ ਬਰਾਬਰ ਹੈ। ਵਿਗਿਆਪਨਾਂ ਦੇ ਪ੍ਰਭਾਵ ਹੇਠ ਮਨੁੱਖ ਨੂੰ ਹਰ ਪ੍ਰਕਾਰ ਦੀ ਜਾਣਕਾਰੀ ਮਿਲਦੀ ਹੈ । ਸਮਾਜ ਦੇ ਵਿੱਚ ਨਵੇਂ ਟੀ.ਵੀ ਤੇ ਨਵੀ ਵਸਤੂ ਨੂੰ ਵਿਗਿਆਪਨ ਹੀ ਪੇਸ਼ ਕਰਦਾ ਹੈ। ਇਸ ਦੀ ਪੇਸ਼ਕਾਰੀ ਲਈ ਮਨੁੱਖੀ ਮਨਪਸੰਦ ਲੋਕ ਨਾਇਕ ਕਰਦਾ ਹੈ। ਉਸਨੂੰ ਵਰਤੋਂ ਕਰਦਾ ਦੇਖ ਮਨੁੱਖ ਵੀ ਵਰਤੋਂ ਕਰਨ ਅਤੇ ਲੈਣ ਦੇ ਲਈ ਉਤਸੁਕ ਹੁੰਦਾ ਹੈ।

ਵਰਤਮਾਨ ਦੀ ਸਥਿਤੀਆਂ ਕਾਰਨ ਪੰਜਾਬੀ ਪਰਵਾਸ ਧਾਰਨ ਕਰ ਰਹੇ ਹਨ। ਆਰਥਕ ਮੰਦਹਾਲੀ ਦੇ ਕਾਰਨ ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਪੰਜਾਬ ਵਿੱਚ ਰੋਜ਼ ਲੱਖਾਂ ਦੇ ਕਰੀਬ ਪਾਸਪਰੋਟ ਬਣ ਰਹੇ ਹਨ।ਪੰਜਾਬ ਦੇ ਉਹ ਲੋਕ ਵੀ ਵਿਦੇਸ਼ ਦਾ ਰੁਖ ਕਰ ਰਹੇ ਹਨ ਜਿਹੜੇ ਆਰਥਕ ਤੌਰ ਤੇ ਖ਼ੁਸ਼ਹਾਲ ਹਨ। ਵਿਦੇਸ਼ੀ ਧਰਤੀ ਉੱਤੇ ਚੰਗੇ ਭੱਵਿਖ ਦੀ ਕਾਮਨਾ ਲਈ ਆਪਣੀਆਂ ਧਰਤੀਆਂ ਛੱਡ ਪਰਾਈ ਧਰਤੀ ਤੇ ਵਸ ਰਹੇ ਹਨ ਜਿਸ ਦਾ ਅਸਰ ਪੰਜਾਬ ਦੀ ਆਰਥਕਤਾ ਉੱਤੇ ਵੀ ਪਿਆ ਹੈ। ਪੰਜਾਬੀ ਆਪਣੀ ਜੀਵਨ ਸ਼ੈਲੀ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਾਰਨ ਕਦਮ ਚੁੱਕਦੇ ਹਨ। ਪੰਜਾਬੀਆਂ ਦੀ ਜੀਵਨ ਸ਼ੈਲ਼ੀ ਖਪਤ ਸਭਿਆਚਾਰ ਦੇ ਅਭਾਵ ਹੇਠ ਤਬਦੀਲ ਹੋ ਗਈ ਹੈ। ਦਵਿੰਦਰ ਕੌਰ,ਸਿਮਰਨ ਧਾਰੀਵਾਲ ਆਦਿ ਵੱਖੋ-ਵੱਖ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਵਿੱਚ ਪਰਵਾਸ ਦੀ ਕਾਮਨਾ ਨੂੰ ਪੇਸ਼ ਕੀਤਾ ਗਿਆ ਹੈ ਅਤੇ ਪਰਵਾਸ ਜਾਣ ਕਰਕੇ ਏਜੰਟਾਂ ਦੇ ਹੱਥੋਂ ਠੱਗਿਆ ਜਾ ਰਿਹਾ ਹੈ।

ਤੀਸਰੇ ਆਧਿਆਇ ਦੇ ਤੀਸਰੇ ਭਾਗ ਦੇ ਵਿੱਚ "ਖਪਤ ਸਭਿਆਚਾਰ ਦੇ ਕਾਰਨ ਲੋਕ ਧੰਦਿਆਂ ਦੇ ਬਦਲਦੇ ਅਸਤਿਤਵ" ਨੂੰ ਪਰਖਿਆ ਗਿਆ ਹੈ। ਇਸ ਦੇ ਰਾਹੀਂ ਨਵੀਨ ਧੰਦਿਆਂ ਦੇ ਆਉਣ ਕਾਰਨ ਲੋਕ

ਧੰਦਿਆਂ ਉੱਤੇ ਕੀ ਅਸਰ ਪਿਆ ਹੈ। ਪੰਜਾਬੀ ਸਭਿਆਚਾਰ ਦੇ ਵਿੱਚ ਲੋਕ ਧੰਦਿਆਂ ਦਾ ਅਹਿਮ ਸਥਾਨ ਹੈ। ਪੰਜਾਬ ਦੇ ਲੋਕ ਧੰਦੇ ਪੀੜ੍ਹੀ ਦਰ ਪੀੜ੍ਹੀ ਚਲਦੇ ਆ ਰਹੇ ਹਨ। ਲੋਕ ਧੰਦਿਆਂ ਦੇ ਵਿੱਚ ਉਹ ਧੰਦੇ ਆਉਂਦੇ ਹਨ ਜਿਨ੍ਹਾਂ ਦੇ ਨਾਲ ਉਪਜੀਵਕਾ ਹੱਥਾਂ ਦੇ ਰਾਹੀਂ ਕੀਤੀ ਜਾਂਦੀ ਹੈ। ਪੰਜਾਬ ਦੇ ਲੋਕ ਧੰਦਿਆਂ ਦੇ ਵਿੱਚੋਂ ਘੁਮਿਆਰ, ਜੁਲਾਹੇ, ਮੋਚੀ ਆਦਿ ਧੰਦੇ ਆਉਂਦੇ ਹਨ। ਵਰਤਮਾਨ ਦੇ ਵਿੱਚ ਮਨ-ਮਰਜ਼ੀ ਦੇ ਨਾਲ ਕਿੱਤਿਆਂ ਨੂੰ ਅਪਣਾਉਂਦੇ ਹਨ। ਲੋਕ ਕਿੱਤੇ ਪਿਤਾ-ਪੁਰਖੀ ਰਹੇ ਹਨ। ਇਹਨਾਂ ਕਿੱਤਿਆਂ ਦੇ ਵਿੱਚ ਵਸਤ ਹੱਥਾਂ ਦੇ ਨਾਲ ਤਿਆਰ ਕੀਤੀ ਜਾਂਦੀ ਸੀ। ਲੋਕ ਕਿੱਤੇ ਦੇ ਵਿੱਚ ਸ਼ਾਗਿਰਦੀ ਦੀ ਪਰੰਪਰਾ ਰਹੀ ਹੈ। ਉਹਨਾਂ ਦੇ ਕੋਲੋਂ ਸਿੱਖ ਕੇ ਆਪਣੀ ਉਪਜੀਵਕਾ ਕਮਾਉਣ ਦਾ ਸਾਧਨ ਬਣਾ ਲੈਂਦੇ ਸਨ। ਪੰਜਾਬ ਦਾ ਮੁਖ ਕਿੱਤਾ ਖੇਤੀਬਾੜੀ ਹੈ। ਖੇਤੀ ਦੇ ਵਿੱਚ ਆਮਦਨੀ ਛਿਮਾਹੀ ਦੇ ਬਾਅਦ ਹੀ ਦੇਖਣ ਨੂੰ ਮਿਲਦੀ ਸੀ। ਪੱਛਮੀ ਸੰਸਕ੍ਰਿਤੀ ਦੇ ਆਭਾਵ ਕਾਰਨ ਪਰੰਪਰਿਕ ਕਿੱਤਿਆਂ ਦੇ ਵਿੱਚ ਤਬਦੀਲੀ ਆਈ। ਉਦਯੋਗਿਕ ਵਿਕਾਸ ਦੇ ਕਾਰਨ ਕਿੱਤਿਆਂ ਦੇ ਵਿੱਚ ਨਵੀਨਤਾ ਤੇ ਭਿੰਨਤਾ ਆ ਗਈ। ਉਹਨਾਂ ਕਿੱਤਿਆਂ ਨੂੰ ਬੜਾਵਾ ਮਿਲਿਆ ਜਿਨ੍ਹਾਂ ਦੇ ਵਿੱਚ ਜੀਵਨ ਸੌਖਾ ਹੋ ਗਿਆ। ਨਵੇਂ ਧੰਦੇ ਆਉਣ ਨਾਲ ਪੁਰਾਣੇ ਧੰਦੇ ਖ਼ਤਮ ਹੋ ਗਏ। ਝੀਊਰ ਦਾ ਲੋਕ ਕਿੱਤਿਆਂ ਦੇ ਵਿੱਚ ਆਪਣਾ ਮਹੱਤਵ ਸੀ, ਪਰ ਘਰਾਂ ਦੇ ਵਿੱਚ ਨਲਕੇ ਅਤੇ ਮੋਟਰਾਂ ਲੱਗਣ ਨਾਲ ਝੀਊਰ ਦਾ ਅਸਤਿਤਵ ਹੀ ਖ਼ਤਮ ਹੋ ਗਿਆ। ਨਵੇਂ ਧੰਦੇ ਦੇ ਵਿੱਚ ਮਿਹਨਤ ਦਾ ਫਲ ਮਹੀਨੇ ਦੇ ਮਹੀਨੇ ਮਿਲ ਜਾਣਾ ਅਤੇ ਨਵੇਂ ਨਵੇਂ ਕੰਮ ਨੂੰ ਯੋਗਤਾ ਅਨੁਸਾਰ ਕਰਨ ਦਾ ਮੌਕਾ ਮਿਲਣਾ। ਪੁਰਾਤਨ ਧੰਦਿਆਂ ਦੇ ਵਿੱਚ ਦਿਲਸਚਪੀ ਹੌਲੀ ਹੌਲੀ ਘੱਟਣ ਲੱਗ ਪਈ। ਉਦਯੋਗੀਕਰਨ ਨੇ ਮਾਨਵ ਨੂੰ ਸ਼ਹਿਰੀ ਸੁੱਖ ਮਾਨਣ ਅਤੇ ਨਵੀਆਂ ਚਣੌਤੀਆਂ ਦਿੱਤੀਆਂ ਜਿਸ ਨਾਲ ਉਹ ਆਪਣੇ ਭੱਵਿਖ ਸੁਧਾਰ ਸਕਣ।

ਪੁਰਾਤਨ ਧੰਦੇ ਪਿਤਾ ਪੁਰਖੀ ਹੋਣ ਕਾਰਨ ਉਹਨਾਂ ਕਿੱਤਿਆਂ ਨੂੰ ਅਪਣਾਉਣਾ ਹੀ ਪੈਂਦਾ ਸੀ। ਦੂਸਰੇ ਪਾਸੇ ਨਵੀਨ ਕਿੱਤੇ ਮਨੁੱਖੀ ਯੋਗਤਾ ਨੂੰ ਉਭਾਰਣ ਵਿੱਚ ਸਹਾਇਤਾ ਮਿਲੀ। ਨਵੀਨ ਕਿੱਤਿਆਂ ਦੇ ਵਿੱਚ ਅਧਿਆਪਕ, ਡਾਕਟਰ, ਇੰਜੀਨੀਅਰ ਆਦਿ ਕਿੱਤੇ ਸ਼ਾਮਿਲ ਹਨ। ਇਹਨਾਂ ਕਿੱਤਿਆਂ ਨੂੰ ਕਰਨ ਦੇ ਢੰਗ ਵੱਖੋ-ਵੱਖਰੇ ਸਨ। ਪੁਰਾਤਨ ਕਿੱਤਿਆਂ ਦਾ ਕਾਰਜ ਹੱਥਾਂ ਦੇ ਨਾਲ ਕੀਤਾ ਜਾਂਦਾ ਸੀ ਅਤੇ ਨਵੀਨ ਕਿੱਤਿਆਂ

ਦਾ ਕਾਰਜ ਮਸ਼ੀਨ ਰਾਹੀਂ ਹੋਣ ਲੱਗ ਪਿਆ ਜਿਸ ਨੇ ਮਨੁੱਖ ਦੇ ਸਮੇਂ ਨੂੰ ਬਚਾਇਆ। ਮਸ਼ੀਨ ਨਾਲ ਕੰਮ ਨੂੰ ਘੰਟੇ ਲੱਗਣ ਦੀ ਬਜਾਇ ਮਿੰਟਾਂ/ਸਕਿੰਟਾਂ ਦੇ ਵਿੱਚ ਹੋ ਜਾਂਦਾ ਹੈ। ਮਸ਼ੀਨਾਂ ਦੇ ਨਾਲ ਕੰਮ ਹੋਣ ਕਰਕੇ ਕੰਮ ਦੇ ਅਨੁਸਾਰ ਤਨਖਾਹ ਦਿੱਤੀ ਜਾਂਦੀ ਹੈ। ਮਨੁੱਖੀ ਮਜ਼ਦੂਰੀ ਨੂੰ ਮਸ਼ੀਨ ਦੇ ਵਿੱਚ ਬਦਲ ਦਿੱਤਾ ਅਤੇ ਮਨੁੱਖ ਦੀ ਸੋਚ ਦਾ ਢੰਗ ਵੀ ਆਪ ਹੀ ਪਰਿਵਰਤਿਤ ਹੋ ਗਿਆ। ਸਮਾਜ ਦੇ ਵਿੱਚ ਨਵੀਆਂ ਊਰਜਾ ਸ਼ਕਤੀਆਂ ਵਿਕਸਿਤ ਹੋਣ ਲੱਗੀਆਂ ਜਿਸ ਨਾਲ ਮਸ਼ੀਨਾਂ ਨੂੰ ਚਲਾਇਆ ਜਾਦਾ ਸੀ। ਪਰੰਪਰਾਗਤ ਕਿੱਤਿਆਂ ਨੂੰ ਛੱਡ ਕੇ ਦੂਸਰੇ ਕਿੱਤੇ ਅਪਣਾਉਣੇ ਪਏ ਹਨ ਕਿਉਂਕਿ ਉਹਨਾਂ ਕਿੱਤਿਆਂ ਦੀ ਥਾਂ ਨਵੀਨ ਤਕਨੀਕਾਂ ਨੇ ਲੈ ਲਈ ਹੈ। ਪੰਜਾਬ ਦੇ ਵਿੱਚ ਉਦਯੋਗੀਕਰਨ ਦੀਆਂ ਬਹੁਤ ਹੀ ਕੰਪਨੀਆਂ ਖੁਲ੍ਹ ਗਈਆਂ ਹਨ ਜਿਨ੍ਹਾਂ ਨੇ ਮਾਨਵ ਨੂੰ ਕੰਮ ਕਰਨ ਦੇ ਮੌਕੇ ਪ੍ਰਦਾਨ ਕੀਤੇ। ਪੰਜਾਬ ਦੇ ਵਿੱਚ ਉਦਯੋਗਿਕ ਕ੍ਰਾਂਤੀ ਬਾਕੀ ਪ੍ਰਾਤਾਂ ਨਾਲੋਂ ਬਾਅਦ ਵਿੱਚ ਆਈ ਸੀ। ਪੰਜਾਬ ਨੇ ਪੂੰਜੀਵਾਦੀ ਪ੍ਰਣਾਲੀ ਨੂੰ ਬਹੁਤ ਤੇਜ਼ੀ ਨਾਲ ਗ੍ਰਹਿਣ ਕੀਤਾ ਕਿਉਂਕਿ ਪੰਜਾਬ ਦੇ ਵਧੇਰੇ ਲੋਕ ਖੇਤੀਬਾੜੀ ਦੇ ਨਾਲ ਸੰਬੰਧਿਤ ਹਨ। ਇਹ ਤਬਦੀਲੀ ਛੋਟੇ ਤੋਂ ਛੋਟੇ ਪੱਧਰ ਉੱਤੇ ਫੈਲੀ ਪਰੰਪਰਾਗਤ ਸੰਦਾਂ ਦੀ ਥਾਂ ਮਸ਼ੀਨਾਂ ਨੇ ਲੈ ਲਈ। ਪੰਜਾਬ ਦੇ ਘਰਾਂ ਵਿੱਚ ਆਮ ਕੱਪੜਾ ਚਰਖਾ ਕੱਤ ਕੇ ਤਿਆਰ ਕੀਤਾ ਜਾਂਦਾ ਸੀ ਹੁਣ ਵਧੇਰੇ ਕੱਪੜਾ ਮਸ਼ੀਨ ਦੇ ਰਾਹੀਂ ਹੀ ਤਿਆਰ ਕੀਤਾ ਜਾਂਦਾ ਹੈ।

ਮਸ਼ੀਨੀਕਰਨ ਨੇ ਸਮਾਜ ਨੂੰ ਉੱਨਤੀ ਪ੍ਰਦਾਨ ਕੀਤੀ ਇਸ ਦੇ ਕਾਰਣ ਹੀ ਪੁਰਾਤਨ ਧੰਦੇ ਅਸਤਿਤਵ ਗੁਆ ਬੈਠੇ ਹਨ। ਪੁਰਾਤਨ ਜਾਤ ਦੇ ਅਨੁਸਾਰੀ ਹੀ ਧਾਰਨ ਕਰਨੇ ਪੈਂਦੇ ਸਨ ਜਦ ਕਿ ਨਵੀਨ ਧੰਦਿਆਂ ਦੇ ਵਿੱਚ ਕੋਈ ਮਨਾਹੀ ਨਹੀ ਸੀ। ਮਸ਼ੀਨੀਕਰਨ ਨੇ ਮਨੁੱਖ ਨੂੰ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਚਾਹਿਤ ਪੈਦਾ ਕੀਤੀ। ਮਸ਼ੀਨਾਂ ਧੜਾਧੜ ਮਾਲ ਤਿਆਰ ਕਰ ਰਹੀਆ ਹਨ। ਇਸ ਦੀ ਖਰੀਦਦਾਰੀ ਵੀ ਜ਼ਿਆਦਾ ਹੈ। ਮਨੁੱਖ ਵੀ ਵਧੇਰੇ ਕਰਕੇ ਮਸ਼ੀਨੀ ਮਾਲ ਹੀ ਖਰੀਦਦਾ ਹੈ। ਮਾਨਵ ਦੇ ਕੰਮ ਪਹਿਲਾਂ ਵਾਲੇ ਹੀ ਹਨ ਪਰੰਤੂ ਕੰਮ ਕਰਨ ਦੇ ਢੰਗ ਬਦਲ ਗਏ ਹਨ। ਪਦਾਰਥਵਾਦੀ ਯੁੱਗ ਨੇ ਮਨੁੱਖ ਦੀ ਨੈਤਿਕਤਾ ਖੋਹ ਲਈ ਹੈ। ਪਹਿਲਾਂ ਮਾਨਵ ਦੇ ਕੋਲ ਰੋਜ਼ਗਾਰ ਦੇ ਵਸੀਲੇ ਘੱਟ ਸਨ ਪਰ ਮਾਨਵ ਵਿੱਚ ਇਨਸਾਨੀਅਤ ਬਰਕਰਾਰ ਸੀ। ਪਹਿਲਾਂ ਗਾਹਕ ਤੇ ਵਪਾਰੀ ਦੇ ਵਿਚਕਾਰ ਸਮਾਜਕ ਸਾਂਝ ਸੀ। ਵਰਤਮਾਨ ਦੇ ਵਿੱਚ ਵਪਾਰੀ ਨਿੱਜ ਤੱਕ ਹੀ

ਸੀਮਿਤ ਹੋ ਕੇ ਰਹਿ ਗਿਆ ਹੈ। ਉਦਯੋਗੀਕਰਨ ਦੇ ਵਿੱਚ ਬਦਲਾਅ ਅਮੀਰ ਵਰਗ ਦੇ ਹਿੱਤ ਅਨੁਸਾਰ ਹੀ ਹੁੰਦਾ ਹੈ। ਇਹ ਧੰਦੇ ਨਿੱਜੀ ਹੋ ਕੇ ਰਹਿ ਗਏ ਹਨ। ਮਸ਼ੀਨੀਕਰਨ ਨੇ ਕਿਰਤੀ ਵਰਗ ਨੂੰ ਢਾਹ ਲਾਈ ਹੈ। ਮਨੁੱਖ ਪੈਸਾ ਕਮਾਉਣ ਦੀ ਮਸ਼ੀਨ ਦੀ ਤਰ੍ਹਾਂ ਕੰਮ ਕਰਦਾ ਹੈ। ਖਪਤ ਸਭਿਆਚਾਰ ਨੇ ਪੂਰੇ ਸੰਸਾਰ ਦੀ ਮੰਡੀ ਉੱਤੇ ਕਬਜ਼ਾ ਕਾਇਮ ਕੀਤਾ ਹੋਇਆ ਹੈ।

ਵੱਡੇ ਵੱਡੇ ਸ਼ਹਿਰਾਂ ਦੇ ਵਿੱਚ ਸ਼ਾਪਿੰਗ ਮਾਲ ਖੋਲ੍ਹੇ ਹੋਏ ਹਨ। ਪੰਜਾਬ ਦੇ ਵੱਡੇ ਸ਼ਹਿਰਾਂ ਦੇ ਵਿੱਚ ਆਮ ਹੀ ਸ਼ਾਪਿੰਗ ਮਾਲ ਮਿਲ ਜਾਂਦੇ ਹਨ। ਸ਼ਾਪਿੰਗ ਮਾਲ ਦੇ ਵਿੱਚ ਸਭ ਦੁਕਾਨਾਂ ਦੇ ਲਈ ਇੱਕ ਥਾਂ ਹੁੰਦੀ ਹੈ। ਸ਼ਾਪਿੰਗ ਮਾਲ ਦੇ ਵਿੱਚ ਘੜੀ ਨਹੀ ਲੱਗੀ ਹੁੰਦੀ। ਕੋਈ ਵਿਅਕਤੀ ਇੱਕ ਵਸਤ ਲੈਣ ਜਾਵੇ ਪਰ ਜ਼ਿਆਦਾ ਖਰਚ ਕਰਕੇ ਬਾਹਰ ਆਏ। ਸ਼ਾਪਿੰਗ ਮਾਲ ਨੇ ਛੋਟੀਆਂ ਦੁਕਾਨਾਂ ਉੱਤੇ ਮਾਰ ਕੀਤੀ ਹੈ। ਇਹਨਾਂ ਮਾਲਾਂ ਤੇ ਵਧੇਰੇ ਨੌਜਵਾਨ ਵਰਗ ਹੀ ਜਾਂਦਾ ਹੈ। ਮਾਲ ਦੇ ਵਿੱਚ ਸਾਰੇ ਹੀ ਬਰੈਂਡ ਦੇ ਸ਼ੋਅਰੂਮ ਮਿਲ ਜਾਂਦੇ ਹਨ। ਮਾਲ ਕਲਚਰ ਦੇ ਕਾਰਨ ਛੋਟੀਆਂ ਦੁਕਾਨਾਂ ਬੰਦ ਹੋ ਗਈਆਂ ਹਨ ਜਾਂ ਉਹਨਾਂ ਦੀ ਵਿਕਰੀ ਬਹੁਤ ਹੀ ਘੱਟ ਗਈ ਹੈ। ਦੇਸੀ ਵਸਤਾਂ ਦੀ ਵਿਕਰੀ ਘੱਟ ਗਈ ਅਤੇ ਵਿਦੇਸ਼ੀ ਵਸਤਾਂ ਦੀ ਵਿਕਰੀ ਹੋਣੀ ਸ਼ੁਰੂ ਹੋ ਗਈ।

ਮਾਸ ਮੀਡੀਆ ਨੇ ਵੀ ਧੰਦਿਆਂ ਦੇ ਉੱਤੇ ਆਪਣਾ ਅਸਰ ਛੱਡਿਆ ਹੈ। ਮਾਸ ਮੀਡੀਆ ਦੇ ਦੁਆਰਾ ਨਵੀਆਂ ਨਵੀਆਂ ਸਹੂਲਤਾ ਮਿਲ ਜਾਣ ਦੇ ਕਰਕੇ ਧੰਦਿਆਂ ਨੂੰ ਕਰਨ ਦਾ ਨਵਾਂ ਢੰਗ ਮਿਲ ਗਿਆ ਹੈ। ਮੋਬਾਇਲ ਫੋਨ ਦੇ ਰਾਹੀਂ ਵਪਾਰ ਕੀਤਾ ਜਾਂਦਾ ਹੈ। ਕਿਸੇ ਵੀ ਵਸਤ ਦੀ ਫੋਟੋ ਜਾਂ ਵਸਤ ਦੀ ਜਾਣਕਾਰੀ ਗਾਹਕ ਦੇ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਫਲਿਪਕਾਰਡ, ਐਮਾਜੋਨ ਵਰਗੇ ਐਪਾਂ ਨੇ ਬਜ਼ਾਰ ਦੀ ਪਰਿਭਾਸ਼ਾ ਨੂੰ ਵੱਖਰੇ ਸੰਦਰਭ ਵਿੱਚ ਪੇਸ਼ ਕੀਤਾ ਹੈ। ਵਪਾਰ ਨੂੰ ਸੌਖਾ ਤੇ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਵਪਾਰ ਨੂੰ ਗਲੋਬ ਪੱਧਰ ਉੱਤੇ ਲੈ ਕੇ ਜਾਣ ਲਈ ਆਨਲਾਈਨ ਐਪ ਬਣਾਉਂਦੇ ਹਨ। ਇਹਨਾਂ ਐਪਾਂ ਦੇ ਰਾਹੀਂ ਛੋਟੀਆਂ ਛੋਟੀਆਂ ਕੰਪਨੀਆਂ ਖੁਲ੍ਹ ਜਾਂਦੀਆਂ ਹਨ। ਜਿਹੜੀਆਂ ਬਹੁਤ ਤੇਜ਼ੀ ਦੇ ਨਾਲ ਵਿਕਸਿਤ ਹੋ ਰਹੀਆਂ ਹਨ। ਆਨਲਾਈਨ ਸ਼ਾਪਿੰਗ ਵਿਵਸਥਾ ਨੇ ਆਈ.ਟੀ ਉਦਯੋਗ ਨੂੰ ਪ੍ਰਭਾਵ ਹੇਠ ਲਿਆ

ਹੈ ਇਸ ਨੇ ਨੌਕਰੀਆਂ ਵੀ ਦਿੱਤੀਆਂ ਹਨ ਕਿਉਂਕਿ ਇਸ ਵਿਵਸਥਾ ਦੇ ਲਈ ਵੈਬਪੇਜ ਨੂੰ ਬਣਾਉਣਾ ਅਤੇ ਡਿਜ਼ਾਇਨ ਤੱਕ ਕਰਨਾ ਪੈਂਦਾ ਹੈ। ਤਿਉਹਾਰਾਂ ਦੇ ਦਿਨਾਂ ਦੇ ਵਿੱਚ ਗਾਹਕਾਂ ਅਤੇ ਵਸਤਾਂ ਦੀ ਸੇਲ ਲੱਗੀ ਹੁੰਦੀ ਹੈ ਆਨਲਾਈਨ ਖਰੀਦਦਾਰੀ ਸਮਾਂ ਤੇ ਪੈਸਾ ਦੋਵੇ ਹੀ ਬਚਾ ਦਿੰਦੀ ਹੈ। ਆਨਲਾਈਨ ਖਰੀਦਦਾਰੀ ਦੇ ਵਿੱਚ ਧੋਖਾਧੜੀ ਆਮ ਜਿਹੀ ਗੱਲ ਹੋ ਗਈ ਹੈ। ਆਨਲਾਈਨ ਖਰੀਦਦਾਰੀ ਦੇ ਸਮੇਂ ਗਾਹਕ ਦੇ ਕਾਰਡ ਹੈਕ ਕਰ ਲਏ ਜਾਂਦੇ ਹਨ ਜਿਸ ਦਾ ਗਾਹਕ ਨੂੰ ਬਹੁਤ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਆਨਲਾਈਨ ਸ਼ਾਪਿੰਗ ਦੇ ਕਾਰਨ ਦੁਕਾਨਦਾਰ ਨੂੰ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਕਿਉਂਕਿ ਬਹੁਤ ਵਾਰ ਆਨਲਾਈਨ ਵਸਤ ਦੀ ਕੀਮਤ ਤੇ ਦੁਕਾਨਾਂ ਦੇ ਦੁਆਰਾ ਪੇਸ਼ ਕੀਮਤ ਦੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ।

ਮਸ਼ੀਨੀਕਰਨ ਨੇ ਮਨੁੱਖ ਦੇ ਕੋਲੋਂ ਧੰਦੇ ਖੋਹ ਲਏ ਹਨ। ਮਨੁੱਖ ਨੂੰ ਬੇਰੋਜ਼ਗਾਰ ਹੋਣ ਲਈ ਮਜ਼ਬੂਰ ਕਰ ਦਿੱਤਾ ਹੈ। ਉਤਪਾਦਨ ਬਿਜਲੀ ਦੀ ਸਹਾਇਤਾ ਨਾਲ ਹੋਣ ਲੱਗ ਪਿਆ ਹੇ। ਮਨੁੱਖ ਦਾ ਕੰਮ ਬੰਦ ਹੋ ਜਾਣ ਕਾਰਨ ਉਹਨਾਂ ਨੂੰ ਮਜ਼ਦੂਰੀ ਕਰਨ ਦੇ ਲਈ ਮਜ਼ਬੂਰ ਕਰ ਦਿੱਤਾ ਹੈ। ਸਮਾਜ ਨੂੰ ਆਰਥਕ ਪੱਖੋਂ ਖੋਰਾ ਲਗਾਇਆ ਹੈ। ਸਮਾਜ ਦੇ ਵਿੱਚ ਲੁੱਟਾਂ-ਖੋਹਾਂ ਤੇ ਅਪਰਾਧ ਜ਼ਿਆਦਾ ਹੋ ਗਿਆ । ਈਕੋ ਸਿਸਟਮ ਦੇ ਅਧੀਨ ਪੁਰਾਤਨ ਧੰਦੇ ਫਿਰ ਉਜਾਗਰ ਹੋ ਰਹੇ ਹਨ। ਉਹਨਾਂ ਦੇ ਵਿੱਚ ਘੁਮਿਆਰ ਦਾ ਧੰਦਾ ਪ੍ਰਮੁੱਖ ਹੈ। ਯੂ-ਟਿਊਬ ਅਤੇ ਐਮਾਜੋਨ ਉੱਤੇ ਮਿੱਟੀ ਦੇ ਬਰਤਨ ਵਿਕਦੇ ਹਨ। ਵਰਤਮਾਨ ਡਾਕਟਰ ਵੀ ਮਿੱਟੀ ਦੇ ਬਰਤਨਾਂ ਦੇ ਵਿੱਚ ਬਣਾਇਆ ਹੋਇਆ ਖਾਣਾ ਸ਼ੁਧ ਮੰਨਦੇ ਹਨ। ਮਿੱਟੀ ਦੀਆਂ ਵਸਤਾਂ ਪਿੰਡਾਂ ਦੇ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ। ਸ਼ਹਿਰਾਂ ਦੇ ਵਿੱਚ ਆਣ ਕੇ ਵੇਚੀਆਂ ਜਾਂਦੀਆਂ ਹਨ। ਪੁਰਾਤਨ ਧੰਦੇ ਮਾਰਕੀਟਿੰਗ ਦੇ ਰਾਹੀਂ ਫਿਰ ਤੋਂ ਉਜਾਗਰ ਹੋ ਰਹੇ ਹਨ, ਜਿਨ੍ਹਾਂ ਦੇ ਵਿੱਚ ਘੁਮਿਆਰ, ਨਾਈ, ਝੀਊਰ, ਪੰਜਾਬੀ ਜੁੱਤੀ ਆਦਿ ਦੇ ਕਿੱਤਾਕਾਰ ਪ੍ਰਮੁੱਖ ਹਨ। ਰਵਾਇਤੀ ਖੇਤੀ ਦਾ ਭਵਿੱਖ ਖ਼ਤਰੇ ਦੇ ਵਿੱਚ ਹੈ, ਮੰਡੀ ਦੀ ਵਿਵਸਥਾ ਨੂੰ ਖ਼ਤਮ ਕਰਕੇ ਕੰਪਨੀਆਂ ਨਿਵੇਸ਼ਕ ਬਣ ਰਹੀਆਂ ਹਨ। ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਨੂੰ ਸਹਿ ਰਿਹਾ ਹੈ। ਇਸ ਨਾਲ ਕਿਸਾਨ ਹੋਰ ਦੱਬ ਸਕਦਾ ਹੈ।

ਪੰਜਾਬ ਵਿੱਚ ਬਹੁਤ ਹੀ ਨੋਜਵਾਨ ਬੇਰੋਜ਼ਗਾਰ ਹਨ। ਚੰਗੇਰੇ ਭੱਵਿਖ ਦੀ ਕਾਮਨਾ ਦੇ ਲਈ ਪਰਵਾਸ ਹੀ ਇੱਕ ਮਾਧਿਅਮ ਬਚਦਾ ਹੈ। ਪੰਜਾਬ ਦੇ ਵਧੇਰੇ ਨੋਜਵਾਨ ਉੱਚ ਸਿੱਖਿਆ ਦੀ ਭਾਵਨਾ ਤੇ ਭੱਵਿਖ ਨੂੰ ਸੁਧਾਰਨ ਦੇ ਲਈ ਵਿਦੇਸ਼ਾਂ ਦੇ ਵਿੱਚ ਚਲੇ ਗਏ ਹਨ। ਪੰਜਾਬ ਦੇ ਵਿੱਚ ਬਹੁਤ ਹੀ ਆਈਲੈਟਸ ਕੇਂਦਰ ਖੁਲ੍ਹ ਗਏ ਹਨ। ਇਹਨਾਂ ਕੇਂਦਰਾਂ ਦੇ ਵਿੱਚ ਆਈਲੈਂਟਸ ਦੀ ਸਿੱਖਿਆਂ ਲੈਣ ਲਈ ਬਹੁਤ ਸਾਰੇ ਵਿਦਿਆਰਥੀ ਆਉਂਦੇ ਹਨ। ਅਧਿਆਪਕ ਦਾ ਕਿੱਤਾ ਬਹੁਤ ਹੀ ਪੱਵਿਤਰ ਮੰਨਿਆ ਜਾਂਦਾ ਹੈ। ਹੁਣ ਇਸ ਹੀ ਕਿੱਤੇ ਦਾ ਭੱਵਿਖ ਖ਼ਤਰੇ ਦੇ ਵਿੱਚ ਨਜ਼ਰੀ ਆਉਂਦਾ ਹੈ। ਪੰਜਾਬ ਦੇ ਕਾਲਜ ਬੰਦ ਹੋਣ ਦੇ ਕਿਨਾਰੇ ਖੜ੍ਹੇ ਹਨ। ਵਿਦਿਆਰਥੀ ਬਾਰਵ੍ਹੀ ਦੀ ਪ੍ਰੀਖਿਆ ਤੋਂ ਬਾਅਦ ਬਾਹਰਲੇ ਦੇਸ਼ਾਂ ਦੇ ਵਿੱਚ ਉੱਚ ਵਿਦਿਆ ਦੀ ਕਾਮਨਾ ਰੱਖਦੇ ਹਨ। ਅੰਦਾਜ਼ੇ ਦੇ ਮੁਤਾਬਕ ਪੰਜਾਬ ਦੇ ਬਹੁਤੇ ਹੀ ਵਿਦਿਆਰਥੀ ਬਾਹਰਲੇ ਮੁਲਕ ਜਾ ਚੁੱਕੇ ਹਨ। ਨਵੀਨ ਸਿਸਟਮ ਨੇ ਮਾਨਵ ਨੂੰ ਕੰਮ ਕਰਨ ਦੇ ਨਵੇਂ ਮੌਕੇ ਦਿੱਤੇ ਹਨ। ਜ਼ੋਮੈਟੋ (Zomato) ਸਵਿੱਗੀ, (Swiggy) ਰੈੱਡ ਬੱਸ (Redbus) ਓਬਰ (Uber) ਆਦਿ ਜ਼ਰੀਏ ਦੇ ਰਾਹੀਂ ਉਪਜੀਵਕਾ ਕਮਾਉਣ ਦੇ ਸਾਧਨ ਮਿਲੇ ਹਨ।

**ਤੀਸਰੇ ਅਧਿਆਇ ਦੇ ਚੋਥੇ ਭਾਗ ਦੇ ਵਿੱਚ ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਅਜੋਕੀ ਅਰਥ-ਵਿਵਸਥਾ** ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

ਭਾਰਤ ਅਵਿਕਸਿਤ ਦੇਸ਼ਾਂ ਦੇ ਵਿੱਚੋਂ ਇੱਕ ਹੈ। ਇਹ ਲਗਾਤਾਰ ਵਿਕਾਸ ਦੀਆਂ ਪੌੜੀਆਂ ਚੜ ਰਿਹਾ ਹੈ। ਭਾਰਤ ਦੇਸ਼ ਬੇਰੋਜ਼ਗਾਰੀ ਤੇ ਗਰੀਬੀ ਨਾਲ ਜੂਝ ਰਿਹਾ ਹੈ। ਦੇਸ਼ ਦੇ ਵਿਕਾਸ ਲਈ ਉਦਯੋਗ ਅਤੇ ਹੋਰ ਤਕਨੀਕਾਂ ਨੂੰ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਦਾਰੀਕਰਨ ਦੀ ਨੀਤੀ ਦੇ ਵਿਕਸਿਤ ਹੋਣ ਤੋਂ ਪਹਿਲਾਂ ਦੇਸ਼ ਦੀ ਅਰਥ- ਵਿਵਸਥਾ ਡਾਂਵਾਡੋਲ ਸੀ। ਲੋਕ ਭੁੱਖਮਰੀ ਨਾਲ ਮਰ ਰਹੇ ਸਨ। ਆਖ਼ਰਕਾਰ ਬੇਰੋਜ਼ਗਾਰੀ ਆਪਣੀ ਸਿਖ਼ਰ ਉੱਤੇ ਪੁੱਜ ਗਈ ਅਤੇ ਭਾਰਤੀ ਕਿਸਾਨ ਕਰਜ਼ਿਆਂ ਦਾ ਬੋਝ ਨਾ ਝਲਦਾ ਹੋਇਆ ਮਰਨ ਕਿਨਾਰੇ ਪੁੱਜ ਗਿਆ। ਕਿਸਾਨ ਦੇ ਪ੍ਰਤੀ ਪ੍ਰਗਤੀ ਦੀ ਸੋਚ ਪਹਿਲਾਂ ਵੀ ਮਾੜੀ ਸੀ ਤੇ ਹੁਣ ਵੀ ਮਾੜੀ ਹੈ ਜਿਸ ਦੇ ਨਾਲ ਦੇਸ਼ ਦੀ ਅਰਥ ਵਿਵਸਥਾ ਉੱਤੇ ਪ੍ਰਭਾਵ ਪੈਂਦਾ ਹੈ। ਭਾਰਤ ਦੇ ਵਿੱਚ ਅਨੇਕਾਂ

ਫੈਕਟਰੀਆਂ ਖੋਲ੍ਹੀਆਂ ਗਈਆਂ ਜਿਸ ਵਿੱਚ ਅਮੀਰ ਵਰਗ ਹੋਰ ਅਮੀਰ ਹੋ ਰਿਹਾ ਹੈ। ਹਰ ਇੱਕ ਅਦਾਰੇ ਨੂੰ ਨਿੱਜੀਕਰਨ ਦੇ ਵੱਲ ਤੋਰਿਆ ਹੈ। ਪੱਕੀ ਨੌਕਰੀ ਦੀ ਥਾਂ ਉੱਤੇ ਠੇਕੇ 'ਤੇ ਭਰਤੀ ਕਰਨ ਦਾ ਰਿਵਾਜ਼ ਪੈਦਾ ਹੋ ਗਿਆ *ਹੈ/* ਅਰਥਵਿਸਥਾ ਪਹਿਲਾਂ ਹੀ ਨਿੱਜੀਕਰਨ ਅਤੇ ਉਦਾਰੀਕਰਨ ਦੀ ਮਾਰ ਨੂੰ ਝੱਲ ਰਹੀ ਸੀ ਕਿ ਦੂਸਰੀ ਮਾਰ ਕਰੋਨਾ ਮਹਾਂਮਾਰੀ ਨੇ ਮਾਰੀ। ਇਸ ਬਿਮਾਰੀ ਦੇ ਅਚਾਨਕ ਪੈਰ ਪਸਾਰਨ ਦੇ ਕਾਰਨ ਅਤੇ ਸਭ ਕੁਝ ਪੂਰਨ 'ਤੌਰ ਤੇ ਬੰਦ ਹੋਣ ਕਰਕੇ ਆਰਥਕ ਵਿਵਸਥਾ ਨੂੰ ਮਾਰ ਪਈ। ਇਸ ਦੀ ਸਿਰਫ ਉਦਯੋਗਪਤੀਆਂ ਨੂੰ ਹੀ ਨਹੀ ਸਗੋਂ ਕਿਰਤੀ ਵਰਗ ਨੂੰ ਢਾਹ ਪਈ। ਕਿਰਤੀ ਵਰਗ ਪਹਿਲਾਂ ਹੀ ਠੇਕੇ ਉੱਤੇ ਕੰਮ ਮਿਲਣ ਦੀ ਚੋਟ ਨੂੰ ਸਹਿ ਰਿਹਾ ਸੀ ਦੂਸਰਾ ਕੰਮਾਂ ਦੇ ਬੰਦ ਹੋਣ ਕਰਕੇ ਢਿੱਡ ਭਰਨ ਦਾ ਸਵਾਲ ਪੈਦਾ ਹੋ ਗਿਆ ਹੈ। ਉਪਰੋਕਤ ਚਰਚਾ ਤੋਂ ਸਪਸ਼ੱਟ ਹੈ ਕਿ ਖਪਤ ਸਭਿਆਚਾਰ ਦੇ ਗਲਬੇ ਦਾ ਅਸਰ ਦਿਖਾਈ ਦਿੰਦਾ ਹੈ।

- ਮਨੁੱਖੀ ਜੀਵਨ ਸ਼ੈਲੀ ਵਸਤਾਂ ਦੇ ਜਾਲ ਵਿੱਚ ਜਕੜੀ ਦਿਖਾਈ ਦਿੰਦੀ ਹੈ।
- ਹਰ ਚੰਗੇ ਪਰਿਵਰਤਨ ਨਾਲ ਮਾੜਾ ਪ੍ਰਭਾਵ ਵੀ ਆਉਂਦਾ ਹੈ। ਇਸ ਨਵੀਨ ਤਕਨੀਕ ਨੇ ਵਪਾਰ ਕਰਨ ਦੇ ਨਵੇਂ ਢੰਗ ਪ੍ਰਦਾਨ ਕੀਤੇ ਹਨ। ਇਸ ਨਾਲ ਉਪਜੀਵਕਾ ਨੂੰ ਕਮਾਉਣਾ ਸੌਖਾ ਦਿਖਾਈ ਦਿੰਦਾ ਹੈ।
- ਮਾਰਕੀਟਿੰਗ ਦੇ ਰਾਹੀਂ ਪੁਰਾਤਨ ਧੰਦੇ ਫਿਰ ਤੋਂ ਵਿਕਸਿਤ ਹੋ ਰਹੇ ਹਨ।

ਚੌਥੇ ਆਧਿਆਇ ਦਾ "**ਪੰਜਾਬ ਦੇ ਰਾਜਨੀਤਿਕ ਜੀਵਨ ਵਿੱਚ ਖਪਤਵਾਦੀ ਸਭਿਆਚਾਰ ਦੇ ਪੈਂਦੇ ਪ੍ਰਭਾਵ" ਦੇ ਵਿੱਚ ਬਦਲ ਰਹੇ ਕਾਰਨਾਂ ਦੀ** ਪਛਾਣ ਕੀਤੀ ਗਈ ਹੈ।

- **ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਰਾਜਨੀਤੀ ਦਾ ਮੰਡੀਕਰਨ**
- **ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਬਨਾਵਟੀ ਰਾਜਨੀਤੀਕਰਨ**
- **ਖਪਤ ਸਭਿਆਚਾਰ ਅਤੇ ਸੋਸ਼ਲ ਮੀਡੀਆ ਦਾ ਰਾਜਨੀਤੀ ਉਪਰ ਪ੍ਰਭਾਵ**
- **ਖਪਤ ਸਭਿਆਚਾਰ ਅਤੇ ਕਾਰਪੋਰੇਟ ਮੀਡੀਆ ਦਾ ਰਾਜਨੀਤੀ ਉੱਤੇ ਪ੍ਰਭਾਵ**

ਚੌਥੇ ਅਧਿਆਇ ਦੇ ਪਹਿਲੇ ਭਾਗ ਵਿੱਚ, ਪੁਰਾਤਨ ਰਾਜਨੀਤੀ ਦੇ ਨਾਲੋਂ ਆਧੁਨਿਕ ਰਾਜਨੀਤੀ ਦੇ ਵਿੱਚ ਫ਼ਰਕ ਆ ਗਿਆ ਹੈ। ਰਾਜਨੀਤੀ ਦੇ ਉੱਤੇ ਵੀ ਖਪਤ ਸਭਿਆਚਾਰ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਰਾਜਨੀਤੀ ਲੋਕਾਂ ਦੇ ਲਈ ਜਾਂ ਸਮਾਜ ਭਲਾਈ ਲਈ ਕੀਤੀ ਜਾਂਦੀ ਹੈ। ਭਾਰਤ ਦੇ ਵਿੱਚ ਲੋਕਤੰਤਰ ਦੀ ਵਿਵਸਥਾ ਹੈ। ਹਰ ਇੱਕ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਹੱਕ ਹੈ। ਭਾਰਤ ਦੇ ਵਿੱਚ ਅਣਗਿਣਤ ਪਾਰਟੀਆਂ ਹਨ ਜੋ ਆਪਣੀ ਸੱਤਾ ਕਾਇਮ ਕਰਨੀ ਚਾਹੁੰਦੀਆਂ ਹਨ। ਪਰ ਮੂਲ ਰੂਪ ਦੇ ਵਿੱਚ ਸੱਤਾ ਪਾਰਟੀ ਅਤੇ ਵਿਰੋਧੀ ਪਾਰਟੀ ਦੀ ਸੱਤਾ ਵਧੇਰੇ ਕਰਕੇ ਕਾਇਮ ਰਹੀ ਹੈ। ਰਾਜਨੀਤਿਕ ਪਾਰਟੀਆਂ ਚੋਣਾਂ ਦੇ ਵਿੱਚ ਜਿੱਤ ਪ੍ਰਾਪਤ ਕਰਨ ਦੇ ਲਈ ਆਪਣੇ ਕੁਝ ਵਿਸ਼ੇਸ਼ ਮੁੱਦੇ ਰੱਖਦੀਆਂ ਹਨ। ਉਹਨਾਂ ਮੁੱਦਿਆਂ ਦੇ ਸਿਰ ਉੱਤੇ ਚੋਣਾਂ ਜਿੱਤੀਆਂ ਜਾਂਦੀਆਂ ਹਨ। ਪੰਜਾਬ ਦੇ ਵਿੱਚ ਵੀ ਸੱਤਾ ਪਾਰਟੀਆਂ ਨੇ ਬੇਰੋਜ਼ਗਾਰੀ ਨੂੰ ਲੈ ਕੇ ਚੋਣ ਜਿੱਤੀ ਸੀ ਅਤੇ ਘਰ-ਘਰ ਨੌਕਰੀ ਦਾ ਨਾਅਰਾ ਲਾਇਆ ਗਿਆ ਸੀ ਪਰ ਉਹ ਨਾਅਰਾ ਹੀ ਬਣ ਕੇ ਰਹਿ ਗਿਆ। ਚੋਣਾਂ ਦੇ ਦੌਰ ਦੇ ਵਿੱਚ ਨਾਅਰੇ ਵੀ ਚੋਣ ਜਿੱਤ ਦੀ ਧਾਰਨਾ ਨੂੰ ਸਾਫ਼ ਕਰਦੇ ਹਨ। 'ਸੱਤਾ ਪਾਰਟੀਆਂ ਦਾ ਨਾਅਰਾ ਸੀ ਰਾਜ ਨਹੀ ਸੇਵਾ ਵੱਖ ਵੱਖ ਪਾਰਟੀਆਂ ਦੇ ਨਾਅਰੇ ਨਿਸਚਿਤ ਹਨ। ਦੇਸ਼ ਦੀ ਮੱਧ ਵਰਗੀ ਜਨਤਾ ਅਨਪੜ੍ਹ ਹੈ, ਉਹਨਾਂ ਉੱਤੇ ਪ੍ਰਭਾਵ ਪਾਉਣ ਲਈ ਸੰਵੇਦਨਸ਼ੀਲ ਨਾਅਰੇ ਬਣਾਏ ਜਾਂਦੇ ਹਨ। ਹੋਡਿੰਗ ਦੇ ਰਾਹੀਂ ਵੀ ਜਨਤਾ ਨੂੰ ਆਪਣੇ ਵੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਰਕਾਰਾਂ ਦੇ ਅਤੇ ਨੇਤਾਵਾਂ ਦੇ ਹੋਡਿੰਗ ਥਾਂ ਥਾਂ ਲੱਗੇ ਹੋਏ ਦੇਖੇ ਜਾ ਸਕਦੇ ਹਨ।

ਇਹਨਾਂ ਦੀ ਸ਼ਬਦਵਾਲੀ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਚੋਣਾਂ ਦੇ ਸਮੇਂ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਜੋ ਬਾਅਦ ਵਿੱਚ ਸਿਰਫ਼ ਦਾਅਵੇ ਹੀ ਰਹਿੰਦੇ ਹਨ। ਸੱਤਾ ਸਰਕਾਰ ਨੇ ਚੋਣਾਂ ਦੇ ਸਮੇਂ ਆਪਣੀ ਪਾਰਟੀ ਨੂੰ ਰਜਿਸਟਰ ਕਰਨ ਵਾਲਿਆਂ ਨੂੰ ਫੋਨ ਤੇ ਡਾਟਾ ਫਰੀ ਦੇਣ ਦਾ ਵਾਅਦਾ ਕੀਤਾ ਸੀ। ਇਹ ਅੱਜ ਤੱਕ ਪੂਰਾ ਨਹੀ ਹੋਇਆ ਹੈ। ਸਰਕਾਰਾਂ ਦੇਸ਼ ਦੇ ਵਿੱਚ ਸਰਕਾਰੀ ਸੰਸਥਾਵਾਂ ਨੂੰ ਨਿੱਜੀਕਰਨ ਦੇ ਵਿੱਚ ਤਬਦੀਲ ਕਰਨ ਦੇ ਵਿੱਚ ਲੱਗੀਆਂ ਹੋਈਆਂ ਹਨ। ਇੰਜ ਕਰਨ ਦੇ ਵਿੱਚ ਸਰਕਾਰਾਂ ਦਾ ਹੀ ਫਾਇਦਾ ਹੁੰਦਾ ਹੈ। ਇਸ ਦੇ ਨਤੀਜੇ ਆਮ ਆਦਮੀ ਨੂੰ ਹੀ ਸਹਿਣੇ ਪੈਂਦੇ ਹਨ ਤੇ ਉਹਨਾਂ ਦਾ ਭੱਵਿਖ ਖ਼ਤਰੇ ਵਿੱਚ ਪੈ ਜਾਂਦਾ

ਹੈ। ਉਦਾਰੀਕਰਨ ਦੀ ਪ੍ਰਕਿਰਿਆਂ ਉੱਤੇ ਛੋਟ ਦੇਣ ਕਰਕੇ ਨਿੱਜੀਕਰਨ ਨੂੰ ਵਧੇਰੇ ਖੁੱਲ ਮਿਲੀ ਹੈ। ਸਰਕਾਰ ਦੇਸ਼ ਅਤੇ ਲੋਕਾਂ ਦੀ ਪ੍ਰਫੁੱਲਤਾ ਦੇ ਲਈ ਦੇਸੀ ਵਪਾਰ ਉੱਤੇ ਜ਼ੋਰ ਦਿੰਦੀ ਹੈ ਪਰੰਤੂ ਵਿਦੇਸ਼ੀ ਕੰਪਨੀਆਂ ਦੇ ਜ਼ੋਰ ਅਤੇ ਚਲਨ ਕਰਕੇ ਦੇਸੀ ਜਾਂ ਛੋਟੀਆਂ ਕੰਪਨੀਆਂ ਬੰਦ ਹੋ ਕੇ ਰਹਿ ਗਈਆਂ ਹਨ।

ਆਧਿਆਇ ਚੌਥੇ ਦਾ ਦੂਜਾ ਭਾਗ ਦੇ ਵਿੱਚ ਖਪਤ ਸਭਿਆਚਾਰ ਦੇ ਕਾਰਨ ਰਾਜਨੀਤੀ ਦਾ ਬਨਾਵਟੀਕਰਨ ਦੇ ਵਿੱਚ ਰਾਜਨੀਤੀ ਦੇ ਬਦਲ ਰਹੇ ਰੂਪ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਸਮਾਜ ਮਨੁੱਖ ਦਾ ਸ਼ੀਸ਼ਾ ਹੁੰਦਾ ਹੈ। ਉਸ ਸਮਾਜ ਨੂੰ ਬਦਲਣ ਵਾਲੇ ਨੇਤਾ ਹੀ ਹੁੰਦੇ ਹਨ ਜਿਹੜੇ ਸਮਾਜ ਦੀ ਭਲਾਈ ਨੂੰ ਪ੍ਰਮੁੱਖ ਰੱਖਦੇ ਹਨ। ਵਰਤਮਾਨ ਨੇਤਾਵਾਂ ਦੀ ਰਾਜਨੀਤੀ ਆਪਣੇ ਤੱਕ ਸੀਮਿਤ ਹੋ ਕੇ ਰਹਿ ਗਈ ਹੈ। ਸੱਤਾ ਹਾਸਿਲ ਕਰਨ ਦੀ ਦੌੜ ਨੇਤਾਵਾਂ ਦੇ ਵਿੱਚ ਲੱਗੀ ਹੋਈ ਹੈ। ਨੇਤਾਵਾਂ ਦੇ ਵਿੱਚ ਬਨਾਵਟੀਪਨ ਵੱਧਦਾ ਜਾ ਰਿਹਾ ਹੈ। ਭਾਰਤ ਦੇਸ਼ ਦੇ ਵਿੱਚ ਨੇਤਾ ਸਭ ਤੋਂ ਵੱਧ ਅਮੀਰ ਹਨ। ਉਹਨਾਂ ਦੇ ਕਹਿਣੀ ਅਤੇ ਕਥਨੀ ਦੇ ਵਿੱਚ ਬਹੁਤ ਅੰਤਰ ਦਿਖਾਈ ਦਿੰਦਾ ਹੈ। ਸੱਤਾ ਦੇ ਵਿੱਚ ਪਰਿਵਾਰਵਾਦ ਦੀ ਰਾਜਨੀਤੀ ਚਲਦੀ ਦਿਖਾਈ ਦਿੰਦੀ ਹੈ। ਪੰਜਾਬ ਦੇ ਵਿੱਚ ਮਸ਼ੂਹਰ ਪਾਰਟੀ ਅਤੇ ਕੇਂਦਰ ਦੀ ਮਸ਼ੂਹਰ ਪਾਰਟੀ ਪਰਿਵਾਰਵਾਦ ਦੀ ਪ੍ਰਮੁੱਖ ਉਦਾਹਰਨ ਹਨ। ਵੈਸੇ ਹੋਰ ਵੀ ਨੇਤਾ ਆਪਣੇ ਪਰਿਵਾਰਾਂ ਨੂੰ ਰਾਜਨੀਤੀ ਦੇ ਵਿੱਚ ਸ਼ਾਮਿਲ ਕਰਕੇ ਸੱਤਾ ਜਾਂ ਕੁਰਸੀ ਉੱਤੇ ਆਪਣਾ ਹੀ ਹੱਕ ਜਮਾਉਂਦੇ ਹਨ। ਪਰਿਵਾਰਵਾਦ ਨੂੰ ਸ਼ੈਹਿ ਆਜ਼ਾਦੀ ਦੇ ਉਪਰੰਤ ਮਿਲੀ ਜਦੋਂ ਸ਼ਾਸ਼ਨ ਦੀ ਵਾਂਗਡੋਰ (ਭਾਰਤ) ਦੀ ਮਸ਼ੂਹਰ ਪਾਰਟੀ ਦੇ ਹੱਥ ਵਿੱਚ ਆਈ। ਵਰਤਮਾਨ ਦੇ ਕਿਸੇ ਵੀ ਪਾਰਟੀ ਉੱਤੇ ਝਾਤੀ ਮਾਰ ਲਉ ਹਰ ਇੱਕ ਪਾਰਟੀ ਦੇ ਵਿੱਚ ਪਰਿਵਾਰਵਾਦ ਨਜ਼ਰ ਆਉਂਦਾ ਹੈ। ਪਰਿਵਾਰਵਾਦ ਦੇ ਕਾਰਨ ਪਾਰਟੀਆਂ ਦੇ ਵਰਕਰਾਂ ਦੇ ਵਿੱਚ ਨਾਰਾਜ਼ਗੀ ਦੇਖਣ ਨੂੰ ਮਿਲਦੀ ਹੈ। ਪੰਜਾਬ ਦੀਆਂ ਪ੍ਰਮੁੱਖ ਸੀਟਾਂ ਵੀ ਪਰਿਵਾਰਵਾਦ ਦਾ ਸ਼ਿਕਾਰ ਹੋ ਰਹੀਆ ਹਨ।

ਰਾਜਨੀਤੀ ਦੇ ਵਿੱਚ ਅੱਗੇ ਵੱਧਣ ਦੇ ਲਈ ਧਰਮ ਅਤੇ ਡੇਰਾਵਾਦ ਦਾ ਸਹਾਰਾ ਲਿਆ ਜਾਂਦਾ ਹੈ। ਦੇਸ਼ ਦੇ ਬਹੁਤ ਲੋਕ ਡੇਰਿਆਂ ਦੇ ਵਿੱਚ ਜਾਂਦੇ ਹਨ। ਉਹਨਾਂ ਲੋਕਾਂ ਦੀਆਂ ਵੋਟਾਂ ਨੂੰ ਪ੍ਰਾਪਤ ਕਰਨ ਦੇ ਲਈ ਡੇਰਿਆਂ

ਤੇ ਨੇਤਾ ਜਾਂਦੇ ਹਨ। ਡੇਰਿਆਂ ਦੀ ਕਮਾਈ ਦਾ ਕੋਈ ਹਿਸਾਬ ਨਹੀ ਹੈ ਕਿਉਂਕਿ ਅਣਗਿਣਤ ਲੋਕ ਸ਼ਰਧਾ ਵਜੋਂ ਚੜ੍ਹਾਵਾ ਚਾੜ੍ਹਦੇ ਹਨ। ਧਰਮ ਵੀ ਇੱਕ ਕਮਾਈ ਦਾ ਸਾਧਨ ਬਣਦਾ ਜਾ ਰਿਹਾ ਅਤੇ ਨੇਤਾਵਾਂ ਜਾਂ ਪੂੰਜੀਪਤੀਆਂ ਦੇ ਹੱਥ ਦੀ ਕੱਠਪੁਤਲੀ ਹੀ ਬਣ ਕੇ ਰਹਿ ਗਿਆ ਹੈ। ਸਿਆਸੀ ਪਾਰਟੀਆਂ ਦੀ ਸਰਪ੍ਰਸਤੀ ਹੇਠ ਬਾਬਿਆਂ ਦੇ ਅਪਰਾਧ ਦੇ ਵਿੱਚ ਵਾਧਾ ਹੋਇਆ ਹੈ। ਅਜਮੇਰ ਸਿੱਧੂ ਦੀ ਕਹਾਣੀ "ਜਹਾਜ਼ ਵਾਲੀ ਟੈਂਕੀ"," ਪੁਨਰ ਜਨਮ , ਸੁਖਜੀਤ ਦੀ ਕਹਾਣੀ ਪਾਤਸ਼ਾਹ ਦੇ ਰਾਹੀਂ ਵਿਕਾਸਸ਼ੀਲ ਦੇਸ਼ਾਂ ਦੇ ਵਿੱਚ ਧਰਮ ਦੇ ਅਡੰਬਰ ਰਾਹੀਂ ਪੈਸਾ ਕਿਵੇਂ ਕਮਾਇਆ ਜਾ ਰਿਹਾ ਹੈ।ਡਾ. ਕਰਨੈਲ ਸ਼ੇਰਗਿੱਲ ਦੀ ਕਾਵਿ-ਸੰਗ੍ਰਹਿ ਹੁਣ ਮੈ ਅਜਨਬੀ ਨਹੀਂ ਦੇ ਵਿੱਚ, ਸੱਤਾਧਾਰੀਆਂ ਦੇ ਸਰੂਪ ਦੀ ਪੇਸ਼ਕਾਰੀ ਕਰਦੇ ਹਨ।

ਸਿਆਸੀ ਸਹਾਰਾ ਮਿਲਣ ਕਰਕੇ ਉਹਨਾਂ ਉੱਤੇ ਰੋਕ-ਟੋਕ ਲਗਾਉਣ ਵਾਲਾ ਕੋਈ ਨਹੀ ਹੁੰਦਾ ਹੈ। ਹਰ ਪਾਰਟੀ ਡੇਰੇ ਦੇ ਨਾਲ ਸੰਬੰਧ ਕਬੂਲਣ ਤੋਂ ਇਨਕਾਰੀ ਹੁੰਦੀ ਹੈ ਪਰ ਉਹਨਾਂ ਦੀਆਂ ਤਸਵੀਰਾਂ ਅਤੇ ਵੀਡੀਉ ਵਾਈਰਲ ਹੋ ਕੇ ਹੋਰ ਸੱਚਾਈ ਨੂੰ ਬਿਆਨ ਕਰਦੀਆਂ ਹਨ। ਧਰਮ ਅਤੇ ਡੇਰਿਆਂ ਦਾ ਮੁੱਦਾ ਉਠਾ ਕੇ ਨੇਤਾ ਸੱਤਾ ਅਤੇ ਚੋਣਾਂ ਦੇ ਵਿੱਚ ਜਿੱਤ ਪ੍ਰਾਪਤ ਕਰਨ ਦੀ ਚਾਲ ਚਲਦੇ ਰਹਿੰਦੇ ਹਨ। ਸੱਤਾ ਦੇ ਵਿੱਚ ਨੇਤਾ ਦੇ ਚਰਿਤਰ ਵੀ ਦਾਗੀ ਹੀ ਹੋ ਗਏ ਹਨ। ਲੋਕ ਭਲਾਈ ਲਈ ਨੇਤਾ ਬਣਦੇ ਹਨ ਅਤੇ ਫਿਰ ਆਪਣਾ ਹੀ ਮਤਲਬ ਸੋਚ ਕੇ ਸੱਤਾ ਦੇ ਵਿੱਚ ਜੁੜੇ ਰਹਿੰਦੇ ਹਨ। ਕਈ ਟੀ.ਵੀ ਚੈਨਲ ਨੇਤਾਵਾਂ ਦੇ ਉੱਤੇ ਸਟਿੰਗ ਅਪਰੇਸ਼ਨ ਕਰਕੇ ਪੋਲ ਖੋਲ੍ਹ ਚੁੱਕੇ ਹਨ। ਉਹਨਾਂ ਨੇਤਾਵਾਂ ਨੂੰ ਪਾਰਟੀਆਂ ਬਚਾਉਂਦੀਆਂ ਨਜ਼ਰ ਆਉਂਦੀਆਂ ਹਨ। ਭਾਰਤੀ ਲੋਕਤੰਤਰ ਦੇ ਵਿੱਚ ਅਜਿਹੇ ਨੇਤਾ ਵੀ ਹਨ ਜਿਨ੍ਹਾਂ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਰਹੇ ਹਨ ਅਤੇ ਉਹ ਫਿਰ ਵੀ ਚੋਣਾਂ ਦੇ ਵਿੱਚ ਲੜਦੇ ਰਹੇ ਹਨ। ਸੁਪਰੀਮ ਕੋਰਟ ਨੇ ਦਾਗੀ ਨੇਤਾਵਾਂ ਦੇ ਚੋਣ ਨਾ ਲੜਨ ਦੇਣ ਦਾ ਫੈਸਲਾ ਸੰਸਦ ਦੇ ਉੱਤੇ ਛੱਡ ਦਿੱਤਾ ਸੀ ਕਿ ਸੰਸਦ ਨੂੰ ਹੀ ਇਸ ਦਾ ਫੈਸਲਾ ਕਰਨਾ ਪਵੇਗਾ ਕਿ ਨੇਤਾ ਨੂੰ ਚੋਣ ਲੜਨੀ ਚਾਹੀਦੀ ਹੈ ਜਾਂ ਨਹੀਂ। ਪੰਜਾਬੀ ਭਾਸ਼ਾ ਨੂੰ ਹਰ ਹਾਲ ਦੇ ਵਿੱਚ ਡੋਬਿਆ ਜਾ ਰਿਹਾ ਹੈ। ਸਰਕਾਰ ਦੇ ਬਣਾਏ ਐਕਟ ਸਿਰਫ ਐਕਟ ਹੀ ਬਣ ਕੇ ਰਹਿ ਗਏ ਹਨ। ਉਹਨਾਂ ਨੂੰ ਲਾਜ਼ਮੀ ਪੱਧਰ ਉੱਤੇ

ਲਾਗੂ ਨਹੀ ਕੀਤਾ ਗਿਆ ਹੈ। ਪੰਜਾਬੀ ਭਾਸ਼ਾ ਰੁਜ਼ਗਾਰ ਦਾ ਹਿੱਸਾ ਨਹੀ ਬਣ ਸਕੀ ਹੈ। ਸੁਰਜੀਤ ਪਾਤਰ ਤੇ ਗੁਰਭਜਨ ਗਿੱਲ ਦੀਆ ਕਵਿਤਾਵਾਂ ਦੇ ਵਿੱਚ ਪੰਜਾਬੀ ਦੇ ਭੱਵਿਖ ਪ੍ਰਤੀ ਚਿੰਤਾ ਨੂੰ ਜ਼ਾਹਿਰ ਕੀਤਾ ਗਿਆ ਹੈ। ਪੰਜਾਬ ਦੇ ਨਿੱਜੀ ਸਕੂਲ਼ਾਂ ਦੇ ਵਿੱਚ ਪੰਜਾਬੀ ਭਾਸ਼ਾ ਬੋਲਣ ਦੀ ਬਜਾਇ ਅੰਗਰੇਜ਼ੀ ਭਾਸ਼ਾ ਜਾਂ ਹਿੰਦੀ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਚੌਥੇ ਅਧਿਆਇ ਦੇ ਤੀਸਰੇ ਭਾਗ ਵਿੱਚ ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਸੋਸ਼ਲ ਮੀਡੀਆ ਅਤੇ ਰਾਜਨੀਤੀ ਦੇ ਵਿੱਚ ਸੋਸ਼ਲ ਮੀਡੀਆ ਕਾਰਨ ਹੋਏ ਬਦਲਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ। ਰਾਜਨੀਤਿਕ ਪਾਰਟੀਆਂ ਨੇ ਲੋਕਾਂ ਤੱਕ ਪਹੁੰਚ ਕਰਨ ਦੇ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਹੈ। ਸਭ ਤੋਂ ਪਹਿਲਾਂ ਸੋਸ਼ਲ ਮੀਡੀਆਂ ਦੀ ਵਰਤੋਂ ਉਬਾਮਾ ਨੇ ਕੀਤੀ । ਭਾਰਤ ਦੇ ਵਿੱਚ ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਦੇ ਸਹਿਯੋਗ ਨਾਲ ਜਿੱਤ ਹਾਸਿਲ ਕੀਤੀ ਸੀ। 2012 ਦੇ ਵਿੱਚ ਮਸ਼ੂਹਰ ਨੇਤਾ ਨੇ ਅੰਦੋਲਨ ਕੀਤਾ ਸੀ ਇਹ ਅੰਦੋਲਨ ਵੀ ਸੋਸ਼ਲ ਮੀਡੀਆਂ ਦੇ ਕਰਕੇ ਸਫ਼ਲ ਰਿਹਾ ਸੀ। ਸੋਸ਼ਲ ਮੀਡੀਆ ਦੀ ਮਦਦ ਨਾਲ ਚੋਣ ਦੇ ਨਤੀਜਿਆਂ ਦਾ ਕੁਝ ਹੱਦ ਤੱਕ ਅੰਦਾਜ਼ਾ ਲਗਾਇਆ ਜਾਦਾ ਸੀ। ਸੋਸ਼ਲ ਮੀਡੀਆ ਦੇ ਰਾਹੀਂ ਜਨਤਾ ਨਾਲ ਗੱਲਬਾਤ ਕਰਦੇ ਹਨ ਅਤੇ ਰਾਜਨੀਤੀ ਨੂੰ ਪਾਰਦਰਸ਼ੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਸੋਸ਼ਲ ਮੀਡੀਆ ਦੀ ਰਾਜਨੀਤੀਵਾਨਾਂ ਦੇ ਵੱਲੋਂ ਦੁਰਵਰਤੋਂ ਵੀ ਕੀਤੀ ਜਾਂਦੀ ਹੈ। ਕੋਬਰਾਪਟਿਸ ਦੇ ਸੰਪਾਦਕ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਸੀ ਕਿ ਬਹੁਤ ਕੰਪਨੀਆਂ ਨੇਤਾਵਾਂ ਦੇ ਲਈ ਆਈ.ਟੀ ਕੰਪਨੀਆਂ ਕੰਮ ਕਰਦੀਆਂ ਹਨ।

ਰਾਜਨੀਤੀ ਦੀ ਤਸਵੀਰ ਸਾਫ਼ ਅਤੇ ਉੱਚੀ ਦਿਖਾਉਣ ਦੇ ਲਈ ਸੋਸ਼ਲ ਮੀਡੀਆ ਅਤੇ ਫਿਲਮਾਂ ਦਾ ਸਹਾਰਾ ਲਿਆ ਜਾਂਦਾ ਹੈ। ਫਿਲਮਾਂ ਦੇ ਰਾਹੀਂ ਨੇਤਾਵਾਂ ਦੀ ਰਾਜਨੀਤਿਕ ਸਫ਼ਰ ਦੀ ਇੱਕ ਛੋਟੀ ਜਿਹੀ ਝਲਕ ਪੇਸ਼ ਕੀਤੀ ਜਾਂਦੀ ਹੈ। ਮਸ਼ੂਹਰ ਨੇਤਾਵਾਂ ਦੇ ਉੱਤੇ ਮੂਵੀ ਬਣ ਚੁੱਕੀ ਹੈ। ਟੀ. ਵੀ ਦੇ ਉੱਤੇ ਵੀ ਕਈ ਸੀਰੀਅਲ ਰਾਜਨੀਤੀ ਦੇ ਉਪਰ ਬਣ ਚੁੱਕੇ ਹਨ ਜਿਹੜੇ ਰਾਜਨੀਤੀ ਦੇ ਅੰਦਰਲੇ ਕਾਰਜਕਾਲ ਅਤੇ ਪ੍ਰਕਿਰਿਆਵਾਂ ਨੂੰ ਪੇਸ਼ ਕਰਦੇ ਹਨ। ਰਾਜਨੀਤੀ ਦੇ ਵਿੱਚ ਵੱਖਰੀ ਪਹਿਚਾਣ ਬਣਾਉਣ ਲਈ ਇੱਕ ਬਰੈਂਡ ਜਾਂ ਚਿਹਰਾ ਮਿਥਿਆ

ਜਾਂਦਾ ਹੈ ਜਿਹੜਾ ਪਾਰਟੀ ਦੀ ਰੂਪ-ਰੇਖਾ ਨੂੰ ਸਾਫ਼ ਕਰਦਾ ਹੈ। ਇਸੇ ਤਰ੍ਹਾਂ ਹੀ ਪ੍ਰਧਾਨ ਮੰਤਰੀ ਪਾਰਟੀ ਦੇ ਪ੍ਰਮੁੱਖ ਬਰੈਂਡ ਹਨ। ਉਹ ਲੋਕਾਂ ਦਾ ਭਰੋਸਾ ਜਿੱਤ ਕੇ ਦੋ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣ ਚੁੱਕੇ ਹਨ। ਭਾਰਤੀ ਰਾਜਨੀਤੀ ਦੇ ਵਿੱਚ ਬਰੈਂਡ ਦੀ ਮਹੱਤਤਾ ਕੁਝ ਕੁ ਸਾਲ ਵਿੱਚ ਵਧੀ ਹੈ। ਪ੍ਰਧਾਨ ਮੰਤਰੀ ਦੇਸ਼ ਦੇ ਜਿਸ ਵੀ ਹਿੱਸੇ ਦੇ ਵਿੱਚ ਗਏ, ਉਥੇ ਦੀ ਹੀ ਵੇਸ-ਭੂਸ਼ਾ ਧਾਰਨ ਕੀਤੀ। ਜਿਵੇਂ ਕਿ ਬਰੈਂਡਅਮਬੈਸਟਰ ਕੰਪਨੀਆਂ ਦੀਆਂ ਵਸਤਾਂ ਨੂੰ ਥਾਂ ਥਾਂ ਵੇਚਦਾ ਹੈ ਉਸੇ ਤਰ੍ਹਾਂ ਹੀ ਨੇਤਾ ਆਪਣੀ ਪਾਰਟੀ ਦਾ ਥਾਂ ਥਾਂ ਪ੍ਰਚਾਰ ਕਰਦੇ ਹਨ। ਕੋਈ ਵੀ ਬਰੈਂਡ ਲੋਕਾਂ ਦੀਆਂ ਲੋੜਾਂ ਨੂੰ ਦੇਖ ਕੇ ਬਣਾਇਆ ਜਾਂਦਾ ਹੈ ਉਸੇ ਤਰ੍ਹਾਂ ਹੀ ਨੇਤਾ ਲੋਕਾਂ ਦੀਆਂ ਲੋੜਾਂ ਮੁੱਖ ਰੱਖ ਕੇ ਪੂਰਾ ਕਰਨ ਦਾ ਦਾਅਵਾ ਕਰਦੇ ਹਨ।

ਰਾਜਨੀਤੀਵਾਨ ਵੀ ਆਪਣੇ ਇੱਕ ਟਰੈਂਡ ਸਥਾਪਿਤ ਕਰਦੇ ਹਨ। ਲੋਕ ਵੀ ਉਹਨਾਂ ਦੇ ਟਰੈਂਡ ਦਾ ਅਨੁਸਰਣ ਕਰਦੇ ਰਹਿਣ ਜਿਵੇਂ ਕਿ ਸੱਤਾ ਸਰਕਾਰ ਲੋਕਾਂ ਦੇ ਵਿੱਚ ਕੋਈ ਨਾ ਕੋਈ ਟਰੈਂਡ ਸਥਾਪਿਤ ਕਰਨ ਦੇ ਵਿੱਚ ਲੱਗੀ ਰਹਿੰਦੀ ਹੈ ਜਿਵੇਂ ਕਿ ਸੱਤਾ ਪਾਰਟੀ ਜਾਂ ਵਿਰੋਧੀ ਪਾਰਟੀ ਦੇ ਪੇਜ ਬਣੇ ਹੁੰਦੇ ਹਨ। ਉਥੇ ਉਹਨਾਂ ਦੀ ਹਰ ਨਵੀਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਕਿਸਾਨ ਅੰਦੋਲਨ ਦੇ ਵਿੱਚ ਕਿਸਾਨਾਂ ਨੂੰ ਸੋਸ਼ਲ ਮੀਡੀਆ ਦਾ ਹੀ ਸਾਥ ਮਿਲਿਆ । ਸੋਸ਼ਲ ਮੀਡੀਆ ਉੱਤੇ ਪਲ ਪਲ ਦੀ ਸੂਚਨਾ ਲੋਕਾਂ ਤੱਕ ਪਹੁੰਚਾਉਂਦੇ ਹਨ। ਸੋਸ਼ਲ ਮੀਡੀਆ ਉੱਤੇ ਵੀ ਕਿਸਾਨਾਂ ਦੇ ਪੇਜ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਿਸਾਨ ਵੀ ਆਪਣੇ ਆਈ. ਟੀ ਸੈੱਲ ਦੀ ਮਦਦ ਨਾਲ ਆਪਣੇ ਪੇਜਾਂ ਅਤੇ ਯੂ-ਟਿਊਬ ਚੈਨਲਾਂ ਨੂੰ ਹੈਕ ਹੋਣ ਤੋਂ ਬਚਾਉਂਦੇ ਹਨ।

ਚੋਥੇ ਅਧਿਆਇ ਦੇ ਚੌਥੇ ਭਾਗ ਵਿੱਚ “ਖਪਤ ਸਭਿਆਚਾਰ ਦੇ ਪ੍ਰਭਾਵ ਅਧੀਨ ਬਦਲਦਾ ਕਾਰਪੋਰੇਟ ਮੀਡੀਆ ਅਤੇ ਰਾਜਨੀਤੀ” ਦੇ ਵਿੱਚ ਮੀਡੀਆ ਦੀ ਅਹਿਮੀਅਤ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਕਾਰਪੋਰੇਟ ਸੈਕਟਰ ਦੇ ਵਿੱਚ ਸੰਚਾਰ, ਮਾਰਕੀਟਿੰਗ, ਵਿਗਿਆਪਨ ਆਦਿ ਰੂਪ ਆ ਜਾਂਦੇ ਹਨ। ਇਹ ਆਪਣੇ ਕਾਰਜਕਾਰਨੀ ਦੇ ਵਿੱਚ ਬਾਹਰਲੇ ਅਤੇ ਅੰਦੂਰਨੀ ਕਾਰਜਾਂ ਨੂੰ ਸੰਭਾਲਦੇ ਹਨ। ਕਾਰਪੋਰੇਟ ਆਮ ਲੋਕਾਂ ਨੂੰ ਕੇਂਦਰ ਦੇ ਵਿੱਚ ਰੱਖਦਾ ਹੈ। ਵੱਖੋ-ਵੱਖ ਕੰਪਨੀਆਂ ਮੀਡੀਆ ਦੇ ਲਈ ਖ਼ਬਰਾਂ ਨੂੰ

ਪ੍ਰਕਾਸ਼ਿਤ ਕਰਦੀਆਂ ਹਨ। ਟੀ.ਵੀ ਦੇ ਵੱਖ ਵੱਖ ਪ੍ਰੋਗਰਾਮਾਂ ਦੇ ਰਾਹੀਂ ਨੇਤਾਵਾਂ ਦੇ ਨਾਲ ਮੁਲਕਾਤ ਕਰਵਾਈ ਜਾਂਦੀ ਹੈ। ਟੀ.ਵੀ ਚੈਨਲਾਂ ਨੇ ਰਾਜਨੀਤੀ ਦੇ ਵਿੱਚ ਆਪਣੀ ਪ੍ਰਮੁੱਖ ਭੂਮਿਕਾ ਨਿਭਾਈ ਹੈ। ਰਾਜਨੀਤੀ ਦੀ ਪਲ-ਪਲ ਦੀ ਖ਼ਬਰ ਆਮ ਆਦਮੀ ਤੱਕ ਪੁੱਜਦਾ ਕਰਦੇ ਹਨ। ਚੋਣਾਂ ਦੇ ਵਿੱਚ ਕੌਣ ਜਿੱਤ ਸਕਦਾ ਹੈ, ਉਸ ਦੀ ਸਥਿਤੀ ਨੂੰ ਸਪਸ਼ੱਟ ਕਰਦੇ ਹਨ। 'ਨੇਤਾ ਟੀ.ਵੀ ਦੇ ਉੱਤੇ ਆਪਣੀਆਂ ਇੰਟਰਵਿਊ ਵੀ ਦਿੰਦੇ ਹਨ ਜਿਨ੍ਹਾਂ ਦੇ ਵਾਰੇ ਜਾਣਕਾਰੀ ਪਹਿਲਾ ਹੀ ਟੀ.ਵੀ ਤੇ ਆਉਂਦੀ ਰਹਿੰਦੀ ਹੈ। ਇਸ ਨਾਲ ਚੈਨਲ ਦੀ ਟੀ. ਆਰ. ਪੀ ਦੇ ਵਿੱਚ ਵਾਧਾ ਹੁੰਦਾ ਹੈ। ਨੇਤਾਵਾਂ ਦੇ ਲਈ ਵੀ ਇਲੈਕਟ੍ਰੋਨਿਕ ਮੀਡੀਆ ਸਹੀ ਸਾਬਿਤ ਹੋ ਰਿਹਾ ਹੈ। ਉਹਨਾਂ ਦੀ ਲੋਕਾਂ ਦੇ ਵਿੱਚ ਛਵੀ ਨੂੰ ਬਣਾਉਣ ਅਤੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਇੱਕੋ ਇੱਕ ਰਸਤਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਕਾਰਪੋਰੇਟ ਮੀਡੀਆ ਸਰਕਾਰ ਦੇ ਹੱਥਾਂ ਦੀ ਕੱਠਪੁੱਤਲੀ ਬਣ ਗਿਆ ਹੈ। ਮੀਡੀਆ ਦੀ ਸੁਤੰਤਰਤਾ ਨਾ ਦੇ ਬਰਾਬਰ ਦਿਖਾਈ ਦਿੰਦੀ ਹੈ।

ਉਪਰੋਕਤ ਚਰਚਾ ਤੋ ਸਪਸ਼ਟ ਹੁੰਦਾ ਹੈ ਕਿ

1. ਪੁਰਾਤਨ ਰਾਜਨੀਤੀ ਅਤੇ ਆਧੁਨਿਕ ਰਾਜਨੀਤੀ ਦੇ ਵਿੱਚ ਬਹੁਤ ਫ਼ਰਕ ਆ ਗਿਆ ਹੈ।

2. ਸਰਕਾਰਾਂ ਆਪਣੀ ਪਾਰਦਰਸ਼ਤਾ ਬਣਾਈ ਰੱਖਣ ਦੇ ਲਈ ਲੋਕਾਂ ਨਾਲ ਸੰਪਰਕ ਸੋਸ਼ਲ ਮੀਡੀਆ ਦੇ ਰਾਹੀਂ ਕਾਇਮ ਰੱਖਦੀਆਂ ਹਨ। ਖੇਤਰੀ ਖੋਜ ਦੇ ਰਾਹੀਂ ਪ੍ਰਾਪਤ ਹੋਏ ਡਾਟਾ ਦੇ ਨਤੀਜੇ ਮਿਲੇ ਹਨ। ਜਿਨ੍ਹਾਂ ਦਾ Mean, Median, Mode, ਨਿਕਲਿਆ ਗਿਆ ।

# ਪੁਸਤਕ ਸੂਚੀ

# ਪੁਸਤਕ ਸੂਚੀ


ਓਮ ਪ੍ਰਕਾਸ਼ ਗਾਸੋ. *ਪੰਜਾਬੀ ਸਭਿਆਚਾਰ.* ਪੰਜਾਬੀ ਯੂਨੀਵਰਸਿਟੀ. 2006

ਔਲਖ. ਸਤਿੰਦਰ (ਡਾ.). (ਸੰਪਾ.). *ਪੰਜਾਬੀ ਲੋਕਧਾਰਾ ਵਿਰਸਾ ਤੇ ਵਰਤਮਾਨ.* ਰਵੀ ਸਾਹਿਤ ਪ੍ਰਕਾਸ਼ਨ. 2015.

ਅਜੀਤਪਾਲ ਸਿੰਘ ਐਮ.ਡੀ (ਡਾ.). *ਕਟਿਹਰੇ 'ਚ ਰਾਜਨੀਤੀ.* ਤਰਕਸ਼ੀਲ ਪ੍ਰਕਾਸ਼ਨ. ਬਰਨਾਲਾ. 2006............................

ਅਜੀਤਪਾਲ ਸਿੰਘ.ਐਮ.ਡੀ.(ਡਾ.).*ਦਾਗੀ ਰਾਜਨੀਤਿਕ ਦੇ ਨਾਇਕ.* ਤਰਕਸ਼ੀਲ ਪ੍ਰਕਾਸ਼ਨ. ਬਰਨਾਲਾ.2013

ਅਜੀਤਪਾਲ ਸਿੰਘ ਐਮ.ਡੀ. (ਡਾ.). *ਫਾਂਸੀ, ਦੰਗੇ ਤੇ ਕੌਮੀ ਮਸਲੇ.* ਤਰਕਸ਼ੀਲ ਪ੍ਰਕਾਸ਼ਨ. ਬਰਨਾਲਾ.2010

ਅਤਰ ਸਿੰਘ ( ਡਾ.) *ਸਮਦਰਸ਼ਨ.* ਲਾਹੌਰ ਬੁੱਕ ਸ਼ਾਪ ਲੁਧਿਆਣਾ 1982

ਸੋਹਲ, ਹਰਜਿੰਦਰ ਕੌਰ. *ਪੰਜਾਬੀ ਗਾਇਕੀ : ਵਿਭਿੰਨ ਪਾਸਾਰ.* ਨਾਨਕ ਪੁਸਤਕ ਮਾਲਾ 2012

ਸੁਖਦੀਪ ਕੌਰ. (ਡਾ.) ਵਿਸ਼ਵੀਕਰਨ :*ਸਭਿਆਚਾਰ ਪਰਿਵਰਤਨ.* ਯੂਨੀਸਟਾਰ ਪਬਲੀਕੇਸ਼ਨ. ਚੰਡੀਗੜ੍ਹ. 2015

ਸਵਿੰਦਰਜੀਤ ਕੌਰ .(ਡਾ.) (ਅਨੁ.) ਮੈਕਾਈਵਰ. ਆਰ. ਐਮ. ਅਤੇ ਸੀ.ਐਚ.ਪੇਜ. *ਸਮਾਜ: ਇੱਕ ਪ੍ਰਾਰੰਭਿਕ ਵਿਸ਼ਲੇਸ਼ਣ.* ਪੰਜਾਬੀ ਯੂਨੀਵਰਸਿਟੀ.ਪਟਿਆਲਾ 1979

ਸੂਬਾ ਸਿੰਘ. *ਅਲੋਪ ਹੋ ਰਹੇ ਚੇਟਕ.* ਲਾਹੌਰ ਬੁੱਕ ਸ਼ਾਪ. 2012

ਸੁਖਵੀਰ ਕੌਰ (ਡਾ.). *ਪੰਜਾਬੀ ਸਾਹਿਤ ਤੇ ਸਭਿਆਚਾਰ: ਸਿਧਾਂਤ ਤੇ ਵਿਹਾਰ.* ਯੂਨੀਸਟਾਰ ਬੁੱਕਸ, ਚੰਡੀਗੜ੍ਹ, 2016

ਸਰਬਜੋਤ ਸਿੰਘ. (ਡਾ.) *ਵਿਸ਼ਵੀਕਰਨ: ਸਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ*. ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ. 2005

ਸਰਬਜੀਤ ਸਿੰਘ (ਪ੍ਰੋਫੈਸਰ ਤੇ ਪੱਤ੍ਰਕਾਰੀ).*ਸਾਦੇ ਵਿਆਹ ਤੇ ਸਾਦੇ ਭੋਗ.* ਖੇਤੀ ਪੱਤ੍ਰਕਾਰੀ. ਭਾਸ਼ਾਵਾਂ ਤੇ ਸਭਿਆਚਾਰ ਵਿਭਾਗ. ਲੁਧਿਆਣਾ. 2017

ਸਿੱਧੂ, ਗੁਰਮੇਲ (ਸੰਪਾ.). *ਵਿਸ਼ਵ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ*. ਯੂਨੀਸਟਾਰ ਬੁੱਕਸ. ਚੰਡੀਗੜ੍ਹ, 2016

ਸਤਿੰਦਰ ਸਿੰਘ. (ਡਾ.) *ਤੁਲਨਾਤਮਕ ਭਾਰਤੀ ਸਾਹਿਤ*. ਵਾਰਿਸ ਸ਼ਾਹ ਫਾਉਂਡੇਸ਼ਨ. ਅੰਮ੍ਰਿਤਸਰ. 2009

ਸ਼ਰਮਾ. ਕੇ.ਸੀ. *ਅਜੋਕੀ ਭਾਰਤੀ ਰਾਜਨੀਤੀ ਦੀ ਦਸ਼ਾ ਅਤੇ ਦਿਸ਼ਾ*. ਯੂਨੀਸਟਾਰ. ਚੰਡੀਗੜ੍ਹ. 2009

ਹਰਭਜਨ ਹਲਵਾਰਵੀ. *ਅਜੋਕਾ ਅਰਥ ਚਾਰਾ ਤੱਥ ਤੇ ਪ੍ਰਭਾਵ*. ਯੂਨੀਸਟਾਰ ਚੰਡੀਗੜ੍ਹ.2008

ਕਹਿਲ. ਹਰਕੇਸ਼ ਸਿੰਘ. *ਅਲੋਪ ਹੋ ਰਹੇ ਰਸਮ-ਰਿਵਾਜ*. ਯੂਨੀਸਟਾਰ ਪਬਲੀਕੇਸ਼ਨ. 2012

ਗੁਰਮੀਤ ਸਿੰਘ. (ਡਾ.) *ਪਰੰਪਰਾ ਤੇ ਆਧੁਨਿਕਤਾ*. ਨਾਨਕ ਪੁਸਤਕ ਮਾਲਾ 2006

ਗੁਰਪ੍ਰੀਤ ਸਿੰਘ. (ਸੰਪਾ.). *ਉਤਰ ਆਧੁਨਿਕਤਾ ਤੇ ਈ-ਲੋਕਧਾਰਾ*. ਨਾਨਕ ਪੁਸਤਕ ਮਾਲਾ. ਅੰਮ੍ਰਿਤਸਰ

ਗੁਰਦੇਵ ਸਿੰਘ (ਡਾ.) *ਸਭਿਆਚਾਰ ਦਾ ਫਲਸਫਾ*. ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ. ਪਟਿਆਲਾ. 2009

ਗਿੱਲ. ਤੇਜਵੰਤ ਸਿੰਘ .(ਡਾ.). (ਸੰਪਾ.) *ਪੰਜਾਬੀ ਸਭਿਆਚਾਰ: ਭਾਸ਼ਾ ਅਤੇ ਸਾਹਿਤ ਪੁਨਰ ਮੁਲਾਂਕਣ.* ਯੂਨੀਸਟਾਰ ਚੰਡੀਗੜ੍ਹ

ਗਿੱਲ,ਅਮਰਜੀਤ ਸਿੰਘ (ਡਾ.). *ਵਿਆਹ ਦੀਆਂ ਰਹੁ-ਰੀਤਾਂ*. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012

ਚੰਦੀ. ਗੁਰਦੇਵ ਸਿੰਘ. (ਡਾ.).*ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸੰਕਲਪ*: ਸਰੂਪ ਸਰੋਕਾਰ. ਪਟਿਆਲਾ. 2006

ਜੋਸ਼ੀ . ਜੀਤ ਸਿੰਘ . (ਡਾ.) (ਪ੍ਰੋ.).*ਅਧਿਐਨ ਤੇ ਅਧਿਆਪਨ ਦੇ ਬਦਲਦੇ ਪਰਿਪੇਖ.* ਵਾਰਿਸ ਸ਼ਾਹ ਫਾਉਂਡੇਸ਼ਨ. ਅੰਮ੍ਰਿਤਸਰ. 2010

ਜੋਸ਼ੀ. ਜੀਤ ਸਿੰਘ. (ਡਾ.). (ਪ੍ਰੋ.). *ਸਭਿਆਚਾਰ ਸਿਧਾਂਤ ਤੇ ਵਿਹਾਰ.* ਵਾਰਿਸ ਸ਼ਾਹ ਫਾਉਂਡੇਸ਼ਨ. ਅੰਮ੍ਰਿਤਸਰ. 2009

ਜੰਮੂ. ਪ੍ਰਕਾਸ਼ ਸਿੰਘ (ਸੰਪਾ.). *ਵਿਸ਼ਵੀਕਰਨ. ਉਦਾਰ ਉਦਾਰੀਕਰਨ ਅਤੇ ਪੰਜਾਬ.* ਪਬਲੀਕੇਸ਼ਨ ਬਿਊਰੋ. 1999

ਜਸਵਿੰਦਰ ਸਿੰਘ. (ਡਾ.) *ਸਭਿਆਚਾਰ ਪਛਾਣ ਚਿੰਨ੍ਹ* . ਪੁਨੀਤ ਪ੍ਰਕਾਸ਼ਨ. ਪਟਿਆਲਾ. 1989

ਜਗਬੀਰ ਸਿੰਘ. (ਡਾ.) *ਸਮੀਖਿਆ ਵਿਹਾਰ* . ਨੈਸ਼ਨਲ ਬੁੱਕ ਸ਼ਾਪ. ਦਿੱਲੀ. 1997

ਢੀਂਡਸਾ. ਮਨਦੀਪ ਕੌਰ. (ਡਾ.).(ਸੰਪਾ.) *ਪੰਜਾਬੀ ਸਭਿਆਚਾਰ ਦੀਆਂ ਪ੍ਰਮੁੱਖ ਵੰਗਾਰਾਂ.* ਯੂਨੀਸਟਾਰ.ਪਬਲੀਕੇਸ਼ਨ. 2015

ਦਿਨਕਰ, ਰਾਮਧਾਰੀ ਸਿੰਘ. *ਸਭਿਆਚਾਰ ਦੇ ਚਾਰ ਆਧਿਆਇ,* ਪਟਨਾ, ਉਤਰਾਂਚਲ ਪ੍ਰਕਾਸ਼ਨ,1977

ਦਰਿਆ. (ਡਾ.) (ਸੰਪਾ.). *ਪੰਜਾਬੀ ਸਭਿਆਚਾਰ ਤੇ ਲੋਕਧਾਰਾ: ਬਦਲਦੇ ਪਰਿਪੇਖ.* ਰਵੀ ਸਾਹਿਤ ਪ੍ਰਕਾਸ਼ਨ . 2016

ਦਰਿਆ. (ਡਾ.) (ਸੰਪਾ.). *ਪੰਜਾਬੀ ਸਭਿਆਚਾਰ ਅਧਿਐਨ: ਵਿਭਿੰਨ ਪਾਸਾਰ.* ਰਵੀ ਸਾਹਿਤ ਪ੍ਰਕਾਸ਼ਨ . 2017

ਧੀਰ. ਕੁਲਦੀਪ ਸਿੰਘ (ਡਾ.).*ਤੁਲਨਾਤਮਕ ਸਾਹਿਤ.* ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ. ਪਟਿਆਲਾ 1990

ਨਾਗਰਾ. ਸੁਖਦੇਵ ਸਿੰਘ (ਸੰਪਾ.) *ਪਰਵਾਸੀ ਚੇਤਨਾ ਦਾ ਭਾਸ਼ਾਈ ਪ੍ਰਵਚਨ.* ਯੂਨੀਸਟਾਰ ਬੁੱਕਸ. ਚੰਡੀਗੜ੍ਹ. 2017

ਪਰਵਾਨਾ. ਬਲਬੀਰ. (ਸੰਪਾ.) *ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ*. ਪੰਜ ਆਬ. ਜਲੰਧਰ. 2012

ਫਰੈਂਡਿਕ ਏਂਗਲਜ਼. *ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ*. ਮਾਸਕੋ. ਪ੍ਰਗਤੀ ਪ੍ਰਕਾਸ਼ਨ .1978

ਫੁੱਲ. ਗੁਰਦਿਆਲ ਸਿੰਘ. *ਪੰਜਾਬੀ ਸਭਿਆਚਾਰ: ਇੱਕ ਦ੍ਰਿਸ਼ਟੀਕੋਣ*. ਪੰਜਾਬੀ ਯੂਨੀਵਰਸਿਟੀ. ਪਟਿਆਲਾ. 1987

ਬੇਦੀ. ਸੋਹਿੰਦਰ ਸਿੰਘ. *ਪੰਜਾਬ ਦੀ ਲੋਕਧਾਰਾ* . ਨੈਸ਼ਨਲ ਬੁੱਕ ਸ਼ਾਪ. ਦਿੱਲੀ. 2013

ਬੱਤਰਾ. ਭੁਪਿੰਦਰ ਸਿੰਘ. (ਡਾ.) *ਮੀਡੀਆ ਦਾ ਮਾਇਆਜਾਲ* . ਗ੍ਰੇਸ਼ੀਅਸ਼ ਬੁੱਕਸ ਪਟਿਆਲਾ. 2017

ਬੇਦੀ. ਹਰਚੰਦ ਸਿੰਘ (ਡਾ.) *ਪਰਵਾਸ ਤੇ ਪਰਵਾਸੀ ਸਾਹਿਤ* . ਗੁਰੂ ਨਾਨਕ ਦੇਵ ਯੂਨੀਵਰਸਿਟੀ . 2004

ਭੁੱਲਰ. ਹਰਮੀਤ ਕੌਰ . (ਡਾ.). *ਈ-ਲੋਕਧਾਰਾ* . ਯੂਨੀਸਟਾਰ ਪਬਲੀਕੇਸ਼ਨ. 2015

ਭੁੱਲਰ. ਹਰਮੀਤ ਕੌਰ. (ਡਾ.) *ਪੰਜਾਬੀ ਸਭਿਆਚਾਰਕ ਵਾਰਤਕ: ਸਿਧਾਂਤ ਤੇ ਵਿਹਾਰ* ਯੂਨੀਸਟਾਰ ਬੁੱਕਸ, ਚੰਡੀਗੜ੍ਹ, 2015

ਭੀਮ ਇੰਦਰ ਸਿੰਘ (ਡਾ.). (ਅਨੁਵਾਦਕ ਤੇ ਸੰਪਾ). *ਮਾਰਕਸੀ ਵਿਸ਼ਵ ਚਿੰਤਨ,* ਯੂਨੀਸਟਾਰ .ਬੁੱਕਸ ਚੰਡੀਗੜ੍ਹ, 2013 ,

ਭੀਮ ਇੰਦਰ ਸਿੰਘ (ਡਾ.). *ਵਿਸ਼ਵੀਕਰਣ ਵਿਸ਼ਲੇਸ਼ਣ ਅਤੇ ਵਿਵੇਚਨ*. ਯੂਨੀਸਟਾਰ ਪਬਲੀਕੇਸ਼ਨ. ਚੰਡੀਗੜ੍ਹ. 2013

ਭੀਮ ਇੰਦਰ ਸਿੰਘ. (ਡਾ.) . *ਸੱਤਾ,ਸਾਹਿਤ ਅਤੇ ਸ਼ੰਘਰਸ਼*. ਸਪਤਰਿਸ਼ੀ. ਬਠਿੰਡਾ. 2020

ਭੀਮ ਇੰਦਰ ਸਿੰਘ. (ਡਾ.). *ਮਾਰਕਸਵਾਦ ਅਤੇ ਉਤਰ- ਆਧੁਨਿਕਤਾਵਾਦ*. ਤਰਕਭਾਰਤੀ ਪ੍ਰਕਾਸ਼ਨ. 2004

ਰਜਿੰਦਰਪਾਲ ਸਿੰਘ.(ਡਾ.). *ਉਤਰ-ਆਧੁਨਿਕਤਾ*. ਪਬਲੀਕੇਸ਼ਨ ਬਿਊਰੋ ਪਟਿਆਲਾ 2013

ਰੁਪਿੰਦਰ ਕੌਰ. (ਡਾ.) *ਲੋਕਧਾਰਾ ਸਮੱਗਰੀ ਤੇ ਪੇਸ਼ਕਾਰੀ*. ਰਵੀ ਸਾਹਿਤ ਪ੍ਰਕਾਸ਼ਨ. ਅੰਮ੍ਰਿਤਸਰ. 2013

ਰੁਪਿੰਦਰ ਕੌਰ ( ਡਾ.) *ਪੰਜਾਬੀ ਸਮਾਜ : ਰਿਸ਼ਤਾ-ਨਾਤਾ ਪ੍ਰਬੰਧ*. ਸਪਤਰਿਸ਼ੀ. ਚੰਡੀਗੜ੍ਹ. 2020

ਰੇਸ਼ਮ ਸਿੰਘ ( ਡਾ.) *ਆਲੋਚਨਾ ਦੇ ਬਦਲਦੇ ਸਰੋਕਾਰ*. ਯੂਨੀਸਟਾਰ. 2019. ਚੰਡੀਗੜ੍ਹ

ਵਿਨੋਦ. ਟੀ.ਆਰ. (ਡਾ.) *ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ*. ਲੋਕਗੀਤ ਪ੍ਰਕਾਸ਼ਨ, 1990

... (ਸੰਪਾ.) ਡਾ. ਅਜੀਤਪਾਲ ਸਿੰਘ ਐਮ. ਡੀ. *ਸਾਮਰਾਜੀ ਵਿਸ਼ਵੀਕਰਨ ਬੇਨਕਾਬ 1*. ਲੋਕ ਗੀਤ ਪ੍ਰਕਾਸ਼ਨ .2008......

... (ਸੰਪਾ.). ਡਾ. ਅਜੀਤਪਾਲ ਸਿੰਘ ਐਮ. ਡੀ. *ਸਾਮਰਾਜੀ ਵਿਸ਼ਵੀਕਰਨ ਬੇਨਕਾਬ 11*. ਲੋਕ ਗੀਤ ਪ੍ਰਕਾਸ਼ਨ .2008

ਵਿਨੋਦ. ਟੀ.ਆਰ (ਡਾ.). *ਸੰਸਕ੍ਰਿਤੀ: ਸਿਧਾਂਤ ਅਤੇ ਵਿਹਾਰ*. ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2004

**ਹਿੰਦੀ ਪੁਸਤਕਾਂ**

ਉਪਾਧਿਆਇ, ਕ੍ਰਿਸ਼ਨ ਦੇਵ. *ਲੋਕ ਸੰਸਕ੍ਰਿਤੀ ਕੀ ਰੂਪ-ਰੇਖਾ*. ਇਲਾਹਾਬਾਦ, ਲੋਕ ਭਾਰਤੀ ਪ੍ਰਕਾਸ਼ਨ.

ਕੰਗਲੀਬਾਲ ਸਰਬਜੀਤ. *ਪੱਤਰਕਾਰਿਤਾ ਸਮਾਜ ਏਬਮ ਬਾਜ਼ਾਰ*. ਯੂਨੀਸਟਾਰ .2006

ਗੌਤਮ. ਵਿਦਿਆਂਪਤਿ. *ਭੂਮੀਮੰਡਲੀਕਰਨ ਕੇ ਦੌਰ ਮੇਂ ਛਰਮ ਏਬਮ ਰੋਜ਼ਗਾਰ ਕੀ ਚੁਣੌਤੀਆਂ*. ਗੇਲੈਕਸੀ ਪਬਲੀਕੇਸ਼ਨ. 2017

ਰਾਜਦੀਪ ਦੇਸਾਈ. 2014 *ਚਨਾਬ ਜਿਸਨੇ ਭਾਰਤ ਕੇ ਬਦਲਾ*. ਪ੍ਰਭਾਤ ਪ੍ਰਕਾਸ਼ਨ 2015

ਵਿਦਿਆਲੰਕਾਰ, ਜੈ ਚੰਦਰ, *ਭਾਰਤ ਭੂਮੀ ਅਤੇ ਉਸਦੇ ਨਿਵਾਸੀ*.ਪਟਿਆਲਾ. ਪਬਲੀਕੇਸ਼ਨ ਬਿਊਰੋ, 2000

**ਅੰਗਰੇਜ਼ੀ ਪੁਸਤਕਾਂ**

Adrono. *The Cultural Industry*, Routedge New York 1991

Bijay kumar dass. (Edit), *Comparative Literature*. Vedams ebooks. Delhi. 2009

Bobley Roger. Sociology Y Anlord W. Green, *Sociology: an Analysis of Life in Modern Society*. Mcgraw Hill. 1964

David Hesmondhalgh. *Cultural Industry*. Sage Publication. London 2018

Doug Mcdam. *Poltical Process and Devolpment of Black Insurgency*. University of Chicago press. 1982

Eoin Deverevx. *Understanding the Media*. *Third Edition*. Sage publications. 2013

Francis .E. Merill, H. Wentworth. Eldredge. *Society and Culture*. Prentice Hall. 1953

Henry. Arsall. *Consumer Behavior Strategic Approach*. Publication An Imprint of Dreamtech Press, 2005

Herbert Macrus. *One Dimension Man*. Routlege 1964

Jean Baudrillard. *The System of Object*. Translated by James Benedict Navayana Publishing House 2005

Jean baudrillard**.** *Simulacra and Simulation*. University of Michigan Press. 1994

Nita Mathur. *Introduction Consumer Culture: Modernity and Identity*. Sage Publication. Delhi 2014

Pramond.K.Nayar. *An Introduction to Cultural Studies*, New Delhi. Viva Books,2007

**ਅਖ਼ਬਾਰਾਂ**

ਉਪਲ ਆਰ.ਕੇ (ਪ੍ਰੋ.). ਸਿੱਖਿਆ ਪ੍ਰਣਾਲੀ 'ਸਵਾਲੀਆ ਨਿਸ਼ਾਨ ਹੈ ਪਰਵਾਸ ਉਡਾਰੀ ਦਾ ਰੁਝਾਨ. *ਪੰਜਾਬੀ ਟ੍ਰਿਬਿਊਨ*. ਜੂਨ 28 2019

ਸਰੀਨ. ਪੂਰਨ ਚੰਦ. ਸਿੱਖਿਆ ਦੇ ਵਿੱਚ ਸ਼ਾਮਿਲ ਹੋਣ ਖਪਤਕਾਰ ਸੁਰੱਖਿਆ ਐਕਟ ਅਤੇ ਅਸੀ. *ਅਜੀਤ ਅਖ਼ਬਾਰ* 2017

ਕੌਲ. ਵਿਵੇਕ. ਭਾਰਤੀ ਅਰਥਚਾਰੇ ਦੀ ਦਾਸਤਾਨ. *ਪੰਜਾਬੀ ਜਾਗਰਣ*. 22 ਜਨਵਰੀ 2020

ਗਿੱਲ, ਰਛਪਾਲ ਸਿੰਘ. ਪੰਜਾਬ 'ਚ ਵੱਜ ਰਿਹਾ ਆਈਲੈਟਸ ਦਾ 'ਬੈਂਡਵਾਜਾ. *ਕੈਨੇਡੀਅਨ ਪੰਜਾਬੀ ਟਾਈਮਜ਼*. ਜਨਵਰੀ 18.2019

ਚਾਵਲਾ. ਲਕਸ਼ਮੀ ਕਾਂਤ. ਨੌਜਵਾਨ ਮੁਲਕ ਛੱਡਣ ਲਈ ਮਜ਼ਬੂਰ ਕਿਉਂ?. *ਪੰਜਾਬੀ ਟ੍ਰਿਬਿਊਨ* 2017

ਜਗਬੀਰ ਕੌਰ. ਆਈਲੈਟਸ ਵਾਲੀਆਂ ਨੂੰਹਾਂ ਬਣੀਆਂ ਪਹਿਲੀ ਪਸੰਦ. 28 ਅਕੂਤਬਰ. *ਪੰਜਾਬੀ ਟ੍ਰਿਬਿਊਨ* 2019

ਢਿਲੋਂ . ਪ੍ਰਭਜੋਤ ਕੌਰ ਪੈਸੇ ਦੀ ਦੌੜ 'ਚ ਗੁਆਚ ਰਹੇ ਰਿਸ਼ਤੇ. *ਪੰਜਾਬੀ ਜਾਗਰਣ* 7 ਅਪ੍ਰੈਲ. 2019

ਪਲਾਹੀ. ਗੁਰਮੀਤ ਸਿੰਘ. ਨੌਜਵਾਨ ਦੇ ਪਰਵਾਸ ਕਾਰਨ ਪੰਜਾਬ ਸਭਿਆਚਾਰਕ ਸੰਕਟ ਦਾ ਸ਼ਿਕਾਰ. 2019

ਪੰਜਾਬ 'ਚ ਪਾਸਪਰੋਟ ਬਣਾਉਣ ਲਈ ਰੋਜ਼ਾਨਾ 56 ਲੱਖ ਰੁਪਏ ਖਰਚ ਰਹੇ ਹਨ, *ਪੰਜਾਬੀ ਟ੍ਰਿਬਿਊਨ*, 3 ਅਕੂਤਬਰ 2019 (www.desipunjab.ca.in )

ਰਾਮਗੜ੍ਹੀਆਂ. ਪਰਮੀਤ ਸਿੰਘ. ਆਈਲੈਟਸ ਦੇ ਨਾਮ 'ਤੇ ਰਿਸ਼ਤਿਆਂ ਦਾ ਘਾਣ. 16 ਸਤੰਬਰ 2019. *ਪੰਜਾਬੀ ਟ੍ਰਿਬਿਊਨ.*

ਲਾਡਲਾ. ਪਰਮੀਤ ਕੌਰ. ਪੁੱਤਾਂ ਨੂੰ ਵਿਦੇਸ਼ ਭੇਜਣ ਲਈ ਕਾਹਲੇ ਮਾਪੇ ਭਾਲਦੇ ਆਈਲੈਟਸ ਵਾਲੀਆਂ ਨੂੰਹਾਂ. *ਪੰਜਾਬੀ ਨੈਸ਼ਨਲ* 2019

**ਇੰਟਰਨੈੱਟ**

capt.amrinderpromises 50lakh 4g smartphones. Free data, calling to Punjab youth. 20 Nov 2016 www. hindustantimes.com

Consumption.consumer culture and consumer society. Aytekin firat. Journal of community postivie practices. Xiii.1. Published 2013. www.researchgate.net

Family structure, materialism and compulsive consumption. journal of consumer research. March 1997. www.researchgate.net

In from ending VIP culture to free education for women up till ph.d—all about Punjab congress manifesto you need to know 9January 2017. www. indiatoday.com

India's colourful election slogans, vikas pandey. 22 April 2014. www.bbc.com

Journal of mass communication & journalism, social media for poltical mobilization in India: a study, meti v30 September 2015. www.omicsonline.org

List of political parties in India. www. jagranjosh.com

# ਅੰਤਕਾਵਾਂ



## ਡਾ.ਜੋਗਿੰਦਰ ਸਿੰਘ ਕੈਰੋ

- **ਵਿਸ਼ਵੀਕਰਨ ਦੇ ਦੌਰ ਦੇ ਵਿੱਚ ਪੰਜਾਬੀ ਸਮਾਜ ਉੱਤੇ ਕੀ ਪ੍ਰਭਾਵ ਪੈ ਰਿਹਾ ਹੈ, ਇਸ ਤੋ ਤੁਹਾਡਾ ਕੀ ਨਜਰੀਆ ਹੈ।**

ਅਸੀ ਇਹ ਨਹੀਂ ਕਹਿ ਸਕਦੇ ਕਿ ਵਿਸ਼ਵੀਕਰਨ ਦਾ ਪ੍ਰਭਾਵ ਸਿਰਫ ਪੰਜਾਬੀ ਸਮਾਜ ਉੱਤੇ ਪਿਆ ਹੈ। ਹਰ ਸਮਾਜ ਸਭਿਆਚਾਰ ਉੱਤੇ ਪ੍ਰਭਾਵ ਪਾ ਰਿਹਾ ਹੈ। ਉਹਨਾਂ ਦਾ ਪ੍ਰਭਾਵ ਸਾਡੇ ਸਭਿਆਚਾਰ ਤੇ ਸਾਡੇ ਸਭਿਆਚਾਰ ਦਾ ਪ੍ਰਭਾਵ ਉਹਨਾਂ ਦੇ ਉੱਤੇ ਪੈ ਰਿਹਾ ਹੈ। ਪੰਜਾਬੀਆਂ ਉੱਤੇ ਜ਼ਿਆਦਾ ਪ੍ਰਭਾਵ ਇਸ ਕਰਕੇ ਪਿਆ ਕਿਉਂਕਿ ਉਹਨਾਂ ਨੇ ਪਰਵਾਸ ਜ਼ਿਆਦਾ ਕੀਤਾ ਹੈ।

- **ਰਿਸ਼ਤਿਆਂ ਦੇ ਵਿਗਠਨ ਦੇ ਕੀ ਕਾਰਨ ਹਨ, ਇਸ ਤੋਂ ਤੁਹਾਡਾ ਕੀ ਨਜਰੀਆ ਹੈ।**

ਪੁਰਾਣੇ ਸਮੇਂ ਦੇ ਵਿੱਚ ਸੰਸਾਰ ਸਾਡਾ ਘਰ ਸੀ। ਵੱਧ ਤੋਂ ਵੱਧ ਮਨੁੱਖ ਦਾ ਘਰ ਤੇ ਕੰਮ ਤੱਕ ਹੀ ਸੀਮਿਤ ਸੀ। ਵੱਧ ਤੋਂ ਵੱਧ ਪਿੰਡ ਹੀ ਸੀ ਜਿਵੇਂ ਕਹਿੰਦੇ ਹਨ ਕਿ ਘਰ ਜੰਮੇ ਤੇ ਹਵੇਲੀ ਮਰ ਗਏ। ਸੰਚਾਰ ਦੇ ਸਾਧਨ ਘੱਟ ਸਨ। ਲੋਕਾਂ ਨੂੰ ਪਤਾ ਨਹੀ ਸੀ। ਇੱਕਲੇ ਪੰਜਾਬ ਦੇ ਵਿੱਚ ਹੀ ਨਹੀਂ ਸਗੋ ਪੂਰੇ ਸੰਸਾਰ ਦੇ ਵਿੱਚ ਆਦਰਸ਼ ਘੱਟਦੇ ਜਾ ਰਹੇ ਹਨ। ਸਾਡੇ ਕੋਲ ਆਦਰਸ਼ ਘੱਟ ਸਨ। ਪਹਿਲਾਂ ਸਾਡੇ ਕੋਲ ਧਰਮ ਦਾ ਆਦਰਸ਼ ਸੀ। ਆਈਨਸਟਾਈਨ ਨੇ ਸਪੇਸ ਦੀ ਥਿਊਰੀ ਕੱਢੀ ਹੈ, ਉਸਨੇ ਸਿੱਧ ਕੀਤਾ ਕਿ ਨਾ ਕੋਈ ਪੁੰਨ ਹੈ ਨਾ ਕੋਈ ਪਾਪ ਹੈ। ਇਸ ਨਾਲ ਸਾਰਾ ਸੰਸਾਰ ਹੀ ਸੰਬੰਧਿਤ ਹੈ। ਜਿਉਂ-ਜਿਉਂ ਆਧੁਨਿਕਤਾ ਦਾ ਪਾਸਾਰ ਹੋਇਆ, ਮੈ ਆਧੁਨਿਕਤਾ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਸਾਈ ਦੇ ਪਾਦਰੀ ਨੇ ਬਾਈਬਲ ਦੇ ਅਰਥ ਨੂੰ ਇਵੇ ਕੱਢਣ ਨੂੰ ਕਿਹਾ ਕਿ ਇਹ ਹੀ ਖੁਦਾ ਬਣ ਜਾਵੇ। ਇਹ ਪ੍ਰਭੂ ਵੱਲੋ ਲਿਖੇ ਹੋਏ ਸਮਝੇ ਜਾਣ। ਇਸ ਦੇ ਬਾਰੇ ਐਲਫੈਡ


ਲੁਸਾਈ ਨੇ ਗੱਲ ਕਹੀ ਕਿ ਇਹ ਤੁਸੀ ਗਲਤ ਕਹਿ ਰਹੇ ਹੋ। ਇਹ ਮਨੁੱਖ ਦੀ ਭਲਾਈ ਲਈ ਮਨੁੱਖ ਵੱਲੋ ਮਨੁੱਖ ਦੇ ਲਈ ਲਿਖੇ ਗਏ ਹਨ। ਉਸਨੂੰ ਗਲਤ ਕਹਿ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ। ਕੁਝ ਲੋਕਾਂ ਨੇ ਦੇਖਿਆ ਕਿ ਉਹ ਸਹੀ ਕਹਿ ਰਿਹਾ ਹੈ। ਲੋਕ ਉਸ ਨਾਲ ਜੁੜਣ ਲੱਗੇ। ਜਿਹੜੇ ਲੋਕ ਉਹਨਾਂ ਨਾਲ ਜੁੜਣ ਲੱਗੇ ਉਹਨਾਂ ਨੂੰ ਮੋਡਰਨ ਕਿਹਾ ਗਿਆ। ਸੋ ਮਾਡਰਨ ਦਾ ਮਤਲਬ ਵੀ ਇਹੀ ਹੋਇਆ ਕਿ ਧਰਮ ਦਾ ਵਿਰੋਧ ਕਰਨਾ। ਜਦੋਂ ਧਰਮ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤੇ ਧਰਮ ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਜਿਸ ਨੇ ਸਾਡੀਆਂ ਮਾਨਤਾਵਾਂ ਨੂੰ ਬਦਲ ਦਿੱਤਾ। ਇਸਨੇ ਸਾਕਾਦਾਰੀ ਪ੍ਰਬੰਧ ਉੱਤੇ ਵੀ ਪ੍ਰਭਾਵ ਪਾਇਆ। ਇਸ ਦਾ ਪ੍ਰਭਾਵ ਬਾਹਰਲੇ ਮੁਲਕਾਂ ਤੋਂ ਜ਼ਿਆਦਾ ਆਇਆ। ਸਾਡੇ ਲੋਕ ਵੀ ਬਾਹਰਲੇ ਮੁਲਕਾਂ ਦੇ ਲੋਕਾਂ ਵਾਂਗ ਛੱਡੋ ਤੇ ਅੱਗੇ ਤੁਰੋ ਤੇ ਚਲ ਪਏ ਹਨ। ਇਹੋ ਜਿਹਾ ਰਿਵਾਜ ਪੈਦਾ ਹੋਇਆ ਤੇ ਜਿਸ ਨਾਲ ਸਾਡੇ ਤੇ ਪ੍ਰਭਾਵ ਪਿਆ।

- **ਸਾਰੇ ਸੰਸਾਰ ਦੇ ਵਿੱਚ ਅੰਗਰੇਜ਼ੀ ਭਾਸ਼ਾ ਹੀ ਵਪਾਰ ਦੀ ਭਾਸ਼ਾ ਬਣ ਗਈ ਹੈ ਇਸ ਤੋਂ ਤੁਹਾਡਾ ਕੀ ਵਿਚਾਰ ਹੈ।**

ਵਿਸਫੋਟ ਹੋਇਆ ਤੇ ਸਾਰੀ ਦੁਨੀਆਂ ਹੀ ਬ੍ਰਹਿਮੰਡ ਬਣ ਗਈ। ਇਸੇ ਤਰੀਕੇ ਨਾਲ ਵੀ ਭਾਸ਼ਾ ਦਾ ਵਿਸਫੋਟ ਹੋਇਆ। ਆਦਿ ਕਾਲੀਨ ਮਨੁੱਖ ਕੋਲ ਸ਼ਬਦ ਭਾਵੇਂ ਘੱਟ ਸਨ। ਪਰ ਭਾਸ਼ਾ ਇਕੋ ਹੀ ਸੀ ਉਹ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦਾ ਸੀ। ਸਾਡੇ ਕੋਲ ਸਮੱਸਿਆਵਾਂ ਜ਼ਿਆਦਾ ਹਨ ਤੇ ਭਾਸ਼ਾਵਾ ਅਨੇਕ ਹਨ। ਅੰਗਰੇਜ਼ੀ ਭਾਸ਼ਾ ਦੀ ਮਹਾਨਤਾ ਤਾਂ ਇਸ ਗੱਲ ਵਿੱਚ ਹੈ ਕਿ ਉਸ ਨੇ ਹਰ ਭਾਸ਼ਾ ਤੋਂ ਸ਼ਬਦ ਲਿਆ। ਔਕਸਫੋਰਡ ਡਿਕਸ਼ਨਰੀ ਨੇ ਹਿੰਦੀ, ਪੰਜਾਬੀ ਆਦਿ ਭਾਸ਼ਾਵਾਂ ਦੇ ਸ਼ਬਦ ਜੋੜ ਲਏ ਹਨ। ਉਹਨਾਂ ਨੇ ਆਪਣੇ ਸ਼ਬਦ ਭੰਡਾਰ ਨੂੰ ਭਰਪੂਰ ਕਰ ਲਿਆ ਹੈ। ਸਾਡੇ ਵਿਦਵਾਨਾਂ ਦਾ ਵਿਚਾਰ ਸੀ ਕਿ ਪੰਜਾਬੀ ਭਾਸ਼ਾ ਦੇ ਵਿੱਚ ਹੋਰ ਭਾਸ਼ਾਵਾਂ ਦੇ ਸ਼ਬਦ ਸ਼ਾਮਿਲ ਨਹੀਂ ਹੋਣੇ ਚਾਹੀਦੇ। ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੀ ਭਾਸ਼ਾ ਦੇ ਵਿੱਚ ਫਿੱਟ ਕਰਨਾ ਚਾਹੀਦਾ ਹੈ। ਫਿਰ ਤੁਹਾਡੀ ਭਾਸ਼ਾ ਨੂੰ ਕੋਈ ਖਤਮ ਨਹੀਂ ਕਰ ਸਕਦਾ। ਖਤਰਾ ਉਦੋ ਹੁੰਦਾ ਹੈ, ਜਦੋਂ ਅਸੀ ਆਪਣੀ ਵਿਆਕਰਣ ਦੇ ਵਿੱਚ ਵਿਗਾੜ ਪੈਦਾ ਕਰ ਲੈਂਦੇ ਹਾਂ।

- **ਪੰਜਾਬ ਦੇ ਵਿੱਚ ਵੱਧ ਰਹੇ ਡੇਰਾਵਾਦ ਦੇ ਕਰਕੇ ਸਮਾਜ ਦੇ ਵਿੱਚ ਅੰਧਵਿਸ਼ਵਾਸ ਫੈਲ ਰਿਹਾ ਹੈ, ਇਸ ਤੋਂ ਤੁਸੀ ਕੀ ਸਮਝਦੇ ਹੋ।**

ਇਹ ਡੇਰਾਵਾਦ ਸੌਖਾ ਕਮਾਈ ਦਾ ਸਾਧਨ ਹੈ। ਲੋਕ ਆਉਂਦੇ ਹਨ, ਪੈਰੀਂ ਹੱਥ ਲਾ ਕੇ ਪੈਸੇ ਦਾ ਚੜ੍ਹਾਵਾ ਕਰਦੇ ਹਨ। ਅਸਲ ਦੇ ਵਿੱਚ ਡੇਰਾਵਾਦ/ਬਾਬਾਵਾਦ ਦੀ ਰੂਟ ਨੂੰ ਸਮਝਣਾ ਚਾਹੀਦਾ ਹੈ। ਪਿੱਛਲ ਝਾਤ ਮਾਰੀਏ ਤਾਂ ਅੰਗਰੇਜ਼ਾ ਤੇ ਸਿੱਖਾਂ ਦੀ ਲੜਾਈ ਹੋਈ। ਅੰਗਰੇਜਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ। ਅੰਗਰੇਜ਼ ਕੌਮ ਸਿੱਖਾਂ ਨੂੰ ਬਹਾਦਰ ਕੌਮ ਮੰਨਦੀ ਸੀ ਇਸ ਲਈ ਉਹਨਾਂ ਨੂੰ ਉਲਝਾਉਣ ਦੇ ਲਈ ਧਰਮ ਵਾਲੇ ਪਾਸੇ ਕਰ ਦਿੱਤਾ। ਜਿਹੜਾ ਵੀ ਪਹਿਲਾ ਬਾਬਾ ਹੋਇਆ ਉਹ ਫੌਜ ਦੇ ਵਿੱਚ ਰਿਟਾਰਿਡ ਫੋਜੀ ਸੀ। ਪੰਜਾਬੀ ਮਾਨਸਿਕਤਾ ਦਾ ਦੁਖਾਂਤ ਇਹੀ ਹੈ ਕਿ ਇਹ ਆਪਣੀਆਂ ਬਿਮਾਰੀਆਂ ਦਾ ਹੱਲ, ਸੁਖਾਂ-ਦੁਖਾਂ ਦਾ ਹੱਲ, ਬੱਚੇ ਦੀ ਪ੍ਰਾਪਤੀ ਦਾ ਹੱਲ ਆਦਿ ਡੇਰਿਆਂ ਤੋਂ ਜਾ ਕੇ ਮੰਗਦੇ ਹਨ। ਉੱਥੇ ਜਾ ਕੇ ਮੱਥਾ ਟੇਕਿਆ ਤੇ ਮਸਲਿਆਂ ਦਾ ਹੱਲ ਹੋ ਗਿਆ। ਪੰਜਾਬੀਆਂ ਦੀ ਮਾਨਸਿਕਤਾ ਅੰਧ-ਵਿਸ਼ਵਾਸ ਦੇ ਵਿੱਚ ਫਸੀ ਹੋਈ ਹੈ।



## ਪਰਮਜੀਤ ਜੱਜ ਨਾਲ ਮੁਲਾਕਾਤ

- **ਪਰਿਵਾਰਿਕ ਰਿਸ਼ਤੇ ਕਿਵੇਂ ਟੁੱਟਦੇ ਹਨ ?**

ਪਰਮਜੀਤ ਜੱਜ ਸਰ ਨੇ ਆਪਣੇ ਹੀ ਪਰਿਵਾਰ ਦੀ ਉਦਾਹਰਨ ਦੇ ਕੇ ਸਮਝਾਇਆ ਕਿ ਅਸੀ ਛੇ ਭੈਣ-ਭਰਾ ਹਾਂ। ਸਾਰਿਆਂ ਦੇ ਇੱਕ ਇੱਕ ਹੀ ਬੱਚਾ ਹੈ। ਦੂਜੇ ਪਾਸੇ ਪ੍ਰੋਫੈਸ਼ਨਲ ਜ਼ਿੰਮੇਵਾਰੀਆਂ ਵੱਧ ਗਈਆ ਹਨ। ਵੀਕਐਂਡ ਉੱਤੇ ਹੀ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਮਿਲ ਲੈਣਾ, ਰਿਸ਼ਤਿਆਂ ਦੇ ਵਿੱਚ ਤਬਦੀਲੀਆਂ ਆ ਰਹੀਆਂ ਹਨ। ਸਮਾਜ ਦੇ ਵਿੱਚ ਕੁਝ ਚੀਜ਼ਾਂ ਆਉਦੀਆਂ ਤੇ ਜਾਂਦੀਆਂ ਰਹਿੰਦੀਆਂ ਹਨ। ਇਸ ਵਿੱਚ ਕੋਈ ਮਾੜੀ ਗੱਲ ਨਹੀ ਹੈ, ਮਾੜੀ ਗੱਲ ਹੈ ਕਿ ਅਸੀ ਝੂਠ ਬੋਲਣਾ ਨਹੀ ਛੱਡਿਆ, ਜ਼ਮੀਨਾਂ ਦੇ ਮੁੱਕਦਮੇ, ਦਾਜ, ਅਰੇਂਜ ਮੈਰਿਜ ਅਜੇ ਵੀ ਹੁੰਦੇ ਹਨ। ਜਿਹਨਾਂ ਦੀ ਨਵੇਂ ਸਮਾਜ ਦੇ ਵਿੱਚ ਜਦੋ-ਜਹਿਦ ਚਲ ਰਹੀ ਹੈ। ਇਹ ਸਮਾਜਕ ਮਾਨਸਿਕਤਾ ਦਾ ਹਿੱਸਾ ਹੈ।

- **ਮਟੀਰੀਅਲ ਕਲਚਰ ਕੀ ਹੈ ?**

ਉਹਨਾਂ ਨੇ ਕਿਹਾ ਕਿ ਸਮਾਜ ਦੇ ਵਿੱਚ ਤਬਦੀਲੀ ਪਹਿਲਾਂ ਤਕੀਨਕੀ ਸਾਧਨਾਂ ਦੇ ਵਿੱਚ ਆਉਂਦੀ ਹੈ। ਇਸ ਵਿੱਚ ਮਟੀਰੀਅਲ ਕਲਚਰ ਅਤੇ ਉਤਪਾਦਨ ਆਉਂਦਾ ਹੈ। ਸਾਡੇ ਕਲਚਰ ਮੁੱਲਾਂ ਦੇ ਵਿੱਚ ਬਦਲਾਅ ਬਹੁਤ ਸਲੋਅ ਹੁੰਦਾ ਹੈ। ਸੋ ਇਸ ਕਰਕੇ ਟਾਈਮ ਲੱਗਦਾ ਹੈ। ਇਸ ਪ੍ਰੋਸੀਜਰ ਨੂੰ ਸਮਝਣ ਦੇ ਲਈ ਸਮਾਜ ਨੂੰ ਸਮਝਣਾ ਪੈਂਦਾ ਹੈ। ਜੇ ਪੂੰਜੀਵਾਦੀ ਸਮਾਜ ਨਾ ਹੋਵੇ ਤਾਂ ਕੋਈ ਹੋਰ ਸਮਾਜ ਹੋਵੇ ਜਿਵੇਂ ਕਿ ਬਸਤੀਵਾਦੀ, ਜਾਗੀਰਦਾਰੀ, ਕਬੀਲਾ ਸਮਾਜ ਹੋ ਸਕਦਾ ਹੈ। ਪੁਰਾਣੇ ਸਮਾਜ ਤੇ ਨਵੇਂ ਸਮਾਜ ਦੇ ਵਿੱਚ ਫ਼ਰਕ ਸਿਰਫ ਇੰਨਾ ਹੈ ਕਿ ਸਿੱਖਿਆ ਦਾ ਫ਼ਰਕ ਸੀ। ਜਦੋਂ ਵੀ ਕੋਈ ਚੀਜ਼ ਪੈਦਾ ਹੁੰਦੀ ਹੈ ਉਹਨਾਂ ਦੇ ਲਈ ਮਜ਼ਦੂਰਾਂ ਦੀ

ਲੋੜ ਤਾਂ ਪੈਦੀ ਹੀ ਹੈ। ਮਜ਼ਦੂਰਾਂ ਦਾ ਖਰਚਾ ਕੱਢਕੇ ਟੋਟਲ ਮੁਨਾਫ਼ਾ ਵੇਚਣ ਵੇਲੇ ਹੰਦਾ ਹੈ । ਮਜ਼ਦੂਰੀ ਅਗਲੇ 20 ਸਾਲ ਤੱਕ ਵੱਧ ਸਕਦੀ ਹੈ। 1975 ਦੇ ਵਿੱਚ ਸਾਡੇ ਪਿੰਡ ਦਿਹਾੜੀ ਤੇ ਲੜਾਈ ਹੋਈ ਸੀ। ਪੰਜ ਰੁਪਏ ਦਿਹਾੜੀ ਸੀ ਉਹ ਸਾਢੇ ਪੰਜ ਰੁਪਏ ਕਰਨ ਲਈ ਕਹਿੰਦੇ ਸਨ। ਪ੍ਰੋਬਲਮ ਇੱਥੇ ਹੈ ਕਿ ਕਿਸੇ ਵੀ ਚੀਜ਼ ਦੀ ਕੀਮਤ ਕਿਵੇਂ ਤੈਅ ਹੋ ਸਕਦੀ ਹੈ। ਪਰ ਯੂਨਿਟ ਦੇ ਵਿੱਚ ਕਿੰਨੀ ਪੈਦਾਵਾਰ ਹੋਈ ਹੈ। ਜੇ ਮੈ 150 ਕਰ ਦੇਵਾ ਤਾਂ ਆਲੇ-ਦੁਆਲੇ ਵੀ ਰੌਲਾ ਪੈ ਜਾਵੇਗਾ। ਮਜ਼ਦੂਰੀ ਨੂੰ ਗਿਣਿਆ ਜਾ ਸਕਦਾ ਹੈ। ਮਸ਼ੀਨਰੀ ਦਾ ਆਪਣਾ ਮਹੱਤਵ ਹੈ, ਇਹ ਕੀਮਤ ਨਿਰਧਾਰਿਤ ਕਰਦੀ ਹੈ, ਤੇ ਘੱਟ ਕੀਮਤ ਦੇ ਵਿੱਚ ਵਧੀਆ ਚੀਜ਼ ਤਿਆਰ ਕੀਤੀ ਜਾਵੇ। ਪੂੰਜੀਵਾਦੀ ਸਮਾਜ ਦੇ ਵਿੱਚ ਲਗਾਤਾਰ ਨਵੀਆਂ ਚੀਜਾਂ ਆ ਰਹੀਆਂ ਹਨ। ਸਮਾਜ ਦੇ ਵਿੱਚ ਘੱਟ ਕੀਮਤ ਤੇ ਸਾਮਾਨ ਵੇਚਿਆ ਗਿਆ ਤੇ ਫਿਰ ਵੀ ਚਲੇ। ਮਾਰਕੀਟਿਗ ਵਿੱਚ ਜੋਰ ਬਣਾਉਣ ਲਈ ਘੱਟ ਕੀਮਤ ਤੇ ਸਮਾਨ ਵੇਚਿਆ ਜਾਂਦਾ ਹੈ, ਜਿਸ ਨਾਲ ਪ੍ਰੋਫਿਟ ਹੀ ਹੁੰਦਾ ਹੈ। ਨਵਾਂ ਸਿਸਟਮ ਲਗਾਤਾਰ ਪ੍ਰੋਫਿਟ ਕਰੀ ਜਾਂਦਾ ਤੇ ਉਸਦੀ ਕੀਮਤ ਘੱਟ ਜਾਂਦੀ ਹੈ ਜਿਸ ਦਾ ਅਸਰ ਸਭਿਆਚਾਰ ਦੇ ਉੱਤੇ ਪੈਂਦਾ ਹੈ। ਅੱਜ ਦਾ ਸਰਮਾਏਦਾਰ ਲੋਕਾਂ ਨੂੰ ਸਮਝਾਉਂਦਾ ਹੈ ਕਿ ਨਵੀਂ ਚੀਜ਼ ਖਰੀਦੋਗੇ ਤਾਂ ਘਰ ਚਲੇਗਾ। ਜਿੰਨੀ ਵਿਗਿਆਪਨ ਲਗਾਤਾਰ ਹੁੰਦੀ ਹੈ, ਉਹਦਾ ਮਤਲਬ ਹੈ ਕਿ ਤੁਸੀ ਲਗਾਤਾਰ ਖਰੀਦੀ ਜਾਵੋਗੇ। ਜਿਵੇਂ ਮੇਰੀ ਵਾਈਫ ਬੋਲਦੀ ਹੈ ਕਿ ਤੁਸੀ ਨਵੇਂ ਕਪੜੇ ਖਰੀਦ ਲਵੋ।

- **ਅਜੋਕੇ ਵਿਆਹ ਪ੍ਰਬੰਧ ਕਿਵੇਂ ਦਾ ਹੈ?**

ਕਈ ਵਿਆਹ ਅਟੈਂਡ ਕੀਤੇ ਹਨ। ਵਿਆਹ ਵਾਲੇ ਦਿਨ ਮੁੰਡੇ ਵਾਲੇ ਇੱਕ ਹੀ ਰੰਗ ਦੇ ਕੱਪੜੇ ਪਾਉਂਦੇ ਹਨ । ਕੁੜੀ ਵਾਲੇ ਹਰ ਫੰਕਸ਼ਨ ਲਈ ਇੱਕੋ ਹੀ ਰੰਗ ਦੇ ਕੱਪੜੇ ਪਾਉਂਦੇ ਹਨ। ਸਾਡੇ ਵੇਲੇ ਵਿਆਹ ਵਿੱਚ ਗੁਲਗਲੇ ਬਣਾਉਂਦੇ ਫਿਰ ਵਿਆਹ ਹੋ ਜਾਂਦਾ ਸੀ। ਅੱਜ ਦੇ ਵਕਤ ਰਿੰਗ ਸੈਰੇਮਨੀ, ਬੈਂਗਲ ਸੈਰੇਮਨੀ, ਰੀਸ਼ੈਪਨ ਆਦਿ ਆ ਗਏ ਹਨ। ਸਾਡੇ ਕੋਲ ਪੈਸੇ ਜ਼ਿਆਦਾ ਆ ਗਏ ਹਨ ਜਿਸ ਨਾਲ ਵਸਤਾਂ ਦੀ ਖਪਤ ਵੱਧ ਗਈ ਹੈ। ਪੱਛਮ ਦੀਵਾਲੀ ਨੂੰ ਬਦਲ ਨਹੀ ਸਕਦਾ ਹੈ ਕਿਉਂਕਿ ਹਿੰਦੋਸਤਾਨ ਦੇ ਜਿੰਨੇ ਦੁਕਾਨਦਾਰ ਹਨ ਉਹਨਾਂ ਦੀ ਇੱਕ ਸਾਲ ਦੀ ਕਮਾਈ ਦੀਵਾਲੀ ਵਾਲੇ ਦਿਨ ਹੀ ਹੁੰਦੀ ਹੈ। ਪੰਜਾਬੀ ਸਮਾਜ ਦੇ ਵਿੱਚ ਉਤਪਾਦਨ ਕਰਤਾ ਬਹੁਤ

ਵਾਰੀ ਖਪਤ ਵਧਾਉਂਦਾ ਨਹੀ ਸਗੋਂ ਚੇਤਨਾ ਪੈਦਾ ਕਰਦਾ ਹੈ ਜਿਵੇਂ ਕਿ ਲਕਸ ਦੀ ਮਸ਼ਹੂਰੀ ਪਹਿਲਾਂ ਜ਼ੀਨਤ ਅਮਾਨ ਕਰਦੀ ਸੀ ਫਿਰ ਪ੍ਰਨੀਤੀ ਚੋਪੜਾ, ਕੈਟਰੀਨਾ ਕੈਫ਼ ਆਦਿ ਨੂੰ ਵਰਤਦਿਆਂ ਦਿਖਾਇਆ ਜਾਂਦਾ ਹੈ। ਉਹਨਾਂ ਦੇ ਵਿੱਚ ਰੰਗਾਂ ਦੀ ਕੰਬੀਨੇਸ਼ਨ ਨੂੰ ਦਿਖਾਇਆ ਜਾਂਦਾ ਹੈ। ਇਸ ਰੰਗ ਦੇ ਨਾਲ ਇਹ ਪਾਉ। ਪੱਛਮੀ ਸਭਿਆਚਾਰ ਦੇ ਵਿੱਚ ਵਿਆਹ ਹੋਵੇ ਤਾਂ ਚਿੱਟੇ ਰੰਗ ਦੇ ਕੱਪੜੇ ਪਾਏ ਜਾਂਦੇ ਹਨ। ਸਾਡੇ ਵਿਆਹਾਂ ਦੇ ਵਿੱਚ ਚਿੱਟੇ ਰੰਗਾਂ ਨੂੰ ਪਾਉਣ ਦੀ ਆਗਿਆ ਨਹੀ ਹੈ।

ਪੱਛਮ ਵਿਆਹ ਨੂੰ ਬਦਲੇਗਾ ਪਰ ਇਹ ਜ਼ਰੂਰ ਕਹਿੰਦੇ ਇਹ ਰੰਗ ਪਾਉ। ਵਿਆਹਾਂ ਦੇ ਵਿੱਚ ਲੱਖਾਂ ਰੁਪਇਆਂ ਦੇ ਕੱਪੜੇ ਪਾਉਂਦੇ ਹਨ। ਵਿਆਹ ਵਾਲੀ ਕੁੜੀ ਦੇ ਮੂੰਹ ਤੇ ਮੇਕਅੱਪ ਕੀਤਾ ਹੁੰਦਾ ਹੈ। ਕੁੜੀਆਂ ਵਿਆਹ ਤੋਂ ਪਹਿਲਾਂ ਸੋਹਣੀਆਂ ਲੱਗਦੀਆਂ ਹਨ ਤੇ ਵਿਆਹ ਵਾਲੇ ਦਿਨ ਬਿਲਕੁਲ ਸੋਹਣੀਆਂ ਨਹੀ ਲੱਗਦੀਆਂ ਹਨ। ਫਿਰ ਮੈਨੂੰ ਇਹ ਦੱਸਿਆ ਗਿਆ ਕਿ ਤੁਹਾਡੇ ਸੋਹਣੇ ਲੱਗਣ ਲਈ ਮੇਕਅੱਪ ਨਹੀ ਕੀਤਾ ਸਗੋਂ ਫੋਟੋ ਸੋਹਣੀ ਆਏ ਤਾਂ ਕਰਕੇ ਕੀਤਾ ਗਿਆ ਹੈ। ਮੇਕਅੱਪ ਦਾ ਖਰਚ ਇੱਕ ਲੱਖ ਰੁਪਿਆ ਹੈ। ਨਾਈ ਦਾ ਰਿਵਾਜ ਖਤਮ ਹੋ ਗਿਆ । ਰਸਮੋ-ਰਿਵਾਜ ਖਤਮ ਹੋ ਚਲੇ ਹਨ।ਫੋਟੋਗ੍ਰਾਫਰ ਨੂੰ ਕੋਣ ਦੱਸਦਾ ਹੈ ਕਿ ਕੀ ਕੀ ਕਰਨਾ ਹੈ। ਫੋਟੋਗ੍ਰਾਫਰ ਨੂੰ ਸਭ ਕੁਝ ਪਤਾ ਹੁੰਦਾ ਹੈ। ਲਾਵਾਂ ਹੁੰਦਿਆਂ ਜੇ ਫੋਟੋਗ੍ਰਾਫਰ ਬੋਲੇ ਰੁਕ ਜਾਵੋ ਤਾਂ ਮੁੰਡਾ ਕੁੜੀ ਰੁਕ ਜਾਂਦੇ ਹਨ। ਇਹੋ ਜਿਹਾ ਹਾਲ ਹੋਇਆ ਪਿਆ ਹੈ। ਤੁਸੀ ਪੈਸਾ ਖਰਚਦੇ ਹੋ ਤਾਂ ਇਹ ਕੁਝ ਹੁੰਦਾ ਹੈ। ਜੇ ਤੁਸੀ ਪੈਸਾ ਖਰਚਣਾ ਬੰਦ ਕਰ ਦੋਵੇ ਤਾਂ ਇਹ ਸਭ ਕੁਝ ਬੰਦ ਹੋ ਜਾਵੇਗਾ।

➢ **ਲੱਚਰ ਗਾਣੇ ਕਿਵੇਂ ਮਸ਼ਹੂਰ ਹੁੰਦੇ ਹਨ?**

ਲ਼ੱਚਰ ਗਾਣੇ ਜਾਂ ਪਾਪੂਲਰ ਗਾਣੇ ਤਾਂ ਮਸ਼ਹੂਰ ਹੁੰਦੇ ਹਨ ਜੇ ਲੋਕ ਉਹਨਾਂ ਨੂੰ ਸੁਣਦੇ ਹਨ। ਜੇ ਤੁਸੀ ਸੁਣਗੇ ਹੀ ਨਹੀ ਤਾਂ ਪੂੰਜੀਵਾਦੀ ਮਾਰਕੀਟਿੰਗ ਵਿੱਚ ਚਲਣਗੇ ਨਹੀ। ਸਮਾਜ ਵਿੱਚ ਚੀਜ਼ਾਂ ਵੰਡ ਨਹੀ ਹੁੰਦੀਆਂ। ਪੈਸਾ ਰੋਜ਼ਗਾਰ ਪੈਦਾ ਕਰਦਾ ਹੈ। ਇਸੇ ਤਰ੍ਹਾਂ ਤੁਸੀ ਸੋਚਦੇ ਹੋ ਕਿ ਜੇ ਲੱਚਰ ਗਾਣੇ ਬੰਦ ਹੋ ਜਾਣ ਤਾਂ ਇਸ ਤਰ੍ਹਾਂ ਨਹੀਂ ਹੋ ਸਕਦਾ ਹੈ। ਟੀ.ਵੀ ਉੱਤੇ ਹਿੰਦੂ ਮੁਸਲਮਾਨ ਦੇ ਗੀਤ ਗਾਏ ਜਾਂਦੇ ਹਨ। ਮੋਦੀ ਚਾਹੁੰਦਾ ਹੁੰਦਾ ਤਾਂ ਇਹ ਸਭ ਕੁਝ ਬੰਦ ਹੋ ਸਕਦਾ ਸੀ। ਪੰਜਾਬੀਆਂ ਦੀ ਮਾਨਸਿਕਤਾ ਬਦਲੀ ਨਹੀ ਸਿਰਫ਼ ਬਾਹਰੀ ਰੂਪ ਹੀ

ਬਦਲਿਆ ਹੈ। ਪੰਜਾਬ ਦਾ ਨੌਜਵਾਨ ਮਿਰਜ਼ੇ ਦਾ ਸ਼ਿਕਾਰ ਹੈ। ਮਿਰਜ਼ਾ ਜਿਹੜਾ ਬੱਘੀ ਤੇ ਸੀ, ਹੁਣ ਉਹ ਹੀ ਮਿਰਜ਼ਾ ਵੱਡੀਆਂ-ਵੱਡੀਆਂ ਗੱਡੀਆਂ ਉੱਤੇ ਆਉਂਦਾ ਹੈ। ਇਹੋ ਖਪਤ ਦਾ ਪੈਟਰਨ ਹੈ, ਉਹੋ ਹੀ ਚਲ ਰਿਹਾ ਹੈ। ਸਾਡੇ ਸਮਾਜ ਨੇ ਇਸਨੂੰ ਸਵੀਕਾਰ ਵੀ ਕੀਤਾ ਹੈ। 1991 ਈਂ ਵਿੱਚ ਦੇ ਮੈਂ ਵਿਭਾਗ ਨੂੰ ਜੁਆਇਨ ਕੀਤਾ ਫਿਰ ਅਮਰੀਕਾ ਚਲਿਆ ਗਿਆ। ਵਾਪਸ ਆਣ ਕੇ ਫਿਰ ਜੁਆਇਨ ਕੀਤਾ ਤੇ ਵਿਭਾਗ ਦਾ ਮੁਖੀ ਬਣ ਗਿਆ। ਡਾ ਆਰ ਸਿਧੂ ਅਮਰੀਕਾ ਚਲੇ ਗਏ। 1993 ਦੇ ਬੋਰਡ ਮੀਟਿੰਗ ਵਿੱਚ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਸ਼ਾਮਿਲ ਹੋ ਗਏ ।ਅਸੀ ਦੋ ਜਾਣਿਆ ਨੇ ਹੀ ਪੰਜਾਬੀ ਦਾ ਵਿਰੋਧ ਕੀਤਾ ਕਿ ਅੰਗਰੇਜ਼ੀ ਨੂੰ ਰਹਿਣ ਦਿਉ ਬੱਚਿਆ ਨੇ ਉੱਚ ਵਿਦਿਆ ਲਈ ਬਾਹਰ ਜਾਣਾ ਹੈ, ਤਾਂ ਬੱਚਿਆ ਨੂੰ ਅੰਗਰੇਜ਼ੀ ਆਉਣੀ ਚਾਹੀਦੀ ਹੈ ਨਹੀ ਤਾਂ ਲੋਕਾਂ ਨੇ ਅੰਗਰੇਜ਼ੀ ਸਿੱਖਣੀ ਬੰਦ ਕਰ ਦੇਣੀ ਹੈ। ਪੰਜਾਬੀ ਗਾਇਕੀ ਦਾ ਸਭ ਤੋਂ ਵੱਡਾ ਬੰਦਾ ਗੁਰਦਾਸ ਮਾਨ ਹੈ। ਇਹਨਾਂ ਪੰਜਾਬੀਆ ਨੇ ਮਿੰਟ ਨਹੀ ਲਗਾਇਆ , ਉਹਨਾਂ ਨੂੰ ਥੱਲੇ ਲਾਉਣ ਲੱਗਿਆਂ। ਪੰਜਾਬੀਆ ਦੀ ਸਭ ਤੋਂ ਵੱਡੀ ਮਾਰਕੀਟਿੰਗ ਇਸ ਵੇਲੇ ਮਿਉਜ਼ਿਕ ਹੈ। ਮਿਉਜ਼ਿਕ ਕਰੋੜਾਂ ਅਰਬਾਂ ਰੁਪਿਆਂ ਦਾ ਹੈ। ਗਾਇਕਾਂ ਨੇ ਆਪਣੀ ਜਾਤ ਨੂੰ ਲੈ ਕੇ ਵੀ ਗਾਣੇ ਗਾਏ ਹਨ । ( ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ ਇਲਾਕੇ ਦੇ ਹਨ) ਲੱਖਾਂ ਰੁਪਿਆਂ ਦੀ ਮਾਰਕੀਟਿੰਗ ਸਿਰਫ ਜਾਤ ਦੀ ਹੈ। ਗਾਣੇ ਗਾ ਕੇ ਯੂ-ਟਿਊਬ ਉੱਤੇ ਪਾ ਦਿਉ। ਲਾਈਕ ਤੇ ਸ਼ੇਅਰ ਲਈ ਪੈਸੇ ਦਿੱਤੇ ਜਾਂਦੇ ਹਨ। ਪੰਜਾਬ ਦੇ ਵਿੱਚ ਗਰੁੱਪ ਬਣਾਏ ਹੋਏ ਹਨ। ਗੁਰਦਾਸ ਮਾਨ ਨੂੰ ਲਾਈਕ ਦੀ ਲੋੜ ਨਹੀ, ਉਹ ਮਹਾਨ ਸ਼ਖਸ਼ੀਅਤ ਹੈ।

- **ਵਰਤਮਾਨ ਸਮਾਜ ਕਿਵੇਂ ਦੇ ਹਨ?**

ਮੇਰੇ ਦਾਗਿਸਤਾਨ ਦੀ ਗੱਲ ਕਰਦੇ ਹੋਏ ਕਿਹਾ ਕਿ, ਉਹਦੀ ਮਾਂ ਨੇ ਕਿਹਾ, ਉਹਨੇ ਕਿਹੜੀ ਭਾਸ਼ਾ ਦੇ ਵਿੱਚ ਗੱਲ ਕੀਤੀ ਹੈ। ਗੁਰਦਾਸ ਮਾਨ ਦਾ ਨਾਂ ਪੰਜਾਬੀ ਗਾਇਕੀ ਦੇ ਕਰਕੇ ਹੀ ਹੈ। ਪੰਜ ਸਾਲ ਨਵੇਂ ਸਾਲ ਦਾ ਪ੍ਰੋਗਰਾਮ ਹੁੰਦਾ ਰਿਹਾ ਹੈ, ਉਹਨੂੰ ਗੁਰਦਾਸ ਮਾਨ ਹੀ ਕਰਦਾ ਰਿਹਾ ਹੈ। ਇਹੋ ਜਿਹਾ ਸਾਡਾ ਵਤੀਰਾ ਹੈ ਕਿ ਸਾਨੂੰ ਸਾਡੇ ਕਲਾਕਾਰਾਂ, ਗਾਇਕਾਂ, ਲੇਖਕਾਂ ਦੀ ਇੱਜ਼ਤ ਕਰਨੀ ਨਹੀ ਆਉਂਦੀ। ਇਹ ਸਾਨੂੰ ਖਪਤ ਸਭਿਆਚਾਰ ਨੇ ਨਹੀ ਸਿਖਾਇਆ। ਇਜਰਾਈਲ ਦੇ ਵਿੱਚ ਆਜ਼ਾਦੀ ਦੀ ਲੜਾਈ ਚਲ ਰਹੀ ਸੀ। ਫਰਾਂਸ ਦਾ

ਸਭ ਤੋਂ ਸਨਮਾਨਿਤ ਜੋ ਪਾ ਸਧਾਰਥੀ ਸੀ, ਜੇ ਪਾ ਸਧਾਰਥੀ ਕਹਿ ਦੇਵੇ ਕਿ ਇਜਰਾਈਲ ਦੀ ਲੜਾਈ ਸਹੀ ਹੈ ਤਾਂ ਸਾਰੇ ਲੋਕ ਹੀ ਫਰਾਂਸ ਸਰਕਾਰ ਦੇ ਖਿਲਾਫ਼ ਹੋ ਜਾਣਗੇ। ਸਾਡੇ ਸਭਿਆਚਾਰ ਦੇ ਵਿੱਚ ਪੱਛਮ ਵਰਗਾ ਕੋਈ ਮਾਣ- ਸਨਮਾਨ ਨਹੀ । ਖਪਤ ਸਭਿਆਚਾਰ ਜੋ ਸੰਦਰਭ ਬਣਦਾ ਹੈ। ਕਿਹੋ ਜਿਹੇ ਸਮਾਜ ਤੇ ਸਭਿਆਚਾਰ ਨੂੰ ਲੈ ਕੇ ਆਉਂਦਾ ਹੈ। ਪਹਿਲੀ ਗੱਲ ਇਹ ਹੈ ਕਿ ਜੋ ਪੰਜਾਬ ਦੇ ਵਿੱਚ ਹੋ ਰਿਹਾ ਹੈ, ਉਹ ਪੱਛਮ ਕਰਕੇ ਨਹੀ ਹੋ ਰਿਹਾ ਹੈ। ਇਵੇਂ ਨਹੀ ਹੁੰਦਾ ਹੈ। ਕਿਸੇ ਵੀ ਦੋ ਸਮਾਜਾਂ ਦੇ ਵਿੱਚ ਸਮਰੂਪ ਤਬਦੀਲੀ ਨਹੀ ਆਉਂਦੀ। ਇੰਗਲੈਂਡ ਜਾਂ ਫਰਾਂਸ ਦਾ ਸਮਾਜ ਹੈ, ਸਮਾਜ ਅਲੱਗ ਅਲੱਗ ਸਮਾਜ ਦਾ ਕੁਝ ਨਾ ਕੁਝ ਵਿਸ਼ੇਸ਼ ਰਹੇਗਾ। ਕੁਝ ਨਾ ਕੁਝ ਫੈਸਲਾ ਕਰਨਾ ਪਵੇਗਾ ਤੇ ਕਈ ਵਾਰ ਫੈਸਲਾ ਕਰਨ ਦੀ ਲੋੜ ਨਹੀਂ ਪੈਂਦੀ। ਉਹ ਆਪਣੇ ਆਪ ਹੀ ਹੋ ਜਾਂਦਾ ਹੈ । ਆਧੁਨਿਕ ਸਮਾਜਾਂ ਦੇ ਆਉਣ ਨਾਲ ਜਾਤ ਪਾਤ/ਵਿਆਹ ਪ੍ਰਬੰਧ ਦੀ ਵਿਵਸਥਾ ਬਦਲ ਜਾਵੇਗੀ। ਉਹ ਨਹੀ ਹੋਇਆ ਉਵੇਂ ਹੀ ਚਲ ਰਹੀ ਹੈ। ਸਾਡੇ ਇਹ ਵਿਵਸਥਾ ਕਦੋਂ ਆਵੇਗੀ ਜਦੋਂ ਕੁੜੀ ਮੁੰਡਾ ਆਪਣੇ ਆਪ ਪਸੰਦ ਕਰਨਗੇ। ਪੱਛਮ ਦੇ ਵਿੱਚ ਕੁੜੀ/ਮੁੰਡਾ ਵੱਡੇ ਜਾਂ ਛੋਟੇ ਇਕੱਠੇ ਨਹੀ ਰਹਿੰਦੇ। ਸਭ ਆਪੋ- ਆਪਣੀ ਜ਼ਿੰਦਗੀ ਜ਼ਿਊਣੀ ਪਸੰਦ ਕਰਦੇ ਹਨ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸੀ ਯਥਾਰਥ ਦੇ ਵਿੱਚ ਕਿਹੋ ਜਿਹੇ ਹਾਂ। ਜੇ ਇਹ ਆ ਰਿਹਾ ਹੈ, ਤਾਂ ਸਾਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ। ਇਹ ਜ਼ਰੂਰੀ ਨਹੀਂ ਕਿ ਅਸੀਂ ਬਹੁਤ ਵਧੀਆ ਸੀ ਮਾੜੇ ਸਭਿਆਚਾਰ ਨਾਲ ਸਾਡੇ ਸਭਿਆਚਾਰ ਦਾ ਭੋਗ ਪੈ ਗਿਆ ਹੈ। ਇਵੇਂ ਨਹੀ ਹੁੰਦਾ ਹੈ, ਮਨੋਵਿਗਿਆਨਕ ਤੌਰ ਤੇ ਜਦੋਂ ਕੋਈ ਨਵੀ ਚੀਜ਼ ਆਉਂਦੀ ਹੈ, ਉਹ ਸਾਡੇ ਵਿੱਚ ਅਸੁਰੱਖਿਆ ਪੈਦਾ ਕਰਦੀ ਹੈ। ਸਾਨੂੰ ਉਹਨੂੰ ਹੈਂਡਲ ਕਰਨਾ ਨਹੀਂ ਆਉਂਦਾ। ਸਾਨੂੰ ਕਿਸੇ ਵੀ ਨਵੀਂ ਚੀਜ਼ ਦੇ ਵਿੱਚ ਸ਼ਾਮਿਲ ਹੋਣਾ ਔਖਾ ਲੱਗਦਾ ਹੈ, ਜਦੋ ਅਸੀ ਐਡਜਸਟ ਕਰ ਜਾਂਦੇ ਹਾਂ ਫਿਰ ਸਾਨੂੰ ਸੌਖਾ ਲੱਗਦਾ ਹੈ।



## ਡਾ. ਦਰਿਆ ਨਾਲ ਮੁਲਾਕਾਤ

➢ **ਪਰਿਵਾਰਿਕ ਰਿਸ਼ਤਿਆਂ ਦੇ ਵਿੱਚ ਕਿੰਨਾ ਕੁ ਤਨਾਉ ਆਇਆ ਹੈ?**

ਪਰਿਵਾਰਿਕ ਰਿਸ਼ਤਿਆਂ ਦੀ ਜਦੋਂ ਤੋਂ ਗੱਲ ਚੱਲਦੀ ਹੈ ਤਾਂ ਸਭਿਆਚਾਰ ਬਦਲਸ਼ੀਲ ਤੇ ਪਰਿਵਰਤਨਸ਼ੀਲ ਹੁੰਦੇ ਹਨ। ਜਿਵੇਂ ਜਿਵੇਂ ਸਮਾਜਾਂ ਦੇ ਵਿੱਚ ਨਵੇਂ ਵਰਤਾਰੇ ਸ਼ਾਮਿਲ ਹੁੰਦੇ ਹਨ, ਤਿਵੇਂ ਤਿਵੇਂ ਸਮਾਜਾਂ ਦੇ ਵਿੱਚ ਰਹਿਣ ਵਾਲੇ ਬਸ਼ਿੰਦੇ/ਲੋਕ ਬਦਲਦੇ ਰਹਿੰਦੇ ਹਨ। ਚਾਰ ਦਹਾਕਿਆਂ ਦੇ ਵਿੱਚ ਜਦੋਂ ਮੰਡੀ ਦੌਰ ਦਾ (ਵਿਸ਼ਵੀਕਰਨ ਦੇ ਦੌਰ) ਬੋਲ ਬਾਲਾ ਹੋਇਆ ਹੈ ਜਿਸ ਕਾਰਣ ਪਰਿਵਾਰ ਟੁੱਟੇ ਹਨ। ਵੱਡੇ ਵੱਡੇ ਪਰਿਵਾਰ ਛੋਟੇ- ਛੋਟੇ ਪਰਿਵਾਰਾਂ ਦੇ ਵਿੱਚ ਵੰਡੇ ਗਏ ਹਨ। ਮੰਡੀ ਦੇ ਵਰਤਾਰੇ ਪੈਸੇ ਜਾਂ ਸਟੇਟਸ ਨਾਲ ਜੁੜ ਜਾਂਦੇ ਹਨ ਜਿਸ ਕਾਰਨ ਕਈ ਸਮਸਿਆਵਾਂ ਆ ਜਾਂਦੀਆਂ ਹਨ। ਰਿਸ਼ਤਿਆਂ ਦੇ ਵਿੱਚ ਟੁੱਟ ਭੱਜ ਹੋਈ ਹੈ। ਇਹ ਗੱਲ ਬਿਲਕੁਲ ਦਰੁੱਸਤ ਹੈ, ਇਸ ਨੂੰ ਸਮਝਣ ਲਈ ਗਹਿਨ ਅਧਿਐਨ ਦੀ ਲੋੜ ਹੈ। ਉਹਨਾਂ ਕਾਰਨਾਂ ਨੂੰ ਤਲਾਸ਼ਣ ਦੀ ਲੋੜ ਹੈ। ਸਭਿਆਚਾਰ ਦੇ ਵਰਤਾਰੇ ਨੂੰ ਸਮਝਣਾ ਸੌਖਾ ਵਰਤਾਰਾ ਨਹੀ ਹੈ, ਸਭਿਆਚਾਰ ਇੱਕ ਜਟਿਲ ਵਰਤਾਰਾ ਹੈ, ਇਹ ਇੱਕ ਤੰਤਰ ਦੇ ਵਿੱਚ ਕੰਮ ਕਰਦਾ ਹੈ। ਇਸ ਦੀ ਬਣਤਰ ਨੂੰ ਸਮਝਣਾ, ਕਿਹੜੇ-ਕਿਹੜੇ ਅੰਗਾਂ ਦੇ ਵਿੱਚ ਤਬਦੀਲੀਆਂ ਹੋਈਆਂ ਹਨ। ਕਿਸ ਪੱਧਰ ਉਪਰ ਵਾਪਰ ਰਹੀਆਂ ਹਨ। ਓਪਰੀ ਜਿਹੀ ਧਾਰਨਾ ਨੂੰ ਲੈਂਦੇ ਹਾਂ ਕਿ ਪੱਛਮੀਕਰਨ ਦੇ ਕਾਰਨ ਸਭਿਆਚਾਰ ਦੇ ਵਿੱਚ ਵਿਗਾੜ ਆਇਆ ਹੈ ਜਾਂ ਤਹਿਸ ਨਹਿਸ ਹੋ ਗਿਆ ਹੈ। ਸਭਿਆਚਾਰ ਪਰਿਵਰਤਨਸ਼ੀਲ ਹੁੰਦਾ ਹੈ, ਸਭਿਆਚਾਰ ਦੇ ਕੁਝ ਪੱਖਾਂ/ਕੁਝ ਅੰਗਾਂ ਵਿੱਚ ਤਬਦੀਲੀਆਂ ਆਉਂਦੀਆਂ ਰਹਿੰਦੀਆ ਹਨ।

➢ **ਰਸਮਾਂ- ਰਿਵਾਜਾਂ ਦੇ ਵਿੱਚ ਕਿੰਨਾ ਕੁ ਪਰਿਵਰਤਨ ਆਇਆ ਹੈ?**

ਇਹ ਸਭਿਆਚਾਰ ਦਾ ਗੰਭੀਰ ਮਸਲਾ ਹੈ। ਸਭਿਆਚਾਰ ਰਸਮਾ ਰਿਵਾਜਾਂ ਉੱਤੇ ਨਿਰਧਾਰਿਤ ਹੁੰਦੇ ਹਨ। ਇਹ ਮਨੁੱਖ ਦੀ ਜੀਵਨ-ਜਾਂਚ ਹੁੰਦੇ ਹਨ। ਸਭਿਆਚਾਰ ਦੇ ਤਿੰਨ ਪੱਖ ਹਨ:- ਪਦਾਰਥਕ, ਬੌਧਾਤਮਿਕ, ਪ੍ਰਤੀਮਾਨਕ। ਇਹ ਪ੍ਰਤੀਮਾਨਕ ਨੇਮਾਂ ਦੇ ਵਿੱਚ ਸ਼ਾਮਿਲ ਹੁੰਦੇ ਹਨ। ਕਿਸੇ ਸਭਿਆਚਾਰ ਦੇ ਵਿੱਚ (ਲੋਕਾਂ ਦੇ ਵਿੱਚ) ਸਾਂਝ ਪੈਦਾ ਕਰਦੇ ਹਨ। ਰਸਮਾਂ ਰਿਵਾਜਾਂ ਦਾ ਓਦਾਂ ਕੋਈ ਮੁੱਲ ਨਹੀ ਹੁੰਦਾ। ਰਸਮਾਂ-ਰਿਵਾਜਾਂ ਜਿਹੜੀਆ ਜਨਮੀਆ ਹਨ, ਉਹਨਾਂ ਦਾ ਅਭਿਆਸ ਕਰਦੇ ਹਾਂ। ਉਹ ਰਸਮੋ-ਰਿਵਾਜ ਬਣ ਜਾਂਦੇ ਹਨ, ਜਿਹੜੇ ਅਸੀ ਨਿਭਾਉਂਦੇ ਹਾਂ। ਪੁਰਾਤਨ ਰਸਮਾਂ-ਰੀਤਾਂ ਨੇ ਜੋ ਖਾਸ ਤੌਰ ਕਲਪਨਾ ਕਰ ਲਈ ਜਾਂ ਸਿਰਜ ਲਈਆਂ, ਇਹ ਰੀਤਾਂ ਰਸਮਾਂ ਕਿਸੇ ਸਮਾਜਕ ਲੋੜ ਦੇ ਵਿੱਚੋਂ ਪੈਦਾ ਹੋਈਆਂ ਹਨ। ਕਈ ਰੀਤਾਂ-ਰਸਮਾਂ ਸਮਾਜ ਦੇ ਵਿੱਚ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ। ਫਿਰ ਕਈ ਵਾਰ ਉਹ ਰਸਮਾਂ ਖ਼ਤਮ ਵੀ ਹੋ ਜਾਂਦੀਆ ਹਨ। ਵਾਰ-ਵਾਰ ਦੁਹਰਾਏ ਜਾਣ ਕਰਕੇ ਰਸਮ ਦਾ ਰੂਪ ਧਾਰਨ ਕਰ ਲੈਂਦੀ ਹੈ। ਜਿਵੇਂ ਕਿ ਤੇਲ ਦਾ ਚੋਇਆ ਜਾਣਾ, ਇਸ ਨੂੰ ਵਿਆਹ ਦੇ ਸ਼ਗਨਾਂ ਵਿੱਚ, ਨਵੇਂ ਮਹਿਮਾਨ ਦੇ ਆਉਣ ਤੇ, ਦਿਨ ਦਿਹਾੜੇ ਤੇ ਘਰ ਦੇ ਬਰੂਹਾਂ ਉੱਤੇ ਚੋਇਆ ਜਾਂਦਾ ਸੀ। ਇਹ ਰਸਮ ਦੇ ਵਿੱਚੋਂ ਪੈਦਾ ਹੋਈ ਹੈ।

ਪੁਰਾਤਨ ਘਰਾਂ ਦੇ ਦਰਵਾਜ਼ੇ ਲਕੜੀ ਦੇ ਸਨ। ਮੀਂਹ/ ਬਰਸਾਤ ਜਾਂ ਨਮੀ ਦੇ ਕਾਰਨ ਅੜ ਜਾਂਦੇ ਸਨ। ਉਹਨਾਂ ਦੇ ਕਿੱਲ, ਕਬਜ਼ਿਆਂ ਦੇ ਵਿੱਚ ਸਰ੍ਹੋਂ ਦਾ ਤੇਲ ਪਾਇਆ ਜਾਂਦਾ ਸੀ। ਸਮੇਂ ਦੇ ਨਾਲ ਦਰਵਾਜ਼ਿਆਂ ਦੀ ਬਣਤਰ ਬਦਲ ਗਈ ਹੈ। ਪਰ ਤੇਲ ਪਾਉਣ ਦੀ ਰੀਤ ਅਜੇ ਵੀ ਕਾਇਮ ਹੈ। ਰਸਮਾਂ ਵਾਰ ਵਾਰ ਦੁਹਰਾਈਆਂ ਜਾਣ ਕਰਕੇ ਰਸਮਾਂ, ਕਈ ਵਾਰੀ ਸਮੇਂ ਨਾਲ ਬਦਲ ਜਾਂਦੀਆਂ ਹਨ ਜਾਂ ਰਸਮਾਂ ਦੇ ਵਿੱਚੋਂ ਮਨਫ਼ੀ ਹੋ ਜਾਂਦੀਆਂ ਹਨ। ਵਿਸ਼ਵੀਕਰਨ ਦੇ ਦੌਰ ਦੇ ਵਿੱਚ ਵਿਆਹ ਪ੍ਰਬੰਧ ਦੇ ਵਿੱਚ ਵੀ ਤਬਦੀਲੀ ਆਈ ਹੈ। ਕਈ ਦਿਨਾਂ ਦੇ ਵਿਆਹ ਇੱਕ ਦਿਨ ਦੇ ਵਿੱਚ ਬਦਲ ਗਏ ਹਨ।ਘਰ ਤੋਂ ਨਿਕਲ ਕੇ ਪੈਲਸਾਂ ਦਾ ਅੰਗ ਬਣ ਗਏ ਹਨ। ਰੀਸੈਪਸ਼ਨ ਸਮੇਂ ਦੀ ਹੀ ਦੇਣ ਹੈ। ਰੀਤਾਂ ਰਸਮਾਂ ਦੀ ਜ਼ਰੂਰਤ ਹੈ ਕਿਉਂਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ।

ਸਭਿਆਚਾਰ ਦੇ ਵਿੱਚ ਭਰਾਤਰੀ ਭਾਵ ਹੁੰਦਾ ਹੈ, ਉਸ ਦਾ ਕੋਈ ਸਭਿਆਚਾਰ ਨਹੀਂ ਹੁੰਦਾ। ਉਹ ਪਸ਼ੂ ਬਰਾਬਰ ਮੰਨਿਆ ਜਾਂਦਾ ਹੈ। ਸਮੂਹ ਨਾਲ ਜੁੜੇ ਹੋਏ ਹਾਂ, ਸਮੂਹ ਦੀਆਂ ਰੀਤਾਂ ਨੂੰ ਸਮੂਹ ਹੀ ਮਾਨਤਾ ਦੇਵੇਗਾ।

- **ਸਭਿਆਚਾਰ ਦੀ ਸਭਿਆਚਾਰਕ ਨੀਤੀ ਬਣਨੀ ਚਾਹੀਦੀ ਹੈ?**

ਸਭਿਆਚਾਰ ਆਪਣੇ ਆਪ ਹੀ ਦਿਸਾ ਗ੍ਰਹਿਣ ਕਰਦਾ ਹੈ ਕਿਉਂਕਿ ਉਹ ਰਾਜ ਹੈ, ਜਿੱਥੇ ਇਸ ਦਾ ਪ੍ਰਭਾਵ ਵਧੇਰੇ ਹੁੰਦਾ ਹੈ। ਸਰਕਾਰਾਂ/ਰਾਜਾਂ ਦੀ ਵਿਚਾਰਧਾਰਾ ਰਾਜਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਹ ਅਜੋਕੇ ਸਮਾਜਾਂ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ। ਕਿਸ ਕਿਸਮ ਦੀ ਦਿਸ਼ਾ ਗ੍ਰਹਿਣ ਕਰਨੀ ਹੈ, ਇਹ ਉਸ ਸਮੇਂ ਦੀ ਹਾਕਮ ਜਮਾਤ ਉੱਤੇ ਨਿਰਭਰ ਹੁੰਦਾ ਹੈ। ਨਵੀਆਂ ਨੀਤੀਆਂ ਕੇਂਦਰ/ ਰਾਜਾਂ ਦੇ ਵਿੱਚ ਬਣ ਰਹੀਆਂ ਹਨ। ਨਵਜੋਤ ਸਿੰਘ ਸਿਧੂ cultural minister ਰਹੇ ਹਨ। ਉਹਨਾਂ ਨੇ ਸਭਿਆਚਾਰ ਦੀ ਸਭਿਆਚਾਰਕ ਨੀਤੀ ਬਣਾਉਣ ਦਾ ਖਰੜਾ ਤਿਆਰ ਕੀਤਾ ਸੀ ਸਗੋਂ ਮੈਨੂੰ ਵੀ ਇਸ ਨੀਤੀ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ। ਸਭਿਆਚਾਰਕ ਨੀਤੀ ਇਸ ਕਿਸਮ ਦੀ ਬਣਾਈ ਗਈ ਕਿ ਇਤਿਹਾਸਕ ਥਾਵਾਂ ਦਾ ਖਿਆਲ ਕਿਵੇਂ ਰੱਖਿਆ ਜਾਵੇ। ਜਿਨ੍ਹਾਂ ਦੇ ਵਿੱਚ ਸੁਧਾਰ ਕਰਕੇ, ਲੋਕਾਂ ਦਾ ਧਿਆਨ ਖਿਚਿਆ ਜਾਵੇ। ਲੋਕਾਂ ਨੂੰ ਹੈਰੀਟੇਜ਼ ਨਾਲ ਕਿਵੇਂ ਜੋੜਿਆ ਜਾਵੇ। ਇਹ ਨੀਤੀ ਭਵਿੱਖ ਨੂੰ ਧਿਆਨ ਦੇ ਵਿੱਚ ਰੱਖ ਕੇ ਬਣਾਈ ਗਈ ਸੀ। ਯੂ-ਟਿਊਬ ਦੇ ਉੱਤੇ ਹਰ ਕੋਈ ਗਾਣਾ ਪਾ ਦਿੰਦਾ ਹੈ। ਉੱਥੇ ਕੋਈ ਸੈਂਸਰ ਕੰਮ ਨਹੀ ਕਰਦਾ। ਕਿਹੋ ਜਿਹੇ ਗੀਤ ਗਾਏ ਜਾਣ, ਜੋ ਸਮਾਜ ਨੂੰ ਪ੍ਰਭਾਵਿਤ ਕਰਨ। ਇਸ ਲਈ ਸਭਿਆਚਾਰਕ ਨੀਤੀ ਜ਼ਰੂਰੀ ਹੈ।



## ਜਗਰੂਪ ਸਿੰਘ ਸ਼ੇਖੋਂ ਨਾਲ ਮੁਲਾਕਾਤ

- **ਸੋਸ਼ਲ ਮੀਡੀਆ ਦਾ ਰਾਜਨੀਤੀ ਉੱਤੇ ਕੀ ਪ੍ਰਭਾਵ ਪਿਆ ?**

ਸੋਸ਼ਲ ਮੀਡੀਆ ਬਹੁਤ ਹੀ ਪ੍ਰਚਲਿਤ ਸਾਧਨ ਹੈ। ਇਹ ਘੱਟ ਖਰਚੀਲਾ ਹੈ। ਇਹ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਦਾ ਇੱਕ ਵਧੀਆ ਸਾਧਨ ਹੈ । ਰਾਜਨੀਤੀਵਾਨ ਚਾਹੁੰਦੇ ਹਨ ਕਿ ਲੋਕਾਂ ਤੱਕ ਉਹਨਾਂ ਦੀ ਗੱਲ ਪਹੁੰਚੇ । ਮਾਡਰਨ ਟਾਈਮ ਦੇ ਵਿੱਚ ਵੀ ਪ੍ਰਚਲਿਤ ਹੈ।

- **ਪੁਰਾਤਨ ਅਤੇ ਨਵੀਨ ਰਾਜਨੀਤੀ ਦੇ ਵਿੱਚ ਕਿੰਨਾ ਫ਼ਰਕ ਆ ਗਿਆ ਹੈ ?**

ਰਾਜਨੀਤੀ ਇੱਕ ਪ੍ਰਕਿਰਿਆ ਹੈ। ਜਿਉਂ ਜਿਉਂ ਸਮਾਜਾਂ ਦੀ ਸਮਾਜਕ, ਆਰਥਕ ਸਥਿਤੀ ਬਦਲਦੀ ਹੈ, ਤਿਉਂ ਤਿਉਂ ਰਾਜਨੀਤੀ ਵੀ ਬਦਲ ਜਾਂਦੀ ਹੈ। ਪੁਰਾਤਨ ਰਾਜਨੀਤੀ ਦਾ ਮਕਸਦ ਲੋਕਾਂ ਦੇ ਸਰੋਕਾਰਾਂ ਜਾਂ ਮੁਸ਼ਕਿਲਾਂ ਨਾਲ ਸੰਬੰਧਿਤ ਸੀ। ਆਜ਼ਾਦੀ ਤੋਂ ਪਹਿਲਾਂ ਰਾਜਨੀਤੀ ਲੋਕਾਂ ਨਾਲ ਸੰਬੰਧਿਤ ਸੀ। ਰੂਸ ਦੀ ਰਾਜਨੀਤੀ ਬਿਲਕੁਲ ਉਲਟ ਹੈ, ਰਾਜਨੀਤੀ ਨੇਤਾਵਾਂ ਦੇ ਸਵੈ ਨਾਲ ਸੰਬੰਧਿਤ ਹੋ ਗਈ ਹੈ ।



## ਮੋਹਨ ਗਿੱਲ

- **ਵਰਤਮਾਨ ਸਮੇਂ ਦੇ ਵਿੱਚ ਆਈਲੈਟਸ ਇੱਕ ਰੁਝਾਨ ਬਣ ਚੁੱਕਾ ਹੈ, ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਆਈਲੈਟਸ ਰੁਝਾਨ ਦੇ ਤੌਰ ਤੇ ਮਜ਼ਬੂਰੀ ਬਣ ਚੁੱਕੀ ਹੈ। ਜਿਹੜੇ ਬਾਹਰ ਆਉਣਾ ਚਾਹੁੰਦੇ ਹਨ ਉਹਨਾਂ ਲਈ ਮਾਪਦੰਡ ਬਣ ਚੁੱਕਿਆ ਹੈ। ਉਸਦੇ ਲਈ %ਨੰਬਰ ਲੈਂਦੇ ਹਨ ਤਾਂ ਉਹ ਆਪਣਾ ਸੁਪਨਾ ਪੂਰਾ ਕਰ ਪਾਉਂਦੇ ਹਨ। ਆਈਲੈਟਸ ਦਾ ਆਪਣਾ ਫਾਇਦਾ ਹੈ, ਤੁਸੀ ਇੱਥੇ ਆਣ ਕੇ ਕੋਈ ਕੋਰਸ ਕਰਨੇ ਹਨ ਉਸ ਦਾ ,ਮਾਪਦੰਡ ਇਹੀ ਹੁੰਦਾ ਹੈ। ਇਹ ਰੁਝਾਨ ਇੱਕ ਮਜ਼ਬੂਰੀ ਹੈ ਨੌਕਰੀ ਲੈਣ ਲਈ ਜਾਂ ਚੰਗੇਰੇ ਭੱਵਿਖ ਦੇ ਲਈ।

- **ਵਰਤਮਾਨ ਮਾਨਵ ਪਰਵਾਸ ਧਾਰਨ ਕਰਨ ਲਈ ਵਿਭਿੰਨ ਹੱਥਕੰਡੇ ਅਪਣਾਉਂਦਾ ਹੈ, ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਜਿਸ ਤਰ੍ਹਾਂ ਅਸੀਂ ਵੀ ਆਪਣੇ ਸਮੇਂ ਦੇ ਵਿੱਚ ਪਰਵਾਸ ਲਿਆ ਹੈ। ਉਹ ਕੋਈ ਆਪਣੀ ਜਨਮ –ਭੂਮੀ ਨੂੰ ਜਾਣ-ਬੁੱਝ ਕੇ ਨਹੀ ਛੱਡਦਾ। ਕਿਸੇ ਵਿਅਕਤੀ ਕੋਲੋਂ ਸੱਚ ਪੁੱਛੋ ਤਾਂ ਉਹ ਪਰਵਾਸ ਧਾਰਨ ਨਹੀਂ ਕਰਨਾ ਚਾਹੁੰਦਾ। ਜਿਸ ਵਾਤਾਵਰਣ ਦੇ ਵਿੱਚ ਰਹਿ ਰਹੇ ਹਾਂ ਉਸਦੇ ਮੁਤਾਬਕ ਨਹੀਂ ਹੁੰਦਾ। ਇੱਕ ਆਪਣੇ ਰੁਜ਼ਗਾਰ ਲਈ/ਡਿਗਰੀ ਦੇ ਮੁਤਾਬਕ ਰੁਜ਼ਗਾਰ ਨਹੀਂ ਮਿਲਦੇ ਤਾਂ ਚਾਹੁੰਦੇ ਹਨ ਕਿ ਅਸੀ ਜਿੱਥੇ ਜਾਵਾਂਗੇ ਉੱਥੇ ਰੋਜ਼ਗਾਰ ਯੋਗਤਾ ਦੇ ਮੁਤਾਬਕ ਮਿਲ ਸਕੇ। ਫਿਰ ਪਰਵਾਸ ਦੇ ਵਿੱਚ ਵੀ ਤਾਂ ਹੀ ਆਉਂਦਾ ਹੈ। ਜਨਮ ਦੇਣ ਵਾਲੀ ਧਰਤੀ ਉਹਦੇ ਵਾਤਾਵਰਣ ਦੇ ਅਨੁਕੂਲ ਨਹੀਂ ਹੋਵੇਗੀ। ਮੈ ਤਹਾਨੂੰ ਸੱਚ ਦੱਸਦਾ, ਜੇ ਮੈਨੂੰ ਪੰਜਾਬ ਦੇ

ਵਿੱਚ ਕੈਨੇਡਾ ਵਰਗਾ ਮਾਹੌਲ ਮਿਲ ਜਾਵੇ ਤਾਂ ਮੈ ਇੱਕ ਦਿਹਾੜੀ ਨਹੀ ਲਾਵਾਂਗਾ। ਅਗਲੇ ਦਿਨ ਹੀ ਪੰਜਾਬ ਚਲਾ ਜਾਵਾਂਗਾ। ਇੱਕ ਤਾ ਅਸੀਂ ਇੱਥੇ ਸੁਰੱਖਿਅਤ ਮਹਿਸੂਸ ਕਰਦੇ ਹਾਂ, ਦੂਸਰਾ ਇੱਥੇ ਕੰਮ ਕਰਵਾਉਣ ਦੇ ਲਈ ਰਿਸ਼ਵਤ ਨਹੀ ਦੇਣੀ ਪੈਂਦੀ, ਨਾ ਹੀ ਸਾਨੂੰ ਕੋਈ ਵੱਡਾ ਬੰਦਾ ਲੱਭਣ ਦੀ ਲੋੜ ਹੈ। ਸੋ ਇਹਨਾਂ ਚੀਜ਼ਾ ਦੇ ਕਰਕੇ ਭੱਵਿਖ ਸੁਖਾਵਾਂ ਬਣਾਉਣ ਲਈ ਬਾਹਰ ਆਉਂਦੇ ਹਾਂ।

- **ਵਰਤਮਾਨ ਮਾਨਵ ਸੂਝਵਾਨ ਹੋਣ ਦੇ ਬਾਵਜੂਦ ਵੀ ਏਜੰਟਾਂ ਦੇ ਹੱਥੋਂ ਠੱਗਿਆ ਜਾਂਦਾ ਹੈ, ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਜਿਹੜੇ ਸੂਝਵਾਨਾਂ ਨੂੰ ਨੋਜਵਾਨ ਆਪਣੇ ਵਿਦਿਆ ਦੇ ਪ੍ਰਤੀ ਗਿਆਨ ਤਾਂ ਹੈ ਪਰ ਗੱਲ ਆਉਂਦੀ ਹੈ ਕਿ ਬਾਹਰ ਜਾਣ ਦੇ ਲਈ ਕੀ ਰਸਤਾ ਅਪਣਾਉਂਦੇ ਹਨ। ਉਹ ਗਿਆਨ ਟਰੈਵਲ ਏਜੰਟਾਂ ਦੇ ਕੋਲ ਹੈ। ਉਹ ਬੱਚਿਆਂ ਨੂੰ ਉਸ ਗਿਆਨ ਦੇ ਵਿੱਚ ਕਲੈਰਿਟੀ ਨਹੀਂ ਹੁੰਦੀ। ਬਾਹਰ ਭੇਜਣ ਵਾਲੇ ਲੋਕ ਇਹ ਸੋਚਦੇ ਹਨ ਕਿ ਇਹਨਾਂ ਨੂੰ ਕਿਸੇ ਵੀ ਤਰ੍ਹਾਂ ਪ੍ਰੇਸ਼ਾਨ ਕਰ ਸਕਣ। ਪੈਸੇ ਲੈ ਕੇ ਜਾਂ ਇਹਨਾਂ ਨੂੰ ਇਸ ਤਰ੍ਹਾਂ ਭੇਜਿਆ ਜਾਵੇ ਕਿ ਸਾਡਾ ਕੋਈ ਖਰਚ ਨਾ ਹੋਵੇ। ਇਹ ਬੱਚਿਆ ਨੂੰ ਸੁਪਨੇ ਦਿਖਾਉਂਦੇ ਹਨ। ਬੱਚਿਆਂ ਦੇ ਕੋਲ ਕਿਤਾਬੀ ਗਿਆਨ ਜਾਂ ਉਹਨਾਂ ਨੇ ਜੋ ਕੁਝ ਪੜ੍ਹਿਆ ਉਸਦਾ ਗਿਆਨ ਹੁੰਦਾ ਹੈ । ਉਹਨਾਂ ਨੂੰ ਬਾਹਰ ਦੇ ਨਿਯਮਾਂ ਦਾ ਗਿਆਨ ਨਹੀਂ ਹੁੰਦਾ । ਇਹ ਜਿਹੜੇ ਲੋਕ ਹਨ, ਉਹਨਾਂ ਮਸੂਮ ਲੋਕਾਂ ਨੂੰ ਤੰਗ/ਪ੍ਰੇਸ਼ਾਨ ਕਰ ਦਿੰਦੇ ਹਨ।

- **ਪਰਵਾਸ ਜੀਵਨ ਰਾਹੀਂ ਖਪਤ ਸਭਿਆਚਾਰ ਦਾ ਪ੍ਰਭਾਵ ਕਿਵੇਂ ਪੇਸ਼ ਹੋ ਰਿਹਾ ਹੈ, ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਅੱਜ ਦਾ ਜੀਵਨ ਖਪਤਵਾਦੀ ਸਭਿਆਚਾਰ ਦਾ ਗੁਲਾਮ ਬਣ ਚੁੱਕਾ ਹੈ। ਵਿਅਕਤੀ ਕੀ ਸੋਚਦਾ ਉਸਨੂੰ ਮੰਡੀ ਕਲਚਰ ਪ੍ਰਭਾਵਿਤ ਕਰ ਰਿਹਾ ਹੈ। ਵਿਗਿਆਪਨ ਨਾਲ ਵਿਅਕਤੀ ਦੀ ਸੋਚ ਬਦਲਦੀ ਹੈ। ਮੰਡੀ ਸਭਿਆਚਾਰ ਬਹੁਤ ਭਾਰੂ ਹੈ। ਪੰਜਾਬ ਦੇ ਵਿੱਚ ਇਹ ਚੀਜ਼ਾਂ ਸਮਾਨ ਹੀ ਹੋ ਗਈਆਂ। ਪਰ ਕੁਝ ਨਾਲ ਪਰਵਾਸ ਦੇ ਵਿੱਚ ਵੱਖਰੇ ਢੰਗ ਨਾਲ ਪ੍ਰਭਾਵਿਤ ਕੀਤਾ ਜਾਂਦਾ ਹੈ। ਵਿਗਿਆਪਨ ਸਾਨੂੰ ਪ੍ਰਭਾਵਿਤ ਕਰਦਾ ਹੈ

ਕਿ ਜਿਹੜੀਆਂ ਸਾਡੀਆਂ ਲੋੜਾਂ ਹਨ ਉਸਨੂੰ ਜ਼ਰੂਰਤ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਤਕਨੀਕ ਖਰੀਦਣ ਸਾਰ ਹੀ ਪੁਰਾਣੀ ਹੋ ਜਾਂਦੀ ਹੈ ਜਿਵੇਂ ਕਿ ਐਪਲ ਹਰ ਸਾਲ ਆਪਣਾ ਨਵਾਂ ਫੋਨ ਲਾਂਚ ਕਰਦੇ ਹਨ। ਸਾਡੇ ਫੋਨ ਠੀਕ ਕੰਮ ਕਰਦੇ ਪਰ ਅਸੀ ਵਿਗਿਆਪਨ ਦੇਖ ਕੇ ਨਵਾਂ ਮਾਡਲ ਖਰੀਦ ਲੈਂਦੇ ਹਾਂ। ਟੀ.ਵੀ ਉੱਤੇ ਵੀ ਇਵੇਂ ਹੀ ਚਲ ਰਿਹਾ ਹੈ, ਡਰਾਮਿਆਂ ਦੇ ਵਿੱਚ ਗਹਿਣੇ, ਬਿੰਦੀ, ਸੁਰਖ਼ੀਆਂ ਮੇਕਅੱਪ ਆਦਿ ਮਾਨਵ ਨੂੰ ਪ੍ਰਭਾਵਿਤ ਕਰ ਰਿਹਾ ਹੈ। ਡਰਾਮਿਆਂ ਦੇ ਵਿੱਚ ਥਾਲੀ ਦੇ ਵਿੱਚ ਦੀਵਾ ਬਾਲ ਕੇ ਘਰ ਦੇ ਵਿੱਚ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਹੁਣ ਹਰ ਕੋਈ ਇਦਾਂ ਹੀ ਕਰ ਰਿਹਾ ਹੈ। ਇਹ ਕੰਮ ਵੀ ਵਸਤਾਂ ਨੂੰ ਵੇਚਣ ਲਈ ਕੀਤਾ ਜਾਂ ਰਿਹਾ ਹੈ ਜਿਸ ਨਾਲ ਸਾਡਾ ਸਭਿਆਚਾਰ ਪ੍ਰਭਾਵਿਤ ਹੁੰਦਾ ਹੈ। ਛੋਟੇ/ ਸਭਿਆਚਾਰ/ਛੋਟੀਆਂ ਭਾਸ਼ਾਵਾਂ ਵੀ ਖਤਮ ਹੋਣ ਦੇ ਕਿਨਾਰੇ ਖੜ੍ਹੀਆਂ ਹਨ ਜਿਵੇਂ ਕਿ ਪੰਜਾਬੀ ਭਾਸ਼ਾ ਦੇ ਖਤਮ ਹੋਣ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ। ਜਿਹੜਾ ਸਾਹਿਤ ਵੀ ਲਿਖਿਆ ਜਾ ਰਿਹਾ ਹੈ, ਉਹ ਵੀ ਵਿਸ਼ਵ ਸਾਹਿਤ ਦੀ ਗੱਲ ਕਰਦਾ ਹੈ। ਖਿੱਤੇ ਦਾ ਸਭਿਆਚਾਰ ਘੱਟਦਾ ਜਾ ਰਿਹਾ ਹੈ। ਸੋਸ਼ਲ਼ ਮੀਡੀਆ ਨੇ ਸਾਰੇ ਸੰਸਾਰ ਨੂੰ ਇੱਕ ਪਿੰਡ ਬਣਾ ਕੇ ਰੱਖ ਦਿੱਤਾ ਹੈ। ਜਿਹੜੇ ਵਿਗਿਆਪਨ ਆਉਂਦੇ ਉਹਨਾਂ ਦੇ ਵਿੱਚ ਦਿਖਾਇਆ ਜਾਂਦਾ ਹੈ ਕਿ ਜੇਕਰ ਤੁਹਾਡੇ ਕੋਲ਼ ਪੈਸੇ ਨਹੀ ਹਨ, ਤਾਂ ਤੁਹਾਨੂੰ ਕਰਜ਼ੇ ਉੱਤੇ ਚੀਜ਼ਾਂ ਦੇ ਦੇਵਾਗੇ। ਹਿੰਦੋਸਤਾਨ ਦੇ ਵਿੱਚ ਮਹੀਨੇ ਬਾਅਦ ਤਨਖਾਹ ਆਉਂਦੀ ਹੈ, ਇੱਥੇ ਦੋ ਹਫਤਿਆਂ ਦੇ ਬਾਅਦ ਤਨਖਾਹ ਆਉਂਦੀ ਹੈ । ਇਸ ਕਾਰਨ ਇਹ ਲੋਕ ਛੇਤੀ ਪ੍ਰਭਾਵਿਤ ਹੁੰਦੇ ਹਨ। ਖਪਤ ਸਭਿਆਚਾਰ ਦਾ ਪ੍ਰਭਾਵ ਭਾਰਤ ਨਾਲੋਂ ਅਮਰੀਕਾ, ਕੈਨੇਡਾ ਦੇ ਵਿੱਚ ਜ਼ਿਆਦਾ ਹੈ।।

- **ਪਰਵਾਸੀ ਅਤੇ ਭਾਰਤੀ ਮੀਡੀਆ ਦੀ ਪੇਸ਼ਕਾਰੀ ਦੇ ਵਿੱਚ ਕੀ ਅੰਤਰ ਹੈ, ਇਸ ਦੇ ਪ੍ਰਤੀ ਤੁਹਾਡੇ ਕੀ ਵਿਚਾਰ ਹੰਨ।**

ਜਦੋ ਅਸੀ ਇੱਥੇ ਬੈਠਿਆਂ ਭਾਰਤੀ ਮੀਡੀਆ ਦੇ ਬਾਰੇ ਸੋਚਦੇ ਹਾਂ, ਭਾਰਤੀ ਮੀਡੀਆ ਸਰਕਾਰਾਂ ਤੋਂ ਬਹੁਤ ਪ੍ਰਭਾਵਿਤ ਹੈ। ਜਿਹੜੀ ਪਾਰਟੀ ਸੱਤਾ ਤੇ ਕਾਬਜ਼ ਹੈ ਮੀਡੀਆ ਉਸਦੀ ਬੋਲੀ ਬੋਲਦਾ ਹੈ। ਇੱਕ ਉਹਨਾਂ ਦੀ ਮਜਬੂਰੀ ਵੀ ਹੈ, ਜੇਕਰ ਉਹ ਉਹਨਾਂ ਦੇ ਕੰਮ ਕਰੀ ਜਾਂਦੇ ਹਨ ਤਾਂ ਉਹਨਾਂ ਦੇ ਕੰਮਕਾਰਾਂ ਦੇ ਵਿੱਚ ਕੋਈ ਫਰਕ ਨਹੀਂ ਪੈਂਦਾ ਹੈ। ਵਿਗਿਆਪਨਾਂ ਦਾ ਵੀ ਮੀਡੀਆ ਉੱਤੇ ਬਹੁਤ ਪ੍ਰਭਾਵ ਪੈਂਦਾ ਹੈ। ਇਸਦੇ ਮੁਕਾਬਲੇ ਜਦੋਂ

ਪਰਵਾਸੀ ਮੀਡੀਆ ਦੀ ਗੱਲ ਆਉਂਦੀ ਹੈ ਤਾਂ ਪਰਵਾਸੀ ਮੀਡੀਆ ਸਰਕਾਰਾਂ ਤੋਂ ਪ੍ਰਭਾਵਿਤ ਤਾਂ ਹੁੰਦਾ ਹੈ ਪਰ ਪਰਵਾਸੀ ਮੀਡੀਆ ਸਰਕਾਰਾਂ ਤੋਂ ਸੁਤੰਤਰ ਹੈ। ਜੇਕਰ ਪ੍ਰਧਾਨ ਮੰਤਰੀ ਜਾਂ ਮੰਤਰੀ ਗਲਤ ਕਰਦੇ ਹਨ, ਤਾਂ ਉਹਨਾਂ ਦੀ ਗਲਤੀ ਨੂੰ ਲੋਕਾਂ ਦੀ ਕਚਹਿਰੀ ਦੇ ਵਿੱਚ ਲੈ ਕੇ ਆਉਂਦੇ ਹਨ। ਜੇਕਰ ਉਹਨਾਂ ਦੀ ਗਲਤੀ ਨਿਕਲਦੀ ਹੈ ਤਾਂ ਉਹਨਾਂ ਨੂੰ ਅਸਤੀਫਾ ਵੀ ਦੇਣਾ ਪੈਂਦਾ ਹੈ। ਪਰਵਾਸੀ ਮੀਡੀਆ ਦੇ ਆਪਣੇ ਐਡੀਟੋਰੀਅਲ ਹਨ ਉਹਨਾਂ ਦੇ ਵਿੱਚ ਬੇਬਾਕੀ ਨਾਲ ਸਰਕਾਰਾਂ ਦੇ ਕੰਮਾਂ ਦੇ ਬਾਰੇ ਲਿਖਦੇ ਹਨ ਜਾਂ ਮੀਡੀਆ ਪੂਰੀ ਤਰ੍ਹਾਂ ਨਾਲ ਸਰਕਾਰਾਂ ਦੇ ਕੰਮਾਂ ਨੂੰ ਲੋਕਾਂ ਦੇ ਸਾਹਮਣੇ ਖੋਲ੍ਹਦੇ ਹਨ। ਜੇਕਰ ਸਰਕਾਰ./ ਮੰਤਰੀ ਗਲਤ ਨਿਕਲਦੇ ਹਨ ਤਾਂ ਉਹਨਾਂ ਨੂੰ ਮਾਫੀ ਜਾਂ ਕੋਰਟ ਦੇ ਵਿੱਚ ਜ਼ੁਰਮਾਨਾ/ ਸਜ਼ਾ ਵੀ ਹੋ ਸਕਦੀ ਹੈ। ਪਰਵਾਸੀ ਮੀਡੀਆ ਜੋ ਸੱਚ ਹੈ ਉਸਨੂੰ ਦਿਖਾ ਰਿਹਾ ਹੈ। ਇਸਦੇ ਉਲਟ ਭਾਰਤੀ ਮੀਡੀਆ ਸਰਕਾਰਾਂ ਦੇ ਹੱਕਾਂ ਦੀ ਗੱਲ ਕਰਦੇ ਹਨ। ਪਰਵਾਸੀ ਮੀਡੀਆ ਬਲਵਾਨ ਹੈ ਅਜੇ ਤਕ ਤਾਂ ਸੱਚ ਦੇ ਹੱਕ ਵਿੱਚ ਖੜ੍ਹਾ ਹੈ।

- **ਪਰਵਾਸੀ ਪੰਜਾਬੀ ਭਾਰਤੀ ਰਾਜਨੀਤੀ ਦੇ ਵਿੱਚ ਆ ਰਹੇ ਪਰਿਵਤਨ ਨੂੰ ਵਿਸ਼ਵ ਪੱਧਰ ਤੋਂ ਕਿਵੇਂ ਦੇਖਦੇ ਹੋ, ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਜਦੋਂ ਭਾਰਤ ਤੋਂ ਚਲ ਕੇ ਜਿਹੜਾਂ ਵੀ ਪਰਵਾਸ ਦੇ ਵਿੱਚ ਆਉਂਦਾ ਹੈ ਤਾਂ ਉਹ ਭਾਰਤੀ ਰਾਜਨੀਤੀ ਨੂੰ ਵੀ ਲੈ ਕੇ ਆਉਂਦਾ ਹੈ। ਪਰਵਾਸੀ ਰਾਜਨੀਤੀ ਅਜੇ ਤੱਕ ਤਾਂ ਸ਼ੁੱਧ ਹੈ। ਇਸਦੀ ਨਿਆਂਪਾਲਕਾ ਵੀ ਸੁਤੰਤਰ ਹੈ। ਜੇਕਰ ਕੋਈ ਵਿਅਕਤੀ ਰਾਜਨੀਤੀ ਦੇ ਵਿਚ ਗਲਤ ਕੰਮ ਕਰਦਾ ਹੈ ਉਸਨੂੰ ਸਜ਼ਾ ਭੁਗਤਣੀ ਪੈਂਦੀ ਹੈ । ਜੇਕਰ ਕੋਈ ਮੀਡੀਆ/ਨੌਕਰੀ ਦਾ ਰੋਹਬ ਪਾਉਂਦਾ ਹੈ ਉਸਦੀ ਗਲਤੀ ਸਾਬਿਤ ਹੋ ਜਾਣ ਤੇ ਉਸਨੂੰ ਬਣਦੀ ਸਜ਼ਾ ਮਿਲਦੀ ਹੈ। ਭਾਰਤੀ ਰਾਜਨੀਤੀ ਦੇ ਵਿੱਚ ਕਿਹੜੀ ਸੀਟ ਜਾਂ ਟਿਕਟ ਕਿਸ ਨੂੰ ਦੇਣੀ ਹੈ ਇਸ ਦਾ ਫੈਸਲਾ ਪਾਰਟੀਆਂ ਕਰਦੀਆਂ ਹਨ। ਇੱਥੇ ਜੇਕਰ ਕਿਸੇ ਨੇ ਚੋਣਾਂ ਦੇ ਵਿੱਚ ਖੜ੍ਹਾ ਹੋਣਾ ਹੈ ਤਾਂ ਉਸਨੂੰ ਪਹਿਲਾਂ ਪਾਰਟੀ ਦੇ ਵਿੱਚ ਕੰਮ ਕਰਨਾ ਪਵੇਗਾ। ਫਿਰ ਹੀ ਚੋਣਾਂ ਦੀ ਸੀਟ ਦਾ ਫੈਸਲਾ ਕੀਤਾ ਜਾਂਦਾ ਹੈ। ਚੋਣਾਂ ਦੇ ਵਿੱਚ ਖੜ੍ਹਣ ਤੋਂ ਪਹਿਲਾਂ ਉਮੀਦਵਾਰ ਦੀ ਜਾਣਕਾਰੀ ਪੁਲਿਸ ਦੇ ਕੋਲੋਂ ਲਈ ਜਾਂਦੀ ਹੈ, ਉਸ ਤੇ ਕੋਈ ਕੇਸ ਤਾਂ ਨਹੀ ਚਲ ਰਿਹਾ ਹੈ। ਉਸਨੂੰ ਚੋਣਾਂ ਦੇ ਵਿੱਚ ਖੜਨ ਤੋਂ ਪਹਿਲਾਂ ਹੀ ਪਾਰਟੀ ਦੇ ਵਿੱਚੋਂ ਕੱਢ ਦਿੱਤਾ ਜਾਂਦਾ ਹੈ।

ਜੇਕਰ ਉਮੀਦਵਾਰ ਨੇ ਚੋਣ ਖੇਤਰ ਦੇ ਵਿੱਚ ਲੜਨਾ ਹੈ ਤਾਂ ਪਾਰਟੀ ਦੇ ਮੈਂਬਰ ਵੋਟਾਂ ਪਾ ਕੇ ਫੈਸਲਾ ਲੈਂਦੇ ਹਨ। ਭਾਰਤ ਦੇ ਵਿੱਚ ਐਮ.ਪੀ ਜਾਂ ਮੰਤਰੀਆਂ ਉੱਤੇ ਕੇਸ ਹੋਣ ਦੇ ਬਾਵਜੂਦ ਵੀ ਚੋਣਾਂ ਲੜਦੇ ਹਨ।। ਪਰਵਾਸ ਦੇ ਵਿੱਚ ਕਿਸੇ ਮੰਤਰੀ ਦੀ ਗਲਤ ਸੂਚਨਾ ਮਿਲਣ ਤੇ ਉਸਨੂੰ ਪਾਰਟੀ ਦੇ ਵਿੱਚੋਂ ਕੱਢ ਦਿੱਤਾ ਜਾਂਦਾ ਹੈ। ਸਾਰੀਆਂ ਪਾਰਟੀਆਂ ਦਾ ਇਹੋ ਹੀ ਤਰੀਕਾ ਹੈ। ਜੇਕਰ ਕੋਈ ਉਮੀਦਵਾਰ ਪਹਿਲਾਂ ਜਿੱਤਿਆਂ ਹੋਇਆ ਹੈ ਪਾਰਟੀਆਂ ਉਸਨੂੰ ਪਾਰਲੀਮੈਂਟ ਚੋਣਾਂ ਦਾ ਆਪ ਮੌਕਾ ਦਿੰਦੀਆਂ ਹਨ। ਹਰ ਚੋਣਾਂ ਨੂੰ ਲੋਕਤੰਤਰੀ ਤਰੀਕੇ ਨਾਲ ਲੜਿਆ ਜਾਂਦਾ ਹੈ। ਭਾਰਤ ਦੇ ਵਿੱਚੋਂ ਆਏ ਵਿਅਕਤੀ ਪਾਰਟੀਆਂ ਦੇ ਵਿੱਚ ਸ਼ਾਮਿਲ ਹੁੰਦੇ ਹਨ, ਉਹਨਾਂ ਨੂੰ ਵੋਟਾਂ ਪਾਉਣ ਦੇ ਲਈ ਭਾਰਤ ਦੇ ਵਿੱਚੋਂ ਫੋਨ ਆਉਂਦੇ ਹਨ। ਉਹ ਸ਼ਾਮਿਲ ਵਿਅਕਤੀ ਗਲਤੀਆਂ ਕਰ ਰਹੇ ਹਨ , ਪਰ ਗਲਤੀ ਦਾ ਪਤਾ ਲੱਗਣ ਤੇ ਮਿੰਟਾਂ ਦੇ ਵਿੱਚ ਪਾਰਟੀਆਂ ਦੇ ਵਿੱਚੋਂ ਨਿਕਾਲਾ ਮਿਲ ਜਾਂਦਾ ਹੈ।

- **ਪੰਜਾਬੀ ਨੌਜਵਾਨ ਪਰਵਾਸ ਧਾਰਨ ਕਰਨ ਉਪਰੰਤ ਸੰਗੀਤ ਦੇ ਮਾਧਿਅਮ ਰਾਹੀਂ ਆਪਣੀ ਮਿਹਨਤ /ਮੁਸੀਬਤ/ ਸ਼ੋਅ ਆਫ ਦੀ ਪੇਸ਼ਕਾਰੀ ਕਰ ਰਿਹਾ ਹੈ, ਇਸ ਤੋਂ ਤੁਹਾਡਾ ਕੀ ਵਿਚਾਰ ਹੈ।**

ਜਿਹੜੇ ਨੌਜਵਾਨ ਵਿਦਿਆ ਨੂੰ ਆਧਾਰ ਬਣਾ ਕੇ ਪਰਵਾਸ ਧਾਰਨ ਕਰਦੇ ਹਨ। ਅਮਰੀਕਾ, ਕੈਨੇਡਾ ਆ ਰਹੇ ਹਨ। ਜਦੋਂ ਬੱਚੇ ਪੰਜਾਬ ਦੇ ਵਿੱਚ ਰਹਿ ਰਹੇ ਹੁੰਦੇ ਜਾਂ ਪੜ੍ਹ ਰਹੇ ਹੁੰਦੇ ਹਨ ਉਹਨਾਂ ਕੋਲੋਂ ਕੋਈ ਕੰਮ ਨਹੀਂ ਕਰਵਾਇਆ ਜਾਂਦਾ ਹੈ। ਉਹ ਐਸ਼ ਵਾਲਾ ਜੀਵਨ ਬਤੀਤ ਕਰਦੇ ਹਨ। ਵਿਹਲਿਆਂ ਨੇ ਕਾਰਾਂ ਦੇ ਵਿੱਚ ਗੇੜੇ ਦੇਣੇ, ਗੀਤਾਂ ਦੇ ਵਿੱਚ ਬੰਦੂਕਾਂ ਜਾਂ ਜੱਟਵਾਦ ਨੂੰ ਫੈਲਾਇਆ ਜਾ ਰਿਹਾ ਹੈ। ਜਦੋਂ ਬੱਚੇ ਬਾਹਰ ਆਉਂਦੇ ਤਾਂ ਉਹਨਾਂ ਦਾ ਹਕੀਕਤ ਦੇ ਨਾਲ ਸਾਹਮਣਾ ਹੁੰਦਾ ਹੈ। ਪਹਿਲੀ ਗੱਲ ਕੋਈ ਰੋਟੀ ਨਹੀ ਦਿੰਦਾ ਅਤੇ ਆਪਣੇ ਸਾਰੇ ਖਰਚੇ ਆਪ ਹੀ ਕਰਨੇ ਪੈਂਦੇ ਹਨ। ਆਉਣ-ਜਾਣ, ਖਾਣ ਪੀਣ, ਕਾਰਾਂ, ਰਹਿਣ-ਸਹਿਣ ਆਦਿ ਦਾ ਖਰਚਾ ਕੱਢਣਾ ਪੈਂਦਾ ਹੈ। ਫੀਸਾਂ ਦੇਣ ਦੇ ਲਈ ਕਈ ਘੰਟੇ ਕੰਮ ਕਰਨਾ ਪੈਂਦਾ ਹੈ। ਅਸਲ ਦੇ ਵਿੱਚ ਪਰਵਾਸ ਹੀ ਉਹਨਾਂ ਨੂੰ ਜੀਵਨ ਦੀ ਹਕੀਕਤ ਦੇ ਕਰੀਬ ਲੈ ਜਾਂਦਾ ਹੈ।



## ਡਾ. ਭੀਮ ਇੰਦਰ ਸਿੰਘ ਦੇ ਨਾਲ ਮੁਲਾਕਾਤ

➢ **ਵਿਸਵੀਕਰਨ ਦੇ ਦੌਰ ਦੇ ਵਿੱਚ ਭਾਰਤੀ/ਪੰਜਾਬੀ ਸਮਾਜ ਉੱਤੇ ਕਿਸ ਪ੍ਰਕਾਰ ਦਾ ਪ੍ਰਭਾਵ ਪੈ ਰਿਹਾ ਹੈ, ਇਸ ਤੋਂ ਤੁਹਾਡਾ ਕੀ ਨਜਰੀਆ ਹੈ।**

ਵਿਸ਼ਵੀਕਰਨ ਦਾ ਮਤਲਬ ਹੈ ਕਿ ਤਾਂ ਤੁਹਾਡਾ ਵਿਕਾਸ ਜਾਂ ਦੇਸ਼ ਦਾ ਵਿਕਾਸ ਮਲਟੀਨੈਸ਼ਨਲ ਕੰਪਨੀਆਂ ਦੇ ਮੁਤਾਬਕ ਹੋਵੇ। ਮਲਟੀਨੈਸ਼ਨਲ ਘਰਾਣੇ ਕਿਵੇਂ ਦਾ ਵਿਕਾਸ ਚਾਹੁੰਦੇ ਹਨ ਉਹਨਾਂ ਦੇ ਵਿੱਚ ਵਿਸ਼ਵ ਦੇ ਘਰਾਣੇ ਜਾਂ ਅਡਾਨੀ/ਅੰਬਾਨੀ ਆਦਿ ਘਰਾਣੇ ਆਉਂਦੇ ਹਨ। ਕਿਸਾਨਾਂ ਦੇ ਤਿੰਨ ਕਾਲੇ ਕਾਨੂੰਨ ਬਣੇ ਉਸ ਦੇ ਵਿੱਚ ਆਵਾਜ਼ ਉੱਠੀ ਕਿ ਸਰਕਾਰ ਅਡਾਨੀ/ ਅੰਬਾਨੀ ਦੇ ਇਸ਼ਾਰਿਆਂ ਉੱਤੇ ਕੰਮ ਕਰ ਰਹੀ ਹੈ। ਹੌਲੀ ਹੌਲੀ ਖੇਤੀ ਦਾ ਵਿਕਾਸ ਹੋਵੇ ਜੋ ਕਾਰਪੋਰੇਟ ਮੀਡੀਆ ਚਾਹੁੰਦਾ ਹੈ। ਉਹਨਾਂ ਨੇ ਮੀਡੀਆ, ਫੈਸ਼ਨ ਇੰਡਸਟਰੀ, ਤੁਹਾਡੀ ਸੋਚ ਆਦਿ ਤੇ ਉਹਨਾਂ ਦਾ ਕੰਟਰੋਲ ਹੈ। ਇੱਥੋ ਤੱਕ ਕਿ ਕਰੋਨਾ ਦੀ ਮਹਾਂਮਾਰੀ ਨੂੰ ਵਿਸ਼ਵੀਕਰਨ ਦੇ ਨਾਲ ਜੋੜ ਕੇ ਦੇਖ ਸਕਦੇ ਹਾਂ। ਮਲਟੀਨੈਸ਼ਨਲ ਕੰਪਨੀਆਂ ਨੇ ਦਵਾਈਆਂ ਬਣਾਈਆਂ ਹਨ, ਉਹਨਾਂ ਦੇ ਪਿੱਛੇ ਅਰਬਾਂ-ਖਰਬਾਂ ਦਾ ਬਿਜ਼ਨੈਸ ਹੈ। ਵੱਖ ਵੱਖ ਮਹਾਂ ਬਿਮਾਰੀਆਂ ਦੇ ਨਾਂ ਤੇ ਲੋਕਾਂ ਨੂੰ ਡਰਾਇਆ ਜਾਂਦਾ ਹੈ। ਲੋਕਾਂ ਨੂੰ ਡਰਾ ਕੇ ਧਮਕਾ ਕੇ ਆਪਣੀਆਂ ਦਵਾਈਆਂ ਵੇਚਦੇ ਹਨ। ਪਿੱਛਲੇ ਸਾਲਾਂ ਤੋਂ ਲੋਕਾਂ ਨੂੰ ਮਹਾਂਬਿਮਾਰੀਆਂ ਦੇ ਨਾਂ ਤੇ ਡਰਾਇਆ ਜਾਂਦਾ ਹੈ, ਹੁਣ ਤਾਂ ਉਹਨਾਂ ਨੇ ਹੱਦ ਹੀ ਕਰ ਦਿੱਤੀ। ਕਰੋਨਾਂ ਮਹਾਂ ਬਿਮਾਰੀ ਦੇ ਨਾਂ ਤੇ ਲੋਕਾਂ ਨੂੰ ਘਰਾਂ ਦੇ ਵਿੱਚ ਬੰਦ ਕਰ ਦਿੱਤਾ। ਹਜ਼ਾਰਾਂ ਲੋਕਾਂ ਨੂੰ ਦਿਖਾਇਆ ਗਿਆ ਤੁਸੀ ਅੰਦਰ ਰਹੋ, ਘਰ ਤੋਂ ਬਾਹਰ ਆਏ ਤਾਂ ਮਹਾਂਮਾਰੀ ਤੁਹਾਨੂੰ ਘੇਰ ਲਵੇਗੀ। ਤੁਸੀਂ ਇਹ ਖਾਣਾ ਜਾਂ ਤੁਸੀ ਉਹ

ਕਰਨਾਂ ਆਦਿ ਦੱਸਿਆ ਗਿਆ। ਪ੍ਰਧਾਨ ਮੰਤਰੀ ਨੇ ਤਾੜੀਆਂ ਤੱਕ ਮਾਰਨ ਨੂੰ ਬੋਲ ਦਿੱਤਾ। ਇਸ ਨਾਲ ਕਰੋਨਾ ਭੱਜ ਜਾਵੇਗਾ। ਇਹ ਸਾਰਾ ਕੁਝ ਕਿਤੇ ਨਾ ਕਿਤੇ ਜਾ ਕੇ ਮਲਟੀ ਨੈਸ਼ਨਲ ਕੰਪਨੀਆਂ ਦੇ ਨਾਲ ਜੁੜ ਜਾਂਦਾ ਹੈ। 1990 ਤੋਂ ਬਾਅਦ ਵੱਖ ਵੱਖ ਦੇਸ਼ਾਂ ਦੇ ਵਿੱਚ ਜਿਹੜੀਆਂ ਸਰਕਾਰਾਂ ਬਣੀਆਂ ਹਨ, ਉਹ ਮਲਟੀਨੈਸ਼ਨਲ ਕੰਪਨੀਆਂ ਦੀਆਂ ਕੱਠਪੁਤਲੀਆਂ ਬਣੀਆਂ ਹਨ ਜੋ ਉਹਨਾਂ ਦੇ ਪਿੱਛੇ ਦਬਾ-ਦਬਾ ਹੁੰਦਾ ਹੈ, ਸਰਕਾਰਾਂ ਵੀ ਉਹੀ ਕੰਮ ਕਰਦੀਆਂ ਹਨ। ਉਹਨਾਂ ਨੂੰ ਮੁਨਾਫਾ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਹੋਰ ਦੇਸ਼ਾਂ / ਭਾਰਤ ਵਰਗੇ ਦੇਸ਼ਾਂ ਦੇ ਵਿੱਚ ਚੋਣਾਂ ਦੇ ਸਮੇਂ ਅਰਬਾਂ-ਖਰਬਾਂ ਦਾ ਖਰਚ ਕੀਤਾ ਜਾਂਦਾ ਹੈ। ਉਹ ਸਾਰਾ ਪੈਸਾ ਵੱਡੀਆਂ ਵੱਡੀਆਂ ਕੰਪਨੀਆਂ ਕਰਦੀਆਂ ਹਨ। ਜਦੋਂ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਇਆ ਲਗਾਤਾਰ ਪੈਸਾ ਕੌਣ ਖਰਚ ਕਰ ਰਿਹਾ ਸੀ ਤਾਂ ਉਹ ਅਡਾਨੀ ਕਰ ਰਹੇ ਸੀ। ਉਹ ਅਰਬਾਂ-ਖਰਬਾਂ ਵੀ ਉਹ ਖਰਚ ਕਰ ਰਹੇ ਸੀ। ਮੋਦੀ ਨੂੰ ਪ੍ਰਧਾਨ ਮੰਤਰੀ ਦਾ ਚਿਹਰਾ ਵੀ ਬਣਾ ਕੇ ਪੇਸ਼ ਕਰਨਾ ਉਹ ਸਾਰੀ ਇੱਕ ਗੇਮ ਸੀ। ਮੀਡੀਆ ਉਹਨੂੰ ਸਾਰਾ ਕੰਟਰੋਲ ਕਰ ਰਿਹਾ ਸੀ। ਮੋਦੀ ਸਰਕਾਰ ਆਉਣ ਤੋਂ ਬਾਅਦ ਇਹਨਾਂ ਨੇ ਸਾਰਾ ਕੁਝ ਪ੍ਰਾਈਵੇਟ ਕਰ ਦਿੱਤਾ ਜਿਵੇਂ ਕਿ ਐਲ.ਆਈ. ਸੀ, ਰੇਲਵੇ, ਇੰਡੀਅਨ ਏਅਰਲਾਈਨ ਨੂੰ ਨਿੱਜੀ ਹੱਥਾਂ ਦੇ ਵਿੱਚ ਦੇ ਦਿੱਤਾ ਗਿਆ ਹੈ। ਜਹਾਜ਼ਾਂ ਦੇ ਅੱਡੇ ਤੱਕ ਵੇਚ ਦਿੱਤੇ ਹਨ। ਇੱਥੋਂ ਤੱਕ ਕਿ ਲਾਲ ਕਿਲ੍ਹਾ ਜਿਹੜਾ ਭਾਰਤੀਆਂ ਦਾ ਧੁਰਾ ਹੈ, ਉਸਨੂੰ ਵੀ ਡਾਲਵੀਆਂ ਨੂੰ ਕਰੋੜਾਂ ਰੁਪਏ ਦੇ ਵਿੱਚ ਗਿਰਵੀ ਰੱਖ ਦਿੱਤਾ ਹੈ। ਸਾਰਾ ਕੁਝ ਮਲਟੀਨੈਸ਼ਨਲ ਕੰਪਨੀਆਂ ਨੂੰ ਫਾਇਦਾ ਦੇਣ ਦੇ ਲਈ ਵਿਸ਼ਵੀਕਰਨ ਦੇ ਨਾਂ ਹੇਠਾਂ ਕੀਤਾ ਜਾਂਦਾ ਹੈ। ਉਹਨਾਂ ਦਾ ਮੁੱਖ ਮਕਸਦ ਮੁਨਾਫਾ ਕਮਾਉਣਾ ਹੈ, ਉਹ ਮੁਨਾਫਾ ਕਿਸੇ ਵੀ ਤਰ੍ਹਾਂ ਕਮਾਇਆ ਜਾ ਸਕਦਾ ਭਾਵੇ ਉਹ ਮੁਨਾਫਾ ਵਾਤਾਵਰਣ ਨੂੰ ਤਬਾਹ ਕਰ ਕੇ ਲਿਆਂਦਾ ਜਾ ਸਕਦਾ ਹੈ। ਸੋ ਇਸ ਕਰਕੇ 1990 ਤੋਂ ਬਾਅਦ ਜਿਹੜੀਆਂ ਚੀਜ਼ਾਂ ਵਾਪਰ ਰਹੀਆਂ ਹਨ, ਉਹਨਾਂ ਦੇ ਵਿੱਚ ਹਿੰਦੋਸਤਾਨ/ ਪੰਜਾਬ ਦੇ ਵਿੱਚ ਜੋ ਬਦਲਾਅ ਆਇਆ ਜਾਂ ਪੰਜਾਬੀ ਰਿਸ਼ਤੇ ਜਾਂ ਤੌਰ ਤਰੀਕੇ ਬਦਲ ਗਏ ਹਨ। 1996 ਤੋਂ ਪੀ ਪੀ .ਐਸ.ਸੀ ਨੇ ਭਰਤੀ ਕਰਨੀ ਹੁੰਦੀ ਹੈ,( ਅਧਿਆਪਕ ਜਾਂ ਪ੍ਰੋਫੈਸਰ) ਉਹਨਾਂ ਦੀ ਭਰਤੀ ਨਹੀ ਕੀਤੀ ਗਈ ਹੈ। ਵਿਸ਼ਵੀਕਰਨ ਨੇ ਹਰ ਪਾਸੇ ਤੋਂ ਤਹਾਨੂੰ ਘੇਰਿਆ ਹੈ।

- **ਭਾਰਤੀ/ਪੰਜਾਬੀ ਸਭਿਆਚਾਰ ਦੇ ਵਿੱਚ ਲਿਵਿੰਗ ਰੀਲੇਸ਼ਨਸ਼ਿਪ ਦੀ ਨਵੀਂ ਸੋਚ ਸ਼ਾਮਿਲ ਹੋ ਰਹੀ ਹੈ, ਇਹ ਸਭਿਆਚਾਰ ਨੂੰ ਨਵਾਂਪਣ ਦੇ ਰਿਹਾ ਜਾਂ ਸਭਿਆਚਾਰਕ ਮੁੱਲਾਂ ਨੂੰ ਖਤਮ ਕਰ ਰਿਹਾ ਹੈ। ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਇਹ ਪਹਿਲੇ ਸਵਾਲ ਦੇ ਨਾਲ ਜੁੜਿਆ ਹੋਇਆ ਹੈ। ਸਾਡੇ ਬੁਨਿਆਦੀ ਰਿਸ਼ਤੇ ਜਿਸ ਦੇ ਵਿੱਚ ਵਿਆਹ ਇਕ ਪਵਿੱਤਰ ਰਿਸ਼ਤਾ ਮੰਨਿਆਂ ਜਾਂਦਾ ਹੈ। ਅਗਨੀ ਦੇ ਦੁਆਲੇ ਸੱਤ ਫੇਰੇ ਲਏ ਜਾਂਦੇ ਹਨ। ਸਿੱਖ ਧਰਮ ਦੇ ਵਿੱਚ ਚਾਰ ਫੇਰੇ ਲਏ ਜਾਂਦੇ ਹਨ। ਇਹ ਰਿਸ਼ਤਾ ਪਵਿੱਤਰ ਅਤੇ ਸੱਤ ਜਨਮਾਂ ਦਾ ਮੰਨਿਆ ਜਾਂਦਾ ਹੈ। ਸਾਡੀਆਂ ਕਦਰਾਂ-ਕੀਮਤਾਂ ਨੂੰ ਖਤਮ ਕਰਕੇ ਯੂਰਪੀਅਨ ਕਲਚਰ ਨੂੰ ਲਿਆਂਦਾ ਜਾ ਰਿਹਾ ਹੈ ਅਤੇ ਮਲਟੀਨੈਸ਼ਨਲ ਕੰਪਨੀਆਂ ਉੱਥੋਂ ਦੇ ਸਭਿਆਂਚਾਰ ਨੂੰ ਸਾਡੇ ਉੱਤੇ ਥੋਪਣਾ ਚਾਹੁੰਦੀਆਂ ਹਨ। 1990 ਤੋਂ ਬਾਅਦ ਸਾਡੇ ਰਿਸ਼ਤੇ ਟੁੱਟਣੇ ਸ਼ੁਰੂ ਹੋ ਗਏ। ਜਿੱਥੇ ਵਿਸ਼ਵੀਕਰਨ ਦਾ ਵਿਕਾਸ ਤੇਜ਼ੀ ਦੇ ਨਾਲ ਹੋਇਆਂ (ਅਮਰੀਕਾ,ਕੈਨੇਡਾ) ਵਰਗੇ ਦੇਸ਼ਾਂ ਦੇ ਵਿੱਚ ਰਿਸ਼ਤੇ ਟੁੱਟਣੇ ਸ਼ੁਰੂ ਹੁੰਦੇ ਹਨ। ਸਾਡੇ ਅਜੇ ਵੀ ਬਰਕਰਾਰ ਹਨ, ਕਿਉਂਕਿ ਸਾਡੀਆਂ ਪੁਰਾਣੀਆਂ ਕਦਰਾਂ-ਕੀਮਤਾਂ ਸਾਡੇ ਰਿਸ਼ਤਿਆਂ ਨੂੰ ਬਚਾ ਰਹੀਆਂ ਹਨ। ਵਿਸ਼ਵੀਕਰਨ ਨੇ ਆਣ ਕੇ ਸਾਡੇ ਰਿਸ਼ਤਿਆਂ ਨੂੰ ਤੋੜਿਆ ਹੈ। ਵਿਆਹ ਵਰਗੇ ਪੱਵਿਤਰ ਰਿਸ਼ਤੇ ਵਿੱਚ ਇਕੱਠੇ ਰਹਿਣਾ ਅਤੇ ਪਰਿਵਾਰ ਬਣਾਉਣਾ, ਵਰਤਮਾਨ ਸਮੇਂ ਦੀ ਹਕੀਕਤ ਦਾ ਕੁਝ ਪਤਾ ਨਹੀਂ ਕਦੋਂ ਛੱਡ ਛੱਡਾ ਹੋ ਜਾਵੇ। ਜਿਵੇਂ ਯੂਰਪੀ ਦੇਸ਼ਾਂ ਦੇ ਵਿੱਚ ਹੋ ਰਿਹਾ ਉਵੇਂ ਹੀ ਹੋ ਰਿਹਾ ਹੈ। ਪਸ਼ੂ ਵੀ ਇਹੋ ਕਰਦੇ, ਸਭਿਆਚਾਰ ਦੇ ਵਿੱਚ ਵਿਆਹ ਵਰਗੇ ਰਿਸ਼ਤੇ ਦੇ ਵਿੱਚ ਬੱਝ ਕੇ ਰਹਿੰਦੇ ਸਨ। ਪਸ਼ੂ ਵੀ ਜਿਸ ਦੇ ਮਰਜ਼ੀ ਨਾਲ ਜਾ ਜੁੜਦੇ ਹਨ। ਹੁਣ ਇਨਸਾਨ ਵੀ ਉਹ ਹੀ ਕਰ ਰਿਹਾ ਹੈ। ਬੁਨਿਆਦੀ ਤੌਰ ਤੇ ਸਾਨੂੰ ਪਸ਼ੂਪੁਣੇ ਦੇ ਵੱਲ ਤੋਰਿਆ ਜਾ ਰਿਹਾ ਹੈ ਚਾਹੇ ਉਹ ਖਾਣੇ ਦੀ ਗੱਲ ਹੋਵੇ, ਰਹਿਣ ਸਹਿਣ ਦੀ ਗੱਲ ਸਭ ਕੁਝ ਖਪਤਵਾਦੀ ਵਤੀਰੇ ਦੇ ਪ੍ਰਭਾਵ ਅਧੀਨ ਬਦਲ ਰਿਹਾ ਹੈ। ਪੰਜਾਬ ਦਾ ਸਿਸਟਮ ਨਿਰੋਆ ਤੇ ਵਧੀਆ ਸੀ। ਵਰਤਮਾਨ ਪੀੜ੍ਹੀ ਨੂੰ ਨਵੇਂ ਸੰਕਟ ਦੇ ਵੱਲ ਲੈ ਕੇ ਜਾਂਦਾ ਹੈ।

- **ਕੋਵਿਡ 19 ਦੌਰਾਨ ਆਰਥਕ ਹਾਲਤ ਡਾਵਾਂ ਡੋਲ ਹੋਏ ਅਤੇ ਨਵੀਆਂ ਰਾਜਨੀਤਿਕ ਪਾਰਟੀਆਂ ਦੇ ਉਭਾਰ ਤੋਂ ਤੁਹਾਡਾ ਕੀ ਨਜਰੀਆ ਹੈ।**

ਮੈਂ ਪਹਿਲਾਂ ਵੀ ਦੱਸ ਚੁੱਕਿਆਂ ਹਾਂ ਕਿ ਵਿਸ਼ਵੀਕਰਨ ਤੋਂ ਬਾਅਦ ਲੋਕਾਂ ਨੂੰ ਲੱਗਦਾ ਸੀ ਕਿ ਵਿਸ਼ਵੀਕਰਨ ਬਹੁਤ ਵਧੀਆਂ ਪ੍ਰਕਿਰਿਆ ਹੈ। 1990 ਦੇ ਵਿੱਚ ਲੋਕਾਂ ਬਹੁਤ ਉਤਸਾਹਿਤ ਹੋ ਕੇ ਵਿਸ਼ਵੀਕਰਨ ਦਾ ਆਗਮਨ ਕੀਤਾ ਤੇ ਡਾ.ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਦੇ ਤੌਰ ਤੇ ਲਿਆਂਦਾ ਗਿਆ। ਉਹਨਾਂ ਨੂੰ ਕਿਹਾ ਕਿ ਵਿਸ਼ਵੀਕਰਨ ਦੇ ਨਵੇਂ ਕਾਨੂੰਨ ਬਣਾ ਦਿਉ ਜਿਵੇਂ ਕਿ ਉਦਾਰੀਕਰਨ ਜਾਂ ਨਿੱਜੀਕਰਨ ਕਰ ਦਿਉ। ਸਰਕਾਰੀ ਸੰਸਥਾਵਾਂ, ਸਕੂਲ ਕਾਲਜ ਵੱਖ ਵੱਖ ਸਰਕਾਰੀ ਸਹੂਲਤਾਂ ਨੂੰ ਹੌਲੀ ਹੌਲੀ ਪ੍ਰਾਈਵੇਟ ਕੀਤਾ ਗਿਆ। ਸੋ ਇਸ ਤਰ੍ਹਾਂ ਵਿਸ਼ਵੀਕਰਨ ਦਾ ਮਤਲਬ ਇੱਕ ਪਿੰਡ ਬਣ ਜਾਵੇਗਾ। ਆਦਾਨ –ਪ੍ਰਦਾਨ ਬਹੁਤ ਤੇਜ਼ੀ ਨਾਲ ਹੋਵੇਗਾ। ਲੋਕਾਂ ਨੇ ਇਸ ਨੂੰ ਕਬੂਲ ਕੀਤਾ ਤੇ ਲੋਕ ਵੀ ਇਸਦੇ ਹੱਕ ਦੇ ਵਿੱਚ ਆਏ, ਕਿਉਂਕਿ ਸਾਨੂੰ ਪਤਾ ਸੀ ਕਿ ਵਿਸ਼ਵੀਕਰਨ ਦਾ ਸੰਕਟ ਆਉਣਾ ਹੀ ਹੈ। ਪਰ ਇਹ ਸੰਕਟ 2008 ਦੇ ਵਿੱਚ ਉਭਰ ਕੇ ਸਾਹਮਣੇ ਆਇਆ ਤੇ ਕਈ ਬੈਂਕ ਦੀਵਾਲੀਏ ਹੋ ਗਏ। ਲੋਕਾਂ ਨੇ ਲੋਨ ਲੈ ਕੇ ਚੀਜ਼ਾਂ ਤੇ ਘਰ ਬਣਾਏ। 2008 ਦੇ ਵਿੱਚ ਰੋਜ਼ਗਾਰ ਘੱਟਣਾ ਸ਼ੁਰੂ ਹੋ ਗਿਆ। ਜਿਹੜੇ ਲੋਕਾਂ ਨੇ ਲੋਨ ਲਿਆ ਸੀ ਉਹ ਲੋਕ ਦੀਵਾਲੀਏ ਹੋ ਗਏ। ਉਹਨਾਂ ਦੇ ਕੋਲ ਬੈਂਕ ਦੀਆਂ ਕਿਸ਼ਤਾਂ ਦੇਣ ਯੋਗੇ ਵੀ ਪੈਸੇ ਨਹੀਂ ਸਨ। ਉਹ ਬੈਂਕ ਡੁੱਬਣੇ ਸ਼ੁਰੂ ਹੋ ਗਏ ਜਿੱਥੇ ਲੋਕਾਂ ਨੂੰ ਕਰਜ਼ਾ ਦਿੱਤਾ ਹੋਇਆ ਸੀ। ਕਰਜ਼ਾ ਨਾ ਮੁੜਨ ਦੇ ਕਰਕੇ ਬੈਂਕ ਰਾਤੋ ਰਾਤ ਦੀਵਾਲੀਏ ਹੋ ਗਏ। 2008 ਤੋਂ ਸੰਕਟ ਵੱਧ ਰਿਹਾ ਸੀ। ਵਿਸ਼ਵੀਕਰਨ (ਕੈਪੀਟੀਲਿਜਮ) ਦਾ ਇੱਕ ਨੇਮ ਹੈ, ਦਸਾਂ ਸਾਲਾਂ ਦੇ ਬਾਅਦ ਇੱਕ ਸੰਕਟ ਆਉਂਦਾ ਹੈ। ਕਾਰਖਾਨੇ ਭਰ ਜਾਂਦੇ ਸਾਮਾਨ ਦੇ ਨਾਲ, ਖਰੀਦਣ ਵਾਲੇ ਨਹੀਂ। ਲੋਕਾਂ ਦੇ ਕੋਲ ਰੋਜ਼ਗਾਰ ਨਹੀਂ ਹੁੰਦਾ ਹੈ। ਜੇਕਰ ਤੁਹਾਡੇ ਕੋਲ ਪੈਸਾ ਹੀ ਨਹੀਂ ਹੈ, ਤੁਸੀ ਕਿਵੇਂ ਖਰੀਦ ਸਕਦੇ ਹੋ। ਕਾਰਪੋਰੇਟ ਘਰਾਣਿਆਂ ਨੇ ਇੱਕ ਸਕੀਮ ਘੜੀ ਕਿ ਸਾਰਾ ਕੁਝ ਬੰਦ ਕਰਾ ਦਿਉ। ਉਹਨਾਂ ਨੇ ਸੋਚਿਆ ਕਿ ਉਹਦਾ ਕੋਈ ਵਿਰੋਧ ਨਹੀ ਕਰੇਗਾ। ਲੋਕ ਸੜਕਾਂ ਤੇ ਨਹੀਂ ਆਉਣਗੇ। ਜੇਕਰ ਫੈਕਟਰੀਆਂ ਬੰਦ ਹੋਣਗੀਆਂ ਤਾਂ ਇਹ ਸੰਕਟ ਵੀ ਦੂਰ ਹੋ ਜਾਵੇਗਾ। ਇਸੇ ਤਰ੍ਹਾਂ ਹੀ ਕਰੋਨਾ ਦਾ ਡਰ ਦਿੱਤਾ ਗਿਆ। ਲੋਕਾਂ ਨੂੰ ਡਰ ਦੇ ਨਾਲ ਸਾਰਾ ਕੁਝ ਬੰਦ ਕਰਾ

ਦਿੱਤਾ ਗਿਆ। ਇਸੇ ਤਰ੍ਹਾਂ ਹੀ ਭਾਰਤ ਦੇ ਵਿੱਚ ਕੀਤਾ ਗਿਆ। ਲੋਕ ਡਰ ਕੇ ਘਰਾਂ ਦੇ ਵਿੱਚ ਬੰਦ ਹੋ ਕੇ ਬੈਠ ਗਏ। 6ਮਹੀਨੇ ਲਗਾਤਾਰ ਬੰਦ ਰਿਹਾ ਹੈ। ਮਜ਼ਦੂਰ ਜਮਾਤ ਤੇ ਬਹੁਤ ਸਾਰਾ ਸੰਕਟ ਆਇਆ, ਕਈ ਆਪਣੇ ਪਿੰਡਾਂ ਨੂੰ ਚਲੇ ਗਏ। ਕਰੋਨਾ ਦੇ ਵਿੱਚ 42 ਬਿਲ ਪਾਸ ਕੀਤੇ ਗਏ। ਇਹਨਾਂ ਬਿੱਲਾਂ ਦੇ ਵਿੱਚ ਇਕ ਬਿੱਲ ਇਹ ਵੀ ਸੀ ਕਿ ਮਜ਼ਦੂਰ ਜਮਾਤ ਨੂੰ 8 ਘੰਟੇ ਦੀ ਬਜਾਇ 12 ਘੰਟੇ ਕੰਮ ਕਰਨਾ ਪਵੇਗਾ।

- **ਵਰਤਮਾਨ ਸਮੇਂ ਦੇ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਨੂੰ, ਤੁਸੀ ਕਿਸ ਨਜਰੀਆ ਤੋਂ ਦੇਖਦੇ ਹੋ।**

ਹੁਣ ਤਾਂ ਮੀਡੀਆ ਗੋਦੀ ਮੀਡੀਆ ਹੀ ਬਣਿਆ ਹੋਇਆ ਹੈ। 1990 ਤੋਂ ਬਾਅਦ ਸਰਕਾਰਾਂ ਨੇ ਸਭ ਕੁਝ ਪ੍ਰਾਈਵੇਟ ਕਰ ਦਿੱਤਾ। ਸਰਕਾਰੀ(ਦੂਰਦਰਸ਼ਨ) ਵੀ ਉਹਨਾਂ ਦੇ ਕੰਟਰੋਲ ਦੇ ਵਿੱਚ ਸੀ। ਫਿਰ ਹੌਲੀ-ਹੌਲੀ ਪ੍ਰਾਈਵੇਟ ਚੈਨਲ ਬਣਨ ਲੱਗ ਪਏ। ਉਹ ਚੈਨਲ ਵੱਡੇ ਵੱਡੇ ਘਰਾਣਿਆਂ ਦੇ ਕੰਟਰੋਲ ਹੇਠਾਂ ਚਲਦੇ ਹਨ। ਅਡਾਨੀ ਅੰਬਾਨੀ ਦੇ ਵੀ ਆਪਣੇ ਮੀਡੀਆ ਸੈਂਟਰ ਹਨ। ਆਜ ਤੱਕ ਜਾਂ ਕੋਈ ਹੋਰ ਚੈਨਲ ਹਨ, ਇਹਨਾਂ ਉੱਤੇ ਇਹਨਾਂ ਘਰਾਣਿਆਂ ਦਾ ਪੈਸਾ ਲੱਗਿਆ ਹੋਇਆ ਹੈ। ਸਰਕਾਰਾਂ ਦੇ ਅਨੁਸਾਰ ਚਲ ਰਹੇ ਹਨ। ਹੁਣ ਲੋਕਾਂ ਨੇ ਕਹਿਣਾ ਹੀ ਸ਼ੁਰੂ ਕਰ ਦਿੱਤਾ ਗੋਦੀ ਮੀਡੀਆ ਹੈ। ਗੋਦੀ ਮੀਡੀਆ ਜਾਣੀ ਕਿ ਮੋਦੀ ਸਰਕਾਰ ਦੇ ਦਾਇਰੇ ਦੇ ਅਸਰ ਹੇਠ ਹੈ। ਜੇ ਅਸੀ ਕਹਿ ਲਈਏ ਕਿ ਬੰਗਾਲ ਦੇ ਵਿੱਚ ਕਿਉਂ ਜਿੱਤ ਗਏ, ਕਿਉਂਕਿ ਮੀਡੀਆ ਦੇ ਬਰਾਬਰ ਸੋਸ਼ਲ ਮੀਡੀਆਂ ਆ ਗਿਆ। ਸੋਸ਼ਲ ਮੀਡੀਆ ਦੇ ਆਉਣ ਕਰਕੇ ਗੋਦੀ ਮੀਡੀਆ ਨੂੰ ਨਿਸ਼ਾਨੇ ਉੱਤੇ ਲਿਆ ਜਿਸ ਕਰਕੇ ਸਾਨੂੰ ਲੱਗਦਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਚੰਗੀਆਂ ਸਰਕਾਰਾਂ ਬਣਨਗੀਆਂ। ਜਦੋਂ ਬਿਮਾਰੀ ਕੋਈ ਆਉਂਦੀ ਤਾਂ ਉਹਦਾ ਕੋਈ ਨਾ ਕੋਈ ਹੱਲ ਪਿਆ ਹੁੰਦਾ ਹੈ । ਇਹ ਕੁਦਰਤ ਦਾ ਨੇਮ ਹੈ। ਇਸ ਸਿਸਟਮ ਦੇ ਵਿੱਚੋਂ ਹੀ ਇੱਕ ਨਵਾਂ ਸਿਸਟਮ ਨਿਕਲੇਗਾ ਲੋਕ ਸਰਕਾਰਾਂ ਨੂੰ ਚੰਗਾ ਨਹੀ ਸਮਝ ਰਹੇ, ਸਰਕਾਰਾਂ ਦੀਆਂ ਪੋਲਾਂ ਖੋਲ੍ਹ ਰਹੇ ਹਨ। ਸੋਸ਼ਲ ਮੀਡੀਆ ਦੇ ਰਾਹੀਂ ਕੋਸ਼ਿਸ਼ ਕਰ ਰਹੇ ਹਨ, ਜੇ ਕਿਸਾਨ ਅੰਦੋਲਨ ਇੱਥੋਂ ਤੱਕ ਪਹੁੰਚਿਆਂ ਤਾਂ ਸੋਸ਼ਲ ਮੀਡੀਆ ਦਾ ਬਹੁਤ ਯੋਗਦਾਨ ਹੈ।



## ਮੁਲਾਕਾਤ ਡਾ. ਰਵੇਲ ਸਿੰਘ

- **ਵਰਤਮਾਨ ਸਮੇਂ ਦੇ ਵਿੱਚ ਸੋਸ਼ਲ਼ ਮੀਡੀਆ ਦੀ ਵਰਤੋਂ ਨੂੰ ਕਿਸ ਨਜ਼ਰ ਤੋਂ ਦੇਖਦੇ ਹੋ। ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਸੋਸ਼ਲ ਮੀਡੀਏ ਦੇ ਦੋ ਪੱਖ ਹਨ, ਸਾਕਾਰਾਤਮਕ ਅਤੇ ਨਾਕਾਰਾਤਮਕ। ਅਸੀਂ ਇਸ ਦੇ ਆਦੀ ਹੋ ਗਏ ਹਾਂ ਤੇ ਲਾਈ ਲੱਗ ਬਣਦੇ ਜਾ ਰਹੇ ਹਾਂ। ਅਸੀਂ ਅਫਵਾਹਾਂ ਤੇ ਯਕੀਨ ਕਰਦੇ ਹਾਂ ਅਤੇ ਉਹਨਾਂ ਦੀ ਪੁਸ਼ਟੀ ਤੱਕ ਨਹੀਂ ਕਰਦੇ। ਜੋ ਕੁਝ ਆ ਰਿਹਾ ਹੈ ਉਹ ਬਿਨ੍ਹਾਂ ਐਡਿਟ ਦੇ ਆ ਰਿਹਾ ਹੈ। ਕੋਈ ਵੀ ਆਪਣੀ ਮਰਜ਼ੀ ਦੇ ਨਾਲ ਕੁਝ ਵੀ ਪਾ ਦਿੰਦਾ ਹੈ ਉਸ ਤੇ ਕੋਈ ਵੀ ਲਗਾਮ ਨਹੀਂ ਹੈ। ਸਾਕਾਰਾਤਮਕ ਪੱਖ ਹੈ ਕਿ ਸਾਨੂੰ ਕੁਝ ਕੁ ਮਿੰਟਾਂ ਦੇ ਵਿੱਚ ਜਾਣਕਾਰੀ ਮਿਲ ਜਾਂਦੀ ਹੈ। ਬਹੁਤ ਵਾਰੀ ਸੂਚਨਾ ਸਹੀ ਵੀ ਹੁੰਦੀ ਹੈ। ਤੁਸੀਂ ਜਿਹੜੀ ਜਾਣਕਾਰੀ ਸੋਸ਼ਲ ਮੀਡੀਆ ਤੋਂ ਲੈਂਦੇ ਹੋ, ਉਹ ਤੁਹਾਡੇ ਉੱਤੇ ਹੈ, ਉਸਨੂੰ ਤੁਸੀਂ ਕਿਵੇਂ ਲੈਂਦੇ ਹੋ। ਤੁਸੀ ਕਿਸੇ ਨੂੰ ਮਿਲਣਾ ਹੈ, ਉਸ ਕੋਲ ਚਲ ਕੇ ਜਾਂਦੇ ਹੋ। ਉਹ ਤਹਾਨੂੰ ਵਕਤ ਨਹੀਂ ਦਿੰਦਾ। ਇਸ ਸੋਸ਼ਲ਼ ਮੀਡੀਆ ਦੇ ਰਾਹੀਂ ਮਿੰਟਾਂ ਦੇ ਵਿੱਚ ਵੀਡੀਉ ਦੇ ਰਾਹੀਂ ਇੰਟਰਵਿਊ ਕਰ ਸਕਦੇ ਹੋ।

- **ਰਸਮਾਂ-ਰਿਵਾਜ਼ਾਂ ਦੀ ਮਾਰਕੀਟਿੰਗ ਹੋ ਰਹੀ ਹੈ, ਇਸ ਦੇ ਪ੍ਰਤੀ ਤੁਹਾਡਾ ਕੀ ਵਿਚਾਰ ਹੈ।**

ਜਦੋਂ ਬਜ਼ਾਰਵਾਦ ਦੀ ਗੱਲ ਆਉਂਦੀ ਹੈ, ਉਹ ਹੀ ਕੁਝ ਬਚਿਆ ਹੈ ਜਿਹੜਾ ਮਾਰਕੀਟ ਹੋ ਸਕਦਾ ਸੀ। ਬਾਕੀ ਚੀਜ਼ਾਂ ਦੀ ਮਿਆਦ ਖਤਮ ਹੋ ਗਈ। ਜਿਵੇਂ ਸਿਧਾਂਤ ਹੈ ਕਿ ਜਿੰਨੀ ਚੀਜ਼ ਦੀ ਲੋੜ ਹੈ, ਉਨੀ ਕੁ ਰਹਿੰਦੀ ਹੈ। ਜਿਹੜੀ ਚੀਜ਼ ਦੀ ਲੋੜ ਨਹੀ ਪੈਂਦੀ ਉਹ ਆਪਣੇ ਆਪ ਖਤਮ ਹੋ ਜਾਂਦੀ ਹੈ। ਕਾਰਪੋਰੇਟ ਸੰਸਾਰ ਇਨ੍ਹਾਂ ਸ਼ਾਤਰ ਹੈ ਕਿ ਇਹ ਸਾਡੀਆਂ ਭਾਵਨਾਵਾਂ ਰਸਮਾਂ-ਰਿਵਾਜਾਂ ਦੇ ਵਿੱਚ ਪਈਆ ਹਨ। ਲੋਕ ਅੰਨ੍ਹੇ ਹੋ ਕੇ

ਵਿਸ਼ਵਾਸ ਕਰ ਲੈਂਦੇ ਹਨ। ਇਹ ਬਜ਼ਾਰਵਾਦ ਹੀ ਰਸਮਾਂ-ਰਿਵਾਜ਼ਾਂ ਦੀ ਮਾਰਕੀਟਿੰਗ ਕਰ ਰਿਹਾ ਹੈ। ਉਸ ਮਾਰਕੀਟਿੰਗ ਦੇ ਵਿੱਚ ਆਪਣਾ ਮਾਲ ਵੇਚਣਾ ਹੁੰਦਾ ਹੈ। ਰੱਖੜੀ/ਦਿਵਾਲੀ ਦੇ ਤਿਉਹਾਰ ਨਾਲ ਸੰਬੰਧਤ ਸਮੱਗਰੀ ਚੀਨ ਤੋਂ ਆ ਰਹੀ ਹੈ। ਇਹ ਲੋਕ ਬਹੁਤ ਚਲਾਕ ਹਨ। ਦੀਵਾਲੀ ਤੇ ਰੱਖੜੀ ਨਾਲ ਸੰਬੰਧਤ ਸਾਡੀਆਂ ਭਾਵਨਾਵਾਂ ਨੂੰ ਕਿਵੇ ਭੜਕਾਉਦਾ ਹੈ। ਉਹ ਇਹਨਾਂ ਨੂੰ ਪਤਾ ਹੈ ਕਿ ਉਹਨਾਂ ਦਾ ਮਕਸਦ ਸਿਰਫ ਮਾਲ ਵੇਚਣਾ ਹੈ ਜਿਵੇਂ ਕਿ ਸਾਡਾ ਨੀਡਲ ਵਰਕ (ਫੁਲਕਾਰੀ) ਉਹਦੀ ਕਿੰਨੀ ਮਾਰਕੀਟਿੰਗ ਕੀਤੀ ਗਈ। ਉਹਦਾ ਕੀ ਦਾ ਕੀ ਬਣਾ ਦਿੱਤਾ ਗਿਆ ਹੈ। ਫੁਲਕਾਰੀ ਪੰਜਾਬੀਆ ਦੀ ਪੱਵਿਤਰ ਵਸਤ ਰਹੀ ਹੈ। ਸਾਡੀ ਭਾਵਕੁਤਾ ਤੇ ਹੇਰਵੇ ਦੇ ਵਿੱਚ ਵਹਿ ਗਏ ਹਨ। ਉਹਨਾਂ ਦੇ ਕੋਲ ਮਾਰਕੀਟਿੰਗ ਦੇ ਤਰੀਕੇ ਹਨ ਜਿਸ ਨਾਲ ਸਾਡੇ ਰਸਮ-ਰਿਵਾਜ ਤਬਦੀਲ ਹੋ ਰਹੇ ਹਨ।

- **ਪੁਰਾਤਨ ਧੰਦਿਆਂ ਦੀ ਮਾਰਕੀਟਿੰਗ ਹੋ ਰਹੀ ਹੈ, ਇਸ ਦੇ ਪ੍ਰਤੀ ਤੁਹਾਡੇ ਕੀ ਵਿਚਾਰ ਹਨ।**

ਸਭ ਕਝ ਇਸੇ ਬਜ਼ਾਰਵਾਦ ਦਾ ਹਿੱਸਾ ਹੈ। ਉਹਨਾਂ ਨੇ ਸਮਾਜ ਨੂੰ ਇਦਾ ਦਾ ਬਣਾ ਦਿੱਤਾ ਹੈ ਕਿ ਸਭ ਕੁਝ ਦੀ ਮਾਰਕੀਟਿੰਗ ਹੋ ਰਹੀ ਹੇ। ਮਾਰਕੀਟਿੰਗ ਦੇ ਵਿੱਚ ਅਜਿਹਾ ਸਮਾਜ ਬਣਾਉਣ ਦੇ ਲਈ ਇਹਨਾਂ ਦੀਆਂ ਆਪਣੀਆਂ ਨੀਤੀਆਂ ਹਨ। ਇਸ ਕਰਕੇ ਧੰਦੇ ਦੀ ਵੀ ਮਾਰਕੀਟਿੰਗ ਹੋ ਰਹੀ ਹੈ। ਉਹਨਾਂ ਨੇ ਖਪਤ ਸਮਾਜ ਦੀ ਸਿਰਜਣਾ ਕੀਤੀ ਉਹਨਾਂ ਨਾਲ ਭਾਵਨਾਤਮਕ ਅਤੇ ਹੇਰਵੇ ਦੇ ਨਾਲ ਸਭ ਕੁਝ ਖਰੀਦਿਆ ਹੈ। ਬਿਊਟੀ ਦਾ ਸਾਮਾਨ ਵੀ ਧੰਦਿਆਂ ਦਾ ਹਿੱਸਾ ਹੈ। ਇਹ ਬਿਊਟੀ ਪ੍ਰੋਡਕਟ ਸਾਡੀਆਂ ਮਾਵਾਂ ਭੈਣਾਂ ਵਰਤਦੀਆਂ ਸਨ ਜੋ ਕਿ ਘਰ ਦੇ ਵਿੱਚ ਹੀ ਮੋਜੂਦ ਹੁੰਦਾ ਸੀ। ਹਰ ਇੱਕ ਬਿਊਟੀ ਦਾ ਸੰਕਲਪ ਆਪੋ-ਆਪਣਾ ਹੈ। ਭਾਰਤੀ/ਪੰਜਾਬ ਔਰਤਾਂ ਦੀ ਖ਼ੂਬਸੂਰਤੀ ਨੂੰ ਲੋਕ ਗੀਤਾਂ ਦੇ ਵਿੱਚ ਬਿਆਨ ਕੀਤਾ ਗਿਆ ਹੈ। ਵਾਰਿਸ ਦੀ ਹੀਰ ਦੇ ਵਿੱਚ ਪੰਜਾਬੀ ਔਰਤ ਦੀ ਖੁਬਸੂਰਤੀ ਨੂੰ ਬਿਆਨ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਅਫਰੀਕੀ ਔਰਤਾਂ ਦੀ ਖ਼ੂਬਸੂਰਤੀ ਉਹਨਾਂ ਦੇ ਮੋਟੇ ਬੁਲ੍ਹਾਂ ਤੋ ਲਈ ਜਾਂਦੀ ਹੈ। ਜੇ ਅਸੀਂ ਸਾਰੇ ਸੰਸਾਰ ਨੂੰ ਗਲੋਬ ਪਿੰਡ ਬਣਾਉਣਾ ਹੈ, ਉਸ ਵਿੱਚ ਸਾਰੇ ਬੰਦੇ ਇੱਕੋ ਹੀ ਤਰ੍ਹਾ ਦੇ ਹੋਣਗੇ। ਫਿਰ ਬਾਗ ਦੇ ਵਿੱਚ ਫੁੱਲ ਚਿੱਟੇ ਜਾਂ ਪੀਲੇ ਹੀ ਲੱਗਣਗੇ। ਇਹਨਾਂ ਨੇ ਬਿਊਟੀ ਦਾ ਸੰਕਲਪ ਹੀ ਬਦਲ ਕੇ ਰੱਖ ਦਿੱਤਾ। ਜਦੋਂ ਤਹਾਡੇ ਕੋਲ ਲਕਸ ਆਉਂਦਾ

ਹੈ ਅਤੇ ਐਸ਼ਵਰਿਆ ਨੂੰ ਨਹਾਉਂਦੀ ਦਿਖਾਇਆ ਜਾਂਦਾ ਹੈ, ਕਰੀਨਾ ਕਪੂਰ ਦੇ ਜ਼ੀਰੋ ਫਿਗਰ ਦੀ ਗੱਲ ਆਉਂਦੀ ਹੈ। ਫਿਰ ਤੁਹਾਡੇ ਜਿਮ ਵੀ ਭਰ ਜਾਣਗੇ। ਬਿਊਟੀ ਪ੍ਰੋਡਕਟ ਨਾਲ ਜਿਮ ਦੀ ਵੀ ਮਾਰਕੀਟਿੰਗ ਕੀਤੀ ਜਾਂਦੀ ਹੈ। ਕਾਲੀਆਂ ਕੁੜੀਆ ਜਾਂ ਗੋਰੀਆਂ ਸਭ ਇਸ ਦੀ ਵਰਤੋਂ ਕਰਦੀਆਂ ਹਨ। ਇਸੇ ਤਰ੍ਹਾਂ ਰੋਜ਼ਮਰਾ ਦੇ ਧੰਦਿਆਂ ਦੀ ਵੀ ਮਾਰਕੀਟਿੰਗ ਹੋ ਰਹੀ ਹੈ। ਫਾਇਦਾ ਤਾ ਹੈ, ਪਰ ਤਹਾਨੂੰ ਲੱਗਦਾ ਕਿ ਤਹਾਡਾ ਫਾਇਦਾ ਹੋ ਰਿਹਾ ਹੈ ਪਰ ਉਹ ਫਾਇਦਾ ਮਾਲ ਵੇਚਣ ਵਾਲੇ ਦਾ ਹੋ ਰਿਹਾ ਹੈ। ਵਸਤੂ ਪੈਦਾ ਕਰਨ ਵਾਲੇ ਨੂੰ ਉਹੀ ਕੁਝ ਹੀ ਦੇ ਰਿਹਾ ਹੈ। ਤੁਹਾਡੀ ਚੀਜ਼ 10 ਰੁਪਏ ਦੀ ਖਰੀਦ ਕੇ ਡੱਬਿਆਂ ਦੇ ਵਿੱਚ ਬੰਦ ਕਰਕੇ 2000 ਰੁਪਏ ਦੀ ਵੇਚ ਰਿਹਾ ਹੈ। ਪੈਦਾ ਕਰਨ ਵਾਲੇ ਨੂੰ ਕੁਝ ਨਹੀ ਮਿਲਿਆ ਉਹਨੂੰ ਸਿਰਫ 10 ਰੁਪਏ ਹੀ ਮਿਲਣਗੇ। ਅਜਿਹਾ ਕਰਕੇ ਸਾਨੂੰ ਮਨਸੂਈ ਜਿਹੀ ਖੁਸ਼ੀ ਦੇ ਦਿੱਤੀ। ਕਿਸਾਨੀ ਅੰਦੋਲਨ ਚਲ ਰਿਹਾ ਹੈ। ਹਰ ਇਕ ਦੀ ਆਪੋ- ਆਪਣੀ ਰਾਇ ਹੈ ਜਿਵੇਂ ਕਿ ਅਡਾਨੀ ਨੇ ਹਿਮਾਚਲ ਦੇ ਵਿੱਚ ਜਾ ਕੇ ਸੇਬ 22-25 ਰੁਪਏ ਤੱਕ ਖਰੀਦਿਆ ਅਤੇ ਦੋ ਤਿੰਨ ਸਾਲ ਲਗਾਤਾਰ ਖਰੀਦਿਆਂ।। ਉਸੇ ਸੇਬ ਨੂੰ ਮਹਿੰਗਾ ਕਰਕੇ ਵੇਚ ਰਿਹਾ ਹੈ। ਹੁਣ ਸੇਬ ਹਿਮਾਚਲ ਦੇ ਵਿੱਚ 8 ਰੁਪਏ ਵਿਕਿਆ। ਛੋਟੇ ਵਪਾਰੀ ਨੂੰ 8 ਰੁਪਏ ਤੋਂ ਵੱਧ ਨਹੀ ਮਿਲੇ। ਜਿਹੜਾ ਸੇਬ 22-25 ਰੁਪਏ ਦੇ ਵਿੱਚ ਮੰਡੀ ਦੇ ਵਿੱਚ ਵਿਕਦਾ ਸੀ ਉਹੀ ਸੇਬ ਅਡਾਨੀ 7 ਰੁਪਏ ਦੇ ਵਿੱਚ ਖਰੀਦ ਰਿਹਾ ਹੈ। ਉਹ ਇਕ ਇਜ਼ਾਰੇਦਾਰੀ ਬਣਾਉਂਦੇ ਹਨ। ਇਸੇ ਤਰ੍ਹਾਂ ਵੀ ਲੋਕ ਧੰਦੇ ਵੀ ਮਾਰਕੀਟਿੰਗ ਦਾ ਹਿੱਸਾ ਬਣ ਗਏ। ਹਲਦੀ ਤੁਹਾਡੀ ਹੈ। ਗੋਰੇ ਤਾਂ ਹਲਦੀ ਦੀ ਵਰਤੋਂ ਨਹੀ ਕਰਦੇ। ਪਰ ਉਹਨਾਂ ਨੇ ਹਲਦੀ ਆਪਣੇ ਨਾਂ ਰਜਿਸਟਰਡ ਕਰਵਾ ਲਈ। ਤੁਹਾਡੀ ਵਸਤ 10 ਰੁਪਏ ਦੀ ਉਥੇ ਜਾ ਕੇ 2000 ਰੁਪਏ ਦੀ ਵਿਕਣੀ। ਮਸਲਾ ਸਿਰਫ ਲੇਬਲ ਪੈਕਿੰਗ ਦਾ ਹੀ ਹੈ ਪਰ ਇਹ ਕੰਮ ਉਹਨਾਂ ਨੂੰ ਆਉਂਦਾ ਹੈ। ਉਹਨਾਂ ਦੇ ਕੋਲ ਭਰਮਾਉਣ ਦੇ ਬਹੁਤ ਤਰੀਕੇ ਹਨ।

ਸਭ ਤੋਂ ਪਹਿਲਾਂ ਵਿਸ਼ਵ ਸੁੰਦਰੀ ਜ਼ੀਨਤ ਅਮਾਨ ਬਣੀ ਤੇ ਫਿਰ ਐਸ਼ਵਰਿਆ ਬਣੀ। ਇਸ ਤੋਂ ਪਹਿਲਾਂ ਵੀ ਭਾਰਤੀ ਕੁੜੀਆਂ ਸੋਹਣੀਆਂ ਸਨ। ਵਿਸਵ ਸੁੰਦਰੀ ਉਦੋਂ ਬਣਦੀਆਂ, ਜਦੋਂ ਨਰਸਿਮਾਂ ਰਾਉ ਦੀ ਸਰਕਾਰ ਆਉਂਦੀ ਹੈ। ਜਦੋਂ ਵਿਸ਼ਵੀਕਰਨ ਉਦਾਰੀਰਕਨ ਤੇ ਨਿੱਜੀਕਰਨ ਦੀ ਨੀਤੀ ਉੱਤੇ ਦਸਤਖਤ ਹੁੰਦੇ ਹਨ।

ਵਰਲਡ ਟਰੇਡ ਔਰਗਨਾਈਜੇਸ਼ਨ ਦੀ ਸੰਧੀ ਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦਸਤਖਤ ਕੀਤੇ। ਉਸ ਤੋ ਬਜ਼ਾਰਵਾਦ ਖੁੱਲਿਆ ਤੇ ਹਰ ਸਾਲ ਵਿਸ਼ਵ ਸੁੰਦਰੀਆਂ ਬਣਦੀਆਂ ਹਨ। ਕੁੜੀਆਂ ਉਦੋਂ ਹੀ ਸੋਹਣੀਆਂ ਬਣਾਈਆਂ ਜਦੋਂ ਉਹਨਾਂ ਨੇ ਕਹਿ ਦਿੱਤਾ ਕਿ ਇਹ ਸਾਡੇ ਪ੍ਰੋਡਕਟ ਨਾਲ ਸੋਹਣੀਆਂ ਹੋਈਆਂ ਹਨ। ਐਸ਼ਵਰਿਆ ਇਸ ਕਰਕੇ ਮਸ਼ਹੂਰੀ ਕਰ ਰਹੀ ਹੈ, ਕਿਉਂਕਿ ਉਹਨਾਂ ਨੇ ਤੁਹਾਡੇ ਸਾਹਮਣੇ ਇੱਕ ਮਾਡਲ ਬਣਾ ਕੇ ਪੇਸ਼ ਕਰ ਦਿੱਤਾ। ਇਕ ਸੁਪਨਾ ਜਗਾ ਦਿੱਤਾ ਆਮ ਲੋਕਾਂ ਦੇ ਵਿੱਚ ਐਸ਼ਵਰਿਆ ਦੀ ਸੁੰਦਰਤਾ ਦੀ ਤਰ੍ਹਾਂ ਸੁੰਦਰ ਹੋ ਸਕਦੇ ਹੋ। ਜਿਸ ਨੂੰ ਸਭ ਵਰਤਣ ਲੱਗ ਪਏ।

- **ਰਾਜਨੀਤਿਕ ਪਾਰਟੀਆਂ ਸੋਸ਼ਲ ਮੀਡੀਆ ਜਾਂ ਕਾਰਪੋਰੇਟ ਮੀਡੀਆ ਦੀ ਕਿਸ ਹੱਦ ਤੱਕ ਵਰਤੋਂ ਕਰਦੀਆ ਹਨ,, ਇਸ ਤੋਂ ਤੁਹਾਡਾ ਕੀ ਭਾਵ ਹੈ।**

ਗੱਲ ਇਹ ਹੈ ਕਿ ਮੈ ਬੈਠਾ ਦਿੱਲੀ ਵਰਗੇ ਵੱਡੇ ਸ਼ਹਿਰ ਦੇ ਵਿੱਚ ਤੁਸੀ ਬੈਠੇ ਹੋ ਛੋਟੇ ਸ਼ਹਿਰ ਦੇ ਵਿੱਚ। ਮੈ ਬਹੁਤ ਲੋਕਾਂ ਦੇ ਨੇੜੇ ਰਿਹਾ ਹਾਂ ਪਰ ਇਹਨਾਂ ਦੇ ਆਈ.ਟੀ ਸੈਲਾਂ ਦੇ ਬਾਰੇ ਜਾਣਦਾ ਹਾਂ। ਬਹੁਤੀਆਂ ਗੱਲਾਂ ਦੱਸੀਆਂ ਵੀ ਨਹੀਂ ਜਾ ਸਕਦੀਆਂ ਹਨ। ਅਸਲ ਦੇ ਵਿੱਚ ਸੋਸ਼ਲ ਮੀਡੀਆ ਨੂੰ ਵਰਤਣਾ ਸਭ ਤੋਂ ਪਹਿਲਾਂ ਕੇਜ਼ਰੀਵਾਲ ਨੇ ਸ਼ੁਰੂ ਕੀਤਾ। ਬੁਹਤੇ ਲੋਕਾਂ ਦਾ ਮੰਨਣਾ ਕਿ ਦਿੱਲੀ ਦੇ ਮੁੱਖ ਮੰਤਰੀ ਨੂੰ ਸੋਸ਼ਲ਼ ਮੀਡੀਆ ਦੁਆਰਾ ਬਦਨਾਮ ਕੀਤਾ ਗਿਆ। ਸੋਸ਼ਲ਼ ਮੀਡੀਆ ਨੇ ਘਰ ਘਰ ਜਾ ਕੇ ਇਮੇਜ਼ ਖਰਾਬ ਕੀਤੀ। ਇਸੇ ਤਰ੍ਹਾਂ ਵੀ ਬੀ.ਜੇ ਪੀ ਨੇ ਵੀ ਸੋਸ਼ਲ ਮੀਡੀਆ ਨੂੰ ਵਰਤਿਆ। ਉਹਨਾਂ ਦੇ ਆਈ.ਟੀ ਸੈਲ ਦੇ ਵਿੱਚ ਬਹੁਤ ਹੀ ਮਿਹਨਤੀ ਲੋਕ ਸ਼ਾਮਿਲ ਹਨ। ਉਹਨਾਂ ਦੀਆਂ ਤਨਖਾਹਾਂ ਵੀ ਬਹੁਤ ਜ਼ਿਆਦਾ ਹਨ। ਉਹਨਾਂ ਦਾ ਕੰਮ ਰੋਜ਼ਾਨਾ ਕੁਝ ਨਾ ਕੁਝ ਬਣਾਉਣਾ ਹੈ। ਉਹ ਸਭ ਖਬਰਾਂ ਨੂੰ ਆਮ ਲੋਕਾਂ ਦੇ ਵਿੱਚ ਫੈਲਾਉਂਦੇ ਹਨ ਜਿਵੇਂ ਕਿ ਰਾਹੁਲ ਗਾਂਧੀ ਦੀ ਪੱਪੂ ਵਾਲੀ ਇਮੇਜ ਨੂੰ ਪੇਸ਼ ਕੀਤਾ ਗਿਆਂ ਹੈ। ਉਹ ਇੱਕ ਸਿਆਣਾ ਬੰਦਾ ਹੈ, ਉਸਨੂੰ ਜਾਣ ਬੁੱਝ ਕੇ ਬਦਨਾਮ ਕੀਤਾ ਜਾਂਦਾ ਹੈ।

ਇਹ ਇਮੇਜ ਸੋਸ਼ਲ਼ ਮੀਡੀਆ ਨੇ ਬਣਾਇਆ। ਇਵੇ ਹੀ ਮਨਮੋਹਨ ਸਿੰਘ ਦੀ ਇਮੇਜ ਨੂੰ ਸੋਸ਼ਲ ਮੀਡੀਆ ਉੱਤੇ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਕੁਝ ਨਹੀ ਬੋਲਦਾ, ਦੇਸ਼ ਨੂੰ ਭਾਵੇਂ ਲੁੱਟ ਕੇ ਕੋਈ ਖਾ

ਜਾਵੇ। ਉਸਦਾ ਇਮੇਜ ਬਣਾ ਦਿੱਤਾ ਗਿਆ । ਮੈ ਲੁਧਿਆਣਾ ਗਿਆ ਜਿੱਥੇ ਡਾਟਾ ਇਕੱਠਾ ਕਰਕੇ ਕੇ ਲੈ ਕੇ ਗਿਆਂ ਕਿ ਕਿੰਨੀ ਵਾਰ ਰਾਹੁਲ ਗਾਂਧੀ ਨੂੰ ਪੱਪੂ ਕਿਹਾ ਗਿਆ ਹੈ। ਬਹੁਤੀ ਵਾਰੀ ਝਮੇਲੇ ਘੜੇ ਜਾਂਦੇ ਹਨ ਜਿਸ ਨਾਲ ਲੋਕਾਂ ਨੂੰ ਭਰਮਾਇਆ ਜਾਂਦਾ ਹੈ । ਮਾਰਕੀਟਿੰਗ ਦਾ ਇਹ ਸਿਲਸਿਲਾ ਕਾਰਪੋਰੇਟ ਸੰਸਾਰ ਵਾਲਾ ਹੀ ਹੈ ਇਵੇਂ ਹੀ ਰਾਜਨੀਤਿਕ ਪਾਰਟੀਆਂ ਵਰਤਦੀਆਂ ਹਨ। ਅਸੀ ਉਹਨਾਂ ਦੇ ਝੂਮੇਲਿਆਂ ਤੇ ਯਕੀਨ ਕਰਦੇ ਹਾਂ। ਕਿਵੇਂ ਕਿਸੇ ਨੂੰ ਨੇੜੇ ਕਰਨਾ ਅਤੇ ਕਿਵੇਂ ਕਿਸੇ ਨੂੰ ਦੂਰ ਕਰਨਾ ਇਹ ਸਭ ਸੋਸ਼ਲ ਮੀਡੀਆ ਦਾ ਹੀ ਕੰਮ ਹੈ। ਸਾਨੂੰ ਲੱਗਦਾ ਹੈ ਕਿ ਅਸੀਂ ਆਪਣੇ ਵਿਚਾਰ ਦੇ ਰਹੇ ਹੁੰਦੇ ਹਾਂ ਪਰ ਮੈ ਨਹੀਂ ਸੋਸ਼ਲ ਮੀਡੀਆਂ ਪਾ ਰਿਹਾ ਹੁੰਦਾ ਹੈ।

- **ਸੋਸ਼ਲ਼ ਮੀਡੀਆ ਅਤੇ ਕਾਰਪੋਰੇਟ ਮੀਡੀਆ ਦੇ ਵਿੱਚ ਕੀ ਫਰਕ ਹੈ, ਇਸ ਤੋਂ ਤੁਹਾਡਾ ਕੀ ਵਿਚਾਰ ਹੈ।**

ਮੀਡੀਆ ਜੋ 91-92 ਤੱਕ ਸੀ ਉਹ ਹੁਣ ਨਹੀਂ ਹੈ। ਹੁਣ ਮੀਡੀਆ ਚੌਥਾ ਥੰਮ ਨਹੀ ਹੈ। ਹੁਣ ਐਡੀਟਰ ਦਾ ਰੋਲ ਨਹੀ ਰਿਹਾ ਹੈ। ਸਾਰਾ ਰੋਲ ਹੀ ਉਨਾਂ ਦਾ ਹੋ ਗਿਆ ਹੈ। ਪਹਿਲਾਂ ਮਾਲਕ ਦੇ ਵੱਲੋਂ ਨੀਤੀ ਘੜੀ ਜਾਂਦੀ ਸੀ। ਹੁਣ ਤੂੰ ਸੱਜੇ ਰਹਿਣਾ ਜਾਂ ਤੂੰ ਖੱਬੇ ਰਹਿਣਾ। ਵਰਤਮਾਨ ਸਮੇਂ ਦੇ ਵਿੱਚ ਸਾਰਾ ਕੁਝ ਹੀ ਮਾਲਕ ਤੈਅ ਕਰ ਰਿਹਾ ਹੈ। ਹੁਣ ਐਡੀਟਰ ਨੂੰ ਮੈਨੇਜਰ ਬਣਾਇਆ ਜਾਂਦਾ ਹੈ ਕਿ ਤੇਰਾ ਖਬਰਾਂ ਨਾਲ ਕੋਈ ਸੰਬੰਧ ਨਹੀ ਹੈ। ਹੁਣ ਸਾਰਾ ਕੁਝ ਮਾਲਕ ਹੀ ਸੰਚਾਲਿਤ ਕਰਦਾ ਹੈ, ਹਰ ਖਬਰ ਨੂੰ ਮਾਲਕ ਦੁਆਰਾ ਹੀ ਤੈਅ ਕੀਤਾ ਜਾਂਦਾ ਹੈ। ਮੀਡੀਆ ਦੀ ਹੋਂਦ ਖਤਮ ਹੋ ਗਈ ਹੈ। ਸੋਸ਼ਲ ਮੀਡੀਆ ਜਾਂ ਇੰਟਰਨੈੱਟ ਦੇ ਰਾਹੀਂ ਜਿਹੜੇ ਚੈਨਲ ਆਏ। ਉਹਨਾਂ ਨੇ ਸੱਚ ਦਿਖਾਇਆ ਪਰ ਕੁਝ ਸਮੇਂ ਦੇ ਬਾਅਦ ਉਹਨਾਂ ਤੇ ਨਕੇਲ ਪਾ ਦਿੱਤੀ ਗਈ । ਕੇਸ ਕਰ ਦਿੱਤੇ ਜਾਂ ਜੇਲ੍ਹਾਂ ਦੇ ਵਿੱਚ ਬੰਦ ਕਰ ਦਿੱਤਾ। ਸਰਕਾਰਾਂ ਆਪਣਾ ਕੰਟਰੋਲ ਨਿਰਧਾਰਿਤ ਕਰਦੀਆਂ ਹਨ, ਜਿਸ ਦੇ ਰਾਹੀਂ ਟੀਵੀਟ ਡਲੀਟ ਕਰਾਏ ਜਾਦੇ ਜਾਂ ਫੇਸ ਬੁੱਕ ਪੇਜ ਬੰਦ ਕਰਵਾਏ ਜਾਂਦੇ ਹਨ। ਮੀਡੀਆ ਦੀ ਸੁੰਤਤਰਤਾ ਦੀ ਗੱਲ ਕਰਨੀ ਬਣਦੀ ਹੀ ਨਹੀ ਹੈ ਕਿਉਂਕਿ ਸਭ ਨੂੰ ਪਤਾ ਹੁਣ ਮੀਡੀਆ ਸੁੰਤਤਰ ਨਹੀ ਰਿਹਾ ਹੈ। ਅਸਲ

ਦੇ ਵਿੱਚ ਲੋਕਾਂ ਦੀਆਂ ਜ਼ਮੀਰਾਂ ਮਰ ਗਈਆਂ ਸੱਚ ਕਹਿਣਾ ਜਾਂ ਸੱਚ ਸੁਣਨਾ ਤਾਂ ਬਹੁਤ ਦੂਰ ਰਹਿ ਗਿਆ ਹੈ। ਪਿੱਛੇ ਇੱਕ ਯੂ-ਪੀ ਦੀ ਖਬਰ ਆ ਰਹੀ ਸੀ ਇੱਕ ਮੁੰਡੇ ਨੇ ਟੀਵੀਟ ਕਰ ਦਿੱਤਾ ਕਿ ਉਸਦੇ ਪਿਤਾ ਨੂੰ ਬਚਾ ਲਉ, ਕਰੋਨਾ ਦੇ ਕਰਕੇ ਆਕੀਸਜਨ ਘੱਟ ਰਹੀ ਹੈ। ਇੱਕ ਔਰਤ ਨੇ ਵੀ ਉਸਦੇ ਟੀਵੀਟ ਨੂੰ ਰੀਟੀਵੀਟ ਕੀਤਾ ਤੇ ਪ੍ਰਸ਼ਾਸ਼ਨ ਨੂੰ ਮਦਦ ਕਰਨ ਦੇ ਲਈ ਕਿਹਾ। ਉਸਦੇ ਤੇ ਪਰਚਾ ਦਰਜ ਕਰ ਦਿੱਤਾ ਗਿਆ ਕਿ ਤੂੰ ਗਲਤ ਟੀਵੀਟ ਕੀਤਾ ਹੈ, ਤੇਰੇ ਕੋਲ ਡਾਕਟਰ ਦੀ ਪਰਚੀ ਨਹੀ ਹੈ ਅਤੇ ਨਾ ਹੀ ਪਰਚੀ ਉੱਤੇ ਲਿਖਿਆ ਹੈ ਕਿ ਤੇਰੇ ਪਿਤਾ ਨੂੰ ਆਕਸੀਜਨ ਦੀ ਲੋੜ ਹੈ। ਲੋਕਾਂ ਦੇ ਦੁਖ ਪ੍ਰਗਟ ਕਰਨ ਉੱਤੇ ਵੀ ਪਾਬੰਦੀ ਲੱਗ ਰਹੀ ਹੈ। ਸੁਪਰੀਮ ਕੋਰਟ ਦੇ ਵੱਲੋਂ ਵੀ ਕਿਹਾ ਗਿਆ ਹੈ, ਤੁਸੀ ਇਵੇ ਨਾ ਕਰੋ। ਸੋ ਮੀਡੀਆਂ ਸੁਤੰਤਰ ਜਾਂ ਬੇਬਾਕ ਨਹੀ ਰਹਿ ਗਿਆ । ਬੰਦਸ਼ਾਂ ਦੇ ਵਿੱਚ ਘਿਰ ਗਿਆ ਹੇ।

- **ਵੈਬ ਸੀਰੀਜ਼ ਦੇ ਸਮਾਜਕ , ਆਰਥਕ, ਰਾਜੀਨਿਤਕ ਜੀਵਨ ਦੀ ਪੇਸ਼ਕਾਰੀ ਹੋ ਰਹੀ, ਇਸ ਤੋਂ ਤੁਸੀ ਕੀ ਸਮਝਦੇ ਹੋ।**

ਵੈੱਬ ਸੀਰੀਜ਼ ਦੇ ਰਾਹੀਂ ਸੱਚ ਦਿਖਾਇਆ ਜਾਂਦਾ ਹੈ। ਅਜੇ ਇਹ ਪਾਬੰਦੀਆਂ ਤੋਂ ਦੂਰ ਹਨ ਜਿਨ੍ਹਾਂ ਕਿ ਮੈ ਦੇਖਿਆਂ ਇਹ ਬੇਬਾਕ ਹੋ ਕੇ ਜੀਵਨ ਦੀ ਅਸਲੀਅਤ ਦੀ ਪੇਸ਼ਕਾਰੀ ਕਰ ਰਿਹਾ ਹੈ। ਦੂਸਰਾ ਇਹਨਾਂ ਉੱਤੇ ਕੋਈ ਸੈਂਸਰ ਕੰਮ ਨਹੀਂ ਕਰਦਾ ਪਰ ਇਸਨੂੰ ਲਗਾਮ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਕ Netflix, Amazon Prime ਆਦਿ ਅੰਤਰਰਾਸ਼ਟਰੀ ਚੈਨਲ ਹਨ, ਸੋ ਇਸ ਕਰਕੇ ਵੀ ਇਹਨਾਂ ਉੱਤੇ ਪ੍ਰੋਡਿਊਸਰ ਵੀ ਵੈੱਬ ਸੀਰੀਜ਼ ਦੇ ਰਾਹੀਂ ਸਮਾਜ ਦੇ ਕੋਝੇ ਪੱਖ ਨੂੰ ਦਿਖਾਉਣ ਤੋ ਝਕਦੇ ਨਹੀਂ ਹਨ, ਪਰ ਬਹੁਤ ਦੂਰ ਇਦਾਂ ਦੀ ਬੇਬਾਕੀ ਨਹੀ ਰਹਿੰਦੀ ਪ੍ਰਸ਼ਾਸ਼ਨ ਇਸ ਦੇ ਲਈ ਕਨੂੰਨ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।